ਪ੍ਰਮੁੱਖ ਸਿੱਖ ਸ਼ਖ਼ਸੀਅਤਾਂ

ਸੰਪਾਦਕ

ਰੂਪ ਸਿੰਘ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ।



ਸੰਦੇਸ਼

ਗੁਰੂ ਸਾਹਿਬਾਨ ਦੁਆਰਾ ਬਖਸ਼ੀ ਨਿਰਮਲ ਗੁਰਬਾਣੀ ਅਤੇ ਵਿਵੇਕਪੂਰਨ ਗੁਰਮਤਿ ਵਿਚਾਰਧਾਰਾ ਦੀ ਛਤਰ-ਛਾਇਆ ਵਿਚ ਉਗਮੇ ਤੇ ਵਿਗਸੇ ਸਿੱਖ/ਖ਼ਾਲਸਾ-ਪੰਥ ਵਿਚ ਗੁਰੂ-ਕਾਲ ਤੋਂ ਲੈ ਕੇ ਮੌਜੂਦਾ ਸਮੇਂ ਤਕ ਅਣਗਿਣਤ ਹੀ ਸਿੱਖ ਸ਼ਖ਼ਸੀਅਤਾਂ ਹੋਈਆਂ ਹਨ। ਇਨ੍ਹਾਂ ਸਿੱਖ ਸ਼ਖ਼ਸੀਅਤਾਂ ਨੂੰ ਜਿਥੇ ਸਿੱਖ ਪੰਥ ਦਾ ਅਨਿੱਖੜ ਹਿੱਸਾ ਹੋਣ ਦਾ ਮਾਣ ਹਾਸਲ ਹੈ ਉਥੇ ਇਨ੍ਹਾਂ ਨੇ ਆਪਣੇ-ਆਪਣੇ ਜੀਵਨ-ਕਾਲ ਵਿਚ ਪੰਥ ਦੇ ਮਾਣ-ਸਨਮਾਨ ਵਿਚ ਹੋਰ ਵਾਧਾ ਕੀਤਾ। ਇਸ ਦੇ ਨਾਲ-ਨਾਲ ਸਮੁੱਚੀ ਮਨੁੱਖਤਾ ਨੂੰ ਵੀ ਸਿੱਖ/ਖ਼ਾਲਸਾ-ਪੰਥ ਦੀ ਮਹੱਤਵਪੂਰਨ ਦੇਣ ਹੈ, ਜਿਸ ਨੂੰ ਅੱਜ ਮਾਨਤਾ ਵੀ ਮਿਲਣ ਲੱਗੀ ਹੈ ਅਤੇ ਜੋ ਦਿਲ ਨੂੰ ਤਸੱਲੀ ਵੀ ਦਿੰਦੀ ਹੈ।

ਗੁਰੂ-ਕਾਲ ਤੋਂ ਲੈ ਕੇ ਹੁਣ ਤਕ ਹੋਈਆਂ ਅਨੇਕਾਂ ਸਿੱਖ ਸ਼ਖ਼ਸੀਅਤਾਂ ਵਿਚੋਂ ਕੁਝ-ਕੁ ਸਿੱਖ ਸ਼ਖ਼ਸੀਅਤਾਂ ਦੇ ਜੀਵਨ ਅਤੇ ਵਿਅਕਤਿਤਵ ਸਬੰਧੀ, ਸਿੱਖ/ਖ਼ਾਲਸਾ-ਪੰਥ ਦੇ ਵਿਕਾਸ-ਵਿਗਾਸ ਹਿਤ ਅਤੇ ਸਰਬੱਤ ਦੇ ਭਲੇ ਦੇ ਮਾਨਵਤਾਵਾਦੀ ਗੁਰਮਤਿ ਮਿਸ਼ਨ ਨੂੰ ਅੱਗੇ ਵਧਾਉਣ ਵਿਚ ਇਨ੍ਹਾਂ ਸ਼ਖ਼ਸੀਅਤਾਂ ਵਲੋਂ ਪਾਏ ਨਿੱਗਰ ਯੋਗਦਾਨ ਸਬੰਧੀ ਵੱਖ-ਵੱਖ ਲੇਖਕ ਸਾਹਿਬਾਨ ਤੋਂ ਤੱਤਸਾਰੀ ਅਤੇ ਮਿਆਰੀ ਲੇਖ ਲਿਖਵਾ ਕੇ ਇਨ੍ਹਾਂ ਨੂੰ ਸਿੱਖ ਸੰਗਤ ਅਤੇ ਪੰਜਾਬੀ ਪਾਠਕਾਂ ਤਕ ਪਹੁੰਚਾਉਣ ਦਾ ਉੱਦਮ-ਉਪਰਾਲਾ ਸ. ਰੂਪ ਸਿੰਘ ਹੋਰਾਂ ਨੇ ਪਿਛਲੇ ਸਮੇਂ ਵਿਚ ਸਤਿਗੁਰਾਂ ਦੀ ਅਪਾਰ ਕਿਰਪਾ ਬਖਸ਼ਿਸ਼ ਦਾ ਸਦਕਾ ਕੀਤਾ ਸੀ। ਇਸ ਨੂੰ ਪੁਸਤਕ ਰੂਪ ਵਿਚ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਪਹਿਲੀ ਵਾਰ ਸੰਨ 1996 ਵਿਚ ਸੰਗਤ ਤੇ ਪੰਜਾਬੀ ਪਾਠਕਾਂ ਵਲੋਂ ਲਾਹਾ ਲੈਣ ਹਿਤ ਪ੍ਰਕਾਸ਼ਤ ਕਰਵਾਇਆ। ਇਸ ਪੁਸਤਕ ਨੂੰ ਇੰਨਾ ਭਰਪੂਰ ਤੇ ਉਤਸ਼ਾਹਜਨਕ ਹੁੰਗਾਰਾ ਮਿਲਿਆ ਕਿ ਇਸ ਨੂੰ ਪਿਛਲੇ ਬੀਤੇ ਵਰ੍ਹਿਆਂ ਵਿਚ ਚਾਰ ਵਾਰ ਪ੍ਰਕਾਸ਼ਤ ਕੀਤਾ ਗਿਆ ਅਤੇ ਹੁਣ ਇਹ ਪੰਜਵੀਂ ਵਾਰ ਸਿੱਖ ਸੰਗਤ ਤੇ ਪਾਠਕਾਂ ਦੀ ਸੇਵਾ ਵਿਚ ਅਰਪਿਤ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ।

ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਦੇ ਕੁੱਲ 62 ਲੇਖਾਂ ਵਿਚ ਕੁੱਲ 67 ਸਿੱਖ ਸ਼ਖ਼ਸੀਅਤਾਂ ਨੂੰ ਕਲਮਬੱਧ ਕੀਤਾ ਜਾ ਸਕਿਆ ਹੈ। ਸਾਰੇ ਲੇਖਕ ਸਾਹਿਬਾਨ ਨੇ ਮਹਾਨ ਸਿੱਖ ਸ਼ਖ਼ਸੀਅਤਾਂ ਨੂੰ ਪ੍ਰਭਾਵਸ਼ਾਲੀ ਸ਼ੈਲੀ ਅਤੇ ਸ਼ਬਦਾਵਲੀ ਵਿਚ ਬਿਆਨ ਕਰਨ ਦਾ ਸਫਲ ਯਤਨ ਕੀਤਾ ਹੈ। ਪੁਸਤਕ ਦੇ ਸੰਪਾਦਕ ਸ. ਰੂਪ ਸਿੰਘ ਨੇ ਆਪਣੀ ਕਲਮ ਤੋਂ ਲਿਖੇ ਹੋਏ ਪੰਜ ਲੇਖਾਂ ਦੁਆਰਾ ਲੇਖਕ ਦੇ ਤੌਰ 'ਤੇ ਵੀ ਆਪਣਾ ਭਰਵਾਂ ਹਿੱਸਾ ਗੁਰੂ-ਕਿਰਪਾ ਨਾਲ ਪਾਇਆ ਹੈ। ਮੈਂ ਆਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਹੋਰ ਲੋੜੀਂਦੀਆਂ ਪੁਸਤਕਾਂ ਦੀ ਸੰਪਾਦਨਾ ਅਤੇ ਰਚਨਾ ਜਾਰੀ ਰਹੇਗੀ। ਧਰਮ ਪ੍ਰਚਾਰ ਕਮੇਟੀ ਲਾਗਤ ਤੋਂ ਵੀ ਘੱਟ ਕੀਮਤ 'ਤੇ ਚੰਗਾ ਤੇ ਮਿਆਰੀ ਸਾਹਿਤ ਸੰਗਤਾਂ ਦੇ ਹੱਥਾਂ ਵਿਚ ਪਹੁੰਚਾਉਣ ਦੇ ਉਦੇਸ਼ ਪ੍ਰਤੀ ਸਮਰਪਿਤ ਹੈ। ਸਤਿਗੁਰੂ ਕਿਰਪਾ ਕਰਨ, ਸਾਨੂੰ ਸਮੂੰਹ ਸਿੱਖਾਂ ਨੂੰ ਪ੍ਰਸਤੁਤ ਸਿੱਖ ਸ਼ਖ਼ਸੀਅਤਾਂ ਦੇ ਜੀਵਨ, ਵਿਅਕਤਿਤਵ ਅਤੇ ਯੋਗਦਾਨ ਤੋਂ ਭਰਪੂਰ ਪ੍ਰੇਰਨਾ ਮਿਲੇ! ਗੁਰੂ ਸਾਹਿਬਾਨ ਦਾ ਸਾਜਿਆ ਨਿਵਾਜ਼ਿਆ ਸਿੱਖ / ਖ਼ਾਲਸਾ-ਪੰਥ ਆਪਣੀ ਕਰਣੀ ਦੀ ਮਹਿਕ ਕੁੱਲ ਸੰਸਾਰ ਦੇ ਹਰ ਕੋਨੇ ਵਿਚ ਫੈਲਾਉਣ ਵਿਚ ਹੋਰ ਵਧੇਰੇ ਜਤਨਸ਼ੀਲ ਹੋਵੇ! ਸਰਬੱਤ ਦੇ ਭਲੇ ਦਾ ਗੁਰਮਤਿ ਮਿਸ਼ਨ ਸਦਾ ਹੀ ਅੱਗੇ ਵਧਦਾ ਰਹੇ!

ਗੁਰੂ-ਪੰਥ ਦਾ ਦਾਸ,

(ਅਵਤਾਰ ਸਿੰਘ)
ਪ੍ਰਧਾਨ, ਸ਼੍ਰੋਮਣੀ ਗੁ: ਪ੍ਰ: ਕਮੇਟੀ,
ਸ੍ਰੀ ਅੰਮ੍ਰਿਤਸਰ।

ਪ੍ਰਕਾਸ਼ਕ:
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ).
ਸ੍ਰੀ ਅੰਮ੍ਰਿਤਸਰ।

ਸੰਪਾਦਕ : ਰੂਪ ਸਿੰਘ
(ਸਾਬਕਾ ਸੰਪਾਦਕ, ਗੁਰਮਤਿ ਪ੍ਰਕਾਸ਼)
ਵਧੀਕ ਸਕੱਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।

ਪਹਿਲੀ ਵਾਰ	:	੫੦੦੦	ਜੂਨ ੧੯੯੬
ਦੂਜੀ ਵਾਰ	:	੧੦੦੦	ਅਪ੍ਰੈਲ ੨੦੦੦
ਤੀਜੀ ਵਾਰ	:	੩੦੦੦	ਅਪ੍ਰੈਲ ੨੦੦੨
ਚੌਥੀ ਵਾਰ	:	੩੦੦੦	ਨਵੰਬਰ ੨੦੦੫
ਪੰਜਵੀਂ ਵਾਰ	:	੫੦੦੦	ਨਵੰਬਰ ੨੦੧੦

ਛਾਪਣ ਵਾਲੇ :
ਗੋਲਡਨ ਆਫਸੈਟ ਪ੍ਰੈਸ,
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

ਤਤਕਰਾ

ਇਸੇ ਕਲਮ ਤੋਂ...

ਸਿੱਖ ਧਰਮ ਮੂਲ ਸਿਧਾਂਤ - ਜਾਣ ਪਹਿਚਾਣ (ਬੱਚਿਆਂ ਵਾਸਤੇ)

ਸੇ ਭਗਤ ਸਤਿਗੁਰ ਮਨਿ ਭਾਏ

ਗੁਰਦੁਆਰੇ ਗੁਰਧਾਮ (ਸਚਿੱਤਰ) - (ਪੰਜਾਬੀ + ਹਿੰਦੀ + ਅੰਗਰੇਜ਼ੀ + ਉਰਦੂ)

ਸੋ ਥਾਨੁ ਸੁਹਾਵਾ (ਸਚਿੱਤਰ)

ਹੁਕਮਨਾਮੇ, ਆਦੇਸ਼-ਸੰਦੇਸ਼ : ਸ੍ਰੀ ਅਕਾਲ ਤਖ਼ਤ ਸਾਹਿਬ

ਸ੍ਰੀ ਗੁਰੂ ਅੰਗਦ ਦੇਵ ਜੀ (ਸਚਿੱਤਰ ਜੀਵਨੀ) (ਪੰਜਾਬੀ + ਅੰਗਰੇਜ਼ੀ)

ਮਾਨਵਤਾ ਦਾ ਸਰਬ-ਸਾਂਝਾ ਧਰਮ ਮੰਦਰ - ਸ੍ਰੀ ਹਰਿਮੰਦਰ ਸਾਹਿਬ (ਪੰਜਾਬੀ + ਅੰਗਰੇਜ਼ੀ)

ਪੰਥ ਸੇਵਕ (ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ-੧੯੨੦ ਤੋਂ ੨੦੧੦ ਤੀਕ)

ਟ੍ਰੈਕਟ :

ਸ੍ਰੀ ਦਰਬਾਰ ਸਾਹਿਬ ਤੇ ਦੀਵਾਲੀ

ਭਾਈ ਜੈਤਾ: ਭਾਈ ਜੀਵਨ ਸਿੰਘ

ਭਗਤ ਰਵਿਦਾਸ ਜੀ (ਪੰਜਾਬੀ + ਹਿੰਦੀ)

ਗੁਰੂ ਹਰਿਗੋਬਿੰਦ ਸਾਹਿਬ : ਜੀਵਨ ਝਲਕੀਆਂ (ਪੰਜਾਬੀ + ਹਿੰਦੀ)

ਦਰਸ਼ਨੀ ਡਿਉੜੀ ਦੇ ਦਰਵਾਜ਼ਿਆਂ ਦੀ ਦਾਸਤਾਨ (ਪੰਜਾਬੀ + ਅੰਗਰੇਜ਼ੀ)

ਇਸ ਐਡੀਸ਼ਨ ਬਾਰੇ

ਪੰਜਾਬੀ ਭਾਸ਼ਾ ਵਿਚ ਕਿਸੇ ਪੁਸਤਕ ਦਾ ੫੦੦੦ ਦੀ ਗਿਣਤੀ ਵਿਚ ਛਪਣਾ, ਸੀਮਤ ਸਮੇਂ 'ਚ ਪਾਠਕਾਂ ਦੀ ਪ੍ਰਵਾਨਗੀ ਮਿਲ, ਦੋਬਾਰਾ ਛਪਾਈ ਲਈ ਤਿਆਰ ਹੋਣਾ, ਪੁਸਤਕ ਦੀ ਪਸੰਦਗੀ ਦਾ ਲਖਾਇਕ ਹੈ। ਇਸ ਪੁਸਤਕ ਨੂੰ ਤਿਆਰ ਕਰਨ ਸਮੇਂ ਇਹ ਰੀਝ ਸੀ ਕਿ 'ਸਿੱਖ ਕੌਮ ਦੀ ਚੜ੍ਹਦੀ ਕਲਾ, ਖਾਲਸੇ ਜੀ ਦੇ ਬੋਲ-ਬਾਲੇ ਤੇ ਸਰਬੱਤ ਦੇ ਭਲੇ' ਦੇ ਮਿਸ਼ਨ ਨੂੰ ਸਮਰਪਿਤ 'ਪ੍ਰਮੁੱਖ ਸਿੱਖ ਸ਼ਖ਼ਸੀਅਤਾਂ'ਦੀ ਜੀਵਨ ਕਹਾਣੀ ਤੋਂ ਪਾਠਕ ਜਨ ਪ੍ਰੇਰਣਾ-ਉਤਸ਼ਾਹ ਪ੍ਰਾਪਤ ਕਰ, ਗੁਰਸਿੱਖੀ ਦੀ ਖੁਸ਼ਬੋਈ ਨੂੰ ਵਿਸ਼ਵ ਪੱਧਰ 'ਤੇ ਵੰਡਣ। ਇਸ ਸੱਚੀ-ਸੁੱਚੀ ਰੀਝ ਨਾਲ ਹੀ ਪੰਜਵਾਂ ਐਡੀਸ਼ਨ ਪਾਠਕਾਂ ਦੀ ਮੰਗ 'ਤੇ ਪ੍ਰਕਾਸ਼ਤ ਕਰਨ ਦੀ ਖੁਸ਼ੀ ਲੈ ਰਹੇ ਹਾਂ। ਹਾਰਦਿਕ ਧੰਨਵਾਦੀ ਹਾਂ ਜਥੇ. ਅਵਤਾਰ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਦੇ ਜਿਨ੍ਹਾਂ ਪ੍ਰੇਰਣਾ, ਉਤਸ਼ਾਹ ਰੂਪੀ ਸੰਦੇਸ਼ ਪੰਜਵੀਂ ਐਡੀਸ਼ਨ ਲਈ ਲਿਖ ਕੇ ਨਿਵਾਜ਼ਿਆ ਹੈ। ਗੁਰੂ ਬਖਸ਼ਿਸ਼ ਕਰੇ।

ਗੁਰੂ-ਪੰਥ ਦਾ ਦਾਸ,
ਰੂਪ ਸਿੰਘ
ਵਧੀਕ ਸਕੱਤਰ
ਸ਼੍ਰੋਮਣੀ ਗੁ:ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।

ਗੁਰਸਿਖਾਂ ਕੀ ਹਰਿ ਧੂੜਿ ਦੇਹਿ...

ਮਹਾਂਪੁਰਖਾਂ ਦਾ ਐਸਾ ਕਥਨ ਹੈ ਕਿ ਕਿਸੇ ਸੰਸਾਰੀ ਵਿਅਕਤੀ ਦਾ ਸਿੱਖ ਰੂਪ ਵਿਚ ਜਿਉਂਦਿਆਂ ਪੂਰਨ ਮਨੁੱਖ ਵਜੋਂ ਪ੍ਰਗਟ ਹੋਣਾ, ਪੂਰਨ ਗੁਰੂ ਦੀ ਹੋਂਦ ਦਾ ਪ੍ਰਮਾਣ ਹੈ, ਨਹੀਂ ਤਾਂ ਗੁਰੂ ਦੀ ਪੂਰਨਤਾ 'ਤੇ ਪ੍ਰਸ਼ਨ ਚਿੰਨ੍ਹ ਵੀ ਲੱਗ ਜਾਂਦਾ ਹੈ। ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਪਾਤਿਸ਼ਾਹ ਦੇ ਸਮੇਂ ਤੋਂ ਹੀ ਗੁਰੂ ਇਤਿਹਾਸ ਅਤੇ ਸਿੱਖ ਇਤਿਹਾਸ ਇਸ ਸੱਚ ਦਾ ਗਵਾਹ ਹੈ।

ਪਹਿਲੀ ਸਿੱਖ ਬੇਬੇ ਨਾਨਕੀ ਜੀ, ਭਾਈ ਸਾਹਿਬ ਮਰਦਾਨਾ ਜੀ, ਬਾਬਾ ਬੁੱਢਾ ਜੀ ਇਤਿਆਦਿ ਗੁਰਸਿੱਖਾਂ ਤੋਂ ਅੱਜ ਤੱਕ ਅਨੇਕਾਂ ਹੀ ਗੁਰਸਿੱਖ, ਗੁਰੂ-ਜੋਤ ਤੋਂ ਵਰੋਸਾਏ ਹੋਏ, ਅਧਿਆਤਮਕ ਸੰਸਾਰ ਦੇ ਰੌਸ਼ਨ ਮੁਨਾਰੇ ਬਣ ਕੇ ਇਸ ਗੁਰੂ ਫ਼ਰਮਾਨ ਨੂੰ ਪ੍ਰਮਾਣਿਤ ਕਰਦੇ ਆ ਰਹੇ ਹਨ:

ਜਿਨੀ ਡਿਠਾ ਮੇਰਾ ਸਤਿਗੁਰੁ ਭਾਉ ਕਰਿ
ਤਿਨ ਕੇ ਸਭਿ ਪਾਪ ਗਵਾਈ॥
ਹਰਿ ਦਰਗਹ ਤੇ ਮੁਖ ਉਜਲੇ ਬਹੁ ਸੋਭਾ ਪਾਈ॥

(ਪੰਨਾ-੩੧੦)

ਗੁਰੂ-ਪਿਤਾ ਦਾ ਸੰਦੇਸ਼ ਇਹ ਹੈ ਕਿ ਸੰਸਾਰ ਦੀ ਇਸ ਵਿਕਾਰਾਂ ਰੂਪ ਕਾਲ ਕੋਠੜੀ ਵਿਚ ਆਪਣੇ ਆਪ ਨੂੰ ਨਿਰਮਲ ਰੱਖ ਲੈਣਾ ਜਾਂ ਨਿਰਮਲ ਕਰ ਲੈਣਾ ਹੀ ਜੀਵਨ ਦੀ ਸਫਲਤਾ ਦਾ ਪ੍ਰਮਾਣ ਹੈ ਪਰ ਇਹ ਆਮ ਸੰਸਾਰੀ ਮਨੁੱਖ ਲਈ ਅਤਿ ਕਠਿਨ ਹੈ। ਮੈਲੇ ਵਿਚਾਰਾਂ, ਫੁਰਨਿਆਂ, ਆਦਤਾਂ, ਕਰਮਾਂ ਅਤੇ ਰੰਗ-ਤਮਾਸ਼ਿਆਂ ਦੀ ਭਰਮਾਰ ਇਸ ਸਫਲਤਾ ਵਿਚ ਵੱਡੀ ਰੁਕਾਵਟ ਹੈ। ਇਸੇ ਲਈ ਹਰ ਵਿਅਕਤੀ ਨੂੰ ਗੁਰਪ੍ਰਸਾਦਿ ਦੀ ਸਭ ਤੋਂ ਪਹਿਲਾਂ ਲੋੜ ਹੈ, ਜਿਸ ਨੂੰ ਗੁਰੂ ਹੁਕਮ ਵਿਚ ਰਹਿੰਦਿਆਂ, ਗੁਰੂ ਦੀ ਪ੍ਰਸੰਨਤਾ ਰਾਹੀਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰੂ ਮਰਜੀ ਵਿਚ

ਜਿਊਣਾ ਭਾਵੇਂ ਕਿਤਨਾ ਵੀ ਕਠਿਨ ਕਿਉਂ ਨਾ ਲੱਗੇ, ਪਰ ਇਸ ਤੋਂ ਬਿਨਾਂ ਸਿੱਖ ਰੂਪ ਵਿਚ ਸਫਲਤਾ ਨਾਲ ਵਿਚਰਨਾ ਸੰਭਵ ਨਹੀਂ। ਗੁਰਸਿੱਖਾਂ ਦਾ "ਗਾਖੜੀ ਸੇਵਾ" ਤੋਂ ਲੈ ਕੇ ਸ਼ਹੀਦੀਆਂ ਦੀ ਕਹਾਣੀ ਰਚਣਾ ਤੇ ਰਚੀ ਹੀ ਜਾਣਾ ਇਸ ਦਾ ਪ੍ਰਤੱਖ ਪ੍ਰਮਾਣ ਹੈ। ਇਸੇ ਲਈ ਹਰ ਗੁਰੂ ਕੇ ਕਹਾਉਣ ਵਾਲੇ ਦੀ ਰੋਜ਼ਾਨਾ ਅਰਦਾਸ ਵਿਚ "ਤਿਨਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ" ਕਹਿਣ ਦਾ ਵਿਧਾਨ ਹੈ। ਇਸ ਦੇ ਪਿੱਛੇ ਸਿਧਾਂਤ ਤਾਂ ਇਹੋ ਲੱਗਦਾ ਹੈ, ਕਿ ਐਸੇ ਗੁਰਸਿੱਖਾਂ ਦੀ ਕਮਾਈ ਦੀ ਯਾਦ ਸਾਨੂੰ ਵੀ ਗੁਰੂ ਬਖ਼ਸ਼ਿਸ਼ ਦੇ ਮਾਰਗ ਦਾ ਪਾਂਧੀ ਬਣਨ ਦੇ ਸਮਰੱਥ ਕਰ ਦੇਵੇ। ਵਰਨਾ ਕਿਸੇ ਵੀ ਕੌਮ ਜਾਂ ਭਾਈਚਾਰੇ ਦੇ ਬਾਨੀ ਜਾਂ ਗਾਡੀ-ਰਾਹ ਦੇ ਦਿੱਤੇ ਹੋਏ ਜੀਵਨ ਸਿਧਾਂਤ, ਕਰਮ-ਕਾਂਡੀ ਰੂਪ ਧਾਰਨ ਕਰ ਕੇ ਕੌਮੀ ਜ਼ਿੰਦਗੀ ਦੀ ਸਦ-ਤਾਜ਼ਗੀ ਨੂੰ ਮੁਕਾ ਦਿੰਦੇ ਹਨ। ਓਪਰਿਆਂ ਵਾਂਗ ਆਪਣੀਆਂ ਲੋੜਾਂ ਗਰਜ਼ਾਂ ਕਰਕੇ ਧਰਮ-ਸਿਧਾਂਤਾਂ ਦਾ ਪਾਲਣ ਬੱਧੋ-ਚੱਟੀ ਬਣ ਕੇ ਮਾਨਸਿਕ ਸੰਤੁਸ਼ਟੀ ਦੇ ਰਸ ਨੂੰ ਹੀ ਅਲੋਪ ਕਰ ਦਿੰਦਾ ਹੈ। ਇਸੇ ਲਈ ਪੂਰਨ ਰੂਪ ਵਿਚ ਸਮਰਪਿਤ ਗੁਰੂ ਪਿਆਰਿਆਂ ਦੀ ਕਮਾਈ ਦਾ ਧਿਆਨ ਧਰਨਾ ਜ਼ਰੂਰੀ ਤੇ ਲਾਹੇਵੰਦ ਬਣ ਜਾਂਦਾ ਹੈ।

ਗੁਰੂ ਸਵਾਰੇ ਅਜ਼ੀਜ਼ ਸ੍ਰ: ਰੂਪ ਸਿੰਘ ਦੁਆਰਾ ਸੰਪਾਦਿਤ ਪੁਸਤਕ ਇਸੇ ਪ੍ਰਥਾਇ ਇਕ ਸੁੱਚਾ ਜਿਹਾ ਯਤਨ ਹੈ। ਇਸ ਪੁਸਤਕ ਵਿਚ ਅੰਕਿਤ ਗੁਰਸਿੱਖਾਂ ਦੀ ਜੀਵਨ ਕਹਾਣੀ ਸਾਡੇ ਲਈ ਗੁਰੂ-ਗੋਦ ਵਿਚ ਬੈਠ ਸਕਣ ਦਾ ਇਕ ਸਾਰਥਕ ਸਾਧਨ ਹੈ। ਕੀ ਭਾਈ ਸਾਹਿਬ ਭਾਈ ਮਰਦਾਨਾ ਜੀ ਦਾ ਆਪਣੇ ਲੋਕ-ਪ੍ਰਲੋਕ ਦੇ ਸੁਖਦਾਤੇ ਗੁਰੂ ਨਾਨਕ-ਪਿਤਾ ਨਾਲ ਲਾਡ ਲਡਾਉਂਦਿਆਂ, ਉਨ੍ਹਾਂ ਕੋਲੋਂ ਇਹ ਬਚਨ ਕਰਵਾ ਲੈਣਾ ਕਿ "ਜਾ ਮਰਦਾਨਿਆਂ ਤੂੰ ਨਿਹਾਲ ਹੋਆ" ਅਥਵਾ "ਮਰਦਾਨਿਆਂ, ਤੇਰਾ ਸਾਡਾ ਬਚਨ ਹੋਆ ਕਿ ਜਿਥੈ ਮੇਰਾ ਵਾਸਾ ਓਥੈ ਤੇਰਾ ਵਾਸਾ" ਸਿੱਖ ਕਹਾਉਣ ਵਾਲਿਆਂ ਨੂੰ ਆਪਣੇ ਗੁਰੂ ਦੇ ਹੋਰ ਨੇੜੇ ਹੋ ਕੇ ਗੁਰੂ ਬਖ਼ਸ਼ਿਸ਼ ਝੋਲੀ ਪੁਆਉਣ ਲਈ ਤੜਪਾਉਂਦਾ ਨਹੀਂ? ਮੇਰਾ ਨਿਸਚਾ ਹੈ ਕਿ ਸ੍ਰ: ਰੂਪ ਸਿੰਘ ਵੱਲੋਂ ਕੀਤਾ ਗਿਆ, ਇਹ ਯਤਨ ਜ਼ਰੂਰ ਹੀ ਗੁਰੂ ਕਿਆਂ ਲਈ ਲਾਹੇਵੰਦਾ ਸਿੱਧ ਹੋਵੇਗਾ। ਇਸ ਸ਼ਲਾਘਾ ਯੋਗ ਉਦਮ ਲਈ

ਸਾਰੇ ਸੰਬੰਧਤ ਸੱਜਣ ਵਧਾਈ ਦੇ ਪਾਤਰ ਹਨ। ਮੇਰੀ ਆਪਣੇ ਮਾਲਕ ਸਤਿਗੁਰੂ ਪਾਸ ਜੋਦੜੀ ਹੈ, ਕਿ ਇਸ ਪੁਸਤਕ ਨੂੰ ਲਿਖਣ, ਛਾਪਣ, ਪੜ੍ਹਨ-ਸੁਣਨ, ਵਾਲੇ ਸਾਰਿਆਂ ਹੀ ਸੱਜਣਾਂ ਦੇ ਜੀਵਨ ਵਿਚ ਗੁਰੂ-ਮਿਹਰਾਂ ਦਾ ਮੀਂਹ ਵਰਸੇ ਅਤੇ ਸਾਰੇ ਹੀ ਗੁਰੂ ਜੁਗਤ ਅਨੁਸਾਰ "ਖਾਲਸਾ ਜੀ ਕੇ ਬੋਲਬਾਲੇ" 'ਤੇ "ਸਰਬੱਤ ਦੇ ਭਲੇ" ਲਈ ਆਪਣਾ ਹਿੱਸਾ ਪਾ ਸਕਣ।

ਗੁਰੂ ਰਾਖਾ

ਗੁਲਾਮ ਗੁਰੂ ਦਾ,
ਮਨਜੀਤ ਸਿੰਘ,
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ।

ਸ਼ਲਾਘਾਯੋਗ ਉਪਰਾਲਾ

ਗੁਰਮਤਿ ਦੇ ਰੂਹਾਨੀ ਉਪਦੇਸ਼ ਦੀ ਖਿੱਚ ਸਦਕਾ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਹੁਣ ਤਕ ਅਨੇਕਾਂ ਪ੍ਰਾਣੀ ਗੁਰੂ-ਘਰ ਨਾਲ ਜੁੜਦੇ ਚਲੇ ਆ ਰਹੇ ਹਨ। ਗੁਰੂ-ਘਰ ਦੀ ਰੂਹਾਨੀ ਵਿਚਾਰਧਾਰਾ ਨਾਲ ਜੁੜਨ ਵਾਲੇ ਕਰਨੀ-ਕਥਨੀ ਦੇ ਸੂਰੇ, ਬੇ-ਸ਼ੁਮਾਰ ਗੁਰਸਿੱਖ ਹੋਏ ਹਨ, ਜਿਨ੍ਹਾਂ ਨੇ ਕਿਸੇ ਨਾ ਕਿਸੇ ਪੱਖੋਂ ਸਿੱਖ ਇਤਿਹਾਸ ਨੂੰ ਚਾਰ ਚੰਨ ਲਾਏ ਹਨ। ਮੇਰੇ ਮਨ ਦੀ ਚਿਰੋਕਣੀ ਰੀਝ ਸੀ, ਕਿ ਗੁਰੂ-ਘਰ ਦੇ ਚੋਣਵੇਂ ਪ੍ਰਮੁਖ ਪ੍ਰੀਤਵਾਨਾਂ ਬਾਰੇ ਹਰ ਗੁਰਸਿੱਖ ਨੂੰ ਜਾਣਕਾਰੀ ਹੋਵੇ। ਇਸ ਰੀਝ ਦੀ ਪੂਰਤੀ ਦਾ ਸੁਪਨਾ (ਗੁਰਪੁਰਵਾਸੀ) ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਲਿਆ ਸੀ, ਕਿਉਂਕਿ ਪ੍ਰਸਿੱਧ ਪੰਥਕ ਸ਼ਖ਼ਸੀਅਤਾਂ ਬਾਰੇ ਜਾਣਕਾਰੀ ਇਕ ਜਗ੍ਹਾ ਨਹੀਂ ਮਿਲਦੀ। ਪ੍ਰਿੰਸੀਪਲ ਸਾਹਿਬ ਦੇ ਅਚਾਨਕ ਅਕਾਲ-ਚਲਾਣਾ ਕਰ ਜਾਣ ਉਪਰੰਤ ਸ੍ਰ: ਰੂਪ ਸਿੰਘ, ਸੰਪਾਦਕ ਗੁਰਮਤਿ ਪ੍ਰਕਾਸ਼ ਨੇ ਉਨ੍ਹਾਂ ਦੇ ਇਸ ਸੁਪਨੇ ਨੂੰ ਸਾਕਾਰ ਕਰਨ ਦਾ ਉਪਰਾਲਾ ਕੀਤਾ ਹੈ।

ਹਥਲੀ ਪੁਸਤਕ ਵਿਚ ਭਾਈ ਮਰਦਾਨਾ ਜੀ ਤੋਂ ਲੈ ਕੇ ਗੁਰੂ-ਪੰਥ ਦੇ ਨਿਸ਼ਕਾਮ ਸੇਵਕ ਭਗਤ ਪੂਰਨ ਸਿੰਘ ਜੀ ਤਕ ਗੁਰੂ-ਘਰ ਦੇ ਅਨਿਨ ਪ੍ਰੇਮੀਆਂ, ਸ਼ਹੀਦਾਂ-ਮੁਰੀਦਾਂ, ਵਿਦਵਾਨਾਂ, ਲਿਖਾਰੀਆਂ ਸਮੇਤ ਪ੍ਰਸਿੱਧ ਪੰਥਕ ਸ਼ਖ਼ਸੀਅਤਾਂ ਦਾ ਵੇਰਵਾ ਦਿੱਤਾ ਗਿਆ ਹੈ। ਇਹ ਕਾਰਜ ਸਿੱਖੀ ਦੇ ਵੱਖ-ਵੱਖ ਖੇਤਰਾਂ ਵਿਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਚੋਣਵੇਂ ਗੁਰਸਿੱਖਾਂ ਦੇ ਜੀਵਨ ਨੂੰ ਇਕ ਜਗ੍ਹਾ ਸਮੇਟਨ ਦਾ ਸ਼ਲਾਘਾਯੋਗ ਉਪਰਾਲਾ ਹੈ। ਇਹ ਜਤਨ ਕਿਥੋਂ ਤਕ ਸਫਲ ਹੋਇਆ ਹੈ, ਇਹ ਤਾਂ ਸੂਝਵਾਨ ਪਾਠਕ ਹੀ ਦੱਸ ਸਕਦੇ ਹਨ, ਪਰ ਮੇਰਾ ਯਕੀਨ ਹੈ ਕਿ ਇਹ ਪੁਸਤਕ ਸਿੱਖ ਪ੍ਰਚਾਰਕਾਂ, ਕਥਾਵਾਚਕਾਂ ਅਤੇ ਵਿਦਵਾਨ ਬੁਲਾਰਿਆਂ ਲਈ ਲਾਹੇਵੰਦ ਸਾਬਤ ਹੋਵੇਗੀ।

ਗੁਰੂ ਪੰਥ ਦਾ ਦਾਸ

ਗੁਰਚਰਨ ਸਿੰਘ ਟੌਹੜਾ

ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ।

ਜਨ ਪਰਉਪਕਾਰੀ ਆਏ

ਸਿੱਖ ਅਰਦਾਸ ਰਾਹੀਂ ਹਰ ਰੋਜ਼ ਸੁਬ੍ਹਾ-ਸ਼ਾਮ ਉਨ੍ਹਾਂ ਮਹਾਨ ਸ਼ਖ਼ਸੀਅਤਾਂ ਨੂੰ ਯਾਦ ਕਰਦਾ ਹੈ "ਜਿਨ੍ਹਾਂ ਨੇ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ... ਤੇ ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ।" ਹਥਲੀ ਪੁਸਤਕ ਉਨ੍ਹਾਂ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਦੀਆਂ ਜੀਵਨ-ਪ੍ਰਾਪਤੀਆਂ ਦਾ ਵਰਣਨ ਹੈ, ਜਿਨ੍ਹਾਂ ਨੇ ਗੁਰੂ-ਪੰਥ ਦੀ ਸੇਵਾ ਦੁਆਰਾ ਇਤਿਹਾਸ ਵਿਚ ਆਪਣੀ ਪਹਿਚਾਣ ਬਣਾਈ ਹੈ। ਬਾਹਰ-ਮੁਖੀ ਸੇਵਾ ਤਾਂ ਹਰੇਕ ਦੀ ਆਪੋ-ਆਪਣੀ ਦਿੱਖ ਵਾਲੀ ਹੈ। ਇਨ੍ਹਾਂ ਸ਼ਖ਼ਸੀਅਤਾਂ ਵਿਚੋਂ ਕੋਈ 'ਆਪਿ ਜਪੈ ਅਵਰਹਿ ਨਾਮੁ ਜਪਾਵੈ' ਰਾਹੀਂ ਨਾਮ ਜਪਾਉਣ ਦੀ ਸੇਵਾ ਕਰ ਰਿਹਾ ਹੈ; ਕੋਈ ਨਿਮਰਤਾ ਨਾਲ ਸਤਿਗੁਰੂ ਦੀ ਸੰਗਤ-ਪੰਗਤ, ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰ ਰਿਹਾ ਹੈ; ਕੋਈ ਭਾਈ ਮਰਦਾਨੇ ਵਾਂਗ ਗੁਰੂ ਹੁਕਮ 'ਤੇ ਰਬਾਬ ਛੇੜ ਕੇ ਸ਼ਬਦ ਨੂੰ ਰਾਗ ਵਿਚ ਪਾ ਕੇ ਗਾ ਰਿਹਾ ਹੈ; ਕੋਈ ਕਬਿਤ ਸਵੱਈਏ, ਵਾਰਾਂ ਰਚ, ਗੁਰੂ-ਜਸ ਕਰ, ਗੁਰਬਾਣੀ ਦੇ ਗੋਹਝ ਭੇਦ ਖੋਹਲ ਰਿਹਾ ਹੈ; ਕੋਈ ਗਜ਼ਲਾਂ ਰਾਹੀਂ ਕਾਵਿ-ਉਡਾਰੀ ਮਾਰ, ਗੁਰੂ-ਉਪਮਾ ਰਾਹੀਂ ਦਰਸ਼ਨ ਕਰਵਾ ਰਿਹਾ ਹੈ; ਕੋਈ ਸਿੱਖ-ਇਤਿਹਾਸ ਦੇ ਪੱਤਰੇ ਆਪਣੇ ਪਾਵਨ ਖੂਨ ਨਾਲ ਲਿਖ ਰਿਹਾ ਹੈ। ਹਕੂਮਤ ਨੇ ਜ਼ਮੀਰ ਦੀ ਅਵਾਜ਼ ਨੂੰ ਦਬਾਉਣ ਤੇ ਮਨੁੱਖ ਨੂੰ ਗ਼ੁਲਾਮ ਬਨਾਉਣ ਲਈ ਜੋ ਸਰੀਰਕ ਕਸ਼ਟਾਂ ਦੇ ਭਿਅੰਕਰ ਤੋਂ ਭਿਅੰਕਰ ਢੰਗ-ਤਰੀਕੇ ਲੱਭੇ ਸਨ, ਉਹ ਪੁਸਤਕ ਦੇ ਪਾਤਰਾਂ 'ਤੇ ਵਰਤੀਂਦੇ ਦਿਸ ਰਹੇ ਹਨ। ਕਿਤੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਖੌਫ਼ਨਾਕ ਸ਼ਹਾਦਤ ਦਾ ਦ੍ਰਿਸ਼ ਦ੍ਰਿਸ਼ਟੀਗੋਚਰ ਹੁੰਦਾ ਹੈ ਤੇ ਕਿਤੇ ਭਾਈ ਮਨੀ ਸਿੰਘ ਜੀ ਦੇ

ਬੰਦ-ਬੰਦ ਕਟਵਾਉਂਦਿਆਂ ਦੇ ਦਰਸ਼ਨ ਹੁੰਦੇ ਹਨ ... ਪਰ ਹਰੇਕ ਦੇ ਰੋਮ-ਰੋਮ ਵਿਚੋਂ ਸਤਿਗੁਰੂ ਦੀ ਪ੍ਰੀਤ-ਪਿਆਰ ਦੀ ਧੁਨੀ ਸੁਣਨ ਨੂੰ ਮਿਲਦੀ ਹੈ। ਇਨ੍ਹਾਂ ਗੁਰਮੁਖ ਪਿਆਰਿਆਂ ਲਈ ਸਰੀਰ ਨੂੰ ਤਾਂ ਕੇਵਲ ਇਕ ਠੀਕਰਾ ਸੀ ਜਿਸ ਨੂੰ ਜਰਵਾਣੇ ਦੇ ਸਿਰ 'ਤੇ ਭੰਨ, ਗੁਰੂ ਦਰ 'ਤੇ ਊਜਲ ਮੁਖ ਹਾਜ਼ਰ ਹੋ ਕੇ ਉਹ ਲੋਕਾਈ ਨੂੰ ਜ਼ਮੀਰ ਦੀ ਅਜ਼ਾਦੀ ਕਾਇਮ ਰੱਖਣ ਦਾ ਮਾਰਗ ਦਰਸਾ ਗਏ ਹਨ।

ਗੁਰੂ-ਭਗਤੀ ਦੀ ਇਕੋ ਇਕ ਦ੍ਰਿਸ਼ਟਮਾਨ ਸ਼ਰਤ ਕੇਸ ਭਗਤੀ ਹੈ ਅਤੇ ਇਸ ਨੂੰ ਕਾਇਮ ਰੱਖਣ ਲਈ ਗੁਰਸਿੱਖ ਜਿਊੜਿਆਂ ਦੇ ਅੰਤਮ ਸਵਾਸ ਤੀਕ ਸਿੱਖੀ ਕੇਸਾਂ-ਸਵਾਸਾਂ ਨਾਲ ਨਿਭਾਉਣ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਸ਼ਹੀਦਾਂ ਦੀ ਇਤਿਹਾਸਕ ਗਾਥਾ ਅੱਜ ਦੇ ਔਝੜੇ ਰਾਹ ਪਏ ਨੌਜਵਾਨਾਂ ਨੂੰ, ਕੇਸਾਂ ਦੀ ਮਹਾਨਤਾ ਅਤੇ "ਕੇਸ ਹੀ ਗੁਰੂ ਭਗਤੀ ਦੀ ਨਿਸ਼ਾਨੀ ਹੈ", ਦ੍ਰਿੜ੍ਹ ਕਰਵਾਉਂਦੀ ਹੈ।

ਕਿਤੇ ਗੁਰਦੁਆਰਿਆਂ-ਗੁਰਧਾਮਾਂ ਅਤੇ ਜਿੰਦ-ਜਾਨ ਤੋਂ ਪਿਆਰੇ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਲਈ ਬਾਬਾ ਦੀਪ ਸਿੰਘ, ਸੁੱਖਾ ਸਿੰਘ-ਮਹਿਤਾਬ ਸਿੰਘ, ਬਾਬਾ ਗੁਰਬਖਸ਼ ਸਿੰਘ ਅਤੇ ਹੋਰ ਅਨੇਕਾਂ ਸਿਰਲੱਥ ਯੋਧੇ ਮੌਤ ਨਾਲ ਕਲੋਲਾਂ ਕਰਦੇ ਨਜ਼ਰ ਆਉਂਦੇ ਹਨ ਤੇ ਕਿਤੇ ਪਰਉਪਕਾਰੀ ਮਹਾਂ ਸਿੰਘ ਦੀ ਕਹਾਣੀ ਰੂਪਮਾਨ ਹੋ ਰਹੀ ਹੈ, ਕਿ ਕਿਵੇਂ ਉਨ੍ਹਾਂ ਸਵਾਸ ਤਦ ਹੀ ਤਿਆਗੇ, ਜਦ ਕਲਗੀਧਰ-ਪਿਤਾ ਨੇ ਬੇਦਾਵਾ ਪਾੜ, ਆਪਣੇ ਸੀਨੇ ਨਾਲ ਲਾ ਲਿਆ। ਕੋਈ ਪੰਥ ਦੀ ਹਸਤੀ ਕਾਇਮ ਕਰਨ ਲਈ ਇਕੱਲਾ ਹੀ ਕਰ ਲਾ ਉਗਰਾਹ ਰਿਹਾ ਹੈ, ਤਾਂ ਜੋ ਹਕੂਮਤ ਨੂੰ ਗਿਆਨ ਹੋ ਸਕੇ ਕਿ ਗੁਰੂ ਦਾ ਪੰਥ ਸਦ-ਜੀਵਤ ਹੈ। ਕਿਤੇ ਸੇਵਕ ਨੂੰ ਨਵਾਬੀ ਬਖਸ਼ੀ ਜਾ ਰਹੀ ਹੈ; ਕਿਤੇ ਸ੍ਰ: ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਕੌਮ ਦੇ ਖਿਤਾਬ ਨਾਲ ਨਿਵਾਜ਼ੇ ਜਾਣ ਦੀ ਗਾਥਾ ਪੜ੍ਹਨ ਨੂੰ ਮਿਲਦੀ ਹੈ। ਫਿਰ ਰਾਜ ਕਾਇਮ ਹੋਣ ਦੀ ਕਹਾਣੀ ਸਾਹਮਣੇ ਆਉਂਦੀ ਹੈ, ਕਿ ਕਿਵੇਂ ਗੁਰੂ ਕੇ ਲਾਲਾਂ ਨੇ ਹੰਨੇ-ਹੰਨੇ ਦੀ ਮੀਰੀ ਇਕ ਥਾਂ ਇਕੱਤਰ ਕਰਕੇ ਵਿਸ਼ਾਲ ਸਾਮਰਾਜਾਂ ਨਾਲ ਟੱਕਰ ਲੈ ਅਖੀਰ ਸ਼ਾਹੀ ਕਿਲ੍ਹੇ ਲਾਹੌਰ 'ਤੇ ਕੇਸਰੀ ਪਰਚਮ ਝੁਲਾਅ, ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਨਾਮ ਦਾ ਸਿੱਕਾ ਚਲਾਇਆ। ਕਿਤੇ ਦੱਰ੍ਹਾ ਖੈਬਰ, ਜਿਸ ਰਾਹੀਂ ਹਮਲਾਵਰ

ਆ ਕੇ ਸੋਹਣੇ ਪੰਜਾਬ ਦੀ ਇੱਜ਼ਤ ਆਬਰੂ ਰੋਲਦੇ ਸਨ, ਨੂੰ ਸਦਾ ਲਈ ਬੰਦ ਕਰ ਦੇਣ ਵਾਲੇ ਨਲਵੇ ਸਰਦਾਰ ਦੀ ਦਾਸਤਾਨ ਪੜ੍ਹਨ ਨੂੰ ਮਿਲਦੀ ਹੈ। ਕਿਤੇ ਸਿੱਖ ਰਾਜ–ਭਾਗ ਦੀਆਂ ਝਲਕੀਆਂ ਦੇ ਦਰਸ਼ਨ ਹੁੰਦੇ ਹਨ, ਕਿਤੇ ਅੱਖ ਦੇ ਫੋਰ ਵਿਚ ਇਹ ਸੀਨ ਬਦਲਦਾ ਦਿਖਾਈ ਦਿੰਦਾ ਹੈ। ਡੋਗਰਾ–ਸ਼ਾਹੀ ਤੇ ਪੂਰਬੀਆਂ ਦੀਆਂ ਸਾਜਸ਼ਾਂ ਅਤੇ ਸਿੱਖ ਸਰਦਾਰਾਂ ਦੀ ਆਪਣੀ ਖਹਿ–ਬਾਜ਼ੀ, ਕਲ੍ਹਾ–ਕਲੇਸ਼ ਨੇ ਵਿਸ਼ਾਲ ਸਿੱਖ ਰਾਜ ਨੂੰ ਰਸਾਤਲ ਦੀ ਡੂੰਘੀ ਖੱਡ ਵਿਚ ਕਿਵੇਂ ਸੁੱਟਿਆ, ਅੱਜ ਵੀ ਵਿਚਾਰਨ ਦੀ ਲੋੜ ਹੈ। ਅੱਜ ਲੋੜ ਹੈ ਨਿੱਜ–ਪ੍ਰਸਤੀ ਨੂੰ ਛੱਡ ਕੇ ਪੰਥ–ਪ੍ਰਸਤੀ ਨੂੰ ਅਪਨਾਉਣ ਦੀ! ਜਦ ਰਾਜ–ਭਾਗ ਖੁੱਸ ਜਾਏ ਤਾਂ ਕੇਵਲ ਗੁਰੂ–ਭਗਤੀ ਹੀ ਕੌਮ ਨੂੰ ਚੜ੍ਹਦੀ ਕਲਾ ਵੱਲ ਲਿਜਾ ਸਕਦੀ ਹੈ। ਇਹ ਪੁਸਤਕ ਇਤਿਹਾਸਕ ਦਾਸਤਾਨ, ਇਤਿਹਾਸਕ ਪ੍ਰਾਪਤੀਆਂ ਨੂੰ ਰੂਪਮਾਨ ਕਰਦੀ ਹੋਈ ਅਜੋਕੇ ਸਮੇਂ ਵਿਚ ਨੌਜੁਆਨ ਗੁਰਸਿੱਖਾਂ ਨੂੰ ਆਪਣੇ ਮਹਾਨ ਵਿਰਸੇ ਨਾਲ ਜੁੜਨ ਲਈ ਪ੍ਰੇਰਣਾ ਦਾ ਸਫ਼ਲ ਸਾਧਨ ਵੀ ਬਣੇਗੀ ਅਤੇ ਪੰਥ ਦੀ ਅਜ਼ਾਦ ਹਸਤੀ ਕਾਇਮ ਰੱਖਣ ਲਈ ਜੁਰਅਤ ਅਤੇ ਦ੍ਰਿੜ੍ਹਤਾ ਵੀ ਪੈਦਾ ਕਰੇਗੀ।

ਗੁਰੂ ਪੰਥ ਦਾ ਦਾਸ,
ਮਨਜੀਤ ਸਿੰਘ
ਸਕੱਤਰ,
ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।

❋❋❋

ਸੰਪਾਦਕ ਵਲੋਂ

ਕੁਦਰਤ ਬਹੁਤ ਵਿਸਮਾਦੀ ਹੈ। ਕੁਦਰਤ ਦੇ ਭੇਦਾਂ ਨੂੰ ਸਮੁੱਚਤਾ ਵਿਚ ਜਾਨਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੈ। ਕੁਦਰਤ ਦੇ ਕਰਤਾ ਨੇ ਹਰ ਜੀਵ ਵਿਚ ਭੇਦ ਰੱਖਿਆ ਹੈ। ਮਾਨਵ ਨੇ ਕਾਦਰ ਦੀ ਕਿਰਤ ਬਾਰੇ ਕੀ ਭੇਦ ਪਾਉਣਾ ਹੈ, ਉਹ ਤਾਂ ਆਪਣੀ ਜਾਤੀ ਸਮਾਨਤਾ ਵਿਚ ਵਿਭੰਨਤਾ ਨੂੰ ਹੀ ਅੱਜ ਤਕ ਨਹੀਂ ਸਮਝਿਆ! ਭਾਵੇਂ ਸਮੁੱਚੀ ਮਾਨਵ ਜਾਤੀ ਵਿਚ ਇਕ ਪ੍ਰਭੂ ਦੀ ਜੋਤਿ ਸਮੋਈ ਹੋਣ ਕਾਰਨ 'ਇਕ' ਹੈ ਪਰ ਹਰ ਮਾਨਵ ਦੀ ਹੋਂਦ ਹਸਤੀ ਆਪਣੀ ਹੀ ਹੈ। ਕੋਈ ਵੀ 'ਦੋ' ਵਿਅਕਤੀ ਇਨ-ਬਿਨ ਇਕ ਨਹੀਂ ਹਨ, ਜੇਕਰ ਕਿਧਰੇ ਇਸ ਤਰ੍ਹਾਂ ਹੋ ਜਾਵੇ ਤਾਂ 'ਦੋ' ਵਾਲੀ ਗੱਲ ਹੀ ਖਤਮ ਹੋ ਜਾਵੇਗੀ। ਗੁਰਬਾਣੀ ਦਾ ਪਾਵਨ ਫੁਰਮਾਨ ਹੈ ਕਿ ਪ੍ਰਭੂ ਦਾ ਖੇਲ ਹੀ ਅਜਿਹਾ ਵਿਸਮਾਦੀ ਹੈ, ਕਿ ਕੋਈ ਵੀ ਕਿਸੇ ਵਰਗਾ ਪੈਦਾ ਹੀ ਨਹੀਂ ਕੀਤਾ:

ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥
ਕੋਇ ਨ ਕਿਸ ਹੀ ਜੇਹਾ ਉਪਾਇਆ॥

(ਪੰਨਾ-੧੦੫੬)

ਕਰਤਾ ਨੇ ਮਾਨਵ ਜਾਤੀ ਦੀ ਏਕਤਾ ਵਿਚ ਅਨੇਕਤਾ ਕਿਉਂ ਰੱਖੀ? ਇਸ ਬਾਰੇ ਕੋਈ ਵੀ ਨਿਰਣੈ ਜਨਕ ਕਹਿਣ ਦੇ ਸਮਰਥ ਨਹੀਂ ਪਰ ਕਲਪਨਾ ਕਰ ਸਕਦੇ ਹਾਂ ਕਿ ਮਨੁੱਖ ਤੋਂ ਮਨੁੱਖ ਨੂੰ ਨਿਖੇੜਨ-ਪਹਿਚਾਨਣ ਲਈ ਸ਼ਾਇਦ ਅਜਿਹੀ ਭਿੰਨਤਾ ਹੋਵੇ। ਇਸ ਪਹਿਚਾਣ ਨੂੰ ਹੀ ਅਸੀਂ **ਵਿਅਕਤੀਤਵ ਜਾਂ ਸ਼ਖ਼ਸੀਅਤ** ਕਹਿ ਸਕਦੇ ਹਾਂ। ਇਹੋ ਕਾਰਨ ਹੈ ਕਿ ਹਰੇਕ ਮਾਨਵ ਦੀ ਆਪਣੀ ਹੀ ਸ਼ਖ਼ਸੀਅਤ ਹੁੰਦੀ ਹੈ!

"ਸ਼ਖ਼ਸੀਅਤ" ਫ਼ਾਰਸੀ ਮੂਲ ਦੇ 'ਸ਼ਖ਼ਸ' ਸ਼ਬਦ ਤੋਂ ਬਣਿਆ ਹੈ ਜੋ Personality ਦਾ ਸਮਾਨ-ਅਰਥੀ ਹੈ। Personality ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ Persona ਤੋਂ ਬਣਿਆ ਹੈ, ਜਿਸਦੇ ਅਰਥ 'ਪਰਦਾ,' ਬੁਰਕਾ', ਜਾਂ 'ਘੁੰਡ' ਆਦਿ ਲਏ ਜਾਂਦੇ ਹਨ। ਇਥੇ ਸ਼ਬਦ 'ਪਰਦਾ', 'ਬੁਰਕਾ' ਜਾਂ 'ਘੁੰਡ' ਵਿਸ਼ੇਸ਼ ਪਹਿਚਾਣ ਦੇ ਹੀ ਲਖਾਇਕ ਹਨ। ਸ਼ਖ਼ਸੀਅਤ ਕਿਸੇ ਸ਼ਖ਼ਸ ਦੇ ਵਿਵਹਾਰ ਦਾ ਸੰਯੁਕਤ ਤੇ ਬੌਧਿਕ ਗੁਣ ਹੈ। ਮਨੋਵਿਗਿਆਨੀਆਂ ਦਾ ਵਿਚਾਰ ਹੈ ਕਿ ਸ਼ਖ਼ਸੀਅਤ

ਦੇ ਘੇਰੇ ਵਿਚ ਉਹ ਸਭ ਕੁਝ ਆ ਜਾਂਦਾ ਹੈ, ਜਿਸ ਰਾਹੀਂ ਇਕ ਵਿਅਕਤੀ ਨੂੰ ਦੂਸਰੇ ਤੋਂ ਨਿਖੇੜਿਆ ਜਾ ਸਕਦਾ ਹੈ।

'ਸ਼ਖ਼ਸੀਅਤ' ਕਿਸੇ ਸ਼ਖ਼ਸ ਦੇ ਉਨ੍ਹਾਂ ਸਰੀਰਿਕ ਤੇ ਮਾਨਸਿਕ ਗੁਣਾਂ ਦੇ ਸਮੂਹ ਨੂੰ ਵੀ ਕਿਹਾ ਜਾਂਦਾ ਹੈ ਕਿ ਕੋਈ ਵਿਅਕਤੀ ਵੇਖਣ-ਪਹਿਚਾਨਣ ਨੂੰ ਕਿਹੋ ਜਿਹਾ ਲਗਦਾ ਹੈ। ਬੁਧੀ ਸ਼ਖ਼ਸੀਅਤ ਦਾ ਇਕ ਖ਼ਾਸ ਗੁਣ ਹੈ ਪਰ ਬੁਧੀ-ਯੋਗਤਾ ਦੇ ਨਾਲ ਨਾਲ ਸਰੀਰਿਕ ਤੇ ਮਾਨਿਸਕ ਸ਼ਕਤੀਆਂ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ, ਜਿਨ੍ਹਾਂ ਵਿਚ ਯਾਦ, ਕਲਪਨਾ, ਤਰਕ ਤੇ ਧਿਆਨ-ਸ਼ਕਤੀ ਵਿਅਕਤੀਤਵ ਦੇ ਵਿਸ਼ੇਸ਼ ਗੁਣ ਕਹੇ ਜਾ ਸਕਦੇ ਹਨ। ਇਸ ਤੋਂ ਇਲਾਵਾ ਮਾਨਸਿਕ ਝੁਕਾਅ, ਆਦਤਾਂ, ਨੈਣ-ਨਕਸ਼, ਡੀਲ-ਡੌਲ, ਕੱਦ-ਕਾਠ, ਰੰਗ-ਰੂਪ ਤੇ ਸਰੀਰਿਕ ਫੱਬਣ ਵੀ ਵਿਅਕਤੀ ਦੇ ਪਹਿਚਾਣ ਚਿੰਨ੍ਹ ਬਣਦੇ ਹਨ।

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ, ਕਿ ਹਰ ਸ਼ਖ਼ਸ ਦੀ ਆਪਣੀ ਹੀ ਸ਼ਖ਼ਸੀਅਤ ਹੁੰਦੀ ਹੈ। ਥੋੜ੍ਹੀਆਂ ਹੀ ਸ਼ਖ਼ਸੀਅਤਾਂ ਹੁੰਦੀਆਂ ਹਨ ਜੋ ਆਪਣੇ ਸਮਕਾਲੀ ਸਮਾਜ ਵਿਚ ਆਪਣੀ ਖ਼ਾਸ ਪਹਿਚਾਣ ਹੋ ਨਿਬੜਦੀਆਂ ਹਨ ਤੇ ਸਬੰਧਤ ਸਮਾਜ ਨੂੰ ਪ੍ਰਭਾਵਿਤ ਕਰਦੀਆਂ ਹੋਈਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇਤਿਹਾਸਕ ਸੱਚ ਦੇ ਰੂਪ ਵਿਚ ਪ੍ਰੇਰਣਾ ਤੇ ਉਤਸ਼ਾਹ ਦਾ ਸਰੋਤ ਬਣਦੀਆਂ ਹਨ। ਇਤਿਹਾਸ ਅਸਲ ਵਿਚ ਖਾਸ ਸ਼ਖ਼ਸੀਅਤਾਂ ਵਲੋਂ ਸਿਰਜਤ ਕਹਾਣੀਆਂ ਦਾ ਹੀ ਲਿਖਤੀ ਰੂਪ ਹੈ। ਸਿੱਖਾਂ ਨੇ ਵਿਸ਼ਵ ਦੇ ਇਤਿਹਾਸ ਵਿਚ ਥੋੜ੍ਹੇ ਸਮੇਂ ਵਿਚ ਹੀ ਅਜਿਹੀਆਂ ਮਹਾਨ ਸ਼ਖ਼ਸੀਅਤਾਂ ਦੀ ਘਾੜਤ ਘੜੀ ਹੈ, ਜਿਨ੍ਹਾਂ ਦੀ ਗਿਣਤੀ ਕਰਨੀ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ। ਸਿੱਖ ਇਤਿਹਾਸ ਦਾ ਹਰ ਪੰਨਾ ਨਵੀਂ ਨਵੇਕਲੀ ਸ਼ਖ਼ਸੀਅਤ ਨਾਲ ਸਾਡੀ ਜਾਣ-ਪਹਿਚਾਣ ਕਰਵਾਉਂਦਾ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ-ਹਰਿਗੋਬਿੰਦ ਸਾਹਿਬ ਦੇ ਸਮੇਂ ਤਕ ਹੋਈਆਂ ਸ਼ਖ਼ਸੀਅਤਾਂ ਦੇ ਨਾਵਾਂ ਤੇ ਕਾਰਨਾਮਿਆਂ ਨੂੰ ਸੰਖੇਪ ਵਿਚ ਗਿਆਰਵੀਂ ਵਾਰ ਵਿਚ ਅੰਕਤ ਕਰ, ਇਸ ਪਾਸੇ ਮੁਢਲਾ ਯਤਨ ਕੀਤਾ। ਸ਼ਹੀਦ ਭਾਈ ਮਨੀ ਸਿੰਘ ਤੇ ਮਹਾਂ-ਕਵੀ ਸੰਤੋਖ ਸਿੰਘ ਜੀ ਨੇ ਗੁਰਮੁਖ-ਗੁਰਸਿੱਖਾਂ ਦੀ ਜੀਵਨ-ਗਾਥਾ ਨੂੰ ਆਪਣੇ-ਆਪਣੇ ਢੰਗ ਦੁਆਰਾ ਕਲਮ-ਬੰਦ ਕਰਨ ਦਾ ਵਡਮੁੱਲਾ ਕਾਰਜ ਕੀਤਾ। ਸਿੱਖ ਇਤਿਹਾਸ ਦੀ ਸਿਰਜਨਾ ਕਰਨ ਵਾਲੀਆਂ ਮਹਾਨ ਸ਼ਖ਼ਸੀਅਤਾਂ ਦੇ ਕਲਮੀ ਚਿਤਰ ਅਸੀਂ ਗੁਰਮਤਿ ਪ੍ਰਕਾਸ਼ ਦੇ ਵੱਖ-ਵੱਖ ਵਿਸ਼ੇਸ਼ ਅੰਕਾਂ ਰਾਹੀਂ ਪਾਠਕਾਂ ਦੇ ਗਿਆਤ ਹਿਤ ਪ੍ਰਕਾਸ਼ਤ ਕੀਤੇ ਸਨ। ਵਿਸ਼ੇਸ਼ ਅੰਕਾਂ ਦੀ ਪਸੰਦਗੀ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲੱਗ ਗਿਆ ਸੀ, ਜਦ ਪੰਜਾਬੀ ਦੀ ਪ੍ਰਸਿੱਧ ਅਖ਼ਬਾਰ ਰੋਜ਼ਾਨਾ ਅਜੀਤ ਨੇ ਸਿੱਖ ਸ਼ਖ਼ਸੀਅਤ-ਵਿਸ਼ੇਸ਼ ਅੰਕ ਨਵੰਬਰ, ੧੯੯੨ ਸਬੰਧੀ **ਵਿਸ਼ੇਸ਼ ਸੰਪਾਦਕੀ ਲੇਖ** ਲਿਖਿਆ ਤੇ

ਪਾਠਕਾਂ ਦੇ ਘੇਰੇ ਨੂੰ ਵਿਸਤਰਿਤ ਕਰਨ ਲਈ ਸਮੁੱਚੇ ਅੰਕ ਨੂੰ ਲੜੀਵਾਰ ਪ੍ਰਕਾਸ਼ਤ ਕੀਤਾ। ਪਾਠਕਾਂ ਵਲੋਂ ਮਿਲੇ ਭਰਵੇਂ ਹੁੰਗਾਰੇ ਤੇ ਸੁਝਾਵਾਂ ਸਦਕਾ ਹੀ ਵਿਸ਼ੇਸ਼ ਅੰਕਾਂ ਨੂੰ ਪੁਸਤਕ ਰੂਪ ਵਿਚ ਪ੍ਰਕਾਸ਼ਤ ਕਰਨ ਦੇ ਅਸੀਂ ਯੋਗ ਹੋਏ ਹਾਂ।

ਇਸ ਪੁਸਤਕ ਵਿਚ ਅਸੀਂ ਉਨ੍ਹਾਂ ਮਹਾਨ ਸ਼ਖ਼ਸੀਅਤਾਂ ਦੀ ਜੀਵਨ-ਕਹਾਣੀ ਨੂੰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਨ ਦਾ ਆਰੰਭਕ ਯਤਨ ਕੀਤਾ ਹੈ, ਜਿਨ੍ਹਾਂ ਨੇ **ਸਿੱਖ ਕੌਮ ਦੀ ਚੜ੍ਹਦੀ ਕਲਾ, ਖਾਲਸਾ ਜੀ ਦੇ ਬੋਲ-ਬਾਲੇ ਤੇ ਸਰਬੱਤ ਦੇ ਭਲੇ ਲਈ** ਵੱਖ-ਵੱਖ ਕਾਰਜ ਖੇਤਰਾਂ ਵਿਚ ਸਮੇਂ-ਸਮੇਂ ਅਗਵਾਈ ਕਰ **'ਨਾਨਕ ਨਿਰਮਲ ਪੰਥ'** ਦੇ ਨਿਰਮਲ ਸਿਧਾਂਤਾਂ ਨੂੰ ਅਮਲੀ ਜਾਮਾ ਪਹਿਨਾਇਆ ਹੈ। ਗੁਰੂ-ਘਰ ਦੇ ਪ੍ਰੀਤਵਾਨ-ਭਾਈ ਸਾਹਿਬ ਭਾਈ ਮਰਦਾਨਾ ਜੀ ਤੋਂ ਲੈ ਕੇ ਪੰਥ ਦੇ ਨਿਸ਼ਕਾਮ ਸੇਵਕ ਭਗਤ ਪੂਰਨ ਸਿਘ ਤਕ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਇਸ ਵਿਚ ਸ਼ਾਮਲ ਕਰਨ ਦਾ ਯਤਨ ਕੀਤਾ ਗਿਆ ਹੈ। ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ, ਇਹ ਅਰੰਭ ਹੈ, ਸੰਪੂਰਨਤਾ ਨਹੀਂ। ਕੁਝ ਸ਼ਖ਼ਸੀਅਤਾਂ ਪੁਸਤਕ ਦੇ ਇਸ ਭਾਗ ਵਿਚ ਸ਼ਾਮਲ ਨਹੀਂ ਹੋ ਸਕੀਆਂ ਜਿਨ੍ਹਾਂ ਨੂੰ ਅਸੀਂ ਦੂਸਰੇ ਭਾਗ ਵਿਚ ਸ਼ਾਮਲ ਕਰਾਂਗੇ। ਇਸ ਪੁਸਤਕ ਵਿਚ ਸ਼ਾਮਲ ਸ਼ਖ਼ਸੀਅਤਾਂ ਕਿਸੇ ਵਿਸ਼ੇਸ਼ ਜਾਣ-ਪਹਿਚਾਣ ਦੀਆਂ ਮੁਥਾਜ ਨਹੀਂ। ਪਾਠਕ ਖੁਦ ਹੀ ਪੜ੍ਹ ਕੇ ਅਨੰਦ ਮਾਨਣਗੇ। ਗੁਰੂ-ਦਰ ਤੋਂ ਵਰਸੋਈਆਂ ਇਹ ਸਾਰੀਆਂ ਸ਼ਖ਼ਸੀਅਤਾਂ ਸਤਿਕਾਰ ਯੋਗ ਹਨ। ਸੋ ਪੁਸਤਕ ਵਿਚ ਸ਼ਾਮਲ ਸ਼ਖ਼ਸੀਅਤਾਂ ਦੀ ਤਰਤੀਬ ਨੂੰ ਦਰਜਾ-ਬ-ਦਰਜਾ ਵੰਡ ਨ ਸਮਝਿਆ ਜਾਵੇ। ਯਤਨ ਕੀਤਾ ਹੈ ਕਿ ਤਰਤੀਬ ਇਤਿਹਾਸਕ ਕ੍ਰਮ ਅਨੁਸਾਰ ਨਿਭ ਸਕੇ।

ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਨੇ ਅਤੀ ਰੁਝੇਵਿਆਂ ਭਰੇ ਸਮੇਂ ਵਿਚੋਂ ਆਪਣੇ ਮੁਬਾਰਕ ਕਰ-ਕਮਲਾਂ ਨਾਲ ਅਸੀਸ ਵਜੋਂ ਕੁਝ ਸ਼ਬਦ ਲਿਖੇ ਹਨ, ਹਾਰਦਿਕ ਧੰਨਵਾਦੀ ਹਾਂ। ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ, ਪ੍ਰਧਾਨ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਜਥੇਦਾਰ ਅਵਤਾਰ ਸਿੰਘ ਜੀ ਮੌਜੂਦਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਰਿਣੀ ਹਾਂ ਜਿਨ੍ਹਾਂ ਨੇ ਸੰਦੇਸ਼ ਰੂਪੀ ਚੰਦ ਸ਼ਬਦ ਲਿਖ ਕੇ ਮੇਰੇ ਹੌਂਸਲੇ ਨੂੰ ਵਧਾਇਆ ਹੈ। ਉਨ੍ਹਾਂ ਤੋਂ ਮਿਲੇ ਸਹਿਯੋਗ-ਅਗਵਾਈ ਲਈ ਦਾਸ ਧੰਨਵਾਦੀ ਹੈ। ਇਹ ਪੁਸਤਕ ਗੁਰਪੁਰਵਾਸੀ ਪ੍ਰਿੰ: ਸਤਿਬੀਰ ਸਿੰਘ ਜੀ ਦੇ ਮਨ ਦੀ ਰੀਝ ਨੂੰ ਪਾਠਕਾਂ ਦੇ ਰੂ-ਬ-ਰੂ ਕਰਨ ਦਾ ਨਿਮਾਣਾ ਜਿਹਾ ਯਤਨ ਹੈ।

ਇਹ ਪੁਸਤਕ ਉਨ੍ਹਾਂ ਦੀ ਮਿੱਠੀ ਯਾਦ ਨੂੰ ਸਮਰਪਿਤ ਕਰਨ ਦੀ ਖੁਸ਼ੀ ਲੈ ਰਹੇ ਹਾਂ।

ਅੰਤ ਵਿਚ ਮੈਂ ਐਡੀ: ਸਕੱਤਰ ਪ੍ਰਚਾਰ, ਮੈਨੇਜਰ ਗੋਲਡਨ ਆਫ਼ਸੈਟ ਪ੍ਰੈਸ, ਪਰੂਫ ਰੀਡਰਾਂ ਅਤੇ ਆਪਣੇ ਸਹਿਯੋਗੀ ਸਾਥੀਆਂ ਦਾ ਧੰਨਵਾਦੀ ਹਾਂ ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਪੁਸਤਕ ਇਸ ਰੂਪ ਵਿਚ ਤਿਆਰ ਹੋ ਸਕੀ ਹੈ।

* * * * *

ਭਾਈ ਮਰਦਾਨਾ ਜੀ

ਜਨਮ ਸਾਖੀਆਂ ਵਿਚ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਮਹੱਤਵਪੂਰਨ ਪਾਤਰ ਹੈ, ਭਾਈ ਮਰਦਾਨਾ। ਜਨਮ ਸਾਖੀਆਂ ਦਾ ਇਹ ਪਾਤਰ ਪਾਠਕਾਂ ਦੇ ਮਨਾਂ ਉਪਰ ਆਪਣਾ ਗਹਿਰਾ ਪ੍ਰਭਾਵ ਛਡ ਜਾਂਦਾ ਹੈ। ਨਿਰਸੰਦੇਹ, ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਸਹਾਇਕ ਪਾਤਰ ਹੈ। ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਪਹਿਲਾ ਸਥਾਨ ਦਿੱਤਾ ਹੈ ਤੇ ਭਾਈ ਮਰਦਾਨਾ ਜੀ ਨੂੰ ਦੂਜਾ:

ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।[1]

ਇਸ ਮਹਾਂਪੁਰਸ਼ ਨੂੰ ਜੀਵਨ ਭਰ ਗੁਰੂ ਨਾਨਕ ਦੇਵ ਜੀ ਦੀ ਨਿਕਟਤਾ ਪ੍ਰਾਪਤ ਹੋਈ। ਜੇ ਇਹ ਵੀ ਕਹਿ ਲਈਏ ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਸਦਾ ਆਪਣੇ ਅੰਗ ਸੰਗ ਰਖਿਆ ਤਾਂ ਕੋਈ ਅਤਿਕਥਨੀ ਨਹੀਂ। ਕੁਝ ਇਤਿਹਾਸਕਾਰਾਂ ਨੇ ਭਾਈ ਮਰਦਾਨੇ ਬਾਰੇ ਜਾਣਕਾਰੀ ਦੇਣ ਤੋਂ ਹਿਚਕਿਚਾਹਟ ਹੀ ਵਰਤੀ ਹੈ। ਜਿਹੜੀ ਸਮੱਗਰੀ ਉਪਲੱਬਧ ਹੈ, ਉਹ ਭੁਲੇਖਾ-ਪਾਊ ਅਤੇ ਅਧੂਰੀ ਤਾਂ ਹੈ ਹੀ, ਇਹ ਭਾਈ ਮਰਦਾਨੇ ਦੀ ਸ਼ਖ਼ਸੀਅਤ ਨਾਲ ਨਿਆਂ ਕਰਨ ਵਿਚ ਵੀ ਅਸਮਰਥ ਹੈ?

ਭਾਈ ਮਰਦਾਨੇ ਦੇ ਜੀਵਨ ਬਾਰੇ ਠੋਸ ਸਮੱਗਰੀ ਪ੍ਰਾਪਤ ਨਾ ਹੋਣ ਕਰਕੇ ਭਾਈ ਮਰਦਾਨਾ ਜੀ ਬਾਰੇ ਬਹੁਤ ਕੁਝ ਲਿਖਣਾ ਅਸੰਭਵ ਹੀ ਹੈ। ਫਿਰ ਵੀਂ ਅਸੀਂ ਭਾਈ ਮਰਦਾਨਾ ਜੀ ਦੇ ਜੀਵਨ ਅਤੇ ਸ਼ਖ਼ਸੀਅਤ ਸਬੰਧੀ ਇਉਂ ਵਿਚਾਰ ਕਰ ਸਕਦੇ ਹਾਂ:

ਭਾਈ ਮਰਦਾਨਾ ਜੀ ਸਿੱਖ ਕਰੋਨੋਲਾਜੀ ਵਿਚ ਸਭ ਤੋਂ ਪਹਿਲਾਂ ਆਉਂਦੇ ਹਨ। ਆਪ ਜੀ ਦਾ ਜਨਮ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਲਗਭਗ ੧੦ ਸਾਲ ਪਹਿਲਾਂ, ਫੱਗਣ ਸੰਮਤ ੧੫੧੬ (ਸੰਨ ੧੪੫੯ਈ:) ਨੂੰ ਰਾਇ ਭੋਇ ਦੀ ਤਲਵੰਡੀ (ਜ਼ਿਲ੍ਹਾ ਸ਼ੇਖ਼ੂਪੁਰਾ) ਵਿਚ ਹੋਇਆ। ਆਪ ਜੀ ਦੀ ਮਾਤਾ ਦਾ ਨਾਂ ਬੀਬੀ ਲੱਖੋ ਅਤੇ ਪਿਤਾ ਦਾ ਨਾਂ ਬਾਦਰ ਸੀ, ਜੋ ਜਾਤ ਦਾ ਮਿਰਾਸੀ ਸੀ। ਆਪ ਜੀ ਆਪਣੇ ਮਾਤਾ-ਪਿਤਾ ਦੀ ਸਤਵੀਂ ਸੰਤਾਨ ਸਨ। ਪਰ ਪਹਿਲੇ ੬ ਬੱਚੇ ਪੈਦਾ ਹੋ ਕੇ ਮਰ ਗਏ ਸਨ। ਇਕ ਵਿਚਾਰ ਅਨੁਸਾਰ ਇਸੇ ਕਰਕੇ ਸੁਭਾਵਿਕ ਤੌਰ 'ਤੇ ਆਪ ਜੀ ਨੂੰ 'ਮਰ ਜਾਣਾ' ਕਿਹਾ ਜਾਂਦਾ ਸੀ। ਪਰੰਪਰਾ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪ ਜੀ ਦਾ ਨਾਂ ਮਰਦਾਨਾ ਭਾਵ 'ਮਰਦਾ ਨਾ' ਰਖਿਆ।[2] ਪਰ ਇਹ ਗੱਲ ਮੰਨਣ ਵਿਚ ਨਹੀਂ ਆ ਸਕਦੀ ਕਿਉਂ ਜੁ ਗੁਰੂ ਨਾਨਕ ਸਾਹਿਬ ਭਾਈ ਮਰਦਾਨੇ ਤੋਂ ੧੦ ਸਾਲ ਬਾਅਦ ਪੈਦਾ ਹੋਏ

ਸਨ। ਪ੍ਰਿੰਸੀਪਲ ਸਤਿਬੀਰ ਸਿੰਘ ਦਾ ਵਿਚਾਰ ਹੈ ਕਿ ਭਾਈ ਮਰਦਾਨੇ ਦਾ ਬਚਪਨ ਦਾ ਨਾਂ 'ਦਾਨਾ' ਸੀ ਅਤੇ ਗੁਰੂ ਨਾਨਕ ਸਾਹਿਬ ਨੇ ਉਸ ਦਾ ਨਾਂ 'ਮਰਦਾਨਾ' (ਮਰਦ ਦੇ ਅਰਥਾਂ ਵਿਚ) ਉਸ ਨੂੰ ਉੱਚਾ ਜੀਵਨ ਜੀਉਣ ਦੀ ਪ੍ਰੇਰਨਾ ਵਜੋਂ ਦਿੱਤਾ[1] ਅਸੀਂ ਇਸ ਮੱਤ ਨਾਲ ਸਹਿਮਤ ਹੋ ਸਕਦੇ ਹਾਂ।

ਭਾਈ ਮਰਦਾਨਾ ਜੀ ਅਤੇ ਗੁਰੂ ਨਾਨਕ ਦੇਵ ਜੀ ਇਕ ਹੀ ਪਿੰਡ ਵਿਚ ਰਹੇ ਹੋਣ ਕਰਕੇ ਬਚਪਨ ਤੋਂ ਹੀ ਇਕ ਦੂਜੇ ਦੇ ਮਿੱਤਰ ਸਨ।

ਭਾਈ ਮਰਦਾਨਾ ਜੀ ਮਿਰਾਸੀਆਂ ਦੀ ਰਬਾਬੀ ਭਾਈਚਾਰਕ ਸ਼੍ਰੇਣੀ ਨਾਲ ਸੰਬੰਧਤ ਹੋਣ ਕਰਕੇ, ਰਬਾਬ ਦੇ ਚੰਗੇ ਵਜੰਤ੍ਰੀ ਸਨ। ਇਹ ਕਲਾ ਉਨ੍ਹਾਂ ਨੂੰ ਵਿਰਾਸਤ ਵਿਚੋਂ ਹੀ ਮਿਲੀ ਸੀ। ਗੁਰੂ ਨਾਨਕ ਦੇਵ ਜੀ ਉਸ ਦੀ ਇਸ ਕਲਾ ਦੇ ਪ੍ਰਸ਼ੰਸਕ ਸਨ। ਇਸ ਕਾਰਨ ਵੀ ਦੋਹਾਂ ਦਾ ਪ੍ਰੇਮ ਸੀ।

ਇਹ ਵੀ ਸਪੱਸ਼ਟ ਹੈ ਕਿ ਭਾਈ ਮਰਦਾਨਾ ਜੀ ਸ਼ਾਦੀ-ਸ਼ੁਦਾ ਸਨ। ਪਰ ਇਹ ਸ਼ਾਦੀ ਕਦੋਂ ਅਤੇ ਕਿਸ ਨਾਲ ਹੋਈ, ਇਸ ਬਾਰੇ ਸਾਡੇ ਕੋਲ ਕੋਈ ਜਾਣਕਾਰੀ ਨਹੀਂ। ਉਨ੍ਹਾਂ ਦੀ ਘਟੋ-ਘੱਟ ਇਕ ਸੰਤਾਨ ਦਾ ਨਾਂ ਇਤਿਹਾਸ ਨੇ ਨਹੀਂ ਵਿਸਾਰਿਆ। ਉਨ੍ਹਾਂ ਦਾ ਸਪੁੱਤਰ ਭਾਈ ਸਜ਼ਾਦਾ, ਜੋ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਕਰਦਾ ਰਿਹਾ।

ਸੁਲਤਾਨਪੁਰ ਲੋਧੀ (ਕਪੂਰਥਲਾ) ਵਿਖੇ ਗੁਰੂ ਨਾਨਕ ਦੇਵ ਜੀ ਨੇ ਮੋਦੀ ਦੀ ਨੌਕਰੀ ਤਿਆਗ ਕੇ, ਜਗਤ ਜਲੰਦੇ ਨੂੰ ਤਾਰਨ ਅਤੇ ਠਾਰਨ ਲਈ ਮਨ ਬਣਾ ਲਿਆ। ਤਲਵੰਡੀ ਤੋਂ ਮਹਿਤਾ ਕਾਲੂ ਨੇ ਭਾਈ ਮਰਦਾਨੇ ਨੂੰ ਸੁਲਤਾਨਪੁਰ ਗੁਰੂ ਨਾਨਕ ਸਾਹਿਬ ਦੀ ਖਬਰ ਲੈਣ ਭੇਜਿਆ। ਪਰ ਮਰਦਾਨਾ ਜੀ, ਗੁਰੂ ਜੀ ਦੇ ਪ੍ਰੇਮ ਬੰਧਨ ਵਿਚ ਬੱਝ ਗਏ। ਗੁਰੂ ਨਾਨਕ ਜੀ ਨੇ ਭਾਈ ਮਰਦਾਨੇ ਜੀ ਤੋਂ ਉਨ੍ਹਾਂ ਦੀਆਂ ਸੇਵਾਵਾਂ ਮੰਗ ਲਈਆਂ। ਜਿਵੇਂ ਮਰਦਾਨੇ ਦੀਆਂ ਸੇਵਾਵਾਂ ਬਿਨਾਂ ਗੁਰੂ ਨਾਨਕ ਦੇਵ ਜੀ ਤੁਰਨਾ ਹੀ ਨਹੀਂ ਚਾਹੁੰਦੇ ਸਨ। ਇਧਰ ਬਾਣੀ ਆਉਂਦੀ, ਉਧਰ ਭਾਈ ਮਰਦਾਨੇ ਦੀ ਰਬਾਬ ਦੀਆਂ ਤਾਰਾਂ ਦੀ ਝੁਨ-ਝਨਾਹਟ ਸ਼ੁਰੂ ਹੋ ਜਾਂਦੀ। ਧੁਰ ਦਾ ਸ਼ਬਦ ਸੱਚਖੰਡ ਵਿਚੋਂ ਅਗੰਮੀ ਧੁਨੀ ਲਹਿਰਾਂ ਉਪਰ ਬਿਰਾਜਮਾਨ ਹੋ ਕੇ ਗੁਰੂ ਨਾਨਕ ਦੇਵ ਜੀ ਦੇ ਅਧਿਆਤਮ ਵਿਚ ਉਤਰਦਾ ਤਾਂ ਗੁਰੂ ਨਾਨਕ ਦੇਵ ਜੀ ਉਸ ਸ਼ਬਦ ਨੂੰ ਮੁੜ ਪ੍ਰਸਾਰਿਤ ਕਰਦੇ। ਇਹ ਪ੍ਰਸਾਰਣ ਮਰਦਾਨੇ ਦੀ ਰਬਾਬ ਰਾਹੀਂ ਹੁੰਦਾ ਜੋ ਅਗੰਮੀ ਧੁਨਾਂ ਦਾ ਦੁਨਿਆਵੀ ਧੁਨਾਂ ਵਿਚ ਰੂਪਾਂਤਰਣ ਕਰ ਦਿੰਦੀ।

ਭਾਈ ਮਰਦਾਨੇ ਨੇ ਗੁਰੂ ਜੀ ਤੋਂ ਫਕੀਰ ਬਣਨ ਦਾ ਕਾਰਨ ਪੁੱਛਿਆ-

ਤਾਂ ਗੁਰੂ ਬਾਬੇ ਨੇ ਕਿਹਾ "ਸੁਣ ਮਰਦਾਨਿਆਂ, ਅਸਾਂ ਤੈਨੂੰ ਤਾਰ ਗੁਣ ਦਿੱਤਾ ਸੀ। ਸੋ ਅਜ ਦਿਨ ਵਾਸਤੇ ਅਸੀਂ ਤੈਨੂੰ ਉਡੀਕਦੇ ਆਹੇ। ਆਉ ਭਲਾ ਕੀਤੋ।" ਗੁਰੂ ਜੀ ਨੇ ਉਸ ਨੂੰ ਸਪੱਸ਼ਟ ਕੀਤਾ "ਮਰਦਾਨਿਆਂ ਸਾਡੇ ਨਾਲ ਭੁਖ-ਨੰਗ ਹਈ। ਅਤੇ ਜੇ ਸੁਖ ਭੋਗ ਮੰਗੇ ਤਾਂ ਜਾਹਿ ਤਲਵੰਡੀ।" ਗੁਰੂ ਬਾਬੇ ਨੇ 'ਕਰਤਾਰਪੁਰ' ਆਸਣ ਜੋ ਲਾਉਣਾ ਸੀ। ਤਲਵੰਡੀ ਦਾ ਤਿਆਗ ਕੀਤੇ ਬਿਨਾਂ ਮਰਦਾਨਾ ਕਰਤਾਰਪੁਰ ਜਾ ਕਿਵੇਂ ਸਕਦਾ ਹੈ?

'ਤਲਵੰਡੀ' ਮੋਹ ਦਾ, ਪਰਿਵਾਰਿਕ ਚਿੰਤਾਵਾਂ ਦਾ ਅਤੇ ਸੁਆਰਥ ਦਾ ਪ੍ਰਤੀਕ ਹੈ ਪਰ 'ਕਰਤਾਰਪੁਰ' ਕਰਤੇ ਦਾ ਸਥਾਨ, ਪਰਉਪਕਾਰ, ਸੇਵਾ, ਸਿਮਰਨ ਅਤੇ ਆਨੰਦ ਦਾ ਪ੍ਰਤੀਕ ਹੈ। ਮਰਦਾਨੇ ਨੇ ਤਲਵੰਡੀ ਦਾ ਮੋਹ ਤਿਆਗ ਦਿੱਤਾ, ਕਹਿਣ ਲੱਗਾ, "ਜੀ ਮੈਨੂੰ ਜਾਣਾ ਹੁਣ ਅਉਖਾ ਹੋਇਆ। ਹੁਣ ਮੈਂ ਕਿਥੇ ਜਾਵਾਂ। ਮੈਨੂੰ ਤਾਂ ਤੁਸਾਂ ਜੇਹਾ ਸੰਸਾਰ 'ਤੇ ਨਜ਼ਰ ਨਹੀਂ ਆਂਵਦਾ।"[੪]

ਭਾਈ ਮਰਦਾਨਾ ਜੀ ਨੇ ਖੁਦ ਨੂੰ ਗੁਰੂ ਨਾਨਕ ਦੇਵ ਜੀ ਦੇ ਰੂਹਾਨੀ ਮਿਸ਼ਨ ਲਈ ਸਮਰਪਿਤ ਕਰ ਦਿੱਤਾ। **ਨਿਰਸੰਦੇਹ, ਉਹ ਪਹਿਲੇ ਮਹਾਂਪੁਰਸ਼ ਸਨ, ਜਿਨ੍ਹਾਂ ਖ਼ੁਦ ਨੂੰ ਸਿੱਖ ਮਤ ਲਈ ਸਮਰਪਿਤ ਕੀਤਾ।** ਭਾਈ ਮਰਦਾਨਾ ਜੀ ਦੀ ਦੂਰ-ਦ੍ਰਿਸ਼ਟੀ ਅਤੇ ਕਲਿਆਣਕਾਰੀ ਨਜ਼ਰ ਨੇ 'ਭੁੱਖ-ਨੰਗ' ਭਾਵ ਅਤਿ ਮੁਸ਼ਕਲ ਰਸਤੇ ਦੀ ਚੋਣ ਕੀਤੀ।

ਭਾਈ ਮਰਦਾਨਾ ਜੀ ਅਤਿ ਸਾਦਾ, ਪਵਿੱਤਰ, ਸੰਜੀਦਾ ਅਤੇ ਮਿਲਾਪੜੇ ਸੁਭਾਅ ਜਿਹੇ ਉਚ ਗੁਣਾਂ ਦਾ ਮੁਜੱਸਮਾ ਸਨ। ਭਾਈ ਮਰਦਾਨਾ ਜੀ ਬੱਚਿਆਂ ਵਾਂਗ ਜਿਦਾਂ ਕਰਦੇ ਅਤੇ ਉਹ ਮਨ ਦੀ ਗੱਲ ਨੂੰ ਕਦੇ ਛੁਪਾਉਂਦੇ ਨਾ। ਗੁਰੂ ਨਾਨਕ ਦੇਵ ਜੀ ਉਸ ਦੇ ਐਸੇ ਸੁਭਾਅ ਕਾਰਨ ਖਿਝਦੇ ਨਹੀਂ ਸਨ। ਉਹ ਉਸ ਨਾਲ ਹਮੇਸ਼ਾਂ ਪਿਆਰ ਤੇ ਨਿਮਰਤਾ ਨਾਲ ਪੇਸ਼ ਆਉਂਦੇ।

ਭਾਈ ਮਰਦਾਨਾ ਜੀ ਵਿਚ ਜਗਿਆਸੂ ਵਾਲੇ ਸਾਰੇ ਗੁਣ ਮੌਜੂਦ ਸਨ। ਇਸ ਕਰਕੇ ਉਹ ਸੰਭਾਵਿਤ ਸ਼ੰਕਿਆਂ ਅਤੇ ਪ੍ਰਸ਼ਨਾਂ ਦਾ ਹੱਲ ਗੁਰੂ ਬਾਬੇ ਤੋਂ ਕਰਵਾ ਲੈਂਦੇ ਸਨ। ਇਸ ਤਰ੍ਹਾਂ ਉਹ ਗੁਰੂ ਬਾਬੇ ਤੋਂ ਰਹੱਸ ਦੀਆਂ ਗੱਲਾਂ ਸਮਝ ਲੈਂਦੇ।

ਭਾਈ ਮਰਦਾਨੇ ਦੀ ਸ਼ਖ਼ਸੀਅਤ ਸਾਧਾਰਣ ਜਗਿਆਸੂ ਵਾਲੀ ਸੀ ਤਾਂ ਗੁਰੂ ਨਾਨਕ ਦੇਵ ਜੀ ਅਲੌਕਿਕ ਸ਼ਕਤੀਆਂ ਦੇ ਮਾਲਕ ਅਤੇ ਲੋਕ-ਪ੍ਰਲੋਕ ਦੇ ਜਾਣੂ ਸਨ। ਭਾਈ ਮਰਦਾਨਾ ਜੀ ਖੁਦ ਨਿਮਰਤਾ ਰੱਖਦਿਆਂ ਜਗਤ-ਗੁਰੂ ਦੀ ਦਿੱਬਤਾ ਨੂੰ ਪ੍ਰਗਟ ਕਰ ਦਿੰਦੇ। ਹਉਮੈ ਨਾ-ਮਾਤਰ ਵੀ ਆਪ ਵਿਚ ਨਹੀਂ ਸੀ।

ਭਾਈ ਮਰਦਾਨਾ ਜੀ ਨੂੰ ਇਹ ਅਹਿਸਾਸ ਸੀ ਕਿ ਜਿਸ ਮਹਾਂਪੁਰਸ਼ ਨਾਲ ਉਹ ਰਹਿ ਰਿਹਾ ਹੈ, ਉਹ ਕੋਈ ਸਾਧਾਰਨ ਪੁਰਸ਼ ਨਹੀਂ। ਉਹ ਹਰ ਸਮੇਂ ਗੁਰੂ ਬਾਬੇ ਦੇ ਹੁਕਮ ਵਿਚ ਰਹਿੰਦਾ। ਉਸ ਦਾ ਗੁਰੂ ਬਾਬੇ ਵਿਚ ਦ੍ਰਿੜ੍ਹ ਵਿਸ਼ਵਾਸ ਸੀ। ਇਨ੍ਹਾਂ ਸਭ ਗੁਣਾਂ ਕਰਕੇ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਖੁਦ ਤੋਂ ਕਦੇ ਵੱਖ ਨਾ ਕੀਤਾ। ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਉਪਰ ਅਪਾਰ ਬਖਸ਼ਿਸ਼ਾਂ ਕੀਤੀਆਂ?

ਗੁਰੂ ਆਖਿਆ, "ਮਰਦਾਨਿਆਂ ਤੂ ਨਿਹਾਲ ਹੋਆ। ਦੀਨ-ਦੁਨੀਆ ਭੀ।"

ਮਰਦਾਨਾ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਬਖਸ਼ਿਸ਼ ਸਦਕਾ ਅਗਮ ਨਿਗਮ ਦੀ ਸੋਝੀ ਹੋ ਚੁਕੀ ਸੀ।

ਇਕ ਹੋਰ ਮਾਣ ਭਾਈ ਮਰਦਾਨਾ ਜੀ ਨੂੰ ਅਜਿਹਾ ਮਿਲਿਆ ਜੋ ਬਾਅਦ ਦੇ ਕਿਸੇ ਹੋਰ ਸਿੱਖ ਨੂੰ ਪ੍ਰਾਪਤ ਨਹੀਂ ਹੋਇਆ। ਬਿਹਾਗੜੇ ਦੀ ਵਾਰ ਵਿਚਲੇ ਦੋ ਸਲੋਕ ਮਰਦਾਨਾ ਜੀ ਨੂੰ ਸਮਰਪਿਤ ਹਨ।[੫] ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਮਨ ਵਿਚ ਭਾਈ

ਮਰਦਾਨਾ ਜੀ ਲਈ ਕਿਤਨਾ ਪਿਆਰ ਸੀ।

ਜਨਮ-ਸਾਖੀਆਂ ਵਿਚ ਭਾਈ ਮਰਦਾਨਾ ਜੀ ਦਾ ਵਿਅਕਤੀਤਵ ਸਹਾਇਕ ਪਾਤਰ ਵਾਲਾ ਹੈ। ਸਹਾਇਕ ਪਾਤਰ ਵਜੋਂ ਉਹ ਨਾਇਕ ਗੁਰੂ ਨਾਨਕ ਸਾਹਿਬ ਤੋਂ ਕੁਝ ਅਖਵਾਉਣ ਲਈ ਪਲਾਟ ਤਿਆਰ ਕਰਦਾ ਹੈ।

ਉਸ ਦਾ ਭੁੱਖ ਨੂੰ ਜਰ ਨਾ ਸਕਣਾ, ਬਾਰ-ਬਾਰ ਘਰ ਜਾਣ ਲਈ ਕਹਿਣਾ, ਲਾਲਚੀ ਹੋਣਾ, ਡਰੂ ਹੋਣਾ, ਰੱਬੀ ਗਿਆਨ ਨੂੰ ਨਾ ਸਮਝਣਾ ਆਦਿ ਨਾਲ ਉਹ ਪ੍ਰਤੀਕਾਤਮਿਕ ਪਾਤਰ ਹੋ ਨਿਬੜਦਾ ਹੈ। ਇਹ ਸਾਰੇ ਲੱਛਣ ਉਸ ਮਨੁੱਖ ਦੇ ਹੀ ਹਨ, ਜੇਹੜਾ ਇਨ੍ਹਾਂ ਦੁਰਗੁਣਾਂ ਨੂੰ ਤਾਂ ਤਿਆਗਦਾ ਨਹੀਂ, ਪਰ ਪਰਮ ਸਤਿ ਦਾ ਅਭਿਲਾਸ਼ੀ ਹੈ। ਭਾਵ ਕਿ ਜਨਮ-ਸਾਖੀਆਂ ਵਾਲਾ ਮਰਦਾਨਾ, ਅਸਲ ਮਰਦਾਨੇ ਤੋਂ ਭਿੰਨ ਹੈ। ਸਾਖੀਕਾਰਾਂ ਨੇ ਮਰਦਾਨੇ ਦੇ ਪਾਤਰ ਨੂੰ ਸਾਖੀਆਂ ਵਿਚ ਇਕ ਪ੍ਰਤੀਕ ਵਜੋਂ ਵਰਤ ਲਿਆ ਹੈ। ਡਾਕਟਰ ਗੁਰਚਰਨ ਸਿੰਘ ਦਾ ਕਹਿਣਾ ਠੀਕ ਹੈ-

"ਇਸ ਪਾਤਰ ਨੂੰ ਲੇਖਕਾਂ ਨੇ ਗੁਰੂ ਨਾਨਕ ਸਾਹਿਬ ਦੀ ਦਿੱਬਤਾ ਦੇ ਵਿਰੋਧ ਵਿਚ ਲਿਆ ਕੇ ਨਾ ਕੇਵਲ ਗੁਰੂ ਨਾਨਕ ਦੀ ਦਿੱਬਤਾ ਨੂੰ ਹੀ ਵਧੇਰੇ ਤੀਖਣਤਾ ਵਿਚ ਮਰਦਾਨੇ ਦੀਆਂ ਨਿੱਕੀਆਂ-ਨਿੱਕੀਆਂ ਇਹ ਲੌਕਿਕ ਚਿੰਤਾਵਾਂ ਤੇ ਵਿਵਹਾਰ ਸਾਰੀ ਰਚਨਾ ਵਿਚ ਇਕ ਸੁਹਜ ਦਾ ਤੱਤ ਭਰ ਦਿੰਦਾ ਹੈ।"[੬]

ਭਾਈ ਮਰਦਾਨਾ ਜੀ ਦਾ ਦੇਹਾਂਤ ਕਦੋਂ ਅਤੇ ਕਿਥੇ ਹੋਇਆ, ਇਸ ਬਾਰੇ ਵੀ ਅੰਤਮ ਨਿਰਣੈ ਉਪਰ ਪਹੁੰਚ ਸਕਣਾ ਮੁਸ਼ਕਲ ਹੈ। ਭਾਈ ਕਾਨ੍ਹ ਸਿੰਘ ਨੇ ਆਪ ਜੀ ਦਾ ਦੇਹਾਂਤ ੧੩ ਮੱਘਰ ਸੰਮਤ ੧੫੯੧ ਨੂੰ ਅਫ਼ਗਾਨਿਸਤਾਨ ਦੇ ਦਰਿਆ ਕੁਰੱਮ ਦੇ ਕਿਨਾਰੇ ਹੋਣਾ ਦੱਸਿਆ ਹੈ, ਨਾਲ ਹੀ ਇਹ ਵੀ ਮੰਨਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਉਸ ਦਾ ਸਸਕਾਰ ਆਪ ਕੀਤਾ।[੭] ਇਸ ਕਥਨ ਨਾਲ ਸਹਿਮਤ ਹੋਣਾ ਇਸ ਕਰਕੇ ਮੁਸ਼ਕਿਲ ਹੈ ਕਿਉਂਕਿ ਸੰਮਤ ੧੫੯੧ ਵਿਚ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਸਨ, ਉਨ੍ਹਾਂ ਦਾ ਸਸਕਾਰ ਲਈ ਮੁੜ ਅਫਗਾਨਿਸਤਾਨ ਜਾਣ ਦਾ ਉਲੇਖ ਕਿਧਰੇ ਨਹੀਂ ਮਿਲਦਾ। ਦੂਜੇ ਪਾਸੇ ਕੁਝ ਇਤਿਹਾਸਕਾਰਾਂ ਨੇ ਭਾਈ ਮਰਦਾਨਾ ਜੀ ਦਾ ਦੇਹਾਂਤ ਕਰਤਾਰਪੁਰ ਵਿਖੇ, ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾਉਣ ਤੋਂ ੮ ਦਿਨ ਬਾਅਦ ਦੱਸਿਆ ਹੈ।

ਉਧਰ ਹਰੀ ਰਾਮ ਗੁਪਤਾ ਨੇ ਬਗਦਾਦ ਵਿਖੇ ਲੱਗੇ ਸ਼ਿਲਾਲੇਖ ਵਿਚਲੇ 'ਮੁਰਾਦ' ਨੂੰ ਮਰਦਾਨਾ ਦੱਸਦਿਆਂ ਲਿਖਿਆ ਹੈ ਕਿ ਮਰਦਾਨੇ ਦਾ ਦੇਹਾਂਤ ਬਗਦਾਦ ਫੇਰੀ ਸਮੇਂ ਹੋ ਗਿਆ।[੮]

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਭਾਈ ਮਰਦਾਨਾ ਜੀ ਉੱਚ ਅਧਿਆਤਮਿਕ ਗੁਣਾਂ ਵਾਲੇ ਮਹਾਂਪੁਰਸ਼ ਸਨ, ਪਰ ਜਨਮ ਸਾਖੀ ਸਾਹਿਤ ਵਿਚ ਭਾਈ ਮਰਦਾਨਾ ਜੀ ਦਾ ਜੋ ਵਿਅਕਤੀਤਵ ਸਾਨੂੰ ਮਿਲਦਾ ਹੈ, ਉਹ ਉਹਨਾਂ ਦੀ ਸ਼ਖ਼ਸੀਅਤ ਦੇ ਅਨੁਕੂਲ ਨਾ ਹੁੰਦਿਆਂ ਹੋਇਆਂ ਵੀ ਉਹਨਾਂ ਦੇ ਮਹੱਤਵ ਨੂੰ ਘਟ ਨਹੀਂ ਹੋਣ ਦਿੰਦਾ।

ਭਾਈ ਮਰਦਾਨਾ ਜੀ ਸਿੱਖ ਇਤਿਹਾਸ ਦੇ ਪਹਿਲੇ ਕੀਰਤਨੀਏ ਵੀ ਸਨ। ਭਾਈ ਮਰਦਾਨਾ ਜੀ ਦੀ ਰਬਾਬ ਅੱਜ ਵੀ ਕੀਰਤਨੀਆਂ ਲਈ ਪ੍ਰੇਰਨਾ ਦਾ ਸਰੋਤ ਹੈ। ਭਾਈ ਜੀ ਦੇ ਤਿਆਗ

ਅਤੇ ਨਿਸ਼ਕਾਮਤਾ-ਭਰੇ ਜੀਵਨ ਤੋਂ ਸਾਡੇ ਕੀਰਤਨੀ ਅਤੇ ਸਿੱਖ ਵੱਡੀ ਸਿਖਿਆ ਗ੍ਰਹਿਣ ਕਰ ਸਕਦੇ ਹਨ।

❋❋❋

ਹਵਾਲੇ

੧. ਭਾਈ ਗੁਰਦਾਸ ੧: ੩੫

੨. ਸ਼ਮਸ਼ੇਰ ਸਿੰਘ ਅਸ਼ੋਕ: 'ਮਿਰਾਸੀਆਂ ਦਾ ਪਿਛੋਕੜ ਅਤੇ ਭਾਈ ਮਰਦਾਨਾ', ਪੰਨਾ ੨੦।

੩. ਪ੍ਰਿੰ: ਸਤਿਬੀਰ ਸਿੰਘ: 'ਪੁਰਾਤਨ ਇਤਿਹਾਸਕ ਜੀਵਨੀਆਂ', ਪੰਨਾ ੬।

੪. ਸੁਰਿੰਦਰ ਸਿੰਘ ਕੋਹਲੀ (ਸੰਪਾ:) 'ਜਨਮ ਸਾਖੀ ਭਾਈ ਬਾਲਾ', ਪੰਨਾ ੯੧-੯੨

੫. ਕੁਝ ਵਿਦਵਾਨਾਂ ਨੇ ਇਨ੍ਹਾਂ ਸਲੋਕਾਂ ਨੂੰ ਭਾਈ ਮਰਦਾਨੇ ਦੀ ਰਚਨਾ ਦੱਸਿਆ ਹੈ। ਪਰ ਸਲੋਕਾਂ ਉਪਰਲਾ ਸਿਰਲੇਖ 'ਸਲੋਕ ਮਹਲਾ ੧' ਵਿਚਲਾ ਮਹਲਾ ੧ ਇਹ ਸੁਝਾਉਂਦਾ ਹੈ ਕਿ ਇਹ ਸਲੋਕ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ। ਡਾ: ਪਿਆਰ ਸਿੰਘ (ਸੰਪਾ): ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ ੪੯

੬. ਡਾ: ਗੁਰਚਰਨ ਸਿੰਘ, ਮੱਧਕਾਲੀਨ ਪੰਜਾਬੀ ਵਾਰਤਕ, ਪੰਨਾ ੬

੭. 'ਮਹਾਨ ਕੋਸ਼', ਪੰਨਾ ੯੫੪

੮. ਹਰੀ ਰਾਮ ਗੁਪਤਾ, ਹਿਸਟਰੀ ਆਫ ਦਾ ਸਿੱਖਸ, ਪੰਨਾ ੬੯

ਬੇਬੇ ਨਾਨਕੀ ਜੀ

ਬੇਬੇ ਨਾਨਕੀ ਕੇਵਲ ਗੁਰੂ ਨਾਨਕ ਸਾਹਿਬ ਦੀ ਵੱਡੀ ਭੈਣ ਹੀ ਨਹੀਂ ਸੀ, ਸਗੋਂ ਗੁਰੂ ਨਾਨਕ ਦੇਵ ਜੀ 'ਤੇ ਵਿਸ਼ਵਾਸ ਲਿਆਉਣ ਅਤੇ ਉਹਨਾਂ ਦੇ ਧਰਮ ਨੂੰ ਸਭ ਤੋਂ ਪਹਿਲੇ ਧਾਰਣ ਕਰਨ ਵਾਲੀ ਵੀ ਬੇਬੇ ਨਾਨਕੀ ਹੀ ਸੀ। ਬੇਬੇ ਨਾਨਕੀ ਦਾ ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਅਤਿ ਨਿਕਟਤਾ ਵਾਲਾ ਸਬੰਧ ਰਿਹਾ। ਉਹ ਕੇਵਲ ਉਹਨਾਂ ਦੇ ਭੈਣ ਜੀ ਹੀ ਨਹੀਂ ਸਨ, ਸਗੋਂ ਉਹਨਾਂ ਦੇ ਸਲਾਹਕਾਰ, ਪਾਲਣ-ਪੋਸਣ ਕਰਨ, ਵਾਲੇ ਮਾਤਾ ਸਮਾਨ, ਵੀਰ ਨਾਨਕ ਦੇ ਦਿਲ ਦੀਆਂ ਜਾਨਣ ਵਾਲੇ, ਉਸ ਦੇ ਦੁਖਾਂ-ਸੁਖਾਂ ਦੇ ਭਾਈਵਾਲ ਅਤੇ ਵੀਰ ਦੀ ਗੈਰ-ਹਾਜ਼ਰੀ ਵਿਚ ਉਸ ਦੇ ਪਰਿਵਾਰ ਦੀ ਸਾਂਭ-ਸੰਭਾਲ ਕਰਨ ਵਾਲੇ ਵੀ ਸਨ। ਬੇਬੇ ਨਾਨਕੀ ਦਾ ਸਿੱਖ-ਇਤਿਹਾਸ ਵਿਚ ਸਰੇਸ਼ਠ ਸਥਾਨ ਹੈ।

ਬੇਬੇ ਨਾਨਕੀ ਜੀ ਦੇ ਪਿਤਾ ਦਾ ਨਾਮ ਮਹਿਤਾ ਕਲਿਆਣ ਦਾਸ (ਕਾਲੂ ਜੀ) ਤੇ ਮਾਤਾ ਜੀ ਦਾ ਨਾਮ ਤ੍ਰਿਪਤਾ ਜੀ ਸੀ। ਮਾਤਾ ਤ੍ਰਿਪਤਾ ਜੀ ਦਾ ਪੇਕਾ ਪਿੰਡ ਚਾਹਲ, ਤਹਿਸੀਲ-ਜ਼ਿਲ੍ਹਾ ਲਾਹੌਰ ਸੀ ਜਦੋਂ ਕਿ ਮਹਿਤਾ ਕਲਿਆਣ ਦਾਸ ਦਾ ਜੱਦੀ ਪਿੰਡ ਡੇਹਰਾ ਜਾਮਾ ਰਾਏ ਤਹਿਸੀਲ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ ਸੀ। ਕਲਿਆਣ ਦਾਸ ਦੇ ਪਿਤਾ ਸ਼ਿਵ ਰਾਮ ਜੀ ਇਸ ਪਿੰਡ ਦੇ ਵਸਨੀਕ ਸਨ, ਪਰ ਕਲਿਆਣ ਦਾਸ ਜੀ ਮਹਿਕਮਾ ਮਾਲ ਵਿਚ ਪਟਵਾਰੀ ਲੱਗ ਕੇ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜ਼ਿਲ੍ਹਾ ਸ਼ੇਖੂਪੁਰੇ ਵਿਚ ਆ ਗਏ ਤੇ ਰਾਏ ਬੁਲਾਰ ਪਾਸ ਨੌਕਰੀ ਕਰਦੇ ਰਹੇ। ਉਹਨਾਂ ਦੇ ਛੋਟੇ ਭਰਾ ਲਾਲ ਚੰਦ ਆਪਣੇ ਜੱਦੀ ਪਿੰਡ ਜਾਮਾ ਰਾਏ ਹੀ ਰਹੇ। ਪੰਜਾਬ ਦੇ ਪਿੰਡਾਂ ਵਿਚ ਪੁਰਾਣਾ ਰਿਵਾਜ ਹੈ ਕਿ ਪਹਿਲੇ ਜਣੇਪੇ ਸਮੇਂ ਲੜਕੀ ਆਪਣੇ ਪੇਕੇ ਚਲੀ ਜਾਂਦੀ ਹੈ। ਇਸੇ ਤਰ੍ਹਾਂ ਆਪਣੇ ਪਹਿਲੇ ਬੱਚੇ ਸਮੇਂ ਬੀਬੀ ਤ੍ਰਿਪਤਾ ਜੀ ਆਪਣੇ ਪੇਕੇ ਪਿੰਡ 'ਚਾਹਲ' ਆਈ ਹੋਈ ਸੀ, ਜਿਥੇ ਸੰਮਤ ੧੫੨੧ ਮੁਤਾਬਕ ੧੪੬੪ ਈਸਵੀ ਨੂੰ ਉਸ ਦੇ ਘਰ ਇਕ ਬੱਚੀ ਨੇ ਜਨਮ ਲਿਆ। ਬੱਚੀ ਦਾ ਜਨਮ ਨਾਨਕੇ ਪਿੰਡ ਹੋਣ ਕਰਕੇ ਉਸ ਦਾ ਨਾਂ 'ਨਾਨਕੀ' ਪੈ ਗਿਆ। ਇਹੋ ਭਾਗਾਂ ਵਾਲੀ 'ਨਾਨਕੀ' ਸੀ ਜਿਸ ਨੇ ਘਰ ਦੇ ਸਾਰੇ ਜੀਆਂ ਦਾ ਪਿਆਰ ਮਾਣਿਆ। ਪਿਤਾ ਜੀ (ਮਹਿਤਾ ਕਲਿਆਣ ਦਾਸ) ਦਾ ਸੁਭਾਅ ਕੁਝ ਕਰੜਾ ਸੀ। ਇਸ ਗੱਲ ਨੂੰ ਜਾਣਦਿਆਂ ਹੋਇਆਂ ਬੇਬੇ ਨਾਨਕੀ ਦਾ ਚਾਚਾ ਮਹਿਤਾ ਲਾਲ ਚੰਦ ਆਪ ਬਾਲੜੀ ਨਾਨਕੀ ਦੇ ਚਾਅ ਮਲ੍ਹਾਰ ਕਰਨ ਲਈ ਰਾਇ ਭੋਇ ਕੀ ਤਲਵੰਡੀ ਆਇਆ, ਜਦੋਂ ਤ੍ਰਿਪਤਾ ਜੀ ਸਵਾ ਮਹੀਨੇ ਪਿਛੋਂ 'ਪਲੇਠੀ-ਜਾਈ' ਲੈ ਕੇ ਪੇਕਿਉਂ ਤਲਵੰਡੀ ਆ ਗਈ ਸੀ। ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਸਮੇਂ ਬੇਬੇ ਨਾਨਕੀ ਜੀ ਦੀ ਉਮਰ ਲਗ-ਭਗ ਪੰਜ ਸਾਲ ਸੀ।

ਕਰਤਾ 'ਮਹਾਨ ਕੋਸ਼' ਅਨੁਸਾਰ 'ਨਾਨਕ' ਦੇ ਅਰਥ ਹਨ, 'ਦਵੈਤ ਤੋਂ ਰਹਿਤ, ਅਦਵੈਤ ਰੂਪ'। ਜੇ ਨਾਨਕ ਨਾਮ ਦੀ ਆਪਣੀ ਵਿਲੱਖਣਤਾ ਹੈ ਤਾਂ 'ਨਾਨਕੀ' ਵੀ ਆਮ ਕੁੜੀਆਂ ਵਰਗੀ ਕੁੜੀ ਨਹੀਂ ਸੀ। ਉਹ ਬੜੇ ਗੰਭੀਰ ਸੁਭਾਅ ਦੀ ਸੀ। ਭਾਵੇਂ ਉਹ ਪੇਕੇ ਘਰ ਰਹੀ ਜਾਂ ਵਿਆਹ ਤੋਂ ਪਿਛੋਂ ਸੁਲਤਾਨਪੁਰ ਆਪਣੇ ਪਤੀ ਜੈ ਰਾਮ ਜੀ ਪਾਸ, ਉਸ ਨੇ ਆਪਣੇ ਫਰਜ਼ਾਂ ਦੀ ਪਾਲਣਾ ਬੜੇ ਸੋਹਣੇ ਢੰਗ ਨਾਲ ਕੀਤੀ। ਮਾਪਿਆਂ ਦੇ ਘਰ ਰਹਿ ਕੇ, ਵਿਆਹ ਤੋਂ ਪਹਿਲੋਂ ਉਸ ਨੇ ਆਪਣੇ ਸੋਹਣੇ ਵੀਰ ਦੇ ਬਚਪਨ ਦੇ ਕੌਤਕ ਵੇਖੇ। ਉਹ 'ਨਾਨਕ-ਵੀਰ' ਤੇ 'ਨਾਨਕ-ਗੁਰੂ' ਨੂੰ ਦਿਲ ਦੀਆਂ ਡੂੰਘਾਈਆਂ ਤੋਂ ਵੇਖ ਕੇ ਬਲਿਹਾਰ ਹੁੰਦੀ ਸੀ। ਉਹ ਆਪਣੇ ਨੂਰੀ-ਮੁਖੜੇ ਵਾਲੇ ਵੀਰੇ ਨੂੰ ਲਾਡ ਲਡਾਂਦੀ, ਕੁਛੜ ਚੁਕ ਕੇ ਖਡਾਂਦੀ, ਆਂਢ-ਗੁਆਂਢ ਵਿਚ ਲੈ ਲੈ ਜਾਂਦੀ। ਜਦੋਂ ਪਲ-ਛਿਨ ਲਈ ਵੀਰ ਨਾ ਦਿੱਸਦਾ ਤਾਂ ਤਰਲੋ-ਮੱਛੀ ਹੁੰਦੀ ਆਵਾਜ਼ਾਂ ਮਾਰਦੀ, 'ਵੀਰ ਨਾਨਕ, ਨਾਨਕ ਵੀਰ ਕਿਥੇ ਵੇਂ?' ਜਦੋਂ ਉਸ ਦਾ ਵੀਰ ਪਾਂਧੇ ਪਾਸ ਪੜ੍ਹਨ ਗਿਆ, ਜਦੋਂ ਵੀਰ ਨੇ ਮੱਝੀਆਂ ਚਾਰੀਆਂ, ਜਦੋਂ ਵੀਰ ਦੇ ਮੱਥੇ 'ਤੇ ਨਾਗ ਨੇ ਛਾਂ ਕੀਤੀ, ਜਦੋਂ ਨਾਨਕ ਵੀਰ ਨੇ ਪੈਲੀ ਬੀਜੀ, ਜਦੋਂ ਵੀਰ ਨਾਨਕ ਨੇ ਖਰਾ ਸੌਦਾ ਕੀਤਾ ਤਾਂ ਭੈਣ ਨਾਨਕੀ ਸਭ ਕਉਤਕ ਵੇਖਦੀ ਰਹਿੰਦੀ ਤੇ ਵੀਰ ਦੇ ਵਾਰਨੇ ਜਾਂਦੀ ਰਹਿੰਦੀ। ਅਸਲ ਵਿਚ ਭੈਣ ਨਾਨਕੀ ਦਾ ਲਾਡਲਾ ਵੀਰ, ਮਾਤਾ ਤ੍ਰਿਪਤਾ ਦਾ ਸੋਹਣਾ ਲਾਲ, ਵਿਹੜੇ ਦਾ ਸ਼ਿੰਗਾਰ ਸੀ। ਛੋਟੀ ਉਮਰ ਵਿਚ ਭੈਣ ਨਾਨਕੀ ਨੇ ਵੀਰ ਨਾਨਕ ਨੂੰ ਕੁੱਛੜ ਚੁੱਕ ਖਿਡਾਇਆ ਸੀ। ਉਹ ਵੀਰ ਦੇ ਸ਼ਗਨ-ਸੁਆਰਥ ਕਰਦੀ ਨਾ ਥੱਕਦੀ। ਜਦੋਂ ਉਸ ਦਾ ਵੀਰ ਉਸ ਦੇ ਕੁੱਛੜੋਂ ਉਤਰ ਕੇ ਵਿਹੜੇ ਵਿਚ ਤੁਰਦਾ-ਨਸਦਾ ਤਾਂ ਵੀਰ ਅੱਗੇ ਅੱਗੇ ਤੇ ਭੈਣ ਪਿਛੇ ਪਿਛੇ। ਭੈਣ ਜਾਣ ਕੇ ਵੀਰ ਨੂੰ ਨਾ ਫੜਦੀ, ਜਦੋਂ ਵੇਖਦੀ ਹੁਣ ਵੀਰ ਵੀ ਥੱਕ ਗਿਆ ਤਾਂ ਵੀਰ ਨੂੰ ਚੁੱਕ ਲੈਂਦੀ, ਲੇਟ ਕੇ ਉਸਨੂੰ ਛਾਤੀ 'ਤੇ ਪਾ ਲੈਂਦੀ ਤੇ ਲੋਰੀਆਂ ਦੇ ਦੇ ਕੇ ਸੁਆ ਦੇਂਦੀ।

"ਭਾਈ ਜੈ ਰਾਮ ਜੀ ਖਾਨਪੁਰ ਦੇ ਰਹਿਣ ਵਾਲੇ ਉੱਪਲ ਖੱਤਰੀ ਸਨ ਅਤੇ ਨਵਾਬ ਦੌਲਤ ਖਾਨ ਲੋਧੀ ਪਾਸ ਮਾਲ ਦੇ ਮਹਿਕਮੇ ਵਿਚ ਆਮਿਲ ਸਨ। ਬਾਬਾ ਕਾਲੂ ਜੀ ਤਲਵੰਡੀ ਦੇ ਪਟਵਾਰੀ ਸਨ। ਕਈ ਵਾਰੀ ਭਾਈ ਜੈ ਰਾਮ ਜੀ ਨੂੰ ਆਪਣੇ ਮਹਿਕਮੇ ਦੇ ਕੰਮ ਤਲਵੰਡੀ ਜਾਣਾ ਪੈਂਦਾ ਸੀ। ਇਕੋ ਮਹਿਕਮੇ ਦੇ ਹੋਣ ਕਰਕੇ ਦੋਹਾਂ ਦੀ ਸਾਂਝ ਬਣਦੀ ਗਈ ਤੇ ਆਖਰ ਬਾਬਾ ਕਾਲੂ ਜੀ ਨੇ ਆਪਣੀ ਲੜਕੀ ਦੀ ਸ਼ਾਦੀ ਉਨ੍ਹਾਂ ਨਾਲ ਕਰ ਦਿੱਤੀ।"

ਪੁਰਾਣੇ ਸਮਿਆਂ ਵਿਚ ਕੁੜੀਆਂ ਦਾ ਵਿਆਹ ਛੋਟੀ ਉਮਰ ਵਿਚ ਕਰਨ ਦਾ ਰਿਵਾਜ ਸੀ, ਜਦੋਂ ਯੋਗ ਬਰਸਰੇ ਰੋਜ਼ਗਾਰ ਸ਼ਰੀਫ ਮੁੰਡਾ ਬਾਬਾ ਕਾਲੂ ਜੀ ਦੀ ਨਜ਼ਰੇ ਚੜ੍ਹਿਆ, ਉਨ੍ਹਾਂ ਉਦੋਂ ਹੀ ਆਪਣੀ ਲਾਡਲੀ ਬੱਚੀ ਦਾ ਵਿਆਹ ਕਰ ਦਿੱਤਾ। ਇਕ ਅਨੁਮਾਨ ਅਨੁਸਾਰ ਉਦੋਂ ਬੇਬੇ ਨਾਨਕੀ ਦੀ ਉਮਰ ਗਿਆਰਾਂ ਸਾਲ ਦੀ ਸੀ। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਬੇਬੇ ਨਾਨਕੀ ਦਾ ਵਿਆਹ ਸੰਮਤ ੧੫੩੨ ਵਿਚ ਹੋਇਆ ਜਦੋਂ ਕਿ ਉਸ ਦਾ ਜਨਮ ੧੫੨੧ ਵਿਚ ਹੋਇਆ ਸੀ। ਵਿਆਹ ਤੋਂ ਕੁਝ ਚਿਰ ਪਿਛੋਂ ਰਾਇ ਬੁਲਾਰ ਤੇ ਬਾਬਾ ਕਾਲੂ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਭੈਣ ਨਾਨਕੀ ਕੋਲ ਸੁਲਤਾਨਪੁਰ ਭੇਜਿਆ। ਭੈਣ ਆਪਣੇ ਲਾਡਲੇ ਵੀਰ ਤੋਂ ਪਹਿਲੀ ਵਾਰ ਵਿਛੜੀ ਸੀ ਤੇ ਉਹ ਵੀਰ ਦੇ ਵਿਛੋੜੇ ਵਿਚ ਉਦਾਸ ਸੀ। ਵੈਸੇ ਵੀ ਕਿਸੇ ਨੂੰ ਭੇਜਣਾ ਤਾਂ ਹੈ ਹੀ ਸੀ, ਬੇਬੇ ਨਾਨਕੀ ਨੂੰ ਸੌਹਰਿਓਂ ਲੈਣ! ਸੋ ਸਲਾਹ ਕਰਕੇ ਨਾਨਕ ਦੇਵ ਜੀ ਨੂੰ

ਭੇਜਿਆ ਗਿਆ। ਲਾਡਲਾ ਵੀਰ ਪਿਆਰੀ ਭੈਣ ਨੂੰ ਲੈਣ ਬੜੇ ਚਾਅ ਨਾਲ ਗਿਆ। ਦੋਹਾਂ ਪਾਸੇ ਖਿੱਚਾਂ ਬਣੀਆਂ ਹੋਈਆਂ ਸਨ। ਭੈਣ ਦੇ ਚਾਅ ਦਾ ਤਾਂ ਕੋਈ ਅੰਤ ਹੀ ਨਹੀਂ ਸੀ। ਭੈਣ-ਭਰਾ ਧਾਹ ਕੇ ਮਿਲੇ। ਭੈਣ ਨੇ ਲਾਡਲੇ ਵੀਰ ਨੂੰ ਗਲਵਕੜੀ ਵਿਚ ਲਿਆ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਬੇਬੇ ਨਾਨਕੀ ਨੂੰ ਲੈ ਕੇ ਆ ਗਏ। ਕੁਝ ਮਹੀਨੇ ਬੇਬੇ ਨਾਨਕੀ ਪੇਕੇ ਟਿਕੀ। ਜਦੋਂ ਵੈਸਾਖ ਦੇ ਮਹੀਨੇ ਫੇਰ ਭਾਈਆ ਜੈ ਰਾਮ ਜ਼ਮੀਨਾਂ ਕੱਛਣ ਤਲਵੰਡੀ ਆਏ ਤਾਂ ਕੁਝ ਦਿਨ ਠਹਿਰ ਕੇ ਮੁਕਲਾਵਾ ਲੈ ਕੇ ਮੁੜ ਸੁਲਤਾਨਪੁਰ ਆ ਗਏ।

ਵੀਰ-ਭੈਣ ਦੀ ਦਿਲਾਂ ਦੀ ਤਾਰ ਤਾਂ ਸਾਂਝੀ ਸੀ ਪਰ ਸਰੀਰਕ ਤੌਰ 'ਤੇ ਕੁਝ ਚਿਰ ਲਈ ਫੇਰ ਵਿਛੋੜਾ ਹੋ ਗਿਆ। ਬੇਬੇ ਨਾਨਕੀ ਚਾਹੁੰਦੀ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਉਸ ਦਾ ਪਿਆਰਾ ਵੀਰ ਸਦਾ ਉਸ ਦੀਆਂ ਨਜ਼ਰਾਂ ਸਾਹਮਣੇ ਰਹੇ। ਅਸਲ ਵਿਚ ਭੈਣ-ਭਰਾ ਵਿਚ ਕੋਈ ਅਲਾਹੀ ਪਿਆਰ ਸੀ। ਬੇਬੇ ਨੇ ਇਸ ਜਜਬੇ ਦਾ ਪ੍ਰਗਟਾਵਾ ਆਪਣੇ ਭਰਤੇ ਭਾਈਆ ਜੈ ਰਾਮ ਪਾਸ ਕੀਤਾ। ਉਹ ਬੜਾ ਸਿਆਣਾ ਤੇ ਸੁਹਿਰਦ ਵਿਅਕਤੀ ਸੀ। ਉਸ ਨੇ ਸੋਚਿਆ ਕਿ ਜਦ ਤਕ ਨਾਨਕ ਇਕੱਲਾ ਹੈ ਉਸ ਦਾ ਭੈਣ ਦੇ ਘਰ ਰਹਿਣਾ ਦੁਨੀਆਂ ਦੀਆਂ ਨਜ਼ਰਾਂ ਵਿਚ ਚੰਗਾ ਨਹੀਂ ਲੱਗੇਗਾ। ਦੰਪਤੀ ਨੇ ਕਈ ਦਿਨ ਇਸ ਮਾਮਲੇ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਤੇ ਉਹ ਇਸ ਸਿੱਟੇ 'ਤੇ ਪੁੱਜੇ ਕਿ ਗੁਰੂ ਨਾਨਕ ਨੂੰ ਗ੍ਰਹਿਸਤੀ ਬਣਾਈਏ। ਤੇ ਫੇਰ ਉਸ ਨੂੰ ਆਪਣੇ ਕੋਲ ਸੁਲਤਾਨਪੁਰ ਹੀ ਕਿਸੇ ਕੰਮ-ਕਾਰ 'ਤੇ ਲਗਵਾਈਏ ਤਾਂਕਿ ਮਹਿਤਾ ਕਾਲੂ ਤੇ ਮਾਤਾ ਤ੍ਰਿਪਤਾ ਵੀ ਖੁਸ਼ ਹੋ ਜਾਣ ਤੇ ਭੈਣ-ਭਰਾ ਨੂੰ ਵੀ ਇਕ ਦੂਸਰੇ ਦੇ ਨਿਕਟ ਹੋ ਜਾਣ ਦਾ ਮੌਕਾ ਮਿਲ ਜਾਵੇ।

ਗਿਆਨੀ ਈਸ਼ਰ ਸਿੰਘ ਨਾਗ ਨੇ ਆਪਣੀ ਪੁਸਤਕ *ਇਤਿਹਾਸ ਬਾਬਾ ਸ੍ਰੀ ਚੰਦ* ਦੇ ਪੰਨਾ ੨੭੫ 'ਤੇ ਲਿਖਿਆ ਹੈ ਕਿ ਮਾਤਾ ਸੁਲੱਖਣੀ ਦਾ ਜਨਮ ੧੪ ਕਤਕ ਸੰਮਤ ੧੫੩੩ ਦਿਨ ਵੀਰਵਾਰ ਪਖੋਕੇ ਵਿਚ ਹੋਇਆ। ਆਪ ਦੇ ਪਿਤਾ ਦਾ ਨਾਮ ਸ੍ਰੀ ਮੂਲ ਚੰਦ ਸੀ। ਆਪ ਦੇ ਜਨਮ 'ਤੇ ਜਦੋਂ ਸ੍ਰੀ ਮੂਲ ਚੰਦ ਨੇ ਪੰਡਿਤ ਕੋਲੋਂ ਕੁੰਡਲੀ ਬਣਵਾਈ ਤਾਂ ਉਸ ਨੇ ਨਾਂ 'ਸ਼ੁਭ ਲੱਖਣੀ' ਤਜਵੀਜ਼ ਕੀਤਾ, ਜਿਹੜਾ ਬਾਅਦ ਵਿਚ ਸੁਲੱਖਣੀ ਕਰਕੇ ਪ੍ਰਸਿੱਧ ਹੋ ਗਿਆ।

ਪ੍ਰੋਫੈਸਰ ਸਾਹਿਬ ਸਿੰਘ ਨੇ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਦੀ ਕੁੜਮਾਈ ਸੰਮਤ ੧੫੪੨ ਵਿਚ ਹੋਈ ਪਰ *ਜਨਮ ਸਾਖੀ* ਅਨੁਸਾਰ ਕੁੜਮਾਈ ਸੰਮਤ ੧੫੪੪ ਮਿਤੀ ਮਾਘ ਵਦੀ ੫ ਨੂੰ ਮੂਲੇ ਚੋਣੇ ਰੰਧਾਵੇ ਦੇ ਘਰ ਹੋਈ। "ਜੈ ਰਾਮ ਤੇ ਬੇਬੇ ਨਾਨਕੀ ਮਹਿਤਾ ਕਾਲੂ ਤੇ ਅੰਮਾ ਬੀਬੀ ਨੂੰ ਖ਼ਬਰ ਅਤੇ ਵਧਾਈ ਦਿਵਾਇ ਭੇਜੀ"। ਇਸ ਤੋਂ ਇਹ ਗੱਲ ਭਲੀ ਭਾਂਤ ਸਿੱਧ ਹੋ ਜਾਂਦੀ ਹੈ ਕਿ ਬੇਬੇ ਨਾਨਕੀ ਤੇ ਭਾਈਆ ਜੈ ਰਾਮ ਨੇ ਗੁਰੂ ਨਾਨਕ ਸਾਹਿਬ ਨੂੰ ਗ੍ਰਹਿਸਤ ਵਿਚ ਪ੍ਰਵੇਸ਼ ਕਰਨ ਦਾ ਪ੍ਰਬੰਧ ਕੀਤਾ। ਸੰਮਤ ੧੫੪੫ ਹਾੜ ਸੁਦੀ ਸਤਵੀਂ ਦਾ ਸਾਹਾ ਲਿਖਿਆ ਆਇਆ। ਬੇਬੇ ਨਾਨਕੀ ਜੀ ਘਰ ਵਧਾਈ ਕੀਤੀ ਅਤੇ ਨਿਧੇ ਬ੍ਰਾਹਮਣ ਹੱਥ ਚਿੱਠੀ ਲਿਖ ਭੇਜੀ, ਰੰਗੁ ਨਾਲ ਛਿੜਕ ਕੇ ਪਤਾਸੇ ਅਤੇ ਲਾਚੀਦਾਨੇ ਅਤੇ ਪੰਜ ਰੁਪੈ ਰੋਕ ਤਲਵੰਡੀ ਕਾਲੂ ਦੇ ਘਰ ਭੇਜ ਦਿਤੇ। ਕਾਲੂ ਦੇ ਘਰ ਆਨੰਦ ਅਤੇ ਮੰਗਲਾਚਾਰ ਲਗੇ ਹੋਵਣ।

ਸਭ ਤੋਂ ਵਿਸ਼ੇਸ਼ ਗੱਲ ਜੋ ਗੁਰੂ ਨਾਨਕ ਸਾਹਿਬ ਤੇ ਬੇਬੇ ਨਾਨਕੀ ਦੇ ਆਪਸੀ ਸੰਬੰਧਾਂ 'ਤੇ ਚਾਨਣਾ ਪਾਉਣ ਵਾਲੀ ਹੈ ਉਹ ਇਹ ਹੈ ਕਿ ਗੁਰੂ ਨਾਨਕ ਸਾਹਿਬ ਵਿਆਹ ਕਰਵਾ ਕੇ ਡੋਲੀ

ਲੈ ਕੇ ਪਹਿਲਾਂ ਆਪਣੇ ਮਾਤਾ-ਪਿਤਾ ਪਾਸ ਤਲਵੰਡੀ ਨਹੀਂ ਗਏ ਸਗੋਂ ਸੁਲਤਾਨਪੁਰ ਆਪਣੇ ਭੈਣ-ਭਣਵਈਏ ਪਾਸ ਗਏ। *ਜਨਮ ਸਾਖੀ* ਦੇ ਕਹਿਣ ਅਨੁਸਾਰ "ਤ੍ਰੈ ਦਿਨ ਜੰਞ ਰਹੀ ਚੌਥੇ ਦਿਨ ਵਿਦਾ ਹੋਈ। ਡੋਲੀ ਲੈ ਕਰ ਸੁਲਤਾਨਪੁਰ ਆਏ। ਕਾਲੂ ਨੂੰ ਆਖਣ ਜੋ ਨੀਂਗਰ ਵਹੁਟੀ ਘਰ ਲੈ ਚਲਣਾ। ਅਤੇ ਗੁਰੂ ਨਾਨਕ ਜੀ ਕਹਯਾ ਏਥੇ ਹੀ ਰਹਿੰਦੇ ਹਾਂ ਅਤੇ ਨਾਨਕੀ ਤੇ ਜੈ ਰਾਮ ਭੀ ਆਖੇ ਏਥੇ ਹੀ ਰਹਣ ਕਿਉਂਕਿ ਮੋਦੀਖਾਨੇ ਦਾ ਵੀ ਕੰਮ ਹੈ ਪਿਛੈ ਕੌਣ ਚਲਾਵੇਗਾ। ਕਾਲੂ ਕਹਯਾ ਪੁੱਤ ਨਾਨਕੀ ਤੇਰੀ ਮਾਇ ਭੀ ਉਡੀਕਵਾਨ ਬੈਠੀ ਹੈ ਉਸ ਦੀ ਸਿਕ ਮੁਰਾਦ ਹੈ"।

(ਜਨਮਸਾਖੀ, ਪੰਨਾ ੪੬)

ਫੇਰ ਪਰਮਾ ਨੰਦ ਦੇ ਕਹਿਣ 'ਤੇ ਡੋਲੀ ਤਲਵੰਡੀ ਲੈ ਗਏ। ਗੁਰੂ ਨਾਨਕ ਸਾਹਿਬ ਲਗਪਗ ਇਕ ਮਹੀਨਾ ਤਲਵੰਡੀ ਰਹਿ ਕੇ ਜਦੋਂ ਵਾਪਸ ਸੁਲਤਾਨਪੁਰ ਆਏ ਤਾਂ ਜਨਮ ਸਾਖੀ ਵਾਲਾ ਲਿਖਦਾ ਹੈ-

"ਗੁਰੂ ਨਾਨਕ ਜੀ ਤਲਵੰਡੀਓਂ ਸੁਲਤਾਨਪੁਰ ਆਏ। ਆਇ ਨਾਨਕੀ ਭੈਣ ਨੂੰ ਅਤੇ ਜੈ ਰਾਮ ਨੂੰ ਮਿਲੇ। ਮਾਤਾ ਸੁਲੱਖਣੀ ਨਿਨਾਨ ਦੀ ਪੈਰੀ ਪੇਈ ਅਗੋਂ ਬੇਬੇ ਨਾਨਕੀ ਕਹਯਾ ਠੰਡੀ ਰਹੁ। ਮਾਤਾ ਚੋਣੀ (ਸੁਲੱਖਣੀ) ਦਾ ਮੱਥਾ ਚੁੰਮਿਆ ਗਲ ਨਾਲ ਲਾਇ ਕੇ ਪਾਸ ਲੈ ਬੈਠੀ ਅਗਲੇ ਦਿਨ ਗੁਰੂ ਨਾਨਕ ਜੀ ਮੋਦੀਖਾਨੇ ਆਇ ਬੈਠੇ।"

(ਜਨਮਸਾਖੀ ਪੰਨਾ ੪੭)

ਇਸ ਤੋਂ ਪਹਿਲਾਂ ਵੀ ਗੁਰੂ ਨਾਨਕ ਦੇਵ ਜੀ ਮੋਦੀ ਦਾ ਕੰਮ ਕਰ ਚੁਕੇ ਸਨ ਅਤੇ ਸੁਲਤਾਨਪੁਰ ਰਹਿ ਚੁਕੇ ਸਨ। ਫਰਕ ਸਿਰਫ ਇਤਨਾ ਸੀ ਕਿ ਉਦੋਂ ਬੀਬੀ ਸੁਲੱਖਣੀ ਉਨ੍ਹਾਂ ਦੇ ਨਾਲ ਨਹੀਂ ਸਨ, ਕਿਉਂਕਿ ਅਜੇ ਉਨ੍ਹਾਂ ਦੀ ਸ਼ਾਦੀ ਨਹੀਂ ਸੀ ਹੋਈ। ਭੈਣ ਨਾਨਕੀ ਨੇ ਉਨ੍ਹਾਂ ਦੇ ਕਾਰ ਵਿਹਾਰ ਦਾ ਪ੍ਰਬੰਧ ਕਰਕੇ ਉਨ੍ਹਾਂ ਨੂੰ ਆਪਣੇ ਪਾਸ ਸੁਲਤਾਨਪੁਰ ਹੀ ਸੱਦ ਲਿਆ ਸੀ।

ਜਨਮ ਸਾਖੀ ਅਨੁਸਾਰ "ਸੰਮਤ ੧੫੪੪ ਮਿਤੀ ਮੱਘਰ ਸੁਦੀ ਤਿੰਨ ਨੂੰ ਗੁਰੂ ਨਾਨਕ ਜੀ ਜੈ ਰਾਮ ਪਾਸ ਆ ਗਏ। ਤਲਵੰਡੀ ਤੋਂ ਚੱਲ ਕੇ ਪੰਜਵੇਂ ਦਿਨ ਸੁਲਤਾਨਪੁਰ ਪੁਜੇ। ਮੱਘਰ ਸੁਦੀ ਸਤਵੀਂ ਨੂੰ ਭੈਣ ਨਾਨਕੀ ਨੂੰ ਜਾ ਮਿਲੇ"। ਸਾਖੀਕਾਰ ਦੇ ਸ਼ਬਦਾਂ ਵਿਚ "ਬੇਬੇ ਨਾਨਕੀ ਗੁਰੂ ਨਾਨਕ ਜੀ ਨੂੰ ਦੇਖ ਕੇ ਪੈਰਾਂ ਉਪਰ ਢਹਿ ਪਈ ਪਰ ਗੁਰੂ ਨਾਨਕ ਜੀ ਕਹਯਾ-

"ਬੇਬੇ ਜੀ ਤੂੰ ਵੱਡੀ ਹੈਂ ਸਗੋਂ ਮੈਂ ਤੇਰੇ ਪੈਰਾਂ ਤੇ ਪਵਾਂ ਕਿ ਤੂੰ
ਮੇਰਿਆਂ ਪੈਰਾਂ ਤੇ ਪਵੇਂ।" ਫੇਰ ਨਾਨਕੀ ਜੀ ਕਹਯਾ-

"ਭਾਈ ਤੂੰ ਸੱਚ ਆਖਦਾ ਹੈਂ ਪਰ ਜੇ ਤੂੰ ਸਧਾਰਣ ਆਦਮੀ ਹੋਵੇਂ। ਤੂੰ ਤਾਂ ਮੈਨੂੰ ਪਰਮੇਸ਼ਰ ਨਜ਼ਰ ਆਂਵਦਾ ਹੈਂ।"

ਉਪਰਲੇ ਵਾਕ ਦੱਸਦੇ ਹਨ ਕਿ ਗੁਰੂ ਨਾਨਕ ਸਾਹਿਬ ਨੂੰ ਸਭ ਤੋਂ ਪਹਿਲੋਂ ਬੇਬੇ ਨਾਨਕੀ ਨੇ ਪਹਿਚਾਣਿਆ ਸੀ। ਉਹ ਦਿਲੋਂ ਉਸ ਨੂੰ ਪਰਮੇਸਰ ਦਾ ਰੂਪ ਮੰਨਦੇ ਸਨ।

ਬੇਬੇ ਨਾਨਕੀ ਦੀ ਗੱਲ ਸੁਣ ਕੇ ਜੋ ਉੱਤਰ ਗੁਰੂ ਨਾਨਕ ਸਾਹਿਬ ਨੇ ਦਿੱਤਾ ਉਹ ਉਨ੍ਹਾਂ ਦੇ ਸ਼ੁਭ ਵਿਚਾਰਾਂ ਦਾ ਪ੍ਰਤੀਬਿੰਬ ਹੈ। ਉਹ ਵਿਹਲੇ ਬਹਿ ਕੇ ਖਾਣ ਨਾਲੋਂ ਕਿਰਤ ਕਰ ਕੇ ਖਾਣ ਵਿਚ ਵਿਸ਼ਵਾਸ ਰੱਖਦੇ ਸਨ। ਸਿੱਖ ਧਰਮ ਦੇ ਮੁਢਲੇ ਅਸੂਲ ਜੋ ਗੁਰੂ ਸਾਹਿਬ ਨੇ ਮਿੱਥੇ, ਉਹ

ਸਨ, "ਕਿਰਤ ਕਰਨਾ, ਵੰਡ ਛਕਣਾ, ਨਾਮ ਜਪਣਾ।"

ਗੁਰੂ ਨਾਨਕ ਕਹਯਾ- "ਬੀਬੀ ਜੀ ਕਿਰਤ ਕਰ ਖਾਈਏ ਤਾਂ ਪਵਿਤ੍ਰ ਹੋਵੀਏ ਹੈ।"

(ਜਨਮ ਸਾਖੀ ਪੰਨਾ ੨੮)

ਇਹ ਗੱਲ ਸੁਣ ਕੇ ਬੇਬੇ ਨਾਨਕੀ ਨੇ ਆਪਣੇ ਪਤੀ ਸ੍ਰੀ ਜੈ ਰਾਮ ਜੀ ਨੂੰ ਆਖਿਆ-

"ਇਸ ਦੀ ਕਿਥਾਉ ਕਹਾਣੀ ਕਰੀਏ ਤਾਂ ਇਸ ਦਾ ਗ੍ਰਿਹਸਤ ਨਾਲ ਮੋਹ ਲੱਗੇ ਤਾਂ ਇਸ ਪਾਸੋਂ ਕਿਰਤ ਹੋਇ ਆਵੇ।"

"ਜੋ ਇਹ ਕਿਰਤ ਲੱਗੇ ਤਾਂ ਕਿਥਾਉ ਕਹਾਣੀ ਭੀ ਹੋਇ ਜਾਸੀ ਤੂੰ ਉਤਾਵਲੀ ਨਾ ਹੋਹੁ। ਪਰਮੇਸਰ ਨੂੰ ਚਿਤ ਕਰ।"

ਤਾਂ ਬੇਬੇ ਨਾਨਕੀ ਕਹਯਾ- "ਭਲਾ ਜੀ ਮੈਂ ਤੁਧ ਕੋਲੋਂ ਸਿਆਣੀ ਤਾਂ ਨਹੀਂ ਪਰ ਤੁਸਾਂ ਨੂੰ ਆਖ ਛਡਨਾ ਸੀ। ਜੈ ਰਾਮ ਮਘਰ ਸੁਦੀ ੧੪ ਨੂੰ ਮੋਦੀ ਖਾਨਾ ਦਵਾਇਆ।"

(ਜਨਮ ਸਾਖੀ ਪੰਨਾ ੨੮)

ਉਪਰਲੀ ਗੱਲ-ਬਾਤ ਤੋਂ ਸਪੱਸ਼ਟ ਹੁੰਦਾ ਹੈ ਕਿ ਬੇਬੇ ਨਾਨਕੀ ਜੀ ਆਪਣੇ ਵੀਰ ਗੁਰੂ ਨਾਨਕ ਦੇ ਕਾਰਜਾਂ ਵਿਚ ਕਿਤਨੀ ਦਿਲਚਸਪੀ ਲੈਂਦੀ ਸੀ। ਉਸ ਨੂੰ ਫਿਕਰ ਰਹਿੰਦਾ ਸੀ ਕਿ ਉਸ ਦੇ ਵੀਰ ਦਾ ਕਾਰ-ਵਿਹਾਰ ਹੋਵੇ ਤੇ ਉਸ ਦੀ ਸ਼ਾਦੀ ਹੋਵੇ ਅਤੇ ਉਸ ਦਾ ਘਰ-ਬਾਰ ਵੱਸੇ। ਮੋਦੀ ਖਾਨੇ ਦੀ ਨੌਕਰੀ ਵੀ ਗੁਰੂ ਸਾਹਿਬ ਨੂੰ ਭਾਈਆ ਜੈ ਰਾਮ ਦੀ ਕੋਸ਼ਿਸ਼, ਸਿਫਾਰਸ਼ ਤੇ ਜ਼ਿੰਮੇਵਾਰੀ 'ਤੇ ਮਿਲੀ ਸੀ।

ਮੋਦੀ ਖਾਨੇ ਵਿਚ ਮੋਦੀ ਲੱਗਣ 'ਤੇ ਉਥੇ ਕੀਤੇ ਕੌਤਕ ਵੀ ਗੁਰੂ ਨਾਨਕ ਜੀ ਦੇ ਜੀਵਨ ਦੇ ਵਿਸ਼ੇਸ਼ ਕਾਰਜ ਸਨ। ਗੁਰੂ ਨਾਨਕ ਸਾਹਿਬ ਦੇ ਮੋਦੀ ਲੱਗਣ ਤੋਂ ਕੁਝ ਚਿਰ ਪਿਛੋਂ ਹੀ ਚਰਚੇ ਸ਼ੁਰੂ ਹੋ ਗਏ ਕਿ ਗੁਰੂ ਨਾਨਕ ਸਰਕਾਰੀ ਮੋਦੀਖਾਨਾ ਲੁਟਾਈ ਜਾਂਦਾ ਹੈ। ਸ੍ਰੀ ਜੈ ਰਾਮ ਨੇ ਅਜਿਹੀਆਂ ਗੱਲਾਂ ਸੁਣੀਆਂ। ਫਿਕਰ-ਮੰਦ ਹੋਇਆ ਤੇ ਆਪਣੀ ਪਤਨੀ ਬੇਬੇ ਨਾਨਕੀ ਨਾਲ ਗੱਲਾਂ ਕਰਨ ਲੱਗਾ-

> ਮੋਦੀ-ਨਾਨਕ ਦੀਆਂ ਵਚਿੱਤਰ ਕਾਰਜ ਵਿਧੀਆਂ ਕਿ ਤੇਰਾਂ ਤੋਂ ਬਾਅਦ "ਤੇਰਾ ਹਾਂ, ਤੇਰਾ ਹਾਂ" ਆਖੀ ਜਾਂਦੈ ਤੇ ਤੋਲ ਤੋਲ ਭਰੀਆਂ ਪਾਈ ਜਾਂਦੈ— ਜੈ ਰਾਮ ਨੇ ਬੇਬੇ ਨਾਨਕੀ ਨੂੰ ਦੱਸੀਆਂ। ਪਰ ਬੇਬੇ ਨਾਨਕੀ ਨੂੰ ਤਾਂ ਆਪਣੇ ਵੀਰ ਉਤੇ ਪੂਰਨ ਭਰੋਸਾ ਸੀ। ਉਹ ਕਹਿਣ ਲੱਗੀ "ਜਿਥੋਂ ਤੋੜੀਂ ਸੰਸਾਰ ਦੀ ਮਾਯਾ ਹੈ ਸੋ ਸਭ ਗੁਰੂ ਨਾਨਕ ਜੀ ਦੇ ਹੱਥਾਂ ਵਿਚੋਂ ਨਿਕਲਦੀ ਹੈ ਪਰ ਭਲਾ ਜੀ ਤੁਸਾਡੇ ਜੀ ਵਿਚ ਵਰਤੀ ਹੈ, ਤੁਸੀਂ ਇਕ ਵਾਰੀ ਲੇਖਾ ਸਮਾਲੋ।"

ਜੈ ਰਾਮ ਕਹਯਾ, "ਮੈਂ ਨਹੀਂ ਸੰਭਾਲਦਾ ਜੇ ਤੁਸਾਂ ਨੂੰ ਪਰਤੀਤ ਹੈ ਤਾਂ ਮੈਂ ਕਿਆ ਕਰਣਾ ਹੈ। ਤਾਂ ਨਾਨਕੀ ਕਹਯਾ ਜੀ ਹੁਣ ਤੁਸੀਂ ਰਈ ਨਾ ਕਰੋ। ਹੁਣ ਗੁਰੂ ਨਾਨਕ ਜੀ ਨੂੰ ਮੈਂ ਸਦਵਾਂਵਦੀ ਹਾਂ।" ਬੀਬੀ ਨਾਨਕੀ ਨੇ ਤੁਲਸਾਂ ਦਾਸੀ ਨੂੰ ਭੇਜ ਕੇ ਗੁਰੂ ਨਾਨਕ ਜੀ ਨੂੰ ਸਦਵਾਇਆ ਤੇ ਮੋਦੀਖਾਨੇ ਦੀ ਗਲ ਤੋਰੀ ਤਾਂ ਗੁਰੂ ਜੀ ਨੇ ਕਿਹਾ, "ਹਿਸਾਬ ਕਿਤਾਬ ਵਿਚ ਕਿਸੇ ਦਾ ਕੋਈ ਲਿਹਾਜ਼ ਨਹੀਂ ਹੋਣਾ ਚਾਹੀਦਾ, ਇਹ ਲੇਖਾ ਹੋ ਹੀ ਜਾਣਾ ਚਾਹੀਦਾ ਹੈ।"

ਜਨਮ ਸਾਖੀ ਅਨੁਸਾਰ ਮੱਘਰ ਦੀ ਪੰਦਰਾਂ ਸੰਮਤ ੧੫੪੪ ਨੂੰ ਲੇਖਾ ਕੀਤਾ ਗਿਆ ਤਾਂ ੧੩੫ ਰੁਪਏ ਗੁਰੂ ਨਾਨਕ ਜੀ ਦੇ ਖਾਤੇ ਵਿਚ ਵੱਧ ਨਿਕਲੇ। ਭਾਵੇਂ ਗੱਲ ਗੁਰੂ ਸਾਹਿਬ ਦੇ ਹੱਕ ਵਿਚ ਗਈ ਪਰ ਉਨ੍ਹਾਂ ਮੋਦੀ ਖਾਨਾ ਛੱਡ ਦੇਣ ਦਾ ਫੈਸਲਾ ਕਰਦਿਆਂ ਕਿਹਾ-

"ਇਹ ਮੋਦੀਖਾਨਾ ਕਿਸੇ ਹੋਰਸ ਨੂੰ ਸਉਂਪਉ ਅਸਾਡਾ ਕਰਤਾਰ ਹੈ, ਤਾਂ ਜੈ ਰਾਮ ਪੈਰਾਂ 'ਤੇ ਢਹਿ ਪਿਆ ਤੇ ਬੇਬੇ ਨਾਨਕੀ ਕਹਿਣ ਲੱਗੀ-ਮੈਨੂੰ ਛੱਡ ਕੇ ਨਾ ਜਾਈਂ।"

(ਜਨਮ ਸਾਖੀ ਪੰਨਾ ੩੪-੩੫)

ਇਸ ਤੋਂ ਪਤਾ ਲਗਦਾ ਹੈ ਕਿ ਭਾਈਆ ਜੈ ਰਾਮ ਤੇ ਭੈਣ ਨਾਨਕੀ ਦਾ ਗੁਰੂ ਜੀ ਉਤੇ ਰੱਬ ਜਿੰਨਾ ਵਿਸ਼ਵਾਸ ਸੀ।

ਗੁਰੂ ਨਾਨਕ ਤਾਂ ਅਲਬੇਲੇ ਸਾਂਈਂ-ਲੋਕ ਸਨ। ਉਨ੍ਹਾਂ ਦਾ ਕੋਮਲ ਹਿਰਦਾ ਤਾਂ ਜਗਤ-ਜਲੰਦੇ ਨੂੰ ਠਾਰਣ ਲਈ ਸਦਾ ਤੜਪਦਾ ਰਹਿੰਦਾ ਸੀ। ਉਹ ਸਰਬ-ਸਾਂਝੀ ਮਨੁੱਖਤਾ ਦਾ ਉਧਾਰ ਕਰਨ ਲਈ ਕਲਜੁਗ ਵਿਚ ਆਏ ਸਨ। ਉਨ੍ਹਾਂ ਦੇ ਮਾਤਾ-ਪਿਤਾ ਉਸਨੂੰ ਆਪਣਾ ਪੁੱਤਰ ਹੀ ਸਮਝਦੇ ਸਨ ਤੇ ਇਸੇ ਤਰ੍ਹਾਂ ਸੱਸ-ਸਹੁਰਾ ਵੀ ਉਸ ਨੂੰ ਦੁਨਿਆਵੀ ਪੱਖੋਂ ਆਪਣਾ ਜੁਆਈ ਹੀ ਸਮਝਦੇ ਸਨ। ਇਹ ਤਾਂ ਭੈਣ ਨਾਨਕੀ ਤੇ ਜੀਜਾ ਜੈ ਰਾਮ ਹੀ ਸਨ ਜਿਨ੍ਹਾਂ ਨੇ ਗੁਰੂ ਨਾਨਕ ਦੇ ਅਸਲ ਸਰੂਪ ਨੂੰ ਪਹਿਚਾਣਿਆ ਸੀ।

ਇਕ ਦਿਨ ਗੁਰੂ ਨਾਨਕ ਦੇਵ ਜੀ ਭੈਣ ਨਾਨਕੀ ਦੇ ਘਰ ਮਿਲਣ ਗਏ ਤਾਂ ਬੇਬੇ ਨਾਨਕੀ ਨੇ ਕਿਹਾ:-

"ਅੱਜ ਤਾਂ ਪ੍ਰਮੇਸ਼ਰ ਨੇ ਸਾਡੇ 'ਤੇ ਬੜੀ ਕਿਰਪਾ ਕੀਤੀ ਹੈ ਜੋ ਤੁਸੀਂ ਦਰਸ਼ਨ ਦੇਣ ਆਏ ਹੋ।" ਤਾਂ ਅੱਗੋਂ ਜੋ ਗੱਲ-ਬਾਤ ਦੋਹਾਂ ਭੈਣ-ਭਰਾਵਾਂ ਵਿਚ ਹੋਈ, ਉਸ ਤੋਂ ਇਕ ਦੂਜੇ ਪ੍ਰਤੀ ਉਨ੍ਹਾਂ ਦਾ ਪਿਆਰ ਤੇ ਸਤਿਕਾਰ ਪ੍ਰਗਟ ਹੁੰਦਾ ਹੈ।

ਗੁਰੂ ਨਾਨਕ ਜੀ ਕਿਹਾ-

"ਬੇਬੇ ਜੀ ਤੂੰ ਸੱਚੀ ਹੈਂ ਪਰ ਇਹ ਪਰਮੇਸਰ ਨੇ ਤਧੁ ਨੂੰ ਬੁਝਾਈ ਹੈ, ਤੇਰੇ ਉਤੇ ਪਰਮੇਸਰ ਮਿਹਰਵਾਨ ਹੈ।"

ਬੇਬੇ ਨਾਨਕੀ ਜੀ ਕਹਿਯਾ:-

"ਭਾਈ ਜੀ! ਪਰਮੇਸਰ ਮੇਰੇ ਉਤੇ ਮਿਹਰਵਾਨ ਤਦ ਜਾਣਾਂਗੀ ਜਾਂ ਤੂੰ ਮੇਰਾ ਕਹਯਾ ਮੰਨੇਗਾ।"

ਗੁਰੂ ਨਾਨਕ ਜੀ ਕਹਯਾ:-

"ਆਖ ਬੇਬੇ, ਜੋ ਕੁਝ ਤੂੰ ਆਖੇਂਗੀ ਸੋ ਮੈਂ ਮੰਨਾਂਗਾ ਤੂੰ ਮੇਰੀ ਵੱਡੀ ਭੈਣੀ ਹੈਗੀ, ਤੇਰਾ ਮੇਰਾ ਪਿਛਲਾ ਸਾਕ ਭੈਣ ਭਰਾਉ ਦਾ ਆਹ, ਤੂੰ ਮੇਰੀ ਸੇਵਾ ਪਿਛੈ ਭੀ ਬਹੁਤ ਕੀਤੀ ਆਹੀ। ਤੇਰਾ ਭਾਰ ਮੇਰੇ ਸਿਰ 'ਤੇ ਹੈਗਾ। ਜੋ ਤੂੰ ਇਸ ਮੂੰਹੋਂ ਕਹੇਂਗੀ, ਸੋ ਮੈਂ ਮੰਨਾਂਗਾ।"

(ਜਨਮ ਸਾਖੀ ਪੰਨਾ ੫੧)

ਉਪਰਲੀ ਗੱਲ-ਬਾਤ ਵਿਚੋਂ ਗੁਰਮਤਿ ਦਾ ਮਹਾਨ ਸਿਧਾਂਤ ਉਘੜ ਕੇ ਸਾਹਮਣੇ ਆਉਂਦਾ ਹੈ ਕਿ "ਵੱਡਾ ਸੋ ਜੋ ਕਰਮਾਂ ਵਿਚ ਵੱਡਾ ਹੋਵੇ।" ਗੁਰਮਤਿ ਅਨੁਸਾਰ ਉਮਰ, ਰਿਸ਼ਤਾ

ਜਾਂ ਪਦਵੀ ਵੱਡੀ ਨਹੀਂ ਸਗੋਂ ਕਰਣੀ ਵੱਡੀ ਹੈ।

ਮਾਤਾ ਸੁਲੱਖਣੀ ਜੀ ਬਾਰਾਂ ਸਾਲ ਗੁਰੂ ਨਾਨਕ ਸਾਹਿਬ ਦੇ ਨਾਲ ਸੁਲਤਾਨਪੁਰ ਵਿਚ ਰਹੇ। ਬੇਬੇ ਨਾਨਕੀ ਜੀ ਹੀ ਉਨ੍ਹਾਂ ਕੋਲ ਵੱਡੇ ਸਨ। ਸੱਸ ਤੇ ਨਣਾਨ ਦੇ ਰੂਪ ਵਿਚ ਉਹ ਸਦਾ ਆਪਣੀ ਭਰਜਾਈ ਦੇ ਦੁੱਖ-ਸੁਖ ਦੇ ਭਾਈਵਾਲ ਬਣੇ ਰਹੇ। ਜਦੋਂ ਗੁਰੂ ਨਾਨਕ ਸਾਹਿਬ ਮੋਦੀਖਾਨੇ ਚਲੇ ਜਾਂਦੇ ਤੇ ਭਾਈਆ ਜੈ ਰਾਮ ਆਪਣੇ ਕੰਮ 'ਤੇ ਹੁੰਦੇ ਤਾਂ ਨਣਾਨ-ਭਰਜਾਈ ਰਲ ਬਹਿੰਦੀਆਂ ਤੇ ਗੱਲਾਂ-ਬਾਤਾਂ ਕਰਦੀਆਂ ਰਹਿੰਦੀਆਂ। ਬੇਬੇ ਨਾਨਕੀ ਨੇ ਭਰਜਾਈ ਨੂੰ ਵੀਰ-ਨਾਨਕ ਦੀਆਂ ਬੇਪ੍ਰਵਾਹੀਆਂ ਦੀਆਂ ਗੱਲਾਂ ਸੁਣਾਈਆਂ ਤੇ ਮੋਦੀ ਦਾ ਕਾਰਜ ਕਰਦਿਆਂ ਗਰੀਬਾਂ ਤੇ ਲੋੜਵੰਦਾਂ ਦੀ ਸਹਾਇਤਾ ਕਰਦਿਆਂ ਦੀਆਂ ਵਿਥਿਆਵਾਂ ਵੀ ਦੱਸੀਆਂ। ਉਥੇ ਹੀ ਮਾਤਾ ਸੁਲੱਖਣੀ ਜੀ ਦੇ ਘਰ ਦੋ ਸਾਹਿਬਜ਼ਾਦੇ ਪੈਦਾ ਹੋਏ-

ਆਮ ਤੌਰ 'ਤੇ ਇਹ ਦੋਵੇਂ ਸਾਹਿਬਜ਼ਾਦੇ ਆਪਣੇ ਭੂਆ ਬੇਬੇ ਨਾਨਕੀ ਜੀ ਪਾਸ ਚਲੇ ਜਾਂਦੇ ਸਨ, ਜਿਥੇ ਭੂਆ ਨਾਨਕੀ ਸਾਹਿਬਜ਼ਾਦਿਆਂ ਨਾਲ ਅਤੁੱਟ ਪਿਆਰ ਕਰਦੀ, ਉਨ੍ਹਾਂ ਨੂੰ ਵੇਖ ਵੇਖ ਜੀਉਂਦੀ। ਬੇਬੇ ਨਾਨਕੀ ਜੀ ਦੀ ਆਪਣੀ ਕੋਈ ਔਲਾਦ ਨਹੀਂ ਸੀ। ਗੁਰੂ ਨਾਨਕ ਸਾਹਿਬ ਨੇ ਸ੍ਰੀ ਚੰਦ ਨੂੰ ਬੇਬੇ ਨਾਨਕੀ ਦੀ ਝੋਲੀ ਪਾ ਕੇ ਕਿਹਾ, "ਬੇਬੇ ਜੀ, ਇਹ ਤੁਹਾਡਾ ਹੀ ਪੁੱਤਰ ਹੈ।"

ਸੁਲਤਾਨਪੁਰ ਲੋਧੀ ਨੂੰ ਗਿਆਰਵੀਂ ਸਦੀ ਵਿਚ ਸੁਲਤਾਨ ਖਾਨ ਲੋਧੀ ਨੇ ਵਸਾਇਆ ਸੀ। ਉਸ ਦੇ ਨਾਂ 'ਤੇ ਨਗਰ ਦਾ ਨਾਮ "ਸੁਲਤਾਨਪੁਰ ਲੋਧੀ" ਪ੍ਰਸਿੱਧ ਹੋਇਆ। ਇਸ ਨਗਰ ਵਿਚ ਜਿਥੇ ਬੇਬੇ ਨਾਨਕੀ ਦਾ ਰਿਹਾਇਸ਼ੀ ਘਰ ਸੀ, ਉਸ ਅਸਥਾਨ ਦਾ ਨਾਮ 'ਗੁਰੂ ਕਾ ਬਾਗ਼' ਹੈ। ਕਈ ਵਿਦਵਾਨਾਂ ਦੇ ਕਥਨ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਦੇ ਦੋਵੇਂ ਸਾਹਿਬਜ਼ਾਦੇ ਇਥੇ ਹੀ ਪੈਦਾ ਹੋਏ ਸਨ।

ਵੇਈਂ ਪ੍ਰਵੇਸ਼ ਸਮੇਂ-

ਸ੍ਰੀ ਗੁਰੂ ਨਾਨਕ ਸਾਹਿਬ ਦੀ ਵੱਡੀ ਭੈਣ ਬੇਬੇ ਨਾਨਕ ਜੀ ਤੋਂ ਸਿਵਾ ਸਭ ਨੂੰ ਇਹ ਖਿਆਲ ਬਣ ਗਿਆ ਕਿ ਉਹ ਹੜ੍ਹ ਵਿਚ ਰੁੜ੍ਹ ਗਏ ਹਨ ਜਾਂ ਡੁੱਬ ਗਏ ਹਨ।

ਜਦੋਂ ਗੁਰੂ ਸਾਹਿਬ ਸੰਸਾਰ ਦੇ ਕਲਿਆਣ ਹਿੱਤ ਉਦਾਸੀਆਂ 'ਤੇ ਨਿਕਲਣ ਲੱਗੇ ਤਾਂ ਬੇਬੇ ਨਾਨਕੀ ਵੈਰਾਗਵਾਨ ਹੋ ਕੇ ਕਹਿਣ ਲੱਗੀ-

"ਤੁਸੀਂ ਮੇਰੇ ਪਾਸ ਹੀ ਰਹੋ, ਬਾਹਰ ਨਾ ਜਾਉ।"

ਤਾਂ ਗੁਰੂ ਨਾਨਕ ਜੀ ਕਹਯਾ-

"ਬੇਬੇ ਜੀ, ਅਸੀਂ ਤੁਹਾਡੇ ਪਾਸ ਹੀ ਹਾਂ, ਜਿਤ ਵੇਲੇ ਤੁਸੀਂ ਯਾਦ ਕਰੋਗੇ ਤਿਤ ਵੇਲੇ ਹਾਜ਼ਰ ਹੀ ਰਹਾਂਗੇ।"

(ਜਨਮ ਸਾਖੀ,ਪੰਨਾ ੬੧)

ਜਨਮ ਸਾਖੀ ਦੀ ਇਕ ਟੂਕ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਸਾਹਿਬ ਭੈਣ ਨਾਨਕੀ ਨੂੰ 'ਬੇਬੇ' ਕਹਿੰਦੇ ਸਨ ਤੇ ਉਸ ਦਾ ਬੜਾ ਸਤਿਕਾਰ ਕਰਦੇ ਸਨ ਤੇ ਭੈਣ ਨਾਨਕੀ ਵੀਰ ਨਾਨਕ ਨੂੰ ਪਰਮੇਸਰ ਤੁਲ ਸਮਝ ਕੇ ਉਨ੍ਹਾਂ ਦਾ ਸਤਿਕਾਰ ਕਰਦੀ ਸੀ।

ਇਕ ਵਾਰੀ ਜਦੋਂ ਬੇਬੇ ਨਾਨਕੀ ਦੀ ਖਿੱਚ ਦੇ ਖਿੱਚੇ ਹੋਏ ਗੁਰੂ ਨਾਨਕ ਸਾਹਿਬ ਸੁਲਤਾਨਪੁਰ ਆਏ ਤਾਂ ਬੇਬੇ ਨਾਨਕੀ ਨੇ ਕਿਹਾ-

"ਮਾਤਾ ਪਿਤਾ ਜੀ ਦੇ ਦਿਲ ਵੀ ਬਹੁਤ ਤੜਪਦੇ ਹਨ। ਇਸੇ ਤਰ੍ਹਾਂ ਸੁਲੱਖਣੀ ਤੇ ਲਖਮੀ ਚੰਦ ਵੀ ਤੁਹਾਡੇ ਦਰਸ਼ਨਾਂ ਨੂੰ ਤਰਸਦੇ ਹਨ। ਉਨ੍ਹਾਂ ਨੂੰ ਵੀ ਦਰਸ਼ਨ ਦਿਉ।"

ਅੱਗੋਂ ਗੁਰੂ ਜੀ ਨੇ ਉੱਤਰ ਦਿੱਤਾ -

"ਬੇਬੇ ਜੀ ਅਜਿਹਾ ਸਮਾਂ ਛੇਤੀ ਹੀ ਆਉਣ ਵਾਲਾ ਹੈ। ਜ਼ਰੂਰ ਦਰਸ਼ਨ ਮੇਲੇ ਹੋਣਗੇ।"

ਸੰਮਤ ੧੫੭੫ ਦੇ ਸ਼ੁਰੂ ਵਿਚ ਪਹਿਲੋਂ ਭਾਈ ਜੈ ਰਾਮ ਤੇ ਕੁਝ ਦਿਨਾਂ ਪਿਛੋਂ ਬੇਬੇ ਨਾਨਕੀ ਜੀ ਚੜ੍ਹਾਈ ਕਰ ਗਏ। ਗੁਰੂ ਨਾਨਕ ਸਾਹਿਬ ਉਸ ਸਮੇਂ ਉਦਾਸੀ 'ਤੇ ਗਏ ਸਨ। ਉਨ੍ਹਾਂ ਦੋਹਾਂ ਦੀ ਅੰਤਿਮ-ਸੰਭਾਲ ਸ੍ਰੀ ਚੰਦ ਜੀ ਨੇ ਹੀ ਕੀਤੀ। ਮਾਤਾ ਸੁਲੱਖਣੀ ਜੀ ਨੇ ਭਾਵੇਂ ਉਸ ਤੋਂ ਪਿਛੋਂ ਵੀਹ ਸਾਲ ਦੀ ਹੋਰ ਆਯੂ ਭੋਗੀ ਤੇ ਉਹ ੨੪ ਮੱਘਰ ਸੰਮਤ ੧੫੯੬ ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਸਮਾਏ, ਪਰ ਜੋ ਧੀਰਜ, ਹੌਸਲਾ ਤੇ ਪਿਆਰ ਸਤਿਕਾਰ ਉਨ੍ਹਾਂ ਨੂੰ ਬੇਬੇ ਨਾਨਕੀ ਜੀ ਪਾਸੋਂ ਮਿਲਿਆ ਸੀ, ਉਸ ਨੂੰ ਉਹ ਆਪਣੇ ਅੰਤਲੇ ਸੁਆਸਾਂ ਤੱਕ ਨਾ ਭੁਲਾ ਸਕੇ।

ਬੇਬੇ ਨਾਨਕੀ ਸਿੱਖ ਇਤਿਹਾਸ ਦੀ ਉਹ ਸ਼ਖ਼ਸੀਅਤ ਹੋਈ ਹੈ, ਜਿਸ ਨੇ ਆਪਣੇ ਅੰਦਾਜ਼ ਵਿਚ ਸਿੱਖ ਧਰਮ ਦੇ ਪਰਚਾਰ ਵਿਚ ਆਪਣਾ ਉਹ ਯੋਗਦਾਨ ਪਾਇਆ ਜੋ ਕਿਸੇ ਕੀਮਤ 'ਤੇ ਭੁਲਾਇਆ ਜਾ ਸਕਣ ਵਾਲਾ ਨਹੀਂ। ਉਹ ਗੁਰੂ ਨਾਨਕ ਸਾਹਿਬ ਤੇ ਪਰਿਵਾਰ ਦੇ ਹੋਰ ਜੀਆਂ ਵਿਚਕਾਰ ਐਸੀ ਕੜੀ ਸੀ, ਜਿਸ ਨੇ ਪਰਿਵਾਰਕ ਸਬੰਧ ਖੁਸ਼ਗਵਾਰ ਬਨਾਣ ਵਿਚ ਸਦਾ ਸੂਝ ਤੇ ਸਿਆਣਪ ਤੋਂ ਕੰਮ ਲਿਆ। ਜੇ ਉਹ ਵੀਰ ਨਾਨਕ ਦੇ ਰਾਹ ਹਮਵਾਰ ਬਣਾਉਣ ਵਿਚ ਆਪਣਾ ਯੋਗਦਾਨ ਨਾ ਪਾਉਂਦੀ ਤਾਂ ਹੋ ਸਕਦਾ ਸੀ ਕਿ ਜਗਤ-ਜਲੰਦੇ ਦੇ ਕਲਿਆਣ ਲਈ ਘਰੋਂ ਨਿਕਲਣ ਵਾਸਤੇ ਬਾਬਾ ਨਾਨਕ ਜੀ ਦੇ ਰਸਤੇ ਵਿਚ ਕੁਝ ਔਕੜਾਂ ਆ ਖੜ੍ਹੀਆਂ ਹੁੰਦੀਆਂ ਤੇ ਉਹ ਕੁਝ ਸਮਾਂ ਹੋਰ ਆਪਣੇ ਮਿਸ਼ਨ 'ਤੇ ਨਾ ਨਿਕਲ ਸਕਦੇ।

ਭਾਈ ਲਾਲੋ ਜੀ

ਭਾਈ ਲਾਲੋ ਜੀ ਗੋਦੜੀ ਦੇ ਲਾਲ ਸਨ। ਉਨ੍ਹਾਂ ਦਾ ਸਿੱਖ ਧਰਮ ਵਿਚ ਬਹੁਤ ਉਚਾ ਅਸਥਾਨ ਹੈ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸਿੱਖਾਂ ਵਿਚੋਂ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਆਪ ਵਰਸੋਇਆ ਸੀ। ਭਾਈ ਲਾਲੋ ਜੀ ਧਰਮ ਦੀ ਕਿਰਤ ਕਰਦੇ ਸਨ ਅਤੇ ਰੁਖੀ-ਸੁਕੀ ਵਿਚ ਹੀ ਵਾਹਿਗੁਰੂ ਦਾ ਸ਼ੁਕਰ ਮਨਾਉਂਦੇ ਸਨ।

ਭਾਈ ਲਾਲੋ ਜੀ ਦੇ ਜੀਵਨ ਬਾਰੇ ਵਿਸ਼ੇਸ਼ ਜਾਣਕਾਰੀ ਨਹੀਂ ਮਿਲਦੀ। ਕੇਵਲ ਜਨਮ ਸਾਖੀ ਅਤੇ ਕੁਝ ਇਤਿਹਾਸਕ ਪੁਸਤਕਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਏਮਨਾਬਾਦ ਵਿਖੇ ਜਾਣ ਅਤੇ ਬਾਬਰ ਦੇ ਹਮਲੇ ਦੇ ਨਾਲ ਭਾਈ ਲਾਲੋ ਜੀ ਦਾ ਵੀ ਵਰਣਨ ਆਉਂਦਾ ਹੈ।

ਮਹਾਨ ਕੋਸ਼ ਵਿਚ ਭਾਈ ਲਾਲੋ ਬਾਰੇ ਅੰਕਤ ਹੈ ਕਿ 'ਸੈਦਪੁਰ (ਏਮਨਾਬਾਦ) ਨਿਵਾਸੀ ਘਟਾਉੜਾ ਜਾਤਿ ਦਾ ਇਕ ਪ੍ਰੇਮੀ ਤਰਖਾਣ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨਿੰਨ ਸਿੱਖ ਹੋਇਆ। ਗੁਰੂ ਜੀ ਇਸ ਦੇ ਘਰ ਬਹੁਤ ਚਿਰ ਬਿਰਾਜੇ ਸਨ, ਇਸੇ ਪ੍ਰੇਮੀ ਨੂੰ ਸੰਬੋਧਨ ਕਰਕੇ-

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ।। (ਪੰਨਾ-੭੨੨)

ਤਿਲੰਗ ਰਾਗ ਵਿਚ ਸ਼ਬਦ ਉਚਾਰਨ ਕੀਤਾ। ਭਾਈ ਲਾਲੋ ਦੇ ਕੋਈ ਪੁੱਤਰ ਨਹੀਂ ਸੀ ਹੋਇਆ। ਕੇਵਲ ਇਕ ਪੁੱਤਰੀ ਸੀ ਜਿਸ ਦੀ ਔਲਾਦ ਹੁਣ ਤਤਲਾ ਪਿੰਡ ਵਿਚ ਰਹਿੰਦੀ ਹੈ।[1]

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਆਪਣੀ ਪੁਸਤਕ ਬਲਿਉ ਚਰਾਗ ਵਿਚ ਲਿਖਦੇ ਹਨ ਕਿ "ਗੁਰੂ ਨਾਨਕ ਦੇਵ ਜੀ ਨੇ ਸੈਦਪੁਰ ਪੁਜ ਕੇ ਆਪਣਾ ਡੇਰਾ ਸ਼ਹਿਰ ਦੇ ਬਾਹਰ ਕੀਤਾ। ਉਹ ਸਾਰੀ ਧਰਤੀ ਰੋੜਾਂ ਵਾਲੀ ਸੀ ਤੇ ਬਾਬਾ ਜੀ ਦੇ ਪੁਜਣ ਨਾਲ ਪੂਜਣ ਯੋਗ ਹੋ ਗਈ। ਉਹ ਸ਼ਹਿਰ ਵਿਚ ਘਟਾਉੜਾ ਗੋਤ ਦਾ ਇਕ ਤਰਖਾਣ ਰਹਿੰਦਾ ਸੀ, ਜਿਸ ਦਾ ਪਾਵਨ ਨਾਮ ਭਾਈ ਲਾਲੋ ਸੀ। ਉਸ ਦੀ ਸਿਧੀ-ਸਾਦੀ ਸ਼ਖ਼ਸੀਅਤ ਨੇ ਗੁਰੂ ਨਾਨਕ ਨੂੰ ਖਿਚ ਲਇਆ। ਮਹਾਰਾਜ ਨੇ ਉਸ ਪਾਸ ਜਾ ਕੇ ਧੰਨ ਨਿਰੰਕਾਰ ਦੀ ਧੁਨੀ ਲਗਾਈ। ਮਿਲਦੇ ਸਾਰ ਜੋ ਵਾਰਤਾਲਾਪ ਹੋਇਆ ਉਹ ਸੁਣਨ ਨਾਲ ਸੰਬੰਧ ਰਖਦਾ ਹੈ:-

"ਭਾਈ ਲਾਲੋ!"

"ਜੀ ਮਹਾਰਾਜ।"

'ਭਾਈ ਲਾਲੋ ਕੀ ਪਿਆ ਕਰਨਾ ਹੈਂ?'

'ਜੀ, ਕਿੱਲੇ ਪਿਆ ਘੜਦਾ ਹਾਂ।'

"ਲਾਲੋ ਸਾਰੀ ਉਮਰ ਕਿੱਲੇ ਹੀ ਘੜਦਾ ਰਵੇਂਗਾ?"[2]

ਇਹ ਵਾਰਤਾਲਾਪ ਵਿਚ ਰਹੱਸਮਈ ਚਿਣਗ ਸੀ। ਇਕ ਫਿਕਰੇ ਨਾਲ ਹੀ ਭਾਈ ਲਾਲੋ ਦੀ ਕਾਇਆ ਕਲਪ ਹੋ ਗਈ। ਉਸ ਨੂੰ ਸੋਝੀ ਹੋ ਗਈ। ਇਹ ਇਕ ਉਦੇਸ਼ ਸੀ। ਉਸ ਦੀ ਆਤਮਾ ਨੂੰ ਹਲੂਣਾ ਸੀ। ਹਲੂਣਾ ਸੀ ਆਪਣੇ ਅੰਦਰ ਝਾਤੀ ਮਾਰਨ ਦਾ। ਜਲ ਰਹੀ ਲੋਕਾਈ ਨੂੰ ਨਾਮ ਦੇ ਛੱਟੇ ਮਾਰ ਕੇ ਸੀਤਲ ਕਰਨ ਦਾ। ਸਾਰੀ ਉਮਰ ਕਿਰਤ ਕਰ ਕੇ ਉਦਰ-ਪੂਰਨਾ ਤਾਂ ਹਰ ਕੋਈ ਕਰਦਾ ਹੈ। ਪ੍ਰੰਤੂ ਕਿਰਤ ਦੇ ਨਾਲ ਨਾਲ ਨਾਮ ਜਪਣਾ, ਵੰਡ ਛਕਣਾ ਅਤੇ ਸਾਧ ਸੰਗਤ ਦੀ ਸੇਵਾ ਕਰਨੀ ਕਿਸੇ ਭਾਗਾਂ ਵਾਲੇ ਦੇ ਹਿੱਸੇ ਹੀ ਆਉਂਦੀ ਹੈ। ਉਪਰੰਤ ਉਹੀ ਵਿਅਕਤੀ ਮਜ਼ਲੂਮ ਲਈ ਢਾਲ ਬਣਦਾ ਹੈ।

ਭਾਈ ਲਾਲੋ ਜੀ ਨੂੰ ਗੁਰੂ ਜੀ ਦੀ ਰਮਜ਼ ਦੀ ਸੋਝੀ ਆ ਗਈ। ਉਹ ਆਪ ਅਨੁਭਵੀ ਪੁਰਸ਼ ਸੀ। ਗੁਰੂ ਦੇ ਦਰਸ਼ਨਾਂ ਨੇ ਉਸ ਦੀ ਆਤਮਿਕ ਜੋਤ ਨੂੰ ਜਗਾ ਦਿੱਤਾ ਸੀ। ਜਦੋਂ ਗੁਰੂ ਕਿਰਪਾ ਨਾਲ ਕਿਸੇ ਵਿਅਕਤੀ ਦੀ ਆਤਮਾ ਜਾਗ ਪਏ ਤਾਂ ਉਹ ਹੋਰ ਕਈ ਆਤਮਾਵਾਂ ਨੂੰ ਜਗਾਉਣ ਦਾ ਸਾਧਨ ਬਣਦੀ ਹੈ।

ਗੁਰੂ ਨਾਨਕ ਸਾਹਿਬ ਸੈਦਪੁਰ ਵਿਖੇ ਇਕ ਖਾਸ ਮਿਸ਼ਨ ਨੂੰ ਲੈ ਕੇ ਆਏ ਸਨ। ਹਾਕਮ ਲੁਟ ਘਸੁਟ ਕਰ ਰਹੇ ਸਨ। ਗਰੀਬ ਜਨਤਾ ਨਿੱਤ ਨਵੀਆਂ ਵਗਾਰਾਂ ਅਤੇ ਜ਼ੁਲਮ ਦੀ ਚੱਕੀ ਵਿਚ ਪੀਸੀ ਜਾ ਰਹੀ ਸੀ। ਇਸ ਦੇ ਨਾਲ ਹੀ ਧਾਰਮਿਕ ਵਿਅਕਤੀ ਕਿਰਤੀ ਅਤੇ ਕਿਰਸਾਨਾਂ ਪਾਸੋਂ ਜ਼ਬਰੀ ਦਾਨ ਵਸੂਲ ਕਰਦੇ ਸਨ। ਗੁਰੂ ਨਾਨਕ ਦੇਵ ਜੀ ਦਾ ਮੁਖ ਕਰਤਬ ਜ਼ੁਲਮ ਵਿਰੁਧ ਅਵਾਜ਼ ਉਠਾਉਣਾ ਸੀ। ਸਾਰੇ ਦੇਸ਼ ਦੀ ਇਸ ਤਰ੍ਹਾਂ ਹੋ ਰਹੀ ਇਸ ਦੁਰਦਸ਼ਾ ਤੋਂ ਉਹ ਦੇਸ਼ ਵਾਸੀਆਂ ਨੂੰ ਬਚਾਉਣਾ ਚਾਹੁੰਦੇ ਸਨ। ਉਨ੍ਹਾਂ ਭਾਈ ਲਾਲੋ ਦੀ ਪਵਿੱਤਰ ਆਤਮਾ ਵਿਚ ਨਿਡਰਤਾ ਅਤੇ ਪਵਿੱਤਰਤਾ ਦੀ ਝਲਕ ਵੇਖੀ ਜਿਹੜੀ ਜ਼ੁਲਮ ਦਾ ਸਬਰ ਨਾਲ ਮੁਕਾਬਲਾ ਕਰ ਸਕਦੀ ਸੀ। ਭਾਈ ਲਾਲੋ ਦਾ ਘਰ ਧਰਮਸ਼ਾਲਾ ਬਣ ਗਿਆ। ਇਹ ਨਾਮ ਦਾਨ ਅਤੇ ਆਤਮ ਕਲਿਆਣ ਦਾ ਵੱਡਾ ਕੇਂਦਰ ਸੀ ਜਿਥੇ ਗੁਰੂ ਸਾਹਿਬ ਦੇ ਵੇਲੇ ਤੋਂ ਹੀ ਨਾਮ ਦਾਨ ਤੇ ਆਤਮਿਕ ਕਲਿਆਣ ਦੀ ਦਾਤ ਦਬੀ-ਕੁਚਲੀ ਜਨਤਾ ਨੂੰ ਬਖਸ਼ਿਸ਼ ਕੀਤੀ ਜਾਂਦੀ ਸੀ।

ਭਾਈ ਲਾਲੋ ਵਿਚ ਇਕ ਹੀਣ-ਭਾਵ ਸੀ। ਉਹ ਆਪਣੇ ਆਪ ਨੂੰ ਦੂਸਰਿਆਂ ਦੇ ਬਰਾਬਰ ਨਹੀਂ ਸੀ ਸਮਝਦਾ। ਗੁਰੂ ਨਾਨਕ ਦੇਵ ਜੀ ਨੇ ਉਸ ਦੇ ਘਰ ਰਹਿ ਕੇ ਜਾਤ-ਅਭਿਮਾਨੀਆਂ ਦੇ ਅਭਿਮਾਨ ਤੋੜਨੇ ਸਨ ਅਤੇ ਉਸ ਵਿਚੋਂ ਵੀ ਜਾਤ-ਪਾਤ ਦੇ ਭੇਦ ਨੂੰ ਕੱਢਣਾ ਸੀ।

ਇਤਿਹਾਸ ਵਿਚ ਹਵਾਲਾ ਮਿਲਦਾ ਹੈ ਕਿ ਭਾਈ ਲਾਲੋ ਨੇ ਗੁਰੂ ਸਾਹਿਬ ਦਾ ਪ੍ਰਸ਼ਾਦ ਤਿਆਰ ਕਰਨ ਅਤੇ ਛਕਣ ਲਈ ਵੱਖਰਾ ਚੌਂਕਾ ਤਿਆਰ ਕੀਤਾ ਅਤੇ ਗੁਰੂ ਜੀ ਨੂੰ ਉਥੇ ਪ੍ਰਸ਼ਾਦ ਛਕਣ ਲਈ ਬੇਨਤੀ ਕੀਤੀ।

ਗੁਰੂ ਜੀ ਨੇ ਉੱਤਰ ਦਿੱਤਾ, ਕਿ ਸਾਰੀ ਧਰਤੀ ਹੀ ਉਹਨਾਂ ਦਾ ਚੌਂਕਾ ਹੈ। ਜਿਹੜਾ ਵਿਅਕਤੀ ਸੱਚ ਨਾਲ ਪਿਆਰ ਕਰਦਾ ਹੈ ਉਹ ਸੁੱਚਾ ਹੈ। ਭਾਈ ਲਾਲੋ ਨੇ ਗੁਰੂ ਜੀ ਦੀ ਪਿਆਰ-ਭਾਵਨਾ ਨੂੰ ਅਨੁਭਵ ਕਰ ਲਿਆ। ਉਸ ਦੇ ਮਨ ਵਿਚੋਂ ਊਚ ਨੀਚ ਦਾ ਭੇਦ ਭਾਵ ਮਿਟ ਗਿਆ। ਗੁਰੂ ਸਾਹਿਬ ਨੇ ਸਾਰੀਆਂ ਜਾਤੀਆਂ ਨੂੰ ਉਸ ਦੇ ਘਰ ਰਹਿ ਕੇ ਉਪਦੇਸ਼ ਦਿੱਤਾ,

ਕਿ ਕੋਈ ਵੀ ਵਿਅਕਤੀ ਜਾਤ ਕਰਕੇ ਉੱਚਾ-ਨੀਵਾਂ ਨਹੀਂ। ਕਰਮ ਕਰਕੇ ਹੀ ਵਿਅਕਤੀ ਉੱਚਾ ਜਾਂ ਨੀਵਾਂ ਬਣਦਾ ਹੈ।

ਸੈਦਪੁਰ ਦਾ ਇੱਕ ਖੱਤਰੀ ਮਲਕ ਭਾਗੋ, ਜੇਹੜਾ ਏਮਨਾਬਾਦ ਦੇ ਹਾਕਮ ਦਾ ਅਹਿਲਕਾਰ ਸੀ, ਬ੍ਰਹਮ-ਭੋਜ ਕਰ ਰਿਹਾ ਸੀ। ਉਸ ਨੇ ਗੁਰੂ ਜੀ ਨੂੰ ਇਸ ਭੋਜ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ। ਗੁਰੂ ਜੀ ਮਲਕ ਭਾਗੋ ਵਲੋਂ ਜਨਤਾ ਨਾਲ ਕੀਤੀਆਂ ਜਾ ਰਹੀਆਂ ਸਾਰੀਆਂ ਵਧੀਕੀਆਂ ਨੂੰ ਦੇਖ ਤੇ ਸੁਣ ਰਹੇ ਸਨ। ਉਹਨਾਂ ਬ੍ਰਹਮ ਭੋਜ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਮਹਾਨ ਕੋਸ਼ ਵਿਚ ਇਸ ਘਟਨਾ ਦਾ ਵੇਰਵਾ ਇਸ ਪ੍ਰਕਾਰ ਅੰਕਿਤ ਹੈ।

"ਮਲਕ ਭਾਗੋ, ਇਹ ਖੱਤਰੀ ਸੈਦਪੁਰ (ਏਮਨਾਬਾਦ) ਦੇ ਹਾਕਿਮ ਜ਼ਾਲਿਮ ਖਾਨ ਦਾ ਅਹਿਲਕਾਰ, ਭਾਰੀ ਰਿਸ਼ਵਤ-ਖੋਰ ਸੀ, ਇਕ ਵਾਰ ਇਸ ਨੇ ਬ੍ਰਹਮ-ਭੋਜ ਕੀਤਾ। ਉਸ ਵੇਲੇ ਗੁਰੂ ਸਾਹਿਬ ਲਾਲੋ ਤਰਖਾਣ ਦੇ ਘਰ ਠਹਿਰੇ ਹੋਏ ਸਨ। ਜਦ ਸਤਿਗੁਰੂ ਜੀ ਇਸ ਦਾ ਨਿਉਂਦਾ ਨਾ ਮੰਨ ਕੇ ਭੋਜ ਨਾ ਕਰਨ ਗਏ ਤਦ ਇਸ ਨੇ ਆਪਣਾ ਅਪਮਾਨ ਸਮਝ ਕੇ ਗੁਰੂ ਜੀ ਨੂੰ ਹਕੂਮਤ ਨਾਲ ਤਲਬ ਕੀਤਾ। ਗੁਰੂ ਨੇ ਭਰੀ ਸਭਾ ਵਿਚ ਭਾਗੋ ਦਾ ਅੰਨ 'ਲਹੂ' ਅਤੇ ਲਾਲੋ ਦਾ 'ਦੁੱਧ' ਸਿੱਧ ਕਰਕੇ ਸ਼ੁਭ ਸਿਖਿਆ ਦਿੱਤੀ।"[3]

ਇਹ ਘਟਨਾ ਇਕ ਚਮਤਕਾਰ ਸੀ। ਗਰੀਬ ਜਨਤਾ ਨੂੰ ਹਾਕਮ ਸ਼੍ਰੇਣੀ ਦੇ ਜ਼ੁਲਮਾਂ ਤੋਂ ਰਾਹਤ ਦਿਵਾਉਣ, ਅਤੇ ਭਾਈ ਲਾਲੋ ਦੀ ਸੱਚੀ ਤੇ ਸੁੱਚੀ ਕਿਰਤ ਨੂੰ ਵਡਿਆਉਣ ਲਈ ਇਕ ਕ੍ਰਿਸ਼ਮਾ ਸੀ। ਰੱਬੀ ਸ਼ਕਤੀ ਦੀ ਇਹ ਮਹਾਨ ਜਿੱਤ ਸੀ।

ਮੁਗਲ ਮੀਰ ਦੇ ਇਰਾਦਿਆਂ ਬਾਰੇ ਉਨ੍ਹਾਂ ਨੂੰ ਜਾਣਕਾਰੀ ਮਿਲ ਚੁਕੀ ਸੀ। ਉਹ ਏਮਨਾਬਾਦ ਪੁਜ ਕੇ ਆਪਣੇ ਸਾਦਿਕ ਸੇਵਕ ਭਾਈ ਲਾਲੋ ਦੇ ਪ੍ਰੇਮ ਬੰਧਨਾਂ ਵਿਚ ਬੰਧੇ ਉਸ ਪਾਸ ਰਹਿ ਰਹੇ ਸਨ। ਉਨ੍ਹਾਂ ਦਾ ਮਾਨਵ ਦਰਦ ਨਾਲ ਭਰਿਆ ਮਨ ਸੈਦਪੁਰ ਦੀ ਕਤਲੇਆਮ ਕਰ ਕੇ ਵਹਿ ਤੁਰਿਆ। ਗੁਰੂ ਜੀ ਨੇ ਭਾਈ ਲਾਲੋ ਨੂੰ ਸੰਬੋਧਨ ਕਰਕੇ ਵਾਹਿਗੁਰੂ ਵਲੋਂ ਹੋ ਰਹੇ ਆਦੇਸ਼ ਦਾ ਗਾਇਨ ਕੀਤਾ। ਭਾਈ ਲਾਲੋ ਉਨ੍ਹਾਂ ਦੇ ਮਨ ਅੰਤਰ ਦੀ ਪੀੜਾ ਨੂੰ ਅਨੁਭਵ ਕਰਦਾ ਸੀ। ਕਿਸੇ ਅਤਿ ਪਿਆਰੇ ਨਾਲ ਹੀ ਆਪਣੇ ਮਨ ਦਾ ਦਰਦ ਸਾਂਝਿਆਂ ਕੀਤਾ ਜਾ ਸਕਦਾ ਹੈ।

ਸੈਦਪੁਰ ਦੀ ਕਤਲੇਆਮ ਦਾ ਦ੍ਰਿਸ਼ ਮਨ ਨੂੰ ਕੰਬਾ ਦੇਣ ਵਾਲਾ ਸੀ। ਇਹ ਉਥੋਂ ਦੀ ਜਨਤਾ ਉਤੇ ਕਹਿਰ ਵਾਪਰਿਆ ਸੀ। ਇਹ ਸਾਰੀ ਖੇਡ ਜਨਤਾ ਵਲੋਂ ਵਾਹਿਗੁਰੂ ਦਾ ਸਿਮਰਨ ਨਾ ਕਰਨ ਅਤੇ ਆਪਣੇ ਫਰਜ਼ਾਂ ਦੀ ਪਾਲਣਾ ਨਾ ਕਰਨ ਕਰਕੇ ਉਨ੍ਹਾਂ ਜ਼ੋਰ ਦੇ ਜ਼ੁਲਮ ਕਰਨ ਵਾਲਿਆਂ ਪ੍ਰਤੀ ਵਾਹਿਗੁਰੂ ਦੀ ਭਵਿੱਖਬਾਣੀ ਦੱਸੀ। ਇਕ ਜ਼ਾਲਮ ਨੂੰ ਮਾਰਨ ਲਈ ਉਸ ਤੋਂ ਤਗੜਾ ਵਾਹਿਗੁਰੂ ਵਲੋਂ ਭੇਜਿਆ ਜਾਵੇਗਾ। "**ਜੈਸੀ ਮੈ ਆਵੈ ਖਸਮ ਕੀ ਬਾਣੀ**" ਵਾਲੇ ਸ਼ਬਦ ਵਿਚ ਗੁਰੂ ਸਾਹਿਬ ਨੇ ਭਾਈ ਲਾਲੋ ਨੂੰ ਸਜੀਵ ਕਰ ਦਿੱਤਾ। ਇਹ ਭਾਈ ਲਾਲੋ ਲਈ ਪੂਰਨੇ ਸਨ। ਉਹ ਇਸ ਸ਼ਬਦ ਦੀ ਭਾਵਨਾ ਉਤੇ ਚਲ ਕੇ ਨਿਮਾਣੀ ਤੇ ਨਿਤਾਣੀ ਜਨਤਾ ਵਿਚ ਸਾਹਸ ਪੈਦਾ ਕਰਨ ਲਈ ਉਤੇਜਤ ਹੋਇਆ।

ਬਾਬਰ ਨੇ ਆਪਣੇ ਏਮਨਾਬਾਦ ਦੇ ਹੱਲੇ ਉਪਰੰਤ ਉਥੋਂ ਦੇ ਸਾਰੇ ਵਸਨੀਕਾਂ ਨੂੰ ਉਸ ਦਾ ਮੁਕਾਬਲਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ।

ਗੁਰੂ ਨਾਨਕ ਸਾਹਿਬ, ਭਾਈ ਮਰਦਾਨਾ ਜੀ ਅਤੇ ਭਾਈ ਲਾਲੋ ਜੀ ਬੰਦੀਖਾਨੇ ਵਿਚ ਵੀ ਵਾਹਿਗੁਰੂ ਦੀ ਉਸਤਤ ਗਾਇਨ ਕਰ ਰਹੇ ਸਨ ਅਤੇ ਜਨਤਾ ਦੇ ਜ਼ਖ਼ਮਾਂ ਉਤੇ ਨਾਮ ਬਾਣੀ ਨਾਲ ਮਲ੍ਹਮ ਪੱਟੀ ਕਰ ਰਹੇ ਸਨ। ਬੰਦੀਖਾਨੇ ਦੇ ਦੁੱਖ ਨਾਮ ਬਾਣੀ ਦੀ ਵਰਖਾ ਨਾਲ ਸਹਿਲ ਹੋ ਰਹੇ ਸਨ।

ਗੁਰੂ ਜੀ ਦੇ ਉਦੇਸ਼ ਇਹ ਅਨੁਭਵ ਕਰਵਾਉਣਾ ਸੀ ਕਿ ਜੇਕਰ ਆਪਣੇ ਆਪ ਨੂੰ ਇਸ ਸਥਿਤੀ ਦਾ ਮੁਕਾਬਲਾ ਕਰਨ ਲਈ ਤਿਆਰ ਕੀਤਾ ਜਾਂਦਾ ਤਾਂ ਇਹ ਘਟਨਾ ਕਦੀ ਵੀ ਨਾ ਵਾਪਰਦੀ।

ਪੁਰਾਤਨ ਜਨਮ ਸਾਖੀ ਵਿਚ ਅੰਕਤ ਹੈ ਕਿ ਬਾਬਰ ਨੂੰ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਥੀਆਂ ਦੀ ਅਲੌਕਿਕ ਰਹੱਸਮਈ ਦਸ਼ਾ ਦਾ ਪਤਾ ਲਗਾ ਤਾਂ ਉਹ ਜੇਲ੍ਹ ਵਿਚ ਆਪ ਚਲ ਕੇ ਮਹਾਂ ਪੁਰਖਾਂ ਦੇ ਦਰਸ਼ਨ ਕਰਨ ਲਈ ਆਇਆ।

ਉਹ ਗੁਰੂ ਜੀ ਤੋਂ ਏਨਾ ਪ੍ਰਭਾਵਤ ਹੋਇਆ ਕਿ ਉਸ ਗੁਰੂ ਜੀ ਨੂੰ ਤੁਰੰਤ ਹੀ ਰਿਹਾਅ ਕਰਨ ਦਾ ਹੁਕਮ ਦਿੱਤਾ। ਗੁਰੂ ਜੀ ਨੇ ਸਾਰੇ ਬੰਦੀਆਂ ਨੂੰ ਨਿਰਦੋਸ਼ ਹੋਣ ਦੇ ਕਾਰਨ ਰਿਹਾਅ ਕਰਨ ਲਈ ਕਿਹਾ। ਉਹ ਗੁਰੂ ਜੀ ਤੋਂ ਏਨਾ ਪ੍ਰਭਾਵਤ ਹੋਇਆ ਕਿ ਤੁਰੰਤ ਹੀ ਸੈਦਪੁਰ ਦੇ ਸਾਰੇ ਵਾਸੀਆਂ ਨੂੰ ਰਿਹਾਅ ਕਰਨ ਦਾ ਆਦੇਸ਼ ਦਿੱਤਾ। ਉਸ ਕਿਹਾ "ਨਾਨਕ ਵਿਚੋਂ ਖੁਦਾ ਦੇ ਦੀਦਾਰ ਹੁੰਦੇ ਹਨ।"

ਭਾਈ ਲਾਲੋ ਗੁਰੂ ਜੀ ਦੀ ਮੇਹਰ ਸਦਕਾ ਉਚੇ ਜੀਵਨ ਵਾਲਾ ਸਿੱਖ ਬਣ ਗਿਆ। ਉਹ ਸਿੱਖੀ ਪਰਚਾਰ ਵਿਚ ਜੁਟ ਗਿਆ। ਉਹ ਅੰਦਰੋਂ ਬਾਹਰੋਂ ਸੱਚਾ ਸੀ। ਇਸ ਕਰਕੇ ਗੁਰੂ ਜੀ ਨੇ ਉਸ ਨੂੰ ਸੈਦਪੁਰ ਦੀ ਸੰਗਤ ਦਾ ਮੁਖੀ ਨੀਯਤ ਕਰ ਦਿੱਤਾ।

ਜਿਥੇ ਭਾਈ ਲਾਲੋ ਆਪ ਸੰਤੋਖੀ ਸੀ, ਉਥੇ ਉਹਨਾਂ ਦੀ ਪਤਨੀ ਵੀ ਉਹਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸਿੱਖ ਸੰਗਤ ਦੀ ਤਨੋ ਮਨੋਂ ਸੇਵਾ ਕਰਦੀ ਸੀ। ਭਾਈ ਲਾਲੋ ਪਾਸ ਗੁਰੂ ਨਾਨਕ ਦੇਵ ਜੀ ਕਾਫੀ ਸਮਾਂ ਟਿਕੇ। ਉਸ ਸਿਦਕੀ ਸਿੱਖ ਨੇ ਇਸ ਸਮੇਂ ਵਿਚ ਨਾਮ ਜਪ ਕੇ, ਸਾਧ ਸੰਗਤ ਦੀ ਰੱਜ ਕੇ ਸੇਵਾ ਕੀਤੀ। ਸਾਰਾ ਸਿੱਖ ਸੰਸਾਰ, ਖਾਸ ਕਰਕੇ ਕਿਰਤੀ, ਕਿਰਸਾਨ ਭਾਈ ਲਾਲੋ ਪ੍ਰਤੀ ਬੜੀ ਸ਼ਰਧਾ ਰੱਖਦੇ ਸਨ।

ਹਵਾਲੇ

੧. *ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਤੀਜੀ ਛਾਪ, ਪੰਨਾ ੧੦੬੫*

੨. *ਪੰਨਾ ੪੩*

੩. *ਮਹਾਨ ਕੋਸ਼, ਪੰਨਾ ੯੧੨*

ਬਾਬਾ ਬੁੱਢਾ ਜੀ

ਉਠੰਦਿਆਂ, ਬਹਿੰਦਿਆਂ ਸਵੰਦਿਆਂ ਨਾਮ ਸਿਮਰਨ ਵਿਚ ਲੀਨ, ਗੁਰਸਿੱਖ ਜੀਅੜੇ ਬਾਬਾ ਬੁੱਢਾ ਜੀ ਦਾ ਜਨਮ ੨੨ ਅਕਤੂਬਰ, ੧੫੦੬ ਈ: ਨੂੰ ਮਾਤਾ ਗੌਰਾਂ ਜੀ ਦੀ ਕੁਖੋਂ, ਭਾਈ ਸੁਖੇ ਰੰਧਾਵੇ ਦੇ ਘਰ ਪਿੰਡ ਕੱਥੂ ਨੰਗਲ ਵਿਚ ਹੋਇਆ। ਆਪ ਜੀ ਦਾ ਪਹਿਲਾਂ ਨਾਂ 'ਬੂੜਾ' ਸੀ। ਤੇਜ ਬੁਧੀ, ਗੰਭੀਰ ਸੁਭਾਅ ਦੇ ਮਾਲਕ ਬਾਬਾ ਜੀ ਦਾ ਬਚਪਨ ਕੱਥੂ ਨੰਗਲ ਵਿਚ ਬਿਤਾ ਆਪਣੇ ਮਾਤਾ ਪਿਤਾ ਨਾਲ ਰਮਦਾਸ ਆ ਗਏ। ਇਥੇ ਬਾਬਾ ਜੀ ਦਾ ਮਿਲਾਪ ੧੫੧੮ ਈ: ਵਿਚ ਜਗਤ-ਗੁਰੂ, ਗੁਰੂ ਨਾਨਕ ਸਾਹਿਬ ਨਾਲ ਹੋਇਆ। ਗੁਰੂ ਚਰਨਾਂ ਦੀ ਛੋਹ ਸਦਕਾ ਬਾਬਾ ਬੁੱਢਾ ਜੀ ਖੁਸ਼ੀਆਂ-ਖੇੜਿਆਂ ਵਿਚ ਜੀਵਨ ਬਿਤਾਉਣ ਲੱਗੇ। ਗੁਰੂ ਨਾਨਕ ਸਾਹਿਬ ਦੀ ਸੰਗਤ ਤੋਂ ਪਿਛੋਂ ਆਪ ਜੀ ਦਾ ਨਾਂ ਬਾਬਾ ਬੁੱਢਾ ਪ੍ਰਚਲਤ ਹੋ ਗਿਆ। ਉਸ ਸਮੇਂ ਬਾਬਾ ਜੀ ਦੀ ਉਮਰ ੧੨ ਸਾਲ ਦੇ ਲਗਭਗ ਸੀ।

ਕੁਝ ਸਮੇਂ ਪਿਛੋਂ ਬਾਬਾ ਜੀ ਘਰ-ਪਰਿਵਾਰ ਨੂੰ ਛੱਡ ਕਰਤਾਰਪੁਰ ਵਿਚ ਗੁਰੂ-ਸੰਗਤ ਦੀ ਸੇਵਾ ਵਿਚ ਲੀਨ ਹੋ ਗਏ। ਇਸ ਤਰ੍ਹਾਂ ਗੁਰੂ ਘਰ ਦੀ ਸੇਵਾ ਕਰਦਿਆਂ ਕਾਫੀ ਸਮਾਂ ਬੀਤ ਗਿਆ। ਬਾਬਾ ਜੀ ਨੇ ਆਪਣਾ ਜੀਵਨ ਮਿਸ਼ਨ ਗੁਰੂ ਘਰ ਦੀ ਸੇਵਾ ਤੇ ਸਿਮਰਨ ਕਰਦਿਆਂ ਜੀਵਨ-ਮੁਕਤ ਹੋਣ ਦਾ ਬਣਾ ਲਿਆ। ਬਾਬਾ ਜੀ ਗ੍ਰਹਿਸਤੀ ਮਾਰਗ ਦੇ ਪਾਂਧੀ ਨਹੀਂ ਸਨ ਬਣਨਾ ਚਾਹੁੰਦੇ, ਪਰ ਮਾਤਾ-ਪਿਤਾ ਦੀਆਂ ਇਛਾਵਾਂ ਦਾ ਸਤਿਕਾਰ ਕਰਦਿਆਂ ੧੫੩੮ ਈ: ਵਿਚ ਬੀਬੀ ਮਿਰੋਆ ਨਾਲ ਸ਼ਾਦੀ ਕਰ ਲਈ। ਇਹ ਵੀ ਕਿਹਾ ਜਾਂਦਾ ਹੈ ਕਿ ਬਾਬਾ ਜੀ ਦੀ ਬਰਾਤ ਵਿਚ ਕਿਸੇ ਕਾਰਨ-ਵਸ ਗੁਰੂ ਨਾਨਕ ਸਾਹਿਬ ਆਪ ਤਾਂ ਨਾ ਜਾ ਸਕੇ ਪਰ ਉਨ੍ਹਾਂ ਦੇ ਦੋਨੋਂ ਸਾਹਿਬਜ਼ਾਦੇ ਸ਼ਾਮਲ ਹੋਏ। ਬਾਬਾ ਜੀ ਦੇ ਘਰ ਚਾਰ ਪੁੱਤਰ ਪੈਦਾ ਹੋਏ। ਕੁਝ ਸਮਾਂ ਪਰਿਵਾਰ ਨਾਲ ਬਸਰ ਕਰ, ਬਾਬਾ ਜੀ ਫਿਰ ਗੁਰੂ-ਸੰਗਤ ਦੀ ਸੇਵਾ ਵਿਚ ਲਗ ਗਏ। ਇਸ ਸਮੇਂ ਤਕ ਭਾਈ ਲਹਿਣਾ ਜੀ (ਜੋ ਪਹਿਲਾਂ ਦੇਵੀ ਭਗਤ ਸਨ) ਵੀ ਗੁਰਮਤਿ ਮਾਰਗ ਦੇ ਪਾਂਧੀ ਬਣ ਚੁਕੇ ਸਨ।

ਗੁਰੂ ਨਾਨਕ ਦੇਵ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ 'ਜੋਤਿ' ਭਾਈ ਲਹਿਣੇ ਵਿਚ ਪਰਵਿਰਤ ਕਰ ਦਿੱਤੀ। ਜੂਨ, ੧੫੩੯ ਈ: ਵਿਚ ਉਨ੍ਹਾਂ ਨੂੰ ਆਪਣਾ 'ਅੰਗ' ਜਾਣ 'ਗੁਰੂ ਅੰਗਦ ਦੇਵ' ਬਣਾ ਦਿੱਤਾ। ਬਾਬਾ ਬੁੱਢਾ ਜੀ ਤੋਂ ਗੁਰਿਆਈ ਦਾ ਤਿਲਕ ਲਗਵਾ, ਆਪ ਗੁਰੂ ਨਾਨਕ ਸਾਹਿਬ ਜੀ ਨੇ 'ਗੁਰੂ-ਜੋਤਿ' ਨੂੰ ਮੱਥਾ ਟੇਕਿਆ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਖਡੂਰ ਸਾਹਿਬ ਵਿਖੇ ਨਵੀਂ ਧਰਮਸ਼ਾਲ

ਸਥਾਪਤ ਕੀਤੀ। ਆਰੰਭ ਵਿਚ ਗੁਰੂ ਜੀ 'ਗੁਰਗੱਦੀ' ਦੇ ਝਗੜੇ ਕਾਰਨ ਮਾਤਾ ਵਿਰਾਈ ਪਾਸ ਗੁਪਤਵਾਸ ਹੋ ਗਏ। ਸੰਗਤਾਂ ਗੁਰੂ ਦਰਸ਼ਨਾਂ ਲਈ ਬਿਹਬਲ ਹੋ ਉਠੀਆਂ। ਸੰਗਤਾਂ ਨੇ ਬਾਬਾ ਬੁੱਢਾ ਜੀ ਦੀ ਸੁਚੱਜੀ ਅਗਵਾਈ ਵਿਚ ਗੁਰੂ ਹੁਕਮ ਸਦਕਾ ਗੁਰਮਤਿ ਮਾਰਗ ਦੇ ਪਾਂਧੀਆਂ ਨੂੰ ਗੁਰਮੁਖੀ ਲਿੱਪੀ ਵਿਚ ਵਿਦਿਆ ਦੇਣੀ ਤੇ ਲੰਗਰ ਦੀ ਸੇਵਾ ਕਰਨੀ ਸ਼ੁਰੂ ਕੀਤੀ।

ਆਪਣਾ ਅੰਤਮ ਸਮਾਂ ਨੇੜੇ ਆਇਆ ਜਾਣ, ਗੁਰੂ ਅੰਗਦ ਦੇਵ ਜੀ ਨੇ ਸ਼ਰਧਾ, ਪ੍ਰੇਮ, ਸੇਵਾ ਤੇ ਕੁਰਬਾਨੀ ਦੇ ਪੁੰਜ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਦੀ ਜ਼ਿਮੇਵਾਰੀ ਸੌਂਪ, ਬਾਬਾ ਬੁੱਢਾ ਜੀ ਤੋਂ ਗੁਰਿਆਈ ਦਾ ਤਿਲਕ ਲਗਵਾਇਆ। ਗੁਰੂ ਅਮਰਦਾਸ ਜੀ ਨੇ 'ਗੁਰੂ' ਹੁਕਮ ਅਨੁਸਾਰੀ ਗੋਇੰਦਵਾਲ ਨੂੰ ਸਿੱਖੀ ਦਾ ਨਵਾਂ ਪ੍ਰਚਾਰ ਤੇ ਪ੍ਰਸਾਰ ਕੇਂਦਰ ਬਣਾਇਆ। ਗੁਰਗੱਦੀ ਤੇ ਦਾਤੂ ਨੇ ਆਪਣਾ ਵਿਰਾਸਤੀ ਹੱਕ ਜਿਤਾਉਂਦਿਆਂ ਗੁਰੂ ਜੀ ਨਾਲ ਝਗੜਾ ਸ਼ੁਰੂ ਕਰ ਦਿੱਤਾ। ਗੁਰੂ ਜੀ ਗੋਇੰਦਵਾਲ ਛੱਡ ਬਾਸਰਕੇ ਆ ਗਏ ਤੇ ਇਕ ਕਮਰੇ ਵਿਚ ਬੈਠ ਬਾਹਰੋਂ ਬੂਹ ਬੰਦ ਕਰਵਾ, ਬੰਦਗੀ ਕਰਨ ਲਗ ਪਏ। ਗੋਇੰਦਵਾਲ ਸੰਗਤਾਂ ਗੁਰੂ ਦਰਸ਼ਨਾਂ ਲਈ ਹੁਮ-ਹੁਮਾ ਕੇ ਆਉਂਦੀਆਂ ਪਰ ਗੁਰੂ ਦਰਸ਼ਨਾਂ ਤੋਂ ਬਿਨਾਂ ਸੰਗਤਾਂ ਵਿਆਕੁਲ ਹੋ ਉਠੀਆਂ। ਸੰਗਤਾਂ ਨੇ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਬਾਬਾ ਜੀ ਗੁਰੂ ਹੁਕਮ ਦੀ ਅਵੱਗਿਆ ਵੀ ਨਹੀਂ ਸਨ ਕਰਨੀ ਚਾਹੁੰਦੇ ਤੇ ਸੰਗਤਾਂ ਦੀ ਸਿੱਕ ਨੂੰ ਵੀ ਤ੍ਰਿਪਤ ਕਰਨਾ ਜ਼ਰੂਰੀ ਸੀ। ਕੁਝ ਸਮਾਂ ਸੋਚ-ਵਿਚਾਰ ਕਰ ਬਾਬਾ ਬੁੱਢਾ ਜੀ ਨੇ ਪਿਛਲੇ ਪਾਸਿਓਂ ਸੰਨ੍ਹ ਲਾ ਗੁਰੂ-ਚਰਨਾਂ 'ਤੇ ਸੀਸ ਝੁਕਾਇਆ। ਗੁਰੂ ਜੀ ਬਾਬਾ ਜੀ ਦੀ ਸ਼ਰਧਾ ਤੇ ਸੂਖਮ ਸੂਝ ਅਤੇ ਲਿਆਕਤ ਤੋਂ ਬਹੁਤ ਪ੍ਰਭਾਵਿਤ ਹੋਏ। ਗੁਰੂ ਜੀ ਸੰਗਤ ਦੀ ਬੇਨਤੀ ਪਰਵਾਨ ਕਰ ਗੋਇੰਦਵਾਲ ਸਾਹਿਬ ਵਾਪਸ ਆ ਗਏ।

ਗੁਰੂ ਅਮਰਦਾਸ ਜੀ ਜਦ ਵੇਖਿਆ ਕਿ ਸੁਚ-ਭਿਟ, ਊਚ-ਨੀਚ ਤੇ ਛੂਤ-ਛਾਤ ਕਾਰਨ ਮਨੁੱਖ, ਮਨੁੱਖ ਨੂੰ ਘਿਰਣਾ ਕਰਦਾ ਹੈ, ਤਾਂ ਉਹਨਾਂ ਇਸ ਦੇ ਸਦੀਵੀ ਹੱਲ ਲਈ ਬਾਉਲੀ ਬਣਾਉਣੀ ਚਾਹੀ ਜਿਥੋਂ ਹਰ ਧਰਮ, ਹਰ ਜ਼ਾਤ, ਹਰ ਇਲਾਕੇ ਦਾ ਮਨੁੱਖ ਇਸ਼ਨਾਨ ਕਰ ਵਿਤਕਰਿਆਂ-ਰੂਪੀ ਚੌਰਾਸੀ ਤੋਂ ਮੁਕਤ ਹੋ ਸਕੇ। ਗੁਰੂ ਜੀ ਨੇ ੧੫੫੨ ਈ: ਵਿਚ ਬਾਬਾ ਬੁੱਢਾ ਜੀ ਪਾਸੋਂ ਬਾਉਲੀ ਦਾ ਆਦਿ ਟੱਕ ਲਗਵਾਇਆ। ਇਸ ਪਵਿੱਤਰ ਕਾਰਜ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਵੀ ਬਾਬਾ ਬੁੱਢਾ ਜੀ ਨੂੰ ਸੌਂਪੀ ਗਈ।

ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਖੇਤਰ ਨੂੰ ਵਧਾਉਣ ਤੇ ਨਿਯਮ-ਬੱਧ ਕਰਨ ਹਿਤ ੨੨ ਮੰਜੀਆਂ ਦੀ ਅਸਥਾਪਨਾ ਕੀਤੀ। ਇਸ ਮੰਜੀ-ਪ੍ਰਥਾ ਦੇ ਮੁਖ ਪ੍ਰਬੰਧਕ ਵੀ ਬਾਬਾ ਬੁੱਢਾ ਜੀ ਹੀ ਸਨ।

ਬਾਦਸ਼ਾਹ ਅਕਬਰ ਜਦ ਪਹਿਲੀ ਵਾਰ ਗੁਰੂ-ਦਰਸ਼ਨਾਂ ਲਈ ਗੁਰੂ-ਦਰਬਾਰ ਵਿਚ ਹਾਜ਼ਰ ਹੋਇਆ ਤਾਂ ਬਾਬਾ ਬੁੱਢਾ ਜੀ ਨੇ ਹੀ ਬਾਦਸ਼ਾਹ ਨੂੰ 'ਨਿਰਮਲ ਪੰਥ' ਦੀ ਨਿਰਮਲਤਾ ਤੇ ਮਰਿਯਾਦਾ ਤੋਂ ਜਾਣੂ ਕਰਵਾਇਆ। ਬਾਦਸ਼ਾਹ ਗੁਰੂ ਕੇ ਲੰਗਰ 'ਚੋਂ ਪ੍ਰਸ਼ਾਦ ਛਕ, "ਗੁਰੂ ਸੰਗਤ" ਦੇ ਦਰਸ਼ਨ ਕਰ ਬਹੁਤ ਪ੍ਰਭਾਵਿਤ ਹੋਇਆ।

ਗੁਰੂ ਅਮਰਦਾਸ ਜੀ ਨੇ ਗੁਰੂ-ਘਰ ਦੀ ਮਰਿਯਾਦਾ ਅਨੁਸਾਰੀ ਗੁਰ-ਗੱਦੀ ਦੇ ਯੋਗ ਅਧਿਕਾਰੀ ਨਿਸ਼ਕਾਮ ਸੇਵਕ (ਗੁਰੂ) ਰਾਮਦਾਸ ਜੀ ਨੂੰ ਗੁਰਗੱਦੀ 'ਤੇ ਬਿਰਾਜਮਾਨ ਕਰ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਗਵਾਇਆ। ਕੁਝ ਸਮੇਂ ਪਿਛੋਂ ਗੁਰੂ ਅਮਰਦਾਸ ਜੀ

'ਜੋਤੀ-ਜੋਤਿ' ਸਮਾ ਗਏ। ਬਾਬਾ ਬੁੱਢਾ ਜੀ ਨੇ ਗੁਰੂ ਅਮਰਦਾਸ ਜੀ ਦੀਆਂ ਅੰਤਮ ਰਸਮਾਂ ਆਪਣੇ ਹੱਥੀਂ ਕੀਤੀਆਂ।

ਗੁਰੂ ਰਾਮਦਾਸ ਜੀ ਨੇ ਗੁਰੂ ਹੁਕਮ ਦੀ ਪਾਲਣਾ ਕਰਦਿਆਂ 'ਰਾਮਦਾਸਪੁਰ' ਦੀ ਸਥਾਪਨਾ ਕਰ, ਬਾਬਾ ਬੁੱਢਾ ਜੀ ਤੋਂ ਅੰਮ੍ਰਿਤ ਸਰੋਵਰ ਦਾ ਟੱਕ ਲਗਵਾ, ਬਾਬਾ ਜੀ ਨੂੰ ਇਸ ਮਹਾਨ ਸੇਵਾ ਦਾ ਮੁਖ ਸੇਵਾਦਾਰ ਨਿਯੁਕਤ ਕੀਤਾ, ਜਿਸ ਸਥਾਨ 'ਤੇ ਬੈਠ ਬਾਬਾ ਜੀ ਪਾਵਨ ਸਰੋਵਰ ਦੀ ਸੇਵਾ ਕਰਵਾਇਆ ਕਰਦੇ ਸਨ, ਉਹ ਥਾਂ ਸ੍ਰੀ ਦਰਬਾਰ ਸਾਹਿਬ ਵਿਚ 'ਬੇਰ-ਬਾਬਾ ਬੁੱਢਾ' ਜੀ ਦੀ ਇਤਿਹਾਸਕ ਯਾਦ ਵਜੋਂ ਅੱਜ ਵੀ ਸੁਰੱਖਿਅਤ ਹੈ।

ਗੁਰੂ ਰਾਮਦਾਸ ਜੀ ਨੇ ਆਪਣੇ ਛੋਟੇ ਸਪੁੱਤਰ (ਗੁਰੂ) ਅਰਜਨ ਦੇਵ ਜੀ ਨੂੰ 'ਗੁਰਗੱਦੀ' ਦੀ ਜ਼ਿੰਮੇਵਾਰੀ ਸੌਂਪ, ਬਾਬਾ ਬੁੱਢਾ ਜੀ ਤੋਂ ਗੁਰਿਆਈ ਦੀਆਂ ਰਸਮਾਂ ਪੂਰੀਆਂ ਕਰਵਾ ਆਪ ਪ੍ਰਭੂ-ਚਰਨਾਂ ਵਿਚ ਜਾ ਬਿਰਾਜੇ। ਗੁਰੂ ਅਰਜਨ ਦੇਵ ਜੀ ਨੇ ਬਾਬਾਂ ਬੁੱਢਾ ਜੀ ਨੂੰ ਸਮੁੱਚੀ ਉਸਾਰੀ ਦੇ ਕੰਮਾਂ ਦਾ ਪ੍ਰਬੰਧ ਸੰਭਾਲ ਦਿੱਤਾ। ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾਤਾ ਪ੍ਰਿਥੀ ਚੰਦ ਨੇ ਗੁਰਗੱਦੀ 'ਤੇ ਹੱਕ ਜਮਾਉਣਾ ਚਾਹਿਆ। ਇਸ ਸੁਆਰਥ ਲਈ ਉਸ ਨੇ ਹਰ ਹੀਲੇ ਸੰਗਤਾਂ ਨੂੰ ਗੁੰਮਰਾਹ ਕਰਨਾ ਚਾਹਿਆ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਇਸ ਗੁੰਮਰਾਹ-ਕੁੰਨ ਪ੍ਰਚਾਰ ਤੋਂ ਸੰਗਤਾਂ ਨੂੰ ਸੁਚੇਤ ਕਰ ਗੁਰੂ ਘਰ ਨਾਲ ਜੋੜੀ ਰਖਿਆ।

ਗੁਰੂ ਅਰਜਨ ਦੇਵ ਜੀ ਨੇ ਸਮੁੱਚੀ ਮਾਨਵਤਾ ਦੇ ਉਦਾਰ ਹਿਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਤਿਆਰ ਕੀਤਾ। ਕਾਫੀ ਸੋਚ ਵਿਚਾਰ ਕਰ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਹੀ ਮੁਖ-ਗ੍ਰੰਥੀ ਦੀ ਸੇਵਾ ਸੌਂਪਣ ਦੀ ਫੈਸਲਾ ਲਿਆ। *ਗੁਰ-ਬਿਲਾਸ ਪਾਤਸ਼ਾਹੀ ਛੇਵੀਂ* ਦੇ ਸ਼ਬਦਾਂ ਵਿਚ-

ਕਰਤ ਵਿਚਾਰ ਇਹ ਠਹਰਾਈ।
ਬੁੱਢਾ ਜੀ ਸੇਵਾ ਨਿਪੁਨਾਈ।
ਗੁਰੂ ਨਾਨਕ ਇਨ ਦਰਸ਼ਨ ਕਰੇ।
ਸੇਵਾ ਮੈਂ ਅਤਿ ਹਿਤ ਇਹ ਧਰੇ।

ਜਦ ਪਾਵਨ ਆਦਿ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ ਤਾਂ ਮੁੱਖ-ਗ੍ਰੰਥੀ ਬਾਬਾ ਬੁੱਢਾ ਜੀ ਨੇ ਹੀ ਪਹਿਲਾ ਵਾਕ ਸੰਗਤਾਂ ਨੂੰ ਸਰਵਣ ਕਰਵਾਇਆ।

ਜਿਸ ਸਮੇਂ ਗੁਰੂ ਅਰਜਨ ਦੇਵ ਜੀ ਨੇ ਮਾਝੇ-ਦੁਆਬੇ ਦਾ ਪ੍ਰਚਾਰ ਦੌਰਾ ਕੀਤਾ ਬਾਬਾ ਬੁੱਢਾ ਜੀ ਗੁਰੂ ਆਗਿਆ ਸਦਕਾ ਕੁਝ ਸਮੇਂ ਪਿਛੋਂ 'ਬੀੜ' ਵਿਚ ਚਲੇ ਗਏ-ਇਹ ਬੀੜ ਗੁਰੂ ਘਰ ਦੇ ਇਕ ਸ਼ਰਧਾਲੂ ਨੇ ਗੁਰੂ-ਘਰ ਦੇ ਮਾਲ ਲਈ ਰਾਖਵੀਂ ਰੱਖੀ ਸੀ।

ਮਾਤਾ ਗੰਗਾ ਜੀ ਦੀ ਖਾਹਸ਼ ਨੂੰ ਪੂਰਾ ਕਰਨ ਹਿਤ ਗੁਰੂ ਜੀ ਨੇ ਮਾਤਾ ਜੀ ਨੂੰ ਬਾਬਾ ਬੁੱਢਾ ਜੀ ਦੀ ਸੇਵਾ ਵਿਚ ਹਾਜ਼ਰ ਹੋਣ ਲਈ ਕਹਿ, ਬਾਬਾ ਜੀ ਦੀ ਮਹਾਨ ਸ਼ਖ਼ਸੀਅਤ ਨੂੰ ਸਤਿਕਾਰ ਬਖਸ਼ਿਆ। ਪ੍ਰਭੂ-ਕਿਰਪਾ ਸਦਕਾ ਮਾਤਾ ਜੀ ਦੀ ਖਾਹਸ਼ (ਗੁਰੂ) ਹਰਿਗੋਬਿੰਦ ਜੀ ਦੇ ਆਗਮਨ ਨਾਲ ਪੂਰੀ ਹੋਈ। ਜਦੋਂ ਬਾਲ ਹਰਿਗੋਬਿੰਦ ਪੰਜ ਸਾਲ ਦੇ ਹੋਏ ਤਾਂ ਉਨ੍ਹਾਂ ਨੂੰ ਹਰ

ਖੇਤਰ ਵਿਚ ਪ੍ਰਬੀਨ ਬਣਾਉਣ ਲਈ ਬਾਬਾ ਬੁੱਢਾ ਜੀ ਦੀਆਂ ਹੀ ਸੇਵਾਵਾਂ ਲਈਆਂ ਗਈਆਂ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿਛੋਂ ਗੁਰੂ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ (ਗੁਰੂ) ਹਰਿਗੋਬਿੰਦ ਜੀ ਨੂੰ ਗੁਰਿਆਈ ਦਾ ਤਿਲਕ ਦਿੱਤਾ ਤੇ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨਾਈਆਂ ਤਾਂ ਜੋ ਜ਼ਾਲਮ ਤੇ ਜਾਬਰ ਹਕੂਮਤ ਦੀਆਂ ਵਧੀਕੀਆਂ ਦਾ ਮੁਕਾਬਲਾ ਕੀਤਾ ਜਾ ਸਕੇ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਸ਼ਹੀਦ ਗੁਰੂ-ਪਿਤਾ ਦੀਆਂ ਇਛਾਵਾਂ ਅਨੁਸਾਰ ਹਰ ਤਰ੍ਹਾਂ ਤਿਆਰੀ ਸ਼ੁਰੂ ਕਰ ਦਿੱਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਬਾਬਾ ਬੁੱਢਾ ਜੀ ਤੋਂ ਰਖਵਾਈ ਤੇ ਸੰਗਤਾਂ ਨੂੰ ਫੁਰਮਾਨ ਜਾਰੀ ਕੀਤਾ ਗਿਆ ਕਿ ਗੁਰੂ-ਦਰਬਾਰ ਵਿਚ ਚੰਗੇ ਸ਼ਸਤਰ, ਵਧੀਆ ਘੋੜੇ ਤੇ ਉਠਦੀਆਂ ਜਵਾਨੀਆਂ ਦੀਆਂ ਭੇਟਾਵਾਂ ਲੈ ਕੇ ਹਾਜ਼ਰ ਹੋਣ।

ਪਰ ਦੂਸਰੇ ਪਾਸੇ ਮੁਗਲ ਹਕੂਮਤ ਨੂੰ ਇਹ ਕਿਸ ਤਰ੍ਹਾਂ ਭਾ ਸਦਕਾ ਸੀ ਕਿ ਉਨ੍ਹਾਂ ਦੇ ਸਮਾਂਨਤਰ ਕੋਈ ਸਰਕਾਰ ਬਣਾ, ਫੁਰਮਾਨ ਜਾਰੀ ਕਰੇ। ਸਮੇਂ ਦੀ ਹਕੂਮਤ ਦੇ ਆਦੇਸ਼ ਮੁਤਾਬਕ ਗੁਰੂ ਜੀ ਨੂੰ ਕੈਦ ਕਰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ ਗਿਆ। ਬਾਬਾ ਬੁੱਢਾ ਜੀ ਮਾਤਾ ਗੰਗਾ ਜੀ ਦੇ ਹੁਕਮ ਅਨੁਸਾਰ ਗਵਾਲੀਅਰ ਗਏ ਪਰ ਸਮੇਂ ਦੇ ਹਾਕਮਾਂ ਨੇ ਬਾਬਾ ਜੀ ਨੂੰ ਗੁਰੂ ਦਰਸ਼ਨ ਕਰਨ ਦੀ ਆਗਿਆ ਨਾ ਦਿੱਤੀ। ਬਾਬਾ ਜੀ ਗੁਰੂ ਜਸ ਕਰਦੇ ਹੋਏ ਕਿਲ੍ਹੇ ਦੀ ਪ੍ਰਕਰਮਾ ਕਰਨ ਲੱਗ ਪਏ। ਜਦ ਗੁਰੂ ਜੀ ਦੀ ਰਿਹਾਈ ਹੋਈ ਤਾਂ ਬਾਬਾ ਜੀ ਨੇ ਗੁਰੂ ਜੀ ਦੇ ਦਰਸ਼ਨ ਕਰ ਸੰਗਤਾਂ ਦੀ ਬਿਹਬਲਤਾ ਦਰਸਾਈ। ਗੁਰੂ ਜੀ ਨੇ ਫੁਰਮਾਇਆ, "ਬਾਬਾ ਜੀ, ਆਪ ਜੀ ਨੇ ਏਨੀ ਖੇਚਲ ਕਿਉਂ ਕੀਤੀ। ਅਸਾਂ ਤਾਂ ਆ ਹੀ ਜਾਣਾ ਸੀ।" ਬਾਬਾ ਬੁੱਢਾ ਜੀ ਨੇ 'ਸਤਿਗੁਰਾਂ' ਦੀ ਯਾਦ ਤਾਜ਼ਾ ਰੱਖਣ ਲਈ ਚੌਂਕੀ ਸਾਹਿਬ ਦੀ ਰੀਤ ਚਲਾਈ ਜੋ ਅੱਜ ਤਕ ਨਿਰੰਤਰ ਜਾਰੀ ਹੈ। ਚੌਂਕੀ ਸਾਹਿਬ ਦੀ ਮਹਾਨਤਾ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਲਗ ਸਕਦਾ ਹੈ ਕਿ ਜਦ ਇਹ ਚੌਂਕੀ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਅੰਦਰਲੀ ਦਲੀਜ਼ 'ਤੇ ਪੁਜਦੀ ਹੈ ਤਾਂ ਕੀਰਤਨ ਬੰਦ ਕਰ ਦਿੱਤਾ ਜਾਂਦਾ ਹੈ।

ਇਸ ਸਮੇਂ ਬਾਬਾ ਜੀ ਬਹੁਤ ਹੀ ਬਿਰਧ ਹੋ ਚੁੱਕੇ ਸਨ। ਗੁਰੂ ਜੀ ਤੋਂ ਬਾਬਾ ਬੁੱਢਾ ਜੀ ਆਗਿਆ ਪ੍ਰਾਪਤ ਕਰਕੇ ਆਪਣੇ ਪਿੰਡ ਰਮਦਾਸ ਆ ਗਏ। ਬਾਬਾ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ, ਗੁਰੂ ਦਰਸ਼ਨਾਂ ਦੀ ਇਛਿਆ ਕੀਤੀ ਤੇ ਇਕ ਆਦਮੀ ਰਾਹੀਂ ਗੁਰੂ ਜੀ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਜੀ ਦੀ ਬੇਨਤੀ ਪ੍ਰਵਾਨ ਕਰ ਰਮਦਾਸ ਪਹੁੰਚੇ। ਪੰਜ ਗੁਰੂ ਸਾਹਿਬਾਨ ਨੂੰ ਹੱਥੀਂ ਗੁਰਿਆਈ ਦਾ ਤਿਲਕ ਦੇ, ਅੱਠ ਗੁਰੂ ਸਾਹਿਬਾਨ ਦੇ ਸਾਖਿਆਤ ਦਰਸ਼ਨ ਕਰ, ੧੨੫ ਸਾਲ ਦੀ ਉਮਰ ਭੋਗ, ਬਾਬਾ ਬੁੱਢਾ ਜੀ ਨੇ ੧੬ ਨਵੰਬਰ ੧੬੩੧ ਈ: ਨੂੰ, ਗੁਰੂ ਹਰਿਗੋਬਿੰਦ ਜੀ ਦੇ ਪਾਵਨ ਹੱਥਾਂ ਵਿਚ ਅੰਤਮ ਸਵਾਸ ਲਏ। ਗੁਰੂ-ਪਾਤਸ਼ਾਹ ਬਾਬਾ ਜੀ ਦਾ ਅੰਤਮ ਸੰਸਕਾਰ ਆਪਣੇ ਹੱਥੀਂ ਕਰ ਪਰਿਵਾਰ ਨੂੰ ਭਾਣਾ ਮੰਨਣ ਤੇ ਸੰਗਤਾਂ ਨੂੰ ਬਾਬਾ ਜੀ ਦੇ ਜੀਵਨ ਤੋਂ ਪ੍ਰੇਰਣਾ ਲੈਣ ਦਾ ਉਪਦੇਸ਼ ਕਰ, ਅੰਮ੍ਰਿਤਸਰ ਵਾਪਸ ਆ ਗਏ।

❋❋❋

ਮਾਤਾ ਖੀਵੀ ਜੀ

ਕਿਸੇ ਵੀ ਸਮਾਜ ਦੀ ਉਚਾਈ ਮਾਪਣ ਦਾ ਸਭ ਤੋਂ ਸਹੀ ਪੈਮਾਨਾ ਸਿਆਣਿਆਂ ਨੇ ਸਮਾਜ ਵਿਚ ਔਰਤ ਨੂੰ ਦਿੱਤਾ ਦਰਜਾ ਗਿਣਿਆ ਹੈ। ਜਿਸ ਸਮਾਜ ਵਿਚ ਨਾਰੀ ਨੂੰ ਢੋਰ, ਪਸ਼ੂ ਤੇ ਗਵਾਰ ਨਾਲ ਤੁਲਣਾ ਦੇ ਕੇ ਤਾੜਨ ਦਾ ਅਧਿਕਾਰੀ ਕਿਹਾ ਜਾਂਦਾ ਹੋਵੇ, ਉਹ ਸਮਾਜ ਕਿਸੇ ਵੀ ਪੱਖੋਂ ਉੱਚਾ ਨਹੀਂ ਕਿਹਾ ਜਾ ਸਕਦਾ। ਜਿਥੇ ਔਰਤ ਨੂੰ 'ਗੁਨਾਹਾਂ ਦੀ ਪੰਡ' ਤੇ 'ਕੁਦਰਤ ਦੀ ਮਜ਼ੇਦਾਰ ਗਲਤੀ' ਆਖ ਕੇ ਖਿਲੀ ਉੱਡਾਈ ਜਾਂਦੀ ਹੋਵੇ, ਉਹ ਸਮਾਜ ਨਿੰਦਾ ਦਾ ਹੀ ਪਾਤਰ ਹੈ। ਗੁਰੂ ਨਾਨਕ ਦੇਵ ਜੀ ਜਿਥੇ ਧਰਮਾਂ, ਵਰਨਾਂ, ਨਸਲਾਂ, ਕੌਮਾਂ, ਬੋਲੀਆਂ ਦੇ ਵਿਤਕਰੇ ਮੇਟਣ ਆਏ ਸਨ, ਉਥੇ ਉਹ ਜਿਨਸਾਂ ਦੇ ਵਿਖੇਵੇਂ ਵੀ ਮਿਟਾ ਕੇ ਗਏ। ਉਨ੍ਹਾਂ ਨੇ ਜਿਸ ਬਰਤਨ ਵਿਚੋਂ ਖਾਂਦੇ ਹੋ, ਉਸੇ ਵਿਚ ਛੇਕ ਕਰਨ ਦੀ ਨੀਤੀ ਨੂੰ ਅਤਿ ਮਾੜਾ ਆਖਿਆ, ਜਿਸ ਭਾਂਡੇ ਕਾਰਨ ਉਹ ਹੋਂਦ ਵਿਚ ਆਇਆ, ਉਸ ਦੇ ਵਿਰੁੱਧ ਕੁਬੋਲ ਬੋਲਣ ਤੋਂ ਆਪ ਜੀ ਨੇ ਧਰਮ ਦੇ ਰਾਖੇ ਆਗੂਆਂ ਨੂੰ ਵਰਜਿਆ। ਉਨ੍ਹਾਂ ਉਚੀ ਆਵਾਜ਼ ਨਾਲ ਉਸ ਧਿਙਾਣੇ ਦਾ ਜ਼ਿਕਰ ਕੀਤਾ, ਜੋ ਪੁਰਸ਼ ਨਾਰੀ ਉਤੇ ਕਰ ਰਿਹਾ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਰਾਖਵੇਂ ਢੰਗ ਨਾਲ ਬ੍ਰਾਹਮਣ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਕ ਪਾਸੇ ਤੁਸੀਂ ਲੋਕ ਰਾਜਿਆਂ ਨੂੰ ਨਿਹਕਲੰਕੀ ਆਖਦੇ ਨਹੀਂ ਥੱਕਦੇ ਤੇ ਦੂਜੇ ਪਾਸੇ ਰਾਜੇ ਨੂੰ ਜਨਮ ਦੇਣ ਵਾਲੀ ਨੂੰ ਕਲੰਕਣੀ ਕਹਿੰਦੇ ਹੋ, ਇਹ ਕਿਵੇਂ ਫੱਬਦਾ ਹੈ। ਗੁਰੂ ਨਾਨਕ ਦੇਵ ਜੀ ਜਿਸ ਸਮਾਜ ਦੀ ਉਸਾਰੀ ਕਰ ਰਹੇ ਹਨ, ਉਸ ਵਿਚ ਇਸਤ੍ਰੀ ਨਿੰਦਣਈ ਨਹੀਂ, ਸਗੋਂ ਸਤਿਕਾਰੀ ਜਾਵੇਗੀ ਤੇ ਯੋਗ ਥਾਂ ਪਾਏਗੀ।

'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥' (ਪੰਨਾ-੪੭੩)

ਇਸੇ ਪਾਸੇ ਦਾ ਇਕ ਭਾਵ ਪੂਰਤ ਫੁਰਮਾਨ ਸੀ। ਉਸ ਹੁਕਮ ਦਾ ਪ੍ਰਤੱਖ ਰੂਪ 'ਸਤੇ ਅਤੇ ਬਲਵੰਡ ਜੀ ਦੀ ਆਖੀ ਰਾਮਕਲੀ ਦੀ ਵਾਰ' ਵਿਚ ਦੇਖਿਆ ਜਾ ਸਕਦਾ ਹੈ।

ਜੇ ਮੈਂ ਭੁੱਲਦਾ ਨਹੀਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, 'ਗੁਰੂ' ਤੇ 'ਭਗਤ' ਤੋਂ ਇਲਾਵਾ ਕਿਸੇ ਦੀ ਉਪਮਾ ਨਹੀਂ ਹੈ। ਸਿਰਫ ਦੋ ਥਾਵਾਂ, ਇਕ ਰਾਮਕਲੀ ਦੀ ਵਾਰ ਜੋ ਸਤੇ ਤੇ ਰਾਇ ਬਲਵੰਡ ਜੀ ਨੇ ਆਖੀ ਹੈ ਤੇ ਦੂਜੇ 'ਰਾਮਕਲੀ ਸਦ' ਵਿਚ 'ਗੁਰੂ-ਪਤਨੀ' ਤੇ 'ਗੁਰੂ ਸੰਤਾਨ' ਦੀ ਉਪਮਾ ਹੈ। ਰਾਮਕਲੀ ਸਦ ਵਿਚ 'ਮੋਹਰੀ ਪੁੱਤ ਸਨਮੁਖ ਹੋਆ' ਕਹਿ ਕੇ ਸਤਿਕਾਰਿਆ ਹੈ ਤੇ ਬਲਵੰਡ ਜੀ ਨੇ ਪੂਰੀ ਇਕ ਪਉੜੀ ਗੁਰੂ ਅੰਗਦ ਸਾਹਿਬ ਦੀ ਸੁਪਤਨੀ ਦੀ ਉਪਮਾ ਵਿਚ ਲਿਖੀ ਹੈ। ਬਲਵੰਡ ਜੀ ਨੇ ਪਹਿਲੀਆਂ ਦੋ ਪਉੜੀਆਂ ਵਿਚ ਗੁਰੂ ਨਾਨਕ ਜੀ ਦੀ ਇਸ ਵਡਿਆਈ ਦਾ ਵਰਣਨ ਕੀਤਾ ਹੈ, ਜਿਸ ਅਨੁਸਾਰ ਉਨ੍ਹਾਂ ਆਪਣੇ ਸੇਵਕ ਬਾਬਾ ਲਹਿਣਾ ਜੀ

ਅੱਗੇ ਮੱਥਾ ਟੇਕਿਆ ਤੇ ਆਪਣੇ ਜੀਉਂਦਿਆਂ ਹੀ ਗੁਰਗੱਦੀ ਬਖਸ਼ੀ, ਦੂਜੀ ਪਉੜੀ ਵਿਚ ਬਲਵੰਡ ਜੀ, ਬਾਬਾ ਲਹਿਣਾ ਜੀ ਨੇ ਜਿਵੇਂ ਗੁਰੂ ਨਾਨਕ ਸਾਹਿਬ ਦੇ ਫ਼ੁਰਮਾਏ ਹੋਏ ਹੁਕਮਾਂ ਨੂੰ ਕਮਾਇਆ ਦੱਸਦੇ ਹਨ: ਉਹ ਸਿਲ ਅਲੂਣੀ ਚਟਣ ਵਾਂਗ ਬੜੀ ਕਰੜੀ ਕਾਰ ਹੈ, ਪਰ ਗੁਰੂ ਜੀ ਉਸਨੂੰ ਬੜੀ ਅਸਾਨੀ ਨਾਲ ਨਿਭਾ ਰਹੇ ਹਨ। ਬਾਬਾ ਲਹਿਣਾ ਜੀ ਅਕਾਲ ਪੁਰਖ ਵਲੋਂ ਮਿਲੀ ਨਾਮ-ਦਾਤਿ ਵੰਡ ਰਹੇ ਹਨ, ਆਪ ਵੀ ਵਰਤਦੇ ਹਨ, ਤੇ ਹੋਰਨਾਂ ਨੂੰ ਵੀ ਖੁਲ੍ਹੇ ਹੱਥੀਂ ਵੰਡ ਰਹੇ ਹਨ। ਗੁਰੂ ਸ਼ਬਦ ਦਾ ਲੰਗਰ ਚਲ ਰਿਹਾ ਹੈ ਪਰ ਗੁਰੂ ਅੰਗਦ ਜੀ ਦੀ ਨਾਮ-ਕਮਾਈ ਵਿਚ ਕੋਈ ਘਾਟਾ ਨਹੀਂ ਪੈਂਦਾ। ਤੀਜੀ ਪਉੜੀ ਵਿਚ ਬਲਵੰਡ ਜੀ ਹੁਣ ਦੂਜੇ ਲੰਗਰ ਦਾ ਜ਼ਿਕਰ ਕਰਦੇ ਹਨ। ਜੇ ਉਧਰ ਸ਼ਬਦ ਦੀ ਦੌਲਤ ਗੁਰੂ ਅੰਗਦ ਜੀ ਖੁਲ੍ਹੇ ਹੱਥੀਂ ਵੰਡ ਰਹੇ ਸਨ ਤਾਂ ਇਧਰ ਉਨ੍ਹਾਂ ਦੀ ਧਰਮ ਪਤਨੀ ਮਾਤਾ ਖੀਵੀ ਜੀ ਦੀ ਸੇਵਾ ਸਦਕਾ ਲੰਗਰ ਵਿਚ ਸਭ ਨੂੰ ਘਿਉ ਵਾਲੀ ਖੀਰ ਵੰਡੀ ਜਾ ਰਹੀ ਹੈ। ਕੈਸੀ ਸਮ-ਦ੍ਰਿਸ਼ਟੀ ਹੈ, ਮਾਤਾ ਖੀਵੀ ਜੀ ਦੀ! ਕਿਤਨਾ ਉਦਾਰ-ਚਿਤ ਹੈ, ਉਨ੍ਹਾਂ ਦਾ ਸੁਭਾਉ! ਕਿਤਨੇ ਮਿੱਠੇ ਹਨ ਉਨ੍ਹਾਂ ਦੇ ਬਚਨ! ਕਿਤਨੀ ਕਰੜੀ ਹੈ ਉਨ੍ਹਾਂ ਦੀ ਘਾਲ! ਖਸਮ ਦੇ ਦਰ ਉਹ ਤਾਂ ਹੀ ਕਬੂਲ ਹੋਏ ਜਦ ਉਨ੍ਹਾਂ ਇਸਤ੍ਰੀ ਹੋ ਕੇ ਮਰਦਾਂ ਵਾਲੀ ਘਾਲ ਘਾਲੀ। ਅਸਲ ਗੱਲ ਇਹ ਹੈ ਕਿ ਉਨ੍ਹਾਂ ਦਾ ਪਤੀ ਗੁਰੂ ਅੰਗਦ ਦੇਵ ਜੀ ਹੀ ਐਸਾ ਸੀ, ਜਿਸ ਨੇ ਸਾਰੀ ਧਰਤੀ ਦਾ ਭਾਰ ਚੁੱਕ ਲਿਆ ਹੋਇਆ ਸੀ:

ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ॥
ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ॥੩॥ (ਪੰਨਾ-੯੬੭)

ਬਲਵੰਡ ਜੀ ਦੇ ਆਪਣੇ ਸ਼ਬਦਾਂ ਵਿਚ 'ਮਾਤਾ ਖੀਵੀ ਜੀ ਆਪਣੇ ਪਤੀ ਵਾਂਗ ਬਹੁਤ ਭਲੇ ਹਨ, ਮਾਤਾ ਜੀ ਦੀ ਛਾਂ ਬਹੁਤ ਪੱਤ੍ਰਾਂ ਵਾਲੀ ਹੈ, ਸੰਘਣੀ ਹੈ। ਜਿਵੇਂ ਮਾਂ ਦੀ ਠੰਢੀ ਛਾਂ ਹੈ, ਇਸੇ ਤਰ੍ਹਾਂ ਉਨ੍ਹਾਂ ਪਾਸ ਬੈਠਿਆਂ ਵੀ ਹਿਰਦੇ ਵਿਚ ਸ਼ਾਂਤੀ ਤੇ ਠੰਢ ਪੈਂਦੀ ਹੈ, ਜਿਵੇਂ ਗੁਰੂ ਅੰਗਦ ਦੇਵ ਜੀ ਸਤਿਸੰਗ ਰੂਪੀ ਲੰਗਰ ਵਿਚ ਨਾਮ ਦੀ ਦਉਲਤ ਵੰਡੀ ਜਾ ਰਹੇ ਸਨ, ਆਤਮਕ ਜੀਵਨ ਦੇਣ ਵਾਲਾ ਨਾਮ ਰਸ ਵੰਡ ਰਹੇ ਹਨ। ਤਿਵੇਂ ਮਾਤਾ ਜੀ ਦੀ ਸੇਵਾ ਸਦਕਾ ਸਾਰਿਆਂ ਨੂੰ ਘਿਓ ਵਾਲੀ ਖੀਰ ਮਿਲ ਰਹੀ ਹੈ। ਜੋ ਮਾਤਾ ਜੀ ਦੇ ਨੇੜੇ ਆਉਂਦੇ ਹਨ, ਉਨ੍ਹਾਂ ਗੁਰਸਿੱਖਾਂ ਦੇ ਮੱਥੇ ਖਿੜ ਜਾਂਦੇ ਹਨ ਤੇ ਈਰਖਾਲੂਆਂ ਬੇ-ਮੁੱਖਾਂ ਦੇ ਮੂੰਹ ਪੀਲੇ ਪੈ ਰਹੇ ਹਨ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥
ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ॥

(ਪੰਨਾ-੯੬੭)

ਉਸ ਨੇਕ ਜਨ ਮਾਤਾ ਖੀਵੀ ਦਾ ਜਨਮ ਖਡੂਰ ਦੇ ਲਾਗੇ ਸੰਘਰ ਵਿਖੇ ਭਾਈ ਦੇਵੀ ਚੰਦ ਖੱਤਰੀ ਦੇ ਘਰ ਹੋਇਆ। ਦੇਵੀ ਚੰਦ ਜੀ ਇਕ ਵੱਡੇ ਹਟਵਾਣੀਏ ਤੇ ਸ਼ਾਹੂਕਾਰ ਸਨ। ਵੀਰਾਈ ਜੀ, ਜੋ ਚੌਧਰੀ ਤਖ਼ਤ ਮਲ, ਮੱਤੇ ਦੀ ਸਰਾਂ ਵਾਲਿਆਂ ਦੀ ਪੁੱਤਰੀ ਸੀ, ਨੇ ਖੀਵੀ ਜੀ ਦਾ ਰਿਸ਼ਤਾ ਭਾਈ ਲਹਿਣਾ ਜੀ ਨਾਲ ਪੱਕਾ ਕਰਾ ਦਿੱਤਾ। ਮਹਾਨ ਕੋਸ਼ ਦੇ ਵਿਦਵਾਨ ਲਿਖਾਰੀ ਅਨੁਸਾਰ ਮਾਤਾ ਖੀਵੀ ਜੀ ਦੀ ਸ਼ਾਦੀ ਸੰਨ ੧੫੧੯ ਈ: ਵਿਚ ਹੋਈ। ਜਦ ਕੁਝ ਕਾਰਨਾਂ ਕਰਕੇ ਚੌਧਰੀ ਤਖ਼ਤ ਮਲ ਨੇ ਭਾਈ ਲਹਿਣਾ ਜੀ ਦੇ ਪਿਤਾ ਬਾਬਾ ਫੇਰੂ ਜੀ ਨੂੰ ਨੌਕਰੀ ਤੋਂ ਅੱਡ

ਕਰ ਦਿੱਤਾ ਤਾਂ ਭਾਈ ਦੇਵੀ ਚੰਦ ਜੀ ਨੇ ਬਾਬਾ ਫੇਰੂ ਜੀ ਤੇ ਭਾਈ ਲਹਿਣਾ ਜੀ ਨੂੰ ਸੰਘਰ ਹੀ ਲੈ ਆਂਦਾ। ਬਾਬਾ ਫੇਰੂ ਜੀ ਨੇ ਹਰੀ ਕੇ ਪੱਤਣ ਦੁਕਾਨ ਪਾ ਲਈ ਪਰ ਛੇਤੀ ਹੀ ਖਡੂਰ ਮੁੜ ਆਏ ਤੇ ਸ਼ਾਹੂਕਾਰਾ ਕਰਨ ਲਗੇ ਅਤੇ ਨਾਲ ਦੁਕਾਨ ਵੀ ਰੱਖੀ। ੧੫੨੬ ਈ: ਨੂੰ ਬਾਬਾ ਫੇਰੂ ਜੀ ਚੜ੍ਹਾਈ ਕਰ ਗਏ ਤੇ ਸਾਰਾ ਕੰਮ ਕਾਜ ਭਾਈ ਲਹਿਣਾ ਜੀ ਨੇ ਸੰਭਾਲ ਲਿਆ। ਬਾਬਾ ਫੇਰੂ ਜੀ ਨਾ ਸਿਰਫ ਦੇਵੀ ਭਗਤ ਸਨ ਸਗੋਂ ਹਰ ਸਾਲ ਪਹਾੜਾਂ ਵਾਲੀ ਦੇਵੀ ਦੇ ਦਰਸ਼ਨ ਨੂੰ ਜੱਥਾ ਵੀ ਲੈ ਜਾਂਦੇ ਸਨ ਅਤੇ ਉਸ ਸੰਗ ਦੇ ਜਥੇਦਾਰ ਵੀ ਸਨ। ਪਿਤਾ ਦੀ ਮੌਤ ਉਪਰੰਤ ਜਿਥੇ ਘਰ ਦੀ ਜ਼ੁੰਮੇਵਾਰੀ ਉਨ੍ਹਾਂ 'ਤੇ ਪਈ, ਉਥੇ ਸੰਗ ਨੂੰ ਲੈ ਜਾਣ ਦੀ ਜਥੇਦਾਰੀ ਵੀ ਉਨ੍ਹਾਂ ਸਿਰ ਆਈ। ਉਹ ਕਈ ਸਾਲ ਉਸ ਜ਼ਿੰਮੇਵਾਰੀ ਨੂੰ ਨਿਭਾਉਂਦੇ ਰਹੇ। ਇਕ ਵਾਰੀ ਖਡੂਰ ਸਾਹਿਬ ਵਿਖੇ ਹੀ ਭਾਈ ਜੋਧ ਜੀ ਦੇ ਮੁਖੋਂ ਗੁਰੂ ਨਾਨਕ ਜੀ ਦੀ ਬਾਣੀ ਸੁਣ ਕੇ ਕਰਤਾਰਪੁਰ ਜਾਣ ਦੀ ਵਿਚਾਰ ਬਣਾਈ। ਸੰਗ ਦੇ ਸਾਥੀਆਂ ਨੂੰ ਰਾਹ ਵਿਚ ਛਡ ਕੇ ਕਰਤਾਰਪੁਰ ਆਏ ਤੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਕੇ ਉਥੇ ਹੀ ਟਿਕਣ ਦਾ ਮਨ ਬਣਾ ਲਿਆ।

ਇਹ ਸੰਕਲਪ ਉਨ੍ਹਾਂ ੧੫੩੨ ਈ: ਵਿਚ ਕੀਤਾ। ਭਾਈ ਦਾਸੂ ਜੀ ਤੇ ਬੀਬੀ ਅਮਰੋ ਜੀ ਦਾ ਜਨਮ ਹੋ ਚੁੱਕਾ ਸੀ। ਜੱਥਾ ਜੰਮੂ ਤੋਂ ਪਹਾੜ ਵਾਲੀ ਦੇਵੀ ਦੇ ਦਰਸ਼ਨ ਕਰ ਖਡੂਰ ਮੁੜ ਆਇਆ ਪਰ ਜਥੇਦਾਰ ਨਾਲ ਨਾ ਦੇਖ ਜੋ ਕਿਸੇ ਦੇ ਮੂੰਹ ਵਿਚ ਆਇਆ, ਬਾਬਾ ਲਹਿਣਾ ਜੀ ਲਈ ਕਿਹਾ ਕਿ–

"ਤੇਰਾ ਪਤੀ, ਤੇਰਾ ਸਾਥ ਛੱਡ ਕਰਤਾਰਪੁਰ ਦਾ ਹੋ ਗਿਆ।" ਉਸ ਸਮੇਂ ਮਾਤਾ ਖੀਵੀ ਜੀ ਦਾ ਸਿਦਕ ਦੇਖਣ ਵਾਲਾ ਸੀ। ਠੰਢੇ ਸੁਭਾਓ ਦੀ ਮੂਰਤ ਖੀਵੀ ਅਡੋਲ ਰਹੀ। ਜਦ ਫਿਰ ਸਾਰਿਆਂ ਲਾ ਲਾ ਕੇ ਕਿਹਾ–

"ਲਹਿਣਾ (ਜੀ) ਕਰਤਾਰਪੁਰ ਹੀ ਨਾਨਕ ਤਪੇ ਪਾਸ ਰਹਿ ਪਿਆ ਈ, ਸੰਗ ਨੂੰ ਜਵਾਬ ਦੇ ਦਿਤਾ ਸੂ। ਆਪ ਸਾਧ ਹੋ ਕੇ ਬਹਿ ਗਿਆ ਈ ਅਤੇ ਤਪੇ ਦੇ ਦੁਆਰੇ ਹੀ ਧੂਣੀ ਰਮਾ ਲਈ ਸੂ" ਤਾਂ ਖੀਵੀ ਜੀ ਨੇ ਸਿਰਫ ਇਹ ਹੀ ਆਖਿਆ:

ਜੇ ਉਹ ਗੋਦੜੀ ਪਾਇਗਾ ਤਾਂ ਲੀਰਾਂ ਹੰਡਾਸਾਂ, ਜਿਸ ਹਾਲ ਰੱਖੇਗਾ ਉਸ ਹਾਲ ਹੀ ਰਵਾਂਗੀ।

ਜਦ ਗੁਰੂ ਨਾਨਕ ਸਾਹਿਬ ਜੀ ਨੇ ਕਰਤਾਰਪੁਰ ਤੋਂ ਭਾਈ ਲਹਿਣਾ ਜੀ ਨੂੰ ਘਰ ਖਡੂਰ ਦੀ ਸਾਰ ਲੈਣ ਲਈ ਭੇਜਿਆ ਤਾਂ ਮਾਤਾ ਖੀਵੀ ਜੀ, ਜੋ ਸਿੱਖ ਇਤਿਹਾਸ ਵਿਚ 'ਪਤੀ ਪਰੇਮਣ' ਕਰ ਕੇ ਪ੍ਰਸਿੱਧ ਸਨ, ਨੇ ਸਾਫ ਦੇਖ ਲਿਆ ਕਿ ਉਨ੍ਹਾਂ ਦਾ ਦਿਲ ਘਰ ਦੇ ਕੰਮਾਂ ਵਿਚ ਨਹੀਂ ਲੱਗਦਾ ਤੇ ਦੁਕਾਨ ਦਾ ਸਾਰਾ ਕੰਮ ਵੀ ਆਪਣੇ ਭਣੇਵੇਂ ਨੂੰ ਸੌਂਪ ਰਹੇ ਹਨ ਤਾਂ ਆਪ ਜੀ ਨੇ ਸਿਰਫ ਇਤਨਾ ਹੀ ਕਿਹਾ–

"ਬਾਹਰ ਨਾ ਜਾਓ, ਘਰ ਰਹਿ ਜੋਗ ਕਮਾਓ, ਜਿਵੇਂ ਤੁਸੀਂ ਆਖੋਗੇ ਮੈਂ ਉਸੇ ਤਰਾਂ ਟੁਰਾਂਗੀ। ਤੁਹਾਡੇ ਤਪ ਵਿਚਕਾਰ ਰੋੜਾ ਨਾ ਅਟਕਾਸਾਂ।" ਉਸ ਸਮੇਂ ਭਾਈ ਲਹਿਣਾ ਜੀ ਨੇ ਕਿਹਾ–

"ਜਿਸ ਪਾਸ ਮੈਂ ਚਲਿਆ ਹਾਂ, ਉਹ ਜੋਗੀ, ਜੰਗਮ, ਸੰਨਿਆਸੀ ਸਰੇਵੜਾ ਨਹੀਂ, ਉਸ ਨੇ ਗ੍ਰਹਿਸਤ ਵਿਚ ਉਦਾਸੀ ਦਾ ਰਾਹ ਦਿਖਾਇਆ ਹੈ, ਪ੍ਰੇਮ ਹੱਥ ਵਿਕਿਆ ਹਾਂ।"

ਮਾਤਾ ਜੀ ਨੇ ਉਥੇ ਕਿਸੇ ਪ੍ਰਕਾਰ ਦੀ ਰੋਕ ਨਾ ਪਾਈ। ਬੱਚੇ ਭਾਵੇਂ ਬਹੁਤ ਛੋਟੇ ਸਨ ਪਰ ਸਾਰਾ ਭਾਰ ਮਾਤਾ ਜੀ ਨੇ ਆਪਣੇ ਸਿਰ ਉਤੇ ਚੁਕ ਲਿਆ। ਉਸ ਸਮੇਂ ਮਾਤਾ ਖੀਵੀ ਜੀ ਦੀ ਕੁਰਬਾਨੀ ਕੋਈ ਘੱਟ ਨਹੀਂ ਸੀ। ਖੀਵੀ ਜੀ ਨੂੰ ਉਸ ਸਮੇਂ ਇਹ ਨਹੀਂ ਸੀ ਪਤਾ ਕਿ ਦੀਨ ਦਾ ਛੱਤਰ ਉਸ ਦੇ ਪਤੀ ਉਤੇ ਝੁਲਣਾ ਹੈ। ਖੁਸ਼ੀ ਨਾਲ ਉਨ੍ਹਾਂ ਨੂੰ ਭੇਜਣਾ ਤੇ ਉਨ੍ਹਾਂ ਦੀਆਂ ਖੜਾਵਾਂ ਪੂਜਾ ਲਈ ਮੰਗ ਲੈਣੀਆਂ ਉਨ੍ਹਾਂ ਦੀ ਦ੍ਰਿੜ੍ਹਤਾ ਦਰਸਾਉਂਦਾ ਹੈ।

ਅਗਲੇ ਸੱਤ ਸਾਲ ੧੫੩੨ ਤੋਂ ੧੫੩੯ ਉਧਰ ਕਰਤਾਰਪੁਰ ਵੱਲ ਬਾਬਾ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਵਲੋਂ ਪਾਏ ਹਰ ਪਰਚੇ ਨੂੰ ਸਫਲਤਾ ਨਾਲ ਹੱਲ ਕਰ ਕੇ ਉਨ੍ਹਾਂ ਦਾ ਅੰਗ ਬਣ ਰਹੇ ਸਨ ਤਾਂ ਇਧਰ ਮਾਤਾ ਖੀਵੀ ਜੀ ਹੁਣ ਸਥੂਲ ਪੂਜਾ ਦੀ ਥਾਂ ਸੇਵਾ, ਸ਼ਬਦ ਤੇ ਸੰਗਤ ਵਿਚ ਲੀਨ ਹੋ ਰਹੇ ਸਨ।

ਨਿੱਤ ਕਰਮ–

ਪਹਿਰ ਰਾਤ ਰਹਿੰਦੀ ਮਾਤਾ ਖੀਵੀ ਜੀ ਉਠਦੇ ਤੇ ਘਰ ਦੇ ਕੰਮ ਕਾਜ ਤੋਂ ਵਿਹ਼ਲਿਆਂ ਹੋ ਕੇ ਲੰਗਰ ਦੀ ਸੰਭਾਲ ਵਿਚ ਲਗ ਜਾਂਦੇ। ਉਨ੍ਹਾਂ ਦੇ ਮਿੱਠੇ ਤੇ ਖੁਲ੍ਹੇ ਸੁਭਾਉ ਕਰਕੇ ਹੀ ਕਈ ਸਿੱਖੀ ਵੱਲ ਪ੍ਰੇਰੇ ਆਏ ਤੇ ਉਹਨਾਂ ਦੀ ਸੁਚੱਜੀ ਦੇਖ-ਭਾਲ ਕਰਕੇ ਕਿਸੇ ਨੇ ਲੰਗਰ ਨੂੰ ਵਿਗਾੜਨ ਦੀ ਕੋਸ਼ਿਸ਼ ਨਾ ਕੀਤੀ। ਇਥੋਂ ਤਕ ਕਿ ਮੁੱਖ ਰਸੋਈਆ ਭਾਈ ਜੋਧ ਜੀ ਜੂਠੀਆਂ ਪੱਤਲਾਂ ਵਿਚੋਂ 'ਚਿੜੀ ਚੋਗ' ਚੁਕ ਕੇ ਪੇਟ ਦੀ ਅਗਨੀ ਬੁਝਾਉਂਦੇ। ਮਾਤਾ ਖੀਵੀ ਜੀ ਨੇ ਜਦ ਦੇਖ ਲਿਆ ਕਿ ਉਸ ਬ੍ਰਾਹਮਣ ਦਾ ਚਿਰਾਂ ਦਾ ਬਣਿਆ ਵਿਤਕਰੇ ਵਾਲਾ ਸੁਭਾਉ ਮੁਕ ਗਿਆ ਤਾਂ ਆਪ ਭਾਈ ਜੀ ਨੂੰ ਗੁਰੂ ਜੀ ਪਾਸ ਲੈ ਆਏ ਤੇ ਉਹਨਾਂ ਨਾਲ ਬਿਠਾਲ ਕੇ ਪਰਸ਼ਾਦ ਛਕਾਇਆ। ਜਦ ਕਿਸੇ ਪੁੱਛਿਆ–

"ਭਾਈ ਜੀ! ਹੁਣ ਤਾਂ ਸੁੱਚਾ ਭੋਜਨ ਖਾਂਦੇ ਹੋ?" ਤਾਂ ਉਹਨਾਂ ਬੜੀ ਨਿਮਰਤਾ ਨਾਲ ਕਿਹਾ–

"ਹਾਂ ਭਾਈ! ਅੰਦਰ ਸੱਚ ਜੂ ਆ ਵਸਿਆ ਹੈ, ਹੁਣ ਸੁੱਚਾ ਭੋਜਨ ਹੀ ਜੱਚਦਾ ਹੈ। ਪਹਿਲਾਂ ਅੰਦਰ ਵਰਣਾਂ ਦੀ ਜੂਠ ਸੀ, ਸੋ ਜੂਠਾ ਖਾਂਦਾ ਸੀ।"

ਬੱਚਿਆਂ ਨੂੰ ਤਾਲੀਮ–

ਮਨ ਨੂੰ ਐਸੀ ਚੋਟ ਲੱਗੀ ਕਿ ਬੀਬੀ ਅਮਰੋ ਜੀ ਨੂੰ ਨਾਲ ਲੈ ਕੇ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਆਏ। ਫਿਰ ਗੁਰੂ ਜੀ ਦੇ ਹੋ ਗਏ ਤੇ ਐਸੀ ਘਾਲ ਘਾਲੀ ਕਿ *'ਪੀਊ ਦਾਦੇ ਜੇਵੇਹਾ ਪੜਦਾਦੇ ਪਰਵਾਣੁ ਪੜੋਤਾ।'* ਜ਼ਰਾ ਕੁ ਗਹੁ ਨਾਲ ਵੇਖਿਆ ਜਾਏ ਤਾਂ (ਗੁਰੂ) ਅਮਰਦਾਸ ਜੀ ਨੂੰ ਸਿੱਖੀ ਵੱਲ ਪ੍ਰੇਰਨ ਦਾ ਮਾਨ ਮਾਤਾ ਖੀਵੀ ਜੀ ਨੂੰ ਹੀ ਜਾਂਦਾ ਹੈ। ਜੇ ਬੀਬੀ ਅਮਰੋ ਜੀ ਸੇਵਾ ਕਰ ਪ੍ਰਸੰਨ ਹੁੰਦੇ ਤੇ ਸ਼ਬਦ ਵਿਚ ਮਨ ਜੋੜੀ ਰੱਖਦੇ ਸਨ ਤਾਂ ਇਸ ਦਾ ਕਾਰਨ ਉਹ ਉਪਦੇਸ਼ ਹੀ ਸਨ ਜੋ ਨਿਤ ਮਾਂ ਖੀਵੀ ਦੇਂਦੀ ਸੀ। ਮਾਂ ਦੇ ਦੁੱਧ ਅਤੇ ਗੁੜ੍ਹਤੀ ਨੇ ਇਹ ਚਮਤਕਾਰ ਦਿਖਾਇਆ ਜਿਸ ਨੂੰ ਕਦੇ ਅੱਖੀਆਂ ਤੋਂ ਉਹਲੇ ਨਹੀਂ ਕੀਤਾ ਜਾ ਸਕਦਾ। ਮਾਂ ਖੀਵੀ ਆਪਣੀ ਸੰਤਾਨ ਨੂੰ ਕਿਵੇਂ ਕੀਲ ਕੇ ਰੱਖਦੀ ਸੀ, ਇਸ ਦੀ ਇਕ ਉਦਾਹਰਨ ਉਸ ਸਮੇਂ ਦੀ ਹੈ ਜਦ ਘੋੜੀ 'ਤੇ ਸਵਾਰ ਹੋ ਦਾਸੂ ਜੀ ਨੇ ਗੁਰੂ ਅਮਰਦਾਸ ਜੀ ਦਾ ਪਿੱਛਾ ਕੀਤਾ ਸੀ। ਮਾਤਾ ਖੀਵੀ ਨੂੰ ਜਦ ਦਾਤੂ ਜੀ ਤੇ ਦਾਸੂ ਜੀ ਦੇ ਗੁਰੂ ਅਮਰਦਾਸ ਜੀ ਨੂੰ ਬਾਸਰ ਕੇ ਰਾਹ ਵਿਚ

ਘੇਰ ਲੈਣ ਦੀ ਖਬਰ ਮਿਲੀ ਤਾਂ ਆਪ ਜੀ ਉਸ ਸਮੇਂ ਤੁਰ ਕੇ ਗੁਰੂ ਅਮਰਦਾਸ ਜੀ ਦੇ ਪਾਸ ਗਏ ਅਤੇ ਜੋ ਉਥੇ ਉਹਨਾਂ ਨਿਮਰਤਾ ਵਿਚ ਭਿੱਜ ਕੇ ਸ਼ਬਦ ਆਖੇ, ਉਹ ਹਰ ਇਕ ਮਾਂ ਨੂੰ ਸਦਾ ਚੇਤੇ ਰੱਖਣੇ ਚਾਹੀਦੇ ਹਨ। ਇਥੇ ਇਹ ਵੀ ਯਾਦ ਰਵ੍ਹੇ ਕਿ (ਗੁਰੂ) ਅਮਰਦਾਸ ਜੀ ਉਸ ਸਮੇਂ ਅਜੇ ਗੁਰੂ ਨਹੀਂ ਸਨ ਬਣੇ।

ਮਾਤਾ ਖੀਵੀ ਜੀ ਨੂੰ ਬਾਸਰ ਕੇ ਦੇਖ ਕੇ (ਗੁਰੂ) ਅਮਰਦਾਸ ਜੀ ਨੇ ਕਿਹਾ, **"ਤੁਸਾਂ ਕਿਉਂ ਖੇਚਲ ਕੀਤੀ, ਮੈਨੂੰ ਬੁਲਾ ਲੈਣਾ ਸੀ।"**

ਮਾਤਾ ਜੀ ਨੇ ਕਿਹਾ, **"ਗੁਰੂ ਨਾਨਕ ਦੇ ਘਰ ਦੀ ਦਉਲਤ ਹੀ ਗਰੀਬੀ ਹੈ, ਨਿਮ੍ਰਤਾ ਹੈ। ਮੈਂ ਦੋਵੇਂ ਬੱਚੇ ਨਾਲ ਲੈ ਕੇ ਆਈ ਹਾਂ, ਇਨ੍ਹਾਂ ਨੇ ਲੋਕਾਂ ਦੇ ਚੁਕੇ-ਚੁਕਾਏ ਆਪ ਜੀ ਦੀ ਬੇਅਦਬੀ ਕੀਤੀ ਹੈ। ਆਪ ਜੀ ਨੂੰ ਘੇਰਿਆ ਹੈ, ਆਪ ਮਿਹਰ ਕਰੋ, ਭੁਲਣਹਾਰ ਜਾਣ ਕੇ ਤੇ ਆਪਣੇ ਸਮਝ ਕੇ ਬਖਸ਼ ਦਿਓ ਨੇ।"**

ਮਾਤਾ ਜੀ ਨੇ ਹੋਰ ਨਿਮਰ ਹੋ ਕੇ ਕਿਹਾ, "ਮੈਨੂੰ ਪਤਾ ਹੈ ਕਿ ਇਹ ਅਪਰਾਧ ਬਖਸ਼ਣ ਯੋਗ ਨਹੀਂ, ਮਿਹਰ ਕਰ ਦਿਓ ਨੇ।"

(ਗੁਰੂ) ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਤੇ ਧੰਨ ਮਾਤਾ ਖੀਵੀ ਜੀ ਕਹਿ ਕੇ ਬੱਚਿਆਂ ਨੂੰ ਛਾਤੀ ਨਾਲ ਲਗਾ ਲਿਆ।

ਫਿਰ ਜਦ ਗੁਰੂ ਅੰਗਦ ਦੇਵ ਜੀ ਨੇ ਮਾਤਾ ਖੀਵੀ ਜੀ ਨੂੰ (ਗੁਰੂ) ਅਮਰਦਾਸ ਜੀ ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਦੇਣ ਦੀ ਖਬਰ ਦਿੱਤੀ ਤਾਂ ਆਪ ਜੀ ਨੇ ਖੁਸ਼ੀ ਮਨਾਈ।

ਗੁਰੂ ਅੰਗਦ ਦੇਵ ਜੀ ਦੇ ਉਚਾਰੇ ਉਸ ਸਮੇਂ ਦੇ ਸ਼ਬਦ ਮਾਤਾ ਖੀਵੀ ਜੀ ਦੀ ਵਡਿਆਈ ਦਰਸਾਉਣ ਲਈ ਕਾਫੀ ਹਨ। ਗੁਰੂ ਅੰਗਦ ਦੇਵ ਜੀ ਨੇ ਕਿਹਾ, "ਸਾਨੂੰ ਪਤਾ ਹੈ ਕਿ ਤੁਸੀਂ ਰਜ਼ਾ ਵਿਚ ਰਾਜ਼ੀ ਹੋ, ਪੁੱਤਰਾਂ ਦੀ ਗੱਲ ਵੀਚਾਰੋ।"

ਮਾਤਾ ਜੀ ਨੇ ਪੁੱਤਰਾਂ ਦੇ ਸਬੰਧ ਵਿਚ ਕਿਹਾ, "ਪੁੱਤਰ ਪੁੱਤਰ-ਪੁਣੇ ਦੇ ਮਾਣ ਵਿਚ ਹਨ, ਤੁਸੀਂ ਹੀ ਮਿਹਰ ਕਰੋ। ਮਾਤਾ ਜੀ ਦੋਵਾਂ ਪੁੱਤਰਾਂ ਨੂੰ ਬਹੁਤ ਸਮਝਾਉਂਦੇ ਰਹੇ। ਬੜੇ ਮਿਠੇ ਢੰਗ ਨਾਲ ਕਹਿੰਦੇ ਕਿ ਇਹ ਮੇਰੀ ਜਾਂ ਤੇਰੀ ਸਿਫਾਰਸ਼ ਦੀ ਗੱਲ ਨਹੀਂ, ਕਿਸੇ ਦੇ ਹੱਥ ਕੁਝ ਨਹੀਂ, ਸਭ ਕੁਝ ਕਰਤਾਰ ਦੇ ਅਧੀਨ ਹੈ—

ਨਹਿ ਕਾਹੂ ਕੇ ਕਰ ਬਿਖੈ,
ਸਭ ਕਰਤਾਰ ਅਧੀਨੈ।।"

ਗੁਰੂ ਬੰਸਾਵਲੀ ਵਿਚ ਲਿਖਿਆ ਹੈ ਕਿ ਸੱਤ ਅੱਠ ਮਹੀਨੇ ਇਹ ਹੀ ਗੱਲ ਹੁੰਦੀ ਰਹੀ, ਪਰ ਮਾਤਾ ਖੀਵੀ ਜੀ ਬੱਚਿਆਂ ਨੂੰ ਇਹ ਹੀ ਕਹਿੰਦੇ, ਪੰਡ ਭਾਰੀ ਹੈ, ਤੁਮ ਤੇ ਉਠਾਈ ਨਹੀਂ ਜਾਏਗੀ। ਇਸ ਕੋ ਇਹੀ (ਗੁਰੂ ਅਮਰਦਾਸ) ਉਠਾਏਗਾ।

ਕੇਸਰ ਸਿੰਘ ਨੇ *ਬੰਸਾਵਲੀ ਨਾਮਾ* ਵਿਚ ਲਿਖਿਆ ਹੈ, "ਪੰਡ ਭਾਰੀ ਹੈ। ਤੁਸਾਂ ਤੇ ਚੁਕੀ ਨਾ ਜਾਸੀ, ਇਹ ਚੁਕੇਗਾ ਸਾਰੀ।"

ਇਤਨੇ ਨੂੰ ਇਕ ਘਟਨਾ ਹੋ ਗਈ। ਉਸ ਸਮੇਂ ਦਰਿਆ ਖਡੂਰ ਸਾਹਿਬ ਤੋਂ ਤਿੰਨ ਮੀਲ ਦੀ ਦੂਰੀ 'ਤੇ ਵੱਗਦਾ ਸੀ। (ਗੁਰੂ ਅਮਰਦਾਸ ਜੀ ਰੋਜ਼ ਪਿਛਲੀ ਰਾਤ ਦਰਿਆ ਤੋਂ ਪਾਣੀ ਦੀ

ਗਾਗਰ ਲੈ ਕੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਂਦੇ ਸਨ। ਇਕ ਰਾਤ ਜਦ ਪਾਣੀ ਦੀ ਗਾਗਰ ਲੈ ਕੇ ਵਾਪਸ ਮੁੜ ਰਹੇ ਸਨ ਤਾਂ ਉਸ ਵੇਲੇ ਬੱਦਲ ਛਾਏ ਹੋਏ ਸਨ ਤੇ ਰਾਤ ਅਨ੍ਹੇਰੀ ਸੀ। ਰਾਹ ਵਿਚ ਮੀਂਹ ਵਰ੍ਹ ਪਇਆ। ਅਨ੍ਹੇਰੇ ਕਾਰਨ (ਗੁਰੂ) ਅਮਰਦਾਸ ਜੀ ਦਾ ਇਕ ਪੈਰ ਜੁਲਾਹੇ ਦੀ ਖੱਡੀ ਵਿਚ ਪਿਆ ਤੇ ਉਹ ਡਿੱਗ ਪਏ। ਜੁਲਾਹਾ ਅੰਦਰ ਸੀ ਤੇ ਉਸ ਨੇ ਜੁਲਾਹੀ ਤੋਂ ਪੁੱਛਿਆ, "ਇਹ ਕਾਹਦਾ ਖੜਾਕ ਹੋਇਆ ਹੈ?"

ਉਹ ਬੋਲੀ, "ਇੰਜ ਪ੍ਰਤੀਤ ਹੁੰਦਾ ਹੈ ਕਿ ਕੋਈ ਤਿਲ੍ਹਕ ਪਿਆ ਹੈ। ਸ਼ਾਇਦ ਅਮਰੂ ਨਿਥਾਵਾਂ ਹੋਵੇਗਾ, ਜੋ ਇਸ ਵੇਲੇ ਪਾਣੀ ਲੈ ਕੇ ਆਇਆ ਕਰਦਾ ਹੈ।

ਸਵੇਰੇ ਗੁਰੂ ਅੰਗਦ ਦੇਵ ਜੀ ਨੇ ਪਹਿਲਾਂ ਬਾਬਾ ਅਮਰਦਾਸ ਕੋਲੋਂ ਪੁੱਛਿਆ, "ਅੱਜ ਸਵੇਰੇ ਕੀ ਵਾਪਰੀ?" ਤਾਂ ਉਹਨਾਂ ਬੜੀ ਭਾਵ-ਪੂਰਤ ਗੱਲ ਆਖੀ, **ਮਿੱਤਰ ਪਿਆਰੇ ਦੀ ਨੂਰਾਨੀ ਧਰਤੀ (ਦਿਲ) ਸੰਸਾਰ ਦੇ ਹਾਲਾਤ ਪ੍ਰਗਟਾਉਣ ਵਾਲਾ ਸ਼ੀਸ਼ਾ ਹੈ। ਆਪਣਾ ਹਾਲ ਦੱਸਣ ਦੀ ਕੀ ਲੋੜ ਹੈ।"**

ਗੁਰੂ ਜੀ ਨੇ ਉਸ ਜੁਲਾਹੇ ਜੁਲਾਹੀ ਨੂੰ ਬੁਲਾਇਆ ਤੇ ਭਰੇ ਦਰਬਾਰ ਵਿਚ ਕਿਹਾ ਕਿ "ਜੋ ਰਾਤ ਨੂੰ ਬੀਤੀ ਹੈ, ਸਚੋ ਸੱਚ ਆਖੋ।"

ਜੁਲਾਹੀ ਨੇ ਕਿਹਾ, "ਹਾਂ, ਮੇਰੇ ਮੂੰਹੋਂ ਸੁਭਾਵਕ ਨਿਕਲ ਗਿਆ ਸੀ ਕਿ ਅਮਰੂ ਨਿਥਾਵਾਂ ਹੋਵੇਗਾ।"

ਇਹ ਸੁਣ ਕੇ ਗੁਰੂ ਜੀ ਦੀਆਂ ਅੱਖਾਂ ਵਿਚ ਪਿਆਰ ਦੇ ਹੰਝੂ ਆ ਗਏ ਤੇ (ਗੁਰੂ) ਅਮਰਦਾਸ ਨੂੰ ਗਲ ਨਾਲ ਲਗਾ ਲਿਆ ਤੇ ਸਭ ਦੇ ਸਾਹਮਣੇ ਉੱਚੀ ਉੱਚੀ ਫੁਰਮਾਇਆ-

"ਅਮਰਦਾਸ ਨਿਥਾਵਾਂ ਨਹੀਂ, ਸਗੋਂ ਨਿਥਾਵਿਆਂ ਦਾ ਥਾਉਂ, ਨਿਘਰਿਆਂ ਦਾ ਘਰ, ਬੇ-ਪਨਾਹਵਾਂ ਦੀ ਪਨਾਹ, ਗਰੀਬ-ਨਿਵਾਜ, ਕਾਰਣ ਕਰਣ, ਸਮਰਥ, ਤੀਜਾ ਗੁਰੂ ਨਾਨਕ ਹੈ।"

ਉਸ ਜੁਲਾਹੇ ਨੂੰ ਦੂਜਾ ਮਕਾਮ ਬਖਸ਼ਿਆ ਤੇ ਜੁਲਾਹੇ ਦੀ ਖੱਡੀ ਨੂੰ ਪਾਵਨ ਤੇ ਆਦਰ ਯੋਗ ਅਸਥਾਨ ਮਿਥਿਆ ਤੇ ਹੁਕਮ ਕੀਤਾ ਕਿ ਉਸ ਖੱਡੀ ਕੋਲ ਹੀ ਉਹਨਾਂ ਦਾ ਡੇਰਾ ਬਣਾਇਆ ਜਾਵੇ।

ਦੋਵਾਂ ਪੁੱਤਰਾਂ ਰੋਸ ਮਨਾਇਆ। ਦਾਸੂ ਜੀ ਤਾਂ ਕੁਝ ਚਿਰ ਪਿਛੋਂ ਗੁਰੂ-ਦਰ ਹਾਜ਼ਰ ਹੋ ਗਏ ਪਰ ਦਾਤੂ ਜੀ ਸਿਧਾਸਣ ਸਿਖਣ ਵਿਚ ਲਗ ਪਏ। ਭਰੇ ਦਰਬਾਰ ਵਿਚ ਉਨ੍ਹਾਂ ਸਾਹਿਬ ਗੁਰੂ ਅਮਰਦਾਸ ਜੀ ਨੂੰ ਲੱਤ ਮਾਰੀ ਤਾਂ ਗੁਰੂ ਪਾਤਸ਼ਾਹ ਨੇ ਉਸ ਦੇ ਪੈਰ ਪਕੜ ਲਏ ਤੇ 'ਤੁਹਾਡੇ ਚਰਨ ਕੋਮਲ ਤੇ ਮੇਰੇ ਹੱਡ ਕਰੜੇ' ਆਖ ਨਿਮਰਤਾ ਤੇ ਖਿਮਾਂ ਦੀ ਹੱਦ ਦੱਸੀ। ਮਾਤਾ ਖੀਵੀ ਜੀ ਨੇ ਦਾਤੂ ਜੀ ਦਾ ਕਠੋਰਪੁਣਾ ਦੇਖ ਕਦੇ ਹਾਮੀ ਨਾ ਭਰੀ। ਇਹ ਵੀ ਉਨ੍ਹਾਂ ਦੀ ਵਡਿਆਈ ਸੀ ਕਿ ਮਨਮੁੱਖ ਦਾ ਸਾਥ ਨਾ ਦਿੱਤਾ।

ਗੁਰੂ ਅੰਗਦ ਦੇਵ ਜੀ ਦੇ ਜੋਤੀ-ਜੋਤ ਸਮਾਉਣ ਉਪਰੰਤ ਆਪ ਜੀ ਉਸੇ ਤਰ੍ਹਾਂ ਸੇਵਾ ਵਿਚ ਜੁਟੇ ਰਹੇ। ਗੁਰੂ ਅਮਰਦਾਸ ਜੀ ਵੇਲੇ ਲੰਗਰ ਵਿਚ ਨਿਤ ਘਿਉ ਮੈਦਾ ਪੱਕਦਾ ਤੇ ਰਬਾਬੀ ਸੱਤੇ ਜੀ ਨੇ ਫਿਰ 'ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ' ਦੀ ਧੁਨੀ ਉਠਾਈ।

ਕਨ੍ਹਈਆ ਲਾਲ ਲਿਖਦਾ ਹੈ ਕਿ ਗੁਰੂ ਅਮਰਦਾਸ ਜੀ ਦਾ ਲੰਗਰ ਹਰ ਵੇਲੇ ਜਾਰੀ ਰਹਿੰਦਾ ਸੀ, ਜਿਸ ਵਿਚ ਭਾਂਤ ਭਾਂਤ ਦੇ ਭੋਜਨ ਸਦਾ ਹੀ ਪੱਕਦੇ ਰਹਿੰਦੇ ਸਨ ਤੇ ਹਰ ਕਿਸੇ ਨੂੰ ਇਕੋ ਜਿਹਾ ਹਿੱਸਾ ਮਿਲਦਾ ਸੀ। ਆਪ ਗੁਰੂ ਜੀ ਜੌਂਵਾਂ ਦਾ ਅਲੂਣਾ ਦਲੀਆ ਖਾਂਦੇ ਸਨ ਤੇ ਦਿਨ ਰਾਤ ਵਾਹਿਗੁਰੂ ਦੀ ਯਾਦ ਵਿਚ ਰਹਿੰਦੇ। ਲੰਗਰ ਵਿਚ ਚਹੁੰ ਵਰਨਾਂ ਦੇ ਲੋਕ ਇਕ ਥਾਂ ਪ੍ਰਸ਼ਾਦ ਛਕਦੇ ਸਨ। ਜੋ ਵੀ ਦਰਸ਼ਨ ਲਈ ਹਾਜ਼ਰ ਹੁੰਦਾ, ਉਸ ਲਈ ਸ਼ਰਤ ਹੁੰਦੀ ਸੀ ਕਿ ਪਹਿਲਾਂ ਲੰਗਰ ਦਾ ਪਵਿੱਤਰ ਪ੍ਰਸ਼ਾਦ ਛਕ ਕੇ ਆਵੇ। 'ਪਹਿਲੈ ਪੰਗਤ ਪਾਛੈ ਸੰਗਤ' ਗੁਰੂ ਦਾ ਹੁਕਮ ਸੀ। ਜੇ ਕੋਈ ਲੰਗਰ ਦਾ ਪ੍ਰਸ਼ਾਦ ਨਾ ਛਕਦਾ, ਉਸ ਨੂੰ ਦਰਸ਼ਨ ਨਸੀਬ ਨਾ ਹੁੰਦਾ।

ਇਸ ਤੋਂ ਇਹ ਜਾਨਣਾ ਪੈਂਦਾ ਹੈ ਕਿ ਜੋ ਲੀਹ ਮਾਤਾ ਖੀਵੀ ਜੀ ਨੇ ਲੰਗਰ ਵਰਤਾਉਣ ਦੀ ਪਾਈ ਸੀ, ਉਹ ਟੁਰਦੀ ਰਹੀ। ਗੁਰੂ ਅਮਰਦਾਸ ਜੀ ਵੀ ਲੰਗਰ ਦੇ ਭਾਂਡੇ ਰਾਤ ਨੂੰ ਖਾਲੀ ਕਰ ਕੇ ਹੀ ਸੌਂਦੇ। ਨਿੱਜ ਲਈ ਕੁਝ ਨਾ ਰੱਖਦੇ ਜਾਂ ਸੰਭਾਲਦੇ।

ਮਾਤਾ ਖੀਵੀ ਜੀ ਬਿਰਧ ਹੋਣ ਕਰਕੇ ਫਿਰ ਖਡੂਰ ਵਾਪਸ ਮੁੜ ਆਏ ਤੇ ਦਾਸੂ ਜੀ ਪਾਸ ਰਹਿਣ ਲੱਗੇ। ਜਦ ਸ੍ਰੀ ਅੰਮ੍ਰਿਤਸਰ ਵਸ ਗਿਆ ਤਾਂ ਆਪ ਜੀ ਕੁਝ ਚਿਰ ਲਈ ਸ੍ਰੀ ਅੰਮ੍ਰਿਤਸਰ ਵੀ ਰਹੇ। ਆਪ ਜੀ ਨੇ ਸੰਨ ੧੫੮੨ ਈ: ਨੂੰ ਖਡੂਰ ਸਾਹਿਬ ਹੀ ਅਕਾਲ ਚਲਾਣਾ ਕੀਤਾ ਤੇ ਗੁਰੂ ਅਰਜਨ ਦੇਵ ਜੀ ਆਪੂੰ ਸਸਕਾਰ ਵੇਲੇ ਪੁੱਜੇ।

ਗੱਲ ਕੀ, ਮਾਤਾ ਖੀਵੀ ਜੀ ਇਕ ਅਤਿ ਠਹਿਰੇ ਸੁਭਾਅ ਦੇ ਮਾਲਕ, ਸ਼ਰਮ ਦੇ ਪੁਤਲੇ, ਅਕਲ ਦੇ ਕੋਟ, ਦਾਤੇ, ਹੱਥ ਖੁਲ੍ਹੇ, ਧਰਮ ਦੀ ਮੂਰਤ, ਸਦਾ ਰਜ਼ਾ ਵਿਚ ਰਾਜ਼ੀ ਅਤੇ ਹਮੇਸ਼ਾਂ ਖੇੜੇ ਵਿਚ ਰਹਿਣ ਵਾਲੇ ਐਸੀ ਹਨ ਜਿਨ੍ਹਾਂ ਦੀ ਸੰਘਣੀ ਛਾਂ ਸਦਾ ਠੰਢਕ ਪਹੁੰਚਾਂਦੀ ਰਵ੍ਹੇਗੀ।

❋❋❋

ਭਾਈ ਗੁਰਦਾਸ ਜੀ

ਧਰਮ ਬਾਨੀ ਵਲੋਂ ਆਰੰਭ ਕੀਤੀ ਧਾਰਮਿਕ ਵਿਚਾਰਧਾਰਾ ਤਾਂ ਹੀ ਚਿਰੰਜੀਵ ਰਹਿ ਸਕਦੀ ਹੈ, ਜੇਕਰ ਉਸ ਨੂੰ ਪ੍ਰਚਾਰਣ ਵਾਲੇ ਸੁਜਾਨ ਪੁਰਸ਼ ਮਿਲ ਜਾਣ। ਇਸ ਤਰ੍ਹਾਂ ਧਰਮ ਬਾਨੀ ਨਾਲ ਉਸ ਧਰਮ ਦੇ ਬੁਧੀਮਾਨ ਵਿਆਖਿਆਕਾਰਾਂ ਦੀ ਦੇਣ ਵੀ ਅਵੱਸ਼ ਹੁੰਦੀ ਹੈ, ਜੋ ਆਪਣੇ ਰਹਿਨੁਮਾ ਵਲੋਂ ਚਲਾਏ ਪੰਥ ਨੂੰ ਸਹਿਲ ਤੇ ਸੁਚੱਜੇ ਢੰਗ ਨਾਲ ਜਨ-ਸਾਧਾਰਨ ਦੇ ਸਾਹਮਣੇ ਪੇਸ਼ ਕਰਦੇ ਹਨ। ਸਿੱਖ ਧਰਮ ਵਿਚ ਅਜੇਹੀ ਸੇਵਾ ਨਿਭਾਉਣ ਦਾ ਮੌਕਾ ਭਾਈ ਗੁਰਦਾਸ ਜੀ ਨੂੰ ਪ੍ਰਾਪਤ ਹੋਇਆ। ਉਹ ਗੁਰਬਾਣੀ ਦੇ ਪਹਿਲੇ ਵਿਆਖਿਆਕਾਰ ਤੇ ਸਿੱਖ ਇਤਿਹਾਸ ਦਰਸ਼ਨ ਦੇ ਅਨਮੋਲ ਹੀਰੇ ਹਨ, ਜਿਨ੍ਹਾਂ ਨੂੰ ਅਸੀਂ ਸਿੱਖ ਧਰਮ ਦਾ ਵੇਦ ਵਿਆਸ ਮੰਨ ਕੇ ਸਤਿਕਾਰਦੇ ਹਾਂ। ਇਹ ਅਫਸੋਸ ਦੀ ਗੱਲ ਹੈ ਕਿ ਸਾਨੂੰ ਉਹਨਾਂ ਦੇ ਜਨਮ ਬਾਰੇ ਕੋਈ ਵੀ ਠੀਕ ਮਿਤੀ ਨਹੀਂ ਮਿਲੀ। ਕੁਝ ਪੁਰਾਤਨ ਗ੍ਰੰਥਾਂ ਤੇ ਵਿਦਵਾਨਾਂ ਵਲੋਂ ਦਿਤੇ ਵੱਖ-ਵੱਖ ਵਿਚਾਰਾਂ ਦੇ ਆਧਾਰ 'ਤੇ ਹੀ ਉਹਨਾਂ ਦੇ ਜਨਮ ਅਤੇ ਮੁੱਢਲੇ ਜੀਵਨ ਸਬੰਧੀ ਕੁਝ ਅੰਦਾਜ਼ੇ ਲਾਏ ਜਾ ਸਕਦੇ ਹਨ।

ਭਾਈ ਗੁਰਦਾਸ ਜੀ ਭੱਲਾ ਪਰਿਵਾਰ ਨਾਲ ਸੰਬੰਧਤ ਸਨ ਅਤੇ ਤੀਜੇ ਗੁਰੂ ਅਮਰਦਾਸ ਜੀ ਦੇ ਭਤੀਜੇ ਲੱਗਦੇ ਸਨ। ਭਾਈ ਕੇਸਰ ਸਿੰਘ ਛਿੱਬਰ ਅਨੁਸਾਰ —

> 'ਵਿਸ਼ਨ ਦਾਸ ਦਾ ਨਾਂ ਦਾ ਇਕ ਭੱਲਾ ਖੱਤਰੀ ਬਾਸਰ ਕੇ ਪਿੰਡ ਵਿਚ ਹੱਟੀ ਕਰਦਾ ਸੀ। ਸੰਮਤ ੧੫੨੦ ਬਿ: ਵਿਚ ਉਸ ਦੇ ਘਰ ਹਰਿ ਜੀ ਨਾਂ ਦਾ ਪੁੱਤਰ ਪੈਦਾ ਹੋਇਆ, ਜਿਸ ਦਾ ਵਿਆਹ ਸੰਨ ੧੫੩੯ ਵਿਚ ਮਰਵਾਹੇ ਖੱਤਰੀਆਂ ਦੇ ਘਰ ਕੀਤਾ ਗਿਆ ਤੇ ਸੰਮਤ ੧੫੪੫ ਬਿ: ਨੂੰ ਬਾਸਰ ਕੇ ਪਿੰਡ ਛੱਡ ਕੇ ਸਾਰੇ ਗਿਲਵਾਲੀ ਪਿੰਡ ਜਾ ਵੱਸੇ। ਉਥੇ ਹਰਿ ਜੀ ਦੇ ਘਰ ਤੇਜੋ (ਤੇਜ ਭਾਨ) ਨਾਂ ਦਾ ਪੁੱਤਰ ਪੈਦਾ ਹੋਇਆ। ਸੰਮਤ ੧੫੫੬ ਬਿ: ਵਿਚ ਉਸ ਦੇ ਘਰ ਗੁਰੂ ਅਮਰਦਾਸ ਜੀ ਦਾ ਜਨਮ ਹੋਇਆ। ਤੇਜ ਭਾਨ ਤੋਂ ਬਾਅਦ ਹਰਿ ਜੀ ਦੇ ਘਰ ਦੋ ਹੋਰ ਪੁੱਤਰ ਚੰਦਰ ਭਾਨ ਤੇ ਭਾਨ ਚੰਦ ਪੈਦਾ ਹੋਏ। ਚੰਦਰ ਭਾਨ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ। ਵੱਡੇ ਦਾ ਨਾਂ ਦਾਤਾਰ ਚੰਦ ਤੇ ਨਿੱਕੇ ਦਾ ਨਾਂ ਈਸ਼ਰ ਦਾਸ ਸੀ। ਈਸ਼ਰ ਦਾਸ ਦੇ ਘਰ ਭਾਈ ਗੁਰਦਾਸ ਜੀ ਪੈਦਾ ਹੋਏ।
>
> ਭਾਈ ਗੁਰਦਾਸ ਈਸਰ ਭਲੇ ਦਾ ਬੇਟਾ।
> ਈਸਰ ਵਿਸਨੁ ਦਾਸ ਭਲੇ ਦੇ ਪਰਵਾਰ ਵਿਚੋਂ

ਆਹਾ ਖਤਰੇਟਾ[8]

ਇਸ ਤਰ੍ਹਾਂ ਭਾਈ ਗੁਰਦਾਸ ਈਸ਼ਰ ਦਾਸ ਭੱਲੇ ਦੇ ਪੁੱਤਰ ਸਨ। ਈਸ਼ਰ ਦਾਸ ਗੁਰੂ ਅਮਰਦਾਸ ਜੀ ਦੇ ਚਾਚੇ ਦਾ ਪੁੱਤਰ ਸੀ। ਸੋ ਭਾਈ ਗੁਰਦਾਸ ਗੁਰੂ ਅਮਰਦਾਸ ਜੀ ਦੇ ਭਤੀਜੇ ਸਨ।

ਛੋਟੀ ਉਮਰ ਵਿਚ ਹੀ ਆਪ ਦੇ ਮਾਤਾ-ਪਿਤਾ ਪ੍ਰਲੋਕ ਸੁਧਾਰ ਗਏ, ਜਿਸ ਕਰਕੇ ਆਪ ਦਾ ਬਚਪਨ ਤੇ ਬਾਕੀ ਸਾਰਾ ਜੀਵਨ ਗੁਰੂ ਅਮਰਦਾਸ ਜੀ ਦੀ ਨਿਗਰਾਨੀ ਹੇਠ ਬੀਤਿਆ। ਗੁਰੂ ਅਮਰਦਾਸ ਜੀ ਨੂੰ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਪਾਸੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣ ਕੇ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਦੀ ਤਾਂਘ ਹੋਈ ਤੇ ਆਪ ਦਰਸ਼ਨਾਂ ਲਈ ਆਏ ਹੋਏ ਸਦਾ ਲਈ ਗੁਰੂ ਘਰ ਦੇ ਹੋ ਗਏ ਤੇ ਬਾਕੀ ਸਾਰੇ ਪ੍ਰੀਵਾਰ ਸਮੇਤ ਗੋਇੰਦਵਾਲ ਆ ਵੱਸੇ। ਉਸ ਸਮੇਂ ਹੀ ਭਾਈ ਗੁਰਦਾਸ ਜੀ ਦੇ ਪਿਤਾ ਈਸ਼ਰ ਦਾਸ ਵੀ ਇਥੇ ਆ ਵੱਸੇ ਹੋਣਗੇ।

ਪੁਰਾਤਨ ਤੱਥਾਂ ਦੇ ਆਧਾਰ 'ਤੇ ਹੀ ਆਪ ਦਾ ਜਨਮ ੧੬੧੦ ਬਿ: (੧੫੫੩ ਈ:) ਦੇ ਆਸ-ਪਾਸ ਗੋਇੰਦਵਾਲ ਵਿਚ ਹੀ ਹੋਇਆ ਮੰਨਿਆ ਜਾ ਸਕਦਾ ਹੈ। ਭਾਈ ਗੁਰਦਾਸ ਜੀ ਦਾ ਬਚਪਨ ਤੇ ਮੁੱਢਲਾ ਜੀਵਨ ਗੋਇੰਦਵਾਲ ਹੀ ਬੀਤਿਆ ਤੇ ਮੁੱਢਲੀ ਵਿਦਿਆ ਵੀ ਇਥੇ ਰਹਿ ਕੇ ਹੀ ਪ੍ਰਾਪਤ ਕੀਤੀ ਜਾਪਦੀ ਹੈ। ਗੁਰੂ ਅਮਰਦਾਸ ਜੀ ਦੇ ਇਥੇ ਆਉਣ ਤੇ ਸਿੱਖੀ ਦਾ ਕੇਂਦਰ ਬਣਨ ਕਰਕੇ ਛੇਤੀ ਹੀ ਧਾਰਮਿਕ, ਵਿਦਿਅਕ ਤੇ ਸਭਿਆਚਾਰਕ ਸਰਗਰਮੀਆਂ ਦਾ ਕੇਂਦਰ ਬਣ ਗਿਆ ਸੀ। ਕਈ ਵਿਦਵਾਨਾਂ ਨੇ ਭਾਈ ਗੁਰਦਾਸ ਜੀ ਦੀ ਮਹਾਨ ਵਿਦਵਤਾ ਤੇ ਬਹੁਪੱਖੀ ਗਿਆਨ ਨੂੰ ਦੇਖ ਕੇ ਬਿਆਨ ਕੀਤਾ ਹੈ ਕਿ ਉਹ ਸ਼ਾਇਦ ਆਪਣੇ ਸਮੇਂ ਦੇ ਸਭ ਤੋਂ ਪ੍ਰਸਿੱਧ ਇਸਲਾਮੀ ਅਤੇ ਭਾਰਤੀ ਵਿਦਿਆ ਦੇ ਕੇਂਦਰ 'ਤੇ ਜਾ ਕੇ ਪੜ੍ਹੇ ਹੋਣਗੇ। ਪਰ ਇਹ ਨਿਸਚਿਤ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਵਿਦਿਆ ਆਪ ਨੇ ਗੋਇੰਦਵਾਲ ਸਾਹਿਬ ਵਿਖੇ ਹੀ ਗੁਰੂ ਸਾਹਿਬਾਂ ਦੀ ਨਿਗਰਾਨੀ ਹੇਠ ਪ੍ਰਾਪਤ ਕੀਤੀ। ਇਹ ਹੋ ਸਕਦਾ ਹੈ ਕਿ ਛੋਟੀ ਉਮਰ ਵਿਚ ਹੀ ਆਪ ਨੂੰ ਬਾਹਰ ਕੁਝ ਥਾਵਾਂ 'ਤੇ ਪ੍ਰਚਾਰ ਦੇ ਕੰਮਾਂ ਲਈ ਜਾਣ ਸਮੇਂ ਸਿਆਣੇ ਆਦਮੀਆਂ ਦੇ ਨੇੜੇ ਰਹਿਣ ਦਾ ਮੌਕਾ ਮਿਲਿਆ ਹੋਵੇ।

ਆਪ ਦੇ ਵਿਆਹ, ਸੰਤਾਨ ਆਦਿ ਬਾਰੇ ਕਿਤੇ ਕੋਈ ਉਲੇਖ ਨਹੀਂ ਮਿਲਦਾ। ਜਿਥੋਂ ਤਕ ਆਪ ਦੇ ਗ੍ਰਿਹਸਥ ਜੀਵਨ ਸਬੰਧੀ ਵਿਚਾਰਾਂ ਦਾ ਸਬੰਧ ਹੈ, ਉਹ ਤਾਂ ਉਨ੍ਹਾਂ ਦੀ ਰਚਨਾ ਤੋਂ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ, ਉਹ ਗ੍ਰਿਹਸਥ ਮਾਰਗ ਨੂੰ ਸਭ ਤੋਂ ਉਤਮ ਮੰਨਦੇ ਹਨ—

ਗਿਆਨਨ ਮੈ ਗਿਆਨੁ ਅਰੁ ਧਿਆਨਨ ਮੈ ਧਿਆਨ ਗੁਰ।
ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨੁ ਹੈ[9]

ਭਾਈ ਗੁਰਦਾਸ ਜੀ ਸਿੱਖੀ ਦੇ ਪ੍ਰਚਾਰ ਲਈ ਅਨੇਕਾਂ ਖੇਤਰਾਂ ਵਿਚ ਗਏ, ਤੇ ਸਾਰਾ ਜੀਵਨ ਸਿੱਖੀ ਦੀ ਸੇਵਾ ਵਿਚ ਹੀ ਬਿਤਾਇਆ। ਗੁਰੂ ਅਮਰਦਾਸ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਤੱਕ ਆਪ ਆਗਰਾ, ਅਵਧ, ਮੱਧ-ਭਾਰਤ ਤੇ ਹੋਰ ਨਾਲ ਲੱਗਦੇ ਇਲਾਕੇ ਵਿਚ ਬਹੁਤ ਸਫਲਤਾ ਪੂਰਵਕ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਫਤਹਿਪੁਰ ਸੀਕਰੀ, ਗਵਾਲੀਅਰ, ਉਜੈਨ, ਬੁਰਹਾਨਪੁਰ, ਲਖਨਊ ਤੇ ਜੌਨਪੁਰ ਆਦਿ ਥਾਵਾਂ 'ਤੇ ਸਿੱਖ ਸੰਗਤਾਂ ਦੀ

ਸਥਾਪਨਾ ਕੀਤੀ।

ਗੁਰੂ ਅਰਜਨ ਦੇਵ ਜੀ ਦੇ ਚਣੌਤੀਆਂ ਭਰੇ ਸਮੇਂ ਵਿਚ ਆਪ ਨੂੰ ਗੁਰਸਿੱਖੀ ਦੀ ਪ੍ਰਫੁਲਤਾ ਲਈ ਇਸ ਦੇ ਬਾਹਰੀ ਤੇ ਅੰਦਰੂਨੀ ਵਿਰੋਧੀਆਂ ਨੂੰ ਨਕੇਲ ਪਾਈ। ਪ੍ਰਿਥੀ ਚੰਦ ਦੀਆਂ ਕੋਝੀਆਂ ਕਰਤੂਤਾਂ ਨੂੰ ਅਸਫਲ ਬਣਾਇਆ, ਸੰਗਤਾਂ ਨੂੰ ਗੁਰੂ-ਘਰ ਵੱਲ ਮੋੜਿਆ, ਜਿਸ ਨਾਲ ਆਰਥਿਕ ਮੰਦਹਾਲੀ ਦੂਰ ਹੋਈ ਤੇ ਗੁਰੂ ਸਾਹਿਬ ਨੇ ਉਸਾਰੀ ਦੇ ਕੰਮਾਂ ਵੱਲ ਧਿਆਨ ਦਿੱਤਾ। ੧੫੮੯ ਈ: ਵਿਚ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ। ਮਾਝੇ ਦੇ ਇਲਾਕੇ ਦੀ ਯਾਤਰਾ ਸਮੇਂ ਗੁਰੂ ਸਾਹਿਬ ਨੇ ਤਰਨ ਤਾਰਨ ਅਤੇ ਜਲੰਧਰ ਜ਼ਿਲ੍ਹੇ ਵਿਚ ਕਰਤਾਰਪੁਰ ਨਾਮ ਦਾ ਨਗਰ ਵਸਾਇਆ। ਇਸ ਸਮੇਂ ਵੀ ਭਾਈ ਗੁਰਦਾਸ ਜੀ ਗੁਰੂ ਸਾਹਿਬ ਦੇ ਨਾਲ ਸਨ।

ਗੁਰੂ ਅਰਜਨ ਦੇਵ ਜੀ ਨੇ ਗੁਰੂ ਸਾਹਿਬਾਨ ਤੇ ਹੋਰ ਭਗਤਾਂ ਦੀ ਬਾਣੀ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਲਿਖਣ ਦੀ ਮਹਾਨ ਸੇਵਾ ਭਾਈ ਗੁਰਦਾਸ ਜੀ ਨੇ ਹੀ ਨਿਭਾਈ। ਇਹ ਲਿਖਣ ਦਾ ਕੰਮ ਸੰਮਤ ੧੬੬੧ ਬਿ: ਵਿਚ ਪੂਰਾ ਹੋਇਆ। ਇਕ ਵਿਚਾਰ ਅਤੇ ਸਾਰੇ ਗੁਰੂ ਆਸ਼ੇ ਦੀ ਵਿਆਖਿਆ ਕਰਨ ਲਈ ਭਾਈ ਗੁਰਦਾਸ ਜੀ ਨਾਲੋ-ਨਾਲ ਆਪ ਵੀ ਰਚਨਾ ਰਚ ਰਹੇ ਸਨ, ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਵਿਚ ਸ਼ਾਮਲ ਕਰਨ ਲਈ ਕਿਹਾ ਪਰ ਆਪ ਨੇ ਨਿਮਰਤਾ ਦਾ ਪ੍ਰਗਟਾਵਾ ਕਰਦਿਆਂ ਨੇ ਕਿਹਾ-

'ਸੇਵਕ ਸਾਹਿਬ ਦੇ ਬਰਾਬਰ ਬੈਠਾ ਸ਼ੋਭਦਾ ਨਹੀਂ।'

ਇਸ 'ਤੇ ਖੁਸ਼ ਹੋ ਕੇ ਗੁਰੂ-ਪਾਤਸ਼ਾਹ ਨੇ ਆਪ ਦੀ ਬਾਣੀ ਨੂੰ **'ਗੁਰਬਾਣੀ ਦੀ ਕੁੰਜੀ'** ਹੋਣ ਦਾ ਵਚਨ ਦਿੱਤਾ, ਜਿਸ ਦੀ ਪ੍ਰੋੜ੍ਹਤਾ ਹੇਠ ਲਿਖੀਆਂ ਤੁਕਾਂ ਤੋਂ ਹੁੰਦੀ ਹੈ :-

ਭਾਈ ਜੀ ਸੁਨੀਏ ਨਿਰਧਾਰ।
ਤੁਮਰੀ ਬਾਣੀ ਅਪਰ ਅਪਾਰ।
ਮਨਹੁ ਗ੍ਰੰਥ ਦਾ ਟੀਕਾ ਭਯੋ।
ਯਾਹਿ ਪੜ੍ਹੇ ਦੁਖ ਸਗਲਾ ਗਯੋ।[੪]

ਇਸ ਤਰ੍ਹਾਂ ਇਸ ਸਮੇਂ ਦੌਰਾਨ ਭਾਈ ਗੁਰਦਾਸ ਜੀ ਨੇ ਸਿੱਖ ਧਰਮ ਤੇ ਇਤਿਹਾਸ ਵਿਚ ਯੋਗ ਕਾਰਜ ਕੀਤੇ ਤੇ ਸਿੱਖੀ ਦੇ ਪ੍ਰਚਾਰ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ।

ਮੀਰੀ-ਪੀਰੀ ਦੇ ਮਾਲਕ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਮੁੱਢਲੇ ਸਮੇਂ ਆਪ ਤੇ ਬਾਬਾ ਬੁੱਢਾ ਜੀ ਹੀ ਉਸਾਰੀ ਦੇ ਕੰਮ ਸੰਭਾਲਦੇ ਰਹੇ। ੧੬੦੬ ਈ: ਵਿਚ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਹੀ ਗੁਰੂ ਸਾਹਿਬ ਨੇ ਅਕਾਲ ਤਖਤ ਦੀ ਨੀਂਹ ਰੱਖੀ। ਇਸ ਦੀ ਉਸਾਰੀ ਦੀ ਸੇਵਾ ਭਾਈ ਸਾਹਿਬ ਨੇ ਨਿਭਾਈ। ਇਸ ਦੇ ਪਹਿਲੇ ਸੇਵਕ ਭਾਈ ਗੁਰਦਾਸ ਜੀ ਹੀ ਸਨ। ਗੁਰੂ ਸਾਹਿਬ ਜਦੋਂ ਬਾਹਰ ਦੀਆਂ ਸੰਗਤਾਂ ਨੂੰ ਨਿਹਾਲ ਕਰਨ ਤੇ ਪ੍ਰਚਾਰ ਕਰਨ ਲਈ ਜਾਂਦੇ ਤਾਂ ਪਿਛੋਂ ਅੰਮ੍ਰਿਤਸਰ ਸਾਹਿਬ ਆਉਣ ਵਾਲੀਆਂ ਸੰਗਤਾਂ ਦੇ ਸਵਾਗਤ ਲਈ, ਇਥੇ ਦੇ ਪ੍ਰਚਾਰ ਲਈ ਤੇ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਦੀ ਮਰਿਯਾਦਾ ਲਈ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਦੀ ਜ਼ਿੰਮੇਵਾਰੀ ਹੁੰਦੀ ਸੀ। ਆਪ ਸੰਗਤਾਂ ਵਿਚ ਗੁਰਸਿੱਖੀ ਦੇ ਅਸੂਲਾਂ ਪ੍ਰਤੀ ਪੈਦਾ ਹੋਏ ਸ਼ੰਕਿਆਂ ਨੂੰ ਦੂਰ ਕਰਦੇ ਤੇ 'ਨਾਨਕ ਨਿਰਮਲ ਪੰਥ' ਦੀ ਵਿਸ਼ੇਸ਼ਤਾ ਨੂੰ ਦਰਸਾਉਂਦੇ।

ਕਿਹਾ ਜਾਂਦਾ ਹੈ ਕਿ ਇਕ ਵਾਰ ਗੁਰਸਿੱਖੀ ਤੇ ਸਿੱਖੀ ਸਿਦਕ ਬਾਰੇ ਹੁੰਦੀ ਬਹਿਸ ਵਿਚ ਭਾਈ ਗੁਰਦਾਸ ਜੀ ਨੇ ੩੫ਵੀਂ ਵਾਰ ਦੀ ਵੀਹਵੀਂ ਪਉੜੀ ਦੇ ਅਨੁਸਾਰ ਕਿਹਾ ਕਿ–

"ਜੇਕਰ ਗੁਰੂ ਸ੍ਵਾਂਗ ਕਰਕੇ ਭਰਮਾਏ ਤਾਂ ਭਰਮਣਾ ਨਹੀਂ ਚਾਹੀਦਾ, ਸਗੋਂ ਸਿਦਕ ਬਣਾਈ ਰੱਖਣਾ ਚਾਹੀਦਾ ਹੈ।"

ਜਦੋਂ ਗੁਰੂ ਸਾਹਿਬ ਨੇ ਇਹ ਗੱਲ ਸੁਣੀ ਤਾਂ ਉਨ੍ਹਾਂ ਨੂੰ ਇਸ ਵਿਚਾਰ ਵਿਚੋਂ ਕੁਝ ਹਉਮੈ ਦਿਖਾਈ ਦਿੱਤੀ ਤੇ ਗੁਰੂ ਸਾਹਿਬ ਨੇ ਪ੍ਰੀਖਿਆ ਲੈਣ ਲਈ ਆਪ ਨੂੰ ਕਾਬਲ ਵਿਖੇ ਘੋੜੇ ਖਰੀਦਣ ਲਈ ਭੇਜਿਆ ਤੇ ਆਪ ਅਜਿਹਾ ਕੌਤਕ ਰਚਿਆ ਕਿ ਭਾਈ ਸਾਹਿਬ ਵਾਪਸ ਗੁਰੂ ਸਾਹਿਬ ਕੋਲ ਨਾ ਆਏ ਸਗੋਂ ਕਾਬਲ ਤੋਂ ਭੱਜ ਕੇ ਕਾਂਸ਼ੀ ਵਿਖੇ ਹੀ ਪ੍ਰਚਾਰ ਦੀ ਸੇਵਾ ਕਰਨ ਲੱਗੇ। ਉਥੋਂ ਦਾ ਰਾਜਾ ਆਪ ਦਾ ਸ਼ਰਧਾਲੂ ਬਣ ਗਿਆ ਤੇ ਬਹੁਤ ਸਾਰੀ ਸੰਗਤ ਵੀ ਇਕੱਠੀ ਹੁੰਦੀ ਰਹੀ। ਅੰਤ ਭਾਈ ਗੁਰਦਾਸ ਜੀ ਵਿਯੋਗ ਦੀ ਹਾਲਤ ਵਿਚ ਇਕ ਸਿੱਖ ਨੂੰ ਕਾਂਸ਼ੀ ਤੋਂ ਗੁਰੂ ਜੀ ਵੱਲ ਚਿੱਠੀ ਦੇ ਕੇ ਭੇਜਦੇ ਹਨ, ਤਾਂ ਗੁਰੂ ਜੀ ਪ੍ਰਸੰਨ ਹੁੰਦੇ ਹਨ ਤੇ ਭਾਈ ਜੇਠਾ ਜੀ ਨੂੰ ਆਪ ਨੂੰ ਵਾਪਸ ਲਿਆਉਣ ਲਈ ਭੇਜਦੇ ਹਨ। ਇਸ ਤੋਂ ਬਾਅਦ ਆਪ ਜ਼ਿਆਦਾਤਰ ਅੰਮ੍ਰਿਤਸਰ ਹੀ ਰਹੇ ਤੇ ਕਦੇ ਕਦੇ ਗੁਰੂ ਸਾਹਿਬ ਨਾਲ ਬਾਹਰ ਵੀ ਜਾਂਦੇ। ਚੌਲ੍ਹਾ ਸਾਹਿਬ ਤੇ ਖਾਨਪੁਰ ਆਦਿ ਥਾਵਾਂ ਦੀ ਯਾਤਰਾ ਸਮੇਂ ਆਪਣਾ ਅੰਤਮ ਸਮਾਂ ਨੇੜੇ ਜਾਣ ਕੇ ਆਪ ਗੋਇੰਦਵਾਲ ਵੱਲ ਚਲ ਪਏ ਅਤੇ ਭਾਦੋਂ ਸੁਦੀ ਪੰਜਵੀਂ ੧੬੯੩ ਬਿ: ਸੰਨ (੧੬੩੬ ਈ:) ਨੂੰ ਆਪ ਅਕਾਲ ਚਲਾਣਾ ਕਰ ਗਏ।

ਇਸ ਮਹਾਨ ਵਿਦਵਾਨ ਦੀ ਹੁਣ ਤਕ ਤਿੰਨ ਪ੍ਰਕਾਰ ਦੀ ਰਚਨਾ ਮਿਲਦੀ ਹੈ ਜਿਹੜੀ ਕਿ ਮੂਲ ਰੂਪ ਵਿਚ ਗੁਰਮਤਿ ਸਿਧਾਂਤਾਂ ਦੀ ਹੀ ਵਿਆਖਿਆ ਹੈ, ਜਿਸ ਵਿਚ ਪੰਜਾਬੀ ਵਿਚ ਮਿਲਦੀਆਂ ੪੦ ਅਧਿਆਤਮਕ ਵਾਰਾਂ, ਬ੍ਰਿਜ-ਭਾਸ਼ਾ ਵਿਚ ਮਿਲਦੇ ੬੭੫ ਕਬਿੱਤ ਤੇ ਸਵੱਈਏ ਤੇ ਸੰਸਕ੍ਰਿਤ ਵਿਚ ਮਿਲਦੇ ਕੁਝ ਸਲੋਕ ਹਨ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਭਾਈ ਗੁਰਦਾਸ ਜੀ ਦੀ ਸਿੱਖ ਧਰਮ ਤੇ ਇਤਿਹਾਸ ਵਿਚ ਵਿਸ਼ੇਸ਼ ਥਾਂ ਹੈ। ਆਪ ਪੂਰਨ ਗੁਰਸਿੱਖ, ਉੱਚੇ ਸੁੱਚੇ ਜੀਵਨ ਵਾਲੇ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ, ਗੁਰੂ ਘਰ ਦੇ ਪਿਆਰੇ ਤੇ ਸਤਿਕਾਰੇ ਮਹਾਂਪੁਰਸ਼ ਸਨ।

❋❋❋

ਹਵਾਲੇ

੧. ਕੇਸਰ ਸਿੰਘ ਛਿੱਬਰ, *'ਬੰਸਾਵਲੀ-ਨਾਮਾ ਦਸਾਂ ਪਾਤਸ਼ਾਹੀਆਂ ਕਾ'* (ਸੰਪਾ: ਰਤਨ ਸਿੰਘ ਜੱਗੀ, ਚੰਡੀਗੜ੍ਹ: ਪੰਜਾਬ. ਯੂਨੀ:, ੧੯੭੨) ਚਰਣ ੩/੧-੧੦

੨. – ਉਹੀ ਚਰਣ ੫/੧੦੦

੩. *'ਕਬਿੱਤ ਸਵੱਈਯੇ'* (ਦੇਵ ਨਾਗਰੀ) ਭਾਈ ਗੁਰਦਾਸ ਜੀ ਭੱਲਾ (ਅੰਮ੍ਰਿਤਸਰ ਸ਼੍ਰੋ: ਗੁ: ਪ੍ਰ: ਕਮੇਟੀ, ੧੯੫੬) ਪੰਨਾ ੬੧੪

੪. ਸੋਹਣ ਕਵਿ, *'ਗੁਰਬਿਲਾਸ ਪਾਤਸ਼ਾਹੀ ਛੇਵੀਂ'*, ਅਧਿਆਇ ੪, ਪੰਨਾ ੮੬

ਭਾਈ ਮੰਞ ਜੀ

ਸਿੱਖ ਇਤਿਹਾਸ ਦੀ ਲੀਹ ਗੁਰੂ ਗੋਬਿੰਦ ਸਿੰਘ ਜੀ ਨੇ ਪਾਈ ਹੈ, ਉਨ੍ਹਾਂ ਨੇ ਆਪਣੇ ਪੂਰਬਲੇ ਜਨਮ ਦੀ ਗੱਲ ਕੀਤੀ ਹੈ, ਪ੍ਰਾਗਰਾਜ ਦੇ ਅਸਥਾਨ 'ਤੇ ਪੇਟ ਅੰਦਰ ਆਉਣ ਦੀ ਅਤੇ ਪਟਨੇ ਸਾਹਿਬ ਵਿਚ ਜਨਮ ਲੈਣ ਦੀ। ਚੌਧਰੀ ਤੀਰਥ ਮੰਞ ਭੀ ਪਿਛਲੇ ਜਨਮ ਦਾ ਭਗਤ ਸੀ ਅਤੇ ਉਸ ਦੇ ਇਸ ਜਨਮ ਵਿਚ ਭਗਤੀ ਦੇ ਸੰਸਕਾਰ ਜਾਗ ਪਏ। ਜਗਾਉਣ ਵਾਲੀ ਰੁੱਤ ਸੀ ਸਿੱਖਾਂ ਦੀ ਸੰਗਤ ! ਜਿਵੇਂ ਕੋਇਲ ਕੂਕ ਕੂਕ ਕੇ ਕਾਂ ਦੇ ਆਲ੍ਹਣੇ ਵਿਚ ਪਏ ਆਪਣੇ ਕੋਇਲ ਬੱਚੇ ਨੂੰ ਮਿੱਠੀ ਬੋਲੀ ਸਿਖਾ ਲੈਂਦੀ ਹੈ, ਠੀਕ ਏਸੇ ਤਰ੍ਹਾਂ ਸਿੱਖ ਆਚਰਣ ਨੇ ਸੁਲਤਾਨ ਦੀ ਕਬਰ ਵਿਚ ਸੁੱਤੇ ਹੋਏ ਚੌਧਰੀ ਤੀਰਥ ਮੰਞ ਨੂੰ ਜਗਾ ਲਿਆ। ਸਰਵਰ ਦੀਆਂ ਭੇਟਾਂ ਛੱਡ ਕੇ ਬਾਣੀ ਪੜ੍ਹਨ ਲਗ ਪਿਆ। ਮੰਜ਼ਕੀ ਪਿੰਡ ਦੇ ਭਾਗ ਜਾਗ ਪਏ।

ਚੌਧਰੀ ਸਿੱਖਾਂ ਕੋਲੋਂ ਗੁਰੂ ਬਾਣੀ ਦੇ ਅਰਥ ਪੁੱਛਦਾ ਚੰਗੀ ਤਰ੍ਹਾਂ ਸਮਝਦਾ, ਅਨੁਭਵ ਕਰਦਾ ਅਤੇ ਸਿੱਖਾਂ ਨੂੰ ਕਹਿੰਦਾ, *"ਸੱਚੇ ਅਰਥਾਂ ਵਿਚ ਤੁਸੀਂ ਆਪਣੇ ਗੁਰੂਆਂ ਦੇ ਵਾਰਸ ਹੋ। ਜਿਸ ਨੂੰ ਬਾਣੀ ਕੰਠ ਹੈ ਅਤੇ ਉਹ ਹਰ ਵੇਲੇ ਬਾਣੀ ਪੜ੍ਹਦਾ ਹੈ—ਉਹ ਗੁਰੂ ਵਿਚ ਰਹਿੰਦਾ ਹੈ ਅਤੇ ਉਹੋ ਗੁਰੂ ਦਾ ਵਾਰਸ ਹੈ।*

ਉਹ ਕਹਿੰਦਾ ਹੈ:- *"ਤੁਹਾਡਾ ਗੁਰੂ ਬਾਣੀ ਦੀ ਝੀਲ ਹੈ ਅਤੇ ਤੁਸੀਂ ਬਾਣੀ ਦੀ ਝੀਲ ਵਿਚੋਂ ਬਾਣੀ ਲੈ ਕੇ ਵਗਦੇ ਦਰਿਆ ਹੋ। ਤੁਹਾਡਾ ਗੁਰੂ ਸਾਗਰ ਹੈ, ਤੁਸੀਂ ਗੁਰੂ ਸਾਗਰ ਦੇ ਬੱਦਲ ਹੋ। ਤੁਹਾਡਾ ਗੁਰੂ ਚੰਦਨ ਹੈ, ਤੁਸੀਂ ਚੰਦਨ ਦੀ ਸੁਗੰਧੀ ਲੈ ਕੇ ਚਲਣ ਵਾਲੀਆਂ ਹਵਾਵਾਂ ਹੋ। ਤੁਸੀਂ ਹੱਡ ਭੰਨ ਕੇ ਕਮਾਉਂਦੇ ਹੋ, ਆਪ ਰੱਜ ਕੇ ਖਾਂਦੇ ਹੋ ਅਤੇ ਦੂਜਿਆਂ ਨੂੰ ਰਜਾ ਕੇ ਖੁਸ਼ ਹੁੰਦੇ ਹੋ। ਮੈਨੂੰ ਆਪਣੇ ਗੁਰੂ ਦੇ ਦਰਸ਼ਨ ਕਰਵਾਓ।"*

ਸਾਰੇ ਸਿੱਖਾਂ ਦਾ ਇਕ ਹੀ ਉੱਤਰ ਹੁੰਦਾ, "ਤੁਸੀਂ ਬਾਣੀ ਦੇ ਰਾਹ ਉੱਪਰ ਤੁਰ ਪਏ ਹੋ। ਗੁਰੂ ਕੋਲ ਪਹੁੰਚਾਣਾ ਬਾਣੀ ਦਾ ਬਿਰਦ ਹੈ। ਸਮੇਂ ਸਿਰ ਅਵਾਜ਼ ਪਏਗੀ।"

ਇਕ ਰਾਤ ਵੈਰਾਗ ਦੀ ਕਾਂਗ ਆਈ। ਮੰਜੇ ਤੋਂ ਉਠ ਕੇ ਬੈਠ ਗਿਆ। ਆਪਣੀ ਪਤਨੀ, ਆਪਣੀ ਪੁੱਤਰੀ ਅਤੇ ਆਪਣਾ ਪੁੱਤਰ ਉਸ ਨੂੰ ਸਰਾਂ ਵਿਚ ਸੁੱਤੇ ਹੋਏ ਮੁਸਾਫਰਾਂ ਵਾਂਗ ਲੱਗੇ। ਵਿਹੜੇ ਵਿਚ ਬੱਝੀ ਹੋਈ ਘੋੜੀ ਭੀ ਓਪਰੀ ਓਪਰੀ ਅਨੁਭਵ ਹੋਈ ਅਤੇ ਮੱਝ ਇਸ ਤਰ੍ਹਾਂ ਲਗੇ, ਜਿਵੇਂ ਕਿਸੇ ਦੀ ਹੈ। ਉਹ ਘਰ ਬੈਠਾ ਹੋਇਆ ਬੇਘਰਾ ਹੋ ਗਿਆ, ਪ੍ਰੀਵਾਰ ਵਾਲਾ ਹੋਣ 'ਤੇ ਭੀ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਮੈਂ ਇਕੱਲਾ ਹਾਂ ਅਤੇ ਭੁਲੇਖੇ ਨਾਲ ਕਿਸੇ ਓਪਰੇ ਘਰ ਵਿਚ ਆ ਗਿਆ ਹਾਂ। ਜ਼ਮੀਨ ਅਤੇ ਅਸਮਾਨ ਸਾਰਾ ਉਦਾਸ ਜੇਹਾ, ਸੱਖਣਾ ਜੇਹਾ, ਓਪਰਾ ਜੇਹਾ ਹੋ ਗਿਆ, ਪਰ ਗੁਰੂ ਬਾਣੀ ਦੇ ਵਾਕ ਤਾਰਿਆਂ ਵਾਂਗ ਚਮਕਣ ਲਗ ਪਏ। ਭਾਈ

ਤੀਰਥ ਮੰਞ ਦੇ ਮਨ ਵਿਚ ਉਬਾਲ ਉਠਿਆ ਅਤੇ ਉਹ ਬਿਨਾਂ ਕਿਸੇ ਉਚੇਰੇ ਕਪੜੇ ਦੇ ਨੰਗੀਂ ਪੈਰੀਂ ਚੱਕ ਰਾਮਦਾਸ ਜੀ ਪਹੁੰਚ ਗਿਆ। ਨਿੱਗਰ ਸਰੀਰ, ਲੰਮੇ ਕਦਮ, ਚੰਗੀ ਸਿਹਤ ਅਤੇ ਗੁਰੂ ਦਰਸ਼ਨ ਦੇ ਚਾਅ ਨੇ ਉਸ ਨੂੰ ਨਾ ਸਾਹ ਲੈਣ ਦਿੱਤਾ ਅਤੇ ਨਾ ਭੁੱਖ ਅਤੇ ਪਿਆਸ ਨੇ ਰੌਲਾ ਪਾਇਆ।

ਉਸ ਨੇ ਵੇਖਿਆ, ਏਥੇ ਲੋਹੇ ਤੋਂ ਲਾਲ ਬਣ ਰਹੇ ਹਨ। ਨਗੁਣੀਆਂ ਲਕੜੀਆਂ ਚੰਦਨ ਹੋ ਰਹੀਆਂ ਹਨ। ਕੱਚ ਤੋਂ ਕੰਚਨ ਬਣ ਰਿਹਾ ਹੈ, ਸਾਰੀ ਖੇਡ ਦ੍ਰਿਸ਼ਟੀ ਦੀ ਹੈ। ਮੂੰਹ ਮੰਗੀਆਂ ਮੁਰਾਦਾਂ ਪ੍ਰਾਪਤ ਹੋ ਰਹੀਆਂ ਹਨ।

ਭਾਈ ਤੀਰਥ ਮੰਞ ਹੱਥ ਜੋੜ ਕੇ ਖੜੋ ਗਿਆ ਤੇ ਆਪਣੀ ਸਾਰੀ ਕਹਾਣੀ ਸੁਣਾਈ ਗੁਰੂ ਜੀ ਦੇ ਪੁੱਛਣ 'ਤੇ ਕਹਿਣ ਲੱਗਾ,

੧. "ਮਹਾਰਾਜ ਮੇਰੇ ਤ੍ਰਿੰਨ ਤਾਪ ਦੂਰ ਕਰੋ।

੨. ਜਨਮ ਮਰਨ ਦੀ ਫਾਹੀ ਕੱਟੋ।

੩. ਆਪਣੀ ਸਿੱਖੀ ਬਖਸ਼ੋ।"

ਗੁਰੂ ਜੀ ਕਹਿਣ ਲੱਗੇ-

"ਸਿੱਖੀ ਮਨ ਦੇ ਸਾਰੇ ਰੋਗਾਂ ਨੂੰ ਭੀ ਦੂਰ ਕਰਦੀ, ਸਰੀਰਕ ਰੋਗ ਭੀ ਨੇੜੇ ਨਹੀਂ ਆਉਂਦੇ ਅਤੇ ਦੈਵੀ ਬਿਪਤਾ ਤੋਂ ਭੀ ਬਚਾ ਕਰਦੀ ਹੈ। ਜਨਮ ਮਰਨ ਦੇ ਭੀ ਬੰਧਨ ਕੱਟਦੀ ਹੈ। ਇਹ ਦੁਰਲਭ ਹੈ, ਖੰਡੇ ਦੀ ਧਾਰ 'ਤੇ ਚਲਣਾ ਪਰ ਡਿਗਣਾ ਨਾ। ਇਹ ਪ੍ਰਾਣ ਵਾਰ ਕੇ ਪ੍ਰਾਪਤ ਹੁੰਦੀ ਹੈ। ਸੀਸ ਦੇਣਾ ਪਰ ਸੀ ਨਹੀਂ ਉਚਾਰਨੀ। ਕੁਰਬਾਨੀ ਕਰਨੀ ਹੈ, ਪਰ ਆਪਣਾ ਆਪ ਗਵਾਉਣਾ ਨਹੀਂ ਹੈ। ਇਹ ਕੰਮ ਬੜਾ ਔਖਾ ਹੈ, ਇਹ ਤੇਰੇ ਵੱਸ ਦਾ ਰੋਗ ਨਹੀਂ ਹੈ। ਜੇ ਤੂੰ ਸਾਡਾ ਸਿੱਖ ਬਣ ਗਿਓਂ ਤਾਂ-

ਤੇਰੇ ਕੋਲ ਦੌਲਤ ਨਹੀਂ ਰਹੇਗੀ, ਅੱਜ ਜਿੱਥੇ ਤੇਰੇ ਸੋਹਲੇ ਗਾਏ ਜਾ ਰਹੇ ਹਨ, ਉਥੇ ਤੇਰੇ ਅਪਜੱਸ ਦਾ ਗੁੱਡਾ ਬੰਨ੍ਹਿਆ ਜਾਵੇਗਾ ਤੇਰੇ ਸਾਰੇ ਅੰਗ-ਸਾਕ ਤੇਰਾ ਮਖੌਲ ਉਡਾਉਣਗੇ ਅਤੇ ਕੋਈ ਭੀ ਤੈਨੂੰ ਆਪਣੇ ਕੋਲ ਨਹੀਂ ਬੈਠਣ ਦੇਵੇਗਾ। ਤੂੰ ਆਪਣੇ ਮਨ ਵਿਚ ਵਿਚਾਰ ਕਰ ਲੈ। ਇਹ ਸੌਦਾ ਬੜਾ ਮਹਿੰਗਾ ਹੈ। "ਘਰੋਂ ਬੇਘਰ ਤੇ ਪਿੰਡੋਂ ਕਢਿਆ ਜਾਏਂਗਾ।"

ਭਾਈ ਤੀਰਥ ਮੰਞ ਬੋਲਿਆ, "ਸਾਹਿਬਾ, ਇਹ ਤਿੰਨੇ ਚੀਜ਼ਾਂ ਤੇਰੇ ਇਕ ਬਚਨ ਤੋਂ ਸਦਕੇ ਕਰ ਦੇਵਾਂ! ਬਚਨ ਮਰਦਾ ਨਹੀਂ ਪਰ ਇਹ ਤਿੰਨੇ ਵਸਤੂਆਂ ਮਾਇਆ ਦਾ ਜਾਦੂ ਹਨ। ਗੁਰੂ ਜੀ ਕਹਿਣ ਲੱਗੇ, "ਸਿੱਖੀ ਕਿਥੇ ਰਖੇਂਗਾ? ਤੇਰੇ ਦਿਲ ਵਿਚ ਕਬਰ ਹੈ, ਤੇਰਾ ਘਰ ਭੀ ਇਕ ਵੱਡੀ ਕਬਰ ਬਣ ਕੇ ਰਹਿ ਗਿਆ ਹੈ। ਤੂੰ ਸਾਰੇ ਪਿੰਡ ਨੂੰ ਭੀ ਕਬਰ ਬਣਾਇਆ ਹੋਇਆ ਹੈ। ਜੀਉਂਦੀ ਸਿੱਖੀ ਜੀਉਂਦੇ ਬੰਦਿਆਂ ਵਿਚ ਰਹਿੰਦੀ ਹੈ, ਕਰਮ ਕਾਂਡ ਦਾ ਕੂੜਾ ਕਰਕਟ ਹੂੰਝ ਕੇ ਆ ਤੇ ਸਿੱਖੀ ਦੀ ਦਾਤ ਲੈ ਲੈ।"

ਭਾਈ ਮੰਞ ਜੀ ਨੇ ਮੱਥਾ ਟੇਕਿਆ ਅਤੇ ਕਿਹਾ, "ਮਾਲਕ, ਮੈਂ ਮੁੜਦੇ ਪੈਰੀਂ ਆ ਰਿਹਾ ਹਾਂ। ਭਾਂਡੇ ਸਾਫ ਕਰ ਲਿਆਵਾਂ" ਅਤੇ ਲੋਕਾਂ ਦੇ ਸਾਹਮਣੇ ਸੁਲਤਾਨ ਦੀ ਯਾਦਗਾਰ ਢਾਹ ਕੇ ਉਸ ਥਾਂ 'ਤੇ ਪੋਚਾ ਫੇਰ ਦਿੱਤਾ।

ਭਾਈ ਤੀਰਥ 'ਮੰਞ' ਰਾਤ ਵੇਲੇ ਪਿੰਡ ਮੰਜਕੀ ਪਹੁੰਚਾ। ਆਪਣੀ ਪਤਨੀ ਨੂੰ ਜਾਂਦੇ ਸਾਰ

ਕਹਿਣ ਲੱਗਾ, "ਦੀਵਾ ਜਗਾਓ, ਕਹੀ ਅਤੇ ਟੋਕਰੀਆਂ ਲਿਆਓ।"

ਪਤਨੀ ਨੇ ਦੀਵਾ ਜਗਾ ਦਿੱਤਾ। ਦੋ ਟੋਕਰੀਆਂ ਅਤੇ ਇਕ ਕਹੀ ਲਿਆ ਦਿੱਤੀ। ਭਾਈ ਤੀਰਥ ਮੰਞ ਨੇ ਥੋੜ੍ਹੇ ਚਿਰ ਵਿਚ ਕਬਰ ਢਾਹ ਦਿੱਤੀ। ਤਿੰਨਾਂ ਨੇ ਰਲ ਕੇ ਮਿੱਟੀ ਪਿੰਡੋਂ ਬਾਹਰ ਸੁੱਟ ਦਿੱਤੀ। ਉਸ ਤੋਂ ਪਿਛੋਂ ਓਥੇ ਪੋਚਾ ਫੇਰ ਦਿੱਤਾ।

ਮੰਝ ਨੇ ਵਿਹਲੇ ਹੋ ਕੇ ਪਤਨੀ ਨੂੰ ਕਿਹਾ, "ਮੇਰੇ ਮਨ ਤੋਂ ਭਾਰ ਲੱਥ ਗਿਆ ਹੈ।"

ਪਤਨੀ ਬੋਲੀ, "ਹੁਣ ਘਰ ਵੀ ਖੁਲ੍ਹਾ ਅਤੇ ਸੋਹਣਾ ਹੋ ਗਿਆ ਹੈ।"

ਲੜਕੀ ਬੋਲੀ, "ਪਿਤਾ ਜੀ! ਮੈਂ ਏਥੇ ਚਰਖਾ ਡਾਹ ਕੇ ਕੱਤਿਆ ਕਰਾਂਗੀ ਅਤੇ ਸਿੱਖ ਚਲਣ ਦਾ ਸ਼ਬਦ ਪੜ੍ਹਿਆ ਕਰਾਂਗੀ।"

ਭਾਈ ਮੰਝ ਖੀਸੇ ਵਿਚੋਂ ਕਾਗਜ਼ ਕੱਢ ਕੇ ਕਹਿਣ ਲੱਗਾ, "ਇਸ ਸ਼ਬਦ ਨੂੰ ਮਿਲ ਕੇ ਪੜ੍ਹਿਆ ਕਰਾਂਗੇ।"

ਭਾਈ ਮੰਝ ਜੀ ਪ੍ਰਭਾਤੇ ਫਿਰ ਚੱਕ ਰਾਮਦਾਸ ਵੱਲ ਤੁਰ ਪਿਆ। ਉਸ ਦੇ ਕਦਮ ਬੜੇ ਹਲਕੇ ਹੋ ਗਏ ਸਨ। ਚਾਅ ਨਾਲ ਅੱਡੀਆਂ ਜ਼ਮੀਨ ਉਪਰ ਨਹੀਂ ਸੀ ਲੱਗਦੀਆਂ। ਸਾਰੇ ਰਾਹ ਉਹ ਸਿੱਖ ਦੇ ਚਲਣ ਵਾਲੇ ਸ਼ਬਦ ਜ਼ਬਾਨੀ ਪੜ੍ਹਦਾ ਗਿਆ ਅਤੇ ਪੜ੍ਹਨ ਦੇ ਨਾਲ ਨਾਲ ਉਹ ਸ਼ਬਦ ਦੇ ਅਰਥ ਵੱਲ ਭੀ ਉਲਾਂਘਾਂ ਪੁਟਦਾ ਰਿਹਾ। ਉਹ ਇਹ ਅਨੁਭਵ ਕਰ ਰਿਹਾ ਸੀ, ਜਿਵੇਂ ਕੋਈ ਵੱਡਾ ਗ੍ਰਹਿ ਨਿਕੇ ਗ੍ਰਹਿ ਨੂੰ ਆਪਣੇ ਵੱਲ ਖਿੱਚ ਰਿਹਾ ਹੈ।

ਭਾਈ ਮੰਝ 'ਗੁਰੂ-ਦਰਸ਼ਨ' ਵਿਚ ਤੁਰਦਾ ਤੁਰਦਾ ਗੁਰੂ ਦਰਬਾਰ ਵਿਚ ਪਹੁੰਚ ਗਿਆ। ਭਾਈ ਮੰਝ ਨੂੰ ਅਨੁਭਵ ਹੋਇਆ, ਜਿਵੇਂ ਗੁਰੂ ਜੀ ਦੀਆਂ ਅੱਖਾਂ ਉਸ ਨੂੰ ਉਡੀਕਦੀਆਂ ਉਡੀਕਦੀਆਂ ਰਾਤੀਂ ਸੁੱਤੀਆਂ ਨਾ ਹੋਣ।

ਕੁਝ ਦਿਨਾਂ ਪਿਛੋਂ ਗੁਰੂ ਜੀ ਨੇ ਭਾਈ ਮੰਞ ਨੂੰ ਕਿਹਾ, "ਨਾਮ ਤੇਰੇ ਵਰਗੀ ਇਕ ਚੀਜ਼ ਹੈ। ਨਾਮ ਦੇ ਹੱਥ ਹਨ, ਪੈਰ ਹਨ। ਅੱਖਾਂ ਹਨ, ਕੰਨ ਹਨ। ਨਾਮ ਦੇ ਹੱਥਾਂ ਵਿਚ ਸਾਰੇ ਸੰਸਾਰ ਦੇ ਹੱਥ ਹਨ, ਪੈਰਾਂ ਵਿਚ ਸਾਰੇ ਵਿਸ਼ਵ ਦੇ ਪੈਰ ਹਨ। ਅੱਖਾਂ ਵਿਚ ਸਾਰੇ ਜੀਵਾਂ ਦੀਆਂ ਅੱਖਾਂ ਹਨ। ਕੰਨਾਂ ਵਿਚ ਸਭ ਪ੍ਰਾਣਧਾਰੀਆਂ ਦੇ ਕੰਨ ਹਨ। ਇਹ ਸਾਰੇ ਕੰਮ ਕਰਦਾ ਹੈ, ਸਾਰੀਆਂ ਤੋਰਾਂ ਏਸੇ ਦੀਆਂ ਹਨ। ਇਹ ਬੜਾ ਅਣਖੀਲਾ ਹੈ, ਤੁਹਾਥੋਂ ਕੇਵਲ ਇਕ ਚੀਜ਼ ਮੰਗਦਾ ਹੈ ਅਤੇ ਤੁਹਾਨੂੰ ਉਸ ਦੇ ਬਦਲੇ ਸਾਰੇ ਸੰਸਾਰ ਦੀ ਸ਼ਕਤੀ ਦੇਂਦਾ ਹੈ।"

ਭਾਈ ਮੰਞ ਜੀ ਬੋਲੇ, "ਹਜ਼ੂਰ! ਜੇ ਉਹ ਮੇਰੇ ਕੋਲ ਨਾ ਹੋਈ ਤਾਂ।"

ਗੁਰੂ ਜੀ ਕਹਿਣ ਲੱਗੇ, "ਪਹਿਲਾਂ ਤੇਰੇ ਕੋਲ ਨਹੀਂ ਸੀ। ਹੁਣ ਤੇਰੇ ਕੋਲ ਹੈ। ਜਿਵੇਂ ਤੂੰ ਸਾਰਾ ਸਫਰ ਧਿਆਨ ਵਿਚ ਕੀਤਾ ਸੀ, ਹੁਣ ਜੀਵਨ ਭਰ ਦਾ ਸਫਰ ਧਿਆਨ ਵਿਚ ਕਰਨਾ ਹੈ। ਧਿਆਨ ਵਿਚ ਜਾਗੋ, ਧਿਆਨ ਵਿਚ ਸਵੋਂ। ਧਿਆਨ ਵਿਚ ਖਾਓ, ਧਿਆਨ ਵਿਚ ਪੀਓ। ਧਿਆਨ ਵਿਚ ਵਸਾਓ, ਧਿਆਨ ਵਿਚ ਉਜਾੜੋ। ਮਨੁੱਖਾਂ ਕੋਲ ਕੇਵਲ ਧਿਆਨ ਦੀ ਦਾਤ ਹੈ। ਇਹ ਮਨੁੱਖਾਂ ਨੂੰ ਜਨਮ ਦੇਣ ਵਾਲੀ ਪ੍ਰਭਾਤ ਹੈ। ਕਈ ਕੰਮ ਸਰੀਰ ਦੀ ਪਹੁੰਚ ਤੋਂ ਪਰ੍ਹੇ ਹਨ ਪਰ ਧਿਆਨ ਦੀ ਪਕੜ ਤੋਂ ਕੋਈ ਵਸਤੂ ਭੀ ਬਾਹਰ ਨਹੀਂ ਹੈ। ਕੇਵਲ ਇਕ ਖ਼ਤਰੇ ਤੋਂ ਬਚਣਾ ਹੈ, ਕਿਤੇ ਹੰਕਾਰ, ਧਿਆਨ ਦਾ ਭੇਖ ਧਾਰ ਕੇ ਤੁਹਾਨੂੰ ਧੋਖਾ ਨਾ ਦੇ ਜਾਵੇ। ਹੰਕਾਰ ਦੀ

ਕੋਈ ਪਛਾਣ ਨਹੀਂ। ਬਹੁ-ਰੂਪੀਏ ਦੀਆਂ ਕੋਈ ਕੀ ਨਿਸ਼ਾਨੀਆਂ ਦੱਸੇਗਾ! ਇਸ ਤੋਂ ਬਚਣ ਲਈ ਕੇਵਲ ਸੇਵਾ ਅਤੇ ਸੰਗਤ ਦਾ ਕਿਲ੍ਹਾ ਹੈ।"

ਗੁਰੂ ਜੀ ਦੇ ਹੁਕਮ ਅਨੁਸਾਰ ਭਾਈ ਮੰਝ ਜੀ ਆਪਣੇ ਪਿੰਡ ਮੰਜਕੀ ਪਹੁੰਚ ਗਏ।

ਧੀ ਨੇ ਆਪਣੇ ਪਿਤਾ ਜੀ ਨੂੰ ਗਲਵੱਕੜੀ ਪਾ ਕੇ ਕਿਹਾ, "ਪਿਆਰੇ ਗੁਰੂ ਜੀ ਨੇ ਤੁਹਾਨੂੰ ਕੀ ਦਿੱਤਾ ਹੈ?"

ਭਾਈ ਮੰਝ ਆਪਣੀ ਬੱਚੀ ਦੇ ਸਿਰ ਉਪਰ ਪਿਆਰ ਦੇ ਕੇ ਬੋਲੇ, "ਦੋ ਕੀਮਤੀ ਪੁਸ਼ਾਕਾਂ-ਮਨ ਲਈ ਨਾਮ ਅਤੇ ਤਨ ਲਈ ਸੇਵਾ।"

ਪਤਨੀ ਖੁਸ਼ੀ ਨਾਲ ਬੋਲੀ, "ਜਿਸ ਦਾ ਤਨ 'ਤੇ ਮਨ ਢਕਿਆ ਗਿਆ, ਉਸ ਨੂੰ ਹੋਰ ਕਿਸੇ ਚੀਜ਼ ਦੀ ਲੋੜ ਈ ਨਹੀਂ ਰਹਿੰਦੀ।"

ਨਿੱਕਾ ਜਿਹਾ ਪਰਿਵਾਰ ਰਾਤੀਂ ਤਨ ਤੇ ਮਨ ਉਪਰ ਪ੍ਰੇਮ ਪਟੋਲਾ ਲੈ ਕੇ ਸੌਂ ਗਿਆ।

ਗੁਰੂ ਦੇ ਚੱਕ ਤੋਂ ਆਉਣ 'ਤੇ ਦੂਜੇ ਦਿਨ ਪਿੰਡ ਦੀ ਪਰ੍ਹੇ ਵਿਚ ਚੌਧਰੀ ਤੀਰਥ ਮੰਝ ਨੂੰ ਸੱਦਿਆ ਗਿਆ। ਭਾਈ ਮੰਝ ਨੇ ਸਿੱਖੀ ਦੀ ਸ਼ਾਹੀ ਪੁਸ਼ਾਕ ਪਹਿਨੀ ਹੋਈ ਸੀ। ਚਿਹਰੇ ਉਪਰ ਅਨੋਖੀ ਖੁਸ਼ੀ ਸੀ। ਪਰ ਪਰ੍ਹੇ ਤਾਂ ਧੂੰਏਂ ਦੀ ਦੱਬੀ ਹੋਈ ਅੱਗ ਵਾਂਗ ਸੀ, ਸਾਰੇ ਵੱਟਾਂ ਵਾਲੇ ਮੱਥੇ ਸਨ। ਸਾਰੇ ਦੰਦ ਟੁੱਕ ਰਹੇ ਸਨ। ਸਭਾ ਵਿਚ ਘ੍ਰਿਣਾ ਦੀ ਬਦਬੂ ਆ ਰਹੀ ਸੀ।

ਇਕ ਨੌਜਵਾਨ ਬੋਲਿਆ, "ਹੁਣ ਅਸੀਂ ਤੈਨੂੰ ਚੌਧਰੀ ਨਹੀਂ ਮੰਨਦੇ।"

ਭਾਈ ਮੰਝ ਹੱਸ ਕੇ ਬੋਲਿਆ, "ਪਿਆਰਿਓ, ਮੈਂ ਤਾਂ ਉਸ ਨੂੰ ਗੁਰੂ ਕੇ ਚੱਕ ਹੀ ਵਗਾਹ ਕੇ ਮਾਰਿਆ ਸੀ, ਹੁਣ ਤਾਂ ਮੈਂ ਤੁਹਾਡਾ ਸੇਵਕ ਹਾਂ।"

ਨੌਜਵਾਨ ਰੀਸ ਲਾ ਕੇ ਬੋਲਿਆ, "ਜੇਹੋ ਜੇਹੀ ਸਖੀ ਸਰਵਰ ਦੀ ਸੇਵਾ ਕੀਤੀ ਹੈ, ਉਹੋ ਜੇਹੀ ਸਾਡੀ ਭੀ ਸੇਵਾ ਕਰੇਂਗਾ। ਇਕ ਗੱਲ ਕੰਨ ਖੋਲ੍ਹ ਕੇ ਸੁਣ ਲੈ, ਤੂੰ ਆਪਣੇ ਘਰੋਂ ਸੁਲਤਾਨ ਨੂੰ ਕੱਢ ਦਿੱਤਾ ਹੈ, ਅਸੀਂ ਤੈਨੂੰ ਸਮਾਜ ਵਿਚੋਂ ਕੱਢ ਦਿੱਤਾ ਹੈ।"

ਭਾਈ ਮੰਝ ਬੋਲਿਆ, "ਸਾਡੀ ਪਿੰਡ ਦੀ ਸਾਂਝ ਤਾਂ ਪੀੜ੍ਹੀਆਂ ਤੋਂ ਚਲੀ ਆ ਰਹੀ ਹੈ। ਸੁਲਤਾਨ ਦੇ ਵਡੇਰੇ ਤਾਂ ਉਸ ਵੇਲੇ ਹਿੰਦੁਸਤਾਨ ਵਿਚ ਭੀ ਨਹੀਂ ਸਨ ਆਏ। ਮੈਂ ਹੀ ਉਸ ਨੂੰ ਆਪਣੇ ਘਰ ਲਿਆਂਦਾ ਸੀ, ਮੈਂ ਉਸ ਨੂੰ ਆਪ ਤੋਰ ਆਇਆ ਹਾਂ। ਤੁਸੀਂ ਤਾਂ ਮੈਨੂੰ ਕੱਢ ਦਿੱਤਾ ਹੈ, ਪਰ ਦਾਦਿਆਂ ਪੜਦਾਦਿਆਂ ਦੀ ਸਾਂਝ ਮੈਂ ਕਿਵੇਂ ਦਿਲੋਂ ਕੱਢ ਸਕਦਾ ਹਾਂ!"

ਨੌਜਵਾਨ ਬੋਲਿਆ, "ਨਗਰ ਨੇ ਤੈਨੂੰ ਛੇਕ ਦਿਤਾ ਹੈ। ਤੇਰੇ ਨਾਲ ਜਨਮ-ਮਰਨ ਦੀ ਖੁਸ਼ੀ-ਗਮੀ ਦੀ ਅਤੇ ਰੋਟੀ-ਬੇਟੀ ਦੀ ਕੋਈ ਸਾਂਝ ਨਹੀਂ। ਸਾਡੇ ਵਲੋਂ ਤੁਸੀਂ ਮਰ ਗਏ, ਤੇਰੇ ਵਲੋਂ ਅਸੀਂ ਮਰ ਗਏ।

ਭਾਈ ਮੰਝ ਜੀ ਬੋਲੇ, "ਤੁਸੀਂ ਠੀਕ ਕਿਹਾ ਹੈ, ਮੈਂ ਅਤੇ ਮੇਰਾ ਪ੍ਰਵਾਰ ਤਾਂ ਮਰ ਗਿਆ ਹੈ ਪਰ ਤੁਸੀਂ ਸਾਰੇ ਜੀਉਂਦੇ ਰਹੋ।"

ਭਾਈ ਮੰਝ ਘਰ ਆਇਆ ਤਾਂ ਪਤਨੀ ਨੇ ਕਿਹਾ, "ਕੀ ਫੈਸਲਾ ਹੋਇਆ ਹੈ?"

ਭਾਈ ਮੰਝ ਬੋਲਿਆ, "ਸਾਨੂੰ ਛੇਕ ਦਿੱਤਾ ਹੈ।"

ਪਤਨੀ ਬੋਲੀ, "ਸਾਡੀ ਗੁਰੂ ਨਾਲ ਬਣੀ ਰਹੇ, ਦੁਨੀਆਂ ਸਾਨੂੰ ਛੱਡੇ, ਅਸੀਂ ਸਾਰੀ ਦੁਨੀਆਂ

ਛੱਡੀ।"

ਭਾਈ ਮੰਞ ਜੀ ਬੋਲੇ, "ਨਹੀਂ, ਅਸੀਂ ਦੁਨੀਆਂ ਛੱਡੀ ਹੈ ਪਰ ਦੁਨੀਆਂ ਦੀ ਸੇਵਾ ਪ੍ਰਾਪਤ ਕੀਤੀ ਹੈ। ਸੇਵਾ ਛੁਟਣ ਵਾਲੀ ਵਸਤੂ ਨਹੀਂ ਹੈ।"

ਥੋੜ੍ਹੇ ਦਿਨ ਪਿਛੋਂ ਭਾਈ ਮੰਞ ਜੀ ਦੀ ਮੱਝ ਮਰ ਗਈ।

ਭਾਈ ਮੰਞ ਨੇ ਮੱਝ ਨੂੰ ਸੰਬੋਧਨ ਕਰਕੇ ਕਿਹਾ, "ਬੂਰੀਏ, ਤੂੰ ਦੁੱਧ ਦਾ ਗ੍ਰਿਹਿ ਬਣ ਕੇ ਆਈ ਸੈਂ। ਅਸੀਂ ਵੰਡ ਅਤੇ ਹਰੇ ਚਾਰੇ ਨਾਲ ਤੇਰੀ ਖੁਰਲੀ ਭਰੀ ਰੱਖੀ। ਤੂੰ ਸਾਡੇ ਘਰ ਦੁੱਧ ਘਿਉ ਦੀਆਂ ਨਹਿਰਾਂ ਵਗਾਉਂਦੀ ਰਹੀ। ਦੋਹਾਂ ਪਾਸਿਆਂ ਤੋਂ ਚੰਗੀ ਨਿਭ ਗਈ ਹੈ।"

ਕੁਝ ਦਿਨਾਂ ਪਿਛੋਂ ਇਰਾਕੀ ਘੋੜੀ ਮਰ ਗਈ। ਘੋੜੀ ਦੇ ਲਾਗੇ ਬੈਠ ਕੇ ਭਾਈ ਮੰਞ ਬੋਲਿਆ, "ਮੈਂ ਜਦੋਂ ਤੇਰੇ ਉਪਰ ਸਵਾਰ ਹੁੰਦਾ ਸਾਂ, ਤੂੰ ਹਵਾ ਨੂੰ ਪਿਛੇ ਸੁੱਟ ਜਾਂਦੀ ਸੈਂ। ਮੈਂ ਘਰ ਆਉਣ 'ਤੇ ਨਿਹਾਰੀਆਂ ਪਾਉਂਦਾ ਸਾਂ ਅਤੇ ਜਿਤਨਾ ਚਿਰ ਮਾਲਸ਼ ਕਰਕੇ ਤੇਰੀ ਥਕਾਵਟ ਦੂਰ ਨਹੀਂ ਸੀ ਕਰ ਲੈਂਦਾ, ਆਰਾਮ ਨਹੀਂ ਸੀ ਕਰਦਾ। ਤੇਰਾ ਦੇਣਾ ਵੀ ਪਿਆਰਾ ਸੀ, ਤੇਰਾ ਲਹਿਣਾ ਭੀ ਚੰਗਾ ਲਗਦਾ ਸੀ। ਹੁਣ ਦੇਣਾ ਲੈਣਾ ਮੁੱਕ ਗਿਆ ਹੈ।

ਜਿਸ ਦਿਨ ਬਲਦਾਂ ਦੀ ਜੋਗ ਮਰ ਗਈ, ਭਾਈ ਮੰਝ ਬੋਲਿਆ, "ਤੁਸੀਂ ਮੇਰਾ ਅੰਦਰ ਬਾਹਰ ਦਾਣਿਆਂ ਨਾਲ ਭਰਦੇ ਰਹੇ ਹੋ। ਮੈਂ ਸਭ ਤੋਂ ਪਹਿਲਾਂ ਛਾਹ ਵੇਲਾ ਤੁਹਾਨੂੰ ਖਵਾਉਂਦਾ ਸਾਂ ਅਤੇ ਪਿਛੋਂ ਆਪ ਕਰਦਾ ਸਾਂ। ਤੁਸੀਂ ਸਾਰੇ ਪ੍ਰਾਹੁਣਿਆਂ ਵਾਂਗ ਮੇਲ ਬਣਾ ਕੇ ਆਏ ਸੀ। ਮੈਂ ਪ੍ਰਾਹੁਣਿਆਂ ਵਾਂਗ ਤੁਹਾਨੂੰ ਚਾਅ ਨਾਲ ਵਾਰੀ ਵਾਰੀ ਤੋਰ ਰਿਹਾ ਹਾਂ।"

ਪਹਿਲਾਂ ਡੰਗਰਾਂ ਨੇ ਹਵੇਲੀ ਖਾਲੀ ਕਰ ਦਿੱਤੀ ਅਤੇ ਫਿਰ ਫਸਲਾਂ ਨੂੰ ਲੱਦਿਆਂ ਪੱਖਿਆਂ ਘਰ ਵੱਲ ਆਉਣਾ ਭੁੱਲ ਗਿਆ। ਅੰਦਰ ਬਾਹਰ ਸਭ ਸੱਖਣਾ ਹੋ ਗਿਆ।

ਇਕ ਦਿਨ ਲੜਕੀ ਬੋਲੀ, "ਪਿਤਾ ਜੀ, ਸਾਡੀ ਇੱਜ਼ਤ ਭੀ ਚਲੀ ਗਈ! ਸਾਡਾ ਮਾਨ ਭੀ ਚਲਿਆ ਗਿਆ। ਅੱਜ ਖੁੰਡਾਂ 'ਤੇ ਬੈਠੇ ਹੋਏ ਲੋਕ ਗੱਲਾਂ ਕਰ ਰਹੇ ਸਨ ਕਿ ਭਾਈ ਮੰਞ ਦਾ ਪਰਿਵਾਰ ਪਾਗਲ ਹੋ ਗਿਆ ਹੈ। ਉਸ ਨੂੰ ਸੁਲਤਾਨ ਨੇ ਸਰਾਪ ਦੇ ਦਿੱਤਾ ਹੈ। ਸੁਲਤਾਨ ਨੇ ਸੁਪਨੇ ਵਿਚ ਵਿਖਾਲੀ ਦਿੱਤੀ ਹੈ ਅਤੇ ਕਿਹਾ ਹੈ ਕਿ ਤੀਰਥ ਤੋਂ ਘਰ-ਘਾਟ ਖੋਹ ਲਵੋ ਅਤੇ ਪਿੰਡ ਵਿਚੋਂ ਕੱਢ ਦਿਓ, ਨਹੀਂ ਤਾਂ ਮੈਂ ਸਾਰਾ ਪਿੰਡ ਉਜਾੜ ਦੇਣਾ ਹੈ। ਪਿੰਡ ਦੇ ਲੋਕ ਸਾਨੂੰ ਕਲ੍ਹ ਬਾਹਰ ਕੱਢ ਰਹੇ ਹਨ।"

ਭਾਈ ਮੰਞ ਆਪਣੀ ਪਤਨੀ ਨੂੰ ਕਹਿਣ ਲੱਗਾ-"ਭਲੀਏ ਲੋਕੇ, ਥੋੜ੍ਹੇ ਕਪੜੇ ਬੰਨ੍ਹ ਲੈ, ਤਾਂ ਕਿ ਤੁਰਨ ਵੇਲੇ ਦੇਰੀ ਨਾ ਲੱਗੇ"

ਪਤਨੀ ਬੋਲੀ- "ਮੈਂ ਤਾਂ ਕਿਤਨੇ ਚਿਰਾਂ ਦੇ ਕਪੜੇ ਬੱਧੇ ਹੋਏ ਹਨ।"

ਭਾਈ ਮੰਞ ਜੀ ਕਹਿਣ ਲੱਗੇ- "ਕਿਹੜੇ ਕਿਹੜੇ ਕਪੜੇ ਤਿਆਰ ਕੀਤੇ ਹਨ?"

ਪਤਨੀ ਬੋਲੀ- "ਜਿਹੜੇ ਦੋ ਪ੍ਰੇਮ ਪਟੋਲੇ ਗੁਰੂ ਜੀ ਨੇ ਦਿੱਤੇ ਸਨ, ਨਾਮ ਅਤੇ ਸੇਵਾ।"

ਤੇ ਲੜਕੀ ਬੋਲੀ- "ਨਾਲ ਸਿੱਖ ਚਲਣ ਵਾਲਾ ਸ਼ਬਦ।"

ਅਗਲੇ ਦਿਨ ਜਦੋਂ ਪਿੰਡ ਦੀ ਪੰਚਾਇਤ ਭਾਈ ਮੰਞ ਜੀ ਨੂੰ ਘਰ ਤੋਂ ਕੱਢਣ ਆਈ ਤਾਂ ਇਹ ਅੱਗੇ ਹੀ ਤਿਆਰ ਬੈਠੇ ਹੋਏ ਸਨ।

ਭਾਈ ਮੰਞ ਜੀ ਬੋਲੇ, "ਤੁਸੀਂ ਭੀ ਇਕ ਗ੍ਰਿਹ ਹੋ, ਹਰ ਗ੍ਰਿਹ ਕੁਝ ਲੈਣ ਅਤੇ ਕੁਝ ਦੇਣ ਲਈ ਆਉਂਦਾ ਹੈ, ਤੁਸੀਂ ਮੇਰੇ ਗੁਰੂ ਜੀ ਦੇ ਵਾਕ ਪੂਰੇ ਕੀਤੇ ਹਨ। ਸਾਡਾ ਪਰਿਵਾਰ ਤੁਹਾਡਾ ਧੰਨਵਾਦੀ ਹੈ।"

ਭਾਈ ਮੰਞ ਇਸ ਤਰ੍ਹਾਂ ਘਰੋਂ ਅਤੇ ਪਿੰਡੋਂ ਬਾਹਰ ਨੂੰ ਤੁਰ ਪਿਆ, ਜਿਸ ਤਰ੍ਹਾਂ ਮੁਸਾਫ਼ਰ ਸਰਾਂ ਵਿਚ ਰਾਤ ਰਹਿ ਕੇ ਸਵੇਰੇ ਆਪਣੇ ਪੰਧ ਉਪਰ ਤੁਰ ਪੈਂਦਾ ਹੈ। ਸ਼ਰੀਕ ਮਰੇ ਤਾਂ ਵਿਹੜਾ ਮੋਕਲਾ ਵਾਲੀ ਗੱਲ ਹੋਈ। ਭਾਈ ਮੰਞ ਜੀ ਦਾ ਘਰ, ਭਾਈ ਮੰਞ ਜੀ ਦੀ ਪੈਲੀ ਅਤੇ ਭਾਈ ਮੰਞ ਜੀ ਦਾ ਸਮਾਨ ਵੰਡ ਲਿਆ ਗਿਆ। ਪਿੰਡ ਨੇ ਆਪਣਾ ਚੌਧਰੀ ਵੀ ਹੋਰ ਬਣਾ ਲਿਆ।

ਪਿੰਡ ਦੇ ਕਿਸੇ ਭੀ ਆਦਮੀ ਨੇ ਕਦੇ ਹਉਕਾ ਨਾ ਭਰਿਆ ਅਤੇ ਨਾ ਭਾਈ ਮੰਞ ਜੀ ਦਾ ਪਤਾ ਕਰਨ ਦਾ ਯਤਨ ਕੀਤਾ ਕਿ ਉਹ ਕਿਥੇ ਹੈ ਅਤੇ ਉਜੜ ਜਾਣ ਪਿਛੋਂ ਕਿਵੇਂ ਦਿਨ-ਕਟੀ ਕਰ ਰਿਹਾ ਹੈ।

ਗੁਰੂ ਅਰਜਨ ਦੇਵ ਜੀ ਨੇ ਇਕ ਦਿਨ ਲਗੇ ਹੋਏ ਦੀਵਾਨ ਸਮੇਂ ਇਕ ਮੇਵੜੇ ਨੂੰ ਕਿਹਾ, "ਇਹ ਹੁਕਮਨਾਮਾ ਭਾਈ ਮੰਞ ਜੀ ਨੂੰ ਫਲਾਣੇ ਪਿੰਡ ਵਿਚ ਜਾ ਕੇ ਦੇਣਾ ਹੈ। ਇਸ ਵੇਲੇ ਉਸ ਪਾਸ ਕੁਝ ਭੀ ਨਹੀਂ ਹੈ। ਉਹ ਘਾਹ ਖੋਤਦਾ ਹੈ ਅਤੇ ਘਾਹ ਵੇਚ ਕੇ ਪਰਿਵਾਰ ਦੀ ਪਾਲਣਾ ਕਰਦਾ ਹੈ। ਕਮਾਈ ਦੇ ਚਾਰ ਹਿੱਸੇ ਕਰਦਾ ਹੈ, ਉਸ ਵਿਚੋਂ ਇਕ ਹਿਸਾ ਲੋੜਵੰਦਾਂ ਨੂੰ ਦੇਂਦਾ ਹੈ। ਉਸ ਕੋਲੋਂ ਪਹਿਲਾਂ ਵੀਹ ਰੁਪਏ ਲੈਣੇ ਹਨ ਅਤੇ ਫਿਰ ਇਹ ਹੁਕਮਨਾਮਾ ਦੇਣਾ ਹੈ।"

ਮੇਵੜਾ ਹੁਕਮਨਾਮਾ ਲੈ ਕੇ ਤੁਰ ਪਿਆ। ਸਾਰੇ ਦੀਵਾਨ ਵਿਚ ਸੱਨਾਟਾ ਛਾ ਗਿਆ। ਗੁਰੂ ਜੀ ਸਭ ਕੁਝ ਜਾਣਦੇ ਹਨ ਕਿ ਭਾਈ ਮੰਞ ਨੂੰ ਪਿਛੋਂ ਬਾਹਰ ਕੱਢ ਦਿੱਤਾ ਗਿਆ ਹੈ। ਉਹ ਜਾਣਦੇ ਹਨ ਕਿ ਉਹ ਕਿਤਨੇ ਤੰਗ ਹਨ, ਫਿਰ ਭੀ ਮਾਇਆ ਲਈ ਹੁਕਮਨਾਮਾ ਭੇਜ ਰਹੇ ਹਨ।

ਮੇਵੜਾ ਪਹਿਲਾਂ ਪਿੰਡ ਪਹੁੰਚਾ ਅਤੇ ਫਿਰ ਉਸ ਪੈਲੀ ਵਿਚ ਪਹੁੰਚ ਗਿਆ ਜਿਥੇ ਭਾਈ ਮੰਞ ਜੀ ਘਾਹ ਖੋਤ ਰਹੇ ਸਨ। ਮੇਵੜਾ ਕਿਤਨਾ ਚਿਰ ਖੜੋਤਾ ਵੇਖਦਾ ਰਿਹਾ। ਭਾਈ ਮੰਞ ਜੀ ਦੀ ਸੁਰਤੀ ਗੁਰੂ-ਚਰਨਾਂ ਵਿਚ ਸੀ ਰੰਬੇ ਅਤੇ ਸਿਮਰਨ ਦਾ ਸੰਗੀਤ ਚਲ ਰਿਹਾ ਸੀ।

ਭਾਈ ਮੰਞ ਜੀ ਦਾ ਗੁੰਦਵਾਂ ਸਰੀਰ ਸੀ ਅਤੇ ਡੌਲਿਆਂ ਨੂੰ ਖੱਲੀਆਂ ਪੈਂਦੀਆਂ ਸਨ। ਕਾਮਨਾਵਾਂ ਤੇ ਕਰੋਧ ਦੇ ਰੰਬਿਆਂ ਨਾਲ ਜ਼ਿੰਦਗੀ ਦੀ ਫਸਲ ਗੋਡੀ ਜਾਂਦੀ ਹੈ।

ਜਦੋਂ ਭਾਈ ਮੰਞ ਜੀ ਨੇ ਘਾਹ ਦੀਆਂ ਤਿੜਾਂ ਦਾ ਰੁਗ ਪਿੱਛੇ ਸੁਟਿਆ ਤਾਂ ਉਹਨਾਂ ਦੀ ਨਜ਼ਰ ਮੇਵੜੇ ਉਪਰ ਪਈ। ਮੇਵੜੇ ਦੇ "ਪੈਰੀਂ ਪੈਨਾ ਹਾਂ" ਕਹਿਣ ਤੋਂ ਪਹਿਲਾਂ ਭਾਈ ਮੰਞ ਜੀ ਦਾ ਲੰਮਾ ਅਤੇ ਮਜ਼ਬੂਤ ਸਰੀਰ ਮੇਵੜੇ ਦੇ ਚਰਨਾਂ 'ਤੇ ਢੱਠਾ ਹੋਇਆ ਸੀ। ਭਾਈ ਮੰਞ ਜੀ ਸਿੱਖਾਂ ਵਿਚੋਂ ਗੁਰੂ ਜੀ ਦੇ ਦਰਸ਼ਨ ਕਰਦੇ ਸਨ।

ਮੇਵੜੇ ਨੇ ਕਿਹਾ, "ਮੈਨੂੰ ਪਾਤਸ਼ਾਹ ਨੇ ਹੁਕਮਨਾਮਾ ਦੇ ਕੇ ਤੁਹਾਡੇ ਵੱਲ ਭੇਜਿਆ ਹੈ।"

ਭਾਈ ਮੰਞ ਜੀ ਦੀਆਂ ਅੱਖਾਂ ਵਿਚੋਂ ਜਲਧਾਰਾ ਵਗ ਨਿਕਲੀ। ਉਸ ਦੇ ਘਾਹ ਨਾਲ ਭਰੇ ਹੋਏ ਦੋਵੇਂ ਹੱਥ ਜੁੜ ਗਏ ਤੇ ਬੋਲਿਆ "ਅਠ ਪਹਿਰ ਸੰਗਤਾਂ ਦੀਆਂ ਭੀੜਾਂ ਵਿਚ ਰਹਿਣ ਵਾਲੇ ਪਾਤਸ਼ਾਹ ਨੂੰ ਇਹ ਕਿਰਮ ਯਾਦ ਹੈ! ਮੈਂ ਕਿਤਨੇ ਭਾਗਾਂ ਵਾਲਾ ਹਾਂ! ਕ੍ਰਿਪਾ ਕਰਕੇ ਉਨ੍ਹਾਂ

ਦਾ ਹੁਕਮਨਾਮਾ ਬਖ਼ਸ਼ੋ।"

ਮੇਵੜੇ ਨੇ ਕਿਹਾ, "ਪਾਤਸ਼ਾਹ ਦਾ ਹੁਕਮ ਹੈ, ਪਹਿਲਾਂ ਵੀਹ ਰੁਪਏ ਲੈਣੇ ਹਨ, ਫਿਰ ਹੁਕਮਨਾਮਾ ਦੇਣਾ ਹੈ।"

ਭਾਈ ਮੰਝ ਬੋਲਿਆ, "ਮੈਂ ਤਾਂ ਆਪਣਾ ਸਿਰ ਦੇ ਕੇ ਹੁਕਮਨਾਮਾ ਲੈਣ ਲਈ ਤਿਆਰ ਹਾਂ। ਗੁਰੂ ਦਾ ਹੁਕਮਨਾਮਾ ਅਮੁੱਲ ਹੈ।"

ਬਰੀਕ ਪਿੜੀਆਂ ਵਾਲੀ ਤੰਗੜੀ ਵਿਚ ਚਿੱਲੀ ਜੇਡੀ ਪੰਡ ਚੁਕ ਕੇ ਅੱਗੇ ਅੱਗੇ ਭਾਈ ਮੰਝ ਜੀ ਤੁਰ ਪਏ ਤੇ ਪਿਛੇ ਪਿਛੇ ਮੇਵੜਾ।

ਦਰਵਾਜ਼ੇ ਦੇ ਬਾਹਰ ਵਾਰ ਘਾਹ ਦੀ ਪੰਡ ਸੁੱਟ ਕੇ ਭਾਈ ਮੰਝ ਨੇ ਖੁਸ਼ੀ ਦੀ ਉੱਚੀ ਅਵਾਜ਼ ਵਿਚ ਕਿਹਾ, "ਗੁਰੂ ਜੀ ਨੇ ਸਾਨੂੰ ਯਾਦ ਕੀਤਾ ਹੈ। ਗੁਰੂ ਜੀ ਦਾ ਹੁਕਮਨਾਮਾ ਆਇਆ ਹੈ।"

ਪਤਨੀ, ਪੁੱਤਰੀ ਅਤੇ ਲੜਕਾ ਦੌੜੇ ਦੌੜੇ ਦਰਵਾਜ਼ੇ ਵਿਚ ਆਏ ਅਤੇ ਤਿੰਨੇ ਹੀ ਮੇਵੜੇ ਦੇ ਚਰਨਾਂ ਉਪਰ ਢਹਿ ਪਏ। ਪਤਨੀ ਅਤੇ ਪੁੱਤਰੀ ਦੀਆਂ ਅੱਖਾਂ ਖੁਸ਼ੀ ਦੇ ਅੱਥਰੂਆਂ ਨਾਲ ਡੁਲ੍ਹ ਰਹੀਆਂ ਸਨ।

ਸਿੱਖ, ਗੁਰੂ ਜੀ ਦਾ 'ਦੀਦਾਰ' ਹੁੰਦਾ ਹੈ ਪਰ ਜਦੋਂ ਗੁਰੂ ਵਲੋਂ ਆਵੇ, ਉਸ ਵੇਲੇ ਗੁਰੂ ਜੀ ਦਾ 'ਹੁਕਮ' ਹੁੰਦਾ ਹੈ। ਸਿੱਖ ਦੇ ਸਰੀਰ ਨਾਲ ਹੀ ਘਰ ਵਿਚ ਬਾਣੀ ਦਾ ਪ੍ਰਵਾਹ ਚਲ ਪੈਂਦਾ ਹੈ।

ਭਾਈ ਮੰਝ ਜੀ ਦੀ ਪਤਨੀ ਨੇ ਕਿਹਾ, "ਜੀ ਸਾਡੇ ਕੋਲ ਸੁੱਚੀ ਕਿਰਤ ਦੇ ਸੋਨੇ ਦੇ ਹੱਥ ਹਨ। ਤੁਸੀਂ ਫਿਕਰ ਨਾ ਕਰੋ, ਮੈਂ ਰੁਪਏ ਲੈ ਕੇ ਮੁੜਦੀ ਪੈਰੀਂ ਆਈ ਜੇ।" ਤੇ ਸੱਚ ਮੁਚ ਉਸ ਨੇ ਜਾਣ-ਆਉਣ ਕੀਤਾ ਤੇ ਵੀਹ ਰੁਪਏ ਸਿੱਖ ਦੇ ਅੱਗੇ ਰੱਖ ਕੇ ਮੱਥਾ ਟੇਕਿਆ। ਸਿੱਖ ਨੇ ਹੁਕਮਨਾਮਾ ਭਾਈ ਮੰਝ ਜੀ ਦੇ ਹੱਥ ਫੜਾ ਦਿੱਤਾ। ਭਾਈ ਮੰਝ ਜੀ ਕਦੇ ਹੁਕਮਨਾਮੇ ਨੂੰ ਅੱਖਾਂ ਨਾਲ ਲਾਉਣ, ਕਦੇ ਸੀਨੇ ਨਾਲ ਲਾਉਣ, ਕਦੇ ਸਿਰ ਉਪਰ ਰੱਖਣ। ਕਦੇ ਧਰਤੀ ਉਪਰ ਰੱਖ ਕੇ ਮੱਥਾ ਟੇਕਣ। ਭਾਈ ਮੰਝ ਜੀ ਦੇ ਨਾਲ ਨਾਲ ਪਤਨੀ, ਧੀ ਅਤੇ ਪੁੱਤਰ ਦੇ ਹੱਥ ਭੀ ਅੱਖਾਂ ਵੱਲ, ਸੀਨੇ ਵੱਲ, ਸਿਰ ਉਪਰ ਅਤੇ ਧਰਤੀ ਵੱਲ ਜਾਣ। ਉਨ੍ਹਾਂ ਦਾ ਸਾਰਾ ਘਰ ਹੁਕਮਨਾਮੇ ਨਾਲ ਭਰਿਆ ਹੋਇਆ ਸੀ। ਕੰਧਾਂ, ਵਿਹੜੇ ਤੇ ਛੰਨ ਨੇ ਮਾਨੋ ਹੁਕਮਨਾਮੇ ਰੂਪ ਧਾਰਨ ਕਰ ਲਿਆ ਸੀ।

ਸ਼ਾਮੀਂ ਰਹਿਰਾਸ ਦਾ ਪਾਠ ਹੋਇਆ, ਸਾਰੀ ਰਾਤ ਸਿੱਖ, ਦੀਪਕ ਵਾਂਗ ਜਗਦਾ ਰਿਹਾ ਅਤੇ ਸਾਰਾ ਪਰਿਵਾਰ ਪਤੰਗਿਆਂ ਵਾਂਗ ਗੁਰੂ-ਬਾਣੀ ਦੇ ਦੀਪਕ ਦੀ ਪ੍ਰਕਰਮਾ ਕਰਦਾ ਰਿਹਾ! ਸੋਹਿਲੇ ਦੇ ਪਾਠ ਪਿਛੋਂ ਥੋਹੜਾ ਸੁੱਤੇ ਅਤੇ ਪ੍ਰਭਾਤ ਵੇਲੇ ਜਾਗ ਕੇ ਸਾਰੇ 'ਜਪੁ' ਜੀ ਸਾਹਿਬ ਦਾ ਪਾਠ ਕਰਨ ਲਗ ਪਏ।

ਸੂਰਜ ਚੜ੍ਹੇ ਪ੍ਰਸ਼ਾਦ ਛਕਾ ਕੇ ਪਿੰਡ ਦੀ ਹੱਦ ਤਕ ਸਾਰਾ ਪਰਿਵਾਰ ਮੇਵੜੇ ਨੂੰ ਛੱਡਣ ਗਿਆ ਅਤੇ ਵਿਛੜਨ ਵੇਲੇ ਸਾਰੇ ਪਰਿਵਾਰ ਨੇ ਕਿਹਾ–

"ਗੁਰੂ ਜੀ ਨੂੰ ਕਹਿਣਾ, ਏਸੇ ਤਰ੍ਹਾਂ ਆਪਣੇ ਸੇਵਕਾਂ ਉਪਰ ਤ੍ਰੁਠਦੇ ਰਹਿਣਾ।"

ਜਦੋਂ ਵਾਪਸ ਘਰ ਨੂੰ ਆ ਰਹੇ ਸਨ ਤਾਂ ਲੜਕੀ ਨੇ ਕਿਹਾ "ਪਿਤਾ ਜੀ! ਬੇਸ਼ਕ ਹੁਕਮਨਾਮਾ ਤੁਹਾਨੂੰ ਆਇਆ ਹੈ, ਬੇਸ਼ਕ ਮਾਤਾ ਜੀ ਨੇ ਰੁਪਏ ਲਿਆਂਦੇ ਹਨ, ਪਰ ਸੇਵਾ ਤਾਂ ਮੈਨੂੰ ਮਿਲੀ ਹੈ। ਮੈਂ ਏਥੇ ਬੈਠੀ ਗੁਰੂ ਦੇ ਚੱਕ ਵਿਚ ਬੈਠੀਆਂ ਸੰਗਤਾਂ ਦੇ ਪ੍ਰਸ਼ਾਦੇ ਤਿਆਰ ਕਰਾਂਗੀ। ਏਥੇ ਬੈਠੀ ਪਰਕਰਮਾ ਦੀ ਸਫਾਈ ਕਰਾਂਗੀ। ਏਥੇ ਬੈਠੀ ਹੋਈ ਲੰਗਰ ਦੇ ਭਾਂਡੇ ਮਾਂਜਾਂਗੀ। ਏਥੇ ਬੈਠੀ ਹੋਈ ਸੰਗਤਾਂ ਨੂੰ ਪੱਖਾ ਝੱਲਾਂਗੀ। ਏਥੇ ਬੈਠੀ ਸੰਗਤਾਂ ਲਈ ਚੱਕੀ ਪੀਹਾਂਗੀ। ਦਾਲਾਂ ਚੁਗਾਂਗੀ, ਝੋਨਾ ਛੜਾਂਗੀ।"

ਧੀ ਦੀ ਲੰਮੀ ਨਜ਼ਰ ਵੇਖ ਕੇ ਪਿਉ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਅਤੇ ਮਾਂ ਨੇ ਧੀ ਨੂੰ ਆਪਣੇ ਸੀਨੇ ਨਾਲ ਲਾ ਲਿਆ ਤੇ ਕਿਹਾ–

"ਪੁੱਤਰ! ਸੇਠ ਕਹਿੰਦਾ ਸੀ, ਮੈਂ ਧੀ ਤੋਂ ਕੰਮ ਨਹੀਂ ਕਰਵਾਉਂਦਾ, ਇਹ ਵੀਹ ਰੁਪਏ ਮੇਰੇ ਵੱਲੋਂ ਆਪਣੇ ਗੁਰੂ ਜੀ ਨੂੰ ਦੇ ਦੇਣ। ਮੈਂ ਉਸ ਨੂੰ ਕਿਹਾ ਕਿ ਸਾਡਾ ਗੁਰੂ ਸੁੱਚੀ ਕਿਰਤ ਹੀ ਲੈਂਦਾ ਹੈ। ਗੁਰੂ-ਘਰ ਵਿਚ ਸੁੱਚੀ ਕਿਰਤ ਫਲਦੀ ਫੂਲਦੀ ਹੈ। ਮੈਂ ਸੇਠ ਨੂੰ ਤੇਰੇ ਵਾਲੀ ਗੱਲ ਆਖੀ ਸੀ। ਮੈਂ ਕਿਹਾ ਸੀ ਕਿ ਮੇਰੀ ਧੀ ਤੇਰੇ ਘਰ ਬੈਠੀ ਕੰਮ ਕਰਦੀ ਹੋਵੇਗੀ, ਪਰ ਉਸ ਦੀ ਹਾਜ਼ਰੀ ਗੁਰੂ ਜੀ ਦੇ ਦਰਬਾਰ ਵਿਚ ਲੱਗੇਗੀ।"

ਭਾਈ ਮੰਞ ਜੀ ਦਾ ਘਾਹ ਸੁਥਰਾ ਹੁੰਦਾ ਸੀ, ਉਸ ਦੀ ਘਾਹ ਦੀ ਪੰਡ ਭਾਰੀ ਹੁੰਦੀ ਸੀ, ਪਰ ਮੁੱਲ ਥੋਹੜਾ ਤੇ ਇਕ ਹੁੰਦਾ ਸੀ, ਏਸੇ ਕਰ ਕੇ ਉਸ ਦਾ ਘਾਹ ਸਭ ਤੋਂ ਪਹਿਲਾਂ ਵਿਕਦਾ ਸੀ। ਘਾਹ ਖੋਤਣ ਵਾਲੇ ਦੀ ਚਾਰੇ ਚੱਕ ਜਾਗੀਰ ਹੁੰਦੀ ਹੈ। ਉਸ ਦਾ ਆਪਣਾ ਕੋਈ ਖੇਤ ਨਹੀਂ ਹੁੰਦਾ, ਪਰ ਸਾਰੇ ਘਾਹ ਦਾ ਮਾਲਕ ਘਾਹ ਖੋਤਣ ਵਾਲਾ ਹੁੰਦਾ ਹੈ। ਭਾਈ ਮੰਞ ਜੀ ਦਾ ਪਰਿਵਾਰ ਸੁੱਚੀ ਕਿਰਤ ਕਰਦਾ ਸੀ। ਸਾਰੇ ਕਸਬੇ ਵਿਚ ਉਹਨਾਂ ਦੀ ਇੱਜ਼ਤ ਸੀ। ਕਈ ਵਾਰ ਕੋਈ ਸ਼ੁਭ ਚਿੰਤਕ ਕਹਿੰਦਾ– "ਭਾਈ ਸਾਹਿਬ ਜੀ ! ਚਾਰ ਕੌਡਾਂ ਸਾਂਭੀਆਂ ਹੋਈਆਂ ਵੇਲੇ-ਕੁਵੇਲੇ ਕੰਮ ਆਉਂਦੀਆਂ ਹਨ।"

ਭਾਈ ਮੰਞ ਜੀ ਕਹਿੰਦੇ– "ਮੈਂ ਤਾਂ ਕੌਡੀਆਂ ਛੱਡ ਕੇ ਕੇਸਰ ਦਾ ਥੋਕ ਵਿਉਪਾਰ ਕਰਦਾ ਹਾਂ। ਇਹ ਕੇਸਰ ਔਖੇ ਸੌਖੇ ਵੇਲੇ ਕੰਮ ਭੀ ਸਵਾਰਦਾ ਹੈ, ਖੁਸ਼ੀ ਅਤੇ ਖੁਸ਼ਬੂ ਭੀ ਫੈਲਾਉਂਦਾ ਹੈ। ਮੇਰਾ ਲੈਣ-ਦੇਣ ਪ੍ਰਲੋਕ ਨਾਲ ਹੈ।" ਸਮਾਂ ਲੰਘਿਆ ਤਾਂ ਗੁਰੂ ਜੀ ਨੇ ਸਾਰੀ ਸੰਗਤ ਦੇ ਬੈਠਿਆਂ ਹੋਇਆਂ ਪਹਿਲੇ ਸਿੱਖਾਂ ਨੂੰ ਕਿਹਾ–

"ਭਾਈ ਮੰਞ ਜੀ ਘਾਹ ਵੇਚ ਕੇ ਜਿਤਨਾ ਕਮਾਉਂਦੇ ਹਨ, ਰੋਜ਼ ਦਾ ਰੋਜ਼ ਉਤਨਾ ਖਾ ਅਤੇ ਖਵਾ ਛਡਦੇ ਹਨ। ਉਹਨਾਂ ਦੇ ਕੋਲ ਕੋਈ ਪੈਸਾ ਨਹੀਂ ਹੈ। ਤੁਸੀਂ ਇਹ ਹੁਕਮਨਾਮਾ ਲੈ ਜਾਓ ਅਤੇ ੨੦ ਰੁਪਏ ਪਹਿਲਾਂ ਲੈ ਕੇ ਫਿਰ ਉਸਨੂੰ ਹੁਕਮਨਾਮਾ ਦੇਣਾ।"

ਸਿੱਖ ਹੁਕਮਨਾਮੇ ਲੈ ਕੇ ਭਾਈ ਮੰਞ ਜੀ ਦੇ ਘਰ ਪਹੁੰਚ ਗਿਆ। ਸਿੱਖ ਦੇ ਦਰਸ਼ਨ ਕਰਕੇ ਸਾਰੇ ਪਰਿਵਾਰ ਦੇ ਚੇਹਰੇ ਉਪਰ ਗਿੱਠ ਗਿੱਠ ਲਾਲੀਆਂ ਚੜ੍ਹ ਗਈਆਂ।

ਪਰਿਵਾਰ ਬੜਾ ਖੁਸ਼ ਸੀ ਜਿਵੇਂ ਪਰਿਵਾਰ ਗੁਰੂ ਨੂੰ ਯਾਦ ਕਰਦਾ ਸੀ, ਗੁਰੂ ਭੀ ਪਰਿਵਾਰ ਨੂੰ ਯਾਦ ਕਰਦਾ ਹੈ। ਯਾਦ ਨਹੀਂ ਕਰਦਾ, ਉਚੇਚਾ ਆਪਣਾ ਨਿੱਜੀ ਸੇਵਕ ਭੀ ਭੇਜਦਾ ਹੈ। ਸਿੱਖ ਨੇ ਕਿਹਾ, "ਸਾਹਿਬਾਂ ਦਾ ਹੁਕਮ ਹੈ, ਪਹਿਲਾਂ ੨੦ ਰੁਪਏ ਦਿਓ, ਫਿਰ ਹੁਕਮਨਾਮਾ ਦੇਣਾ ਹੈ।"

ਪਤਨੀ ਨੇ ਆਪਣੀ ਬੇਟੀ ਨੂੰ ਕਿਹਾ, "ਤੂੰ ਗੁਰੂ-ਰੂਪ ਸਿੱਖ ਨੂੰ ਜਲ-ਪਾਣੀ ਛਕਾ। ਅਸੀਂ ਦੋਵੇਂ ੨੦ ਰੁਪਏ ਲੈ ਆਈਏ।"

ਦੰਪਤੀ ਨੂੰ ਵੇਖ ਕੇ ਸੇਠ ਉਠ ਕੇ ਖੜੋ ਗਿਆ ਅਤੇ ਸਤਿਕਾਰ ਲਈ ਮੰਜਾ ਡਾਹ ਦਿੱਤਾ ਤੇ ਕਿਹਾ, "ਮੇਰੇ ਧੰਨ ਭਾਗ ਹਨ! ਗੁਰੂ ਜੀ ਦੇ ਅਨਿੰਨ ਭਗਤਾਂ ਨੇ ਮੇਰੇ ਘਰ ਚਰਨ ਪਾਏ ਹਨ। ਮਾਇਆ ਦੇ ਕੀੜੇ ਦੇ ਘਰ ਨਰਾਇਣ ਆਏ ਹਨ।"

ਭਾਈ ਮੰਝ ਜੀ ਦੀ ਪਤਨੀ ਦੀ ਗੱਲ ਸੁਣ ਕੇ ਸੇਠ ਨੇ ਦੋਵੇਂ ਕੰਨ ਫੜ ਲਏ ਅਤੇ ਕਿਹਾ, "ਇਸ ਘਰ ਵਿਚ ਜੋ ਕੁਝ ਹੈ, ਇਹ ਸਭ ਤੁਹਾਡਾ ਹੈ, ਤੁਸੀਂ ਸੁੱਚੀ ਕਿਰਤ ਥਾਂ 'ਤੇ ਮੈਨੂੰ ਭਗਤੀ ਦਾ ਕੇਸਰ ਬਖਸ਼ੋ। ਮੇਰਾ ਭੀ ਭਲਾ ਕਰੋ।"

ਭਾਈ ਮੰਝ ਜੀ ਬੋਲੇ, "ਭਗਤੀ ਦੇਣ ਵਾਲਾ ਤਾਂ ਗੁਰੂ ਹੈ। ਉਸ ਦੇ ਦਰਬਾਰ ਵਿਚੋਂ ਹੀ ਭਗਤੀ ਮਿਲਦੀ ਹੈ। ਸਾਡੇ ਕੋਲ ਤਾਂ ਕੇਵਲ ਕਿਰਤ ਹੈ। ਸਾਡਾ ਗੁਰੂ ਕੇਵਲ ਘਾਲ ਕਮਾਈ ਪਰਵਾਨ ਕਰਦਾ ਹੈ। ਦੋਵੇਂ ਮਾਵਾਂ ਧੀਆਂ ਤੁਹਾਡੇ ਘਰ ਦੇ ਕੰਮ ਕਰਨਗੀਆਂ। ਇਨ੍ਹਾਂ ਨੂੰ ਆਣ-ਜਾਣ ਵਿਚ ਭੀ ਸੁਖ ਰਹੇਗਾ।"

ਸੇਠ ਬੋਲਿਆ, "ਮੈਂ ਨਿੱਕੀ ਬੇਟੀ ਨੂੰ ਰੋਜ਼ ਕਹਿੰਦਾ ਹਾਂ, ਤੇਰੇ ਸੇਵਾ ਦੇ ਦਿਨ ਖਤਮ ਹੋ ਗਏ ਹਨ ਪਰ ਉਹ ਦਿਨਾਂ ਦਾ ਹਿਸਾਬ-ਕਿਤਾਬ ਪੂਰਾ ਪੂਰਾ ਰੱਖਦੀ ਹੈ। ਉਹ ਇਕ ਹੈ ਪਰ ਦੋ ਜਿਤਨਾ ਕੰਮ ਕਰਦੀ ਹੈ। ਤੁਸੀਂ ਉਸ ਦੇ ਹਿਸਾਬ ਵਿਚੋਂ ੨੦ ਰੁਪਏ ਲੈ ਜਾਵੋ ਕਿਉਂਕਿ ਉਸ ਨੇ ਦੂਣਾ ਕੰਮ ਕੀਤਾ ਹੈ।"

ਭਾਈ ਮੰਝ ਜੀ ਨੇ ਕਿਹਾ, "ਸੇਠ ਜੀ! ਜੇਹੜਾ ਆਦਮੀ ਕੰਮ ਕਰਨ ਵੇਲੇ ਸਰੀਰ ਤੇ ਦਿਮਾਗ ਦੀ ਪੂਰੀ ਵਰਤੋਂ ਨਹੀਂ ਕਰਦਾ, ਉਹ ਮਾਲਕ ਵਲੋਂ ਤਾਂ ਬੇਈਮਾਨ ਹੁੰਦਾ ਹੀ ਹੈ, ਆਪਣੇ ਨਾਲ ਭੀ ਬੇ-ਇਨਸਾਫੀ ਕਰਦਾ ਹੈ। ਅਜੇਹੇ ਆਦਮੀ ਕੋਲ ਨਾ ਪੂਰਾ ਦਿਮਾਗ ਰਹਿੰਦਾ ਹੈ, ਨਾ ਪੂਰਾ ਸਰੀਰ ਰਹਿੰਦਾ ਹੈ। ਮੇਰੀ ਬੱਚੀ ਜਾਣਦੀ ਹੈ ਕਿ **ਕੋਈ ਕੰਮ ਚੋਰ ਸਿੱਖ ਨਹੀਂ ਹੋ ਸਕਦਾ। ਜਿਹੜਾ ਕੰਮਚੋਰ ਹੈ, ਉਹ ਸਿੱਖ ਨਹੀਂ ਹੈ।** ਉਸ ਨੇ ਦੂਣਾ ਕੰਮ ਨਹੀਂ ਕੀਤਾ, ਈਮਾਨਦਾਰ ਲਈ ਇਤਨਾ ਕੰਮ ਜ਼ਰੂਰੀ ਹੈ, ਸੋ ਵੀਹ ਰੁਪਏ ਦਿਓ ਅਤੇ ਜਿਵੇਂ ਬੱਚੀ ਨੂੰ ਕਿਰਤ ਦਿੱਤੀ ਸੀ, ਉਸੇ ਤਰ੍ਹਾਂ ਬੱਚੀ ਦੀ ਮਾਂ ਨੂੰ ਭੀ ਦਿਓ।"

ਸੇਠ ਅੰਦਰ ਗਿਆ , ਜਦੋਂ ਉਸ ਨੇ ਵੀਹ ਰੁਪਏ ਭਾਈ ਮੰਝ ਜੀ ਦੀ ਪਤਨੀ ਦੇ ਹੱਥ 'ਤੇ ਰਖੇ ਤਾਂ ਸੇਠ ਦੀਆਂ ਅੱਖਾਂ ਦੇ ਕੁਝ ਪਾਣੀ ਦੇ ਸਿੱਕੇ ਭੀ ਤਲੀ ਉਪਰ ਡਿੱਗ ਪਏ। ਭਾਈ ਮੰਝ ਜੀ ਵੱਲ ਮੂੰਹ ਕਰਕੇ ਸੇਠ ਬੋਲਿਆ, "ਗੁਰੂ ਜੀ, ਧਰਤੀ ਉਪਰ ਕੈਸੇ ਇਨਸਾਨ ਪੈਦਾ ਕੀਤੇ ਹਨ! ਇਹ ਸੁੱਚੀ ਕਿਰਤ ਤੇ ਨਾਮ ਦੀ ਚੀਜ਼ ਕਿਥੋਂ ਲੈ ਕੇ ਆਏ ਹਨ!!"

ਭਾਈ ਮੰਝ ਜੀ ਨੇ ਵੀਹ ਰੁਪਏ ਸਿੱਖ ਨੂੰ ਮੱਥਾ ਟੇਕਿਆ। ਸਿੱਖ ਨੇ ਭਾਈ ਮੰਝ ਜੀ ਦੇ ਚਰਨ ਛੂਹੇ ਅਤੇ ਗੁਰੂ ਜੀ ਦਾ ਹੁਕਮਨਾਮਾ ਭਾਈ ਮੰਝ ਜੀ ਨੂੰ ਸੌਂਪ ਦਿੱਤਾ।

ਸਾਰੇ ਪਰਿਵਾਰ ਨੇ ਵਾਰੀ ਵਾਰੀ ਹੁਕਮਨਾਮੇ ਨੂੰ ਮੱਥਾ ਟੇਕਿਆ। ਭਾਈ ਮੰਝ ਜੀ ਨੇ ਹੁਕਮਨਾਮਾ ਪੜ੍ਹਿਆ —

"ਭਾਈ ਮੰਝ, ਇਸ ਸਿੱਖ ਦੇ ਨਾਲ ਆ ਜਾਣਾ।"

ਭਾਈ ਮੰਝ ਜੀ ਨੇ ਉੱਚੀ ਆਵਾਜ਼ ਵਿਚ ਕਿਹਾ, "ਗੁਰੂ ਜੀ ਨੇ ਮੈਨੂੰ ਆਪਣੇ ਕੋਲ ਬੁਲਾ ਲਿਆ ਹੈ।"

ਲੜਕੀ ਬੋਲੀ, "ਪਿਤਾ ਜੀ, ਤੁਸੀਂ ਮੈਨੂੰ ਛੇਤੀ ਸੱਦ ਲੈਣਾ।"

ਭਾਈ ਮੰਝ ਜੀ ਬੱਚੀ ਨੂੰ ਪਿਆਰ ਦੇ ਕੇ ਬੋਲੇ, "ਮੈਂ ਕੌਣ ਹਾਂ ਸੱਦਣ ਵਾਲਾ! ਗੁਰੂ ਆਪ ਬੌਹੜੀ ਕਰਨ ਵਾਲਾ ਹੈ।"

ਸ਼ਾਮ ਨੂੰ ਪਰਿਵਾਰ ਨੇ ਰਹਿਰਾਸਿ ਦਾ ਪਾਠ ਕੀਤਾ। ਗੁਰੂ ਜੀ ਦੀਆਂ ਗੱਲਾਂ ਸੁਣਦਿਆਂ ਰਾਤ ਅੱਖਾਂ ਦੇ ਫਰਕਾਰੇ ਜਿਤਨੀ ਨਿੱਕੀ ਹੋ ਗਈ।

ਸਵੇਰੇ ਸਾਰੇ ਪਰਿਵਾਰ ਨੇ 'ਜਪੁ' ਜੀ ਦਾ ਪਾਠ ਕੀਤਾ। ਪ੍ਰਸ਼ਾਦ ਪਾਣੀ ਛਕ ਕੇ ਭਾਈ ਮੰਝ ਮੇਵੜੇ ਨਾਲ ਜਾਣ ਲਈ ਤਿਆਰ ਹੋ ਗਿਆ। ਨਾਲ ਉਸ ਨੇ ਕੇਵਲ ਉਹ ਪੋਥੀ ਲੈ ਲਈ, ਜਿਸ ਵਿਚ ਉਹ ਸਿੱਖਾਂ ਕੋਲੋਂ ਤੁਕਾਂ ਸੁਣਦਾ ਤੇ ਸਿੱਖ ਲੈਂਦਾ ਸੀ ਅਤੇ ਉਨ੍ਹਾਂ ਤੋਂ ਉਨ੍ਹਾਂ ਦੇ ਅਰਥ ਅਤੇ ਗੂੜ੍ਹੇ ਰਹੱਸ ਸਮਝਦਾ ਸੀ। ਪਿੰਡ ਦੀ ਹੱਦ ਤੱਕ ਪਤਨੀ, ਧੀ ਅਤੇ ਪੁੱਤਰ ਨਾਲ ਗਏ।

ਇਸ ਪਰਿਵਾਰ ਨੂੰ ਪਤੀ, ਪੁੱਤਰ, ਧੀ ਅਤੇ ਪਤਨੀ ਨਾਲੋਂ ਗੁਰੂ ਪਿਆਰਾ ਸੀ। ਸਾਰੇ ਖੁਸ਼ ਸਨ ਕਿ ਉਨ੍ਹਾਂ ਵਿਚੋਂ ਇਕ ਨੂੰ ਗੁਰੂ ਨੇ ਸੱਦ ਲਿਆ ਹੈ ਅਤੇ ਵਾਰੀ ਵਾਰੀ ਸਭ ਦੀ ਵਾਰੀ ਆ ਜਾਵੇਗੀ।

ਵਿਛੜਨ ਵੇਲੇ ਪੁੱਤਰ ਨੇ ਕਿਹਾ, "ਗੁਰੂ ਜੀ ਨੂੰ ਕਹਿਣਾ, 'ਇਕ ਹੁਕਮਨਾਮਾ ਹੋਰ ਭੇਜਣਾ, ਮੈਂ ਭੀ ਸੁੱਚੀ ਕਿਰਤ ਵੰਡਣੀ ਹੈ।' "

ਭਾਈ ਮੰਝ ਜੀ ਨੇ ਕਿਹਾ, "ਤੈਨੂੰ ਤੇ ਹਾਲੇ ਕੋਈ ਕਿਰਤ ਕਰਨ ਦੀ ਜਾਚ ਨਹੀਂ ਹੈ।"

ਪੁੱਤਰ ਬੋਲਿਆ, "ਮੈਂ ਗੁਰੂ ਬਾਬੇ ਦੀਆਂ ਸਾਖੀਆਂ ਸੁਣਾਵਾਂਗਾ। ਬਾਬਾ ਜੀ ਦਾ ਹੁਕਮ ਮੰਨ ਕੇ ਦਰਖਤ ਤੋਂ ਮਠਿਆਈਆਂ ਝੜਦੀਆਂ ਹਨ। ਅੱਧੀ ਰਾਤ ਨੂੰ ਦੁਪਹਿਰ ਹੋ ਜਾਂਦੀ ਹੈ। ਮੁਰਦਾ ਕੜਾਹ ਪ੍ਰਸ਼ਾਦ ਬਣ ਜਾਂਦਾ ਹੈ। ਜੇ ਪਿਆਸਿਆਂ ਨੂੰ ਪਾਣੀ ਨਾ ਪਿਲਾਈਏ ਤਾਂ ਸੋਮੇ ਸੁੱਕ ਜਾਂਦੇ ਹਨ। ਗੁਰੂ ਜੀ ਸੁੱਚੀ ਕਿਰਤ ਵਾਲੇ ਭਾਈ ਲਾਲੋ ਜੀ ਦੀ ਕੋਧਰੇ ਦੀ ਰੋਟੀ ਪਸੰਦ ਕਰਦੇ ਹਨ। ਤੇ..."

ਮੇਵੜੇ ਨੇ ਪਿਆਰ ਵਿਚ ਆ ਕੇ ਬੱਚੇ ਨੂੰ ਚੁੱਕ ਲਿਆ ਅਤੇ ਭਾਈ ਮੰਝ ਜੀ ਨੂੰ ਕਿਹਾ, "ਤੁਸੀਂ ਤਾਂ ਸਾਰੇ ਪਰਿਵਾਰ ਨੂੰ ਸਿੱਖ ਬਣਾ ਲਿਆ ਹੈ। ਸਾਰੀ ਕੁਲ ਤਾਰ ਲਈ ਹੈ।"

ਭਾਈ ਮੰਝ ਜੀ ਨੇ ਮੇਵੜੇ ਦੇ ਚਰਨਾਂ ਉਪਰ ਮੱਥਾ ਟੇਕਿਆ ਅਤੇ ਕਿਹਾ "ਗੁਰੂ ਦੇ ਨਿਕਟਵਰਤੀਆਂ ਦੀ ਜ਼ਬਾਨ ਉਪਰ ਗੁਰੂ ਦਾ ਵਾਸਾ ਹੁੰਦਾ ਹੈ। ਤੁਹਾਡੀ ਜ਼ਬਾਨ ਸਫਲ ਹੋਵੇ, ਮੈਨੂੰ ਭੀ ਤੁਹਾਡੇ ਵਾਂਗ ਸਿੱਖੀ ਪ੍ਰਾਪਤ ਹੋ ਜਾਵੇ!"

ਭਾਈ ਮੰਝ ਜੀ ਮੇਵੜੇ ਨਾਲੋਂ ਤੇਜ ਕਦਮ ਪੁੱਟ ਰਹੇ ਸਨ। ਭਾਈ ਮੰਝ ਜੀ ਦਾ ਪਰਿਵਾਰ ਚਾਈਂ ਚਾਈਂ ਘਰ ਵੱਲ ਨੂੰ ਆ ਰਿਹਾ ਸੀ। ਉਹ ਵਿਛੋੜੇ ਨਾਲੋਂ ਬਹੁਤੀ ਮਿਲਾਪ ਦੀ ਉਡੀਕ ਕਰ ਰਹੇ ਸਨ, ਇਕ ਪੈਰ ਮਿਲਾਪ ਦਾ ਪੁੱਟਿਆ ਜਾ ਚੁੱਕਾ ਸੀ। ਕਦਮ ਪੁੱਟੇ ਜਾਣ ਵਾਲੇ ਸਨ। ਅਜੇ ਥੋੜ੍ਹਾ ਹੀ ਚਲੇ ਸਨ ਤਾਂ ਭਾਈ ਮੰਝ ਜੀ ਬੋਲੇ, "ਮੇਰੇ ਉੱਪਰ ਸਿੱਖ-ਹੰਸਾਂ ਦੀ ਬੜੀ ਕਿਰਪਾ ਰਹੀ ਹੈ। ਜਦੋਂ ਭੀ ਕਦੇ ਘਰ ਆ ਕੇ ਰਾਤ ਕੱਟਦੇ ਸਨ, ਤਾਂ ਬਾਣੀ ਦੇ ਮਾਨ-ਸਰੋਵਰ

ਦੇ ਮੋਤੀਆਂ ਦੀ ਝੜੀ ਲਾ ਦੇਂਦੇ ਸਨ। ਸਭ ਤੋਂ ਪਹਿਲੇ ਹੰਸ ਨੇ ਕਿਹਾ ਸੀ ਕਿ ਸੰਤ ਮਿਲੇ ਤਾਂ ਕਦੀ ਚੁੱਪ ਨਾ ਕਰੋ। ਉਨ੍ਹਾਂ ਨੂੰ ਆਪਣੇ ਮਨ ਦੀ ਵੇਦਨਾ ਦੱਸੋ ਅਤੇ ਉਹ ਜੋ ਦਵਾਈ ਦੱਸਣ ਜਾਂ ਦੇਣ, ਉਸ ਨੂੰ ਦੱਸੇ ਹੋਏ ਪ੍ਰਹੇਜ਼ ਅਨੁਸਾਰ ਖਾਵੋ।"

ਮੇਵੜਾ ਬੋਲਿਆ, "ਗੁਰੂ ਜੀ ਦੀਆਂ ਗੱਲਾਂ ਨਿੱਕੀਆਂ ਹੁੰਦੀਆਂ ਹਨ ਪਰ ਉਨ੍ਹਾਂ ਦੇ ਅਰਥ ਬੜੇ ਵਿਸ਼ਾਲ ਅਤੇ ਡੂੰਘੇ ਹੁੰਦੇ ਹਨ। ਉਹ ਕਹਿੰਦੇ ਹਨ, ਅੱਖਾਂ ਨਾਲ ਵਸਤੂਆਂ ਨਾ ਵੇਖੋ ਪਦਾਰਥਾਂ ਦੇ ਥਾਂ ਕੁਦਰਤ ਵੇਖੋ! ਕੁਦਰਤ ਸਿੱਧਾ ਕਾਦਰ ਨਾਲ ਜੋੜ ਦੇਂਦੀ ਹੈ। ਜੋ ਕੁਝ ਦਿੱਸਦਾ ਹੈ ਉਹ ਕੁਦਰਤ ਹੈ, ਕੰਨਾਂ ਨਾਲ ਨਾਦ ਸੁਣੋ। ਜੋ ਕੁਝ ਸੁਣਦਾ ਹੈ, ਇਹ ਸਭ ਕੁਝ ਨਾਦ ਹੈ। ਜੋ ਕੁਝ ਹਿਰਨ, ਪੰਛੀ ਤੇ ਖਮੋਸ਼ ਮੱਛੀ ਬੋਲਦੀ ਹੈ, ਉਹ ਨਾਦ ਦਾ ਜਾਪ ਹੈ। ਮੂੰਹ ਨਾਲ ਨਾਮ ਭੁੰਚੋ। ਨਾਮ ਭੀ ਚਿੱਥ ਚਿੱਥ ਕੇ ਖਾਣਾ ਚਾਹੀਦਾ ਹੈ।"

ਭਾਈ ਮੰਞ ਦੀਆਂ ਅੱਖਾਂ ਤੋਂ ਇਕ ਪਰਦਾ ਦੂਰ ਹੋ ਗਿਆ। ਕੁਦਰਤ ਦੀ ਅਨੇਕਤਾ ਵਿਚ ਏਕਤਾ ਦੀ ਸਮਝ ਆ ਗਈ। ਨਾਦ ਦੀ ਸਰਗਮ ਰਹਿ ਗਈ, ਭਾਸ਼ਾ ਦੇ ਸਾਰੇ ਚੱਕਰ ਮਿਟ ਗਏ। ਸਾਰੇ ਸ਼ਬਦ ਨਾਮ ਦਾ ਨਾਦ ਬਣ ਗਏ।

ਮੇਵੜਾ ਭਾਈ ਮੰਞ ਜੀ ਨੂੰ ਗੁਰੂ-ਚਰਨਾਂ ਵਿਚ ਲੈ ਆਇਆ। ਗੁਰੂ ਜੀ ਅੱਗੇ ਵੀਹ ਰੁਪਏ ਰੱਖ ਕੇ ਮੇਵੜੇ ਨੇ ਮੱਥਾ ਟੇਕਿਆ। ਭਾਈ ਮੰਞ ਜੀ ਨੇ ਭੀ ਮੱਥਾ ਟੇਕਿਆ।

ਬਿਨਾਂ ਭਾਈ ਮੰਞ ਵੱਲ ਤੱਕਣ 'ਤੇ ਗੁਰੂ ਜੀ ਨੇ ਕਿਹਾ, "ਇਨ੍ਹਾਂ ਨੂੰ ਲੰਗਰ ਲਈ ਜੰਗਲ ਵਿਚੋਂ ਲੱਕੜਾਂ ਲਿਆਉਣ ਦੀ ਸੇਵਾ 'ਤੇ ਲਾਓ।"

ਭਾਈ ਮੰਞ ਜੀ ਗੁਰੂ ਦਰਸ਼ਨ ਕਰ ਕੇ ਗਦ ਗਦ ਹੋ ਗਏ ਸਨ, ਜਦੋਂ ਉਨ੍ਹਾਂ ਨੂੰ ਲੱਕੜਾਂ ਦੀ ਸੇਵਾ ਮਿਲੀ ਤਾਂ ਉਨ੍ਹਾਂ ਦੀ ਖੁਸ਼ੀ ਦਾ ਪਾਰਾਵਾਰ ਨਾ ਰਿਹਾ।

ਮਨੁੱਖ ਦਾ ਹੱਥ ਕੁਦਰਤ ਨੂੰ ਕਰੂਪ ਕਰਦਾ ਹੈ। ਅੰਨ੍ਹਾ ਮਨੁੱਖ ਹੱਥ ਵਿਚ ਕੈਂਚੀ ਅਤੇ ਆਰੀ ਲੈ ਕੇ ਕੁਦਰਤ ਨੂੰ ਪਤਿਤ ਕਰ ਦੇਂਦਾ ਹੈ। ਉਸ ਦੀਆਂ ਬੇਪ੍ਰਵਾਹ ਜ਼ੁਲਫਾਂ ਨੂੰ ਕਤਲ ਕਰ ਦੇਂਦਾ ਹੈ। ਭਾਈ ਮੰਞ ਸੰਘਣੇ ਜੰਗਲ ਵਿਚ ਜਾ ਕੇ ਨੈਣਾਂ ਨਾਲ ਕੁਦਰਤ ਵੇਖਦਾ, ਕੰਨਾਂ ਨਾਲ ਕੀਰਤਨ ਸੁਣਦਾ। ਰਸਨਾ ਨਾਲ ਨਾਮ ਰਸਾਇਣ ਦਾ ਸਵਾਦ ਲੈਂਦਾ ਅਤੇ ਜਿਹੜੇ ਬ੍ਰਿਛ ਦੂਜਿਆਂ ਦੀ ਸੇਵਾ ਕਰਦੇ ਕਰਦੇ ਪ੍ਰਾਣ ਪੰਖੇਰੂ ਲੈ ਕੇ ਉਡ ਗਏ ਹੁੰਦੇ, ਉਨ੍ਹਾਂ ਦੇ ਸਰੀਰ ਨੂੰ ਭੀ ਸਫਲ ਕਰਨ ਲਈ ਸਿਰ ਉੱਪਰ ਚੁਕ ਕੇ ਲੰਗਰ ਵਿਚ ਲੈ ਆਉਂਦਾ।

ਸੇਵਾ ਦਾ ਚਾਅ ਭਾਈ ਮੰਞ ਜੀ ਨੂੰ ਸੌਣ ਨਾ ਦੇਂਦਾ। ਜਿਉਂ ਜਿਉਂ ਲੱਕੜਾਂ ਦੀਆਂ ਭਾਰੀ ਪੰਡਾਂ ਚੁਕਦਾ, ਉਸ ਦਾ ਮਨ ਹਲਕਾ ਹੁੰਦਾ ਜਾਂਦਾ। ਸਰੀਰ ਮਜ਼ਬੂਤ ਹੁੰਦਾ ਜਾਂਦਾ। ਉਹ ਸੋਚਦਾ, "ਗੁਰੂ ਕਿੱਡਾ ਕ੍ਰਿਪਾਲੂ ਹੈ! ਲੰਗਰ ਦੀ ਸਭ ਤੋਂ ਵੱਡੀ ਵਸਤੂ ਅੱਗ ਹੈ! ਉਨ੍ਹਾਂ ਮੈਨੂੰ ਕਿਡੀ ਪਿਆਰੀ ਸੇਵਾ ਬਖਸ਼ੀ ਹੈ!"

ਕੁਝ ਚਿਰ ਤੋਂ ਪਿਛੋਂ ਗੁਰੂ ਜੀ ਨੇ ਸੰਗਤ ਵਿਚ ਪੁੱਛਿਆ, "ਏਥੇ ਇਕ ਮੰਞ ਨਾਮ ਦਾ ਸਿੱਖ ਆਇਆ ਸੀ, ਉਹ ਕੀ ਕੰਮ ਕਰਦਾ ਹੈ?"

ਲਾਂਗਰੀ ਨੇ ਕਿਹਾ, "ਮਹਾਰਾਜ, ਉਹ ਲੰਗਰ ਲਈ ਲੱਕੜਾਂ ਢੋਂਦਾ ਰਹਿੰਦਾ ਹੈ। ਕੇਵਲ ਪ੍ਰਸ਼ਾਦ ਛਕਣ ਵੇਲੇ ਹੀ ਲੰਗਰ ਵਿਚ ਬੈਠਦਾ ਹੈ। ਹਰ ਸਮੇਂ ਪਾਠ ਕਰਦਾ ਰਹਿੰਦਾ ਹੈ।"

ਗੁਰੂ ਜੀ ਬੋਲੇ, "ਉਸ ਨੂੰ ਕਹਿ ਦਿਓ, ਲੰਗਰ ਵਿਚੋਂ ਪ੍ਰਸ਼ਾਦ ਨ ਛਕਿਆ ਕਰੇ। ਉਹ ਸੇਵਾ ਨਹੀਂ ਕਰ ਰਿਹਾ। ਇਹ ਤਾਂ ਮਜ਼ਦੂਰੀ ਹੈ। ਮਨ ਸੇਵਾ ਨਾਲ ਸਾਫ ਹੁੰਦਾ ਹੈ, ਮਜ਼ਦੂਰੀ ਨਾਲ ਨਹੀਂ। ਉਹ ਰੋਟੀ ਲਈ ਆਪਣੀ ਵੱਖਰੀ ਕਮਾਈ ਕਰੇ ਅਤੇ ਉਸ ਵੱਖਰੀ ਕਮਾਈ ਦਾ ਬਹੁਤਾ ਹਿੱਸਾ ਦੂਜਿਆਂ ਨੂੰ ਖਵਾਏ ਅਤੇ ਆਪ ਬਚਿਆ ਹੋਇਆ ਥੋੜ੍ਹਾ ਜੇਹਾ ਖਾਵੇ।"

ਜਦੋਂ ਭਾਈ ਮੰਝ ਨੂੰ ਗੁਰੂ ਜੀ ਦਾ ਹੁਕਮ ਸੁਣਾਇਆ ਤਾਂ ਉਹ ਬੜਾ ਪ੍ਰਸੰਨ ਹੋਇਆ ਅਤੇ ਬੋਲਿਆ, "ਮੇਰੇ ਗੁਰੂ ਨੇ ਮੇਰੀ ਘਾਲ ਬਚਾ ਲਈ ਹੈ। ਮੈਂ ਤਾਂ ਸਾਰੀ ਸੇਵਾ ਪੇਟ ਦੀ ਅੱਗ ਵਿਚ ਸਾੜ ਦੇਣੀ ਸੀ। ਇਹ ਤਾਂ ਚੰਦਨ ਦੇ ਬਾਗ ਨੂੰ ਅੱਗ ਸੇਕਣ ਲਈ ਸਾੜਨ ਵਾਂਗ ਸੀ। ਗੁਰੂ ਸਿੱਖ ਦੀ ਹਰ ਥਾਂ ਰੱਖਿਆ ਕਰਦਾ ਹੈ। ਉਨ੍ਹਾਂ ਨੂੰ ਇਤਨੀਆਂ ਭੀੜਾਂ ਵਿਚ ਭੀ ਮੇਰੀਆਂ ਕਮਜ਼ੋਰੀਆਂ ਦਾ ਪਤਾ ਹੈ।"

ਭਾਈ ਮੰਝ ਜੀ ਨੇ ਲੰਗਰ ਦੀ ਸੇਵਾ ਪਹਿਲਾਂ ਜਿਤਨੀ ਰੱਖੀ। ਆਪਣੇ ਲਈ ਜਿਹੜੀ ਕਮਾਈ ਕਰਦਾ, ਉਹ ਦੂਜਿਆਂ ਨੂੰ ਦੇ ਦੇਂਦਾ ਅਤੇ ਆਪ ਨਾਮ ਮਾਤਰ ਖਾਂਦਾ। ਇਸ ਦਾ ਸਿੱਟਾ ਇਹ ਨਿਕਲਿਆ ਕਿ ਭਾਈ ਮੰਝ ਜੀ ਹੱਡੀਆਂ ਦੇ ਪਿੰਜਰ ਰਹਿ ਗਏ।

ਇਕ ਦਿਨ ਭਾਈ ਮੰਝ ਜੀ ਨੂੰ ਗੁਰੂ ਜੀ ਨੇ ਸੱਦਿਆ ਅਤੇ ਕਿਹਾ, "ਭਾਈ ਮੰਝ, ਤੂੰ ਆਪਣਾ ਸਭ ਕੁਝ ਗੁਆ ਲਿਆ ਹੈ। ਨਾ ਮਾਲ ਰਿਹਾ, ਨਾ ਘਰ ਰਿਹਾ, ਨਾ ਸ਼ਰੀਕੇ ਵਿਚ ਇੱਜ਼ਤ ਰਹੀ।"

ਭਾਈ ਮੰਝ ਜੀ ਹੱਥ ਜੋੜ ਦੇ ਬੋਲੇ, "ਪਾਤਸ਼ਾਹ ਜਿਹੜੀ ਦੌਲਤ ਤੁਸੀਂ ਬਖਸ਼ੀ ਹੈ, ਇਹ ਅਮਰ ਹੈ, ਲੋਕ ਪ੍ਰਲੋਕ ਵਿਚ ਸਾਥ ਦੇਣ ਵਾਲੀ ਹੈ। ਮੈਂ ਤਾਂ ਇਕ ਗੱਲ ਦਾ ਪਛਤਾਵਾ ਕਰਦਾ ਹਾਂ ਕਿ ਤੁਹਾਡੇ ਦਰਸ਼ਨਾਂ ਤੋਂ ਪਹਿਲਾਂ ਦੀ ਜ਼ਿੰਦਗੀ ਮੈਂ ਭੰਗ ਦੇ ਭਾੜੇ ਗੁਆ ਲਈ ਹੈ।"

ਖੁਰਾਕ ਘੱਟ ਖਾਣ ਨਾਲ ਭਾਈ ਮੰਝ ਜੀ ਦਾ ਸਰੀਰ ਕਮਜ਼ੋਰ ਹੋ ਗਿਆ ਸੀ ਪਰ ਪ੍ਰੇਮ ਅਤੇ ਮਨੋ-ਬਲ ਬਲਵਾਨ ਹੋ ਗਏ ਸਨ।

ਹਰ ਰੋਜ਼ ਲੰਗਰ ਵਿਚ ਵਾਧਾ ਹੁੰਦਾ ਸੀ, ਭਾਈ ਮੰਝ ਜੀ ਦੇ ਲੱਕੜਾਂ ਦੇ ਫੇਰੇ ਵਧਦੇ ਜਾਂਦੇ ਸਨ। ਭਾਈ ਮੰਝ ਜੀ ਨੂੰ ਜੰਗਲ ਵਿਚ ਟੁੱਟ-ਭੱਜ ਕੇ ਡਿੱਗੀਆਂ ਹੋਈਆਂ ਲੱਕੜਾਂ ਇਸ ਤਰ੍ਹਾਂ ਅਨੁਭਵ ਹੁੰਦੀਆਂ, ਜਿਵੇਂ ਸੂਰਜ ਦੇ ਨਿੱਕੇ ਨਿੱਕੇ ਚੰਗਿਆੜੇ ਖਿੱਲਰੇ ਹੋਣ। ਉਸ ਦੀ ਪ੍ਰਭਾਤ ਦਾ ਅਰੰਭ ਜੰਗਲ ਵਿਚ ਹੁੰਦਾ ਅਤੇ ਸੰਧਿਆ ਲੰਗਰ ਵਿਚ ਪਹੁੰਚਣ 'ਤੇ ਆਉਂਦੀ। ਲੋਹਾਂ ਤਪਦੀਆਂ, ਕੜ੍ਹਾਏ ਚੜ੍ਹਦੇ ਅਤੇ ਦੇਗਾਂ ਉਬਲਦੀਆਂ ਵੇਖ ਕੇ ਭਾਈ ਮੰਝ ਫੂਲਿਆ ਨਾ ਸਮਾਉਂਦਾ।

ਇਕ ਦਿਨ ਭਾਈ ਮੰਝ ਜੀ ਨੇ ਪੰਡ ਭਾਰੀ ਬੰਨ੍ਹ ਲਈ। ਚਾਰ ਘੜੀਆਂ ਉਡੀਕਣ 'ਤੇ ਭੀ ਕੋਈ ਪੰਡ ਚੁਕਾਉਣ ਵਾਲਾ ਨਾ ਆਇਆ। ਅਖੀਰ 'ਤੇ ਆਪ ਹੀ ਪੰਡ ਚੁਕੀ। ਹਨ੍ਹੇਰਾ ਅਤੇ ਝੱਖੜ ਜਿਵੇਂ ਦੋਵੇਂ ਸਲਾਹ ਕਰਕੇ ਆਏ ਹੋਣ। ਭਾਈ ਮੰਝ ਜੀ ਦੋ ਕਦਮ ਅੱਗੇ ਵੱਲ ਪੁੱਟਣ ਤਾਂ ਝੱਖੜ ਚਾਰ ਕਦਮ ਭਾਈ ਮੰਝ ਨੂੰ ਪਿਛਾਂਹ ਨੂੰ ਧੱਕ ਦੇਵੇ ਅਤੇ ਅੱਖਾਂ ਉਤੇ ਧੂੜੀ ਤੇ ਰੇਤਾ ਦੇ ਭਰ ਭਰ ਕੇ ਬੁਕ ਮਾਰੇ। ਰਾਹਾਂ ਦੇ ਜਾਣੂ ਤੇ ਪਛਾਣੂ ਕਦਮ ਰਾਹ ਭੁੱਲ ਗਏ। ਰਾਤ (ਕਾਲ), ਧਰਤੀ ਅਤੇ ਹਵਾ ਤਿੰਨੇ ਮਿਲ ਕੇ ਭਾਈ ਮੰਝ ਜੀ ਨੂੰ ਬਿਨਾਂ ਮੌਣ ਦੇ ਖੂਹ ਵਿਚ ਸੁੱਟਣ ਵਿਚ ਸਫਲ ਹੋ ਗਏ।

ਤਿੰਨਾਂ ਦੇ ਨਾਲ ਖੂਹ ਅਤੇ ਖੂਹ ਦਾ ਪਾਣੀ ਭੀ ਮਿਲ ਗਿਆ ਪਰ ਇਹ ਪੰਜੇ ਮਿਲ ਕੇ ਭੀ ਭਾਈ ਮੰਞ ਜੀ ਦੇ ਸਿਰ ਤੋਂ ਗੁਰੂ ਕੇ ਲੰਗਰ ਲਈ ਚੁੱਕੀ ਹੋਈ ਲੱਕੜਾਂ ਦੀ ਪੰਡ ਨਾ ਗਿਰਾ ਸਕੇ ਅਤੇ ਨਾ ਹੀ ਲੱਕੜਾਂ ਦੀ ਪੰਡ ਗਿੱਲੀ ਕਰ ਸਕੇ।

ਖੂਹ ਵਿਚ ਡਿੱਗ ਕੇ ਭਾਈ ਮੰਞ ਜੀ ਨੇ ਕਿਹਾ, "ਪ੍ਰਭੂ! ਤੇਰਾ ਲੱਖ ਲੱਖ ਸ਼ੁਕਰ ਹੈ, ਤੂੰ ਆਪਣੀ ਮਿਹਰ ਕਰਕੇ ਹੱਡੀ-ਪਸਲੀ ਟੁੱਟਣ ਤੋਂ ਬਚਾਅ ਲਈ ਹੈ, ਪਰ ਇਸ ਤੋਂ ਵੀ ਵੱਡੀ ਕਿਰਪਾ ਵਿਚ ਹੋਈ ਹੈ ਲੱਕੜਾਂ ਦੀ ਪੰਡ ਸੁੱਕੀ ਰਹਿ ਗਈ ਹੈ। ਇਹ ਮੇਰੀ ਖੱਲੜੀ ਤੋਂ ਕੀਮਤੀ ਹੈ ਜੋ ਗੁਰੂ ਕੇ ਲੰਗਰ ਲਈ ਆਪਣੀ ਕੁਰਬਾਨੀ ਦੇਂਦੀ ਹੈ।"

ਭਾਈ ਮੰਞ ਜੀ, ਪਾਣੀ ਵਿਚ ਖੜੋਤਿਆਂ ਵਾਰੀ ਵਾਰੀ ਦੋਵੇਂ ਹੱਥ ਖੂਹ ਦੇ ਪਾਣੀ ਵਿਚ ਧੋਤੇ। ਦੋਵੇਂ ਅੱਖਾਂ ਸਾਫ ਕਰਕੇ ਮੂੰਹ ਧੋਤਾ ਤੇ ਸੋ ਦਰੁ ਦਾ ਪਾਠ ਸੰਪੂਰਨ ਕੀਤਾ। ਸਮੇਂ ਸਿਰ ਕੀਰਤਨ ਸੋਹਲੇ ਦੇ ਭੋਗ ਪਾਏ। ਸਾਰੀ ਰਾਤ ਸਿਮਰਨ ਵਿਚ ਬੀਤੀ ਅਤੇ ਸਵੇਰੇ ਜਪੁਜੀ ਸਾਹਿਬ ਜੀ ਦੇ ਭੋਗ ਪਾਏ।

ਇਕ ਰਾਤ ਵਿਚ ਤਿੰਨ ਵਾਰ ਗੁਰੂ ਜੀ ਤੋਂ ਭੁੱਲਾਂ ਦੀ ਮਾਫੀ ਮੰਗੀ ਕਿ ਉਹ ਅੱਜ ਡੰਡਾਉਤ ਬੰਦਨਾ ਨਹੀਂ ਕਰ ਸਕਿਆ। ਸਾਧ-ਸੰਗਤ ਦੀ ਧੂੜੀ ਮੱਥੇ ਉਪਰ ਨਹੀਂ ਲਾਈ। ਇਕ-ਦਮ ਮਨ ਵਿਚ ਉਬਾਲਾ ਆਇਆ ਅਤੇ ਭਾਈ ਮੰਞ ਜੀ ਉੱਚੀ ਆਵਾਜ਼ ਵਿਚ ਕੂਕਿਆ-

"ਗੁਰਦੇਵ ਜੀ, ਤੁਸੀਂ ਮੈਨੂੰ ਲੰਗਰ ਦੀ ਸੇਵਾ ਬਖਸ਼ੀ ਸੀ। ਮੈਂ ਅੱਜ ਲੱਕੜਾਂ ਨਹੀਂ ਪਹੁੰਚਾ ਸਕਿਆ। ਤੁਸੀਂ ਭਾਈ ਮੰਞ ਨੂੰ ਸਿੱਖਾਂ ਰਾਹੀਂ ਗੁਰੂ ਜੀ ਦੇ ਦਰਸ਼ਨ ਤੇ ਸੇਵਾ ਦੀ ਜੁਗਤੀ ਦੱਸੀ। ਭੁੱਖੇ ਰਹੋਗੇ। ਇਹ ਮੇਰੇ ਕੋਲੋਂ ਕਿੱਡਾ ਵੱਡਾ ਪਾਪ ਹੋ ਗਿਆ ਹੈ।" ਅਰਦਾਸ ਦੇ ਸ਼ਬਦ ਥੋੜ੍ਹੇ ਸਨ, ਪਰ ਅੱਥਰੂ ਬਹੁਤੇ ਸਨ।

ਗੁਰੂ ਅਰਜਨ ਦੇਵ ਜੀ ਦੀਵਾਨ ਵਿਚ ਬੈਠੇ ਹੋਏ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਰਾਤ ਭਰ ਦਾ ਉਨੀਂਦਰਾ ਸੀ। ਇਕ ਦਮ ਤਖ਼ਤ ਉਪਰੋਂ ਉੱਠੇ ਤੇ ਨੰਗੇ ਪੈਰੀਂ ਦੌੜ ਪਏ ਤੇ ਬੋਲੇ, "ਰੱਸੇ ਲਿਆਓ, ਰੱਸੇ ਲਿਆਓ!"

ਕੋਈ ਸਿੱਖ ਮਹਾਰਾਜ ਜੀ ਦਾ ਜੋੜਾ ਲੈ ਕੇ ਦੌੜਿਆ। ਕੋਈ ਮਹਾਰਾਜ ਜੀ ਦੇ ਘੋੜੇ ਉੱਪਰ ਕਾਠੀ ਪਾ ਕੇ ਉਸੇ ਪਾਸੇ ਨੂੰ ਦੌੜਿਆ। ਕੁਝ ਸਿੱਖ ਮਹਾਰਾਜ ਜੀ ਦੀ ਪਾਲਕੀ ਲੈ ਕੇ ਓਧਰ ਤੁਰ ਪਏ।

ਗੁਰਦੇਵ ਸਿੱਧੇ ਖੂਹ ਉੱਪਰ ਪਹੁੰਚੇ ਅਤੇ ਖੂਹ ਵਿਚ ਝਾਤੀ ਮਾਰ ਕੇ ਕਿਹਾ, "ਖੂਹ ਅੰਦਰ ਕੌਣ ਹੈ? ਸਿਰ ਉੱਪਰ ਲੱਕੜਾਂ ਕਿਉਂ ਚੁੱਕੀਆਂ ਹਨ? ਪੰਡ ਸੁੱਟਦਾ ਕਿਉਂ ਨਹੀਂ?'

ਭਾਈ ਮੰਞ ਜੀ ਬੋਲੇ, "ਮੇਰਾ ਨਾਮ ਮੰਞ ਹੈ। ਮੈਂ ਗੁਰੂ-ਘਰ ਦਾ ਸੇਵਕ ਹਾਂ।"

ਗੁਰੂ ਜੀ ਨੇ ਆਪਣੇ ਹੱਥਾਂ ਨਾਲ ਰੱਸਾ ਖੂਹ ਵਿਚ ਲਮਕਾਇਆ ਅਤੇ ਕਿਹਾ, "ਭਾਈ ਮੰਞ, ਰੱਸਾ ਫੜ ਲੈ, ਤੈਨੂੰ ਬਾਹਰ ਕੱਢ ਲਈਏ।"

ਭਾਈ ਮੰਞ ਜੀ ਬੋਲੇ, "ਪਹਿਲੇ ਗੁਰੂ ਕੇ ਲੰਗਰ ਦੀਆਂ ਲੱਕੜਾਂ ਬਾਹਰ ਕੱਢੋ, ਮੈਂ ਇਹ ਲੰਗਰ ਵਿਚ ਪਹੁੰਚਾਉਣੀਆਂ ਹਨ। ਜੇ ਲੱਕੜਾਂ ਰੱਖਾਂਗਾ ਤਾਂ ਇਹ ਗਿੱਲੀਆਂ ਹੋ ਜਾਣਗੀਆਂ।"

ਗੁਰੂ ਸਾਹਿਬ ਜੀ ਨੇ ਆਪ ਭੀ ਸਿੱਖਾਂ ਦੇ ਨਾਲ ਲੱਕੜਾਂ ਦੀ ਪੰਡ ਪਹਿਲਾਂ ਕੱਢੀ ਅਤੇ ਦੂਜੀ ਵਾਰ ਰੱਸਾ ਲਮਕਾ ਕੇ ਭਾਈ ਮੰਞ ਜੀ ਨੂੰ ਖੂਹ ਵਿਚੋਂ ਕੱਢਿਆ।

ਜਦੋਂ ਭਾਈ ਮੰਞ ਜੀ ਬਾਹਰ ਆਏ ਤਾਂ ਉਨ੍ਹਾਂ ਨੇ ਗੁਰੂ ਜੀ ਦੇ ਹੱਥ ਵਿਚ ਰੱਸਾ ਵੇਖਿਆ ਤਾਂ ਚਰਨਾਂ 'ਤੇ ਢਹਿ ਪਿਆ ਤੇ ਪਹਿਲੀ ਵਾਰ ਭਾਈ ਮੰਞ ਜੀ ਦੇ ਦਿਲ ਦਾ ਕੜ ਪਾਟ ਗਿਆ ਅਤੇ ਉਹ ਸੁਧ-ਬੁਧ ਪ੍ਰੇਮ ਦੇ ਹਵਾਲੇ ਕਰਕੇ ਬੋਲਿਆ, "ਤੁਹਾਥੋਂ ਬਿਨਾਂ ਹੋਰ ਕੌਣ ਨੰਗੀ ਪੈਰੀਂ ਦੌੜਦਾ? ਤੁਹਾਥੋਂ ਬਿਨਾਂ ਮੈਨੂੰ ਖੂਹ ਵਿਚ ਡਿੱਗੇ ਨੂੰ ਕੌਣ ਬਾਹਰ ਕੱਢਦਾ?"

ਗੁਰੂ ਅਰਜਨ ਦੇਵ ਜੀ ਨੇ ਪ੍ਰਸੰਨ ਹੋ ਕੇ ਕਿਹਾ, "ਭਾਈ ਮੰਞ, ਤੇਰੀ ਘਾਲ ਥਾਂ ਪਈ ਹੈ। ਤੇਰੇ ਸਾਰੇ ਕਲੇਸ਼ ਖੂਹ ਦੇ ਪਾਣੀ ਵਿਚ ਡੁੱਬ ਗਏ ਹਨ। ਇਹ ਖੂਹ ਤੇਰੇ ਲਈ ਤੀਰਥ ਹੋ ਨਿਬੜਿਆ ਹੈ। ਨਿਹਾਲ ਸਿੱਖ, ਨਿਹਾਲ! ਕੁਝ ਮੰਗ ਲੈ!"

ਭਾਈ ਮੰਞ ਹੱਥ ਜੋੜ ਕੇ ਬੋਲਿਆ, "ਦਾਤਾ ! ਮੇਰੀ ਇਕੋ ਮੰਗ ਹੈ ਕਿ ਮੈਂ ਕਦੇ ਭੀ ਕੁਝ ਨਾ ਮੰਗਾਂ, ਭਿਖਿਆ ਮੰਗਣ ਵਾਲੀ ਬਿਰਤੀ ਖਤਮ ਕਰ ਦੇਹ। ਤੇਰੇ ਚਰਨ ਤੇ ਤੇਰੇ ਸਿੱਖਾਂ ਦੇ ਚਰਨ ਮੇਰੇ ਦਿਲ ਅੰਦਰ ਦੀਪਮਾਲਾ ਵਾਂਗ ਏਸੇ ਤਰ੍ਹਾਂ ਜਗਦੇ ਰਹਿਣ।"

"ਭਾਈ ਮੰਞ ! ਤੂੰ ਤੇ ਅਜਾਚੀ (ਨਾ ਮੰਗਣ ਵਾਲਾ) ਹੋ ਗਿਆ ਏਂ, ਪਰ ਮੈਂ ਬਹੁਤ ਕੁਝ ਦੇਣਾ ਹੈ। ਹੁਣ ਮੇਰੀ ਵਾਰੀ ਹੈ।"

ਚਰਨ ਛੂਹ ਕੇ ਭਾਈ ਮੰਞ ਜੀ ਬੋਲੇ, "ਪਾਤਸ਼ਾਹ! ਸਿੱਖਾਂ ਨੂੰ ਇਤਨੀ ਪ੍ਰੀਖਿਆ ਵਿਚ ਨਾ ਪਾਇਆ ਕਰੋ, ਧ੍ਰਿਗ ਟੁੱਟ ਜਾਂਦਾ ਹੈ।"

ਗੁਰੂ ਜੀ ਬੋਲੇ, 'ਭਾਈ ਮੰਞ! ਗੁਰੂ ਦਾ ਪ੍ਰੇਮ ਟਕਸਾਲੀ ਹੁੰਦਾ ਹੈ। ਉਹ ਸ਼ੁੱਧ ਕਰਨ ਲਈ ਕੁਠਾਲੀ ਵਿਚ ਪਾਉਂਦਾ ਹੈ। ਆਪਣੇ ਵਰਗਾ ਬਣਾ ਕੇ ਆਪਣੇ ਨਾਲ ਇਕ ਜੋਤ ਕਰਦਾ ਹੈ। ***ਤਰਖਾਣ ਲੱਕੜ ਨੂੰ ਸਜ਼ਾ ਨਹੀਂ ਦੇਂਦਾ। ਉਸ ਦਾ ਮੁੱਲ ਵਧਾਉਂਦਾ ਹੈ। ਮਿੱਟੀ ਨੂੰ ਘੜੇ ਤੱਕ ਪੁੱਜਣ ਲਈ ਚੱਕ 'ਤੇ ਚੜ੍ਹਨਾ ਪੈਂਦਾ ਹੈ। ਘੁਮਿਆਰ ਦਾ ਅੰਗੂਠਾ ਆਪਣੇ ਗਲੇ ਉਪਰ ਰਖਾਉਣਾ ਪੈਂਦਾ ਹੈ। ਪਰ ਇਹ ਅੰਗੂਠਾ ਗਲ ਘੁਟਣ ਲਈ ਨਹੀਂ ਹੁੰਦਾ, ਸਗੋਂ ਲੰਮੀ ਅਤੇ ਖੂਬਸੂਰਤ ਸੁਰਾਹੀ ਘੜਨ ਲਈ ਹੁੰਦਾ ਹੈ।*** ਪਰ ਫਿਰ ਭੀ ਤੇਰੀ ਇਹ ਸਿੱਖਾਂ ਲਈ ਮੰਗ ਪਰਵਾਨ ਹੈ। ਹੋਰ ਕੁਝ ਮੰਗ ਭਾਈ ਮੰਞ, ਹੋਰ ਕੁਝ ਮੰਗ।"

ਹੱਥ ਜੋੜ ਕੇ ਭਾਈ ਮੰਞ ਬੋਲਿਆ, "ਪਾਤਸ਼ਾਹ ਬਿਰਤੀ ਨੂੰ ਗਦਾਗੀਰੀ ਤੋਂ ਬਚਾਈ ਰੱਖਣਾ। ਭਿਖ-ਮੰਗ ਬਿਰਤੀ ਤੋਂ ਰੱਖਿਆ ਕਰਨੀ। ਇਹ ਸਿਦਕ ਏਸੇ ਤਰ੍ਹਾਂ ਕਾਇਮ ਰਹੇ।" ਗੁਰੂ ਜੀ ਨੇ ਭਾਈ ਮੰਞ ਨੂੰ ਆਪਣੇ ਸੀਨੇ ਨਾਲ ਲਾਇਆ ਅਤੇ ਕਿਹਾ-

"ਮੰਞ ਪਿਆਰਾ ਗੁਰੂ ਨੂੰ, ਗੁਰ ਮੰਞ ਪਿਆਰਾ।
ਮੰਞ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ।"

ਭਾਈ ਮੰਞ ਜੀ, ਗੁਰੂ ਦਾ ਪਿਆਰ ਸਾਗਰ ਵਾਂਗ ਵਿਸ਼ਾਲ ਅਤੇ ਡੂੰਘਾ ਹੁੰਦਾ ਹੈ, ***ਗੁਰਸਿੱਖ ਉਪਰੋਂ ਸਭ ਕੁਝ ਗੁਰੂ ਵਾਰਦਾ ਹੈ ਪਰ ਤੂੰ ਸਭ ਕੁਝ ਗੁਰੂ ਤੋਂ ਵਾਰਿਆ ਹੈ। ਪੰਗਤ ਦੀ ਭੁੱਖ ਵਿਚ ਮੇਰੀ ਭੁੱਖ ਅਤੇ ਪੰਗਤ ਦੀ ਪਿਆਸ ਵਿਚ ਮੇਰੀ ਪਿਆਸ ਅਨੁਭਵ ਕੀਤੀ ਹੈ।*** ਤੇਰੇ ਪਰਿਵਾਰ ਨੇ ਤੇਰਾ ਸਾਥ ਹੀ ਨਹੀਂ ਦਿੱਤਾ ਸਗੋਂ ਅੱਗੇ ਵਧ ਕੇ ਸੰਗਤਾਂ ਦੀ

ਪ੍ਰਸੰਨਤਾ ਲਈ ਹੈ। ਆਪਣੇ ਮੰਜਕੀ ਪਿੰਡ ਜਾਹ ਅਤੇ ਨਾਲ ਹੀ ਗੁਰੂ ਕੇ ਲੰਗਰ ਦੀ ਪੰਡ ਭੀ ਲੈ ਜਾਹ। ਪਹਿਲਾਂ ਤੈਨੂੰ ਲੰਗਰ ਲਈ ਏਥੇ ਸੱਦਿਆ ਸੀ, ਹੁਣ ਗੁਰੂ ਕਾ ਲੰਗਰ ਤੇਰੇ ਨਾਲ ਜਾਵੇਗਾ। ਸਾਰੇ ਦੁਆਰੇ ਵਿਚ ਦੇਗ ਚਲਾਓ ਅਤੇ ਸ਼ਬਦ ਵੰਡੋ।"

ਗੁਰੂ-ਇਤਿਹਾਸ ਵਿਚ ਇਹ ਪਹਿਲਾ ਅਤੇ ਅਖੀਰਲਾ ਸਮਾਂ ਸੀ ਜਦੋਂ ਕੋਈ ਗੁਰੂ ਸਿੱਖ ਨੂੰ ਖੂਹ ਵਿਚੋਂ ਕੱਢਣ ਲਈ ਦੀਵਾਨ ਵਿਚੋਂ ਉਠ ਕੇ ਨੰਗੇ ਪੈਰੀਂ ਸਿੱਖ ਕੋਲ ਪਹੁੰਚਿਆ ਹੋਵੇ। ਇਹ ਭੀ ਪਹਿਲਾ ਅਤੇ ਅਖਰੀਲਾ ਸਮਾਂ ਸੀ, ਜਦੋਂ ਗੁਰੂ ਬਾਣੀ ਬੋਹਿਥੇ ਨੇ ਆਪਣਾ ਬੋਹਿਥਾ ਭਾਈ ਮੰਞ ਨੂੰ ਕਿਹਾ। ਇਹ ਸਭ ਤੋਂ ਵੱਡਾ ਖਿਤਾਬ ਸੀ ਅਤੇ ਸਭ ਤੋਂ ਕਰੜੀਆਂ ਪ੍ਰੀਖਿਆਵਾਂ ਵਿਚ ਕਾਇਮ ਰਹਿਣ ਵਾਲੇ ਸਿੱਖ ਨੂੰ ਹੀ ਦਿੱਤਾ ਗਿਆ ਸੀ।

ਜਿਹੜਾ ਭਾਈ ਮੰਞ ੧੬੪੨ ਬਿਕ੍ਰਮੀ ਨੂੰ ਚੱਕ ਗੁਰੂ ਰਾਮਦਾਸ ਵਿਚ ਗੁਰੂ ਅਰਜਨ ਦੇਵ ਜੀ ਨੂੰ ਮਿਲਣ ਲਈ ਆਪ ਆਇਆ ਸੀ ਅਤੇ ਲੰਗਰ ਦੀ ਸੇਵਾ ਕਰਦਾ ਸੀ—ਉਸੇ ਲਈ ਮੰਞ ਜੀ ਦੇ ਚਲਦੇ ਲੰਗਰ ਵਿਚੋਂ ਪਰਸ਼ਾਦ ਛਕਣ ਲਈ ਗੁਰੂ ਅਰਜਨ ਦੇਵ ਜੀ ਗਏ ਅਤੇ ਕੁਝ ਦਿਨ ਓਥੇ ਰਹਿ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਸਦੀਆਂ ਤੋਂ ਪਿਛੋਂ ਅੱਜ ਭੀ ਹਰ ਸੰਗਰਾਂਦ ਨੂੰ ਕੰਗ ਮਾਈ ਵਿਚ ਮੇਲਾ ਲੱਗਦਾ ਹੈ ਅਤੇ ਮਾਘੀ ਦੀ ਸੰਗਰਾਂਦ ਨੂੰ ਮੋਢੇ ਨਾਲ ਮੋਢਾ ਖਹਿ ਜਾਂਦਾ ਹੈ।

ਜਿਥੇ ਅੱਗੇ ਪਿੰਡ ਮਾਛੀਆਂ, ਗ੍ਰੰਥ ਪੁਰ ਤੇ ਕੰਗ ਦੀ ਜ਼ਮੀਨ ਅਸਥਾਨ ਦੇ ਨਾਮ ਸੀ, ਹੁਣ ਉਸ ਉੱਪਰ ਕਬਜ਼ਾ ਹੋ ਚੁਕਾ ਹੈ। ਭਾਈ ਤੀਰਥ ਮੰਞ ਜੀ ਦਾ ਸਥਾਨ ਭੀ ਉਹਨਾਂ ਵਾਂਗ ਬੇ-ਸ਼ਿਕਾਇਤ ਅਤੇ ਬੇ-ਜ਼ਬਾਨ ਹੈ।

ਭਾਈ ਮੱਖਣ ਸ਼ਾਹ ਜੀ ਲੁਬਾਣਾ

ਸਿੱਖ-ਯਾਦ ਇਤਿਹਾਸ ਦੇ ਉਨ੍ਹਾਂ ਦਿਨਾਂ ਨੂੰ ਭੁੱਲੀ ਨਹੀਂ ਜਦੋਂ ੩੦ ਮਾਰਚ ੧੬੬੪ ਈ: ਨੂੰ ੮ਵੇਂ ਪਾਤਸ਼ਾਹ, ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਂਦਿਆਂ ਹੀ, ਗੁਰਗੱਦੀ ਦੇ ੨੨ ਦਾਅਵੇਦਾਰ ਉਠ ਖੜੇ ਹੋਏ। ਇਨ੍ਹਾਂ ਵਿਚੋਂ ਪ੍ਰਮੁਖ ਭਾਈ ਧੀਰਮੱਲ ਸੀ। ਧੀਰਮੱਲ ਗੁਰੂ ਅੰਸ ਹੋਣ ਕਰਕੇ ਖ਼ੁਦ ਨੂੰ ਤਕੜਾ ਦਾਅਵੇਦਾਰ ਸਮਝ ਰਿਹਾ ਸੀ। ਉਸਨੇ ਅਤੇ ਉਸ ਦੇ ਚੇਲਿਆਂ ਨੇ ਸਿੱਖ ਜਗਤ ਨੂੰ ਹਰ ਤਰ੍ਹਾਂ ਗੁੰਮਰਾਹ ਕੀਤਾ। *ਬੰਸਾਵਲੀ-ਨਾਮੇ* ਦੇ ਕਰਤਾ ਨੇ ਦੱਸਿਆ ਹੈ ਕਿ ਡੇਢ ਸਾਲ ਦਾ ਸਮਾਂ ਰੌਲੇ ਵਿਚ ਗੁਜ਼ਰਿਆ।[1] ਇਸ ਦੁਬਿਧਾ ਤੇ ਸੰਕਟ ਦੇ ਸਮੇਂ ਭਾਈ ਮੱਖਣ ਸ਼ਾਹ ਲੁਬਾਣੇ ਨੇ ਦੰਭੀ-ਗੁਰੂਆਂ ਦੇ ਕਿਲ੍ਹੇ ਖਦੇੜ ਕੇ, ਸਿੱਖ ਜਗਤ ਅਤੇ ਇਤਿਹਾਸ ਵਿਚ ਅਮਰ ਸਥਾਨ ਹਾਸਲ ਕਰ ਲਿਆ।

ਮਹਾਨ ਕੋਸ਼ ਅਨੁਸਾਰ ਭਾਈ ਮੱਖਣ ਸ਼ਾਹ ਜ਼ਿਲ੍ਹਾ ਜਿਹਲਮ ਦੇ ਪਿੰਡ ਟਾਂਡਾ ਦੇ ਰਹਿਣ ਵਾਲੇ, ਜਾਤ ਦੇ ਲੁਬਾਣੇ ਸਨ।[2] ਪਰ 'ਭੱਟ ਵਹੀ ਤੋਮਰ ਬਿਜਲੌਤੌਂ ਕੀ' ਅਨੁਸਾਰ ਪਿੰਡ ਟਾਂਡਾ ਜ਼ਿਲ੍ਹਾ ਮੁਜ਼ੱਫਰਾਬਾਦ, ਕਸ਼ਮੀਰ ਵਿਚ ਪੈਂਦਾ ਹੈ। ਇਸ ਸਰੋਤ ਅਨੁਸਾਰ ਆਪ ਜੀ ਦੇ ਪਿਤਾ ਦਾ ਨਾਂ ਦਾਸੋ ਸ਼ਾਹ, ਦਾਦੇ ਦਾ ਨਾਂ ਅਰਬਾ ਅਤੇ ਪੜਦਾਦੇ ਦਾ ਨਾਂ ਬਿੰਨਾ ਸੀ।[3] ਭਾਈ ਮੱਖਣ ਸ਼ਾਹ ਦੀ ਪਤਨੀ ਦਾ ਨਾਂ ਸੋਲਜਈ ਸੀ। ਭਾਈ ਸਾਹਿਬ ਦੇ ਚਾਰ ਪੁੱਤਰ ਸਨ—ਭਾਈ ਲਾਲ ਚੰਦ, ਭਾਈ ਜਵੰਦਾ ਸ਼ਾਹ, ਭਾਈ ਕੁਸ਼ਾਲ ਚੰਦ ਤੇ ਭਾਈ ਚੰਦੂ ਲਾਲ। ਬਾਅਦ ਵਿਚ ਭਾਈ ਮੱਖਣ ਸ਼ਾਹ ਸਮੇਤ ਪਰਿਵਾਰ ਦਿੱਲੀ ਆ ਗਿਆ। ਉਨ੍ਹਾਂ ਨੇ ਸ਼ਾਇਦ ਇਉਂ ਵਪਾਰਕ ਦ੍ਰਿਸ਼ਟੀ ਨਾਲ ਕੀਤਾ ਸੀ। ਆਪ ਜੀ ਦਾ ਸਾਰਾ ਪਰਿਵਾਰ ਗੁਰੂ-ਘਰ ਦਾ ਅਨਿੰਨ ਪ੍ਰੇਮੀ ਸੀ।

ਭਾਈ ਸਾਹਿਬ ਦੇ ਜਨਮ ਸੰਮਤ, ਚਲਾਣੇ ਅਤੇ ਹੋਰ ਜੀਵਨ ਬਾਰੇ ਇਤਿਹਾਸਕ ਸਰੋਤ ਖਾਮੋਸ਼ ਹਨ। ਪਰ ਬਕਾਲੇ ਦੀ ਘਟਨਾ ਤੋਂ ਬਾਅਦ ਭਾਈ ਮੱਖਣ ਸ਼ਾਹ ਬਾਰੇ ਵੇਰਵਾ ਥੋੜ੍ਹਾ-ਬਹੁਤ ਜ਼ਰੂਰ ਪ੍ਰਾਪਤ ਹੋ ਜਾਂਦਾ ਹੈ। ਪੰਰਪਰਾ ਅਨੁਸਾਰ ਭਾਈ ਮੱਖਣ ਸ਼ਾਹ ਦਾ ਬੇੜਾ ਇਕ ਵੇਰ ਸਮੁੰਦਰੀ ਤੂਫਾਨ ਵਿਚ ਘਿਰ ਗਿਆ। ਭਾਈ ਮੱਖਣ ਸ਼ਾਹ ਨੇ ਮਨ ਵਿਚ ਗੁਰੂ ਨਾਨਕ ਜੋਤ ਵੱਲ ਧਿਆਨ ਧਰ ਕੇ ਅਰਦਾਸ ਕਰਦਿਆਂ ਮਨੌਤ ਮੰਨੀ ਕਿ ਜੇ ਉਸ ਦਾ ਬੇੜਾ ਪਾਰ ਹੋ ਗਿਆ ਤਾਂ ਉਹ ੫੦੦ ਮੋਹਰਾਂ ਭੇਟ ਕਰੇਗਾ।[4] ਬੇੜਾ ਪਾਰ ਹੋਣ ਉਪਰੰਤ ਭਾਈ ਮੱਖਣ ਸ਼ਾਹ ਪਰਿਵਾਰ ਸਮੇਤ ਸੁਖਣਾ ਲਾਹੁਣ ਲਈ ਬਕਾਲੇ ਗਿਆ। ਬਕਾਲੇ ਵਿਚ ਦੰਭੀ ਤੇ ਸੱਚੇ ਗੁਰੂ ਦਰਮਿਆਨ ਕੋਈ ਫਰਕ ਨਾ ਦਿੱਸਣ ਕਰਕੇ ਉਸ ਨੇ ੫-੫ ਮੋਹਰਾਂ ਹਰੇਕ ਅੱਗੇ ਮੱਥਾ ਟੇਕਣਾ

ਆਰੰਭ ਦਿੱਤਾ ਕਿ ਜਿਹੜਾ ਸੱਚਾ ਗੁਰੂ ਹੋਵੇਗਾ, ਆਪਣੀ ਮਨੌਤ ਆਪ ਮੰਗ ਲਵੇਗਾ। ਸਭ ਨੇ ਅਸੀਸਾਂ ਦਿੱਤੀਆਂ। ਪਰ ਗੁਰੂ ਤੇਗ ਬਹਾਦਰ ਜੀ ਨੇ ੫੦੦ ਮੋਹਰਾਂ ਦੀ ਗੱਲ ਕਹਿ ਸੁਣਾਈ। ਮੱਖਣ ਸ਼ਾਹ ਕੋਠੇ ਉਪਰ ਚੜ੍ਹ ਗਿਆ ਤੇ 'ਗੁਰੂ ਲਾਧੋ ਰੇ' ਦਾ ਢੰਡੋਰਾ ਦੇ ਦਿੱਤਾ। ਸੰਗਤਾਂ ਨੂੰ ਸੱਚ ਦਾ ਪਤਾ ਲਗ ਗਿਆ। ਸੰਗਤਾਂ ਦੰਭੀ[੫] ਗੁਰੂਆਂ ਤੋਂ ਹਟ ਕੇ, ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਆਉਣ ਲੱਗ ਪਈਆਂ।

ਧੀਰ ਮੱਲ ਸ਼ਾਂਤ ਨਾ ਹੋਇਆ। ਉਹ ਬੁਖਲਾ ਉਠਿਆ। ਉਹ ਹੰਕਾਰੀ ਤੇ ਜ਼ਿੱਦੀ ਵੀ ਸੀ। ਉਸ ਨੇ ਆਪਣੇ ਮਸੰਦ ਸ਼ੀਹੇ ਨਾਲ ਮਿਲ ਕੇ ਸੌ ਕੁ ਗੁੰਡਿਆਂ ਦਾ ਜਥਾ ਤਿਆਰ ਕੀਤਾ।[੬] ਇਕ ਦਿਨ ਦੁਪਹਿਰ ਨੂੰ ਗੁਰੂ ਸਾਹਿਬ ਥੋੜ੍ਹੇ ਜਿਹੇ ਗੁਰਸਿੱਖਾਂ ਨਾਲ ਬੈਠੇ ਸਨ ਕਿ ਅਚਾਨਕ ਸ਼ੀਹੇ ਮਸੰਦ ਨੇ ਨੇੜਿਉਂ ਹੋ ਕੇ ਗੁਰੂ ਜੀ ਉਪਰ ਗੋਲੀ ਚਲਾ ਦਿੱਤੀ ਪਰੰਤੂ ਨਿਸ਼ਾਨਾ ਖੁੰਝ ਗਿਆ। ਗੁਰੂ ਜੀ ਦੇ ਮੋਢੇ ਉਪਰ ਮਾਮੂਲੀ ਚੋਟ ਲੱਗੀ। ਸ਼ੀਹੇ ਦੇ ਦੂਜੀ ਗੋਲੀ ਚਲਾਉਣ ਤੋਂ ਪਹਿਲਾਂ ਹੀ ਮੌਜੂਦ ਸਿੱਖਾਂ ਵਿਚੋਂ ਇਕ ਨੇ ਉਸ ਤੋਂ ਬੰਦੂਕ ਖੋਹ ਲਈ। ਸ਼ੀਂਹੇ ਦੇ ਆਦਮੀਆਂ ਨੇ ਗੁਰੂ ਦਰਬਾਰ ਨੂੰ ਲੁੱਟ ਲਿਆ। ਜਦੋਂ ਮੱਖਣ ਸ਼ਾਹ ਅਤੇ ਉਸ ਦੇ ਆਦਮੀਆਂ ਨੇ ਇਹ ਸੁਣਿਆ ਤਾਂ ਉਹ ਘਟਨਾ ਵਾਲੀ ਥਾਂ ਉਪਰ ਪੁੱਜਾ।

ਕੁਝ ਚਰਚਾ ਮਗਰੋਂ ਇਹ ਫੈਸਲਾ ਕੀਤਾ ਗਿਆ ਕਿ ਹਮਲੇ ਦਾ ਜਵਾਬ ਹਮਲੇ ਨਾਲ ਦੇਣਾ ਚਾਹੀਦਾ ਹੈ। ਧੀਰ ਮੱਲ ਬਕਾਲੇ ਤੋਂ ਭੱਜਣ ਹੀ ਵਾਲਾ ਸੀ ਕਿ ਮੱਖਣ ਸ਼ਾਹ ਦੀ ਅਗਵਾਈ ਵਿਚ ਕੁਝ ਸ਼ਰਧਾਲੂਆਂ ਨੇ ਉਸ ਉਪਰ ਹੱਲਾ ਬੋਲ ਦਿੱਤਾ। ਧੀਰ ਮੱਲ ਦੇ ਭਾੜੇ ਦੇ ਬੰਦੇ ਮੁਕਾਬਲਾ ਨਾ ਕਰ ਸਕੇ। ਉਨ੍ਹਾਂ ਸਭ ਨੂੰ ਬੰਦੀ ਬਣਾ ਲਿਆ ਗਿਆ। ਇਸ ਤੋਂ ਇਲਾਵਾ ਧੀਰਮੱਲ ਦੇ ਘਰੋਂ ਬਹੁਤ ਸਾਰਾ ਕੀਮਤੀ ਮਾਲ ਵੀ ਚੁੱਕ ਕੇ ਗੁਰੂ ਦਰਬਾਰ ਵਿਚ ਪੇਸ਼ ਕੀਤਾ ਗਿਆ, ਪਰ ਗੁਰੂ ਤੇਗ ਬਹਾਦਰ ਜੀ ਨੇ ਸਭ ਉਪਰ ਰਹਿਮ ਕਰਦਿਆਂ ਸਾਰੇ ਬੰਦੀਆਂ ਨੂੰ ਰਿਹਾਅ ਅਤੇ ਲੁੱਟੇ ਮਾਲ ਦੀ ਵਾਪਸੀ ਧੀਰ ਮੱਲ ਨੂੰ ਕਰਨ ਦੀ ਹਦਾਇਤ ਕੀਤੀ। ਭਾਈ ਮੱਖਣ ਸ਼ਾਹ ਹੁਰੀਂ ਇਸ ਮਾਲ ਉਪਰ ਗੁਰੂ-ਘਰ ਦਾ ਹੀ ਹੱਕ ਸਮਝਦੇ ਸਨ, ਕਿਉਂ ਜੋ ਧੀਰ ਮੱਲ ਨੇ ਭੋਲੀਆਂ ਸੰਗਤਾਂ ਨੂੰ ਗੁਮਰਾਹ ਕਰ ਕੇ ਹੀ ਇਹ ਮਾਲ ਇਕੱਠਾ ਕੀਤਾ ਸੀ। ਗੁਰੂ ਜੀ ਦੇ ਹੁਕਮ ਅਨੁਸਾਰ ਸਾਰੇ ਬੰਦੀਆਂ ਨੂੰ ਰਿਹਾਅ ਅਤੇ ਸਾਮਾਨ ਦੀ ਵਾਪਸੀ ਕਰ ਦਿੱਤੀ।

ਗੁਰੂ ਤੇਗ ਬਹਾਦਰ ਜੀ ਨੇ ਪਰਚਾਰ ਯਾਤਰਾ ਆਰੰਭੀ ਤਾਂ ਆਪ ਜੀ ਭਾਈ ਮੱਖਣ ਸ਼ਾਹ ਨੂੰ ਵੀ ਨਾਲ ਲੈ ਗਏ। ਇਸ ਬਾਅਦ ਦਿੱਲੀ ਫੇਰੀ ਸਮੇਂ ਵੀ ਭਾਈ ਮੱਖਣ ਸ਼ਾਹ ਗੁਰੂ ਜੀ ਦੇ ਨਾਲ ਸੀ।

੧੧ ਨਵੰਬਰ ੧੬੭੫ ਈਸਵੀ ਨੂੰ ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਂਕ, ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। ਦਿੱਲੀ ਦੇ ਸਾਰੇ ਸਿੱਖ ਨਾਨੂ ਰਾਇ ਛੀਂਬੇ ਦੇ ਘਰ ਇਕੱਠੇ ਹੋਏ। ਉਹਨਾਂ ਨੇ ਗੁਰੂ ਜੀ ਦੇ ਸੀਸ ਅਤੇ ਦੇਹ ਦੇ ਸਸਕਾਰ ਬਾਰੇ ਯੋਜਨਾ ਬਣਾਈ। ਭਾਈ ਨਾਨੂ, ਜੈਤਾ, ਭਾਈ ਆਗਿਆ ਤੇ ਭਾਈ ਊਦਾ ਚਾਂਦਨੀ ਚੌਂਕ ਗਏ ਅਤੇ ਸੀਸ ਚੁਕ ਕੇ ਲੈ ਗਏ। ਪਿਛੋਂ ਭਾਈ ਲਖੀ ਦਾਸ ਤੇ ਉਸ ਦਾ ਪੁੱਤਰ ਦੇਹ ਲੈ ਗਏ। ਕੁਝ ਫਾਰਸੀ ਸਰੋਤਾਂ ਅਨੁਸਾਰ ਗੁਰੂ ਸਾਹਿਬ ਦੇ ਸਿਰ ਨੂੰ ਮੱਖਣ ਸ਼ਾਹ ਆਪਣੇ ਘਰ ਲੈ ਗਿਆ ਸੀ।[੭] ਪਿਆਰ ਸਿੰਘ

ਇਸ ਨਾਲ ਸਹਿਮਤ ਨਹੀਂ ਸਨ ਕਿਉਂਕਿ ਸਿੱਖ ਪਰੰਪਰਾ ਅਨੁਸਾਰ ਸੀਸ ਨੂੰ ਭਾਈ ਜੈਤਾ, ਗੁਰੂ ਗੋਬਿੰਦ ਸਿੰਘ ਜੀ ਕੋਲ ਲੈ ਗਏ ਸਨ।[8]

ਤਵਾਰੀਖਿ ਹਿੰਦ ਦੇ ਕਥਨ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਸਿੱਖ ਨੂੰ ਗੁਰੂ ਜੀ ਦਾ ਸੀਸ ਲਿਆਉਣ ਲਈ ਦਿੱਲੀ ਭੇਜਿਆ। ਉਹ ਸਿੱਖ ਮੱਖਣ ਸ਼ਾਹ ਦੇ ਘਰ ਠਹਿਰਿਆ।[9] ਉਸ ਨੇ ਗੁਰੂ ਜੀ ਦੀ ਦੇਹ ਨੂੰ ਮੱਖਣ ਸ਼ਾਹ ਦੇ ਹਵਾਲੇ ਕੀਤਾ ਅਤੇ ਸੀਸ ਗੁਰੂ ਜੀ ਕੋਲ ਲੈ ਗਿਆ।

ਤਵਾਰੀਖਿ ਪੰਜਾਬ ਦੇ ਕਰਤਾ ਅਨੁਸਾਰ ਗੁਰੂ ਤੇਗ ਬਹਾਦਰ ਜੀ ਦੇ ਸੀਸ ਨੂੰ ਮੱਖਣ ਸ਼ਾਹ ਲੈ ਗਿਆ ਸੀ। *ਤਵਾਰੀਖਿ ਪੰਜਾਬ* ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਇਕ ਸਿੱਖ ਨੂੰ ਸੀਸ ਲਿਆਉਣ ਲਈ ਦਿੱਲੀ ਭੇਜਣ ਦਾ ਵੇਰਵਾ ਹੈ। ਇਥੇ ਦੋ ਫਰਕ ਹਨ–

(ੳ) ਉਸ ਸਿੱਖ ਦਾ ਨਾਂ ਰੰਗਰੇਟਾ ਦੱਸਿਆ ਹੈ।

(ਅ) ਰੰਗਰੇਟੇ ਨੇ ਦੇਹ ਤੇ ਸੀਸ ਚੁਕ ਕੇ ਛਿਪਾ ਦਿੱਤੇ। ਬਾਅਦ ਵਿਚ ਦੇਹ ਮੱਖਣ ਸ਼ਾਹ ਦੇ ਹਵਾਲੇ ਕਰਕੇ ਆਪ ਸੀਸ ਲੈ ਕੇ ਚਲਾ ਗਿਆ।

ਯਾਦ ਰਹੇ ਭਾਈ ਜੈਤਾ ਵੀ ਰੰਗਰੇਟਾ ਸੀ। ਇਉਂ ਜਾਪਦਾ ਹੈ ਕਿ ਫਾਰਸੀ ਸਰੋਤ ਭਿੰਨ ਹੁੰਦਿਆਂ ਹੋਇਆਂ ਵੀ ਮਹੱਤਵਪੂਰਨ ਹਨ। ਇਹਨਾਂ ਸਰੋਤਾਂ ਅਨੁਸਾਰ ਮੱਖਣ ਸ਼ਾਹ ਦੀ ਭੂਮਿਕਾ ਬੜੀ ਅਹਿਮ ਹੈ। ਇਨ੍ਹਾਂ ਅਨੁਸਾਰ ਗੁਰੂ ਜੀ ਦੀ ਦੇਹ ਦਾ ਸੰਸਕਾਰ ਵੀ ਭਾਈ ਮੱਖਣ ਸ਼ਾਹ ਨੇ ਆਪਣੀ ਹੱਥੀਂ ਕੀਤਾ ਸੀ।

ਪੰਜਾਬੀ ਸਰੋਤਾਂ ਵਿਚ ਮੱਖਣ ਸ਼ਾਹ ਲੁਬਾਣੇ ਵਾਲੀ ਸਾਖੀ ਸਭ ਤੋਂ ਪਹਿਲਾਂ ਕਵੀ ਕੰਕਣ ਰਚਿਤ 'ਦਸ ਗੁਰੂ ਕਥਾ' ਵਿਚ ਮਿਲਦੀ ਹੈ। ਭਾਵੇਂ ਕਿ ਉਥੇ ਮੱਖਣ ਸ਼ਾਹ ਦੇ ਨਾਂ ਦੇ ਥਾਂ 'ਨਾਇਕ' ਹੈ। ਮੱਖਣ ਸ਼ਾਹ ਦਾ ਨਾਂ ਸੇਵਾ ਦਾਸ ਦੀ 'ਪਰਚੀਆਂ' ਵਿਚ ਤੇ ਕੁਝ ਹੋਰ ਗ੍ਰੰਥਾਂ ਵੀ ਵਿਚ ਆਇਆ ਹੈ।

ਮੱਖਣ ਸ਼ਾਹ ਲੁਬਾਣਾ, ਬਕਾਲੇ ੯ ਅਕਤੂਬਰ ੧੬੬੪ ਈਸਵੀ ਨੂੰ ਦੀਵਾਲੀ ਵਾਲੇ ਦਿਨ ਪਹੁੰਚਾ। ਉਸ ਨੇ ਦੇਖਿਆ ਕਿ ਕੁਝ ਸੰਗਤ ਧੀਰ ਮੱਲ ਦੇ ਪਾਸੇ ਤੇ ਕੁਝ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਖੇ ਜਾ ਰਹੀ ਹੈ। *ਮਹਿਮਾ ਪ੍ਰਕਾਸ਼* ਅਨੁਸਾਰ:-

ਤਿਸ ਸਮੇਂ ਬਕਾਲ ਪਹੁਚਾ ਆਇ।
ਤਹਾ ਸਿਖ ਸੰਗਤ ਦੇਖੇ ਦੋ ਭਾਇ।
ਕਛ ਸੰਗਤ ਧੀਰ ਮਲ ਘਰ ਜਾਵੈ।
ਗੁਰੂ ਤੇਗ ਬਹਾਦਰ ਕਛੂ ਪੂਜਨ ਆਵੈ। (ਮਹਿਮਾ ਪ੍ਰਕਾਸ਼ ੧੯੩-੧੦)

ਇਹ ਉਸ ਦੇ ਮਨ ਦੀ ਨਿਜੀ ਦੁਬਿਧਾ ਸੀ। ਮੱਖਣ ਸ਼ਾਹ ਇਕ ਵੱਡਾ ਵਪਾਰੀ ਸੀ ਤੇ ਧੀਰ ਮੱਲ ਦੀ ਪੂਰੀ ਕੋਸ਼ਿਸ਼ ਸੀ ਕਿ ਉਸ ਨੂੰ 'ਵਸ' ਕਰ ਲਿਆ ਜਾਵੇ। ਮੱਖਣ ਸ਼ਾਹ ਵਲੋਂ ਗੁਰੂ ਜੀ ਦੀ ਮਾਨਤਾ, ਵਿਰੋਧੀਆਂ ਲਈ ਵੱਡੀ ਸੱਟ ਸੀ। ਇਹ ਮੱਖਣ ਸ਼ਾਹ ਹੀ ਸੀ ਜਿਸ ਨੇ ਵਿਰੋਧੀਆਂ ਦੇ ਕੈਂਪਾਂ ਨੂੰ ਉਖਾੜ ਸੁੱਟਿਆ ਸੀ।

ਕੋਈ ਸ਼ੱਕ ਨਹੀਂ ਕਿ ਮੱਖਣ ਸ਼ਾਹ ਦੀ ਸਿੱਖ-ਧਰਮ ਲਈ ਬੜੀ ਘਾਲਣਾ ਹੈ।

ਹਵਾਲੇ

੧. ਬੰਸਾਵਲੀ ਨਾਮਾ ਕ੍ਰਿਤ ਕੇਸਰ ਸਿੰਘ 'ਛਿੱਬਰ' ੧੭੫੯ ਈਸਵੀ ਦੀ ਰਚਨਾ), ੯: ੫੪-੫੫

੨. ਮਹਾਨ ਕੋਸ਼-ਕ੍ਰਿਤ ਕਾਨ੍ਹ ਸਿੰਘ 'ਨਾਭਾ' ਪੰਨਾ ੯੪੦

੩. ਗੁਰੂ ਕੀਆਂ ਸਾਖੀਆਂ-ਸੰਪਾਦਕ ਪਿਆਰਾ ਸਿੰਘ 'ਪਦਮ' ਪੰਨਾ ੬੧

੪. ਉਹੀ ਪੰਨਾ ੬੧-੬੨

੫. ਫੌਜਾ ਸਿੰਘ, ਤਾਰਨ ਸਿੰਘ: ਸ੍ਰੀ ਗੁਰੂ ਤੇਗ ਬਹਾਦਰ: ਜੀਵਨ ਤੇ ਰਚਨਾ, ਪੰਨਾ ੨੫

੬. ਗੁਰੂ ਕੀਆਂ ਸਾਖੀਆਂ-ਪੰਨਾ ੬੩

੭. ਪਿਆਰ ਸਿੰਘ (ਸੰਪਾ:) ਸ੍ਰੀ ਗੁਰੂ ਤੇਗ ਬਹਾਦਰ (ਫਾਰਸੀ ਸਰੋਤ), ਪੰਨਾ ੮੩ ਦਾ 'ਤਵਾਰੀਖਿ ਹਿੰਦ' ਵਿਚੋਂ ਹਵਾਲਾ।

੮. ਉਹੀ

੯. ਉਹੀ, ਪੰਨਾ ੮੩-੮੪

ਮਾਤਾ ਗੁਜਰੀ ਜੀ

ਸੰਸਾਰ ਦੇ ਧਰਮਾਂ ਦੇ ਇਤਿਹਾਸ ਵਿਚ ਭਾਵੇਂ ਬਹੁਤੀ ਮਹਾਨਤਾ ਪੁਰਸ਼ਾਂ ਨੂੰ ਹੀ ਦਿੱਤੀ ਜਾਂਦੀ ਰਹੀ ਹੈ ਪਰ ਫਿਰ ਵੀ ਸਮੇਂ-ਸਮੇਂ ਕੁਝ ਇਸਤਰੀਆਂ ਅਜਿਹੀਆਂ ਪੈਦਾ ਹੋਈਆਂ ਹਨ ਜਿਹੜੀਆਂ ਆਪਣੇ ਮਹਾਨ ਗੁਣਾਂ ਕਰਕੇ ਉਨ੍ਹਾਂ ਧਰਮਾਂ ਵਿਚ ਸਤਿਕਾਰੀਆਂ ਗਈਆਂ ਹਨ ਤੇ ਉਨ੍ਹਾਂ ਦੇ ਨਾਮ ਉਨ੍ਹਾਂ ਧਰਮਾਂ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਉੱਕਰੇ ਹੋਏ ਮਿਲਦੇ ਹਨ। ਸਿੱਖ ਧਰਮ ਵਿਚ ਇਸਤ੍ਰੀ ਦਾ ਦਰਜਾ ਤੇ ਸਤਿਕਾਰ ਪੁਰਸ਼ਾਂ ਦੇ ਬਰਾਬਰ ਹੈ। ਇਸਤ੍ਰੀ ਗੁਰਦੁਆਰੇ ਜਾ ਕੇ ਮਰਦ ਦੇ ਬਰਾਬਰ ਬੈਠ ਸਕਦੀ ਹੈ, ਕਥਾ ਕੀਰਤਨ ਕਰ ਅਤੇ ਸੁਣ ਸਕਦੀ ਹੈ, ਅਰਦਾਸ ਵਿਚ ਮਰਦ ਬਰਾਬਰ ਖੜੀ ਹੋ ਸਕਦੀ ਹੈ ਅਤੇ ਜੇ ਚਾਹੇ ਤਾਂ ਮਰਦ ਜਾਤੀ ਦੀ ਅਗਵਾਈ ਵੀ ਕਰ ਸਕਦੀ ਹੈ। ਇਹੋ ਕਾਰਨ ਹੈ ਕਿ ਬੇਬੇ ਨਾਨਕੀ ਜੀ, ਬੀਬੀ ਭਾਨੀ ਜੀ, ਮਾਤਾ ਗੰਗਾ ਜੀ ਅਤੇ ਮਾਈ ਭਾਗੋ ਜੀ ਆਦਿ ਅਨੇਕ ਮਹਾਨ ਨਾਰੀ-ਸ਼ਖ਼ਸੀਅਤਾਂ ਹੋਈਆਂ ਹਨ, ਜਿਨ੍ਹਾਂ ਨੂੰ ਸਿੱਖ ਇਤਿਹਾਸ ਕਦੇ ਨਹੀਂ ਭੁੱਲ ਸਕਦਾ।

ਵਿਸ਼ਵ ਦੀਆਂ ਮਹਾਨ ਇਸਤਰੀਆਂ ਵਿਚੋਂ ਸਭ ਤੋਂ ਮਹਾਨ ਹਨ : ਮਾਤਾ ਗੁਜਰੀ ਜਿਨ੍ਹਾਂ ਦਾ ਗੁਰ-ਇਤਿਹਾਸ ਵਿਚ ਮਹੱਤਵਪੂਰਨ ਸਥਾਨ ਹੈ। ਉਨ੍ਹਾਂ ਦਾ ਸਾਰਾ ਜੀਵਨ ਇਕ ਮਹਾਨ ਸਤਵੰਤੀ, ਧਾਰਮਿਕ-ਭਰੋਸੇ ਤੇ ਈਸ਼ਵਰ-ਭਗਤੀ ਦਾ ਜੀਵਨ ਹੈ। ਜਦੋਂ ਮਾਤਾ ਗੁਜਰੀ ਜੀ ਪਤਨੀ ਦੇ ਰੂਪ ਵਿਚ ਸਨ ਤਦੋਂ ਬਾਬੇ ਬਕਾਲੇ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਕਰਦਿਆਂ ਹੋਇਆਂ ਗਰੀਬੀ ਵਿਚ ਰਹਿ ਕੇ ਮਿਹਨਤ ਕੀਤੀ ਤੇ ਤਪੱਸਿਆ ਕਰਦੇ ਰਹੇ। ਜੋ ਲੰਮੀਆਂ ਉਡੀਕਾਂ ਤੋਂ ਬਾਅਦ ਪੁੱਤਰ ਦੀ ਦਾਤ ਪ੍ਰਾਪਤ ਹੋਈ ਤਾਂ ਪਤੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਹੋ ਗਈ। ਇਸ ਤੋਂ ਬਾਅਦ ਜੇਕਰ ਕੁਝ ਸੁਖ ਵੇਖਿਆ ਤਾਂ ਅਚਾਨਕ ਇਕ ਤੂਫ਼ਾਨ ਆਇਆ, ਨਾ ਰਾਜ ਰਿਹਾ, ਨਾ ਘਰ ਰਿਹਾ ਸਗੋਂ ਰਾਤ ਦੇ ਹਨੇਰੇ ਵਿਚ ਅਨੰਦਪੁਰ ਸਾਹਿਬ ਛੱਡਣਾ ਪਿਆ ਪਰ ਮਾਤਾ ਗੁਜਰੀ ਜੀ ਜੀਵਨ ਦੀਆਂ ਇਹਨਾਂ ਸਾਰੀਆਂ ਦਰਦਨਾਕ ਘਟਨਾਵਾਂ ਵਿਚ ਵਿਚਰਦੇ ਰਹੇ ਅਤੇ ਪੂਰੀ ਸਿਦਕ-ਦਿਲੀ ਦਾ ਸਬੂਤ ਦਿੱਤਾ।

ਅਜਿਹੀ ਮਹਾਨ ਤੇ ਦਲੇਰ ਸ਼ਖ਼ਸੀਅਤ ਮਾਤਾ ਗੁਜਰੀ ਜੀ ਦਾ ਜਨਮ ਜ਼ਿਲ੍ਹਾ ਜਲੰਧਰ ਦੇ ਇਤਿਹਾਸਕ ਕਸਬੇ ਕਰਤਾਰਪੁਰ ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਲਾਲ ਚੰਦ ਸੀ ਜੋ ਸੁਭਿਖੀਏ ਖੱਤਰੀ ਜਾਤ ਦੇ ਸਨ। ਮਾਤਾ ਗੁਜਰੀ ਜੀ ਦੇ ਜਨਮ ਸਬੰਧੀ ਕੋਈ ਪੱਕੀ ਤਾਰੀਖ ਨਹੀਂ ਮਿਲਦੀ। ਆਪ ਜੀ ਦੀ ਜਨਮ ਸਬੰਧੀ ਅਨੁਮਾਨ ਹੀ ਲਗਾਇਆ ਜਾ ਸਕਦਾ ਹੈ। 'ਮਾਤਾ ਤੂੰ ਮਹਾਨ' ਪੁਸਤਕ ਵਿਚ ਜਸਵੰਤ ਸਿੰਘ ਵਿਰਦੀ ਨੇ ਆਪ ਜੀ ਦਾ ਜਨਮ

੧੬੨੭ ਈ: ਮੰਨਿਆ ਹੈ[1], ਪਰ ਇਹ ਵੀ ਠੀਕ ਨਹੀਂ। ਆਪ ਜੀ ਦਾ ਜਨਮ ਦੇ ਸਬੰਧ ਵਿਚ ਆਪ ਦੇ ਵਿਆਹ ਤੋਂ ਕੁਝ ਅੰਦਾਜ਼ਾ ਲਾਇਆ ਜਾ ਸਕਦਾ ਹੈ। ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਆਪ ਜੀ ਦੇ ਵਿਆਹ ਦਾ ਸੰਮਤ ੧੫ ਅੱਸੂ, ੧੬੮੯ ਬਿ: ਮੰਨਿਆ ਹੈ।[2] ਪਰ ਜ਼ਿਆਦਾ ਇਤਿਹਾਸਕਾਰ ਵਿਆਹ ਦੀ ਤਾਰੀਖ ੧੫ ਅੱਸੂ ੧੬੮੯ ਬਿ: ਨੂੰ ਹੀ ਸਵੀਕਾਰ ਕਰਦੇ ਹਨ। ਵਿਆਹ ਵੇਲੇ (ਗੁਰੂ) ਤੇਗ ਬਹਾਦਰ ਜੀ ਦੀ ਉਮਰ ੧੧ ਸਾਲ ਸੀ ਅਤੇ (ਮਾਤਾ) ਗੁਜਰੀ ਜੀ ਦੀ ਉਮਰ ੭-੮ ਸਾਲ ਸੀ। ਇਸ ਪ੍ਰਕਾਰ ਆਪ ਜੀ ਦਾ ਜਨਮ ੧੬੨੩-੨੪ ਈ: ਦੇ ਨੇੜੇ-ਤੇੜੇ ਮੰਨਿਆ ਜਾ ਸਕਦਾ ਹੈ।

(ਮਾਤਾ) ਗੁਜਰੀ ਜੀ ਦਾ ਵਿਆਹ ਦਲਭੰਜਨ ਗੁਰੂ ਸੂਰਮੇ ਦੇ ਸਪੁੱਤਰ (ਗੁਰੂ) ਤੇਗ ਬਹਾਦਰ ਜੀ ਨਾਲ ੧੫ ਅੱਸੂ ਸੰਮਤ ੧੬੮੯ ਬਿ: ਨੂੰ ਕਰਤਾਰਪੁਰ ਵਿਖੇ ਹੋਇਆ। (ਮਾਤਾ) ਗੁਜਰੀ ਜੀ ਨੇ ਆਪਣੇ ਵਿਆਹ ਤੋਂ ਬਾਅਦ ਕੁਝ ਸਾਲ ਅੰਮ੍ਰਿਤਸਰ ਵਿਖੇ ਬਿਤਾਏ। ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ (ਮਾਤਾ) ਗੁਜਰੀ ਜੀ (ਗੁਰੂ) ਤੇਗ ਬਹਾਦਰ ਜੀ ਦੇ ਨਾਲ ਨਾਨਕੇ ਪਿੰਡ ਬਕਾਲੇ ਚਲੇ ਗਏ। ਇਥੇ (ਗੁਰੂ) ਤੇਗ ਬਹਾਦਰ ਜੀ ਨੇ ਲਗਾਤਾਰ ਕਈ ਸਾਲ ਭਗਤੀ ਕੀਤੀ। (ਗੁਰੂ) ਤੇਗ ਬਹਾਦਰ ਦਿਨੇ-ਰਾਤ ਪ੍ਰਭੂ ਦੀ ਅਰਾਧਨਾ ਕਰਦੇ ਰਹਿੰਦੇ ਸਨ ਅਤੇ (ਮਾਤਾ) ਗੁਜਰੀ ਜੀ ਹਰ ਵੇਲੇ ਸਾਹਿਬ ਦੀ ਸੇਵਾ ਵਿਚ ਲੱਗੇ ਰਹਿੰਦੇ ਸਨ। (ਮਾਤਾ) ਗੁਜਰੀ ਜੀ ਨੇ ਪਤੀ-ਭਗਤੀ ਵਿਚ ਇਕ ਨਵੀਂ ਸਿਖਰ ਛੋਹੀ ਹੈ, ਇਤਨਾ ਹੀ ਨਹੀਂ ਕਿ ਆਪ ਜੀ ਨੇ ਪਤੀ ਦੀ ਸੇਵਾ ਬੜੀ ਸ਼ਰਧਾ ਨਾਲ ਕੀਤੀ, ਸਗੋਂ ਜੀਵਨ ਦਾ ਨਿਸ਼ਾਨਾ ਵੀ ਉਹ ਹੀ ਮਿਥ ਲਿਆ, ਰਸਤਾ ਵੀ ਉਹ ਹੀ ਆਪਣਾ ਲਿਆ, ਜੋ ਉਨ੍ਹਾਂ ਦੇ ਪਤੀ ਨੇ ਅਪਣਾਇਆ।

ਇਸਤ੍ਰੀ ਦੇ ਸੁਭਾਅ ਵਿਚ ਕੁਦਰਤ ਨੇ ਮਾਂ ਬਣਨ ਦੀ ਇਛਿਆ ਸਭ ਤੋਂ ਪ੍ਰਬਲ ਰੱਖੀ ਹੈ। ਬੱਚੇ ਤੋਂ ਬਿਨਾਂ ਮਾਂ ਆਪਣਾ ਜੀਵਨ ਅਧੂਰਾ ਤੇ ਨਿਸਫਲ ਸਮਝਦੀ ਹੈ, ਪਰ (ਮਾਤਾ) ਗੁਜਰੀ ਦੇ ਜੀਵਨ 'ਤੇ ਝਾਤੀ ਮਾਰਿਆਂ ਪਤਾ ਲੱਗਦਾ ਹੈ ਕਿ ਆਪ ਜੀ ਨੇ ਇਸ ਅਤਿ ਭਾਵੁਕ ਮਾਮਲੇ ਦੇ ਸਬੰਧ ਵਿਚ ਵੀ ਬੜੇ ਸਬਰ ਅਤੇ ਠਰੰਮੇ ਤੋਂ ਕੰਮ ਲਿਆ। ਜਦੋਂ ਆਪ ਜੀ ਦਾ ਵਿਆਹ ਹੋਇਆ ਤਾਂ ਉਸ ਵੇਲੇ ਆਪ ਦੀ ਉਮਰ੭-੮ ਸਾਲ ਸੀ ਤੇ ਜਦੋਂ ਆਪ ਦੇ ਘਰ ਗੁਰੂ ਗੋਬਿੰਦ ਸਿੰਘ ਜੀ ਪ੍ਰਗਟ ਹੋਏ ਤਾਂ ਆਪ ਦੀ ਉਮਰ ੪੨ ਸਾਲ ਦੀ ਸੀ, ਪਰ ਇਸ ਦੇ ਨਾਲ ਹੀ ਮਾਤਾ ਗੁਜਰੀ ਜੀ ਦੀਆਂ ਪਰਿਵਾਰਕ ਜ਼ੁੰਮੇਵਾਰੀਆਂ ਵੀ ਵਧ ਗਈਆਂ ਕਿਉਂਕਿ (ਗੁਰੂ) ਤੇਗ ਬਹਾਦਰ ਸਾਹਿਬ ਉਸ ਸਮੇਂ ਅਸਾਮ ਦੇ ਪ੍ਰਚਾਰ ਦੌਰੇ 'ਤੇ ਗਏ ਹੋਏ ਸਨ। ਜੋ ਇਸਤ੍ਰੀ ਮਾਂ ਬਣ ਕੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਹੀਂ ਸਮਝਦੀ ਜਾਂ ਸਮਝਦੀ ਹੋਈ ਵੀ ਉਨ੍ਹਾਂ ਨੂੰ ਨਹੀਂ ਨਿਭਾਉਂਦੀ, ਉਹ ਅਧੂਰੀ ਮਾਂ ਹੈ। ਬੱਚੇ ਦੀ ਜੀਵਨ ਉਸਾਰੀ ਵਿਚ ਮਾਂ ਦਾ ਬਹੁਤ ਵੱਡਾ ਹੱਥ ਹੁੰਦਾ ਹੈ। ਬੱਚਾ ਉਹੋ ਜਿਹਾ ਹੀ ਮਨੁੱਖ ਬਣਦਾ ਹੈ ਜਿਹੋ ਜਿਹਾ ਮਾਂ ਉਸ ਨੂੰ ਬਣਾਉਂਦੀ ਹੈ। ਮਾਤਾ ਗੁਜਰੀ ਜੀ ਨੇ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਬੜੀ ਸੁਘੜਤਾ ਤੇ ਸਿਦਕ ਨਾਲ ਨਿਭਾਇਆ। ਮਾਤਾ ਗੁਜਰੀ ਜੀ ਨੇ ਆਪਣੇ ਪੁੱਤਰ ਨੂੰ ਉਹੋ ਜਿਹਾ ਬਣਾਇਆ ਜਿਹੋ ਜਿਹੀ ਸ਼ਖ਼ਸੀਅਤ ਦੀ ਉਸ ਵੇਲੇ ਸਮਾਜ ਨੂੰ ਲੋੜ ਸੀ।

ਮਾਤਾ ਗੁਜਰੀ ਜੀ ਗੁਰੂ ਤੇਗ ਬਹਾਦਰ ਜੀ ਦੀ ਆਗਿਆ ਪਾ ਕੇ (ਗੁਰੂ) ਗੋਬਿੰਦ

ਰਾਏ (ਸਿੰਘ) ਜੀ ਤੇ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਨਾਲ ਲੈ ਕੇ ਪਟਨਾ ਸਾਹਿਬ ਤੋਂ ਚਲ ਕੇ ਲੰਮੀ ਯਾਤਰਾ ਦੇ ਪਿਛੋਂ ਅਨੰਦਪੁਰ ਸਾਹਿਬ ਪੁੱਜੇ। ਅਨੰਦਪੁਰ ਸਾਹਿਬ ਪੁੱਜ ਕੇ (ਗੁਰੂ) ਗੋਬਿੰਦ ਰਾਏ (ਸਿੰਘ) ਜੀ ਨੇ ਪਹਿਲੀ ਵਾਰ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕੀਤੇ।

ਇਸ ਤੋਂ ਬਾਅਦ ਦਾ ਸਮਾਂ ਮਾਤਾ ਗੁਜਰੀ ਜੀ ਦੇ ਜੀਵਨ ਵਿਚ ਇਕ ਕਠਿਨ ਪ੍ਰੀਖਿਆ ਦਾ ਸਮਾਂ ਹੈ। ਇਹੋ ਜਿਹੇ ਮੁਸ਼ਕਲਾਂ ਅਤੇ ਬਖੇੜਿਆਂ ਭਰੇ ਸਮੇਂ ਵਿਚ ਵੱਡੇ-ਵੱਡੇ ਮਨੁੱਖ ਵੀ ਡੋਲ ਜਾਂਦੇ ਹਨ ਪਰ ਧੰਨ ਹਨ ਮਾਤਾ ਗੁਜਰੀ, ਜਿਨ੍ਹਾਂ ਨੇ ਸਾਰੀਆਂ ਮੁਸੀਬਤਾਂ ਦਾ ਟਾਕਰਾ ਬੜੀ ਦਲੇਰੀ ਤੇ ਖਿੜੇ ਮੱਥੇ ਕੀਤਾ। ੧੭੩੨ ਬਿ: ਨੂੰ ਗੁਰੂ ਤੇਗ ਬਹਾਦਰ ਸਾਹਿਬ ਅਨੰਦਪੁਰ ਸਾਹਿਬ ਤੋਂ ਬਲੀਦਾਨ ਦੇਣ ਵਾਸਤੇ ਚਲੇ। ਉਸ ਵੇਲੇ (ਗੁਰੂ) ਗੋਬਿੰਦ ਸਿੰਘ ਦੀ ਉਮਰ ੯ ਸਾਲ ਦੀ ਹੈ। ਸ਼ਰੀਕ ਸੋਢੀ ਗੁਰੂ-ਘਰ ਦੇ ਦੁਸ਼ਮਣ ਹਨ। ਮਾਤਾ ਗੁਜਰੀ ਜੀ ਸਮਝਦੇ ਸਨ ਕਿ ਰਾਮ ਰਾਏ, ਧੀਰ ਮੱਲ ਤੇ ਪ੍ਰਿਥੀ ਚੰਦ ਦੀ ਔਲਾਦ ਦਾਅ ਲਗਣ 'ਤੇ ਹਰ ਤਰ੍ਹਾਂ ਦਾ ਵਿਰੋਧ ਕਰੇਗੀ, ਪਰ ਆਪ ਘਬਰਾਏ ਨਹੀਂ। ਸੰਸਾਰ ਦੀ ਕੋਈ ਵੀ ਔਰਤ ਆਪਣੇ ਪਤੀ ਦਾ ਵਿਛੋੜਾ ਨਹੀਂ ਸਹਿਣ ਕਰ ਸਕਦੀ ਪਰ ਗੁਰੂ ਤੇਗ ਬਹਾਦਰ ਸਾਹਿਬ ਤਾਂ ਸ਼ਹੀਦ ਹੋਣ ਵਾਸਤੇ ਜਾ ਰਹੇ ਸਨ। ਇਹ ਵਿਦਾਇਗੀ ਮਾਤਾ ਗੁਜਰੀ ਜੀ ਨੇ ਕਿਸ ਹੌਸਲੇ ਨਾਲ ਸਹਾਰੀ ਹੋਵੇਗੀ ਇਸ ਬਾਰੇ ਕੇਵਲ ਕਿਆਸ ਹੀ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦੀ।

ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। ਜਦੋਂ ਭਾਈ ਜੈਤਾ ਗੁਰੂ ਸਾਹਿਬ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਪੁੱਜਿਆ ਤਾਂ ਉਸ ਵੇਲੇ ਮਾਤਾ ਗੁਜਰੀ ਜੀ ਨੇ ਸੰਸਾਰੀਆਂ ਵਾਂਗ ਪਿਟ-ਸਿਆਪਾ ਨਹੀਂ ਪਾਇਆ, ਸਗੋਂ ਆਪਣੇ ਗੁਰਦੇਵ ਪਤੀ ਦਾ ਲਹੂ-ਲੁਹਾਨ ਸੀਸ ਮਾਤਾ ਗੁਜਰੀ ਜੀ ਨੇ ਝੋਲੀ ਵਿਚ ਪਵਾ ਕੇ ਵੱਡੇ ਜੇਰੇ ਤੇ ਜਿਗਰੇ ਨਾਲ ਆਪਣੇ ੯ ਸਾਲ ਦੇ ਪੁੱਤਰ (ਗੁਰੂ) ਗੋਬਿੰਦ ਸਿੰਘ ਨੂੰ ਉਸ ਕਰਤਵ ਲਈ ਤਿਆਰ ਕੀਤਾ ਜੋ ਗੁਰੂ ਨਾਨਕ ਸਾਹਿਬ ਦੇ ਲਗਾਏ ਪੌਦੇ ਦਾ ਸਿਖਰ ਸੀ। ਇਸ ਮੌਕੇ ਆਪ ਜੀ ਨੇ ਗੁਰਬਾਣੀ ਦੀ ਓਟ ਤੇ ਆਸਰਾ ਲਿਆ ਤੇ ਪ੍ਰਭੂ-ਭਾਣੇ ਨੂੰ ਮਿੱਠਾ ਕਰਕੇ ਮੰਨਿਆ-

ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ।[੪]

ਮਾਤਾ ਗੁਜਰੀ ਜੀ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਉਹਨਾਂ ਦੇ ਜੀਵਨ ਦੀਆਂ ਦੁਖਾਂਤਕ ਘਟਨਾਵਾਂ ਦਾ ਅਜੇ ਅੰਤ ਨਹੀਂ ਸੀ ਹੋਇਆ ਸਗੋਂ ਇਹ ਤਾਂ ਇਕ ਸ਼ੁਰੂਆਤ ਸੀ, ਪਰ ਉਹਨਾਂ ਨੇ ਆਪਣੇ ਮਨ ਵਿਚ ਕਿਸੇ ਕਿਸਮ ਦੀ ਵੀ ਕਮਜ਼ੋਰੀ ਨਹੀਂ ਆਉਣ ਦਿੱਤੀ। ਫਿਰ ਜ਼ਿੰਦਗੀ ਦਾ ਉਹ ਮੌਕਾ ਵੀ ਆ ਗਿਆ ਜਦੋਂ ਕਿ ਮਾਤਾ ਗੁਜਰੀ ਜੀ ਨੂੰ ਪਰਿਵਾਰ ਸਮੇਤ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਕੇ ਤੁਰਨਾ ਪਿਆ। ਦਸੰਬਰ ੧੭੦੪ ਈ: ਦੀ ਕਾਲੀ-ਬੋਲੀ ਰਾਤ ਸੀ ਅਤੇ ਸਰਸਾ ਨਦੀ ਦਾ ਪਾਣੀ ਤੇਜ਼ ਵਰਖਾ ਕਾਰਨ ਠਾਠਾਂ ਮਾਰ ਰਿਹਾ ਸੀ। ਮਾਤਾ ਗੁਜਰੀ ਜੀ ਇਥੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਦੇ ਨਾਲ ਪਰਿਵਾਰ ਤੋਂ ਵਿਛੜ ਗਏ ਪਰ ਉਹ ਗੰਗੂ ਬ੍ਰਾਹਮਣ ਦੀ ਗਦਾਰੀ ਕਾਰਨ ਸੂਬਾ ਸਰਹੰਦ ਕੋਲ ਪਕੜਾ ਦਿੱਤੇ ਗਏ।

ਇਸ ਬਿਖੜੇ ਸਮੇਂ ਵੀ ਜਦੋਂ ਮਾਤਾ ਗੁਜਰੀ ਜੀ ਨੂੰ ਦੋ ਕੋਮਲ ਜਿੰਦੜੀਆਂ ੭ ਤੇ ੯ ਸਾਲ ਦੇ ਪੋਤਰਿਆਂ ਨੂੰ ਧਰਮ ਦੇ ਇਮਤਿਹਾਨ ਵਿਚੋਂ ਲੰਘਣ ਲਈ ਤਿਆਰ ਕਰਨਾ ਪਿਆ ਤਾਂ ਆਪ ਨੇ ਕਮਜ਼ੋਰੀ ਨਹੀਂ ਦਿਖਾਈ ਸਗੋਂ ਚੜ੍ਹਦੀ ਕਲਾ ਵਿਚ ਰਹਿੰਦਿਆਂ ਉਹਨਾਂ ਨੂੰ ਸੀਸ ਜਾਇ ਪਰ ਸਿਰਰ ਨ ਜਾਇ ਦਾ ਪਾਠ ਪੜ੍ਹਾਂਦਿਆਂ ਤੇ ਉਹ ਇਸ ਉਪਦੇਸ਼ ਦਾ ਸਦਕਾ ਹੱਸਦਿਆਂ-ਹੱਸਦਿਆਂ ਧਰਮ ਤੋਂ ਆਪਾ ਵਾਰ ਗਏ।

ਮਾਤਾ ਗੁਜਰੀ ਜੀ ਬਾਰੇ ਆਮ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਉਹ ਇਹ ਸਦਮਾ ਨਾ ਸਹਾਰ ਸਕੇ ਅਤੇ ਬੁਰਜ ਤੋਂ ਛਾਲ ਮਾਰ ਕੇ ਆਤਮ ਹੱਤਿਆ ਕਰ ਲਈ। ਮਾਤਾ ਗੁਜਰੀ ਜੀ ਦੇ ਅੰਤਮ ਸਮੇਂ ਬਾਰੇ ਬਹੁਤ ਸਾਰੇ ਵਿਦਵਾਨ ਤੇ ਇਤਿਹਾਸਕਾਰ ਟਪਲਾ ਖਾ ਜਾਂਦੇ ਹਨ।

> ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਵਿਚ ਲਿਖਦੇ ਹਨ, ਕਿ ਮਾਤਾ ਗੁਜਰੀ ਜੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਦੇਹ ਤਿਆਗ ਕੇ ਗੁਰਪੁਰੀ ਸਿਧਾਰ ਗਏ।[੩]

ਡਾ: ਗੰਡਾ ਸਿੰਘ ਤੇ ਤੇਜਾ ਸਿੰਘ ਸਿੱਖ ਇਤਿਹਾਸ ਵਿਚ ਲਿਖਦੇ ਹਨ, ਕਿ *ਦਾਦੀ ਜੀ ਬੱਚਿਆਂ ਦੀ ਮੌਤ ਦਾ ਸਦਮਾ ਨਾ ਝਲ ਸਕੇ ਅਤੇ ਮੌਤ ਦੀ ਖ਼ਬਰ ਸੁਣਦਿਆਂ ਹੀ ਉਹਨਾਂ ਨੇ ਆਪਣੇ ਸਵਾਸ ਤਿਆਗ ਦਿੱਤੇ।*[੪]

> *ਪਰ ਇਹੋ ਜਿਹੀਆਂ ਗੱਲਾਂ ਮਾਤਾ ਗੁਜਰੀ ਜੀ ਦੇ ਸਮੁੱਚੇ ਜੀਵਨ ਨੂੰ ਧਿਆਨ ਵਿਚ ਰੱਖਦਿਆਂ ਠੀਕ ਨਹੀਂ ਜਾਪਦੀਆਂ।*

ਮਾਤਾ ਗੁਜਰੀ ਜੀ ਨੇ ਆਪਣੇ ਪਤੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਪੂਰੇ ਸਬਰ-ਸੰਤੋਖ ਵਿਚ ਰਹਿ ਕੇ ਝੱਲਿਆ ਸੀ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਜਬਰ-ਜ਼ੁਲਮ ਵਿਰੁੱਧ ਉਠਾਈ ਤਲਵਾਰ ਦੀ ਉਹਨਾਂ ਹਮੇਸ਼ਾ ਪ੍ਰਸੰਸਾ ਕੀਤੀ ਸੀ। ਅਨੰਦਪੁਰ ਸਾਹਿਬ ਵਿਚ ਅਤਿ ਕਠਨਾਈ ਵਾਲੇ ਸਮੇਂ ਨੂੰ ਸਹਿਜੇ ਹੀ ਝੱਲਿਆ ਸੀ। ਇਸ ਤੋਂ ਵੀ ਵੱਧ ਉਹ ਹਰ ਰੋਜ਼ ਆਪ ਹੀ ਤਾਂ ਬੱਚਿਆਂ ਨੂੰ ਧਰਮ ਤੋਂ ਕੁਰਬਾਨ ਕਰਨ ਲਈ ਪ੍ਰੇਰਨਾ ਦਿੰਦੇ ਰਹਿੰਦੇ ਸਨ। ਜਿਸ ਕਾਰਜ ਲਈ ਉਹ ਬੱਚਿਆਂ ਨੂੰ ਆਪ ਹੀ ਤਿਆਰ ਕਰ ਰਹੇ ਸਨ ਤਾਂ ਫਿਰ ਜਦੋਂ ਉਹਨਾਂ ਨੂੰ ਇਸ ਗੱਲ ਦਾ ਪਤਾ ਲੱਗਾ ਹੋਵੇਗਾ ਕਿ ਬੱਚਿਆਂ ਨੇ ਧਰਮ ਛੱਡਣ ਨਾਲੋਂ ਮੌਤ ਨੂੰ ਤਰਜੀਹ ਦਿੱਤੀ ਹੈ ਅਤੇ ਸ਼ਹੀਦੀਆਂ ਪ੍ਰਾਪਤ ਕਰ ਗਏ ਹਨ ਤਾਂ ਉਸ ਸਮੇਂ ਮਾਤਾ ਗੁਜਰੀ ਜੀ ਨੇ ਤਾਂ ਪਰਮਾਤਮਾ ਦਾ ਸ਼ੁਕਰ ਕੀਤਾ ਹੋਵੇਗਾ। ਇਤਨੀ ਦਲੇਰ, ਬਹਾਦਰ ਇਸਤਰੀ ਅਤੇ ਸਰਬ ਸੰਸਾਰ ਨੂੰ ਸੂਰਮਗਤੀ ਦੀ ਪ੍ਰੇਰਨਾ ਦੇਣ ਵਾਲੀ ਮਾਤਾ ਗੁਜਰੀ ਜੀ ਆਤਮ-ਹੱਤਿਆ ਕਿਵੇਂ ਕਰ ਸਕਦੇ ਹਨ? ਇਹ ਸਾਡੀ ਸਮਝ ਤੋਂ ਬਾਹਰਲੀ ਗੱਲ ਹੈ।

ਹਵਾਲੇ

੧. ਜਸਵੰਤ ਸਿੰਘ ਵਿਰਦੀ, 'ਮਾਤਾ ਤੂੰ ਮਹਾਨ' ਪੰਨਾ ੯੪

੨. ਭਾਈ ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼' ਪੰਨਾ ੪੧੧

੩. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੯੪

੪. ਭਾਈ ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼' ਪੰਨਾ ੪੧੧

੫. ਤੇਜਾ ਸਿੰਘ, ਗੰਡਾ ਸਿੰਘ, 'ਸਿੱਖ ਇਤਿਹਾਸ' ਪੰਨਾ ੮੭

ਭਾਈ ਮਤੀ ਦਾਸ, ਭਾਈ ਸਤੀ ਦਾਸ
ਅਤੇ
ਭਾਈ ਦਿਆਲਾ ਜੀ

ਸਿੱਖ ਕੌਮ ਦਾ ਸੰਖੇਪ ਇਤਿਹਾਸ ਕੁਰਬਾਨੀਆਂ ਤੇ ਸ਼ਹੀਦੀਆਂ ਭਰਪੂਰ ਇਤਿਹਾਸ ਹੈ। ਜੇ ਇਹ ਕਹੀਏ ਕਿ ਸਿੱਖ ਇਤਿਹਾਸ ਹੈ ਹੀ ਸ਼ਹੀਦੀ-ਇਤਿਹਾਸ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਅਸੀਂ ਰੋਜ਼ਾਨਾ ਅਰਦਾਸ ਵਿਚ ਆਪਣੇ ਸ਼ਹੀਦਾਂ ਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਯਾਦ ਕਰਦੇ ਹਾਂ। ਪਰੰਤੂ ਅਜਿਹੇ ਕੁਰਬਾਨੀ-ਪੁੰਜ, ਧਰਮੀ ਸ਼ਹੀਦਾਂ ਦੇ ਜੀਵਨ ਸਿਲਸਿਲੇਵਾਰ ਰੂਪ ਵਿਚ ਉਨ੍ਹਾਂ ਦੇ ਸਮਕਾਲੀ ਲਿਖਾਰੀਆਂ ਦੇ ਲਿਖੇ ਹੋਏ ਬਹੁਤ ਘੱਟ ਮਿਲਦੇ ਹਨ। ਫੇਰ ਚਿਰ ਬਾਅਦ ਲਿਖੇ ਗਏ ਇਤਿਹਾਸ ਵਿਚ ਊਣਤਾਈਆਂ ਤੇ ਭੁਲੇਖੇ ਸਹਿਜੇ ਹੀ ਆ ਜਾਂਦੇ ਹਨ। ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਅਜਿਹੇ ਸਿਦਕੀ ਸਿੱਖ ਹਨ, ਜਿਨ੍ਹਾਂ ਨੇ ਸ਼ਹੀਦੀ ਪਰੰਪਰਾ ਨੂੰ ਅੱਗੇ ਤੋਰਨ ਵਿਚ ਆਪਣਾ ਯੋਗਦਾਨ ਪਾਇਆ, ਅਜਿਹੇ ਸਿੱਖਾਂ ਦੇ ਫਖਰ ਯੋਗ ਜੀਵਨ ਦਾ ਚਾਨਣ ਮੁਨਾਰਾ ਭੀ ਸਮੇਂ ਦੀਆਂ ਵਿੱਥਾਂ ਕਾਰਨ ਇਸੇ ਤਰ੍ਹਾਂ ਦੀ ਧੁੰਦ ਨਾਲ ਘੁਸਮੁਸਾ ਜਿਹਾ ਹੋ ਰਿਹਾ ਹੈ। ਇਹ ਉਹ ਸਿੱਖ ਹਨ ਜਿਨ੍ਹਾਂ ਨੇ ਹਿੰਦੂ ਧਰਮ ਦੀ ਰੱਖਿਆ ਕਰਨ ਵਾਲੇ ਨੌਵੇਂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਜੀ ਤੋਂ ਇਕ ਦਿਨ ਪਹਿਲਾਂ ੧੦ ਨਵੰਬਰ, ੧੬੭੫ ਈ: ਵਿਚ ਚਾਂਦਨੀ ਚੌਂਕ ਦਿੱਲੀ ਵਿਖੇ ਸ਼ਹਾਦਤ ਦਾ ਜਾਮ ਪੀਤਾ। ਜਦੋਂ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ, ਅਦੁੱਤੀ ਗੌਰਵਮਈ ਸ਼ਹਾਦਤ ਦੀ ਗੱਲ ਕਰਦੇ ਹਾਂ ਤਾਂ ਇਨ੍ਹਾਂ ਸੂਰਬੀਰਾਂ ਦੀ ਕੁਰਬਾਨੀ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੇ। ਇਥੇ ਅਸੀਂ ਪ੍ਰਾਪਤ ਸੀਮਤ ਸਮੱਗਰੀ ਦੇ ਆਧਾਰ 'ਤੇ ਇਨ੍ਹਾਂ ਦਾ ਜੀਵਨ-ਬ੍ਰਿਤਾਂਤ ਪੇਸ਼ ਕਰ ਰਹੇ ਹਾਂ :

ਭਾਈ ਮਤੀ ਦਾਸ ਜੀ:-

ਭਾਈ ਮਤੀ ਦਾਸ ਜੀ ਨੂੰ ਕਈ ਵਿਦਵਾਨਾਂ ਨੇ ਮਤੀ ਰਾਮ ਲਿਖਿਆ ਹੈ। ਭੱਟ ਵਹੀਆਂ ਅਨੁਸਾਰ ਭਾਈ ਮਤੀ ਦਾਸ ਭਾਈ ਪਿਰਾਗਾ ਦੇ ਖਾਨਦਾਨ ਵਿਚੋਂ ਸਨ। ਉਨ੍ਹਾਂ ਦੇ ਵੱਡੇ-ਵਡੇਰੇ ਕਰਿਆਲਾ, ਜਿਹਲਮ ਨਿਵਾਸੀ ਸਨ। ਭਾਈ ਗੁਰਦਾਸ ਜੀ ਨੇ ਭਾਈ ਪਿਰਾਗਾ ਦਾ ਜ਼ਿਕਰ ਪੰਜਵੇਂ ਪਾਤਸ਼ਾਹ ਦੇ ਸਿੱਖਾਂ ਦੀ ਸੂਚੀ ਵਿਚ ਕੀਤਾ ਹੈ "ਪੁਰਖ ਪਿਰਾਗਾ ਸਬਦ ਅਧਾਰਾ"।

ਭਾਈ ਮਨੀ ਸਿੰਘ ਜੀ ਨੇ *ਸਿੱਖਾਂ ਦੀ ਭਗਤ ਮਾਲ* ਵਿਚ ਸਾਖੀ ਨੰ: ੧੧੦ ਵਿਚ ਦੱਸਿਆ ਹੈ ਕਿ ਜਦੋਂ ਭਾਈ ਜੈਤਾ, ਭਾਈ ਨੰਦਾ ਤੇ ਭਾਈ ਪਿਰਾਗਾ ਸਾਹਿਬ ਪੰਜਵੀਂ ਪਾਤਸ਼ਾਹੀ ਦੇ ਹਜ਼ੂਰ ਆਏ ਤੇ ਅਰਦਾਸ ਕੀਤੀ ਤਾਂ ਬਚਨ ਹੋਇਆ ਕਿ ਇੰਦਰੀਆਂ ਨੂੰ ਸੰਕੋਚ ਕੇ ਸੁਆਸ-ਸੁਆਸ ਵਾਹਿਗੁਰੂ ਦਾ ਜਾਪ ਕਰੋ। ਤਾਂ ਉਹ ਇਸੇ ਪ੍ਰਕਾਰ ਵਰਤਣ ਲੱਗੇ। ਜਦ ਪੰਡਤਾਂ ਨੇ ਕਿਹਾ ਕਿ ਤੁਸੀਂ ਧਰਮ ਕਰਮ ਛੱਡ ਦਿੱਤਾ ਹੈ ਤਾਂ ਭਾਈ ਪਿਰਾਗਾ ਜੀ ਨੇ ਕਿਹਾ "ਤੁਸੀਂ ਤਾਂ ਕਹਿੰਦੇ ਹੋ ਜਿਸ ਘਰ ਸੂਤਕ ਜਾਂ ਮ੍ਰਿਤਕ ਹੋਵੇ ਉਥੇ ਕਰਮ ਕੀਤੇ ਕੰਮ ਨਹੀਂ ਆਉਂਦੇ, ਸਾਡਾ ਅਗਿਆਨ ਪਿਤਾ ਮਰ ਗਿਆ ਹੈ ਅਤੇ ਗਿਆਨ ਪੁੱਤਰ ਜਨਮਿਆ ਹੈ। ਇਸ ਲਈ ਕਰਮ ਨਹੀਂ ਕਰਦੇ।

> *ਭਾਈ ਕਾਨ੍ਹ ਸਿੰਘ ਨਾਭਾ ਨੇ ਭਾਈ ਪਿਰਾਗਾ ਨੂੰ ਭਾਈ ਮਤੀ ਦਾਸ ਜੀ ਦਾ ਪਿਤਾ ਦੱਸਿਆ ਹੈ। ਪਰੰਤੂ ਭੱਟ ਵਹੀ ਮੁਲਤਾਨ ਸਿੰਧੀ ਵਿਚ ਭਾਈ ਮਤੀ ਦਾਸ ਜੀ ਦੀ ਬੰਸ ਬਾਰੇ ਇਸ ਤਰ੍ਹਾਂ ਲਿਖਿਆ ਹੋਇਆ ਹੈ :*
>
> *"ਗੈਲੋਂ ਮਤੀ ਦਾਸ, ਸਤੀ ਦਾਸ ਬੇਟੇ ਹੀਰਾ ਨੰਦ ਕੇ, ਪੋਤੇ ਲੱਖੀ ਦਾਸ ਕੇ ਪੜਪੋਤੇ ਪਿਰਾਗਾ ਕੇ ਬੰਸ ਗੋਤਮ ਕਾ, ਸਾਰਸੁਤੀ ਭਾਗਵਤ ਗੋਤਰੇ ਛਿੱਬਰ ਬਾਹਮਣ ਮਾਰੇ ਗਏ।"*

ਇਸ ਭੱਟ ਵਹੀ ਅਨੁਸਾਰ ਭਾਈ ਮਤੀ ਦਾਸ ਭਾਈ ਹੀਰਾ ਨੰਦ ਦੇ ਪੁੱਤਰ, ਭਾਈ ਲੱਖੀ ਦਾਸ ਦੇ ਪੋਤੇ ਅਤੇ ਭਾਈ ਪਿਰਾਗਾ ਜੀ ਦੇ ਪੜਪੋਤੇ ਹਨ ਆਪ ਭਾਈ ਸਤੀ ਦਾਸ ਜੀ ਦੇ ਵੱਡੇ ਭਰਾ ਹਨ। ਇਨ੍ਹਾਂ ਦੀ ਜਨਮ-ਤਾਰੀਖ ਵਿਆਹ ਆਦਿ ਬਾਰੇ ਕੋਈ ਹਵਾਲਾ ਨਹੀਂ ਮਿਲਦਾ। ਇੰਨਾ ਜ਼ਰੂਰ ਪਤਾ ਲੱਗਦਾ ਹੈ ਕਿ ਭਾਈ ਹੀਰਾ ਨੰਦ ਜੀ ਨੇ ਆਪਣੇ ਦੋਵੇਂ ਪੁੱਤਰ ਮਤੀ ਦਾਸ ਤੇ ਸਤੀ ਦਾਸ ਗੁਰੂ ਹਰਿਰਾਇ ਜੀ ਦੀ ਸੇਵਾ ਵਿਚ ਲਿਆਂਦੇ ਤੇ ਗੁਰੂ ਮਹਾਰਾਜ ਦੀ ਸੌਂਪਣਾ ਵਿਚ ਦੇ ਕੇ ਆਪ ਅਕਾਲ ਚਲਾਣਾ ਕਰ ਗਏ। ਭਾਈ ਹੀਰਾ ਨੰਦ ਦੀਵਾਨ ਦਰਗਹ ਮਲ ਜੀ ਦੇ ਭਰਾ ਸਨ। ਦੀਵਾਨ ਦਰਗਹ ਮਲ ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਦੇ ਵੇਲੇ ਦੀਵਾਨ ਸਨ।

ਗੁਰੂ ਤੇਗ ਬਹਾਦਰ ਜੀ ਨੇ ਵੀ ਉਹਨਾਂ ਨੂੰ ਹੀ ਦੀਵਾਨੀ ਦੀ ਪਦਵੀ ਸੌਂਪੀ, ਪਰ ਦੀਵਾਨ ਦਰਗਹ ਮੱਲ ਜੀ ਨੇ ਵਡੇਰੀ ਉਮਰ ਹੋਣ ਕਾਰਨ ਇਹ ਕੰਮ ਸੰਭਾਲਣ ਤੋਂ ਅਸਮਰੱਥਾ ਪ੍ਰਗਟ ਕੀਤੀ ਅਤੇ ਆਪਣੇ ਭਤੀਜੇ ਮਤੀਦਾਸ ਨੂੰ ਦੀਵਾਨ ਬਣਾਉਣ ਦੀ ਸਿਫਾਰਸ਼ ਕੀਤੀ ਜੋ ਗੁਰੂ ਸਾਹਿਬ ਨੇ ਤੁਰੰਤ ਮੰਨ ਲਈ। ਦੀਵਾਨ ਮਤੀ ਦਾਸ ਜੀ ਫਾਰਸੀ ਦੇ ਵਿਦਵਾਨ ਸਨ ਤੇ ਦੀਵਾਨ ਦਾ ਕੰਮ ਅਖੀਰ ਤਕ ਕਰਦੇ ਰਹੇ। ਗੁਰੂ ਤੇਗ ਬਹਾਦਰ ਜੀ ਨੂੰ ਔਰੰਗਜ਼ੇਬ ਨੇ ੧੬੬੫ ਈ: ਵਿਚ ਧਮਤਾਨ ਵਿਖੇ ਬੁਲਾਵਾ ਭੇਜਿਆ ਤਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਗੁਪਾਲ ਦਾਸ, ਭਾਈ ਸੰਗਤੀਆ, ਭਾਈ ਜੇਠਾ ਜੀ ਅਤੇ ਭਾਈ ਦਿਆਲ ਦਾਸ ਜੀ ਨਾਲ ਸਨ। ਇਹ ਸਾਰੇ ਸਿੱਖ ਗੁਰੂ ਜੀ ਦੇ ਨਾਲ ਦਿੱਲੀ ਪਹੁੰਚੇ। ਫਿਰ ਦੂਸਰੀ ਮੁਲਾਕਾਤ ਸਮੇਂ ੧੬੭੫ ਈ: ਵਿਚ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਤੇ ਭਾਈ ਊਦਾ ਜੀ ਗੁਰੂ ਜੀ ਦੇ ਨਾਲ ਸਨ। ਦਿੱਲੀ ਵਿਖੇ ਤਿੰਨ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਗੁਰੂ ਤੇਗ ਬਹਾਦਰ ਜੀ ਦੇ ਨਾਲ ਇਕ ਸੁੰਞੀ ਹਵੇਲੀ ਵਿਚ ਕੁਝ ਦਿਨ ਰੱਖਿਆ ਗਿਆ। ਭਾਈ ਗੁਰਦਿੱਤਾ ਜੀ ਤੇ ਭਾਈ ਊਦਾ ਜੀ ਨੂੰ ਗੁਰੂ ਜੀ ਨੇ ਆਪ ਹੀ ਨਾਲ ਪਕੜੇ ਜਾਣ ਤੋਂ ਰੋਕ

ਦਿੱਤਾ ਸੀ। ਉਹਨਾਂ ਦੇ ਜ਼ਿਮੇਂ ਇਹ ਕੰਮ ਲਗਾਇਆ ਸੀ ਕਿ ਉਹ ਸਾਕੇ ਪਿਛੋਂ ਮੌਕਾ ਸੰਭਾਲਣ ਤੇ ਸ੍ਰੀ ਅਨੰਦਪੁਰ ਸਾਹਿਬ ਖ਼ਬਰ ਪਹੁੰਚਾਉਣ।

ਗੁਰੂ ਜੀ ਨੂੰ ਉਸ ਹਵੇਲੀ ਵਿਚ ਅਨੇਕਾਂ ਤਸੀਹੇ ਦਿੱਤੇ ਗਏ। ਉਹ ਹਵੇਲੀ ਇਤਨੀ ਪੁਰਾਣੀ, ਡਰਾਉਣੀ ਤੇ ਢੱਠੀ ਹੋਈ ਹਾਲਤ ਵਿਚ ਸੀ ਕਿ ਲੋਕ ਉਥੇ ਭੂਤਾਂ ਦਾ ਵਾਸਾ ਕਹਿੰਦੇ ਸਨ। ਗੁਰੂ ਜੀ ਨੂੰ ਡਰਾਉਣ ਧਮਕਾਉਣ ਦੇ ਅਨੇਕਾਂ ਯਤਨ ਕੀਤੇ ਗਏ ਪਰੰਤੂ ਗੁਰੂ ਸਾਹਿਬ ਤੇ ਕੋਈ ਅਸਰ ਨਾ ਹੋਇਆ। ਉਹਨਾਂ ਦੇ ਸਾਹਮਣੇ ਤਿੰਨ ਸ਼ਰਤਾਂ ਰੱਖੀਆਂ ਗਈਆਂ ਸਨ: ਦੀਨ ਕਬੂਲ ਕਰਨ, ਕਰਾਮਾਤ ਦਿਖਾਉਣ ਜਾਂ ਮੌਤ ਲਈ ਤਿਆਰ ਹੋਣ। ਉਹਨਾਂ ਦੇ ਅਨਿੰਨ ਸਿੱਖਾਂ ਨੂੰ ਉਹਨਾਂ ਦੇ ਸਾਹਮਣੇ ਅਣ-ਮਨੁੱਖੀ ਤਸੀਹੇ ਦਿੱਤੇ ਗਏ ਤਾਂ ਕਿ ਗੁਰੂ ਜੀ ਇਸਲਾਮ ਕਬੂਲ ਕਰ ਲੈਣ। ਪਰ ਕੀ ਉਹ ਗੁਰੂ ਜੀ ਜੋ ਦੂਸਰੇ ਧਰਮ ਦੀ ਰੱਖਿਆ ਖਾਤਰ ਆਪਾ ਕੁਰਬਾਨ ਕਰਨ ਲਈ ਪੇਸ਼ ਹੋਇਆ ਹੋਵੇ, ਆਪਣਾ ਧਰਮ ਤਿਆਗ ਸਕਦਾ ਹੈ? ਹਰਗਿਜ਼ ਨਹੀਂ! ਦੂਸਰੀ ਸ਼ਰਤ ਪ੍ਰਤੀ ਗੁਰੂ ਜੀ ਦੇ ਵਿਚਾਰ ਸਨ ਕਿ ਕਰਾਮਾਤ ਕਹਿਰ ਦਾ ਨਾਂ ਹੈ ਤੇ ਇਹ ਵਾਹਿਗੁਰੂ ਦੇ ਭਾਣੇ ਦੇ ਵਿਰੁੱਧ ਹੈ ਅਤੇ ਤੀਸਰੀ ਸ਼ਰਤ ਉਹਨਾਂ ਨੂੰ ਪ੍ਰਵਾਨ ਸੀ, ਉਹਨਾਂ ਨੇ ਹੱਸ-ਹੱਸ ਸ਼ਹਾਦਤ ਦਾ ਜਾਮ ਪੀਤਾ।

ਗੁਰੂ ਜੀ ਨੂੰ ਤਸੀਹੇ ਝਲਦਿਆਂ ਦੇਖ ਕੇ ਭਾਈ ਮਤੀ ਦਾਸ ਜੀ ਨੇ ਆਗਿਆ ਮੰਗੀ ਕਿ ਜੇ ਹੁਕਮ ਕਰੋ ਤਾਂ ਦਿੱਲੀ ਲਾਹੌਰ ਦੀ ਇੱਟ ਨਾਲ ਇੱਟ ਵਜਾ ਦਿਆਂ। ਗੁਰੂ ਜੀ ਨੇ ਪੁਛਿਆ ਕਿ ਸਾਰੀ ਸ਼ਕਤੀ ਕਿਥੋਂ ਲਈ? ਭਾਈ ਜੀ ਨੇ ਕਿਹਾ ਕਿ ਗੁਰੂ-ਚਰਨਾਂ ਤੋਂ, ਤਾਂ ਆਪ ਜੀ ਨੇ ਫ਼ਰਮਾਇਆ ਕਿ ਇਹ ਹੀ ਭਗਤਾਂ, ਸੰਤਾਂ ਅਤੇ ਵਾਹਿਗੁਰੂ ਦੇ ਪਿਆਰਿਆਂ ਵਿਚ ਘਾਟ ਹੈ ਕਿ ਥੋੜ੍ਹੀ ਜਿਹੀ ਸ਼ਕਤੀ ਪਾ ਕੇ ਆਪਾ ਜਨਾਉਣ ਲੱਗ ਪੈਂਦੇ ਹਨ। ਜਿਸ ਸਮੁੰਦਰ ਤੋਂ ਜਲ ਦਾ ਤੁਪਕਾ ਪੀ ਸ਼ਕਤੀਵਾਨ ਹੁੰਦੇ ਹਨ, ਉਸੇ ਸਾਗਰ ਅੱਗੇ ਹੰਕਾਰ ਦੇ ਬਚਨ ਬੋਲਣ ਲੱਗ ਪੈਂਦੇ ਹਨ। ਸਿੱਖ, ਗੁਰੂ, ਭਗਤ ਅਤੇ ਨਾਮੀ ਪੁਰਸ਼ ਨੂੰ ਚਾਹੀਦਾ ਹੈ ਕਿ ਉਹ ਸਦਾ ਨਿਮਰਤਾ ਵਿਚ ਰਹਿੰਦਾ ਹੋਇਆ ਵਾਹਿਗੁਰੂ ਦੀ ਰਜ਼ਾ ਵਿਚ ਰਹੇ। ਗੁਰੂ ਜੀ ਦੇ ਬਚਨ ਸੁਣ ਕੇ ਭਾਈ ਸਾਹਿਬ ਚੁਪ ਹੋ ਗਏ।

ਭਾਈ ਮਤੀ ਦਾਸ ਜੀ ਦੇ ਕਰਾਮਾਤ ਦਿਖਾਉਣ ਦੇ ਬਚਨ ਅਹਿਲਕਾਰਾਂ ਨੇ ਸੁਣ ਲਏ ਸਨ ਤੇ ਉਹਨਾਂ ਨੇ ਔਰੰਗਜ਼ੇਬ ਦੇ ਕੰਨੀਂ ਜਾ ਖਬਰ ਪਾਈ। ਜਦੋਂ ਔਰੰਗਜ਼ੇਬ ਨੇ ਕਿਹਾ ਕਿ ਆਪ ਨੇ ਕਰਾਮਾਤ ਦਿਖਾਉਣ ਲਈ ਕਿਹਾ ਸੀ ਜੇ ਸੱਚ, ਹੈ ਤਾਂ ਕਿਲ੍ਹੇ ਦੀ ਪੂਰਬੀ ਕੰਧ ਹਿਲਾ ਕੇ ਦਿਖਾ। ਭਾਈ ਮਤੀ ਦਾਸ ਨੇ ਕਿਹਾ ਕਿ ਹੈ ਤਾਂ ਸੱਚ ਪਰ ਮੈਂ ਗੁਰੂ ਦੇ ਹੁਕਮ ਤੋਂ ਬਿਨਾਂ ਕੁਝ ਨਹੀਂ ਕਰ ਸਕਦਾ। 'ਗੁਰੂ' ਦੀ ਆਗਿਆ ਤੋਂ ਬਿਨਾਂ ਪੱਤਾ ਵੀ ਨਹੀਂ ਹਿਲ ਸਕਦਾ। ਭਾਈ ਸਾਹਿਬ ਦੇ ਅਜਿਹੇ ਬਚਨ ਸੁਣ ਕੇ ਔਰੰਗਜ਼ੇਬ ਅੱਗ ਬਬੂਲਾ ਹੋ ਗਿਆ ਅਤੇ ਸਖਤ ਤੋਂ ਸਖਤ ਸਜ਼ਾ ਦੇਣ ਦਾ ਹੁਕਮ ਦਿੱਤਾ। ਭਾਈ ਸਾਹਿਬ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ ਪਰ ਆਪ ਨੇ ਸਾਫ ਇਨਕਾਰ ਕਰ ਦਿੱਤਾ ਤੇ ਆਪਾ ਕੁਰਬਾਨ ਕਰਨ ਲਈ ਤਿਆਰ ਹੋ ਗਏ। ਜਲਾਦਾਂ ਨੇ ਭਾਈ ਜੀ ਕੋਲੋਂ ਆਖਰੀ ਮੰਗ ਪੁੱਛੀ ਤਾਂ ਉਹਨਾਂ ਨੇ ਕੇਵਲ ਇਹ ਹੀ ਕਿਹਾ ਕਿ ਜਦੋਂ ਉਹਨਾਂ ਨੂੰ ਆਰੇ ਨਾਲ ਚੀਰਿਆ ਜਾਏ ਤਾਂ ਉਨ੍ਹਾਂ ਦਾ ਮੂੰਹ ਗੁਰੂ ਸਾਹਿਬ ਵੱਲ ਹੋਵੇ। ਲੱਕੜ ਦੇ ਦੋ ਫੱਟਿਆਂ ਵਿਚ ਭਾਈ ਸਾਹਿਬ ਨੂੰ ਫਿੱਟ ਕਰ ਦਿੱਤਾ ਗਿਆ।

ਜਦੋਂ ਭਾਈ ਜੀ ਨੂੰ ਕਲਮਾ ਪੜ੍ਹਨ ਲਈ ਕਿਹਾ ਗਿਆ ਤਾਂ ਉਹ ਗੁਰਮੰਤਰ ਵਾਹਿਗੁਰੂ ਉਚਾਰਦੇ ਰਹੇ।

ਸਤਿਗੁਰੂ ਜੀ ਸਿੱਖ ਦੇ ਮਨ ਨੂੰ ਅਡੋਲ ਰੱਖਣ ਲਈ ਬਾਣੀ ਪੜ੍ਹਦੇ ਰਹੇ। ਕਲਮਾ ਨਾ ਪੜ੍ਹਨ ਕਰਕੇ ਭਾਈ ਮਤੀ ਦਾਸ ਜੀ ਦੇ ਸਰੀਰ 'ਤੇ ਆਰਾ ਚਲਾਇਆ ਗਿਆ। ਭਾਈ ਸਾਹਿਬ ਨੂੰ ਆਰੇ ਨਾਲ ਲੱਕੜ ਦੀ ਤਰ੍ਹਾਂ ਚੀਰ ਦਿੱਤਾ। ਜਦੋਂ ਗੁਰੂ ਜੀ ਨੇ ਜਪੁਜੀ ਦਾ ਭੋਗ ਪਾਇਆ ਤਾਂ ਭਾਈ ਮਤੀ ਦਾਸ ਜੀ ਦੀ ਆਤਮਾ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਗੁਰੂ-ਚਰਨਾਂ ਵਿਚ ਜਾ ਨਿਵਾਜੀ। ਭਾਈ ਸਾਹਿਬ ਦੀ ਸ਼ਹੀਦੀ ਨੂੰ ਦੇਖ ਕੇ ਦਰਦਮੰਦ ਮੁਸਲਮਾਨ ਅਹਿਲਕਾਰਾਂ ਨੇ ਕਿਹਾ ਕਿ ਇਸ ਧਰਮ ਦਾ ਕਦੇ ਅੰਤ ਨਹੀਂ ਹੋ ਸਕਦਾ।

ਭਾਈ ਸਤੀ ਦਾਸ ਜੀ–

ਸਿੱਖ ਸ਼ਹੀਦੀ ਕਤਾਰ ਇਤਨੀ ਲੰਮੇਰੀ ਹੈ ਕਿ ਕਈ ਸ਼ਹੀਦ ਅਣਗੌਲੇ ਹੀ ਰਹਿ ਗਏ ਹਨ, ਜਿਨ੍ਹਾਂ ਵਿਚੋਂ ਭਾਈ ਸਤੀ ਦਾਸ ਜੀ ਇਕ ਹਨ। ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਨੇ ਭਾਈ ਸਤੀ ਦਾਸ ਜੀ ਦੀ ਸ਼ਹੀਦੀ ਦਾ ਕੋਈ ਜ਼ਿਕਰ ਨਹੀਂ ਕੀਤਾ ਅਤੇ ਮੋਹਨ ਸਿੰਘ ਕੁਮਾਰ ਵੀ ਭਾਈ ਸਤੀ ਦਾਸ ਜੀ ਦੀ ਸ਼ਹੀਦੀ ਦਾ ਕੋਈ ਵਰਣਨ ਨਹੀਂ ਕਰਦਾ। ਪਰੰਤੂ, ਭੱਟ ਵਹੀਆਂ ਦੇ ਆਧਾਰ 'ਤੇ ਕੀਤੀ ਖੋਜ ਅਧਾਰਤ ਭਾਈ ਸਤੀ ਦਾਸ ਭਾਈ ਮਤੀ ਦਾਸ ਜੀ ਦੇ ਨਾਲ ਸਨ। ਇਹ ਸਦਾ ਆਪਣੇ ਵੱਡੇ ਭਰਾ ਭਾਈ ਮਤੀ ਦਾਸ ਜੀ ਦੇ ਨਾਲ ਰਹੇ। ਇਹ ਭਾਈ ਮਤੀ ਦਾਸ ਜੀ ਦੇ ਨਾਲ ਗੁਰੂ ਹਰਿਰਾਇ ਜੀ ਦੇ ਦਰਬਾਰ ਆਏ। ਆਪ ਫ਼ਾਰਸੀ ਦੇ ਵਿਦਵਾਨ ਸਨ। ਗੁਰੂ ਤੇਗ ਬਹਾਦਰ ਜੀ ਦੀ ਔਰੰਗਜ਼ੇਬ ਨਾਲ ਪਹਿਲੀ ਤੇ ਦੂਸਰੀ ਮੁਲਾਕਾਤ ਸਮੇਂ ਭਾਈ ਸਤੀ ਦਾਸ ਜੀ ਦੇ ਨਾਲ ਸਨ। ਆਪ ਜੀ ਨੇ ਆਪਣੇ ਵੱਡੇ ਭਰਾ ਦੀ ਤਰ੍ਹਾਂ ਅਨੇਕਾਂ ਤਸੀਹੇ ਝੱਲੇ। ਆਪ ਜੀ ਨੇ ਆਖਰੀ ਸਮੇਂ ਦਾ ਸਾਰਾ ਬ੍ਰਿਤਾਂਤ ਨੋਟ ਕੀਤਾ, ਪਰੰਤੂ ਅਹਿਲਕਾਰਾਂ ਨੇ ਖੋਹ ਲਿਆ।

ਆਪ ਜੀ ਨੇ ਵੱਡੇ ਭਰਾ ਭਾਈ ਮਤੀ ਦਾਸ ਜੀ ਦੇ ਪਾਏ ਹੋਏ ਪੂਰਨਿਆਂ 'ਤੇ ਚਲਦਿਆਂ ਹੋਇਆਂ ਹੱਸ-ਹੱਸ ਸ਼ਹੀਦੀ ਦਾ ਜਾਮ ਪੀਤਾ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਅੱਗ ਲਗਾ ਕੇ ਸ਼ਹੀਦ ਕੀਤਾ ਗਿਆ। ਆਪ ਜੀ ਨੇ ਸਿੱਖ ਸ਼ਹੀਦੀ ਪ੍ਰੰਪਰਾ ਨੂੰ ਅੱਗੇ ਤੋਰਨ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ।

ਭਾਈ ਦਿਆਲਾ ਜੀ–

ਭਾਈ ਦਿਆਲਾ ਜੀ ਨੂੰ ਕਈ ਵਿਦਵਾਨਾਂ ਨੇ ਦਿਆਲ ਦਾਸ ਲਿਖਿਆ ਹੈ। ਇਹ ਉਦੇ ਦੀਪ ਦੀ ਬੰਸ (ਪੰਵਾਰ ਰਾਜਪੂਤ) ਵਿਚ ਪੈਦਾ ਹੋਏ। ਭਾਈ ਦਿਆਲਾ ਜੀ ਮੁਲਤਾਨ ਦੇ ਨੇੜੇ ਅਲੀਪੁਰ ਦੇ ਰਹਿਣ ਵਾਲੇ ਸਨ। ਭਾਈ ਸਾਹਿਬ ਦੇ ਵੱਡੇ-ਵਡੇਰੇ ਬੜੇ ਪੱਕੇ ਗੁਰਸਿੱਖ ਸਨ। ਭਾਈ ਸਾਹਿਬ ਦੇ ਦਾਦੇ ਦਾ ਨਾਂ ਬਲੂਰਾਉ ਸੀ, ਜੋ ਛੇਵੇਂ ਗੁਰੂ ਜੀ ਦਾ ਇਕ ਬਲਵਾਨ ਯੋਧਾ ਸੀ। ਇਹ ਗੁਰੂ ਜੀ ਦੀ ਤਰਫੋਂ ਅੰਮ੍ਰਿਤਸਰ ਦੀ ਲੜਾਈ ਵਿਚ ਲੜਿਆ ਸੀ। ਇਹਨਾਂ ਦੇ ਪਿਤਾ ਦਾ ਨਾਂ ਮਾਈ ਦਾਸ ਸੀ। ਇਹ ਭਾਈ ਮਨੀ ਸਿੰਘ ਜੀ ਦੇ ਵੱਡੇ ਭਰਾ ਸਨ। ਭਾਈ ਦਿਆਲਾ ਜੀ ੧੫ ਸਾਲ ਦੀ ਉਮਰ ਦੇ ਸਨ, ਜਦ ਉਹਨਾਂ ਦੇ ਪਿਤਾ ਭਾਈ ਮਾਈ ਦਾਸ ਨੇ ਆਪਣੇ ਹੋਰ ਦੋ ਪੁੱਤਰਾਂ ਨਾਲ ਉਹਨਾਂ ਨੂੰ ਗੁਰੂ ਹਰਿ ਰਾਇ ਜੀ ਦੀ ਸੇਵਾ ਵਿਚ ਲਿਆਂਦਾ।

ਆਪ ਜੀ ਨੇ ਗੁਰੂ ਹਰਿ ਰਾਇ ਤੇ ਗੁਰੂ ਹਰਿਕ੍ਰਿਸ਼ਨ ਜੀ ਦੀ ਰੱਜ ਕੇ ਸੇਵਾ ਕੀਤੀ। ਫੇਰ ਦੀਵਾਨ ਦਰਗਹ ਮੱਲ ਦੀ ਸਿਫਾਰਸ਼ 'ਤੇ ਗੁਰੂ ਤੇਗ ਬਹਾਦਰ ਜੀ ਨੇ ਆਪ ਨੂੰ ਘਰਬਾਰੀ ਵਜ਼ੀਰ ਥਾਪਿਆ। ਆਪ ਜੀ ਨੇ ਗੁਰੂ ਮਹਾਰਾਜ ਜੀ ਦੀ ਬੜੀ ਸੇਵਾ ਕੀਤੀ ਤੇ ਉਹਨਾਂ ਦਾ ਇਤਨਾ ਇਤਬਾਰ ਤੇ ਪਿਆਰ ਪ੍ਰਾਪਤ ਕੀਤਾ ਕਿ ਗੁਰੂ ਮਹਾਰਾਜ ਪਟਨੇ ਅੱਪੜ ਕੇ ਸਾਰੇ ਪਰਿਵਾਰ ਨੂੰ ਇਹਨਾਂ ਦੀ ਸੌਂਪਣੀ ਵਿਚ ਛੱਡ ਕੇ ਆਪ ਪੂਰਬ ਯਾਤਰਾ ਲਈ ਚਲੇ ਗਏ। ਆਪ ਜੀ ਨੇ ਗੁਰੂ ਜੀ ਦੀ ਹਰ ਆਗਿਆ ਦਾ ਪਾਲਣ ਖੜ੍ਹੇ ਪੈਰ ਕੀਤਾ। ਗੁਰੂ ਜੀ ਆਪ ਨੂੰ ਭਾਈ ਜੀ ਕਹਿੰਦੇ ਸਨ। ਭਾਈ ਦਿਆਲਾ ਜੀ 'ਤੇ ਗੁਰੂ ਜੀ ਬਹੁਤ ਵਿਸ਼ਵਾਸ ਕਰਦੇ ਸਨ।

ਭਾਈ ਦਿਆਲਾ ਜੀ ਗੁਰੂ ਤੇਗ ਬਹਾਦਰ ਜੀ ਦੀ ਔਰੰਗਜ਼ੇਬ ਨਾਲ ਪਹਿਲੀ ਤੇ ਦੂਸਰੀ ਮੁਲਾਕਾਤ ਸਮੇਂ ਨਾਲ ਸਨ। ਜਦੋਂ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਜੀ ਨੂੰ ਸ਼ਹੀਦ ਕੀਤਾ ਗਿਆ ਤਾਂ ਆਪ ਜੀ ਨੂੰ ਉਸ ਸਮੇਂ ਉਬਲਦੀ ਦੇਗ ਵਿਚ ਬੈਠਣ ਦਾ ਹੁਕਮ ਹੋਇਆ। ਆਪ ਜੀ ਨੂੰ ਕਲਮਾ ਪੜ੍ਹਨ ਲਈ ਕਿਹਾ ਗਿਆ ਤਾਂ ਆਪ ਜੀ ਨੇ ਕਿਹਾ ਕਿ ਸਾਡੇ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਨੇਕ ਰਹਿਣੀ ਦੀ ਸਿਖਿਆ ਦਿੱਤੀ, ਪੰਜਵੇਂ ਗੁਰੂ ਕਲਮਾ ਨਾ ਪੜ੍ਹਨ ਖਾਤਰ ਤੱਤੀਆਂ ਲੋਹਾਂ 'ਤੇ ਬੈਠੇ, ਦੇਗਾਂ ਵਿਚ ਉਬਲੇ ਪਰੰਤੂ ਆਪਣਾ ਧਰਮ ਨਹੀਂ ਹਾਰਿਆ। ਇਸ ਲਈ ਮੈਂ ਹੋਰ ਕੋਈ ਕਲਮਾ ਪੜ੍ਹਨ ਨੂੰ ਤਿਆਰ ਨਹੀਂ। ਜਦੋਂ ਬਾਦਸ਼ਾਹ ਨੇ ਅਜਿਹੇ ਬਚਨ ਸੁਣੇ ਤਾਂ ਆਪ ਜੀ ਨੂੰ ਦੇਗ ਵਿਚ ਉਬਾਲੇ ਜਾਣ ਦਾ ਹੁਕਮ ਹੋਇਆ। ਸ਼ਾਹੀ ਹੁਕਮ ਨਾਲ ਹੱਥ ਪੈਰ ਬੰਨ੍ਹ ਕੇ ਉਬਲਦੇ ਤੇਲ ਦੇ ਕੜਾਹੇ 'ਚ ਸੁੱਟ ਕੇ ਸ਼ਹੀਦ ਕੀਤਾ ਗਿਆ। ਇਸ ਧਰਮਵੀਰ ਨੇ ਇਸ ਘੋਰ ਦੁੱਖ ਨੂੰ ਤੁੱਛ ਕਰਕੇ ਜਾਣਿਆ ਅਤੇ ਗੁਰਬਾਣੀ ਦਾ ਪਾਠ ਕਰਦਾ ਰਿਹਾ। ਉਨ੍ਹਾਂ ਦੀ ਆਤਮਾ ਵਾਹਿਗੁਰੂ ਕੋਲ ਚਲੀ ਗਈ ਤੇ ਪੰਜ ਭੂਤਕ ਸਰੀਰ ਕੜਾਹੇ ਵਿਚ ਉਬਾਲੇ ਖਾਂਦਾ ਰਿਹਾ। ਉਨ੍ਹਾਂ ਨੇ ਆਪਣਾ ਧਰਮ ਅੰਤਮ ਸਵਾਸਾਂ ਤਕ ਨਿਭਾਇਆ।

ਇਨ੍ਹਾਂ ਸ਼ਹੀਦਾਂ ਦਾ ਨਾਂ ਸਿੱਖ-ਇਤਿਹਾਸ ਵਿਚ ਹਮੇਸ਼ਾਂ ਰੌਸ਼ਨ ਚਿਰਾਗ ਦੀ ਤਰ੍ਹਾਂ ਚਮਕਦਾ ਰਹੇਗਾ।

ਭਾਈ ਜੀਵਨ ਸਿੰਘ ਜੀ

ਰੰਘਰੇਟਾ ਗੁਰੂ ਕਾ ਬੇਟਾ ਅਖਵਾਣ ਤੇ ਸ਼ੁਭ ਵਚਨ ਪ੍ਰਾਪਤ ਕਰਨ ਵਾਲੇ ਭਾਈ ਜੈਤਾ ਜੀ ਦੀ ਦਿੱਲੀ ਤੋਂ ਗੁਰੂ ਤੇਗ ਬਹਾਦਰ ਜੀ ਦਾ ਸੀਸ ਅਨੰਦਪੁਰ ਪਹੁੰਚਾਣ ਵਾਲੀ ਘਟਨਾ ਦਾ ਸਭ ਨੂੰ ਪਤਾ ਹੈ ਪਰ ਬਹੁਤ ਘੱਟ ਲੋਕ ਇਹ ਜਾਣਦੇ ਹਨ ਕਿ ਭਾਈ ਜੈਤਾ ਜੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਸਿੰਘ ਸਜ ਗਏ ਤੇ ਭਾਈ ਜੀਵਨ ਸਿੰਘ ਬਣ ਗਏ। ਇਹਨਾਂ ਨੇ ਪਹਿਲਾਂ ਜੰਗ ਭੰਗਾਣੀ, ਫਿਰ ਯੁੱਧ ਅਨੰਦਪੁਰ ਤੇ ਅਖੀਰ ਚਮਕੌਰ ਦੀ ਲੜਾਈ ਵਿਚ ਹਿੱਸਾ ਲਿਆ ਤੇ ਸ਼ਹੀਦੀ ਪ੍ਰਾਪਤ ਕਰ ਗਏ। ਇਉਂ ਆਪ ਦਾ ਨਾਮ ਸ਼ਹੀਦਾਂ ਦੀ ਲੜੀ ਵਿੱਚ ਪਰੋਇਆ ਗਿਆ।

ਭਾਈ ਜੈਤਾ ਜੀ ਸਮਾਜ ਵਿਚ ਕੀਤੀ ਅਖੌਤੀ ਵੰਡ ਅਨੁਸਾਰ ਨੀਵੀਂ ਜਾਤੀ ਵਿਚੋਂ ਸਨ ਤੇ ਮਜ਼ਬੀ ਅਖਵਾਂਦੇ ਸਨ। ਗੁਰੂ ਤੇਗ ਬਹਾਦਰ ਜੀ ਦੇ ਆਪ ਬੜੇ ਸ਼ਰਧਾਲੂ ਸਨ। ਜਦ ਗੁਰੂ ਤੇਗ ਬਹਾਦਰ ਜੀ ਨੂੰ ਬਾਬੇ ਬਕਾਲੇ ਵਿਚ ਮੱਖਣ ਸ਼ਾਹ ਨੇ **ਗੁਰੂ ਲਾਧੋ ਰੇ** ਦਾ ਹੋਕਾ ਦਿੱਤਾ ਤਾਂ ਭਾਈ ਜੈਤਾ ਜੀ ਉਹਨਾਂ ਦਿਨਾਂ ਵਿਚ ਬਾਬੇ ਬਕਾਲੇ ਆਏ। ਅਜਿਹੇ ਦਰਸ਼ਨ ਕੀਤੇ ਕਿ ਫਿਰ ਸਦਾ ਲਈ ਗੁਰੂ ਦੇ ਹੋ ਗਏ। ਜਦੋਂ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਸਾਹਿਬ ਤੋਂ ਤੁਰ ਕੇ ਪੰਜਾਬ ਦਾ ਦੌਰਾ ਕਰਕੇ ਦਿੱਲੀ ਨੂੰ ਰਵਾਨਾ ਹੋਏ ਤਾਂ ਉਸ ਸਮੇਂ ਬਹੁਤ ਸਾਰੀ ਸੰਗਤ ਆਪ ਦੇ ਨਾਲ ਸੀ। ਭਾਈ ਜੈਤਾ ਜੀ ਵੀ ਨਾਲ ਜਾ ਰਹੇ ਸਨ। ਉਨ੍ਹਾਂ ਨੂੰ ਗੁਰਦੇਵ ਦੇ ਦਰਸ਼ਨ ਕਰਨ ਤੇ ਦੀਵਾਨ ਵਿਚ ਨਾਮ-ਬਾਣੀ ਸੁਣਨ ਦੀ ਇੱਛਾ ਇਤਨੀ ਪ੍ਰਬਲ ਹੁੰਦੀ ਕਿ ਰੋਟੀ-ਪਾਣੀ ਦੀ ਵੀ ਪ੍ਰਵਾਹ ਨਾ ਰਹਿੰਦੀ।

ਗੁਰੂ ਤੇਗ ਬਹਾਦਰ ਜੀ ਨੇ ਸਭ ਸੰਗਤ ਨੂੰ ਵਾਪਸ ਭੇਜ ਦਿੱਤਾ ਤੇ ਪੰਜ ਸਿੱਖਾਂ ਨਾਲ ਗ੍ਰਿਫਤਾਰ ਕਰ ਕੇ ਦਿੱਲੀ ਲਿਆਂਦੇ ਗਏ। ਕਾਫੀ ਦਿਨ ਆਪ ਨੂੰ ਸਮਝਾਣ ਤੇ ਆਪਣੀ ਗੱਲ ਮੰਨਵਾਣ ਲਈ ਸਰਕਾਰ ਦੇ ਮੁਖੀ ਤੇ ਮੁਲਾਣੇ ਜ਼ੋਰ ਲਾਂਦੇ ਰਹੇ ਪਰ ਜਦੋਂ ਕੋਈ ਪੇਸ਼ ਨਾ ਗਈ ਤਾਂ ਪਹਿਲਾਂ ਭਾਈ ਮਤੀ ਦਾਸ, ਸਤੀ ਦਾਸ ਤੇ ਫਿਰ ਦਿਆਲਾ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਪਿੱਛੋਂ ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਂਕ ਵਿਚ ਸ਼ਹੀਦ ਕਰ ਦਿੱਤਾ ਗਿਆ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਭਾਈ ਜੈਤਾ ਜੀ ਦਿੱਲੀ ਵਿੱਚ ਸਨ, ਜਿਸ ਤੋਂ ਅਨੁਮਾਨ ਲਾਇਆ ਜਾਂਦਾ ਹੈ ਕਿ ਆਪ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰਨ ਲਈ ਦਿੱਲੀ ਗਏ ਸਨ। ਹੋ ਸਕਦਾ ਹੈ ਕਿ ਆਪ ਨੂੰ ਉਚੇਚਾ ਭੇਜਿਆ ਗਿਆ ਹੋਵੇ। ਜਦ ਗੁਰੂ ਤੇਗ

ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਤਾਂ ਹਾਕਮਾਂ ਨੇ ਸੀਸ ਤੇ ਸਰੀਰ ਨੂੰ ਉਥੇ ਚਾਂਦਨੀ ਚੌਂਕ ਵਿਚ ਹੀ ਪਿਆ ਰਹਿਣ ਦਿੱਤਾ। ਹਾਕਮਾਂ ਨੂੰ ਮਾਣ ਸੀ ਕਿ ਉਹਨਾਂ ਨੇ ਇਤਨਾ ਭੈ ਪੈਦਾ ਕਰ ਦਿੱਤਾ ਹੈ ਕਿ ਕੋਈ ਗੁਰੂ ਤੇਗ ਬਹਾਦਰ ਜੀ ਦਾ ਸਰੀਰ ਚੁੱਕਣ ਲਈ ਨਹੀਂ ਨਿਕਲ ਸਕਦਾ।

ਨਵੰਬਰ ਦੇ ਮਹੀਨੇ ਦਿੱਲੀ ਵਿਚ ਹਨੇਰੀਆਂ ਆਮ ਤੌਰ 'ਤੇ ਚਲਦੀਆਂ ਸਨ। ਉਸ ਦਿਨ ੧੧ ਨਵੰਬਰ, ੧੬੭੫ ਈ: ਨੂੰ ਵੀ ਬੜੀ ਹਨ੍ਹੇਰੀ ਚੱਲੀ। ਹਾਕਮ ਕੁਤਵਾਲੀ ਅੰਦਰ ਬੈਠੇ ਇਸ ਗੱਲ 'ਤੇ ਖੁਸ਼ ਹੋ ਰਹੇ ਸਨ ਕਿ ਉਹਨਾਂ ਬਹੁਤ ਵੱਡੇ ਵਿਰੋਧੀ ਨੂੰ ਖਤਮ ਕਰ ਲਿਆ ਹੈ, ਹੁਣ ਉਹਨਾਂ ਦਾ ਰੋਹਬ ਵਧ ਜਾਏਗਾ। ਉਹਨਾਂ ਨੂੰ ਜ਼ਰਾ ਵੀ ਸ਼ੱਕ ਨਹੀਂ ਸੀ ਕਿ ਕੋਈ ਉਹਨਾਂ ਦੀ ਤਾਕਤ ਨੂੰ ਚੈਲਿੰਜ ਕਰ ਸਕਦਾ ਹੈ, ਪਰ ਜੈਤਾ ਜੀ ਨੇ ਇਹ ਖ਼ਤਰਾ ਮੁੱਲ ਲੈਣ ਦੀ ਧਾਰ ਲਈ ਤੇ ਆ ਕੇ ਬੜੀ ਹੁਸ਼ਿਆਰੀ ਨਾਲ ਗੁਰੂ ਤੇਗ ਬਹਾਦਰ ਜੀ ਦਾ ਸੀਸ ਚੁਕਿਆ, ਸਤਿਕਾਰ ਨਾਲ ਸਿਰ ਨਿਵਾ ਕੇ ਨਮਸਕਾਰ ਕੀਤਾ ਤੇ ਕੱਪੜੇ ਵਿਚ ਲਪੇਟ ਕੇ ਲੈ ਤੁਰਿਆ। ਇਨ੍ਹਾਂ ਇਸ ਸਰਕਾਰੀ ਐਲਾਨ ਦੀਆਂ ਧੱਜੀਆਂ ਉਡਾ ਦਿੱਤੀਆਂ ਕਿ ਕੋਈ ਗੁਰੂ ਦਾ ਸਿੱਖ ਆ ਕੇ ਸਿਰ ਨਹੀਂ ਚੁੱਕ ਸਕਦਾ।

ਜਦ ਭਾਈ ਜੈਤਾ ਜੀ ਅਨੰਦਪੁਰ ਸਾਹਿਬ ਪਹੁੰਚੇ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਗੁਰਦੇਵ ਪਿਤਾ ਦਾ ਸੀਸ ਦੇਖ ਕੇ ਭਾਈ ਜੈਤਾ ਜੀ ਨੂੰ ਆਪਣੀ ਗਲਵੱਕੜੀ ਵਿਚ ਲੈ ਲਿਆ ਤੇ ਵਚਨ ਕੀਤਾ, **'ਰੰਘਰੇਟਾ ਗੁਰੂ ਕਾ ਬੇਟਾ'**। ਇਸ ਤਰ੍ਹਾਂ ਰੰਘਰੇਟੇ ਨੂੰ ਗੁਰੂ ਸਾਹਿਬ ਨੇ ਗੁਰੂ ਦਾ ਪੁੱਤਰ ਕਹਿ ਕੇ ਮਾਣ ਬਖਸ਼ਿਆ। ਉਸ ਦਿਨ ਤੋਂ ਭਾਈ ਜੈਤਾ ਜੀ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਸਾਹਿਬ ਹੀ ਰਹਿਣ ਲੱਗ ਪਏ। ਜਦ ਗੁਰੂ ਜੀ ਪਾਉਂਟਾ ਸਾਹਿਬ ਚਲੇ ਗਏ ਤਾਂ ਇਹ ਨਾਲ ਹੀ ਸਨ।

੧੬੯੯ ਈ: ਵਿਚ ਗੁਰੂ ਸਾਹਿਬ ਨੇ ਖ਼ਾਲਸਾ-ਪੰਥ ਦੀ ਸਾਜਨਾ ਕੀਤੀ ਤੇ ਅੰਮ੍ਰਿਤ ਦੀ ਦਾਤ ਬਖਸ਼ ਕੇ ਸਿੱਖਾਂ ਨੂੰ ਸਿੰਘ ਸਜਾਣਾ ਸ਼ੁਰੂ ਕਰ ਦਿੱਤਾ। ਭਾਈ ਜੈਤਾ ਜੀ ਨੇ ਵੀ ਅੰਮ੍ਰਿਤ-ਪਾਨ ਕਰ ਲਿਆ ਤੇ ਭਾਈ ਜੈਤਾ ਤੋਂ ਭਾਈ ਜੀਵਨ ਸਿੰਘ ਬਣ ਗਏ। ਆਪ ਬੜੇ ਸੋਹਣੇ, ਉਚੇ-ਲੰਮੇ ਡੀਲ-ਡੌਲ ਵਾਲੇ ਦੀਦਾਰੀ ਸਿੰਘ ਲਗਦੇ ਸਨ।

੧੭੦੧ ਈ: ਵਿੱਚ ਅਨੰਦਪੁਰ ਸਾਹਿਬ 'ਤੇ ਹਮਲਾ ਹੋਇਆ। ਹਮਲਾ ਕਰਨ ਵਾਲਿਆਂ ਵਿੱਚ ਦਿੱਲੀ ਤੋਂ ਆਈ ਗਸ਼ਤੀ ਫੌਜ, ਲਾਹੌਰ ਤੇ ਸਰਹੰਦ ਦੇ ਸੂਬੇਦਾਰ ਦੀਆਂ ਫੌਜਾਂ ਤੇ ਬਾਈਧਾਰ ਦੇ ਹਿੰਦੂ ਰਾਜਿਆਂ ਦੀਆਂ ਫੌਜਾਂ ਸ਼ਾਮਲ ਸਨ। ਇਸ ਸਮੇਂ ਵਿਚ ਗੁਰੂ ਸਾਹਿਬ ਦੀ ਅਸ਼ੀਰਵਾਦ ਨਾਲ ਲੜਨ ਵਾਲਿਆਂ ਵਿਚ ਭਾਈ ਜੀਵਨ ਸਿੰਘ ਵੀ ਸ਼ਾਮਲ ਸਨ। ਅਖ਼ੀਰ ਗੁਰੂ ਸਾਹਿਬ ਨੂੰ ਅਨੰਦਪੁਰ ਸਾਹਿਬ ਛੱਡਣਾ ਪਿਆ। ਇਸ ਤੋਂ ਪਹਿਲਾਂ ਜਦ ੪੦ ਸਿੰਘ ਬਿਦਾਵਾ ਲਿਖ ਕੇ ਦੇ ਗਏ ਤੇ ਅਤਿ ਤੰਗੀ ਦੇ ਦਿਨ ਆ ਗਏ ਸਨ ਤਾਂ ਉਸ ਸਮੇਂ ਵੀ ਚੜ੍ਹਦੀ ਕਲਾ ਵਿਚ ਰਹਿ ਕੇ ਲੜਾਈ ਕਰਨ ਵਾਲਿਆਂ ਵਿਚ ਭਾਈ ਜੀਵਨ ਸਿੰਘ ਜੀ ਵੀ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਸਰਸਾ ਨਦੀ ਨੂੰ ਪਾਰ ਕਰ ਕੇ ਚਮਕੌਰ ਸਾਹਿਬ ਵਿਚ ਆ ਡੇਰੇ ਲਾਏ ਤੇ ਇਥੇ ਫਿਰ ਹਮਲਾ ਕਰਨ ਵਾਲੀ ਸ਼ਾਹੀ ਫੌਜ ਨਾਲ ਭਿਆਨਕ ਲੜਾਈ ਕੀਤੀ। ਇਸ ਲੜਾਈ ਵਿਚ ਥੋੜੀ ਗਿਣਤੀ ਦੇ ਸਿੰਘ ਗੁਰੂ ਸਾਹਿਬ ਦੇ ਨਾਲ ਸਨ, ਜੋ ਥੋੜ੍ਹੇ ਥੋੜ੍ਹੇ ਕਰਕੇ ਮੈਦਾਨ ਵਿਚ

ਨਿਕਲਦੇ ਤੇ ਦੁਸ਼ਮਣ ਦਾ ਭਾਰੀ ਨੁਕਸਾਨ ਕਰਕੇ ਲੜਦੇ ਸ਼ਹੀਦ ਹੋ ਜਾਂਦੇ। ਦੋਵੇਂ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਵੀ ਇਥੇ ਹੀ ਯੁੱਧ ਵਿਚ ਸ਼ਹੀਦ ਹੋ ਗਏ।

ਭਾਈ ਜੀਵਨ ਸਿੰਘ ਨੇ ਵੀ ਚਮਕੌਰ ਦੇ ਯੁੱਧ ਵਿਚ ਬੜੀ ਬੀਰਤਾ ਦਾ ਕਮਾਲ ਦਿਖਾਇਆ। ਉਹ ਦੁਸ਼ਮਣ 'ਤੇ ਬਿਜਲੀ ਦੀ ਤਰ੍ਹਾਂ ਹਮਲਾ ਕਰ ਕੇ ਪਏ ਤੇ ਉਹਨਾਂ ਦੀਆਂ ਸਫਾਂ ਚੀਰਦੇ ਹੋਏ ਦੂਰ ਤਕ ਲੰਘ ਗਏ। ਉਨ੍ਹਾਂ ਨੇ ਸਾਰੀ ਫੌਜ ਵਿਚ ਇਕ ਵਾਰ ਤਰਥੱਲੀ ਮਚਾ ਦਿੱਤੀ ਤੇ ਅਨੇਕਾਂ ਵਾਰ ਇਕੋ ਵੇਲੇ ਰੋਕਦੇ ਤੇ ਆਪਣੇ ਵਾਰ ਕਰਦੇ ਰਹੇ ਤੇ ਅਖ਼ੀਰ ਲੜਦਿਆਂ ਹੀ ਸ਼ਹੀਦੀ ਪ੍ਰਾਪਤ ਕਰ ਗਏ। ਆਪ ਦਾ ਇਹ ਮਹਾਨ ਕਾਰਨਾਮਾ ਇਤਿਹਾਸ ਵਿਚ ਸਦਾ ਯਾਦ ਰਹੇਗਾ ਤੇ ਆਪ ਦੀ ਸ਼ਹੀਦੀ ਉਤਸ਼ਾਹ ਦੇਂਦੀ ਰਹੇਗੀ।

ਮਾਤਾ ਸਾਹਿਬ ਕੌਰ ਜੀ

ਆਦਿ ਕਾਲ ਤੋਂ ਹੀ ਔਰਤ ਸਮਾਜ ਦਾ ਇਕ ਤ੍ਰਿਸਕਾਰਿਆ ਹੋਇਆ ਅੰਗ ਰਹੀ ਹੈ। ਆਮ ਦੁਨੀਆਂ ਦੀ ਤਾਂ ਗੱਲ ਹੀ ਛੱਡੋ, ਸਾਡੇ ਕੁਝ ਕਹਿੰਦੇ ਕਹਾਉਂਦੇ ਮਹਾਂ ਪੁਰਸ਼ਾਂ ਅਤੇ ਚਿੰਤਕਾਂ ਨੇ ਵੀ ਇਸਤ੍ਰੀ ਲਈ ਅਤੀ ਨਿੰਦਨੀਯ ਸ਼ਬਦ ਵਰਤੇ ਹਨ। ਮਿਸਾਲ ਵਜੋਂ ਅਰਸਤੂ ਨੇ ਇਸਤ੍ਰੀ ਨੂੰ 'ਇਕ ਅਧੂਰੀ ਅਤੇ ਨਾ-ਮੁਕੰਮਲ ਚੀਜ਼' ਕਿਹਾ ਹੈ। ਸੁਕਰਾਤ ਅਨੁਸਾਰ: "ਇਸਤ੍ਰੀ ਸਭ ਬੁਰਾਈਆਂ ਦੀ ਜੜ੍ਹ ਹੈ।" ਜਰਮਨ ਦਾਰਸ਼ਨਿਕ ਵਾਇਨਗੇ ਕਿਹਾ ਕਰਦਾ ਸੀ ਕਿ "ਇਸਤ੍ਰੀ 'ਚ ਰੂਹ ਨਹੀਂ ਹੁੰਦੀ।" ਸੈਕਸ਼ਪੀਅਰ ਔਰਤ ਨੂੰ 'ਕਮਜ਼ੋਰ' ਅਤੇ ਨੈਪੋਲੀਅਨ 'ਧੋਖਾ' ਕਹਿ ਰਿਹਾ ਹੈ। ਮੰਨੂ ਫੈਸਲਾ ਦਿੰਦਾ ਹੈ ਕਿ ਇਸਤ੍ਰੀ "ਅਗਿਆਨਣ, ਝੂਠ ਦੀ ਮੂਰਤ ਅਤੇ ਵੇਦ-ਮੰਤ੍ਰਾਂ ਦੇ ਪਾਠ ਤੋਂ ਵਾਂਝੀ ਹੈ।" ਜੈਨ ਗ੍ਰੰਥਾਂ ਵਿਚ "ਨਾਰੀ ਨੂੰ ਬੰਧਨ, ਮਾਇਆ ਅਤੇ ਸੂਪਣੀ ਤਕ ਕਿਹਾ ਗਿਆ ਹੈ।" ਗੋਰਖ ਨਾਥ 'ਇਨ ਬਾਘਨ ਤ੍ਰੈ ਲੋਈ ਖੋਈ" ਆਖ ਰਿਹਾ ਹੈ ਜਦੋਂ ਕਿ ਕੁਝ ਹੋਰਾਂ ਨੇ ਇਸ ਨੂੰ "ਮੁਕਤੀ ਦੇ ਰਾਹ ਦਾ ਰੋੜਾ" "ਸਭ ਪਾਪਾਂ ਦਾ ਮੂਲ", "ਨਰਕ ਦਾ ਦੁਆਰਾ", "ਜ਼ਹਿਰ ਦੀ ਗੰਦਲ" ਅਤੇ "ਤਿੱਖੀ ਛੁਰੀ" ਆਦਿ ਦੀ ਸੰਗਿਆ ਦਿੱਤੀ ਹੈ। 'ਤੁਲਸੀ ਰਾਮਾਇਣ' ਗ੍ਰੰਥ ਦੇ ਰਚਣਹਾਰ ਗੋਸਾਈਂ ਤੁਲਸੀ ਦਾਸ ਨੇ ਤਾਂ ਆਪਣੇ ਇਕ ਸਲੋਕ, 'ਢੋਲ, ਗੰਵਾਰ, ਸ਼ੂਦਰ, ਪਸੁ, ਨਾਰੀ। ਯੇ ਪਾਂਚੋ ਤਾੜਨ ਕੇ ਅਧਿਕਾਰੀ, ਵਿਚ ਇਸਤ੍ਰੀ ਨੂੰ ਪਸ਼ੂਆਂ ਦਾ ਦਰਜਾ 'ਬਖਸ਼' ਦਿੱਤਾ ਹੈ। ਇਹ ਤਾਂ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਸਨ ਜਿਨ੍ਹਾਂ ਨੇ ਬੁਲੰਦ ਆਵਾਜ਼ ਵਿਚ : 'ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ' ਆਖ ਕੇ ਪਹਿਲੀ ਵੇਰ ਔਰਤ ਦੇ ਹੱਕਾਂ ਦੀ ਗੱਲ ਛੇੜੀ ਅਤੇ ਫਿਰ ਦਸਵੇਂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਆਪਣੇ ਮਹਿਲ ਮਾਤਾ ਸਾਹਿਬ ਕੌਰ ਜੀ ਨੂੰ 'ਖਾਲਸੇ ਦੀ ਮਾਤਾ' ਦਾ ਗੌਰਵ ਬਖਸ਼ ਕੇ ਔਰਤ ਜਾਮੇ ਦੀ ਨੁਹਾਰ ਹੀ ਬਦਲ ਦਿੱਤੀ।

ਅਲੌਕਿਕ ਕੁਦਰਤੀ ਦ੍ਰਿਸ਼ਾਂ ਨਾਲ ਸੁਜੜਿਤ ਦੁਰਗ ਭੂਮੀ ਰੋਹਤਾਸ ਵਿਖੇ ਮਾਤਾ ਸਾਹਿਬ ਕੌਰ ਜੀ, ਜਿਨ੍ਹਾਂ ਨੂੰ ਇਤਿਹਾਸਕ ਗ੍ਰੰਥਾਂ ਵਿਚ 'ਮਾਤਾ ਸਾਹਿਬ ਦੇਵਾਂ' ਅਤੇ 'ਮਾਤਾ ਸਾਹਿਬ ਦੇਵੀ' ਦੇ ਨਾਮਾਂ ਨਾਲ ਵੀ ਸੰਬੋਧਤ ਕੀਤਾ ਗਿਆ ਹੈ, ਦਾ ਜਨਮ ਭਾਈ ਰਾਮੂ ਬਸੀ ਖੱਤ੍ਰੀ ਦੇ ਘਰ ਮਾਤਾ ਜਸਦੇਵੀ ਦੀ ਕੁੱਖ ਤੋਂ ੧੮ ਕੱਤਕ ਸੰਮਤ ੧੭੩੮ ਬਿਕ੍ਰਮੀ ਨੂੰ ਹੋਇਆ ਕਿਉਂਕਿ ਸਾਹਿਬ ਦੇਵੀ ਦਾ ਜਨਮ ਗੁਰੂ-ਬਖਸ਼ਿਸ਼ ਸਦਕਾ ਹੋਇਆ ਸੀ, ਇਸ ਲਈ ਨਾਮ-ਸੰਸਕਾਰ ਸਮੇਂ ਹੀ ਮਾਤਾ ਪਿਤਾ ਨੇ ਇਹ ਸੰਕਲਪ ਕਰ ਲਿਆ ਕਿ ਗੁਣਵੰਤੀ ਪੁੱਤਰੀ ਨੂੰ ਸਮਾਂ ਆਉਣ 'ਤੇ ਗੁਰੂ-ਚਰਨਾਂ ਵਿਚ ਲਿਜਾ ਹਾਜ਼ਰ ਕਰਨਾ ਹੈ। ਸੋ ਗੁਰੂ-ਘਰ ਦੀ ਅਮਾਨਤ

ਜਾਣਦੇ ਹੋਏ ਸਾਹਿਬ ਦੇਵਾਂ ਦੀ ਪਰਵਰਿਸ਼ ਬੜੇ ਹੀ ਪਿਆਰ-ਸਤਿਕਾਰ ਨਾਲ ਹੋਈ। ਇਲਾਕੇ ਦੀਆਂ ਸਿੱਖ ਸੰਗਤਾਂ ਵੀ ਆਪ ਦਾ ਭਾਰੀ ਅਦਬ ਕਰਦੀਆਂ ਸਨ। ੧੭੫੭ ਬਿ: ਵਿਚ ਪੋਠੋਹਾਰ ਦੀ ਸੰਗਤ ਨਾਲ ਭਾਈ ਰਾਮੂ ਜੀ ਆਨੰਦਪੁਰ ਸਾਹਿਬ ਪੁੱਜੇ ਅਤੇ ਸਾਹਿਬ ਦੇਵੀ ਦਾ ਡੋਲਾ ਕਬੂਲਣ ਲਈ ਬਿਨੈ ਕੀਤੀ। ਦਸਮੇਸ਼ ਪਿਤਾ ਜੀ ਜਿਨ੍ਹਾਂ ਦੇ ਦੋ ਮਹਿਲ ਪਹਿਲਾਂ ਹੀ ਸਨ ਅਤੇ ਚਾਰ ਸਾਹਿਬਜ਼ਾਦੇ ਵੀ ਪ੍ਰਗਟ ਹੋ ਚੁੱਕੇ ਸਨ, ਨੇ ਬ੍ਰਹਮਚਾਰਯ ਧਾਰੇ ਜਾਣ ਕਾਰਨ ਹੋਰ ਸ਼ਾਦੀ ਤੋਂ ਮਜ਼ਬੂਰੀ ਦਰਸਾਈ ਤਾਂ ਭਾਈ ਰਾਮੂ ਜੀ ਨੇ ਵਿਲ੍ਹਕਦੇ ਹੋਏ ਕਿਹਾ-'ਦਾਤਾਰ ਪਾਤਸ਼ਾਹ ਜੀਓ! —ਪਰਾਈ ਅਮਾਣ ਕਿਉ ਰਖੀਐ, ਦਿਤੀ ਹੀ ਸੁਖੁ ਹੋਇ-ਆਪ ਜੀ ਦੀ ਅਮਾਨਤ ਆਪ ਜੀ ਦੇ ਚਰਨਾਂ ਵਿਚ ਪਹੁੰਚਾ ਦਿੱਤੀ ਹੈ। ਇਹ ਹੁਣ ਆਪ ਜੀ ਦੀ ਮਰਜ਼ੀ ਹੈ, ਚਾਹੇ ਮਹਿਲ ਵਿਚ ਰੱਖੋ, ਚਾਹੇ ਟਹਿਲ ਵਿਚ'—

'ਜਬਿ ਤੇ ਮੈਂ ਉਰ ਮੈਂ ਇਮ ਧਰੀ। ਕੰਨਜਾ ਗੁਰ ਕੋ ਅਰਪਨ ਕਰੀ।
ਤਬਿ ਕੀ ਮਾਤਾ ਸਮ ਸਭਿ ਕੇਰੀ। ਮਨ ਸੁ ਭਾਵਨਾ ਕੀਨਿ ਬਡੇਰੀ।।੨੩।।...
ਅਬਿ ਮਮ ਘਰ ਮੈਂ ਰਹੈ ਕੁਮਾਰੀ। ਕੋ ਕਰਿ ਸਕਹਿ ਨ ਅੰਗੀਕਾਰੀ।...
ਯਾਂ ਤੇ ਆਪ ਕ੍ਰਿਪਾ ਉਰ ਧਰੀਯਹਿ। ਅੰਗੀਕਾਰ ਸੁਤਾ ਮਮ ਕਰੀਅਹਿ।
ਤਜਜੋ ਗ੍ਰਿਹਸਤ ਤੌਂ ਭੀ ਰਹਿ ਪਾਸ। ਸੇਵ ਕਰਨ ਕੀ ਜਿਹ ਉਰ ਆਸ।।੨੭।।
ਭਾਉ ਰਿਦੇ ਕਾ ਪਰਖਹੁ ਸੁਾਮੀ! ਘਟਿ ਘਟਿ ਕੇ ਤੁਮ ਅੰਤਰਜਾਮੀ।
ਮਮ ਮਨ ਅਰੁ ਕੰਨਜਾ ਮਨ ਕੇਰ। ਦੇਖਹੁ ਪ੍ਰੇਮ ਪ੍ਰਵਾਹ ਬਡੇਰ।।੨੮।।
ਕਰੁਨਾ ਕਰਹੁ ਸੇਵ ਨਿਜ ਲਾਵਹੁ। ਸਭਿ ਸੰਗਤਿ ਕੌ ਚਿਤ ਹਰਖਾਵਹੁ।
ਤਿਸੀ ਦੇਸ਼ ਕੇ ਸਿੱਖ ਪਰਵਾਰੇ। ਪਹੁੰਚੇ ਇਹੀ ਕਾਮਨਾ ਧਾਰੇ।'

(ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤ ੫ ਅੰਸੂ ੧)

ਗੁਰਸਿੱਖ ਦੀ ਪ੍ਰੀਤੀ ਅਤੇ ਸੰਗਤਾਂ ਦੀ ਬੇਨਤੀ ਨੂੰ ਪ੍ਰਵਾਨਦੇ ਹੋਏ ਸਾਹਿਬਾਂ ਨੇ ਫੁਰਮਾਇਆ ਕਿ ਸਾਹਿਬ ਦੇਵਾਂ ਦਾ ਡੋਲਾ ਇਸ ਸ਼ਰਤ ਉੱਤੇ ਕਬੂਲ ਕਰਦੇ ਹਾਂ ਕਿ ਸਾਹਿਬ ਦੇਵਾਂ ਨਾਲ ਸਾਡਾ ਸੰਬੰਧ ਸਰੀਰਕ ਨਹੀਂ, ਬਲਕਿ ਆਤਮਕ ਹੋਵੇਗਾ:

'ਸ੍ਰੀ ਮੁਖ ਤੇ ਮੁਸਕਾਇ ਬਖਾਨਾ। ਪੁਰਹ ਕਾਮਨਾ ਸਕਲ ਸਥਾਨਾ।।੩੧।।
ਰਹੈ ਕੁਆਰੋ ਡੇਰਾ ਨਾਮੂ। ਕਰਹਿ ਸੇਵ ਬਾਸਹੁ ਹਮ ਧਾਮੂ।' (ਉਹੀ)

ਗੁਰੂ ਸਾਹਿਬ ਦਾ ਇਹ ਬਚਨ ਸੁਣ ਕੇ ਪਿਤਾ ਅਤੇ ਸੰਗਤ, ਸਭ ਦਾ ਚਿੱਤ ਅਤੀ ਪ੍ਰਸੰਨ ਹੋਇਆ। ਗਿਆਨੀ ਗਿਆਨ ਸਿੰਘ ਲਿਖਤ 'ਤਵਾਰੀਖ ਗੁਰੂ ਖਾਲਸਾ' (ਪੰਨਾ-੬੧੯) ਵਿਚ ਜ਼ਿਕਰ ਆਉਂਦਾ ਹੈ ਕਿ ਉਪਰੋਕਤ ਘਟਨਾ ਤੋਂ ਤੀਸਰੇ ਦਿਨ ਗੁਰੂ ਜੀ ਨੇ ਸਾਹਿਬ ਦੇਵਾਂ ਨਾਲ ਅਨੰਦ ਪੜ੍ਹਾ ਲੀਤਾ, ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾਂ ਕਰਦੇ ਹੋਇਆਂ ਰਾਗੀਆਂ ਨੇ ਲਾਵਾਂ ਪੜ੍ਹੀਆਂ, ਉਸੇ ਦਿਨ ਤੋਂ ਹੀ ਮਾਤਾ ਸਾਹਿਬ ਦੇਵਾਂ ਨੇ ਗੁਰੂ ਜੀ ਦੇ ਮਹਿਲ ਹੋਣ ਦਾ ਅਭਿਮਾਨ ਛੱਡ ਕੇ ਸਚਮੁੱਚ ਟਹਿਲਣਾਂ ਵਾਂਗੂੰ ਟਹਿਲ ਕਰਨੀ ਆਰੰਭ ਦਿੱਤੀ ਅਤੇ ਦਰਸ਼ਨ ਕੀਤੇ ਬਿਨਾਂ ਅੰਨ ਜਲ ਕਦੇ ਕੁਛ ਨਾ ਕੀਤਾ... ਗੁਰ ਜੀ ਵਿਚ ਅਤਿਅੰਤ ਪ੍ਰੇਮ ਉਪਜਾਇਆ।

ਗੁਰੂ ਪ੍ਰਤਾਪ ਸੂਰਜ ਗ੍ਰੰਥ ਵਿਚ ਕਥਾ ਆਉਂਦੀ ਹੈ ਕਿ ਇਕ ਦਿਨ ਮਾਤਾ ਸਾਹਿਬ ਕੌਰ

ਜੀ ਨੂੰ ਕੁਝ ਨਿਰਾਸ ਚਿੱਤ ਤੱਕ ਕੇ ਦਸਮੇਸ਼ ਪਿਤਾ ਜੀ ਨੇ ਆਪ ਦਾ ਕੋਮਲ ਹਿਰਦਾ ਟਟੋਲਣਾ ਚਾਹਿਆ ਤਾਂ ਮਾਤਾ ਜੀ ਨੇ ਸੱਜਲ ਨੇਤ੍ਰਾਂ ਵਿਚੋਂ ਵਹਿੰਦੀ ਗੰਗਾ ਜਮਨਾ ਨੂੰ ਠੱਲ੍ਹਦੇ ਹੋਏ ਜੋਦੜੀ ਕੀਤੀ ਕਿ ਮੇਰੀ ਨਪੁੱਤੀ ਦੀ ਗੋਦ ਹਰੀ-ਭਰੀ ਹੋ ਜਾਏ ਤਾਂ ਮੈਂ ਵੀ ਆਪਣੇ ਇਸਤ੍ਰੀ-ਜਾਮੇ ਨੂੰ ਸਫਲ ਸਮਝਾਂ—

ਪ੍ਰਭੁ ਜੀ! ਇਕ ਸੁਤ ਕੀ ਅਭਿਲਾਖੇ।
ਅਪਰ ਬਾਸ਼ਨਾ ਕੋਇ ਨ ਰਾਖੇ।।੩੯।।
ਕ੍ਰਿਪਾ ਆਪ ਕੀ ਤੇ ਮੈਂ ਪਾਊਂ।
ਇਸਤ੍ਰੀ ਜਨਮ ਅਪਨ ਸੁਫਲਾਊਂ।' (ਰੁਤ ੫ ਅਸੂ ੧)

ਮਿਹਰਵਾਨ ਸਤਿਗੁਰੂ ਜੀ ਨੇ ਨਦਰੀ ਨਦਰ ਨਿਹਾਲ ਹੁੰਦੇ ਹੋਏ ਫੁਰਮਾਇਆ ਕਿ ਆਪ ਇਕ ਪੁੱਤਰ ਦੀ ਯਾਚਨਾ ਕਰਦੇ ਹੋ, ਅਸੀਂ ਖਾਲਸਾ-ਪੰਥ ਹੀ ਆਪ ਦੀ ਝੋਲੀ ਵਿਚ ਪਾਂਦੇ ਹਾਂ ਅਤੇ ਇਨ੍ਹਾਂ ਨਾਦੀ ਪੁੱਤਰਾਂ ਦੀ ਗਿਣਤੀ ਆਪ ਕਰ ਹੀ ਨਾ ਸਕੋਗੇ:-

'ਸੁਨਿ ਕਰਿ ਸ੍ਰੀ ਮੁਖ ਤੇ ਫੁਰਮਾਯੋ।
ਭਲੇ ਮਨੋਰਥ ਰਿਦੇ ਉਠਾਯੋ।
ਕਹਾਂ ਮਨੋਰਥ ਇਕ ਸੁਤ ਕੇਰੇ।
ਪੁੱਤ੍ਰ ਖਾਲਸਾ ਹੋਯਸਿ ਤੇਰੇ।।੪੧।।
ਲਾਖਹੁੰ ਕੋ ਇਹੁ ਗਣਤ ਨ ਆਵੈ।
ਜੱਗ ਮੈਂ ਥਿਰ ਨਿਤ, ਜਨਮ ਸੁ ਪਾਵੈ।
ਸਕਲ ਸਿੰਘ ਅਪਨੇ ਸੁਤ ਜਾਨੋ।
ਸੁਜਸੁ ਪ੍ਰਤਾਪ ਬਧਾਇ ਮਹਾਨੋ।।੪੨।।
ਪੁੱਤ੍ਰ ਖਾਲਸਾ ਤੇਰੇ ਭਯੋ।
ਗੋਦ ਪਾਇ ਤੁਝ ਹਮ ਨੇ ਦਯੋ।
ਮਹਿਦ ਪ੍ਰਤਾਪ ਸਮੇਤ ਨਿਹਾਰਹੁ।
ਸਦਾ ਅਨੰਦ ਬਿਲੰਦੇ ਧਾਰਹੁ। (ਪੰਨਾ-੫੪੨੨)

ਅੱਜ ਵੀ ਅੰਮ੍ਰਿਤ ਸੰਚਾਰ ਉਪਰੰਤ ਖਾਲਸਾ-ਪੰਥ ਵਿਚ ਸ਼ਾਮਲ ਹੋਏ ਗੁਰਸਿੱਖਾਂ ਨੂੰ ਗੁਰ-ਮਰਯਾਦਾ ਦੱਸਦੇ ਹੋਏ ਇਹ ਦ੍ਰਿੜ੍ਹ ਕਰਾਇਆ ਜਾਂਦਾ ਹੈ ਕਿ ਅੱਜ ਤੋਂ ਆਪ ਸਭ ਅਨੰਦਪੁਰ ਸਾਹਿਬ ਦੇ ਵਾਸੀ ਹੋ, ਆਪ ਦੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਹਨ।

੧੭੦੫ ਈਸਵੀ ਵਿਚ ਜਦੋਂ ਸ੍ਰੀ ਦਸਮੇਸ਼ ਪਿਤਾ ਜੀ ਨੇ ਪਰਿਵਾਰ ਸਮੇਤ ਅਨੰਦਪੁਰੀ ਨੂੰ ਛੱਡਿਆ ਅਤੇ ਸਰਸਾ ਨਦੀ ਦੇ ਕੰਢੇ ਮਾਲਾ ਦੇ ਮਣਕੇ ਬਿਖਰੇ ਤਾਂ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਰੋਪੜ ਹੁੰਦੇ ਹੋਏ ਦਿੱਲੀ ਅੱਪੜੇ। ਆਪ ਦਾ ਨਿਵਾਸ ਅਜਮੇਰੀ ਗੇਟ ਪਾਸ ਕੂਚਾ ਦਿਲਵਾਲੀ ਵਿਚ ਰਿਹਾ ਅਤੇ ਦਿੱਲੀ ਦੀਆਂ ਸਿੱਖ ਸੰਗਤਾਂ ਨੇ ਬੜੀ ਭਾਵਨਾ ਨਾਲ ਮਾਤਾਵਾਂ ਦੀ ਸੇਵਾ-ਸੰਭਾਲ ਕੀਤੀ। ਚਮਕੌਰ ਅਤੇ ਸਰਹੰਦ ਵਿਖੇ ਸਾਹਿਬਜ਼ਾਦਿਆਂ ਦੀਆਂ

ਸ਼ਹੀਦੀਆਂ ਦੇ ਭਾਣੇ ਵਰਤੇ। ਗੁਰੂ ਜੀ ਮਾਛੀਵਾੜੇ ਦੇ ਜੰਗਲਾਂ ਦੀਆਂ ਖਵਾਰੀਆਂ ਸਹਿਣ ਅਤੇ ਖਿਦਰਾਣੇ ਦੀ ਢਾਬ (ਮੁਕਤਸਰ) ਦੇ ਕੰਢੇ ਮੁਗ਼ਲ ਫੌਜਾਂ ਨਾਲ ਆਖਰੀ ਯੁੱਧ ਲੜਨ ਉਪਰੰਤ ਸਾਬ੍ਹੋ ਕੀ ਤਲਵੰਡੀ ਦਮਦਮਾ ਸਾਹਿਬ ਪੁੱਜੇ ਤਾਂ ਮਾਤਾਵਾਂ ਨੂੰ ਵੀ ਸਾਹਿਬਾਂ ਦੇ ਕਿਆਮ ਦੀ ਖਬਰ ਅੱਪੜੀ। ਪੂਜਨੀਕ ਮਾਤਾਵਾਂ ਸਿਰ ਦੇ ਸਾਈਂ ਕਲਗੀਧਰ ਪਾਤਸ਼ਾਹ ਜੀ ਦੀਆਂ ਰਹਿਮਤਾਂ ਹਾਸਲ ਕਰਨ ਲਈ ਸਾਬ੍ਹੋ ਕੀ ਤਲਵੰਡੀ ਪੁੱਜੀਆਂ। ਜਦੋਂ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਦੀ ਚਰਚਾ ਛਿੜੀ ਤਾਂ ਚੋਜੀ ਪਾਤਸ਼ਾਹ ਜੀ ਨੇ ਖਾਲਸਾ-ਪੰਥ ਵੱਲ ਇਸ਼ਾਰਾ ਕਰਦੇ ਹੋਏ ਫੁਰਮਾਇਆ ਸੀ—

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ।

ਉਪਰੰਤ ਸਤਿਗੁਰਾਂ ਨੇ ਦੱਖਣ ਦੇਸ਼ ਦੀ ਯਾਤਰਾ ਆਰੰਭੀ ਤਾਂ ਮਾਤਾ ਸੁੰਦਰੀ ਜੀ ਨੂੰ ਤਾਂ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਰਵਾਨਾ ਕਰ ਦਿੱਤਾ ਜਦੋਂ ਕਿ ਮਾਤਾ ਸਾਹਿਬ ਕੌਰ ਜੀ ਗੁਰੂ ਜੀ ਦੇ ਨਾਲ ਹੀ ਸ੍ਰੀ ਅਬਚਲ ਨਗਰ ਸਾਹਿਬ, ਨਾਂਦੇੜ ਪੁੱਜੇ। ਗੁਰੂ ਸਾਹਿਬ ਦੇ ਗੁਰਦੁਆਰਾ ਹੀਰਾ ਘਾਟ ਸਾਹਿਬ ਇਤਿਆਦਿ ਸਥਾਨਾਂ 'ਤੇ ਬਿਰਾਜਣ ਸਮੇਂ ਮਾਤਾ ਜੀ ਦਾ ਡੇਰਾ ਗੋਦਾਵਰੀ ਦੇ ਕਿਨਾਰੇ ਇਕ ਅਤੀ ਰਮਣੀਕ ਅਸਥਾਨ ਵਿਖੇ ਰਿਹਾ ਜਿਥੇ ਇਸ ਸਮੇਂ ਗੁਰਦੁਆਰਾ ਮਾਤਾ ਸਾਹਿਬ ਦੇਵਾਂ ਸਥਿਤ ਹੈ। ਗੁਰੂ ਕਾ ਲੰਗਰ ਵੀ ਇਥੇ ਹੀ ਮਾਤਾ ਜੀ ਦੀ ਦੇਖ-ਰੇਖ ਵਿਚ ਤਿਆਰ ਹੁੰਦਾ ਸੀ। ਅੱਜ ਤੀਕ ਇਸ ਵਰੋਸਾਏ ਹੋਏ ਅਸਥਾਨ ਵਿਖੇ ਗੁਰੂ ਕਾ ਲੰਗਰ ਅੱਠੇ ਪਹਿਰ ਅਤੁੱਟ ਵਰਤਦਾ ਹੈ।

ਗੁਰੂ ਸਾਹਿਬ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ ਕੇ ਮਾਤਾ ਜੀ ਨੂੰ ਦਿੱਲੀ ਜਾਣ ਦਾ ਆਦੇਸ਼ ਕੀਤਾ ਤਾਂ ਆਪ ਨੇ ਅਰਜ਼ ਕੀਤੀ ਕਿ ਮੈਂ ਤਾਂ ਆਪ ਜੀ ਦੇ ਦਰਸ਼ਨਾਂ ਤੋਂ ਬਿਨਾਂ ਭੋਜਨ ਤੱਕ ਨਹੀਂ ਕਰਦੀ, ਸੋ ਆਪਣੇ ਚਰਨਾਂ ਵਿਖੇ ਹੀ ਰਹਿਣ ਦਿਉ। ਇਸ 'ਤੇ ਸਤਿਗੁਰਾਂ ਨੇ ਮਾਤਾ ਜੀ ਨੂੰ ਪੰਜ ਸ਼ਸਤਰ-ਸ੍ਰੀ ਸਾਹਿਬ, ਕਟਾਰ, ਜਮਦਾੜ, ਕ੍ਰਿਪਾਨ ਤੇ ਤੀਰ ਦਿੱਤੇ। ਮਾਤਾ ਸਾਹਿਬ ਕੌਰ ਜੀ ਦਾ ਮਨ ਪ੍ਰੀਤਮ ਜੀ ਤੋਂ ਵਿਛੜਨ ਨੂੰ ਬਿਲਕੁਲ ਨਹੀਂ ਸੀ ਕਰਦਾ, ਪਰੰਤੂ ਆਦੇਸ਼ਾਂ ਦੀ ਪਾਲਣਾ ਵੀ ਲਾਜ਼ਮੀ ਸੀ। ਸੋ ਸਤਿਗੁਰਾਂ ਨੂੰ ਅੰਤਮ ਪ੍ਰਣਾਮ ਕਰ, ਸੌਂਪੇ ਹੋਏ ਸ਼ਸਤਰਾਂ ਨੂੰ ਸੰਗ ਲੈ, ਪਾਲਕੀ ਵਿਚ ਬੈਠ ਦਿੱਲੀ ਲਈ ਰਵਾਨਾ ਹੋ ਗਏ। ਇਸ ਵੇਰ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ ਦਾ ਨਿਵਾਸ ਤੁਰਕਮਾਨ ਦਰਵਾਜ਼ੇ ਕੋਲ ਇਕ ਹਵੇਲੀ ਵਿਚ ਰਿਹਾ। ਮਾਤਾ ਸਾਹਿਬ ਕੌਰ ਜੀ ਨੇ ਦਸਮੇਸ਼ ਗੁਰਾਂ ਵੱਲੋਂ ਬਖਸ਼ੇ ਹੋਏ ਸ਼ਸਤਰਾਂ ਨੂੰ ਬੜੇ ਅਦਬ ਸਹਿਤ ਰੱਖਿਆ।

ਸ੍ਰੀ ਦਸਮੇਸ਼ ਪਾਤਸ਼ਾਹ ਜੀ ਦੇ ਸੱਚ-ਖੰਡ ਗਮਨ ਕਰ ਜਾਣ ਤੋਂ ਮਾਤਾ ਜੀ ਸਵਾਸ-ਸਵਾਸ ਸਿਮਰਨ ਵਿਚ ਬਿਤਾਣ ਲੱਗੇ, ਅਲਪ-ਅਹਾਰੀ ਹੋ ਗਏ, ਘੱਟ-ਵੱਧ ਹੀ ਸੌਂਦੇ ਅਤੇ ਸਦੈਵ ਖਾਲਸੇ ਦੀ ਚੜ੍ਹਦੀ ਕਲਾ ਲਈ ਅਰਜ਼ੋਈਆਂ ਕਰਦੇ ਰਹਿੰਦੇ।

ਇਸੇ ਦੌਰਾਨ ਅਨੇਕਾਂ ਇਤਿਹਾਸਕ ਘਟਨਾਵਾਂ ਘਟੀਆਂ। ਸਤਿਗੁਰਾਂ ਦਾ ਥਾਪੜਾ ਲੈ ਕੇ ਬੰਦਾ ਬਹਾਦਰ ਪੰਜਾਬ ਪੁੱਜਾ, ਦੁਸ਼ਟਾਂ-ਦੋਖੀਆਂ ਨੂੰ ਸੋਧਿਆ, ਗੁਰੂ-ਮਾਰੀ ਸਰਹੰਦ ਦੀ ਇੱਟ ਨਾਲ ਇੱਟ ਵਜਾਈ, ਖਾਲਸਾ ਰਾਜ ਕਾਇਮ ਕੀਤਾ, ਗੁਰਦਾਸ ਨੰਗਲ ਦੀ ਗੜ੍ਹੀ ਵਿਚ ਘੇਰੇ

ਜਾਣ ਉਪਰੰਤ ਦਿੱਲੀ ਲਿਜਾਏ ਗਏ ਤੇ ਸੈਂਕੜੇ ਸਿੰਘਾਂ ਸਹਿਤ ਅਸਹਿ ਤਸੀਹੇ ਸਹਿੰਦੇ ਹੋਏ ਸ਼ਹੀਦੀ ਪਾਈ। ਤੱਤ ਖਾਲਸੇ ਅਤੇ ਬੰਦਈ ਸਿੱਖਾਂ ਵਿਚ ਕਸ਼ਮਕਸ਼ ਸ਼ੁਰੂ ਹੋਈ। ਸੱਚ-ਮੁੱਚ ਖਾਲਸੇ ਲਈ ਇਹ ਭਾਰੀ ਸੰਕਟ ਦਾ ਸਮਾਂ ਸੀ ਜਦੋਂ ਮਾਤਾਵਾਂ ਨੇ ਦਿੱਲੀ ਰਹਿ ਕੇ ਪੰਥ ਦੀ ਸੁਚੱਜੀ ਰਹਿਨੁਮਾਈ ਕੀਤੀ। ਗੁਰੂ ਸਾਹਿਬਾਂ ਦੀ ਬਾਣੀ ਅਤੇ ਸਾਹਿਤ ਦੀ ਸੰਭਾਲ ਦਾ ਕਾਰਜ ਵੀ ਬੜੀ ਕੁਸ਼ਲਤਾ ਨਾਲ ਨਿਭਾਇਆ।

'ਬੰਸਾਵਲੀ-ਨਾਮਾ ਦਸਾਂ ਪਾਤਸ਼ਾਹੀਆਂ ਕਾ', ਕ੍ਰਿਤ ਭਾਈ ਕੇਸਰ ਸਿੰਘ ਛਿੱਬਰ ਅਨੁਸਾਰ ਮਾਤਾ ਸੁੰਦਰੀ ਜੀ ਦੇ ਅਕਾਲ-ਚਲਾਣਾ ਕਰ ਜਾਣ ਉਪਰੰਤ ਮਾਤਾ ਸਾਹਿਬ ਕੌਰ ਜੀ ਦੀਆਂ ਜ਼ਿੰਮੇਵਾਰੀਆਂ ਹੋਰ ਵੀ ਵਧ ਗਈਆਂ, ਜੋ ਆਪ ਨੇ ਗੁਰੂ-ਬਖਸ਼ਿਸ਼ ਸਦਕਾ ਬੜੀ ਸੂਝ-ਬੂਝ ਨਾਲ ਨਿਭਾਈਆਂ। ਬੰਦਈਆਂ ਦਾ ਮਹੱਤਵ ਘਟਣ ਦੇ ਨਾਲ ਨਾਲ ਤੱਤ ਖਾਲਸੇ ਦੀ ਚੜ੍ਹਦੀ ਕਲਾ ਹੋਣ ਲੱਗੀ।

ਅੰਮ੍ਰਿਤਸਰ ਦੇ ਪ੍ਰਬੰਧ ਸੁਧਾਰ ਹਿਤ ਵੀ ਮਾਤਾ ਜੀ ਨੇ ਉਚੇਚੇ ਯਤਨ ਕੀਤੇ ਜਿਸ ਦੇ ਫਲਸਰੂਪ ਅੰਮ੍ਰਿਤਸਰ ਆਉਣ ਵਾਲੀਆਂ ਸੰਗਤਾਂ ਦੀ ਸੰਖਿਆ ਵਿਚ ਭਾਰੀ ਵਾਧਾ ਹੋਣ ਲੱਗਾ। ਮਾਤਾ ਜੀ ਨੇ ਗੁਰਸਿੱਖਾਂ ਨੂੰ ਦਸਵੰਧ ਆਦਿ ਦੀ ਪਰੇਰਨਾ ਦੇਣ ਲਈ ਕਈ ਹੁਕਮਨਾਮੇ ਵੀ ਜਾਰੀ ਕੀਤੇ ਜਿਨ੍ਹਾਂ ਵਿਚੋਂ ੯ ਹੁਕਮਨਾਮੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਤ ਅਤੇ ਡਾ: ਗੰਡਾ ਸਿੰਘ ਜੀ ਵੱਲੋਂ ਸੰਪਾਦਿਤ ਪੁਸਤਕ 'ਹੁਕਮਨਾਮੇ' ਵਿਚ ਸੰਕਲਿਤ ਮਿਲਦੇ ਹਨ ਜਿਨ੍ਹਾਂ ਦਾ ਸਮਾਂ-ਕਾਲ ੧੭੮੩ ਤੋਂ ੧੭੯੧ ਬਿਕ੍ਰਮੀ ਤਕ ਦਾ ਹੈ।

ਗਿਆਨੀ ਠਾਕਰ ਸਿੰਘ ਲਿਖਤ ਪੁਸਤਕ 'ਸ੍ਰੀ ਗੁਰਦੁਆਰੇ ਦਰਸ਼ਨ' (ਅਪ੍ਰੈਲ, ੧੯੩੪) ਮੂਜਬ ਮਾਤਾ ਸਾਹਿਬ ਕੌਰ ਜੀ ਨੇ ਸੰਮਤ ੧੮੦੪ ਬਿਕ੍ਰਮੀ ਮਹੀਨਾ ਅੱਸੂ ਦਿਨ ੨੭ (ਮੁਤਾਬਕ ੧੭੪੭ ਈਸਵੀ) ਨੂੰ ਦਿੱਲੀ ਹਵੇਲੀ ਵਿਖੇ ਸਰੀਰਕ ਚੋਲਾ ਛੱਡਿਆ।

ਭਾਈ ਨੰਦ ਲਾਲ ਜੀ

ਗੁਰਮਤਿ ਦੇ ਇਤਿਹਾਸ ਵਿਚ ਭਾਈ ਨੰਦ ਲਾਲ ਜੀ ਗੋਯਾ ਉਸ ਲੜੀ ਦੇ ਇਕ ਦੁਰਲੱਭ ਮੋਤੀ ਹਨ ਜੋ ਭਾਈ ਗੁਰਦਾਸ ਜੀ ਨਾਲ ਸ਼ੁਰੂ ਹੋਈ ਅਤੇ ਜਿਸ ਵਿਚ ਭਾਈ ਮਨੀ ਸਿੰਘ ਵਰਗੇ ਪ੍ਰਸਿੱਧ ਵਿਦਵਾਨ ਸੁਸ਼ੋਭਿਤ ਹੋਏ। ਉਂਜ ਤੇ 'ਦਬਿਸਤਾਨ-ਇ-ਮਜ਼ਾਹਿਬ' ਦੇ ਕਰਤਾ ਮੁਹਸਿਨ ਫਾਨੀ ਅਤੇ 'ਖ਼ੁਲਾਸਤ-ਉਤ-ਤਵਾਰੀਖ' ਦੇ ਲੇਖਕ ਮੁਨਸ਼ੀ ਸੁਜਾਨ ਰਾਏ ਨੂੰ ਉਕਤ ਵਿਦਵਾਨਾਂ ਦੀ ਸਫ ਵਿਚ ਖੜਾ ਕੀਤਾ ਜਾ ਸਕਦਾ ਹੈ। ਨੰਦ ਲਾਲ ਗੋਯਾ, ਮੁਹਸਿਨ ਫਾਨੀ ਅਤੇ ਮੁਨਸ਼ੀ ਸੁਜਾਨ ਰਾਏ ਇਸਲਾਮੀ ਵਿਦਿਅਕ ਅਤੇ ਧਾਰਮਕ ਪ੍ਰੰਪਰਾਵਾਂ ਵਿਚ ਪਲੇ, ਪੜ੍ਹੇ ਤੇ ਇਨ੍ਹਾਂ ਵਿਚ ਇਹ ਪਰਵਾਨ ਚੜ੍ਹੇ। ਇਸਲਾਮੀ ਤਸੱਵਫ਼ ਦਾ ਰੰਗ ਇਨ੍ਹਾਂ ਉਤੇ ਸਪੱਸ਼ਟ ਚੜ੍ਹਿਆ ਦਿਸਦਾ ਹੈ। ਇਸਲਾਮੀ ਤਸੱਵਫ਼ ਦਾ ਧੁਰਾ ਮੌਲਾਨਾ ਰੂਮੀ ਦੀ ਮਸਨਵੀ ਮੌਲਾਨ ਰੂਮ ਹੀ ਸਮਝੀ ਜਾਂਦੀ ਹੈ। ਇਹ ਤਿੰਨੇ ਵਿਦਵਾਨ ਇਸ ਮਸਨਵੀ ਤੋਂ ਜਾਣੂੰ ਦਿਸਦੇ ਹਨ। ਉਸ ਸਮੇਂ ਦੀ ਇਸਲਾਮੀ ਵਿਦਿਅਕ ਪ੍ਰਣਾਲੀ ਵਿਚ 'ਕੁਰਾਨ ਮਜੀਦ' ਦਾ ਅਧਿਐਨ ਵੀ ਇਸ ਪ੍ਰਣਾਲੀ ਦਾ ਇਕ ਮਹੱਤਵਪੂਰਨ ਹਿੱਸਾ ਸੀ। ਨੰਦ ਲਾਲ ਗੋਯਾ ਤਾਂ ਸਿਰਫ਼ 'ਕੁਰਾਨ ਸ਼ਰੀਫ' ਦਾ ਕੇਵਲ ਪੜ੍ਹਨਾ ਹੀ ਨਹੀਂ ਜਾਣਦੇ ਸਨ, ਉਹ 'ਕੁਰਾਨ ਸ਼ਰੀਫ' ਦੀ ਸਹੀ ਤਦਸੀਰ (ਸ਼ਰ੍ਹਾ) ਕਰਨ ਵਿਚ ਵੀ ਸਮੇਂ ਦੇ ਵੱਡੇ-ਵੱਡੇ ਮੌਲਵੀਆਂ ਨੂੰ ਚਕ੍ਰਿਤ ਕਰ ਦੇਣ ਵਾਲੇ ਵਿਦਵਾਨ ਸਨ। ਔਰੰਗਜ਼ੇਬ ਦੇ ਦਰਬਾਰ ਵਿਚੋਂ ਨੰਦ ਲਾਲ ਦੇ ਭੱਜਣ ਦਾ ਕਾਰਨ ਵੀ ਇਹੀ ਸੀ ਕਿ ਔਰੰਗਜ਼ੇਬ ਅਜੇਹੇ ਵਿਦਵਾਨ ਨੂੰ ਮੁਸਲਮਾਨ ਵਿਦਵਾਨਾਂ ਦੀ ਕਤਾਰ ਵਿਚ ਖੜਾ ਹੁੰਦਾ ਵੇਖਣਾ ਚਾਹੁੰਦਾ ਸੀ ਜੋ ਗੱਲ ਨੰਦ ਲਾਲ ਨੂੰ ਮਨਜ਼ੂਰ ਨਹੀਂ ਸੀ।

ਕਵਿਤਾ ਰਾਹੀਂ ਸਿੱਖ ਧਰਮ ਦਾ ਸਹੀ ਰੂਪ ਪੇਸ਼ ਕਰਨ ਕਰਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਗੋਯਾ' ਦੇ *'ਬੰਦਗੀ ਨਾਮਾ'* ਨੂੰ *'ਜ਼ਿੰਦਗੀ ਨਾਮਾ'* ਦਾ ਨਾਂ ਦਿੱਤਾ।

ਨੰਦ ਲਾਲ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਾਵਨ ਦਰਬਾਰੀ ਕਵੀਆਂ ਵਿਚ ਅਰਬੀ ਫਾਰਸੀ ਦੇ ਨਿਹਾਇਤ ਸਨਮਾਨਿਤ ਕਵੀ ਸਨ। ਇਨ੍ਹਾਂ ਦਾ ਜਨਮ ੧੬੩੩ ਈ: ਨੂੰ ਗਜਨੀ ਵਿਚ ਸ੍ਰੀ ਛੱਜੂ ਰਾਮ ਖੱਤਰੀ ਦੇ ਘਰ ਹੋਇਆ। ਛੱਜੂ ਰਾਮ ਆਪ ਵੀ ਅਰਬੀ ਫਾਰਸੀ ਦੇ ਵੱਡੇ ਵਿਦਵਾਨ ਸਨ ਅਤੇ ਉਨ੍ਹਾਂ ਨੰਦ ਲਾਲ ਨੂੰ ਫਾਰਸੀ ਅਰਬੀ ਦੀ ਉੱਚੀ ਵਿਦਿਆ ਦਿਵਾਈ।

ਨੰਦ ਲਾਲ ਦਾ ਵਿਆਹ ਇਕ ਸ਼ਰਧਾਲੂ ਸਿੱਖ ਘਰਾਣੇ ਦੀ ਲੜਕੀ ਨਾਲ ਹੋਇਆ। ਘਰ ਵਿਚ ਗੁਰਬਾਣੀ ਦੇ ਪਾਠ ਨੇ ਨੰਦ ਲਾਲ ਨੂੰ ਸਿੱਖ ਧਰਮ ਵੱਲ ਇਸ ਤਰ੍ਹਾਂ ਪ੍ਰੇਰਿਤ ਕੀਤਾ ਕਿ ਆਪ ਹਮੇਸ਼ਾਂ ਲਈ ਸਿੱਖ ਧਰਮ ਦੇ ਸ਼ਰਧਾਲੂ ਹੀ ਨਹੀਂ, ਸਗੋਂ ਆਪ ਨੇ ਪੂਰਨ ਤੌਰ 'ਤੇ 'ਗੁਰਮਤਿ' ਗ੍ਰਹਿਣ ਕਰ ਲਈ।

ਕੁਝ ਚਿਰ ਅਨੰਦਪੁਰ ਸਾਹਿਬ ਵਿਚ ਰਹਿਣ ਉਪੰਰਤ ਆਪ ਔਰੰਗਜ਼ੇਬ ਦੇ ਦਰਬਾਰ ਵਿਚ ਪੁੱਜੇ ਪਰ ਨਿਰਾਸ਼ ਹੋ ਕੇ ਵਾਪਸ ਹਮੇਸ਼ਾਂ ਲਈ ਅਨੰਦਪੁਰ ਪਰਤ ਆਏ। ਕੁਝ ਚਿਰ ਅਨੰਦਪੁਰ ਸਾਹਿਬ ਰਹਿਣ ਉਪਰੰਤ ਆਪ ਗੁਰੂ ਸਾਹਿਬ ਦੇ ਆਦੇਸ਼ 'ਤੇ ਆਪਣੇ ਘਰ ਮੁਲਤਾਨ ਚਲੇ ਗਏ। ੧੭੧੩ ਈ: ਵਿਚ ਆਪ ਨੇ ਇਸ ਅਸਾਰ ਸੰਸਾਰ ਨੂੰ ਤਿਆਗ ਦਿੱਤਾ।

ਭਾਈ ਨੰਦ ਲਾਲ ਗੋਯਾ ਦੀਆਂ ਕੁੱਲ ਨੌਂ ਰਚਨਾਵਾਂ ਉਪਲਬੱਧ ਹਨ। ਇਕ ਹਿੰਦੀ ਵਿਚ ਹੈ ਅਤੇ ਬਾਕੀ ਦੀਆਂ ਅੱਠ ਫਾਰਸੀ ਵਿਚ ਹਨ। ਜਿਵੇਂ ਕਿ:

ਦੀਵਾਨਿ ਗੋਇਆ (ਫਾਰਸੀ ਕਵਿਤਾ), ਜ਼ਿੰਦਗੀ ਨਾਮਾ, ਜੋਤ ਬਿਕਾਸ (ਫਾਰਸੀ) ਅਤੇ ਜੋਤ ਬਿਕਾਸ (ਹਿੰਦੀ), ਗੰਜੇ ਨਾਮਾ, ਤੌਸੀਫ-ਓ-ਸਿਨਾ, ਅਰਜ਼ੁਲ ਅਲਫ਼ਾਜ਼, ਦਸਤੂਰ-ਅਲ-ਇਨਸ਼ਾੱ, ਖ਼ਾਤਿਮਾ ਅਤੇ ਰਹਤਨਾਮਾ ਤੇ ਤਨਖ਼ਾਹ ਨਾਮਾ।

ਜਿਸ ਤਰ੍ਹਾਂ ਗੁਰਮਤਿ ਦੀ ਸੋਝੀ ਲਈ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨਾ ਜ਼ਰੂਰੀ ਹੈ। ਉਸੀ ਤਰ੍ਹਾਂ ਭਾਈ ਗੁਰਦਾਸ ਦੀਆਂ ਵਾਰਾਂ ਅਤੇ ਭਾਈ ਨੰਦ ਲਾਲ ਗੋਯਾ ਦੀ ਕਵਿਤਾ ਦਾ ਅਧਿਐਨ ਕਰਨਾ ਵੀ ਅਵੱਸ਼ਕ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸੰਗਤ ਵਿਚ ਰਹਿ ਕੇ ਗੁਰਮਤਿ ਦਾ ਜੋ ਰਸ ਭਾਈ ਨੰਦ ਲਾਲ ਨੇ ਮਾਣਿਆ, ਉਸ ਦਾ ਪ੍ਰਭਾਵ ਨੰਦ ਲਾਲ ਦੀ ਕਵਿਤਾ 'ਤੇ ਪ੍ਰਤੱਖ ਦਿੱਸ ਰਿਹਾ ਹੈ। ਆਪਣੇ ਪਾਠਕਾਂ ਤਕ ਗੁਰਮਤਿ ਦਾ ਸੰਦੇਸ਼ਾ ਪਹੁੰਚਾਣ ਲਈ ਭਾਈ ਨੰਦ ਲਾਲ ਨੇ ਆਪਣੇ ਜੋ ਵਿਚਾਰ ਵਾਹਿਗੁਰੂ, ਗੁਰੂ ਅਤੇ ਸ਼ਬਦ ਸਬੰਧੀ ਦਰਸਾਏ ਹਨ, ਉਹ ਗੁਰਮਤਿ ਦੇ ਉਨ੍ਹਾਂ ਮੁੱਢਲੇ ਸਿਧਾਂਤਾਂ ਨਾਲ ਬਿਲਕੁਲ ਉਸ ਤਰ੍ਹਾਂ ਮੇਲ ਖਾਂਦੇ ਹਨ ਜਿਵੇਂ ਕਿ ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਬਿਆਨ ਕੀਤੇ ਹਨ। ਵਾਹਿਗੁਰੂ ਵਿਚ ਅਟੱਲ ਵਿਸ਼ਵਾਸ ਸਿੱਖ ਧਰਮ ਦਾ ਅਹਿਮ ਸਿਧਾਂਤ ਹੈ। ਨੰਦ ਲਾਲ ਵੀ ਵਾਹਿਗੁਰੂ ਦੇ ਸਿਮਰਨ ਨੂੰ ਮਨੁੱਖੀ ਜ਼ਿੰਦਗੀ ਦਾ ਤੱਤ ਸਮਝਦਾ ਹੈ। ਉਸ ਅਨੁਸਾਰ 'ਸ਼ੌਕ ਮੌਲਾ ਜ਼ਿੰਦਗੀ-ਓ-ਜ਼ਾਨ-ਇ ਮਾਸਤ।' ਭਾਵ ਵਾਹਿਗੁਰੂ ਦਾ ਸਿਮਰਨ ਸਾਡੇ ਈਮਾਨ ਦੀ ਵੱਡੀ ਪੂੰਜੀ ਹੈ। ਪਾਕਬਾਜ਼ ਮੋਮਨ ਖ਼ੁਦਾ ਦੀ ਯਾਦ ਵਿਚ ਨਮਾਜ਼ ਪੜ੍ਹਨ ਲਈ ਜੁੰਮੇ ਵਾਲੇ ਦਿਨ ਮਸਜਿਦ ਵਿਚ ਇਕੱਠੇ ਹੁੰਦੇ ਹਨ। ਸਿੱਖ ਧਰਮ ਨੂੰ ਉਹ ਸਾਧ ਸੰਗਤ ਭਾਵ ਭਲੇ ਲੋਕਾਂ ਦਾ ਧਰਮ ਸਮਝਦਾ ਹੈ। ਵਾਹਿਗੁਰੂ ਦਾ ਸਮੂਹਕ ਤੌਰ 'ਤੇ ਜਾਪ ਕਰਨ ਲਈ ਗੁਰਸਿੱਖ ਦਿਨ ਵਿਚ ਦੋ ਵਾਰੀ ਇਕੱਤਰ ਹੁੰਦੇ ਹਨ। ਇਸਲਾਮ ਵਿਚ ਜੁੰਮੇ ਦੀ ਨਜ਼ਾਮ ਪਰ ਸਿੱਖ ਧਰਮ ਵਿਚ ਵੀ ਵਾਹਿਗੁਰੂ ਦੇ ਸਮੂਹਕ ਤੌਰ 'ਤੇ ਜਾਪ ਲਈ ਉਕਤ ਇਕੱਠ ਨਿਹਾਇਤ ਅਹਿਮੀਅਤ ਰੱਖਦੇ ਹਨ। ਰੱਬੀ-ਇਸ਼ਕ ਵਿਚ ਰੰਗੇ ਇਹ ਇਕੱਠ ਜਦ ਪ੍ਰਾਰਥਨਾ ਲਈ ਮਿਲ ਬੈਠਦੇ ਹਨ ਤਾਂ ਇਉਂ ਜਾਪਦਾ ਹੈ ਕਿ ਉਤਮ ਜੀਵਨ ਦਾ ਇਕ ਸੁਖਾਵਾਂ ਰੂਪ ਦ੍ਰਿਸ਼ਟਮਾਨ ਹੋ ਗਿਆ ਹੈ। ਇਨ੍ਹਾਂ ਇਕਤ੍ਰਤਾਵਾਂ ਦਾ ਆਧਾਰ ਰੱਬ ਦੀ ਬੰਦਗੀ ਹੈ ਅਤੇ ਇਹ ਕਿਸੇ ਕਾਅਬਾ ਜਾਂ ਬੁੱਤਖਾਨੇ ਵਿਚ ਸੀਮਿਤ ਹੋ ਕੇ ਨਹੀਂ ਰਹਿ ਗਿਆ। ਇਹ ਹਰ ਥਾਂ 'ਤੇ ਹਾਜ਼ਰ-ਨਾਜ਼ਰ ਹੈ। ਇਹ ਦੋਵੇਂ ਜਹਾਨ ਉਸ ਰੱਬੀ-ਨੂਰ ਦੀ ਮਹਿਜ਼ ਇਕ ਝਲਕ ਹਨ। ਚੰਨ ਤੇ ਸੂਰਜ ਉਸ ਰੱਬੀ-ਨੂਰ ਤੋਂ ਹੀ ਰੌਸ਼ਨ ਹੋਏ ਹਨ। ਇਸ ਰੱਬ ਨੂੰ ਭੁੱਲਣਵਾਲਾ ਮਨੁੱਖ ਸੈਂਕੜੇ ਰੋਗਾਂ ਦਾ ਸ਼ਿਕਾਰ ਹੋ ਜਾਂਦਾ ਹੈ। ਨੰਦ ਲਾਲ ਨੇ ਵਾਹਿਗੁਰੂ ਦੇ ਸਿਮਰਨ ਨੂੰ ਹੀ ਮਨੁੱਖੀ-ਜੀਵਨ ਦਾ ਆਧਾਰ ਕਿਹਾ ਹੈ। ਵਾਹਿਗੁਰੂ ਦਾ ਸਿਮਰਨ ਤੇ ਵਾਹਿਗੁਰੂ ਵਿਚ ਅਟੱਲ ਵਿਸ਼ਵਾਸ ਗੁਰਮਤਿ ਦਾ ਖਾਸਾ ਹੈ। ਭਾਈ ਨੰਦ ਲਾਲ ਨੇ '*ਬੰਦਗੀ ਨਾਮਾ*' ਰੱਬ

ਦੀ ਯਾਦ ਵਿਚ ਹੀ ਲਿਖਿਆ।

ਭਾਈ ਨੰਦ ਲਾਲ ਅਨੁਸਾਰ ਵਾਹਿਗੁਰੂ ਹਰ ਇਕ ਦੇ ਦਿਲ ਵਿਚ ਮੌਜੂਦ ਹੈ। ਇਹ ਰੰਗ ਰੂਪ ਤੋਂ ਪਰ੍ਹਾਂ ਹੈ। ਇਹ ਵਰਨਣਾਂ ਵਿਚ ਨਹੀਂ ਆਉਂਦਾ। ਇਹ ਦਿਲਾਂ ਦੇ ਭੇਦ ਖੂਬ ਜਾਣਦਾ ਹੈ। ਨੰਦ ਲਾਲ ਇਹ ਰੂਹਾਨੀ ਤੱਤ ਮਨੁੱਖੀ-ਭਾਈਚਾਰੇ ਨੂੰ ਇਕ ਲੜੀ ਵਿਚ ਪਰੋਣ ਲਈ ਅਤਿਅੰਤ ਜ਼ਰੂਰੀ ਸਮਝਦੇ ਹਨ। ਜਦ ਸਾਰੇ ਮਨੁੱਖਾਂ ਦੇ ਦਿਲਾਂ ਵਿਚ ਵਾਹਿਗੁਰੂ ਮੌਜੂਦ ਹੈ ਤਾਂ ਕਿਸੇ ਨਾਲ ਵੈਰ-ਵਿਰੋਧ ਕਰਨ ਦਾ ਕੋਈ ਮੰਤਵ ਹੀ ਨਹੀਂ ਰਹਿ ਜਾਂਦਾ। ਸੱਭੇ ਸਾਂਝੀਵਾਲ ਸਦਾਈਦੇ ਹਨ।

ਭਾਈ ਨੰਦ ਲਾਲ ਸਾਧ ਸੰਗਤ ਦੇ ਇਸ ਧਰਮ ਨੂੰ ਗਰੀਬਾਂ ਮਸਕੀਨਾਂ ਤੇ ਨਿਮਾਣਿਆਂ ਦੀ ਟੇਕ ਸਮਝਦੇ ਹਨ। ਰੱਬੀ-ਇਸ਼ਕ ਵਿਚ ਰੱਤੇ ਲੋਕਾਂ ਦੀ ਸੰਗਤ ਬੈਠ ਕੇ ਮਿੱਠੇ ਵਿਚ ਵੀ 'ਅਕਸੀਰ' ਵਾਲੀ ਖਾਸੀਅਤ ਆ ਜਾਂਦੀ ਹੈ। ਇਸ ਸੰਗਤ ਵਿਚ ਦੀ ਮਿਹਰ ਸਦਕਾ ਮਨੁੱਖੀ-ਦਿਲਾਂ ਵਿਚ ਅਲੌਕਿਕ ਪਰਿਵਰਤਨ ਆ ਜਾਂਦੇ ਹਨ। ਮਨੁੱਖ ਦਾ ਸੁਭਾ ਬਦਲ ਜਾਂਦਾ ਹੈ, ਉਸ ਨੂੰ ਕੱਲ੍ਹ ਦਾ ਫਿਕਰ ਦੁਖੀ ਨਹੀਂ ਕਰਦਾ। ਉਹ ਵਰਤਮਾਨ ਵਿਚ ਰਹਿੰਦਾ ਹੈ ਅਤੇ ਇਸੇ ਜੀਵਨ ਨੂੰ ਸਫਲਾ ਬਨਾਉਣ ਦਾ ਯਤਨ ਕਰਦਾ ਹੈ। ਸੌ ਸਾਲ ਦੀ ਤਪੱਸਿਆ ਕਰਕੇ ਵੀ ਜੋ ਕੁਝ ਪ੍ਰਾਪਤ ਨਹੀਂ ਹੋ ਸਕਦਾ, ਸਾਧ ਸੰਗਤ ਵਿਚ ਬੈਠ ਕੇ ਪ੍ਰਭੂ-ਕਿਰਪਾ ਸਦਕਾ ਮਨੁੱਖ ਪਲਾਂ ਵਿਚ ਪ੍ਰਾਪਤ ਕਰ ਲੈਂਦਾ ਹੈ। ਜੋ ਪ੍ਰਾਣੀ ਇਕ ਪਲ ਲਈ ਵੀ ਰੱਬ ਨੂੰ ਨਹੀਂ ਵਿਸਰਦਾ, ਉਸ ਨੂੰ ਸਦੀਵੀ ਦੌਲਤ ਮਿਲ ਜਾਂਦੀ ਹੈ।

ਸਾਧ ਸੰਗਤ ਦੇ ਨਾਲ ਨਾਲ ਭਾਈ ਨੰਦ ਲਾਲ 'ਮੁਰਸ਼ਿਦੇ ਕਾਮਿਲ' ਭਾਲਣ ਦੀ ਆਵਸ਼ਕਤਾ ਨੂੰ ਮਹੱਤਤਾ ਦੇਂਦੇ ਹਨ। ਮੁਰਸ਼ਿਦ ਭਾਵ ਗੁਰੂ ਬਿਨਾਂ ਕਿਸੇ ਨੂੰ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਅਜਿਹਾ ਮੁਰਸ਼ਿਦ ਕੌਣ ਹੋ ਸਕਦਾ ਹੈ? ਕੇਵਲ ਉਹੀ ਜਿਸ ਦੀ ਬਾਣੀ ਵਿਚੋਂ ਵਾਹਿਗੁਰੂ ਦੀ ਯਾਦ ਸਾਡੇ ਮਨਾਂ ਵਿਚ ਵਸ ਜਾਏ। ਅਜਿਹੇ ਮੁਰਸ਼ਿਦ ਦੇ ਦਰਬਾਰ ਦਾ ਅਦਨਾ ਤੋਂ ਅਦਨਾ ਸੇਵਕ ਦੁਨੀਆਂ ਦੇ ਅਜ਼ੀਮ ਤਰੀਨ ਬਾਦਸ਼ਾਹਾਂ ਤੋਂ ਵੱਡਾ ਹੈ। ਮੁਰਸ਼ਿਦ ਦੀ ਸੰਗਤ ਨਾਲ ਹੀ ਵਾਹਿਗੁਰੂ ਦਾ ਇਸ਼ਕ ਦਿਲਾਂ ਵਿਚ ਉਤਪੰਨ ਹੁੰਦਾ ਹੈ। ਅਜੇਹੇ ਮੁਰਸ਼ਿਦ ਭਾਵ ਗੁਰੂ ਦੀ ਸੰਗਤ ਨਾਲ ਜੀਵਨ ਦੀ ਹਕੀਕਤ ਦਾ ਪਤਾ ਲਗਦਾ ਹੈ। ਇਸ ਲਈ ਮਨੁੱਖ ਨੂੰ ਵਾਹਿਗੁਰੂ ਦੀ ਪ੍ਰਾਪਤੀ ਲਈ ਗੁਰੂ ਦੀ ਸੰਗਤ ਵਿਚ ਬੈਠਣਾ ਬਹੁਤ ਜ਼ਰੂਰੀ ਹੈ।

ਇਥੇ ਭਾਈ ਨੰਦ ਲਾਲ ਜੀ ਨੇ ਗੁਰਮਤਿ ਦੇ ਇਕ ਹੋਰ ਮਹੱਤਵਪੂਰਨ ਸਿਧਾਂਤ ਦਾ ਵਰਣਨ ਕੀਤਾ ਹੈ। ਗੁਰਮਤਿ ਵਿਚ 'ਬਹੁ ਦੇਵ ਵਾਦ' ਲਈ ਕੋਈ ਥਾਂ ਨਹੀਂ। ਗੁਰਮਤਿ ਤੋਂ ਅਣਜਾਣ ਲੋਕਾਂ ਦੇ ਦਿਲਾਂ ਵਿਚ ਸਿੱਖ ਗੁਰੂ ਸਾਹਿਬਾਨ ਦੀ ਗਿਣਤੀ ਦਸ ਹੋਣਾ ਸ਼ੰਕੇ ਉਤਪੰਨ ਕਰ ਸਕਦਾ ਹੈ। ਅਜੇਹੇ ਲੋਕਾਂ ਨੂੰ ਗੁਰਮਤਿ ਦੇ ਇਸ ਸਿਧਾਂਤ ਵਿਚ ਪ੍ਰਸਪਰ ਵਿਰੋਧ ਵਿਖਾਈ ਦੇਣਗੇ। ਭਾਈ ਨੰਦ ਲਾਲ ਨੇ ਅਜੇਹੇ ਲੋਕਾਂ ਦੀ ਤੌਖਲਾ ਨੂੰ ਬਿਲਕੁਲ ਖ਼ਤਮ ਕਰ ਦਿੱਤਾ ਹੈ ਕਿ ਗੁਰੂ ਦਸ ਹੁੰਦੇ ਹੋਏ ਵੀ ਇਕ ਸਨ। ਗੁਰੂ ਨਾਨਕ ਦੇਵ ਜੀ ਦੇ ਨੌਂ ਉਤਰਾਧਿਕਾਰੀ ਗੁਰੂ ਸਾਹਿਬਾਨ ਗੁਰੂ ਨਾਨਕ ਜੀ ਦਾ ਹੀ ਸਰੂਪ ਸਨ। ਇਨ੍ਹਾਂ ਵਿਚ ਕੋਈ ਭਿੰਨਤਾ ਨਹੀਂ ਸੀ। ਗੁਰੂ ਅਰਜਨ ਗੁਰੂ ਨਾਨਕ ਸਨ ਅਤੇ ਇਸੀ ਪ੍ਰਕਾਰ ਗੁਰੂ ਗੋਬਿੰਦ ਸਿੰਘ ਸਾਹਿਬ ਵਿਚ ਹੀ ਗੁਰੂ ਨਾਨਕ ਦੇਵ ਦੀ ਰੂਹ ਕਾਰਫਰਮਾ ਸੀ। **Unity in the plurality of Guru Ship**

ਗੁਰਮਤਿ ਦਾ ਮੁੱਖ ਸਿਧਾਂਤ ਹੈ ਅਤੇ ਭਾਈ ਨੰਦ ਲਾਲ ਨੇ ਇਸ ਨੂੰ ਆਪਣੀ ਕਵਿਤਾ ਵਿਚ ਬਿਆਨ ਕਰ ਦਿੱਤਾ ਹੈ।

ਵਾਹਿਗੁਰੂ ਅਤੇ ਮੁਰਸ਼ਿਦੇ-ਕਾਮਿਲ ਭਾਵ ਗੁਰੂ ਦੀ ਹੋਂਦ ਬਾਰੇ ਆਪਣੇ ਵਿਚਾਰ ਦੱਸਣ ਅਤੇ ਸਾਧ ਸੰਗਤ ਨੂੰ ਰੱਬ ਦੀ ਪ੍ਰਾਪਤੀ ਲਈ ਇਕ ਸਾਧਨ ਜਤਲਾਣ ਵਾਲੇ ਭਾਈ ਨੰਦ ਲਾਲ ਗੁਰਮਤਿ ਦੇ ਇਕ ਹੋਰ ਮਹੱਤਵਪੂਰਨ ਸਿਧਾਂਤ ਸ਼ਬਦ ਜਾਂ ਗੁਰਬਾਣੀ ਦੇ ਅਧਿਐਨ ਨੂੰ ਵੀ ਬਹੁਤ ਜ਼ਰੂਰੀ ਸਮਝਦੇ ਹਨ। ਗੁਰਬਾਣੀ ਦਾ ਅਧਿਐਨ ਵਾਹਿਗੁਰੂ ਦੇ ਨਾਮ ਤੋਂ ਜੰਦਰਾ ਖੋਲ੍ਹਣ ਲਈ ਇਕ ਚਾਬੀ ਦਾ ਕੰਮ ਕਰਦਾ ਹੈ, ਅਤੇ ਜਦ ਇਹ ਖਜ਼ਾਨਾ ਮਨੁੱਖ ਨੂੰ ਪ੍ਰਾਪਤ ਹੋ ਜਾਂਦਾ ਹੈ ਤਾਂ ਉਹ ਕਈ ਪ੍ਰਕਾਰ ਦੁੱਖਾਂ-ਮੁਸੀਬਤਾਂ ਤੋਂ ਫਾਰਗ ਹੋ ਜਾਂਦਾ ਹੈ। ਵਾਹਿਗੁਰੂ ਦੀ ਰਹਿਮਤ ਉਸ ਉਤੇ ਉਸ ਦੇ ਮਾਪਿਆਂ ਅਤੇ ਉਸ ਦੇ ਉਤਰਾਧਿਕਾਰੀਆਂ ਉਤੇ ਮਿਹਰ ਦੀ ਵਰਖਾ ਕਰਦੀ ਹੈ। ਇਹ ਗੱਲ ਕਹਿੰਦਿਆਂ ਭਾਈ ਨੰਦ ਲਾਲ ਮਸਤੀ ਵਿਚ ਝੂਮ ਉਠਦੇ ਹਨ ਤੇ ਕਹਿੰਦੇ ਹਨ ਕਿ ਮੈਂ ਇਸੇ ਰਾਹੀਂ ਰੱਬ ਦੇ ਦਰਸ਼ਨ-ਦੀਦਾਰ ਕਰ ਲਏ ਹਨ :

ਅਜ਼ ਤੁਫ਼ੈਲ-ਇ-ਸ਼ਾਂ ਖੁਦਾ ਰਾ ਦੀਦਾ ਅਮ।
ਦੀਦਾ ਅਮ ਓ ਦੀਦਾ ਅਮ ਓ ਦੀਦਾ ਅਮ।'

ਭਾਵ ਗੁਰਬਾਣੀ ਰਾਹੀਂ ਮਨੁੱਖ ਨੂੰ ਅਜੇਹੀ ਦੌਲਤ ਨਸੀਬ ਹੋ ਜਾਂਦੀ ਹੈ ਕਿ ਉਸ ਨੂੰ ਤੁਹਾਥੋਂ ਕੋਈ ਖੋਹ ਨਹੀਂ ਸਕਦਾ। ਗੁਰਬਾਣੀ ਆਪਣੇ ਆਪ ਦੀ ਪਛਾਣ ਲਈ ਸਹਾਇਕ ਹੁੰਦੀ ਹੈ ਅਤੇ ਜਿਹੜਾ ਮਨੁੱਖ ਆਪਣੇ ਆਪੇ ਦੀ ਪਛਾਣ ਕਰ ਲੈਂਦਾ ਹੈ ਅਤੇ ਆਪਣੇ ਮਨ 'ਤੇ ਕਾਬੂ ਪਾ ਲੈਂਦਾ ਹੈ, ਉਹੀ ਵਾਹਿਗੁਰੂ ਦਾ ਸਹੀ ਢੰਗ ਨਾਲ ਸਿਮਰਨ ਕਰ ਸਕਦਾ ਹੈ ਅਤੇ ਇਉਂ ਉਸ ਦੇ ਸਿਮਰਨ ਨਾਲ ਮਨੁੱਖ ਨੂੰ ਦੋਵੇਂ ਜਹਾਨਾਂ ਦੇ ਦੁੱਖਾਂ ਤੋਂ ਛੁਟਕਾਰਾ ਮਿਲ ਸਕਦਾ ਹੈ।

ਅੰਤ ਵਿਚ ਇਹ ਕਹਿਣਾ ਉਚਿਤ ਬਣਦਾ ਹੈ ਕਿ ਨਿਰਸੰਦੇਹ ਭਾਈ ਨੰਦ ਲਾਲ ਜੀ ਉੱਤੇ ਇਸਲਾਮੀ ਤਸੱਵਫ ਦਾ ਡੂੰਘਾ ਅਸਰ ਹੈ ਪਰ ਗੁਰਮਤਿ ਦੇ ਅਧਿਐਨ ਨੇ ਉਨ੍ਹਾਂ ਨੂੰ ਕੇਵਲ ਉਹੀ ਅਸਰ ਕਬੂਲ ਕਰਨ ਲਈ ਪ੍ਰੇਰਿਆ ਜੋ ਉਨ੍ਹਾਂ ਨੂੰ ਗੁਰਮਤਿ ਨਾਲ ਪੂਰੇ ਤੌਰ 'ਤੇ ਮੇਲ ਖਾਂਦੇ ਦਿਸੇ। ਉਹ ਕਿਤੇ ਵੀ ਗੁਰਮਤਿ ਦੇ ਸਿਧਾਂਤਾਂ ਤੋਂ ਪਾਸੇ ਨਹੀਂ ਹਟੇ। ਉਨ੍ਹਾਂ ਦੀ ਪ੍ਰਾਰਥਨਾ ਦਾ ਆਧਾਰ ਉਹੀ ਹੈ ਜੋ ਗੁਰਮਤਿ ਦਾ ਆਧਾਰ ਹੈ। ਉਨ੍ਹਾਂ ਦੀ ਕਵਿਤਾ ਗੁਰਮਤਿ ਦਾ ਵਿਸ਼ਲੇਸ਼ਨ ਕਰਦੀ ਹੈ ਅਤੇ ਉਹ ਵਿਸ਼ਲੇਸ਼ਨ ਵੀ ਬੜਾ ਢੁਕਵਾਂ ਤੇ ਰੌਚਕ ਹੈ। ਭਾਈ ਨੰਦ ਲਾਲ ਜੀ ਦੀ ਕਵਿਤਾ ਰਾਹੀਂ ਗੁਰਮਤਿ ਦੀ ਸੋਝੀ ਪਾਉਣ ਤੇ ਇਸ ਦਾ ਰਸ ਮਾਣਨ ਲਈ ਹੀ ਜੇ ਸਿੱਖਾਂ ਨੂੰ ਫਾਰਸੀ ਵੀ ਪੜ੍ਹਨੀ ਪਏ ਤਾਂ ਇਹ ਬੜਾ ਸਸਤਾ ਸੌਦਾ ਹੈ। ਸਾਡਾ ਵਿਰਸਾ ਵੀ ਬਚਿਆ ਰਹੇਗਾ ਤੇ ਅੱਗੇ ਲਈ ਸਾਨੂੰ ਉਤਸ਼ਾਹ ਵੀ ਮਿਲੇਗਾ।

ਮਾਈ ਭਾਗੋ ਜੀ

ਸਿੱਖ ਇਤਿਹਾਸ ਵਿਚ ਮਾਤਾ ਭਾਗੋ ਇਕੋ ਹੀ ਘਟਨਾ ਕਰਕੇ ਪ੍ਰਸਿੱਧ ਹੈ ਕਿ ਉਸ ਨੇ ਮਾਝੇ ਦੇ ਸਿੱਖਾਂ ਦੇ, ਜੋ ਬੇਦਾਵਾ ਲਿਖ ਕੇ ਆਏ ਸਨ, ਕਲੰਕ ਨੂੰ ਧੋਤਾ। ਮਾਤਾ ਭਾਗੋ ਦੇ ਮੁੱਢਲੇ ਜੀਵਨ ਅਤੇ ਅੰਤਲੇ ਜੀਵਨ ਬਾਰੇ ਵੇਰਵਾ ਕਿਸੇ ਇਤਿਹਾਸਕ ਪੁਸਤਕ ਵਿਚ ਨਹੀਂ ਮਿਲਦਾ।

ਝਬਾਲ ਦਾ ਸਿੱਖ-ਇਤਿਹਾਸ ਵਿਚ ਗੌਰਵਮਈ ਯੋਗਦਾਨ ਹੈ। ਇਸ ਵਿਚ ਬਾਬਾ ਲੰਗਾਹ, ਮਾਤਾ ਭਾਗੋ, ਸ੍ਰ: ਜੈ ਸਿੰਘ ਕੁਮੇਦਾਨ (ਮਹਾਰਾਜਾ ਰਣਜੀਤ ਸਿੰਘ ਵੇਲੇ) ਸ੍ਰ: ਗੁਰਬਖਸ਼ ਸਿੰਘ ਸ਼ਮਸ਼ੇਰ, ਸ੍ਰ: ਕਰਮ ਸਿੰਘ ਹਿਸਟੋਰੀਅਨ ਅਤੇ ਝਬਾਲੀਏ ਵੀਰ ਸ੍ਰ: ਅਮਰ ਸਿੰਘ, ਸ੍ਰ: ਸਰਮੁਖ ਸਿੰਘ ਅਤੇ ਸ੍ਰ: ਜਸਵੰਤ ਸਿੰਘ ਨੇ ਆਪਣੀਆਂ ਕੁਰਬਾਨੀਆਂ ਭਰੇ ਜੀਵਨ ਨਾਲ ਸਿੱਖ ਇਤਿਹਾਸ ਵਿਚ ਝਬਾਲ ਦਾ ਨਾਂ ਰੌਸ਼ਨ ਕੀਤਾ ਹੈ।

ਝਬਾਲ ਨਗਰ ਵਿਚ ਚੌਧਰੀ ਅਬਲ ਖੈਰ ਮੰਨਿਆ-ਪਰ-ਮੰਨਿਆ ਸਖੀ ਸਰਵਰ ਸੀ। ਇਹ ਸੁਲਤਾਨੀ ਮੱਤ ਨਾਲ ਸਬੰਧ ਰੱਖਦਾ ਸੀ। ਇਸ ਦੇ ਪੰਜ ਪੁੱਤਰ ਸਨ। ਜਸਤ੍ਰੀਆ, ਬਿੰਨਾਂ, ਸੁੰਦਰ, ਪੇਰੋ ਸ਼ਾਹ ਅਤੇ ਬਾਬਾ ਲੰਗਾਹ।

ਪਹਿਲੇ ਤਿੰਨ ਭਰਾਵਾਂ ਨੂੰ ਲੋਕੀ ਘੱਟ ਹੀ ਜਾਣਦੇ ਹਨ ਪ੍ਰੰਤੂ ਪੇਰੋ ਸ਼ਾਹ ਤੇ ਬਾਬਾ ਲੰਗਾਹ ਨਾਲ ਲੋਕਾਂ ਦੀ ਜਾਣ-ਪਛਾਣ ਸੀ। ਇਹਨਾਂ ਦੇ ਨਾਮ ਅਤੇ ਸ਼ਕਲਾਂ ਮੁਸਲੱਕੀਆਂ ਸਨ ਜੋ ਇਹਨਾਂ ਨੇ ਉਸ ਵੇਲੇ ਦੀ ਹਕੂਮਤ ਦੇ ਜ਼ੁਲਮਾਂ ਤੋਂ ਬਚਣ ਲਈ ਧਾਰੀਆਂ ਹੋਈਆਂ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਵੇਲੇ ਦੋਹਾਂ 'ਤੇ ਸਿੱਖੀ ਦਾ ਅਸਰ ਹੋਇਆ।

ਪੇਰੋ ਸ਼ਾਹ ਦੇ ਦੋ ਪੁੱਤਰ ਸਨ ਮਾਲੋ ਸ਼ਾਹ ਅਤੇ ਹਰੂ। ਮਾਲੋ ਸ਼ਾਹ ਦੇ ਘਰ ਮਾਤਾ ਭਾਗੋ ਦਾ ਜਨਮ ਹੋਇਆ। ਇਕੋ ਇਕ ਧੀ ਹੋਣ ਕਰਕੇ ਇਹਦਾ ਨਾਮ ਭਾਗ ਭਰੀ ਰੱਖਿਆ ਜੋ ਪਿੱਛੋਂ ਆ ਕੇ 'ਭਾਗੋ' ਕਰਕੇ ਪ੍ਰਸਿੱਧ ਹੋਇਆ।

ਚਾਂਦ ਬੀਬੀ ਅਤੇ ਰਜ਼ੀਆ ਸੁਲਤਾਨਾ ਵਾਂਗ ਬੀਬੀ ਮਰਦਾਵਾਂ ਸੁਭਾਅ ਰੱਖਦੀ ਸੀ। ਹਿੰਮਤੀ ਅਤੇ ਨਿਡੱਰ ਸੁਭਾਅ ਦੀ ਧਾਰਨੀ ਸੀ। ਭਾਈ ਸਾਹਿਬ ਭਾਈ ਵੀਰ ਸਿੰਘ ਨੇ ਬੀਬੀ ਦੇ ਮੁੱਢਲੇ ਜੀਵਨ ਬਾਰੇ ਕਲਗੀਧਰ ਚਮਤਕਾਰ ਵਿਚ ਕੁਝ ਗੱਲਾਂ ਲਿਖੀਆਂ ਹਨ। ਆਪਣੇ ਮਾਂ ਬਾਪ ਰਾਹੀਂ ਬੀਬੀ ਨੂੰ ਸਿੱਖ-ਪੰਥ ਦੀਆਂ ਸਾਰੀਆਂ ਖ਼ਬਰਾਂ ਪਹੁੰਚਦੀਆਂ ਰਹਿੰਦੀਆਂ ਸਨ। ਬੀਬੀ ਆਪ ਵੀ ਘਰਦਿਆਂ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਗਈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਿਆਈ ਸਮਾਗਮ ਵਿਚ ਵੀ ਖਹਿੜੇ ਪੈ, ਘਰਦਿਆਂ ਦੇ ਨਾਲ ਅਨੰਦਪੁਰ ਸਾਹਿਬ ਪਹੁੰਚੀ।

ਜਦ ਦੂਨੀ ਚੰਦ ਸ੍ਰੀ ਅਨੰਦਪੁਰ ਸਾਹਿਬ ਦੀ ਲੜਾਈ ਸਮੇਂ ਹਾਥੀ ਨਾਲ ਲੜਨ ਤੋਂ ਬਚਣ ਲਈ ਸ੍ਰੀ ਅੰਮ੍ਰਿਤਸਰ ਭੱਜ ਆਇਆ ਤਾਂ ਭਾਈ ਕਰਮ ਸਿੰਘ ਨੇ, ਜੋ ਉਸ ਵੇਲੇ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਨ, ਅਕਾਲ ਬੁੰਗੇ ਵਿਚ ਇਕੱਠ ਕੀਤਾ ਜਿਸ ਵਿਚ ਦੂਨੀ ਚੰਦ ਦੇ ਦੋ ਪੋਤਰੇ ਅਨੂਪ ਸਿੰਘ ਅਤੇ ਸਰੂਪ ਸਿੰਘ ਆਪਣੇ ਦਾਦੇ ਦਾ ਕਲੰਕ ਧੋਣ ਲਈ ਹਾਜ਼ਰ ਹੋਏ। ਦੋ ਸੌ ਆਦਮੀਆਂ ਦਾ ਜੱਥਾ ਲੈ ਕੇ ਇਹ ਬੀਰ ਆਨੰਦਪੁਰ ਸਾਹਿਬ ਨੂੰ ਚਲ ਪਏ। ਬੀਬੀ ਭਾਗੋ ਵੀ ਉਸੇ ਇਕੱਠ ਵਿਚ ਸੀ ਤੇ ਜਥੇ ਨਾਲ ਜਾਣ ਦੀ ਜ਼ਿਦ ਵੀ ਕੀਤੀ ਪਰ ਇਕੱਲੀ ਲੜਕੀ ਹੋਣ ਕਰਕੇ ਘਰਦਿਆਂ ਨੇ ਜਾਣ ਨਾ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਵਿਖੇ ਸਿੱਖਾਂ ਨੂੰ ਤੀਰ, ਤਲਵਾਰ ਅਤੇ ਨੇਜਾਬਾਜ਼ੀ ਆਦਿ ਦੀ ਸਿਖਿਆ ਦੇ ਰਹੇ ਸਨ। ਇਹ ਖਬਰਾਂ ਬੀਬੀ ਵੀ ਸੁਣਦੀ। ਉਸ ਨੇ ਘਰ ਹੀ ਨੇਜ਼ੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ। ਪਹਿਲਾਂ ਛੋਟੇ ਨੇਜ਼ੇ ਨਾਲ ਬਾਹਰ ਜਾ ਕੇ ਛੋਟੇ ਬੂਟਿਆਂ ਵਿਚ ਨੇਜ਼ਾ ਮਾਰਦੀ, ਫਿਰ ਆਪਣੇ ਪੂਰੇ ਬਾਹੂ-ਬਲ ਨਾਲ ਸਾਂਗ ਦਰੱਖਤਾਂ ਵਿਚ ਮਾਰ ਕੇ, ਵੈਰੀਆਂ ਨੂੰ ਫੁੰਡਣ ਦਾ ਅਭਿਆਸ ਕਰਦੀ (ਸਾਂਗ ਇਕ ਕਿਸਮ ਦਾ ਨੇਜਾ ਹੈ ਜਿਸ ਦਾ ਫਲ ਲੰਮਾ ਹੁੰਦਾ ਹੈ)।

ਸਮਾਂ ਬੀਤਦਾ ਗਿਆ ਅਤੇ ਬੀਬੀ ਜਵਾਨ ਹੋ ਗਈ। ਬੀਬੀ ਦਾ ਵਿਆਹ ਹੋਇਆ ਜਾਂ ਨਹੀਂ, ਇਹ ਇਕ ਗੰਭੀਰ ਵਿਸ਼ਾ ਹੈ, ਜਿਸ 'ਤੇ ਵੱਖਰੀਆਂ-ਵੱਖਰੀਆਂ ਵਿਚਾਰਾਂ-ਚਰਚਾਵਾਂ ਦੇਖਣ-ਸੁਣਨ ਵਿਚ ਮਿਲਦੀਆਂ ਹਨ।

ਭਾਈ ਵੀਰ ਸਿੰਘ ਜੀ ਨੇ 'ਕਲਗੀਧਰ ਚਮਤਕਾਰ' ਵਿਚ ਲਿਖਿਆ ਹੈ ਕਿ ਜਦ ਸਿੰਘ ਬੇਦਾਵਾ ਦੇ ਕੇ ਆਏ ਤਾਂ ਬੀਬੀ ਨੇ ਪਤੀ ਨੂੰ ਆਖਿਆ, "ਚਲੋ ਸਿੰਘ ਜੀ, ਆਪਣਾ ਸਰੀਰ ਗੁਰੂ ਦੇ ਅਰਪਨ ਕਰੀਏ।" ਘਰ ਵਾਲਾ 'ਗੁਰੂ-ਘਰ ਦਾ ਪ੍ਰੇਮੀ ਸੀ। ਕਹਿਣ ਲੱਗਾ, 'ਭਾਗਵਾਨੇ ਹੁਣ ਤਾਂ ਹੱਦ ਮੁੱਕ ਗਈ। ਹੁਣ ਜੀਊਣਾ ਹਰਾਮ ਹੈ।

ਭਾਈ ਸਾਹਿਬ ਨੇ ਮਾਤਾ ਭਾਗੋ ਦਾ ਪੇਕਾ ਝਬਾਲ ਲਿਖਿਆ ਹੈ। ਬੀਬੀ ਦੇ ਸਹੁਰਿਆਂ ਬਾਰੇ ਉਹਨਾਂ ਨੇ ਲਿਖਿਆ ਹੈ ਕਿ ਖਿਆਲ ਕੀਤਾ ਜਾਂਦਾ ਹੈ ਕਿ ਬੀਬੀ ਦੇ ਸਹੁਰੇ ਪੱਟੀ ਦੇ ਕਿਸੇ ਚੰਗੇ ਘਰਾਣੇ ਵਿਚ ਸਨ।

ਭਾਈ ਕਾਹਨ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿਚ, ਜਿਥੇ ਮਾਈ ਭਾਗੋ ਦਾ ਜ਼ਿਕਰ ਕੀਤਾ ਹੈ, ਉਥੇ ਵਿਆਹ ਬਾਰੇ ਕੋਈ ਗੱਲ ਨਹੀਂ ਲਿਖੀ।

ਮਹਾਂ ਕਵੀ ਭਾਈ ਸੰਤੋਖ ਸਿੰਘ ਵੀ ਬੀਬੀ ਦਾ ਬਿਰਤਾਂਤ ਲਿਖਦੇ ਹੋਏ ਲਿਖਦੇ ਹਨ:-

ਕੇਤਿਕ ਮਾਸ ਨਗਨ ਜਬਿ ਰਹੀ।
ਇਕ ਦਿਨ ਦੇਖਿ ਨਿਕਟ ਗੁਰ ਕਹੀ।੩੮।।
ਸੁਨਿ ਮਾਈ ਭਾਗੋ ਸਚਿਆਰੀ।
ਕੁਲ ਨੈਹਰਿ ਸੁਸਰਾਰਿ ਉਬਾਰੀ। (ਐਨ ੧, ਅੰਸੂ ੨੨)

ਕਵੀ ਜੀ ਦੇ 'ਸੁਸਰਾਰਿ ਉਬਾਰੀ' ਲਿਖਣ ਤੋਂ ਲੱਗਦਾ ਹੈ ਕਿ ਬੀਬੀ ਵਿਆਹੀ ਹੋਈ ਸੀ। ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ ਕਿ ਬੀਬੀ ਗੁਰੂ ਜੀ ਦੇ ਸਾਹਿਬਜ਼ਾਦੇ ਦੀ

ਚੁੰਘਾਵੀ ਸੀ। ਕੋਈ ਕੁਆਰੀ ਕੁੜੀ ਚੁੰਘਾਵੀ ਨਹੀਂ ਹੋ ਸਕਦੀ।[1]

ਗਿਆਨੀ ਪਰਤਾਪ ਸਿੰਘ ਜੀ ਲਿਖਦੇ ਹਨ ਕਿ ਬੀਬੀ ਖੇਮ ਕਰਨ ਦੇ ਲਾਗੇ ਨਗਰ ਭੂਰੇ ਵਿਚ ਵਿਆਹੀ ਹੋਈ ਸੀ।[2]

ਪਿੰਡ ਦੇ ਬਜ਼ੁਰਗ ਜਿਨ੍ਹਾਂ ਦੀ ਉਮਰ ਨੱਬੇ ਸਾਲ ਤੋਂ ਉਪਰ ਹੈ, ਕਹਿੰਦੇ ਹਨ ਕਿ ਬੀਬੀ ਦੇ ਵਿਆਹ ਬਾਰੇ ਸਾਨੂੰ ਕੋਈ ਪਤਾ ਨਹੀਂ। ਪਿੰਡ ਦੇ ਰਹਿਣ ਵਾਲੇ ਉਹਨਾਂ ਨੂੰ ਅਣ-ਵਿਆਹੀ ਧੀ ਸਮਝਦੇ ਹਨ। ਦਲੀਲ ਉਹ ਇਹ ਦੇਂਦੇ ਹਨ ਕਿ ਜੇ ਬੀਬੀ ਵਿਆਹੀ ਹੋਈ ਸੀ ਤਾਂ ਪੱਲੂ ਉਸ ਨੇ ਪੇਕਿਆਂ ਤੋਂ ਕਿਉਂ ਫੇਰਿਆ। ਕੁਝ ਸੱਜਣਾਂ ਦਾ ਖਿਆਲ ਹੈ ਕਿ ਬੀਬੀ 'ਸੁਰ ਸਿੰਘ' ਜੋ ਝਬਾਲ ਤੋਂ ਅੱਠ ਕਿਲੋਮੀਟਰ ਹੈ, ਵਿਖੇ ਵਿਆਹੀ ਹੋਈ ਸੀ।

ਖੈਰ ਜੋ ਵੀ ਹੈ। ਬੀਬੀ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮੁਕਤਸਰ ਦੀ ਲੜਾਈ ਤੋਂ ਬਾਅਦ ਮਿਲੀ ਤਾਂ ਉਹ ਇਕੱਲੀ ਸੀ ਤੇ ਇਕੱਲੀ ਹੀ ਅਖੀਰ ਤੱਕ ਉਹਨਾਂ ਦੇ ਨਾਲ ਰਹੀ।

ਗੁਰੂ ਜੀ ਨੇ ਸ਼ਹੀਦ ਸਿੰਘਾਂ ਵਿਚ ਮਾਤਾ ਭਾਗੋ ਨੂੰ ਜ਼ਖ਼ਮੀ ਹਾਲਤ ਵਿਚ ਵੇਖਿਆ, ਉਹਦੇ ਜ਼ਖ਼ਮ ਧੋਤੇ, ਠੀਕ ਹੋਣ 'ਤੇ ਅੰਮ੍ਰਿਤ ਛਕਾਇਆ ਅਤੇ ਨਾਮ ਭਾਗ ਕੌਰ ਰੱਖਿਆ। ਜਿੱਥੇ ਦੂਜੇ ਸ਼ਹੀਦ ਹੋਏ ਸਿੰਘਾਂ ਨੂੰ ਪੰਜ ਹਜ਼ਾਰੀ ਤੇ ਦਸ ਹਜ਼ਾਰੀ ਆਖਿਆ, ਉਥੇ ਮਾਤਾ ਨੂੰ ਉੱਚ ਆਤਮਿਕ-ਅਵੱਸਥਾ ਪ੍ਰਦਾਨ ਕੀਤੀ।

ਤਲਵੰਡੀ ਸਾਬੋ ਤੋਂ ਜਦ ਗੁਰੂ ਜੀ ਦੱਖਣ ਨਾਂਦੇੜ ਨੂੰ ਗਏ ਤਾਂ ਮਾਤਾ ਭਾਗੋ ਉਹਨਾਂ ਦੇ ਨਾਲ ਹੀ ਗਈ ਅਤੇ ਗੁਰੂ ਸਾਹਿਬ ਦੇ ਸਰੀਰ ਛੱਡਣ ਤਕ ਉਹਨਾਂ ਦੇ ਨਾਲ ਹੀ ਰਹੀ।

ਭਾਈ ਵੀਰ ਸਿੰਘ ਜੀ ਲਿਖਦੇ ਹਨ, ਕਿ ਜਦ ਗੁਰੂ ਜੀ ਜੋਤੀ-ਜੋਤ ਸਮਾ ਗਏ ਤਾਂ ਮਾਈ ਉਦਾਸ ਹੋ ਗਈ ਅਤੇ ਜਨਵਾੜੇ ਚਲੀ ਗਈ ਅਤੇ ਏਥੇ ਮਾਤਾ ਦੀ ਕਹਾਣੀ ਮੁਕਾ ਦਿੱਤੀ।

ਜਦ ਲੇਖਕ ਮਾਤਾ ਦਾ ਇਤਿਹਾਸ ਇਥੋਂ ਤਕ ਲਿਖ ਚੁਕਾ ਤਾਂ ਇਹ ਗੱਲ ਮੰਨਣ ਵਿਚ ਨਾ ਆਈ ਕਿ ਮਾਤਾ ਭਾਗੋ ਉਦਾਸ ਹੋ ਕੇ ਜਨਵਾੜੇ ਬਿਦਰ* ਵੱਲ ਜੁ ਚਲੀ ਗਈ, ਉਹ ਪੰਜਾਬ ਵੱਲ ਕਿਉਂ ਨਾ ਆਈ? ਇਸ ਗੱਲ ਦੀ ਖੋਜ ਕਰਨ ਲਈ ਦਾਸ ਹਜ਼ੂਰ ਸਾਹਿਬ ਬਿਦਰ ਅਤੇ ਜਨਵਾੜੇ ਗਿਆ। ਜੋ ਕੁਝ ਮੈਨੂੰ ਉਥੋਂ ਪਤਾ ਲੱਗਾ, ਉਹ ਉਥੋਂ ਦੇ ਰਹਿਣ ਵਾਲਿਆਂ ਤੋਂ ਸੀਨਾ-ਬ-ਸੀਨਾ ਤੁਰੀਆਂ ਆਉਂਦੀਆਂ ਯਾਦਾਸ਼ਤਾਂ ਹਨ।

ਹਜ਼ੂਰ ਸਾਹਿਬ ਤੋਂ ਬਿਦਰ ਅਤੇ ਬਿਦਰ ਤੋਂ ਅਸੀਂ (ਗੁਰਦੁਆਰਾ ਮਾਤਾ ਭਾਗੋ ਜੀ ਜਥੇਦਾਰ) ਜਨਵਾੜੇ ਗਏ, ਜੋ ਬਿਦਰ ਤੋਂ ਚੜ੍ਹਦੇ ਪਾਸੇ ੧੦ ਕਿਲੋਮੀਟਰ ਹੈ, ਉਥੇ ਜਨਵਾੜਿਆਂ ਦੀ ਪੁਰਾਣੀ ਗੜ੍ਹੀ ਹੈ, ਇਕ ਕੋਠੜੀ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ। ਬਿਦਰ ਦੇ ਦੰਗਿਆਂ ਸਮੇਂ ਇਸ ਨੂੰ ਅੱਗ ਲਾ ਦਿੱਤੀ ਗਈ, ਪਰ ਬਹੁਤਾ ਨੁਕਸਾਨ ਨਹੀਂ ਹੋਇਆ। ਇਸ ਥਾਂ 'ਤੇ ਸਰਕਾਰ ਦਾ ਕਬਜ਼ਾ ਸੀ ਤੇ ਤਹਿਸੀਲਦਾਰ ਦਾ ਦਫਤਰ ਸੀ।

ਗੁਰਦੁਆਰਾ ਕਮੇਟੀ ਬਿਦਰ ਨਾਨਕ ਝੀਰਾ ਨੇ ਮੁਕੱਦਮਾ ਲੜ ਕੇ ਇਹ ਅਸਥਾਨ

*ਬਿਦਰ (ਕਰਨਾਟਕ) ਸ੍ਰੀ ਹਜ਼ੂਰ ਸਾਹਿਬ

ਪ੍ਰਾਪਤ ਕੀਤਾ। ਇਹ ਗੁਰਦੁਆਰਾ ਉਹਨਾਂ ਦੇ ਪ੍ਰਬੰਧ ਹੇਠ ਹੈ। ਹੁਣ ਉਥੇ ਬਾਬਾ ਚਰਨ ਸਿੰਘ ਜੀ ਕੁਰਕਸ਼ੇਤਰ ਵਾਲਿਆਂ ਨੇ ੬੪'-੪੦' ਦਾ ਹਾਲ ਬਣਾਇਆ ਹੈ।

ਇਸ ਗੁਰਦੁਆਰੇ ਦੇ ਸੇਵਾਦਾਰ ਭਾਈ ਰਜਿੰਦਰ ਸਿੰਘ ਜੀ ਹਨ। ਉਨ੍ਹਾਂ ਨੇ ਮਾਤਾ ਭਾਗੋ ਦੇ ਅੰਤਮ ਸਮੇਂ ਦੀ ਕਥਾ ਇਸ ਤਰ੍ਹਾਂ ਦੱਸੀ।

> "ਜਦ ਮਾਤਾ ਜੀ ਦਾ ਅੰਤ ਸਮਾਂ ਆਇਆ ਤਾਂ ਉਹਨਾਂ ਦੇ ਜਨਵਾੜੇ ਦੇ ਰਾਉ ਭਰਾਵਾਂ ਨੂੰ ਆਖਿਆ ਕਿ ਮੇਰਾ ਸਸਕਾਰ ਤਾਂ ਬੇਸ਼ੱਕ ਏਥੇ ਹੀ ਕਰ ਦਿਉ ਪਰ ਮੇਰੇ ਫੁੱਲ ਹਜ਼ੂਰ ਸਾਹਿਬ ਭੇਜ ਦੇਣੇ।" ਸੋ ਏਸੇ ਤਰ੍ਹਾਂ ਹੀ ਕੀਤਾ ਗਿਆ।

ਹਵਾਲੇ

੧. ਤਵਾਰੀਖ ਗੁਰੂ ਖਾਲਸਾ ਪੰਨਾ ੧੦੨੭ ਭਾਸ਼ਾ ਵਿਭਾਗ ਪਟਿਆਲਾ।

੨. ਪੁਸਤਕ ਅਕਾਲੀ ਲਹਿਰ ਦੇ ਮਹਾਨ ਨੇਤਾ ਪੰਨਾ ੭੯।

ਭਾਈ ਮਹਾਂ ਸਿੰਘ ਜੀ

ਮਾਘੀ ਦੇ ਸ਼ੁਭ ਦਿਹਾੜੇ 'ਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਭਾਰੀ ਪੰਥਕ ਇਕੱਠ ਹੁੰਦਾ ਹੈ ਜਿਸ ਵਿਚ ਰਾਗੀ, ਪ੍ਰਚਾਰਕ ਤੇ ਆਗੂ ਆਪੋ ਆਪਣੇ ਢੰਗ ਨਾਲ ਇਥੋਂ ਦੇ ਸ਼ਹੀਦ ਸਿੰਘਾਂ ਅਤੇ ਮਾਈ ਭਾਗ ਕੌਰ (ਭਾਗੋ) ਦੀਆਂ ਕੁਰਬਾਨੀਆਂ ਦਾ ਕਥਨ ਕਰਦੇ ਹਨ। ਸੁਣਾਉਣ ਵਾਲੇ ਸੁਣਾ ਕੇ ਅਤੇ ਸ੍ਰੋਤੇ ਸੁਣ ਕੇ ਘਰਾਂ ਨੂੰ ਪਰਤ ਜਾਂਦੇ ਹਨ। ਇਥੋਂ ਦੇ ਇਤਿਹਾਸ ਤੋਂ ਜੋ ਸਿੱਖਣ ਦੀ ਲੋੜ ਹੈ, ਉਸ ਵੱਲ ਸ਼ਾਇਦ ਹੀ ਕੋਈ ਵਿਰਲਾ ਧਿਆਨ ਦੇਵੇ।

ਜਥੇਦਾਰ ਮਹਾਂ ਸਿੰਘ ਜੀ, ਜੋ ਗੁਰੂ ਤੋਂ ਬੇਮੁਖ ਹੋਇਆਂ ਨੂੰ ਮੁੜ ਸਨਮੁਖ ਬਣਾਉਣ ਵਾਸਤੇ ਗੁਰੂ ਜੀ ਪਾਸੋਂ ਆਪਣੇ ਗੁਨਾਹਾਂ ਦੀ ਮੁਆਫੀ ਲਈ ਖਿਦਰਾਣੇ ਦੀ ਢਾਬ 'ਤੇ ਪਹੁੰਚੇ ਅਤੇ ਦੁਸ਼ਮਨੀ ਫੌਜ ਨਾਲ ਰਣ ਵਿਚ ਜੂਝਦੇ ਸ਼ਹੀਦ ਹੋਏ, ਦੇ ਜੀਵਨ ਦੀ ਅੰਤਲੀ ਇੱਛਾ ਨੂੰ ਅਪਣਾ ਲਈਏ ਤਾਂ ਪੰਥ ਉਪਰ ਵਰਤਮਾਨ ਮਹਾਂ ਸੰਕਟ ਵਰਗੇ, ਸੰਕਟ ਆਉਣ ਹੀ ਨਾ ਅਤੇ ਜੇ ਆਉਣ ਵੀ ਤਾਂ ਛੇਤੀ ਹੀ ਦੂਰ ਹੋ ਜਾਣ।

ਉਹਨਾਂ ਦੀ ਅੰਤਲੀ ਇੱਛਾ ਨੂੰ ਮਹਾਨ ਵਿਦਵਾਨ ਭਾਈ ਸਾਹਿਬ ਸੰਤੋਖ ਸਿੰਘ ਜੀ ਨੇ ਆਪਣੀ ਕ੍ਰਿਤ "ਗੁਰ ਪ੍ਰਤਾਪ ਸੂਰਜ ਗ੍ਰੰਥ" ਵਿਚ ਬੜੇ ਸੁੰਦਰ ਸ਼ਬਦਾਂ ਵਿਚ ਕਥਨ ਕੀਤਾ ਹੈ। ਭਾਈ ਸਾਹਿਬ ਦੱਸਦੇ ਹਨ ਕਿ ਜਦ ਕਲਗੀਧਰ ਪਾਤਸ਼ਾਹ ਖਿਦਰਾਣੇ ਦੀ ਢਾਬ 'ਤੇ ਪਹੁੰਚ ਸ਼ਹੀਦ ਸਿੰਘਾਂ ਦੇ ਮੁਖ, ਆਪਣੇ ਰੁਮਾਲ ਨਾਲ, ਪੂੰਝਦੇ ਅਤੇ ਉਨ੍ਹਾਂ ਨੂੰ 'ਪੰਜ ਹਜ਼ਾਰੀ', 'ਦਸ ਹਜ਼ਾਰੀ' ਆਦਿ, ਰੁਤਬੇ ਦਿੰਦੇ ਸਿਸਕ ਰਹੇ ਭਾਈ ਮਹਾਂ ਸਿੰਘ ਜੀ ਪਾਸ ਪਹੁੰਚੇ ਤਾਂ ਉਨ੍ਹਾਂ ਨੂੰ ਨ੍ਰੇਤ ਖੋਲ੍ਹਣ ਲਈ ਕਿਹਾ। ਭਾਈ ਸਾਹਿਬ ਨੇ ਹੋਸ਼ ਵਿਚ ਆ ਕੇ, ਜਦ ਆਪਣੇ ਮੁੰਦੇ ਨੇਤ੍ਰ ਖੋਲ੍ਹੇ ਤਾਂ ਗੁਰੂ ਜੀ ਦੇ ਦੀਦਾਰ ਕਰਕੇ ਗਦ-ਗਦ ਹੋ ਗਏ। ਗੁਰੂ ਜੀ ਨੇ ਜਦ ਉਨ੍ਹਾਂ ਨੂੰ ਆਪਣੀ ਕੋਈ ਭੀ ਮੰਗ ਮੰਗਣ ਲਈ ਫੁਰਮਾਇਆ ਤਾਂ ਉਨ੍ਹਾਂ ਨੇ ਬਾਰ ਬਾਰ, ਗੁਰੂ ਜੀ ਵਲੋਂ, ਕਹੇ ਜਾਣ 'ਤੇ ਭੀ ਆਪਣੇ ਵਾਸਤੇ ਕੋਈ ਮੰਗ ਨ ਮੰਗੀ। ਗੁਰੂ ਜੀ ਨੇ ਮੁੜ ਜੀਵਨ, ਰਾਜ-ਭਾਗ, ਆਦਿ ਕਈ ਗੱਲਾਂ ਵਿਚੋਂ ਕੋਈ ਇੱਛਾ ਪੂਰੀ ਕਰ ਲੈਣ ਲਈ ਆਖਿਆ ਪਰ ਉਨ੍ਹਾਂ ਨੇ ਆਪਣੇ ਲਈ ਕੁਛ ਭੀ ਨ ਮੰਗਿਆ। ਗੁਰੂ ਜੀ ਵਲੋਂ ਜ਼ਿਆਦਾ ਜ਼ੋਰ ਦਿੱਤੇ ਜਾਣ 'ਤੇ ਆਪਣੀ ਮੰਗ ਬਣਾਉਣ ਲਈ ਜੋ ਵਿਚਾਰ ਕੀਤੀ ਉਸ ਬਾਰੇ ਭਾਈ ਸੰਤੋਖ ਸਿੰਘ ਜੀ ਨੇ ਆਪਣੇ ਗ੍ਰੰਥ ਦੇ ਐਨ ੧, ਅੰਸੂ ੧੨, ਵਿਚ ਲਿਖਿਆ ਹੈ:

ਪਰਉਪਕਾਰ ਮਹਾਤਮ ਮਹਾਂ। ਸੁਨਜੋ ਸੰਤ ਜਨ ਤੇ ਜਹਿ ਕਹਾਂ।੨੪॥
ਇਕ ਪਰ ਕਰੇ ਅਧਿਕ ਕੱਲਜਾਨ। ਬਨਹਿ ਦੇਸ਼ ਪਰ ਫਲਹਿ ਮਹਾਨ।

ਲਾਖਹੁ ਸਿੱਖ ਗੁਰੂ ਕੇ ਹੋਇ। ਭੋਗਹਿੰ ਰਾਜ ਧਰਾ ਪਰ ਸੋਇ।੨੫।।

ਸਭਿ ਪਰ ਮੁਰ ਹੋਵੈ ਉਪਕਾਰਾ। ਇਸ ਸੋਂ ਅਧਿਕ ਨ ਅਪਰ ਬਿਚਾਰਾ।

ਭਾਵ ਸੰਤ ਜਨਾਂ ਪਾਸੋਂ ਜਿਥੋਂ ਕਿੱਥੋਂ ਇਹੀ ਸੁਣਿਆ ਹੈ ਕਿ ਪਰਉਪਕਾਰ ਦਾ ਵੱਡਾ ਮਹਾਤਮ ਹੈ। ਇਹ ਤਾਂ ਇਕ 'ਤੇ ਕਰਨ ਦਾ ਪੁੰਨ ਭੀ ਬਹੁਤ ਹੈ ਪਰ ਦੇਸ਼ 'ਤੇ ਕੀਤਾ ਉਪਕਾਰ ਮਹਾਨ ਫਲਦਾ ਹੈ। ਇਹ ਵਿਚਾਰ ਪੱਕਾ ਕਰਕੇ ਗੁਰੂ ਜੀ ਪਾਸੋਂ ਮੰਗ ਕੀਤੀ:

ਮੱਦ੍ਰ ਦੇਸ਼ ਕੀ ਸੰਗਤਿ ਹੁੱਟੀ। ਪ੍ਰਭੁ ਜੀ! ਰਾਵਰ ਕੇ ਸੰਗ ਟੁੱਟੀ।੨੭।।

ਬਰ ਦੈਬੇ ਜੇ ਮੁਝ ਇਛ ਧਾਰੀ। ਤੌ ਕਰਿ ਕਰੁਨਾ ਮੇਲਹੁ ਸਾਰੀ।

ਭਾਵ-ਸੰਤ ਜਨਾਂ ਪਾਸੋਂ ਜਿੱਥੋਂ ਕਿੱਥੋਂ ਇਹੀ ਸੁਣਿਆ ਹੈ ਕਿ ਪਰਉਪਕਾਰ ਮਹਾਨ ਫਲਦਾ ਹੈ। ਇਹ ਵਿਚਾਰ ਪੱਕਾ ਕਰ ਕੇ ਗੁਰੂ ਜੀ ਪਾਸੋਂ ਮੰਗ ਕੀਤੀ। ਜੇ ਆਪ ਦੀ ਮੈਨੂੰ ਵਚਨ ਦੇਣ ਦੀ ਇੱਛਾ ਹੈ ਤਾਂ ਮਾਝੇ ਦੇ ਇਲਾਕੇ ਦੀ ਜੋ ਸੰਗਤ ਪਿੱਛੇ ਹਟ ਕੇ ਆਪ ਨਾਲੋਂ ਟੁੱਟ ਗਈ ਹੈ। ਉਸ ਸਾਰੀ ਨੂੰ ਕਿਰਪਾ ਕਰਕੇ ਆਪਣੇ ਨਾਲ ਮੇਲ ਲਵੋ।

ਗੁਰੂ ਜੀ ਨੇ ਕਿਹਾ ਕਿ ਜੋ (ਸੰਗਤ) ਡਰ ਕੇ ਹਟ ਗਈ ਤੇ ਟੁੱਟ ਕੇ ਨਿਖੁੱਟ ਗਈ, ਉਸ ਨੂੰ ਕਿਵੇਂ ਮੇਲਾਂ? ਤੂੰ ਆਪਣੇ ਲਈ ਕੁਛ ਹੋਰ ਮੰਗ ਲੈ। ਮੈਂ ਝੱਟ ਹੀ ਦਿਆਂਗਾ, ਮੇਰੀ ਇਹੋ ਖੁਸ਼ੀ ਹੈ:

ਪ੍ਰਭੁ ਬੋਲੇ ਟੂਟੀ ਸੁ ਨਿਖੁੱਟੀ। ਕਜੋਂ ਮੇਲਹੁ ਤਿਹ ਜੋ ਡਰਿ ਹੁੱਟੀ।

ਅਪਨੇ ਹਿਤ ਜਾਚਹੁ ਕੁਛ ਔਰੀ। ਦਿਉਂ ਤਤਕਾਲ ਖੁਸ਼ੀ ਲਖਿ ਮੋਰੀ।। ੨੯।।

ਪਰ ਭਾਈ ਮਹਾਂ ਸਿੰਘ ਆਪਣੀ ਮੰਗ 'ਤੇ ਦ੍ਰਿੜ੍ਹ ਰਹੇ ਤੇ ਕਿਹਾ:

ਜੋ ਮੁਝ ਕੌ ਦੈਬੌ ਬਰ ਚਹੋ। ਟੂਟੀ ਮੇਲ ਲੇਹੁੰ ਬਚ ਕਹੋ।।੩੧।।

ਇਸ ਬਿਨ ਇੱਛਾ ਮੋਹਿ ਨ ਔਰ। ਦੇਹੁ ਆਪ ਸੋਢੀ ਸਿਰ ਮੌਰ।।

ਭਾਈ ਮਹਾਂ ਸਿੰਘ ਦੇ ਪਰਉਪਕਾਰ ਲਈ ਇਤਨੀ ਦ੍ਰਿੜ੍ਹਤਾ ਦੇਖ ਕੇ ਗੁਰੂ ਜੀ ਨੇ ਅਤੀ ਪ੍ਰਸੰਨ ਹੋ ਆਖਿਆ:

ਵਾਹੁ ਖਾਲਸਾ ਸਿਖ ਮਮ ਧੰਨ। ਪਰ ਉਪਕਾਰਿ ਮਹਾਂ ਮਨ ਮੰਨ।।

ਤੇਰੇ ਕਹੇ ਮੇਲ ਹਮ ਲਏ। ਰਾਜ ਭਾਗ ਤਿਸ ਦੇਸ਼ਹਿੰ ਦਏ।।੩੩।।

ਪਰ ਭਾਈ ਮਹਾਂ ਸਿੰਘ ਜੀ ਹੋਰ ਭੀ ਤਸੱਲੀ ਚਾਹੁੰਦੇ ਸਨ। ਕਹਿਣ ਲੱਗੇ:

ਪ੍ਰਭੁ ਜੀ! ਕਾਗਦ ਲੇਹੁ ਨਿਕਾਰਾ। ਹਮਰਾ ਲਿਖਜੋ ਜੇਬ ਜੋ ਡਾਰਾ।

ਮਮ ਦਿਖਾਇ ਸੋ ਦੀਜੈ ਫਾਰਿ। ਸਫਲ ਹੋਇ ਮੇਰੋ ਉਪਕਾਰ।।੩੪।।

ਗੁਰੂ ਜੀ ਨੇ ਪਰਉਪਕਾਰ ਲਈ ਪਿਆਰ ਭਰੀ ਇਸ ਜੋਦੜੀ ਨੂੰ ਸੁਣਿਆ ਤੇ –

"ਸੁਨਿ ਸਤਿਗੁਰ ਤਤਕਾਲ ਨਿਕਾਸਾ। ਮਹਾਂ ਸਿੰਘ ਸੋਂ ਵਾਕ ਪ੍ਰਕਾਸਾ।

ਲਿਹੁ ਬਿਲੋਕਿ! ਪਾੜਹਿੰ ਦਿਖਰਾਇ। ਇਮ ਕਹਿ ਚੀਰਜੋ ਬੀਚ ਬਨਾਇ ।੩੫।।

ਭਾਈ ਮਹਾਂ ਸਿੰਘ ਜੀ ਦੀ ਮੰਗ ਪੂਰੀ ਤਰ੍ਹਾਂ ਮੰਨੀ ਗਈ ਸੀ। ਹੁਣ ਉਹ ਆਪਣੀ ਅੰਤਮ ਇੱਛਾ ਪੂਰੀ ਤਰ੍ਹਾਂ ਸਫਲ ਹੋਈ ਦੇਖ ਕੇ ਸੰਤੁਸ਼ਟਤਾ ਸਹਿਤ ਗੁਰੂ ਜੀ ਦੇ ਸਨਮੁਖ ਹੀ ਗੁਰਪੁਰੀ

ਨੂੰ ਜਾਣਾ ਠੀਕ ਸਮਝਦੇ ਸਨ। ਬੇਨਤੀ ਕੀਤੀ: ਆਪ ਦੇ ਦਰਸ਼ਨ ਕਰਦਿਆਂ ਪ੍ਰਲੋਕ ਜਾਣ ਦਾ ਬਹੁਤ ਮਹਾਤਮ ਹੈ। ਇਸ ਲਈ ਜਾਣ ਦੀ ਆਗਿਆ ਬਖਸ਼ੋ।

ਆਇਸੁ ਦੇਹੁ ਪ੍ਰਲੋਕ ਸਿਧਾਵੌਂ। ਦਰਸ਼ਨ ਕਰਤਿ ਅਧਿਕ ਫਲ ਪਾਵੌਂ।।੩੬।।

ਭਾਈ ਮਹਾਂ ਸਿੰਘ ਦੀ ਪਰਉਪਕਾਰ ਦੀ ਘਾਲ ਕਮਾਈ ਨੂੰ ਪ੍ਰਵਾਨ ਕਰਦਿਆਂ ਫ਼ਰਮਾਇਆ:

ਜਾਹੁ ਮਹਾਂ ਸਿੰਘ! ਜੁਹਿੰ ਮਮ ਲੋਕ। ਬਸਹੁ ਸਦਾ ਕਬਿ ਨਹਿੰ ਤਹਿੰ ਸ਼ੋਕ।
ਦੇ ਕਰਿ ਪ੍ਰਾਨ ਕੀਨ ਉਪਕਾਰ। ਤਿਸ ਕੋ ਫਲ ਤੁਹਿ ਭਯੋ ਅਪਾਰ।।੩੭।।

ਮੇਰੀਆਂ ਨਿੱਜੀ ਪੁਸਤਕਾਂ ਵਿਚ ਰੱਖੀ ਹੋਈ, ਟੁੱਟੀ ਮੇਲਣ ਦਾ ਇਹ ਪ੍ਰਸੰਗ ਇਕ ਪੁਰਾਤਨ ਹੱਥ ਲਿਖਤ ਪੋਥੀ ਵਿਚ ਇਸ ਤਰ੍ਹਾਂ ਦਰਜ ਹੈ:

ਗੁਰੂ ਜੀ ਨੇ ਕਹਿਆ ਮਹਾਂ ਸਿੰਘ ਕੁਹੁ ਮੰਗੁ ਹਮਾਰੀ ਖੁਸ਼ੀ ਹੈ। ਮਹਾਂ ਸਿੰਘ ਨੇ ਕਹਿਆ ਤੁਸਾਂ ਕਾ ਦੀਦਾਰ ਕਰ ਕੇ ਮੰਗਣਿ ਕੀ ਇਛਾ ਕਾਈ ਨਹੀਂ ਰਹੀ। ਗੁਰੂ ਜੀ ਕਹਿਆ ਕੁਹ ਜਰੂਰਿ ਹੀ ਮੰਗੁ ਸਾਡੀ ਇਹਾ ਖੁਸ਼ੀ ਹੈ। ਮਹਾਂ ਸਿੰਘ ਕਹਾ ਗੁਰੂ ਜੀ ਟੁਟੀ ਮਿਲੇ। ਗੁਰੂ ਕਾ ਹੁਕਮ ਹੋਇਆ ਮਹਾਂ ਸਿੰਘ ਕੁਹੁ ਹੋਰ ਮੰਗੁ ਟੁੱਟੀ ਨਿਖੁੱਟੀ। ਮਹਾਂ ਸਿੰਘ ਕਹਾ ਜੇ ਪਾਤਿਸ਼ਾਹ ਦੇਂਦੇ ਹਹੁ ਤਾਂ ਇਹੀ ਦਾਨ ਦੇਹੁ ਟੁੱਟੀ ਮਿਲੇ। ਸਾਹਿਬ ਕਹਿੰਦੇ ਵਾਹ ਵਾਹ ਖਾਲਸਾ ਧੰਨ ਖਾਲਸਾ ਧੰਨ ਟੁੱਟੀ ਮੇਲੀ ਖਾਲਸੇ ਨੇ। (ਸਾਖੀ ਪ੩।।)

ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਜੀ 'ਨਾਭਾ', ਹੁਰਾਂ ਦੀ ਕ੍ਰਿਤ 'ਮਹਾਨ ਕੋਸ਼' ਅਨੁਸਾਰ

ਸ਼ਹੀਦ ਭਾਈ ਮਹਾਂ ਸਿੰਘ ਜੀ ਨੇ ਪਰਉਪਕਾਰ ਦਾ ਇਹ ਕਾਰਜ, ਵੈਸਾਖ ਸੰਮਤ ੧੭੬੨ ਬਿਕ੍ਰਮੀ ਵਿਚ ਕੀਤਾ ਜਿਸ ਦੀ ਯਾਦ ਵਿਚ ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਮੁਕਤਸਰ ਵਿਖੇ ੨੧ ਵੈਸਾਖ ਨੂੰ ਹਰ ਸਾਲ ਭਾਰੀ ਦੀਵਾਨ ਸਜਦੇ ਹਨ।

ਭਾਈ ਮਹਾਂ ਸਿੰਘ ਜੀ ਪਿੰਡ ਰਟੌਲ, ਜ਼ਿਲ੍ਹਾ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ। ਰਟੌਲ ਵਿਖੇ ਭੀ ਹਰ ਸਾਲ ਆਪ ਦੀ ਯਾਦ ਮਨਾਈ ਜਾਂਦੀ ਦੱਸੀ ਗਈ ਹੈ।

ਸਤਿਗੁਰੂ ਪੰਥ ਦੇ ਆਗੂਆਂ ਨੂੰ ਭਾਈ ਮਹਾਂ ਸਿੰਘ ਜੀ ਦੇ ਪਰਉਪਕਾਰ ਦੇ ਕਾਰਜ ਦੀ ਰੀਸ ਕਰਨ ਦਾ ਉੱਦਮ ਪ੍ਰਦਾਨ ਕਰਨ।

ਭਾਈ ਕਨ੍ਹਈਆ ਜੀ

ਜਿਮ ਸਿੰਘਨਿ ਕੋ ਜਾਇ ਪਿਲਾਵੈ

ਤਿਮ ਤੁਰਕਨ ਕੋ ਨਿਤ ਤ੍ਰਿਪਤਾਵੈ ॥ ੧੯ ॥ (ਗੁ: ਪ੍ਰ: ਸੂ; ਪੰਨਾ ੫੨੯੦)

ਦਰਿਆ ਚਨਾਬ ਕਿਨਾਰੇ, ਵਜ਼ੀਰਾਬਾਦ ਤੋਂ ਪੰਜ ਮੀਲ ਦੀ ਵਾਟ ਇਕ ਪਿੰਡ ਸੋਧਰਾ ਹੈ। ਸੋ ਦਰਵਾਜ਼ੇ ਹੋਣ ਕਾਰਨ ਨਗਰ ਦਾ ਨਾਂ 'ਨੌ ਦਰਾ' ਪਿਆ, ਪਿੱਛੋਂ ਇਹ 'ਸੋਧਰਾ' ਕਹਿਲਾਇਆ। ਉਥੇ ਹੀ ਇਕ 'ਸੋ ਲਖਾ' ਬਾਗ ਵੀ ਹੈ, ਜਿਸ ਤੇ ਉਸ ਸਮੇਂ ਨੌਂ ਲੱਖ ਖ਼ਰਚ ਆਉਣ ਕਾਰਨ ਨੌ ਲਖਾ ਬਾਗ਼ ਸਦਵਾਇਆ। ਉਥੇ ਹੀ ਇਕ ਕੀਮਤੀ ਜਿੰਦ ਭਾਈ ਕਨ੍ਹਈਆ ਜੀ ਦਾ ਜਨਮ ਸੰਨ ੧੬੪੮ ਈ: ਨੂੰ ਹੋਇਆ ਜੋ ਸੇਵਾ ਪੰਥੀ ਸੰਪ੍ਰਦਾਇ ਦੇ ਮੁਖੀ ਦੇ ਤੌਰ 'ਤੇ ਜਗਤ ਭਰ ਵਿਚ ਪ੍ਰਸਿੱਧ ਹੋਏ।

ਗੋਬਿੰਦ ਪਾਉਣ ਲਈ ਘਰੋਂ ਨਿਕਲੇ। ਮਨ ਨੂੰ ਐਸਾ ਮਾਰਿਆ ਕਿ ਹਰਖ-ਸੋਗ ਤੋਂ ਨਿਆਰੇ ਹੋ ਗਏ। ਇਕ ਗੁਰਸਿੱਖ ਨਾਲ ਮੇਲ ਹੋਆ ਤਾਂ ਉਸ ਨੇ ਭਾਈ ਜੀ ਨੂੰ ਕਿਹਾ :

ਤੁਸਾਂ ਗ੍ਰਹਿਸਤ ਤਿਆਗ ਕੇ ਅਤੀਤ ਦਾ ਭੇਖ ਜ਼ਰੂਰ ਲਿਆ ਹੈ ਪਰ ਸੱਚੀ ਬੁੱਧ ਦਾ ਵੀਚਾਰ ਨਹੀਂ ਕੀਤਾ। ਸੱਚੀ ਵਿਚਾਰ ਤੋਂ ਬਗ਼ੈਰ ਮਮਤਾ ਨਹੀਂ ਛੁੱਟਦੀ।

ਅਸਲ ਫ਼ਕੀਰ ਉਹ ਹੀ ਹੈ ਜੋ ਬੰਦਗੀ ਦੇ ਜ਼ੋਰ ਨਾਲ ਮਾਇਆ ਦੀ ਲਾਲਸਾ ਤਿਆਗਦਾ ਹੈ। ਅੰਤਰ ਦਾ ਪਰਚਾ ਨਾਮ ਸਿਉਂ ਕਰਦਾ ਹੈ। ਚਿਤਵਨੀਆਂ ਹੀ ਤਿਆਗ ਦੇਂਦਾ ਹੈ। ਐਸੇ ਫ਼ਕੀਰ ਪਾਸ ਬੈਠੇ ਸਭ ਮੁਕਤ ਹੋ ਜਾਂਦੇ ਹਨ।

ਪਰ ਜੋ ਫ਼ਕੀਰ ਦਾ ਭੇਖ ਪਹਿਨ ਮਨ ਦਾ ਕਿਹਾ ਕਰਦਾ ਹੈ, ਚੋਰ-ਉਚੱਕਾ ਹੈ। ਫ਼ਕੀਰ ਹੋ ਕੇ ਮਾਇਆਧਾਰੀ ਢੂੰਡਦਾ ਹੈ, ਉਹ ਬਾਜ਼ਾਰੀਆ ਹੈ।

ਉਸੇ ਗੁਰਸਿੱਖ ਦੀ ਦੱਸ 'ਤੇ ਆਨੰਦਪੁਰ ਸਾਹਿਬ ਆਏ। ਗੁਰੂ ਤੇਗ਼ ਬਹਾਦਰ ਜੀ ਨੇ ਲਗਾਤਾਰ ਤਿੰਨ ਮਹੀਨੇ ਜਲ ਦੀ ਸੇਵਾ 'ਤੇ ਲਗਾਈ ਰੱਖਿਆ। ਕਈ ਵਾਰੀ ਭਾਈ ਜੀ ਸਾਹਮਣੇ ਹੀ ਉਝੇ ਹੀ ਬਗ਼ੈਰ ਵਰਤੇ ਜਲ ਡੋਲ੍ਹ ਦਿੰਦੇ ਤੇ ਤੱਕਦੇ ਰਹਿੰਦੇ ਕਿ ਉਸ 'ਤੇ ਕੀ ਪ੍ਰਭਾਵ ਪੈਂਦਾ ਹੈ। ਜਦ ਨੌਵੇਂ ਪਾਤਸ਼ਾਹ ਡਿੱਠਾ ਕਿ ਉਹ ਗੁਰੂ ਦੀ ਕਾਰ ਕਮਾਉਂਦੇ ਰਤਾ ਭਰ ਵੀ ਸ਼ੰਕਾ ਨਹੀਂ ਕਰਦੇ ਤਾਂ ਇਕ ਦਿਨ ਉਨ੍ਹਾਂ ਨਜ਼ਰ ਭਰ ਤੱਕਿਆ ਤੇ 'ਸਰੀਰ ਮਹਿ ਅਸਰੀਰ ਦਿਖਾਇ ਦਿੱਤਾ।' ਮਹਾਰਾਜ ਨੇ ਕਿਹਾ: 'ਇਹ ਭਰੋਸਗੀ ਦੀ ਦਾਤ ਤੁਹਾਨੂੰ ਮਿਲੀ ਹੈ, ਹੋਰਨਾਂ ਨੂੰ ਵੀ ਵੰਡੋ।'

ਜਦ ਭਾਈ ਸਾਹਿਬ ਨੇ ਚਰਨਾਂ ਪਾਸ ਹੀ ਟਿਕੇ ਰਹਿਣ ਦੀ ਬੇਨਤੀ ਕੀਤੀ ਤਾਂ ਗੁਰੂ ਜੀ

ਨੇ ਕਿਹਾ :

ਗੁਰੂ ਵਸਤੂ ਬਿਬੇਕ ਹੈ।

ਬਿਬੇਕ ਸਹਿਤ ਜੋ ਕਰਮ ਕਰਨੇ ਹਨ, ਇਹ ਹੀ ਚਰਨਾਂ ਪਾਸ ਰਹਿਣਾ ਹੈ।

ਕਿਸੇ ਜੀਵ ਦਾ ਹਿਰਦਾ ਪ੍ਰਸੰਨ ਕਰਨਾ, ਕਿਸੇ ਨੂੰ ਗੁਰਮਤਿ ਦੀ ਘਾਸੀ ਪਾਉਣੀ, ਇਹ ਹੀ ਗੁਰ-ਸੇਵਾ ਹੈ।

ਭਾਈ ਸਾਹਿਬ ਕੁਝ ਚਿਰ ਅਟਕ ਨੇੜੇ ਕਵੇ ਪਿੰਡ ਧਰਮਸਾਲ ਬਣਾ ਹਰ ਇਕ ਦੀ ਸੇਵਾ ਕਰਦੇ ਰਹੇ। ਭਾਈ ਜੀ ਦਾ ਕਹਿਣਾ ਸੀ :

'ਸਾਡਾ ਪੰਥ ਏਕਤਾ ਦਾ ਹੈ।

ਸਭ ਜੀਅ ਸਾਡੇ ਹਨ।

ਜਲ ਭਰਨ ਵਾਲਾ ਤੇ ਪੀਣ ਵਾਲਾ ਇਕ ਹੀ ਹੈ।'

ਸੇਵਾ ਦੀ ਮਹੱਤਾ ਦ੍ਰਿੜ੍ਹਾਉਂਦੇ ਕਹਿੰਦੇ :

'ਜਿਸ ਤਰ੍ਹਾਂ ਕੋਈ ਸਰਾਫ਼ ਪਾਸੋਂ ਸਰਾਫ਼ੀ ਸਿੱਖਣਾ ਲੋੜੇ ਤਾਂ ਸਿਰਫ਼ ਉਪਦੇਸ਼ ਸੁਣਨ ਨਾਲ ਸਰਾਫ਼ੀ ਨਹੀਂ ਆ ਜਾਣੀ। ਰਹਿਤ ਨਾਲ ਹੀ ਪਰਮਾਤਮਾ ਮਿਲਦਾ ਹੈ। ਨਿਰੇ ਉਪਦੇਸ਼ ਨਾਲ ਤਾਂ ਮਨ ਸਗੋਂ ਢੀਠ ਹੋ ਜਾਂਦਾ ਹੈ, ਠਠਿਆਰਾਂ ਦੀ ਬਿੱਲੀ ਵਾਂਗ। ਮਨ ਦੀ ਮੈਲ ਸੇਵਾ ਹੀ ਉਤਾਰੇਗੀ।'

ਜਦ ਜੰਗਾਂ ਦਾ ਦੌਰ ਕਲਗੀਆਂ ਵਾਲੇ ਵੇਲੇ ਚੱਲ ਪਿਆ ਤਾਂ ਆਪ ਜੀ ਨੇ ਜੰਗ ਵਿਚ ਲੜਦਿਆਂ ਤੇ ਫੱਟੜ ਹੋ ਡਿੱਗਿਆਂ ਨੂੰ ਪਾਣੀ ਪਿਲਾਉਣ ਦੀ ਕਠਿਨ ਕਾਰ ਸੰਭਾਲ ਲਈ। ਖੱਬੇ ਹੱਥ ਚਿੱਟਾ ਝੰਡਾ ਰੱਖ ਲਿਆ। ਕੱਪੜੇ ਵੀ ਸਫ਼ੈਦ ਪਹਿਨ ਲਏ ਤੇ ਮਸ਼ਕ ਚੁੱਕ ਪਾਣੀ ਪਿਲਾਉਣ ਹਰ ਥਾਂ ਪੁੱਜਣ ਲੱਗੇ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਹਿੰਦੂ-ਮੁਸਲਮਾਨ-ਸਿੱਖ ਦੀ ਲੀਕ ਮਿਟ ਚੁੱਕੀ ਸੀ। ਸੂਰਜ ਪ੍ਰਕਾਸ਼ ਨੇ ਲਿਖਿਆ ਹੈ :

ਜਿਮ ਸਿੰਘਨਿ ਕੋ ਜਾਇ ਪਿਲਾਵੈ।
ਤਿਮ ਤੁਰਕਨ ਕੋ ਨਿਤ ਤ੍ਰਿਪਤਾਵੈ॥ ੧੯॥ (ਗੁ: ਪ੍ਰ: ਸੂ; ਪੰਨਾ ੫੮੯੦)

ਸ਼ਿਕਾਇਤਾਂ ਹੋਈਆਂ ਤਾਂ ਆਪ ਜੀ ਨੇ ਕਿਹਾ ਕਿ ਉਸ ਨੇ ਤਾਂ ਕਦੇ ਕਿਸੇ ਤੁਰਕ ਜਾਂ ਸਿੱਖ ਨੂੰ ਨਹੀਂ ਪਿਲਾਇਆ। ਉਹ ਤਾਂ ਹਰ ਥਾਂ ਆਪ ਜੀ ਦਾ ਹੀ ਰੂਪ ਦੇਖਦਾ ਹੈ :

ਜਹਾਂ ਕਹਾਂ ਇਕ ਰੂਪ ਤੁਮਾਰਾ।
ਨਹਿ ਦੂਸਰ ਮੈਂ ਕਹੂੰ ਨਿਹਾਰਾ॥ ੩੩॥
ਸਭ ਮਹਿ ਰਹੇ ਬਿਰਾਜ ਸਮਾਨਾ।
ਸ਼ੱਤ੍ਰ ਮਿੱਤ੍ਰ ਕੋ ਜਾਇ ਨ ਜਾਨਾ।
ਸਭਿ ਥਲ ਤੁਮਰੋ ਰੂਪ ਨਿਹਾਰੋਂ।
ਭੇਦ ਭਿੰਨ ਕੋ ਨਹੀ ਬਿਚਾਰੋ॥ ੩੪॥ (ਗੁ: ਪ੍ਰ: ਸੂ; ਪੰਨਾ ੫੮੯੦)
ਮੋ ਕੋ ਤੋ ਇਮ ਹੀ ਦ੍ਰਿਸ਼ਟਾਵੈ।

ਤੁਮ ਬਿਨ ਦੂਸਰ ਨਦਰ ਨ ਆਵੈ। ੩੫। *(ਰੁਤ ਛੇਵੀਂ, ਅਧਿਆਇ ੨੯)*

ਮਹਾਰਾਜ ਪ੍ਰਸੰਨ ਹੋਏ ਤੇ ਸਭ ਨੂੰ ਕਿਹਾ ਕਿ ਇਸ ਨੂੰ ਕੋਈ ਨਾ ਵਰਜੇ ਤੇ ਨਾ ਹੀ ਕੋਈ ਇਨ੍ਹਾਂ ਦੀ ਕਰਣੀ 'ਤੇ ਸ਼ੱਕ ਕਰੇ :

ਇਸ ਕੋ ਕਿਸ ਬਿਧ ਕਹੋ ਨ ਕੋਈ।
ਕਰੈ ਜਥੇ ਚਿਤ ਜਿਮ ਉਰ ਹੋਈ।

ਰਤਨ ਮਾਲ ਦੇ ਸ਼ਬਦਾਂ ਵਿਚ : ਭਾਈ ਜੀ ਸਿੰਘਾਂ ਬੀਚ ਭੀ ਅਤੇ ਤੁਰਕਾਂ ਬੀਚ ਭੀ ਬਿਚਰਦੇ :

"ਕੋਈ ਇਸ ਕੋ ਅਟਕਾਵੈ ਨਾਹੀ।
ਨਿਸ਼ੰਕ ਹੀ ਫਿਰੇ।
ਇਕ ਸਮਾਨ ਸਭੀ ਕੋ ਜਾਨ ਕੈ ਸੇਵਾ ਬੜੇ ਪ੍ਰੇਮ ਸੇ ਕਰਹਿ। ਅਰ ਸਾਧ ਜਾਣ ਕੈ ਸਭੀ ਨਮਸਕਾਰ ਕਰੈਂ। ਕੋਈ ਇਸ ਕੋ ਦੁਖਾਵੈ ਨਾਹੀ।"

ਆਪ ਜੀ ਕਿਹਾ ਕਰਦੇ ਕਿ 'ਤਨ ਮਨ ਧਨ' ਨਾਲ ਸਿਮਰਨ ਕਰਨਾ ਹੀ ਸਿੱਖੀ ਹੈ। ਇਸ ਦੀ ਵਿਆਖਿਆ ਕਰਦੇ ਕਹਿੰਦੇ :

ਤਨ ਦਾ ਸਿਮਰਨ ਹੈ, ਸੰਗਤ ਵਿਚ ਜਾ ਕੇ ਕੀਰਤਨ ਸੁਣਨਾ, ਸੁਣਾਉਣਾ, ਇੰਦਰੀ ਵੱਸ ਕਰਨਾ, ਕਾਮਾਦਿਕ ਨੂੰ ਰੋਕਣਾ, ਸੰਜਮ ਵਿਚ ਵਿਚਰਨਾ। ਸੁਆਦਾਂ ਪਿੱਛੇ ਨਾ ਜਾਣਾ। ਜੋ ਕਮਾਉਣਾ, ਜਿਹਾ ਆਪਣੇ ਲਈ ਵਰਤਣਾ ਤੇਹਾ ਦੂਜੇ ਦੀ ਲੋੜ ਪੂਰਿਆਂ ਕਰਨ ਲਈ ਲਗਾਉਣਾ :

'ਭਗਵਤ ਅਰਥ ਉਤਾਰੈ ਧਨਾ।
ਕਿਆ ਪਰ ਕਾ, ਕਿਆ ਅਪਨਾ ਤਨਾ।'

ਮਨ ਦਾ ਸਿਮਰਨ ਹੈ : ਜੇ ਤਨ ਰੁਕੇ ਵੀ, ਆਲਸ ਵਿਚ ਆਏ, ਨਿਸਲ ਨਾ ਹੋਣ ਦੇਵੇ। ਮਨ ਨੂੰ ਹੱਲਾਸ਼ੇਰੀ ਦੇਹ ਤਨ ਨੂੰ ਵਾਹਿਗੁਰੂ ਵੱਲ ਲਗਾਵੇ।

ਜਿਵੇਂ ਜੰਗ ਵਿਚ ਜੂਝਣ ਸਮੇਂ ਜੋਧਾ ਸਿਰਫ ਲੜਨ-ਭਿੜਨ ਦੀ ਸੋਚਦਾ ਹੈ। ਉਹ ਚੂਕਿਆ ਨਹੀਂ ਤੇ ਮਰਿਆ ਨਹੀਂ। ਇਸ ਤਰ੍ਹਾਂ ਮਨ ਨੂੰ ਪਰਮਾਤਮਾ ਵੱਲੋਂ ਚੁਕਣ ਨਾ ਦੇਵੇ।

ਦਿਲ ਦੀ ਕਿਤਾਬ 'ਤੇ ਦੂਜਾ ਹੋਰ ਹਰਫ਼ ਲਿਖਣ ਨਾ ਦੇਵੇ। ਸਫਲ ਪੁਰਖ ਉਹ ਹੀ ਹੈ ਜਿਸ ਤਨ ਮਨ ਧਨ ਨਾਲ ਸਿਮਰਨ ਕੀਤਾ ਹੈ।

ਭਾਈ ਜੋਗਾ ਸਿੰਘ

ਭਾਈ ਜੋਗਾ ਸਿੰਘ ਜੀ ਪਸ਼ੌਰ ਦੇ ਰਹਿਣ ਵਾਲੇ ਇਕ ਪੂਰਨ-ਗੁਰ-ਸਿੱਖ ਸਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਰਹਿੰਦੇ ਸਨ। ਇਹ ਉਸ ਵੇਲੇ ਭਰ ਜੁਆਨੀ ਵਿਚ ਸਨ ਅਤੇ ਇਨ੍ਹਾਂ ਦੀ ਸ਼ਖ਼ਸੀਅਤ ਪ੍ਰਭਾਵਸ਼ਾਲੀ ਸੀ। ਇਕ ਵਾਰੀ ਇਹ ਆਪਣੇ ਆਨੰਦ ਕਾਰਜ ਲਈ ਪਸ਼ੌਰ ਗਿਆ ਹੋਇਆ ਸੀ। ਦੱਸਿਆ ਜਾਂਦਾ ਹੈ ਕਿ ਜਦੋਂ ਇਨ੍ਹਾਂ ਦੇ ਆਨੰਦ ਕਾਰਜ ਦੀਆਂ ਦੋ ਲਾਵਾਂ ਹੀ ਪੂਰੀਆਂ ਹੋਈਆਂ ਸਨ ਤਾਂ ਇਨ੍ਹਾਂ ਨੂੰ ਗੁਰੂ ਜੀ ਦਾ ਵਾਪਸ ਆਨੰਦਪੁਰ ਸਾਹਿਬ ਆਉਣ ਦਾ ਸੱਦਾ ਮਿਲਿਆ। ਇਸ 'ਤੇ ਇਹ ਆਪਣੀ ਸ਼ਾਦੀ ਵਿਚ-ਵਿਚਾਲੇ ਛੱਡ ਅਨੰਦਪੁਰ ਸਾਹਿਬ ਵੱਲ ਟੁਰ ਪਏ। ਹੁਸ਼ਿਆਰਪੁਰ ਪੁੱਜਣ 'ਤੇ ਹਨ੍ਹੇਰਾ ਹੋ ਗਿਆ ਤੇ ਰਾਤ ਉਥੇ ਹੀ ਬਿਤਾਉਣ ਦੀ ਸੋਚੀ।

ਸ੍ਰ. ਜੋਗਿੰਦਰ ਸਿੰਘ ਸੇਠੀ (ਬੰਬਈ), ਆਪਣੀ ਪੁਸਤਕ "ਹਰਿ ਚਉਥੜੀ ਲਾਵ" ਵਿਚ ਲਿਖਦਾ ਹੈ:

> ਇਸ ਸ਼ਹਿਰ ਵਿਚ ਇਕ ਵੇਸਵਾ ਆਪ ਜੀ 'ਤੇ ਮੋਹਿਤ ਹੋ ਗਈ ਤੇ ਭਾਈ ਜੀ ਨੂੰ ਰਾਤ ਆਪਣੇ ਘਰ ਕੱਟਣ ਲਈ ਬੇਨਤੀ ਕੀਤੀ ... ਆਪ ਜੀ ਨੂੰ ਵੇਸਵਾ ਦੀ ਬੇਨਤੀ ਮੰਨਣ ਵਿਚ ਕੁਝ ਗਲਤ ਨਾ ਲੱਗਾ। ਆਪ ਨੂੰ ਆਪਣੇ ਅਤੇ ਗੁਰੂ 'ਤੇ ਪੂਰਨ ਭਰੋਸਾ ਸੀ। ਇਸ ਲਈ ਵੇਸਵਾ ਕੋਲੋਂ ਡਰਨ-ਡੁਰਨ ਦਾ ਕੋਈ ਸਵਾਲ ਹੀ ਨਹੀਂ ਸੀ। ਆਪ ਜੀ ਨੇ 'ਮਨ ਹੀ ਮਾਹਿ ਉਦਾਸੀ' ਵਾਲੀ ਜੁਗਤ ਸਿੱਖ ਲਈ ਸੀ। ਵੇਸਵਾ ਨੇ ਬੜੀ ਸੇਵਾ ਕੀਤੀ, ਸਵਾਦਲਾ ਖਾਣਾ ਖੁਆਇਆ, ਗਾਣਾ ਸੁਣਾਇਆ, ਨਾਚ ਦਿਖਾਇਆ। ਪਰ ਭਾਈ ਜੀ ਸ਼ਾਂਤ ਚਿੱਤ ਸਭ ਦੇਖਦੇ ਰਹੇ। ਗੁਰੂ ਗੋਬਿੰਦ ਸਿੰਘ ਜੀ ਆਪ ਉਸ ਦੇ ਮਨ 'ਤੇ ਪਹਿਰਾ ਦੇ ਰਹੇ ਸਨ ਕਿਉਂਕਿ ਸਿੱਖ ਦਾ ਸਰੀਰ ਇਥੇ ਸੀ ਪਰ ਮਨ ਗੁਰੂ-ਚਰਨਾਂ ਵਿਚ ਸੀ। ਉਸ ਵੇਸਵਾ ਨੇ ਭਾਈ ਸਾਹਿਬ ਨੂੰ ਲੁਭਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਭਾਈ ਸਾਹਿਬ ਸਭ ਦੇਖਦੇ ਰਹੇ ਪਰ ਮਨ 'ਤੇ ਕੋਈ ਪ੍ਰਭਾਵ ਨਹੀਂ ਲਿਆ। ਆਪ ਜੀ ਨੇ ਉਸ ਦੇ ਨੱਚਣ ਗਾਣ ਨੂੰ ਨਾ ਚੰਗਾ ਕਿਹਾ, ਨਾ ਮੰਦਾ। ਆਪ ਜੀ ਨੇ ਨ ਵਾਹ-ਵਾਹ ਕੀਤੀ ਨ ਨਿੰਦਾ। ਵੇਸਵਾ ਅਖੀਰ ਹਾਰ ਗਈ ਕਿਉਂਕਿ ਉਸ ਦੇ ਫੁਸਲਾਉਣ ਦੇ ਸਾਰੇ ਯਤਨ ਨਿਸਫਲ ਗਏ। ਉਹ ਕ੍ਰੋਧ ਵਿਚ ਆ ਗਈ ਤੇ ਉਸ ਨੇ ਭਾਈ ਜੀ ਨੂੰ ਬੁਰਾ-ਭਲਾ ਕਿਹਾ, ਪਰ ਭਾਈ ਜੀ ਫਿਰ ਵੀ ਪ੍ਰਭਾਵਿਤ ਨਹੀਂ ਹੋਏ"। (ਪੰਨਾ ੯੧)

ਇਸ ਤਰ੍ਹਾਂ ਦੀ ਇਕ ਹੋਰ ਕਹਾਣੀ ਆਮ ਸੁਣੀਂਦੀ ਹੈ। ਸਾਡੇ ਗਿਆਨੀ, ਪਰਚਾਰਕ,

ਗ੍ਰੰਥੀ ਸ਼ਾਇਦ ਸੰਗਤ ਨੂੰ ਪ੍ਰਭਾਵਤ ਕਰਨ ਲਈ ਸੁਣਾਂਦੇ ਹਨ। ਜਿਥੇ ਤਕ ਦੋ ਲਾਵਾਂ ਪੂਰੀਆਂ ਹੋਣ 'ਤੇ ਹੁਕਮ ਮਿਲਦਿਆਂ ਹੀ ਆਨੰਦਪੁਰ ਸਾਹਿਬ ਵੱਲ ਚੱਲ ਪੈਣਾ ਹੈ, ਇਹ ਦੋਵਾਂ ਕਥਾਵਾਂ ਵਿਚ ਸਾਂਝਾ ਹੈ। ਇਸ ਦੂਜੀ ਕਹਾਣੀ ਅਨੁਸਾਰ ਜਦੋਂ ਭਾਈ ਜੋਗਾ ਸਿੰਘ ਨੂੰ ਹੁਸ਼ਿਆਰਪੁਰ ਪੁੱਜਣ 'ਤੇ ਹਨ੍ਹੇਰਾ ਪੈ ਗਿਆ ਤਾਂ ਉਸ ਨੇ ਰਾਤ ਉਥੇ ਹੀ ਬਤੀਤ ਕਰਨ ਦਾ ਮਨ ਬਣਾ ਲਿਆ। ਕੁਝ ਰਾਤ ਗਈ, ਭਾਈ ਜੋਗਾ ਸਿੰਘ ਦਾ ਕਿਸੇ ਵੇਸਵਾ ਦੇ ਕੋਠੇ ਜਾਣ ਦਾ ਖਿਆਲ ਆਇਆ ਤੇ ਉਹ ਉਧਰ ਨੂੰ ਚੱਲ ਪਿਆ। ਇਹਨਾਂ ਗੁਣੀ-ਗਿਆਨੀਆਂ ਅਨੁਸਾਰ, ਜਦੋਂ ਭਾਈ ਜੋਗਾ ਸਿੰਘ ਵੇਸਵਾ ਦੇ ਕੋਠੇ ਦੀਆਂ ਪੌੜੀਆਂ ਚੜ੍ਹਨ ਲੱਗਾ ਤਾਂ ਸਾਹਮਣੇ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਖਲੋਤੇ ਦਾ "ਝਾਉਲਾ" ਪਿਆ ਤੇ ਜੋਗਾ ਸਿੰਘ ਵਾਪਸ ਪਰਤ ਆਇਆ। ਇਸ ਉਪਰੰਤ ਉਸ ਨੇ ਕੋਠੇ 'ਤੇ ਪੁੱਜਣ ਦੀ ਜਦੋਂ ਵੀ ਕੋਸ਼ਿਸ਼ ਕੀਤੀ, ਇੰਜ ਹੀ ਦਸਮੇਸ਼ ਜੀ ਦਾ ਝਾਉਲਾ ਪੈਣ 'ਤੇ ਉਹ ਵਾਪਸ ਮੁੜ ਜਾਂਦਾ ਰਿਹਾ। ਆਖਰ ਜੋਗਾ ਸਿੰਘ ਨੇ ਇਹ ਇਰਾਦਾ ਬਦਲ ਲਿਆ ਤੇ ਰਾਤ ਬਿਤਾਉਣ ਵਾਲੇ ਡੇਰੇ ਵਾਪਸ ਚਲਾ ਗਿਆ।

ਇਹ ਦੋਵੇਂ ਕਹਾਣੀਆਂ ਮਨਘੜਤ ਲੱਗਦੀਆਂ ਹਨ ਅਤੇ ਇਨ੍ਹਾਂ ਦਾ ਸੰਗਤ ਉਪਰ ਕੀ ਅਸਰ ਪੈ ਸਕਦਾ ਹੈ, ਨੂੰ ਵਿਚਾਰੇ ਬਗੈਰ ਹੀ ਇਹ ਕਹਾਣੀਆਂ ਦੱਸੀਆਂ ਜਾਂਦੀਆਂ ਹਨ। ਮੈਂ ਸੋਚਦਾ ਹਾਂ ਕਿ ਗੁਰੂ ਜੀ ਦਾ ਐਸਾ ਸਿੱਖ ਜੋ ਉਹਨਾਂ ਦੀ ਸੇਵਾ ਵਿਚ ਰਹਿ ਰਿਹਾ ਹੋਵੇ, ਸਿੱਖੀ ਅਸੂਲਾਂ ਤੋਂ ਜਾਣੂ ਹੋਵੇ, ਸਿੱਖੀ ਵਿਚ ਕੁਰਹਿਤਾਂ ਬਾਰੇ ਜਾਣਦਾ ਹੋਵੇ, ਆਪਣੇ ਗੁਰੂ ਦੀ ਆਗਿਆ ਮਿਲਦਿਆਂ ਹੀ ਆਪਣਾ ਵਿਆਹ ਅਧੂਰਾ ਹੀ ਛੱਡ ਗੁਰੂ ਜੀ ਵੱਲ ਚਾਲੇ ਪਾ ਦੇਵੇ, ਕੀ ਉਹ ਐਸੀ ਹਰਕਤ ਬਾਰੇ ਸੋਚ ਸਕਦਾ ਹੈ ਕਿ ਉਹ ਪਰ-ਨਾਰੀ ਦੀ ਸੇਜ 'ਤੇ ਜਾਵੇ? ਬਿਲਕੁਲ ਨਹੀਂ। ਐਸੀਆਂ ਕਹਾਣੀਆਂ ਗੁਰਮੁਖਾਂ ਦੇ ਆਚਰਨ ਬਾਰੇ ਸ਼ੱਕ ਪੈਦਾ ਕਰਦੀਆਂ ਹਨ। ਜਿਥੇ ਇਹ ਉਹਦੇ ਆਚਰਨ 'ਤੇ ਸੱਟ ਮਾਰਨ ਹੈ, ਉਥੇ ਸਿੱਖ ਇਤਿਹਾਸ ਲਈ ਗਲਤ ਪੈੜਾਂ ਪਾਉਣਾ ਹੈ।

ਬਾਬਾ ਬੰਦਾ ਸਿੰਘ ਬਹਾਦਰ

ਸਿੱਖ ਗੁਰੂ ਸਾਹਿਬਾਨ ਦੁਆਰਾ ਚਲਾਇਆ ਗਿਆ ਧਰਮ ਅੰਦੋਲਨ ਜੋ ਬੰਦਾ ਸਿੰਘ ਬਹਾਦਰ ਦੇ ਸਮੇਂ ਰਾਜਨੀਤਕ ਮੋੜ ਮੁੜ ਗਿਆ, ਸਿੱਖ ਧਰਮ ਵਿਚ ਇਕ ਮਹਾਨ ਕ੍ਰਾਂਤੀ ਸੀ। ਇਹੀ ਕਾਰਨ ਸੀ ਕਿ ਸਮਕਾਲੀ ਅਤੇ ਨਿਕਟ ਸਮਕਾਲੀ ਫਾਰਸੀ ਦੇ ਲੇਖਕਾਂ ਨੇ ਅਜੇਹੀ ਘਿਰਨਾ ਕਿਸੇ ਵੀ ਇਤਿਹਾਸਕ ਸ਼ਖ਼ਸੀਅਤ ਲਈ ਰੂਪਮਾਨ ਨਹੀਂ ਕੀਤੀ ਜਿੰਨੀ ਬੰਦਾ ਸਿੰਘ ਬਹਾਦਰ ਲਈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਉਹਨਾਂ ਵਿਅਕਤੀਆਂ ਦੇ ਹੱਥੋਂ ਜਿਨ੍ਹਾਂ ਦੀ ਬੰਦਾ ਸਿੰਘ ਬਹਾਦਰ ਦੁਆਰਾ ਤਬਾਹੀ ਕੀਤੀ ਗਈ ਹੋਵੇ, ਪ੍ਰਸੰਸਾ ਕਰਨੀ ਜਾਂ ਸੁਣਨੀ ਅਸੰਭਵ ਸੀ। ਥੋਰਨਟਨ ਨੇ ਆਪਣੀ ਰਚਨਾ *ਹਿਸਟਰੀ ਆਫ ਦਾ ਪੰਜਾਬ* ਵਿਚ ਠੀਕ ਹੀ ਤਾਂ ਕਿਹਾ ਹੈ ਕਿ ਅਜੇਹੇ ਵਿਅਕਤੀਆਂ ਦਾ ਪੂਰਨ ਰੂਪ ਵਿਚ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਉਹ ਬੰਦਾ ਸਿੰਘ ਬਹਾਦਰ ਨੂੰ ਇਕ ਦਾਨਵ ਜਾਂ ਦੁਰਆਤਮਾ ਦੇ ਰੂਪ ਵਿਚ ਪੇਸ਼ ਕਰਦੇ ਹਨ, ਪਰੰਤੂ ਇਤਿਹਾਸਕ ਸੰਦਰਭ ਵਿਚ ਦੇਖਣ ਤੋਂ ਪਤਾ ਚਲਦਾ ਹੈ ਕਿ ਬੰਦਾ ਸਿੰਘ ਬਹਾਦਰ ਸਬੰਧੀ ਅਜੇਹੀ ਕੋਈ ਗੱਲ ਨਹੀਂ ਸੀ। *ਸੀਅਰਲ ਮੁਤਾਖਰੀਂ* ਦਾ ਕਰਤਾ ਲਿਖਦਾ ਹੈ ਕਿ ਬੰਦਾ ਸਿੰਘ ਬਹਾਦਰ ਦੇ ਆਚਰਨ ਸਬੰਧੀ ਨਿਸਚੇ ਹੀ ਇਹ ਕਿਹਾ ਜਾ ਸਕਦਾ ਹੈ ਕਿ ਆਪਣੇ ਵੈਰੀ ਨਾਲ ਵੀ ਉਹ ਨੇਕੀ ਅਤੇ ਤੀਖਣਤਾ ਨਾਲ ਪੇਸ਼ ਆਉਂਦਾ। ਇਥੋਂ ਤਕ ਕਿ ਬਹੁਤ ਸਾਰੇ ਲਿਖਾਰੀ ਬੰਦਾ ਸਿੰਘ ਬਹਾਦਰ ਦੇ ਸੁਭਾਅ ਦੇ ਸੀਤਲਤਾ ਅਤੇ ਦਲੇਰੀ ਦੇ ਗੁਣਾਂ ਸਬੰਧੀ ਖੁਲ੍ਹ ਕੇ ਗੱਲ ਕਰਦੇ ਹਨ। ਅਸਲ ਵਿਚ ਬੰਦਾ ਸਿੰਘ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਨਾਲ ਮੁਲਾਕਾਤ ਦੇ ਸਮੇਂ ਤੋਂ ਆਪਣੀ ਸ਼ਹੀਦੀ ਤਕ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਦਾ ਪੈਰੋਕਾਰ ਰਿਹਾ।

ਬੰਦਾ ਸਿੰਘ ਬਹਾਦਰ ਦਾ ਜਨਮ ੧੭ ਅਕਤੂਬਰ, ੧੬੭੦ ਈ: ਵਿਚ ਜ਼ਿਲ੍ਹਾ ਪੁੰਛ ਵਿਚ ਪਿੰਡ ਰਜੌਰੀ ਦੇ ਅਸਥਾਨ ਉਤੇ ਇਕ ਰਾਜਪੂਤ ਕਿਸਾਨ ਨਾਮ ਦੇਵ ਦੇ ਘਰ ਹੋਇਆ ਜਿਸ ਨੇ ਇਸ ਦਾ ਨਾਮ ਲਛਮਣ ਦਾਸ ਰੱਖਿਆ। ਇਕ ਰਵਾਇਤ ਅਨੁਸਾਰ ਇਕ ਵਾਰੀ ਉਸਨੇ ਇਕ ਗਰਭਵਤੀ ਹਿਰਨੀ ਦਾ ਸ਼ਿਕਾਰ ਕੀਤਾ ਜੋ ਉਸ ਦੇ ਸਾਹਮਣੇ ਆਪਣੇ ਬੱਚਿਆਂ ਸਹਿਤ, ਤੜਫ ਤੜਫ ਕੇ ਜਾਨ ਦੇ ਗਈ। ਇਸ ਦਰਦਨਾਕ ਘਟਨਾ ਦਾ ਉਸ ਉਤੇ ਇਤਨਾ ਪ੍ਰਭਾਵ ਪਿਆ ਕੇ ਉਸ ਨੇ ਤਿਆਗੀ ਜੀਵਨ ਬਤੀਤ ਕਰਨ ਦਾ ਨਿਸ਼ਚਾ ਕੀਤਾ। ਉਸ ਨੇ ਆਪਣਾ ਨਾਂ ਬਦਲ ਕੇ ਮਾਧੋ ਦਾਸ ਰੱਖਿਆ ਅਤੇ ਧਾਰਮਿਕ ਕਰਤੱਵਾਂ ਨੂੰ ਨਿਭਾਉਂਦਾ ਹੋਇਆ ਗੋਦਾਵਰੀ ਤੇ ਕੰਢੇ ਉਤੇ ਨਾਸਕ ਦੇ ਅਸਥਾਨ ਉਤੇ ਜਾ ਪੁੱਜਾ। ਉਹ ਅਮਰ ਨਾਮੀ ਜੋਗੀ ਦਾ ਚੇਲਾ ਬਣ ਗਿਆ ਜਿਸ ਨੇ ਉਸ ਨੂੰ ਮੰਤਰ ਵਿਦਿਆ ਸਿਖਾਈ। ਕੁਝ ਦੇਰ ਪਿਛੋਂ ਜੋਗੀ ਦੇ

ਪ੍ਰਲੋਕ ਸਿਧਾਰਨ ਉਪਰੰਤ ਉਹ ਨੰਦੇੜ ਜਾ ਪੁੱਜਾ ਅਤੇ ਉਥੇ ਆਪਣੇ ਮੱਠ ਨੂੰ ਸਥਾਪਿਤ ਕੀਤਾ। ਮਾਧੋ ਦਾਸ ਉਥੇ ਜਾਦੂ-ਮੰਤਰ ਆਦਿ ਦਾ ਆਸਰਾ ਲੈ ਯਾਤਰੀਆਂ ਨੂੰ ਭਰਮਾਉਂਦਾ। ਸਤੰਬਰ ੧੭੦੮ ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੰਦੇੜ ਪੁੱਜੇ। ਗੁਰੂ ਸਾਹਿਬ ਦੇ ਨਾਲ ਵੀ ਉਸ ਨੇ ਅਜਿਹਾ ਵਿਵਹਾਰ ਕਰਨ ਦਾ ਯਤਨ ਕੀਤਾ। ਅਹਿਮਦ ਸ਼ਾਹ ਬਟਾਲੀਆ ਆਪਣੀ ਰਚਨਾ *ਤਾਰੀਖ-ਏ-ਹਿੰਦ* ਦੇ ਇਕ ਅਧਿਆਏ *ਜ਼ਿਕਰ-ਏ-ਗੁਰੂਆਂ ਵਾ ਇਬਤਿਦਾ-ਏ-ਸਿੰਘਾਂ ਵਾ ਮਜ਼ਹਬ-ਏ-ਏਸ਼ਾਂ* ਵਿਚ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨਾਲ ਬੰਦਾ ਬਹਾਦਰ ਜੀ ਦੀ ਉਸ ਦੇ ਮੱਠ ਵਿਚ ਨੰਦੇੜ ਵਿਖੇ ਨਿਮਨ-ਲਿਖਤ ਗੱਲਬਾਤ ਹੋਈ :

ਮਾਧੋ ਦਾਸ:	ਤੁਸੀਂ ਕੌਣ ਹੋ?
ਗੁਰੂ ਗੋਬਿੰਦ ਸਿੰਘ:	ਜਿਸ ਨੂੰ ਤੁਸੀਂ ਜਾਣਦੇ ਹੋ।
ਮਾਧੋ ਦਾਸ:	ਮੈਂ ਕੀ ਜਾਣਦਾ ਹਾਂ?
ਗੁਰੂ ਗੋਬਿੰਦ ਸਿੰਘ:	ਇਸ ਉਤੇ ਵਿਚਾਰ ਕਰੋ।
ਮਾਧੋ ਦਾਸ:	ਸੋ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਹੋ।
ਗੁਰੂ ਗੋਬਿੰਦ ਸਿੰਘ:	ਹਾਂ।
ਮਾਧੋ ਦਾਸ:	ਤੁਸੀਂ ਇਥੇ ਕਿਸ ਮੰਤਵ ਲਈ ਆਏ ਹੋ?
ਗੁਰੂ ਗੋਬਿੰਦ ਸਿੰਘ :	ਮੈਂ ਤੈਨੂੰ ਆਪਣਾ ਚੇਲਾ ਬਣਾਉਣ ਆਇਆ ਹਾਂ।
ਮਾਧੋ ਦਾਸ :	ਮੈਂ ਤੁਹਾਡੀ ਸ਼ਰਨ ਸਵੀਕਾਰ ਕਰਦਾ ਹਾਂ।

ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਨਾਲ ਸੰਘਰਸ਼ ਆਰੰਭਣ ਹਿੱਤ ਬੰਦਾ ਬਹਾਦਰ ਨੂੰ ਅੰਮ੍ਰਿਤ ਛਕਾ ਕੇ ਇਕ ਨਗਾਰਾ, ਝੰਡਾ ਅਤੇ ਪੰਜ ਤੀਰ ਆਪਣੇ ਤੀਰ ਕਮਾਨ ਵਿਚੋਂ ਕੱਢ ਕੇ ਦਿੱਤੇ ਅਤੇ ਪੰਜਾਬ ਨੂੰ ਰਵਾਨਾ ਕੀਤਾ। ਰਵਾਇਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਬਹਾਦਰ ਨੂੰ ਤਾਕੀਦ ਕੀਤੀ ਕਿ ਉਹ ਆਚਰਣ ਵਿਚ ਸਚਿਆਰਾ ਰਹੇ। ਉਹ ਆਪਣੇ ਆਪ ਨੂੰ ਖਾਲਸੇ ਦਾ ਸੇਵਕ ਜਾਣਦਾ ਹੋਇਆ ਪੰਜ ਪਿਆਰਿਆਂ ਦੀ ਸਲਾਹ ਉਤੇ ਚੱਲੇ।

ਗੁਰੂ ਸਾਹਿਬ ਨੇ ਆਪਣੇ ਸਿੰਘਾਂ ਦੇ ਨਾਮ ਬੰਦਾ ਸਿੰਘ ਬਹਾਦਰ ਨੂੰ ਕੁਝ ਹੁਕਮਨਾਮੇ ਵੀ ਦਿੱਤੇ ਤਾਂ ਜੋ ਉਹ ਪੰਜਾਬ ਵਿਚ ਉਸ ਦੁਆਲੇ ਇਕੱਤਰ ਹੋ ਸਕਣ। ਬਾਬਾ ਬੰਦਾ ਸਿੰਘ ਬਹਾਦਰ ਨੇ ਖੜਖਾਉਂਦੇ ਪ੍ਰਗਨੇ ਵਿਚ ਪਹੁੰਚ ਕੇ ਇਹ ਹੁਕਮਨਾਮੇ ਆਗੂ ਸਿੰਘਾਂ ਦੇ ਨਾਂ ਭੇਜ ਦਿੱਤੇ। ਉਸ ਨੇ ਉਨ੍ਹਾਂ ਨੂੰ ਜ਼ੁਲਮ ਦਾ ਨਾਸ਼ ਕਰਨ ਅਤੇ ਵਜ਼ੀਰ ਖਾਂ ਅਤੇ ਪਹਾੜੀ ਰਾਜਿਆਂ ਦੁਆਰਾ ਕੀਤੇ ਗਏ ਅਤਿਆਚਾਰਾਂ ਦੀ ਸਜ਼ਾ ਦੇਣ ਲਈ ਸੁਨੇਹੇ ਭੇਜੇ। ਕਿਹਾ ਜਾਂਦਾ ਹੈ ਕਿ ਛੇਤੀ ਹੀ ਬਹੁਤ ਸਾਰੇ ਸਿੰਘ, ਬੰਦਾ ਸਿੰਘ ਬਹਾਦਰ ਦੇ ਝੰਡੇ ਹੇਠ ਇਕੱਤਰ ਹੋ ਗਏ, ਜਿਨ੍ਹਾਂ ਨੂੰ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਦੀ ਤਰਫ ਕੂਚ ਕੀਤਾ ਅਤੇ ਮੁਸਲਮਾਨਾਂ ਦੇ ਚੋਣਵੇਂ ਸਥਾਨਾਂ ਨੂੰ ਤਬਾਹ ਕੀਤਾ। ੨੬ ਨਵੰਬਰ, ੧੭੦੯ ਨੂੰ ਉਸ ਨੇ ਸਮਾਣਾ ਵਿਖੇ, ਜੋ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਵਾਲੇ ਜੱਲਾਦਜਲਾਲ-ਉਦ-ਦੀਨ ਦਾ ਨਿਵਾਸ ਅਸਥਾਨ ਸੀ, ਫਤਹਿ ਕੀਤਾ। ਇਸ ਉਪਰੰਤ ਸ਼ਾਹਬਾਦ, ਡਸਕਾ, ਮੁਸਤਫਾਬਾਦ ਆਦਿ ਇਲਾਕਿਆਂ ਨੂੰ ਸੋਧਿਆ।

ਕਪੂਰੀ ਦੇ ਕਸਬੇ ਦਾ ਕਦਾਮ-ਉਦ-ਦੀਨ ਜੋ ਸਿੰਘਾਂ ਵਿਰੁੱਧ ਲੁੱਟ-ਮਾਰ ਕਰਨ ਹਿੱਤ

ਮੁਹਿੰਮਾਂ ਭੇਜਦਾ ਸੀ, ਨੂੰ ਵੀ ਮਾਰ ਮੁਕਾਇਆ, ਜਿਸ ਉਪਰੰਤ ਬੰਦੇ ਨੇ ਸਢੌਰੇ ਵੱਲ ਧਿਆਨ ਕੀਤਾ। ਸਢੌਰਾ ਹਿੰਦੂਆਂ ਵਿਰੁੱਧ ਜ਼ੁਲਮ ਢਾਹੁਣ ਦਾ ਇਕ ਬਦਨਾਮ ਕੇਂਦਰ ਸੀ। ਉਥੋਂ ਦੇ ਹਾਕਮ ਅਸਮਾਨ ਖਾਂ ਦੀ ਵੀ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਹਾਇਕ ਬੁੱਧੂ ਸ਼ਾਹ ਨੂੰ ਮਾਰ ਮੁਕਾਇਆ ਸੀ, ਅਲਖ ਮਿਟਾਈ ਗਈ। ਬੰਦਾ ਬਹਾਦਰ ਦੀਆਂ ਇਨ੍ਹਾਂ ਜਿੱਤਾਂ ਦੇ ਕਾਰਨ ਸਥਾਨਕ ਕਿਸਾਨ ਉਸ ਦੇ ਨਾਲ ਹੋ ਗਏ। ਸਢੌਰੇ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਖਲਸ ਖਾਂ ਦੇ ਕਿਲ੍ਹੇ ਉਤੇ ਜਿੱਤ ਪ੍ਰਾਪਤ ਕੀਤੀ। ਇਸ ਦੌਰਾਨ ਮਾਲਵੇ ਤੇ ਮਾਝੇ ਦੇ ਸਿੱਖ ਵੀ ਬੰਦਾ ਸਿੰਘ ਬਹਾਦਰ ਨਾਲ ਮਿਲ ਗਏ।

ਸਰਹਿੰਦ ਨੂੰ ਉਸ ਸਮੇਂ ਇਸ ਲਈ ਦੁਰਕਾਰਿਆ ਗਿਆ ਕਿ ਉਥੇ ਵਜ਼ੀਰ ਖਾਂ ਦੁਆਰਾ ਗੁਰੂ ਸਾਹਿਬ ਦੇ ਦੋ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਗਿਆ ਸੀ। ਬੰਦਾ ਸਿੰਘ ਬਹਾਦਰ ਆਪਣੇ ਨਾਲ ਗੁਰੂ ਗੋਬਿੰਦ ਸਿੰਘ ਦੇ ਇਕੱਤਰ ਹੋਏ ਸ਼ਰਧਾਲੂਆਂ—ਫੂਲ ਪਰਿਵਾਰ ਦੇ ਰਾਮਾ ਤੇ ਤ੍ਰਿਲੋਕਾ ਦੁਆਰਾ ਭੇਜੀ ਕੁਮਕ ਅਤੇ ਕੁਝ ਅਜਿਹੇ ਵਿਅਕਤੀਆਂ ਨੂੰ ਨਾਲ ਲੈ ਕੇ, ਜੋ ਸਿੱਖੀ ਅੰਦੋਲਨ ਵਿਚ ਹਮਦਰਦੀ ਰੱਖਦੇ ਸਨ, ਅੱਗੇ ਨੂੰ ਵਧਿਆ। ਉਸ ਦੇ ਨਾਲ ਕੁਝ ਅਜਿਹੇ ਵਿਅਕਤੀ ਵੀ ਸਨ ਜੋ ਲੁੱਟ-ਮਾਰ ਦੇ ਲਾਲਚ ਸਦਕਾ ਵੀ ਖਿਚੇ ਗਏ। ਇਨ੍ਹਾਂ ਸਮੂਹ ਸ਼੍ਰੇਣੀਆਂ ਦੀ ਗਿਣਤੀ ਖਾਫ਼ੀ ਖਾਂ ਦੀ *'ਮੁਨਤਖਿਬ-ਉਲ-ਲੁਬਾਬ'* ਅਨੁਸਾਰ ੪੦,੦੦੦ ਸੀ। ਪਰ ਖਾਫੀ ਖਾਂ ਦਾ ਇਹ ਅੰਦਾਜ਼ਾ ਗਲਤ ਪ੍ਰਤੀਤ ਹੁੰਦਾ ਹੈ ਕਿਉਂਕਿ ਬੰਦਾ ਸਿੰਘ ਬਹਾਦਰ ਕੋਲ ਉਸ ਸਮੇਂ ਨਾ ਹੀ ਗੋਲੀ ਸਿੱਕਾ ਸੀ ਅਤੇ ਨਾ ਹੀ ਹਾਥੀ ਤੇ ਨਾ ਹੀ ਕਾਫੀ ਗਿਣਤੀ ਵਿਚ ਘੋੜ ਸਵਾਰ ਸਨ। ੧੫ ਮਈ, ੧੭੧੦ ਈ: ਵਿਚ ਚਪੜ ਚਿੜੀ ਦੇ ਯੁੱਧ ਵਿਚ ਨਵਾਬ ਵਜ਼ੀਰ ਖਾਂ ਦੀਆਂ ਫੌਜਾਂ ਨੂੰ ਭਾਰੀ ਹਾਰ ਹੋਈ। ਉਸ ਦੀ ਫੌਜ ਦਾ ਕੋਈ ਵਿਰਲਾ ਹੀ ਵਿਅਕਤੀ ਬਚ ਸਕਿਆ। ਲੜਾਈ ਵਿਚ ਜਿੱਤ ਤੋਂ ਦੋ ਦਿਨ ਬਾਅਦ ਬਾਬਾ ਬੰਦਾ ਸਿੰਘ ਬਹਾਦਰ ੧੦ ਮੀਲ ਦੀ ਦੂਰੀ ਉਤੇ ਖੁਦ ਸਰਹਿੰਦ ਪੁੱਜਾ ਤੇ ਸ਼ਹਿਰ ਵਿਚ ਤਬਾਹੀ ਮਚਾਈ ਗਈ। ਕਮਵਰ ਖਾਂ ਦੇ *ਤੁਜ਼ੱਕਿਰਾਤੁਸ ਸਲਾਤੀਨ-ਏ-ਚੁੰਗਤੀਆਂ, 'ਮੁਨਤਖਿਬ-ਉਲ-ਲੁਬਾਬ'* ਅਤੇ *'ਸੀਅਰਲ ਮੁਤਾਖਰੀ* ਵਿਚ ਇਸ ਸੰਬੰਧੀ ਜਾਣਕਾਰੀ ਪੂਰੀ ਵਿਸਥਾਰ ਅੰਕਿਤ ਕੀਤੀ ਗਈ ਹੈ ਪ੍ਰੰਤੂ ਇਸ ਵਿਸ਼ੇ ਉਤੇ ਇਹ ਲਿਖਾਰੀ ਇਤਨੇ ਭਰੋਸੇਯੋਗ ਨਹੀਂ ਕਹੇ ਜਾ ਸਕਦੇ ਕਿਉਂਕਿ ਇਸ ਵਿਚ ਧਾਰਮਿਕ ਵਲਵਲੇ ਸ਼ਾਮਿਲ ਹਨ।

ਇਥੇ ਇਹ ਦੱਸਣਾ ਮਹੱਤਤਾ ਯੋਗ ਹੋਵੇਗੀ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਸਭ ਤੋਂ ਵੱਡੀ ਦੇਣ ਜ਼ਿਮੀਦਾਰੀ ਪ੍ਰਣਾਲੀ ਨੂੰ ਖਤਮ ਕਰਨਾ ਸੀ ਕਿਉਂਕਿ ਬੰਦਾ ਸਿੰਘ ਬਹਾਦਰ ਦੇ ਸਮੇਂ ਤਕ ਉਹ ਵੱਡੇ-ਵੱਡੇ ਜ਼ਿਮੀਂਦਾਰ ਜੋ ਆਮ ਤੌਰ ਉਤੇ ਸਰਕਾਰੀ ਮੁਲਾਜ਼ਮ ਹੁੰਦੇ ਸਨ ਤੇ ਭੂਮੀ ਕਰ ਨੂੰ ਇਕੱਤਰ ਕਰਕੇ ਸਰਕਾਰ ਦੇ ਖ਼ਜ਼ਾਨੇ ਵਿਚ ਜਮ੍ਹਾਂ ਕਰਾਉਣ ਦੇ ਜ਼ੁੰਮੇਵਾਰ ਸਨ, ਭੂਮੀ ਦੇ ਮਾਲਕ ਪੂਰੇ ਪੂਰੇ ਬਣ ਚੁੱਕੇ ਸਨ। ਉਹ ਜਦੋਂ ਜੀਅ ਚਾਹੇ ਹਲ-ਵਾਹਕ ਨੂੰ ਖੇਤਾਂ ਵਿਚੋਂ ਕੱਢ ਦਿੰਦੇ ਅਤੇ ਉਨ੍ਹਾਂ ਉਤੇ ਜਬਰ-ਜੋਰ ਕਰਦੇ। ਆਪਣੀ ਮਰਜ਼ੀ ਨਾਲ ਕਰ ਲਗਾਉਂਦੇ ਤੇ ਪ੍ਰਾਪਤ ਕਰਦੇ ਸਨ। ਬਹੁਤ ਸਾਰੇ ਪ੍ਰਾਂਤਾਂ ਵਿਚ ਇਹੋ ਕੁਝ ਹੋ ਰਿਹਾ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਭੂਮੀ-ਵਾਹਕ ਨੂੰ ਭੂਮੀ ਦਾ ਮਾਲਕ ਘੋਸ਼ਿਤ ਕਰ ਦਿੱਤਾ। ਇਸ ਸੰਬੰਧ ਵਿਚ ਇਰਵਨ ਆਪਣੀ ਰਚਨਾ *'ਲੇਟਰ ਮੁਗਲਜ਼'* ਵਿਚ ਲਿਖਦਾ ਹੈ ਕਿ ਬਹੁਤ ਸਾਰੇ

ਪ੍ਰਗਨਿਆਂ ਵਿਚ, ਜਿਨ੍ਹਾਂ ਦੇ ਸਿੱਖ ਮਾਲਕ ਬਣੇ, ਭੂਮੀ-ਨੀਤੀ ਪੂਰਨ ਰੂਪ ਬਦਲਾ ਕੇ ਰੱਖ ਦਿੱਤੀ ਗਈ। ਗਰੀਬ ਗੁਰਬੇ ਹੱਲ-ਵਾਹਕ ਭੂਮੀ ਦੇ ਮਾਲਕ ਬਣ ਗਏ। ਉੱਚ ਜਨਮੇ ਤੇ ਸ਼ਾਹੂਕਾਰ ਉਨ੍ਹਾਂ ਦਾ ਸਤਿਕਾਰ ਕਰਨ ਲੱਗੇ। ਇਥੋਂ ਤਕ ਕਿ ਕੋਈ ਵੀ ਅਧਿਕਾਰੀ ਅਜਿਹਾ ਨਹੀਂ ਸੀ ਜੋ ਬੰਦਾ ਸਿੰਘ ਬਹਾਦਰ ਦੇ ਹੱਲ-ਵਾਹਕਾਂ ਦੇ ਹਿੱਤ ਵਿਚ ਦਿੱਤੇ ਹੁਕਮਾਂ ਦੀ ਨਿਰਾਦਰੀ ਕਰਦਾ; ਭਾਵੇਂ ਅਜਿਹਾ ਥੋੜ੍ਹੀ ਦੇਰ ਲਈ ਹੀ ਰਿਹਾ।

ਇਸ ਉਪਰੰਤ ਬੰਦਾ ਸਿੰਘ ਬਹਾਦਰ ਨੇ ਜਲਾਲਾਬਾਦ ਤੇ ਜਲੰਧਰ ਦੇ ਇਲਾਕਿਆਂ ਦਾ ਘੇਰਾ ਘੱਤਿਆ। ਜਲੰਧਰ ਤੇ ਹੁਸ਼ਿਆਰਪੁਰ ਉਪਰ ਵੀ ਕਬਜ਼ਾ ਕਰ ਲਿਆ ਗਿਆ ਅਤੇ ਜਲਦੀ ਹੀ ਬੰਦਾ ਸਿੰਘ ਬਹਾਦਰ ਦਾ ਬੋਲ-ਬਾਲਾ ਹੋ ਗਿਆ। ਇਸ ਉਪਰੰਤ ਮਾਝੇ ਤੇ ਰਿਆੜਕੀ ਦਾ ਇਲਾਕਾ ਵੀ ਬੰਦਾ ਸਿੰਘ ਬਹਾਦਰ ਦੀ ਜਿੱਤ ਦਾ ਭਾਗੀ ਬਣਿਆ। ਮੁਹੰਮਦ ਕਾਸਿਮ ਦਾ *'ਇਬਰਤ-ਨਾਮਾ'* ਅਤੇ *'ਚਹਾਰ ਗੁਲਸ਼ਨ'* ਦਾ ਨਿਰਦੇਸ਼ਕ ਇਸ ਸੰਬੰਧੀ ਵਿਸਥਾਰ ਅੰਕਿਤ ਕਰਦਾ ਹੈ।

ਬੰਦਾ ਸਿੰਘ ਬਹਾਦਰ ਆਪਣਾ ਝੰਡਾ ਲਾਹੌਰ ਦੀਆਂ ਦੀਵਾਰਾਂ ਤਕ ਲਿਜਾਣ ਵਿਚ ਸਫਲ ਹੋਇਆ, ਜਿਸ ਦੇ ਫਲਸਰੂਪ ਹਰਾ ਝੰਡਾ ਜਿਸ ਨੂੰ ਹੈਦਰੀ ਝੰਡਾ ਕਹਿੰਦੇ ਹਨ, ਉਸ ਵਿਰੁੱਧ ਜਹਾਦ ਬੁਲੰਦ ਕੀਤਾ ਗਿਆ ਤੇ ਸਿੱਖਾਂ ਵਿਰੁੱਧ ਜਹਾਦ ਇੰਨਾ ਸ਼ਕਤੀਸ਼ਾਲੀ ਰੂਪ ਧਾਰਨ ਕਰ ਗਿਆ ਕਿ ਬੰਦਾ ਸਿੰਘ ਬਹਾਦਰ ਅਧੀਨ ਸਿੱਖਾਂ ਦਾ, ਜੋ ਲਾਹੌਰ ਦੇ ਪੂਰਬ ਵਿਚ ਸਮੁੱਚੇ ਪੰਜਾਬ ਦੇ ਮਾਲਕ ਬਣ ਚੁੱਕੇ ਸਨ, ਸਖ਼ਤੀ ਨਾਲ ਮੁਕਾਬਲਾ ਕੀਤਾ ਗਿਆ। ਉਧਰ ਬੰਦਾ ਸਿੰਘ ਬਹਾਦਰ ਦੀ ਸ਼ਕਤੀ ਇਤਨੀ ਵਧ ਚੁਕੀ ਸੀ ਕਿ ਮੈਲਕਮ ਆਪਣੀ ਰਚਨਾ ਦਾ *'ਸਕੈਚ ਆਫ ਦਾ ਸਿੱਖਸ'* ਵਿਚ ਲਿਖਦਾ ਹੈ ਕਿ ਜੇ ੧੭੧੦ ਵਿਚ ਬਹਾਦਰ ਸ਼ਾਹ ਦੱਖਣ ਵੱਲ ਨੂੰ ਨਾ ਚਲਿਆ ਜਾਂਦਾ ਤਾਂ ਬੰਦਾ ਸਿੰਘ ਬਹਾਦਰ ਦੇ ਅਧੀਨ ਸਿੱਖ ਸਾਰੇ ਹਿੰਦੁਸਤਾਨ ਨੂੰ ਵੱਸ ਕਰ ਲੈਂਦੇ।

ਇਤਿਹਾਸਕਾਰਾਂ ਨੇ ਬੰਦਾ ਸਿੰਘ ਬਹਾਦਰ ਅਤੇ ਸ਼ਾਹੀ ਫੌਜਾਂ ਦੇ ਦਰਮਿਆਨ ਹੋਏ ਸੰਘਰਸ਼ ਨੂੰ ਵਿਸਥਾਰ ਨਾਲ ਚਿਤਰਿਆ ਹੈ ਜਿਸ ਦਾ ਇਥੇ ਵਰਣਨ ਕਰਨਾ ਕੋਈ ਬਹੁਤਾ ਲਾਭਦਾਇਕ ਨਹੀਂ ਹੋਵੇਗਾ।

ਇਤਿਹਾਸਕ ਸੰਦਰਭ ਵਿਚ ਗੱਲ ਕਰਦਿਆਂ ਹੋਇਆਂ ਬੰਦਾ ਸਿੰਘ ਬਹਾਦਰ ਦੁਆਰਾ ਚਲਾਏ ਗਏ ਸਿੱਕਿਆਂ ਦਾ ਵਰਣਨ ਕਰਨਾ ਬਹੁਤ ਜ਼ਰੂਰੀ ਹੈ ਜੋ ਗੁਰੂ ਸਾਹਿਬਾਨ ਪ੍ਰਤੀ ਉਸ ਦੇ ਭਰੋਸੇ ਦੇ ਪ੍ਰਤੀਕ ਹਨ—

ਸਿਕਾ ਜਦ ਬਰ ਹਰ ਦੋ ਆਲਮ ਤੇਗ ਨਾਨਕ ਵਾਹਬ ਅਸਤ।
ਫਤਹਿ ਗੋਬਿੰਦ ਸਿੰਘ ਸ਼ਾਹ ਸਾਰਾ ਫਜ਼ਲ ਸੱਚਾ ਸਾਹਿਬ ਅਸਤ।

ਬੰਦਾ ਸਿੰਘ ਬਹਾਦਰ ਦੀ ਸੀਲ ਉਤੇ ਖੁਦੇ ਇਹ ਸ਼ਬਦ ਵੀ ਗੌਰ ਦੇ ਜਾਚਕ ਹਨ—

ਦੇਗ ਓ ਤੇਗ ਓ ਫਤਹਿ ਓ ਨੁਸਰਤ ਬੇਦਰੰਗ।
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਸਿੱਖਾਂ ਉਤੇ ਸਖ਼ਤੀ ਕਰਨ ਹਿੱਤ ਸ਼ਾਹੀ ਫੁਰਮਾਨ ਜਾਰੀ ਕੀਤੇ ਗਏ। ਬਾਦਸ਼ਾਹ ਬਹਾਦਰ ਸ਼ਾਹ ਵਲੋਂ ਇਹ ਵੀ ਫੁਰਮਾਨ ਜਾਰੀ ਹੋਇਆ ਕਿ ਸਭ ਹਿੰਦੂ ਆਪਣੀਆਂ ਦਾੜ੍ਹੀਆਂ

ਮੁਨਾ ਦੇਣ ਤਾਂ ਜੋ ਸਿੱਖਾਂ ਦੀ ਸਹਿਜੇ ਹੀ ਪਛਾਣ ਹੋ ਸਕੇ। ਇਵੇਂ ਪ੍ਰਤੀਤ ਹੁੰਦਾ ਹੈ ਜਿਵੇਂ ਬਹਾਦਰ ਸ਼ਾਹ ਉਤੇ ਪਾਗਲਪਨ ਦਾ ਭੂਤ ਸਵਾਰ ਹੋ ਗਿਆ ਹੋਵੇ।

ਸੀਅਰਲ ਮੁਤਾਖਰੀਂ ਦਾ ਕਰਤਾ ਲਿਖਦਾ ਹੈ ਕਿ ਬਹਾਦਰ ਸ਼ਾਹ ਨੇ ਇਕ ਵਾਰੀ ਹੁਕਮ ਦਿੱਤਾ ਕਿ ਸਭ ਸ਼ਹਿਰ ਦੇ ਕੁੱਤਿਆਂ ਅਤੇ ਖੋਤਿਆਂ ਨੂੰ ਮਾਰ ਦਿੱਤਾ ਜਾਵੇ ਅਤੇ ਫਕੀਰਾਂ ਨੂੰ ਬਾਹਰ ਕੱਢ ਦਿੱਤਾ ਜਾਵੇ।

੧੮ ਫਰਵਰੀ ੧੭੧੨ ਵਿਚ ਬਹਾਦਰ ਸ਼ਾਹ ਦੀ ਮੌਤ ਉਪਰੰਤ ਉਸ ਦਾ ਲੜਕਾ ਜਹਾਨ ਦਰ ਸ਼ਾਹ ਗੱਦੀ ਉਤੇ ਬੈਠਾ, ਪਰੰਤੂ ੧੭੧੩ ਈਸਵੀ ਵਿਚ ਫ਼ਰੁਖਸੀਅਰ ਨੇ ਉਸ ਨੂੰ ਕੱਢ ਦਿੱਤਾ।

ਫ਼ਰੁਖਸ਼ੀਅਰ ਨੇ ਅਬਦੁਲ ਸਮੱਦ ਖਾਨ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕੀਤਾ ਅਤੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੇ ਉਪਰਾਲੇ ਕੀਤੇ । ੭ ਦਸੰਬਰ, ੧੭੧੫ ਈਸਵੀ ਤੇ ਅਰੰਭ ਵਿਚ ਬੰਦਾ ਸਿੰਘ ਬਹਾਦਰ ਨੂੰ ਕਲਾਨੌਰ ਤੇ ਬਟਾਲਾ ਦੇ ਮੈਦਾਨਾਂ ਵਿਚ ਵੇਖਿਆ ਗਿਆ। ਬੰਦਾ ਸਿੰਘ ਬਹਾਦਰ ਨੇ ਜ਼ਾਲਮਾਂ ਵਿਰੁੱਧ ਸੰਘਰਸ਼ ਆਰੰਭ ਰੱਖਿਆ ਪਰ ਅੰਤ ਨੂੰ ਗੁਰਦਾਸ ਨੰਗਲ ਦੇ ਕਿਲ੍ਹੇ ਵਿਚ ਸ਼ਾਹੀ ਫੌਜਾਂ ਦੇ ਹੱਥ ਆ ਗਿਆ। ਕਿਲ੍ਹੇ ਦਾ ਘੇਰਾ ਘੱਤ ਕੇ ਬੰਦਾ ਸਿੰਘ ਬਹਾਦਰ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਬੰਦੇ ਦੇ ਸਾਥੀਆਂ ਨੂੰ, ਜੋ ਲਗ-ਭਗ ਦੋ ਤਿੰਨ ਸੌ ਦੇ ਕਰੀਬ ਸਨ, ਹੱਥ ਬੰਨ੍ਹ ਕੇ ਮੁਗਲ ਸਿਪਾਹੀਆਂ ਦੇ ਹਵਾਲੇ ਕੀਤਾ ਗਿਆ ਜਿਨ੍ਹਾਂ ਨੂੰ ਖਾਫੀ ਖਾਨ ਅਨੁਸਾਰ ਤਲਵਾਰ ਦੇ ਘਾਟ ਉਤਾਰ ਦਿੱਤਾ ਗਿਆ। ਬੰਦੇ ਦੇ ਸਾਥੀਆਂ ਨੂੰ ਮਾਰਨ ਦਾ ਕੰਮ ੫ ਮਾਰਚ ੧੭੧੬ ਨੂੰ ਆਰੰਭ ਕੀਤਾ ਗਿਆ। ਹਰ ਰੋਜ਼ ਇਕ ਸੌ ਸਿੱਖ ਸ਼ਹੀਦ ਕੀਤੇ ਜਾਂਦੇ ਸਨ।

ਵੀਲਰ ਦੀ ਰਚਨਾ *ਅਰਲੀ ਰਿਕਾਰਡ ਆਫ ਬ੍ਰਿਟਿਸ਼ ਇੰਡੀਆ* ਅਨੁਸਾਰ ਹਰ ਇਕ ਨੂੰ ਜੀਵਨ ਬਖਸ਼ਣ ਦਾ ਯਤਨ ਕੀਤਾ ਗਿਆ, ਜੇ ਉਹ ਆਪਣਾ ਧਰਮ ਤਿਆਗ ਦੇਵੇ ਤੇ ਮੁਸਲਮਾਨ ਬਣ ਜਾਵੇ ਪਰੰਤੂ ਕੋਈ ਅਜਿਹੀ ਮਿਸਾਲ ਦਿਖਾਈ ਨਹੀਂ ਦਿੱਤੀ ਕਿ ਕਿਸੇ ਵਿਅਕਤੀ ਨੇ ਆਪਣਾ ਧਰਮ ਤਿਆਗਿਆ ਹੋਵੇ। ੯ ਜੂਨ ੧੭੧੬ ਈਸਵੀ ਨੂੰ ਬੰਦਾ ਸਿੰਘ ਬਹਾਦਰ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਰਵਾਇਤ ਹੈ ਕਿ ਉਸ ਦੇ ਬੱਚੇ ਅਜੈ ਸਿੰਘ ਨੂੰ ਉਸ ਦੀ ਗੋਦ ਵਿਚ ਬਿਠਾਇਆ ਗਿਆ ਅਤੇ ਉਸ ਨੂੰ ਮਾਰਨ ਲਈ ਕਿਹਾ ਗਿਆ। ਬੰਦਾ ਸਿੰਘ ਬਹਾਦਰ ਦੇ ਨਾਂਹ ਕਰਨ ਉਤੇ ਉਸ ਦੇ ਬੱਚੇ ਦੇ ਟੁਕੜੇ-ਟੁਕੜੇ ਕਰ ਦਿੱਤੇ ਗਏ। ਬੰਦਾ ਸਿੰਘ ਬਹਾਦਰ ਨੇ ਕਠੋਰਤਾ-ਭਰੇ ਇਸ ਦ੍ਰਿਸ਼ ਨੂੰ ਚੁਪ-ਚਾਪ ਸਹਿਨ ਕੀਤਾ। ਦੂਜੇ ਸ਼ਬਦਾਂ ਵਿਚ ਉਸ ਨੇ ਰੱਬੀ ਭਾਣੇ ਨੂੰ ਪੂਰਨ ਸਿਦਕ ਤੇ ਅਡੋਲਤਾ ਸਹਿਤ ਸਵੀਕਾਰ ਕੀਤਾ। ਖਾਫੀ ਖਾਨ ਅਤੇ ਮੁਹੰਮਦ ਹੁਸੈਨ ਵੀ ਆਪਣੀਆਂ ਲਿਖਤਾਂ ਵਿਚ ਇਸ ਦੀ ਪ੍ਰੋੜ੍ਹਤਾ ਕਰਦੇ ਹਨ।

ਭਾਈ ਬਿਧੀ ਚੰਦ ਜੀ

ਭਾਈ ਬਿਧੀ ਚੰਦ ਜੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਸਿੱਖੀ ਦਾਇਰੇ ਵਿਚ ਆਏ ਸਨ। ਉਨ੍ਹਾਂ ਨੂੰ ਇਕ ਸਿੱਖ ਭਾਈ ਅਦਲੀ ਜੀ ਦੀ ਸ਼ਖ਼ਸੀਅਤ ਨੇ ਪ੍ਰਭਾਵਤ ਕੀਤਾ ਸੀ। ਭਾਈ ਅਦਲੀ ਜੀ ਨੇ ਉਨ੍ਹਾਂ ਨੂੰ ਮਾੜੀ ਸੰਗਤ ਤੋਂ ਵਰਜ ਕੇ ਗੁਰੂ-ਸੰਗਤ ਲਈ ਪ੍ਰੇਰਿਆ ਸੀ। ਭਾਈ ਕਾਹਨ ਸਿੰਘ ਜੀ ਨਾਭਾ ਅਨੁਸਾਰ ਭਾਈ ਅਦਲੀ ਜੀ ਪਿੰਡ ਭੈਣੀ (ਚੋਲ੍ਹਾ ਸਾਹਿਬ) ਦੇ ਵਸਨੀਕ ਸਨ। ਉਹ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਇਕ ਆਤਮ ਗਿਆਨੀ ਸਿੱਖ ਸਨ, ਜਿਨ੍ਹਾਂ ਦੀ ਸ਼ੁਭ ਸਿਖਿਆ ਦੁਆਰਾ ਭਾਈ ਬਿਧੀ ਚੰਦ ਨੇ ਡਾਕੇ ਮਾਰਨ ਦਾ ਮਾੜਾ ਧੰਦਾ ਛੱਡ ਕੇ ਸਿੱਖੀ ਧਾਰਨ ਕੀਤੀ। *ਤਵਾਰੀਖ ਗੁਰੂ ਖਾਲਸਾ* ਵਿਚ ਗਿ: ਗਿਆਨ ਸਿੰਘ ਜੀ ਲਿਖਦੇ ਹਨ ਕਿ ਜਦ ਭਾਈ ਅਦਲੀ ਜੀ ਨੇ ਇਸ ਨੂੰ ਗੁਰੂ ਅਰਜਨ ਸਾਹਿਬ ਜੀ ਦੇ ਸਨਮੁਖ ਪੇਸ਼ ਕੀਤਾ ਤਾਂ ਇਸ ਨੇ ਆਪਣਾ ਪੇਸ਼ਾ ਡਾਕੇ ਮਾਰਨਾ ਦੱਸਿਆ ਅਤੇ ਬੇਨਤੀ ਕੀਤੀ ਕਿ ਮੈਨੂੰ ਆਪਣੇ ਘਰ ਦਾ 'ਚੋਰ' ਸਿੱਖ ਹੀ ਬਣਾ ਕੇ ਰਖੋ! ਗੁਰੂ ਅਰਜਨ ਸਾਹਿਬ ਮੁਸਕਰਾ ਪਏ ਤੇ ਪਰਉਪਕਾਰੀ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ ਤੇ ਕੋਈ ਮਾੜਾ ਕੰਮ ਕਰਨ ਤੋਂ ਵਰਜਿਆ ਤੇ ਸੱਚ ਨੂੰ ਦ੍ਰਿੜ ਕਰ ਕੇ ਪੱਲੇ ਬੰਨ੍ਹਣ ਲਈ ਕਿਹਾ।

ਭਾਈ ਬਿਧੀ ਚੰਦ ਜੀ ਦਾ ਜਨਮ, ਪਿੰਡ ਸੁਰ ਸਿੰਘ, ਭਾਈ ਵੱਸਣ ਦੇ ਘਰ ਹੋਇਆ ਸੀ। *ਮਹਾਨ ਕੋਸ਼* ਵਿਚ ਦੱਸਿਆ ਹੈ ਕਿ ਉਹ ਭਾਈ ਭਿੱਖੀ ਦੇ ਪੋਤਰੇ ਸਨ ਤੇ ਪਹਿਲਾ ਨਾਮ ਬਿਧੀਆ ਸੀ। ਵੱਡੇ ਕੱਦ ਦੇ ਸਨ ਤੇ ਦਲੇਰੀ ਵਿਚ ਉਹਨਾਂ ਦੇ ਤੁਲ ਕੋਈ ਵਿਰਲਾ ਹੀ ਸੀ। ਜਦ ਗੁਰੂ ਹਰਿਗੋਬਿੰਦ ਜੀ ਨੇ ਨੌਜਵਾਨ ਅਤੇ ਤਕੜੇ ਗੁਰਸਿੱਖਾਂ ਦੀ ਮੰਗ ਕੀਤੀ ਤਾਂ ਆਪ ਜੀ ਸੁਰ ਸਿੰਘ ਪਿੰਡ ਦੇ ਸਿਰਕੱਢ ਨੌਜਵਾਨਾਂ ਸਮੇਤ ਦੋ ਢਾਡੀਆਂ ਨੂੰ ਨਾਲ ਲੈ ਕੇ ਪੁੱਜੇ।

ਯੋਧਿਆਂ ਦੀ ਗਿਣਤੀ ਵਧ ਜਾਣ ਕਾਰਨ ਉਹਨਾਂ ਨੂੰ ਵੱਖ-ਵੱਖ ਜਥਿਆਂ ਵਿਚ ਵੰਡ ਦਿੱਤਾ ਗਿਆ ਅਤੇ ਹਰ ਜਥੇ ਦਾ ਇਕ ਜਥੇਦਾਰ ਵੀ ਨੀਅਤ ਕੀਤਾ ਗਿਆ ਅਤੇ ਕਾਰਜ ਖੇਤਰ ਵੀ ਮਿੱਥ ਦਿੱਤਾ ਗਿਆ। ਇਤਿਹਾਸ ਨੇ ਪੰਜ ਜਥਿਆਂ ਦਾ ਜ਼ਿਕਰ ਕੀਤਾ ਹੈ। ਪਹਿਲੇ ਜਥੇ ਦੇ ਜਥੇਦਾਰ, ਭਾਈ ਲੰਗਾਹ ਜੀ ਸਨ, ਜੋ ਅੱਗੇ ਵਧ ਕੇ ਲੜਦੇ ਸਨ। ਦੂਜੇ ਜਥੇ ਦੀ ਜਥੇਦਾਰੀ ਭਾਈ ਬਿਧੀ ਚੰਦ ਜੀ ਕੋਲ ਸੀ, ਜਿਸ ਦਾ ਕੰਮ ਗੁਰੀਲਾ ਜੰਗ ਕਰਨਾ ਤੇ ਦੁਸ਼ਮਨਾਂ ਨੂੰ ਭਾਜੜਾਂ ਪਾਈ ਰੱਖਣਾ ਸੀ। ਭਾਈ ਪਿਰਾਣਾ ਜੋ ਕਿ ਪੰਜਾਬ ਦੇ ਪਿੰਡ-ਪਿੰਡ ਤੋਂ ਵਾਕਫ ਸਨ, ਇਸ ਲਈ ਉਹਨਾਂ ਦੇ ਜਥੇ ਦੇ ਜ਼ਿੰਮੇ ਖਬਰਾਂ ਲਿਆਉਣ ਤੇ ਪਹੁੰਚਾਣ ਦਾ ਕੰਮ ਸੀ। ਭਾਈ ਪਿਰਾਗਾ ਤੇ ਉਹਨਾਂ ਦੇ ਜਥੇ ਸਪੁਰਦ ਰਸਦ-ਪਾਣੀ, ਹਥਿਆਰ ਤੇ ਬਾਰੂਦ ਪਹੁੰਚਾਣ ਦਾ ਕੰਮ

ਸੀ। ਭਾਈ ਜੇਠਾ ਜੀ ਰਸਾਲੇ ਦੇ ਜਥੇਦਾਰ ਸਨ। ਇਹਨਾਂ ਪੰਜਾਂ ਨੇ ਆਪਣੇ ਕੰਮ ਨੂੰ ਇਸ ਦ੍ਰਿੜ੍ਹਤਾ ਨਾਲ ਕੀਤਾ ਕਿ ਸਿੱਖਾਂ ਵਿਚ ਹਰ ਪਾਸੇ ਚੜ੍ਹਦੀ ਕਲਾ ਹੋਣ ਲੱਗੀ। ਭਾਈ ਬਿਧੀ ਚੰਦ ਜੀ ਦੇ ਜਥੇ ਨੇ ਨਵੇਂ-ਨਵੇਂ ਢੰਗ ਅਪਣਾਏ ਤੇ ਗੁਰੂ ਹਰਿਗੋਬਿੰਦ ਜੀ ਦੀ ਗ੍ਰਿਫਤਾਰੀ ਉਪਰੰਤ ਪਿੰਡਾਂ ਵਿਚ ਫਿਰ ਫਿਰ ਕੇ ਗੁਰੂ-ਪਿਆਰ ਨੂੰ ਕਾਇਮ ਰਖਿਆ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਆਪਣੀ ਵਿਦਵਤਾ ਤੇ ਉੱਚੀ-ਸੁੱਚੀ ਸ਼ਖ਼ਸੀਅਤ ਨਾਲ ਸੰਗਤਾਂ ਉੱਤੇ ਪ੍ਰਭਾਵ ਪਾਉਂਦੇ ਤਾਂ ਭਾਈ ਬਿਧੀ ਚੰਦ ਜੀ ਦਾ ਜਥਾ ਉਹਨਾਂ ਦੇ ਪਿੰਡ ਪੁੱਜਣ ਤੋਂ ਪਹਿਲਾਂ ਹੀ ਢਾਡੀਆਂ ਨੂੰ ਨਾਲ ਲੈ ਕੇ ਸੁਯੋਗ ਵਾਤਾਵਰਨ ਬਣਾ ਦਿੰਦਾ। ਐਸਾ ਗੁਰੂ-ਜਸ ਹੋਇਆ ਕਿ ਪੰਜਾਬ ਦੇ ਪਿੰਡਾਂ ਦੇ ਪਿੰਡ ਗਵਾਲੀਅਰ ਪੁੱਜੇ ਤੇ ਉਥੇ ਕਿਲ੍ਹੇ ਦੀਆਂ ਪ੍ਰਕਰਮਾ ਕਰਕੇ ਵਾਪਸ ਪੁੱਜਦੇ। ਮੁਹਸਨ ਫਾਨੀ ਨੇ ਆਪਣੀ ਪੁਸਤਕ *ਦਬਿਸਤਾਨੇ ਮਜ਼ਾਹਬ* ਵਿਚ ਇਸ ਗੱਲ ਦੀ ਗਵਾਹੀ ਭਰੀ ਹੈ।

ਗੁਰੂ ਹਰਿਗੋਬਿੰਦ ਜੀ ਦੀ ਰਿਹਾਈ ਮਗਰੋਂ ਭਾਈ ਜੀ ਨੇ ਗੁਰੂ ਜੀ ਦੇ ਅੰਗ-ਰੱਖਿਅਕ ਦਾ ਕੰਮ ਸੰਭਾਲਿਆ। ਬੀਬੀ ਕੌਲਾਂ ਦੇ ਸ਼ਰਨ ਆਉਣ ਉਪਰੰਤ ਲਾਹੌਰ ਵਲੋਂ ਹੱਲੇ ਦੀ ਸੰਭਾਵਨਾ ਹੋਣ ਉਤੇ ਭਾਈ ਜੀ ਨੇ ਆਪਣਾ ਡੇਰਾ ਹੀ ਪਿਪਲੀ ਸਾਹਿਬ ਕਰ ਲਿਆ ਅਤੇ ਉਨ੍ਹਾਂ ਦੇ ਜਥੇ ਨੇ ਲਾਹੌਰ ਤੱਕ ਮਾਰਾਂ ਮਾਰੀਆਂ। ਪੂਰੀ ਸੂਹ ਰਖੀ ਤੇ ਅੰਮ੍ਰਿਤਸਰ ਉਤੇ ਅਚਨਚੇਤ ਹਮਲੇ ਵੇਲੇ ਵੀ ਗੁਰਸਿੱਖਾਂ ਦੀ ਜਿੱਤ ਹੋਈ।

ਜਹਾਂਗੀਰ ਦੀ ਮੌਤ ਮਗਰੋਂ ਲਾਹੌਰ ਦਰਬਾਰ ਨੂੰ ਖੁਲ੍ਹ ਮਿਲ ਗਈ ਤੇ ਉਨ੍ਹਾਂ ਨੇ ਸਿੱਖਾਂ ਦੁਆਰਾ ਸ਼ਾਹੀ ਬਾਜ਼ ਨੂੰ ਫੜਨ ਨੂੰ 'ਸ਼ਾਹੀ ਤਾਜ਼ ਨੂੰ ਹੱਥ ਪਾਉਣਾ' ਆਖ ਕੇ ਮੁਖਲਿਸ ਖ਼ਾਨ ਜਫਰ ਜੰਗ ਨੂੰ ਸੱਤ ਹਜ਼ਾਰ ਦੀ ਫੌਜ ਦੇ ਕੇ ਭੇਜ ਦਿੱਤਾ। ਇਧਰ ਸਿੱਖਾਂ ਦੀ ਚੜ੍ਹਦੀ ਕਲਾ ਦਾ ਜ਼ਿਕਰ *ਗੁਰ ਬਿਲਾਸ ਪਾਤਸ਼ਾਹੀ ਛੇਵੀਂ* ਦਾ ਲਿਖਾਰੀ ਕਰਦਾ ਹੋਇਆ ਕਹਿੰਦਾ ਹੈ:

ਤਿਨ ਕੋ ਬਾਜ ਨਹੀਂ ਹਮ ਦੇਨਾ।
ਤਾਜ ਬਾਜ ਤਿਨ ਤੇ ਸਭ ਲੇਨਾ।

੧੪ ਮਈ ੧੬੨੯ ਨੂੰ ਲਾਹੌਰ ਦੀਆਂ ਫੌਜਾਂ ਸ੍ਰੀ ਅੰਮ੍ਰਿਤਸਰ ਚੜ੍ਹ ਆਈਆਂ। ਮੁਗਲ ਫੌਜਾਂ ਦੀ ਗਿਣਤੀ ੭੦੦੦ ਸੀ। ਪਹਿਲੀ ਟੱਕਰ ਭਾਈ ਬਿਧੀ ਚੰਦ ਜੀ ਦੇ ਜਥੇ ਨਾਲ ਹੋਈ। ਭਾਈ ਜੀ ਦੇ ਜਥੇ ਨੇ ਫੌਜਾਂ ਨੂੰ ਰੋਕ ਲਿਆ ਤੇ ਗੁਰੂ-ਪਾਤਸ਼ਾਹ ਨੂੰ ਖ਼ਬਰ ਪੁਚਾ ਦਿੱਤੀ। ਭਾਈ ਬਿਧੀ ਚੰਦ ਜੀ, ਜਤੀ ਮਲ ਨੂੰ ਨਾਲ ਲੈ ਕੇ ਫੌਜਾਂ ਤੇ ਇੰਜ ਟੁੱਟ ਪਏ ਕਿ ਸ਼ਾਹੀ ਫੌਜਾਂ ਵਿਚ ਖਲਬਲੀ ਮਚ ਗਈ।

ਮੁਖਲਿਸ ਖ਼ਾਨ ਨੇ ਫੌਜਾਂ ਨੂੰ ਵੰਗਾਰ ਪਾਈ ਕਿ ਗਾਜ਼ੀਓ, ਤੁਸੀਂ ਸੂਰਮਿਆਂ ਦੀ ਔਲਾਦ ਹੋ ਤੇ ਟਾਕਰੇ ਵਿਚ ਫਕੀਰਾ ਦਾ ਟੋਲਾ ਹੈ। ਵੇਖਣਾ ਕੋਈ ਬਚ ਕੇ ਨਾ ਜਾਵੇ! ਪਰ ਇਸ 'ਫਕੀਰਾਂ ਦੇ ਟੋਲੇ' ਨੇ ਐਸੀ ਜੰਗ ਲੜੀ ਕਿ ਕੌਮੀ ਇਤਿਹਾਸ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ। ਜੰਗ ਦੇ ਦੂਜੇ ਦਿਨ ਭਾਈ ਬਿਧੀ ਚੰਦ ਨੇ ਸੁਲਤਾਨ ਬੇਗ ਨੂੰ ਜਾ ਵੰਗਾਰਿਆ। ਸੁਲਤਾਨ ਬੇਗ ਨੇ ਬੜੇ ਜ਼ੋਰ ਨਾਲ ਨੇਜ਼ੇ ਦਾ ਵਾਰ ਕੀਤਾ, ਪਰ ਭਾਈ ਬਿਧੀ ਚੰਦ ਜੀ ਬਚਾ ਗਏ ਤੇ ਉਨ੍ਹਾਂ ਨੇ ਐਸਾ ਭਰਵਾਂ ਵਾਰ ਕੀਤਾ ਕਿ ਸੁਲਤਾਨ ਬੇਗ ਡਰ ਕੇ ਪਿੱਛੇ ਹਟ ਗਿਆ। ਭਾਈ ਬਿਧੀ ਚੰਦ ਜੀ ਨੇ ਭੱਜਦੇ ਨੂੰ 'ਕਾਇਰ' ਕਿਹਾ ਤਾਂ ਉਸ ਨੇ ਮੁੜ ਕੇ ਫਿਰ ਵਾਰ ਕਰਨੇ

ਸ਼ੁਰੂ ਕਰ ਦਿੱਤੇ, ਭਾਈ ਬਿਧੀ ਚੰਦ ਜੀ ਨੇ ਐਸਾ ਤੀਰ ਚਲਾਇਆ ਕਿ ਉਸ ਦੀ ਛਾਤੀ ਵਿਚ ਜਾ ਲੱਗਾ ਤੇ ਉਹ ਉਥੇ ਹੀ ਡਿੱਗ ਪਿਆ। ਸੁਲਤਾਨ ਬੇਗ ਦੇ ਡਿੱਗਣ ਨਾਲ ਮੁਖਲਿਸ ਖ਼ਾਨ ਨੇ ਗੁਰੂ ਜੀ ਨਾਲ ਸਿੱਧਾ ਟਾਕਰਾ ਕੀਤਾ ਤੇ ਸਤਿਗੁਰੂ ਜੀ ਦੇ ਇਕੋ ਵਾਰ ਹੀ ਮੁਖਲਿਸ ਖ਼ਾਨ ਦਾ ਕੰਮ ਪੂਰਾ ਹੋ ਗਿਆ।

ਇਸੇ ਤਰ੍ਹਾਂ ਦੂਜੀ ਜੰਗ ਵੇਲੇ ਭਾਈ ਬਿਧੀ ਚੰਦ ਦੇ ਜਥੇ ਨੇ ਜੰਗ ਵਿਚ ਠੱਲ੍ਹ ਪਾ ਦਿੱਤੀ। ਭਾਈ ਬਿਧੀ ਚੰਦ ਜੀ ਦੀ ਕਰਮ ਚੰਦ ਨਾਲ ਸਿੱਧੀ ਟੱਕਰ ਵੀ ਹੋਈ। ਕਰਮ ਚੰਦ ਜਾਨ ਬਚਾ ਕੇ ਨਵਾਬ ਕੋਲ ਨੱਸ ਗਿਆ ਤੇ ਉਸ ਨੂੰ ਦੱਸਿਆ ਕਿ ਸਿੱਖ ਥੋੜ੍ਹੇ ਹੀ ਰਹਿ ਗਏ ਹਨ। ਉਸ ਨੇ ਭਰਵਾਂ ਹੱਲਾ ਕੀਤਾ ਪਰ ਇਸ ਹੱਲੇ ਵਿਚ ਉਹ ਨਵਾਬ, ਉਸ ਦਾ ਪੁੱਤਰ ਤੇ ਸਾਥੀ ਮਾਰੇ ਗਏ। ਜੰਗ ਗੁਰੂ ਸਾਹਿਬ ਨੇ ਹੀ ਜਿੱਤਿਆ।

ਲਾਹੌਰ ਦੇ ਕਿਲ੍ਹੇ ਵਿਚੋਂ ਦੋ ਘੋੜਿਆਂ ਨੂੰ ਕੱਢ ਲਿਆਉਣ (ਜਿਨ੍ਹਾਂ ਨੂੰ ਮੁਗਲ ਫੌਜੀਆਂ ਨੇ ਸਿੱਖਾਂ ਕੋਲੋਂ ਖੋਹ ਲਿਆ ਸੀ) ਦੀ ਵਿਥਿਆ ਤਾਂ ਬਹੁਤ ਹੀ ਪ੍ਰਸਿੱਧ ਹੈ।

ਗੁਰੂ ਸਰ ਸਿਧਾਰ, ਭਾਈ ਦਿਆਲ ਚੰਦ ਤੇ ਬਖਤ ਮਲ ਨੇ ਕਾਬਲ ਦੀਆਂ ਸੰਗਤਾਂ ਵਲੋਂ ਭੇਟਾਂ ਹਾਜ਼ਰ ਕੀਤੀਆਂ ਅਤੇ ਨਾਲ ਦੱਸਿਆ ਕਿ ਭਾਈ ਕਰੋੜੀ ਵੀ ਦੋ ਘੋੜੇ ਗੁਲਬਾਗ ਤੇ ਦਿਲਬਾਗ ਗੁਰੂ ਜੀ ਨੂੰ ਭੇਟ ਕਰਨ ਲਈ ਲਿਆ ਰਿਹਾ ਸੀ, ਤਾਂ ਲਾਹੌਰ ਵਿਖੇ ਅਨਾਇਤ ਉੱਲਾ ਨੇ ਖੋਹ ਲਏ ਹਨ। ਗੁਰੂ ਜੀ ਨੇ ਧਰਵਾਸ ਦਿੰਦੇ ਕਿਹਾ ਕਿ ਕਰੋੜੀ ਮਲ ਦੀ ਭੇਟਾ ਬਿਧੀ ਚੰਦ ਆਪੇ ਹੀ ਲੈ ਆਵੇਗਾ।

ਭਾਈ ਜੀ ਨੇ ਗੁਰੂ ਜੀ ਦਾ ਇਸ਼ਾਰਾ ਸਮਝ ਲਿਆ ਅਤੇ ਗੁਰੂ-ਘਰ ਦੀ ਅਤੇ ਸਿੱਖਾਂ ਦੀ ਅਣਖ ਕਾਇਮ ਰੱਖਣ ਹਿਤ ਘੋੜੇ ਵਾਪਸ ਲਿਆਉਣ ਲਈ ਤੁਰ ਪਏ। ਲਾਹੌਰ 'ਭਾਈ ਜੀਵਨ' ਦੇ ਘਰ ਜਾ ਕੇ ਟਿਕਾਣਾ ਕੀਤਾ। ਭਾਈ ਸਾਹਿਬ ਨੇ ਘਾਹੀ ਦਾ ਭੇਸ ਧਾਰਨ ਕਰ ਕੇ, ਰੋਜ਼ ਸਾਫ ਸੁਥਰੇ ਘਾਹ ਦੀ ਪੰਡ ਬਣਾ ਕੇ ਕਿਲ੍ਹੇ ਦੀ ਦੀਵਾਰ ਕੋਲ ਬੈਠ ਜਾਂਦੇ ਸਨ। ਘੋੜਿਆਂ ਦੇ ਦਰੋਗੇ ਸੌਂਧੇ ਖ਼ਾਨ ਨੇ ਰੋਜ਼ ਘਾਹ ਖਰੀਦ ਲੈਣਾ। ਇਕ ਦਿਨ ਭਾਈ ਬਿਧੀ ਚੰਦ ਜੀ ਘਾਹ ਦੀ ਪੰਡ ਘੋੜਿਆਂ ਤੱਕ ਲੈ ਗਏ ਇਸ ਤਰ੍ਹਾਂ ਰੋਜ਼ ਘਾਹ ਲਿਆਉਂਦੇ ਤੇ ਘੋੜਿਆਂ ਨੂੰ ਪਾ ਦਿੰਦੇ। ਘੋੜੇ ਭਾਈ ਜੀ ਨਾਲ ਪਰਚ ਗਏ ਤੇ ਦਰੋਗੇ ਨੇ ਉਨ੍ਹਾਂ ਨੂੰ ਨੌਕਰੀ 'ਤੇ ਹੀ ਰਖ ਲਿਆ। ਭਾਈ ਬਿਧੀ ਚੰਦ ਜੀ ਘੋੜਿਆਂ ਦੀ ਸੇਵਾ ਵੀ ਕਰਦੇ ਤੇ ਪੂਰੀ ਟੋਹ ਵੀ ਰੱਖਦੇ। ਉਹ ਜਾਣ-ਬੁਝ ਕੇ ਅੰਞਾਣ ਬਣ ਗਏ ਤਾਂ ਕਿ ਸਾਰੇ ਨੌਕਰ ਉਹਨਾਂ ਨੂੰ ਅੱਲੜ੍ਹ ਤੇ ਝੱਲਾ ਜਿਹਾ ਸਮਝਣ। ਉਹ ਇਤਨੇ ਯਮਲੇ ਦਿੱਸਣ ਕਿ 'ਰਤਨਾਂ ਜੜੀ ਕਾਠੀ' ਨੂੰ ਜਵਾਰ ਤੇ ਮਕਈ ਦੇ ਦਾਣੇ ਕਹਿਣ ਤੇ ਬਾਰ-ਬਾਰ ਕਹਿਣ ਕਿ ਘੋੜੇ ਨੂੰ ਕਾਠੀ ਪਾਉਣ ਦੀ ਕੀ ਲੋੜ ਹੈ! ਇਧਰ ਹਰ ਰਾਤ ਨੂੰ ਇਕ ਵੱਡਾ ਪੱਥਰ ਦਰਿਆ ਵਿਚ ਸੁੱਟ ਦਿੰਦੇ। ਦਰਿਆ ਰਾਵੀ ਉਸ ਸਮੇਂ ਕਿਲ੍ਹੇ ਨਾਲ ਟਕਰਾ ਕੇ ਜਾਂਦਾ ਸੀ। ਪਹਿਲਾਂ ਕੁਝ ਦਿਨ ਤਾਂ ਹਲਚਲ ਹੋਈ ਪਰ ਸਭ ਨੇ ਇਹ ਜਾਣ ਲਿਆ। ਇਹ ਕੋਈ ਦਰਿਆਈ ਜਾਨਵਰ ਹੋਵੇਗਾ ਜੋ ਕਿਲ੍ਹੇ ਦੀ ਦੀਵਾਰ ਨਾਲ ਟਕਰਾਂਦਾ ਹੈ। ਬਿਧੀ ਚੰਦ ਜੀ ਸਾਰੀ ਤਨਖ਼ਾਹ ਵੀ ਦੂਜਿਆਂ ਉੱਤੇ ਖਰਚ ਕਰ ਦਿੰਦੇ। ਆਖਰੀ ਤਨਖਾਹ ਵਾਲੇ ਦਿਨ ਉਹਨਾਂ ਤਗੜੀ ਜ਼ਿਆਫਤ ਕੀਤੀ। ਜ਼ਿਆਫਤ ਇਤਨੀ ਰਜਵੀਂ ਸੀ ਕਿ ਸਾਰੇ ਨਸ਼ੇ ਵਿਚ ਗੁੱਟ ਹੋ ਕੇ ਡਿੱਗ ਪਏ। ਭਾਈ ਬਿਧੀ ਜੀ ਨੇ ਚਾਬੀਆਂ ਕੱਢੀਆਂ, ਕਰਮਚਾਰੀਆਂ ਨੂੰ ਇਕ ਕਮਰੇ

ਵਿਚ ਬੰਦਾ ਕੀਤਾ ਤੇ ਘੋੜੇ ਸਮੇਤ ਕਿਲ੍ਹੇ ਦੀ ਦੀਵਾਰ ਤੋਂ ਛਾਲ ਮਾਰ, ਪੱਤਣ ਤੋਂ ਹੁੰਦੇ ਗੁਰੂ ਜੀ ਪਾਸ ਪਹੁੰਚੇ। ਤਾਰੀਖ-ਏ-ਪੰਜਾਬ ਵਿਚ ਇਸੇ ਵਾਰਤਾ ਨੂੰ ਸੰਖੇਪ ਕਰਕੇ ਲਿਖਿਆ ਗਿਆ ਹੈ।

ਭਾਈ ਬਿਧੀ ਚੰਦ ਜੀ ਦੂਜਾ ਘੋੜਾ ਲੈਣ ਲਈ ਫਿਰ ਲਾਹੌਰ ਆ ਪੁੱਜੇ। ਇਸ ਵਾਰੀ ਭਾਈ ਬਿਧੀ ਚੰਦ ਜੀ ਭਾਈ ਬੋਹੜੂ ਦੇ ਘਰ ਟਿਕੇ। ਭਾਈ ਬੋਹੜੂ ਨੇ ਦੱਸਿਆ ਕਿ ਘੋੜਾ ਗਾਇਬ ਹੋ ਜਾਣ ਕਰ ਕੇ ਸੌਂਧੇ ਖ਼ਾਨ ਸਭ ਖੋਜੀਆਂ ਤੇ ਨਜੂਮੀਆਂ ਦੇ ਪੈਰ ਚੁੰਮ ਰਿਹਾ ਸੀ। ਭਾਈ ਜੀ ਨੇ ਉਸ ਸਮੇਂ 'ਰਾਵਲ' ਦਾ ਰੂਪ ਧਾਰਿਆ ਤੇ ਕਿਲ੍ਹੇ ਦੇ ਲਾਗੇ ਜਾ ਬੈਠੇ।

ਸੌਂਧੇ ਖ਼ਾਨ ਕੋਲੋਂ ਲੰਘਿਆ ਤਾਂ ਭਾਈ ਬਿਧੀ ਚੰਦ ਜੀ ਨੇ ਉਸ ਦੇ ਦਿਲ ਦੀ ਗੱਲ ਦੱਸ ਦਿੱਤੀ। ਉਹ ਰੁਕ ਕੇ ਗੱਲ ਸੁਣਨ ਲੱਗਾ ਤੇ ਭਾਈ ਜੀ ਨੂੰ ਨਵਾਬ ਕੋਲ ਲੈ ਗਿਆ। ਭਾਈ ਜੀ ਨੇ ਪਹਿਲੇ ਘਾਹੀ ਦਾ ਨਾਂ, ਫਿਰ ਉਸਦਾ ਹੁਲੀਆ ਤੇ ਘੋੜਾ ਲੈ ਜਾਣ ਦੀ ਸਾਰੀ ਤਰਕੀਬ ਦੱਸੀ। ਭਾਈ ਸਾਹਿਬ ਨੇ ਕਿਹਾ ਕਿ ਇਸ ਸਮੇਂ ਇਹ ਦੱਸਣਾ ਜ਼ਰਾ ਔਖਾ ਹੈ ਕਿ ਘੋੜਾ ਕਿਥੇ ਹੈ ਪਰ ਜੇ ਉਹ ਹੀ ਸਮਾਂ ਹੋਵੇ, ਉਸੇ ਤਰ੍ਹਾਂ ਪਹਿਰੇਦਾਰ ਆਪਣੀ ਥਾਂ 'ਤੇ ਹੋਣ ਤਾਂ ਸਭ ਕੁਝ ਦੱਸਿਆ ਜਾ ਸਕਦਾ ਹੈ। ਰਾਤ ਉਹੋ ਹੀ ਸਮਾਂ ਆਉਣ 'ਤੇ ਪੂਰਾ ਸਾਂਗ ਉਤਾਰਿਆ ਗਿਆ। ਕਨ੍ਹਈਆ ਲਾਲ ਲਿਖਦਾ ਹੈ ਕਿ ਬਿਧੀ ਚੰਦ ਦੂਜੀ ਵਾਰ ਇਕ ਨਜੂਮੀ ਦੇ ਭੇਸ ਵਿਚ ਬਾਦਸ਼ਾਹ ਕੋਲ ਪੁੱਜਾ ਅਤੇ ਸ਼ਾਹੀ ਮਹਿਲ ਤੇ ਦੂਜੇ ਮਕਾਨਾਂ ਨੂੰ ਜੰਦਰੇ ਮਾਰ ਕੇ ਦੂਜਾ ਘੋੜਾ ਵੀ ਨਠਾ ਲਿਆਇਆ। ਭਾਈ ਜੀ ਨੇ ਘੋੜਾ ਖੋਹ ਲਿਆ ਅਤੇ ਕੰਧ ਉਤੇ ਚੜ੍ਹ ਕੇ ਦਰਿਆ ਵਿਚ ਛਾਲ ਮਾਰ ਦਿੱਤੀ। ਘੋੜਾ ਗੁਰੂ-ਚਰਨਾਂ ਵਿਚ ਲਿਆ ਹਾਜ਼ਰ ਕੀਤਾ। ਮਹਾਰਾਜ ਨੇ ਭਾਈ ਜੀ ਨੂੰ ਛਾਤੀ ਨਾਲ ਲਗਾਇਆ ਤੇ ਫ਼ਰਮਾਇਆ:-

"ਬਿਧੀ ਚੰਦ ਛੀਨਾ, ਗੁਰੂ ਕਾ ਸੀਨਾ।"

ਤੀਜੀ ਜੰਗ ਦਾ ਕਾਰਨ ਇਹ ਘੋੜੇ ਲਿਆਉਣਾ ਹੀ ਸੀ। ਅਨਾਇਤਾ ਉੱਲਾ ਨੇ ਲੱਲਾ ਬੇਗ ਤੇ ਉਸ ਦੇ ਭਰਾ ਕਮਰ ਬੇਗ ਨੂੰ ਅਤੇ ਮੁਗਲੀ ਬੇਗ ਤੇ ਬਹਿਲੋਲ ਖਾਂ ਨੂੰ ਦਸ ਹਜ਼ਾਰ ਦੀ ਫੌਜ ਦੇ ਕੇ ਭੇਜਿਆ ਪਰ ਉਸ ਨੂੰ ਨਥਾਣੇ ਦੇ ਅਸਥਾਨ ਉਤੇ ਕਰਾਰੀ ਹਾਰ ਹੋਈ।

ਬੁੱਢਣਸ਼ਾਹ ਦਾ ਚੇਲਾ ਸੁੰਦਰ ਸ਼ਾਹ ਦਿਉ ਨਗਰ (ਅਯੁਧਿਆ) ਤੋਂ ਕੀਰਤਪੁਰ ਆਇਆ। ਸੁੰਦਰ ਸ਼ਾਹ ਦੀ, ਇਸ ਰਾਮ ਚੰਦਰ ਦੀ ਨਗਰੀ ਵਿਚ ਬਹੁਤ ਮਾਨਤਾ ਸੀ। ਉਸ ਨੇ ਜਦ ਕੀਰਤਪੁਰ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਚਾਰ, ਰਹਿਣੀ-ਬਹਿਣੀ ਤੇ ਸਿੱਖੀ ਜੀਵਨ ਡਿੱਠਾ ਤਾਂ ਸਿੱਖੀ ਪ੍ਰਚਾਰ ਲਈ ਆਪਣੇ ਆਪ ਨੂੰ ਪੇਸ਼ ਕਰ ਦਿੱਤਾ। ਅਯੁਧਿਆ ਵਿਚ ਸ੍ਰੀ ਰਾਮ ਚੰਦਰ ਦੇ ਭਗਤਾਂ ਦਾ ਬਹੁਤ ਜ਼ੋਰ ਸੀ ਇਸ ਲਈ ਸੁੰਦਰ ਸ਼ਾਹ ਦੇ ਕਹਿਣ 'ਤੇ ਭਾਈ ਬਿਧੀ ਚੰਦ ਜੀ ਨੂੰ ਗੁਰੂ ਸਾਹਿਬ ਨੇ ਪ੍ਰਚਾਰ ਹਿਤ ਅਯੁਧਿਆ ਭੇਜ ਦਿੱਤਾ।

ਅਯੁਧਿਆ ਵੱਲ ਜਾਂਦਿਆਂ ਰਾਹ ਵਿਚ ਭਾਈ ਜੀ ਸੰਗਤਾਂ ਨੂੰ ਗੁਰ-ਸੰਦੇਸ਼ ਦਿੰਦੇ ਸਨ। ਅਯੁਧਿਆ ਨਗਰੀ ਵਿਚ ਪੁੱਜ ਕੇ ਆਪ ਨੇ ਸਿੱਖੀ ਦਾ ਉਪਦੇਸ਼ ਘਰ-ਘਰ ਪਹੁੰਚਾਇਆ। ਭਾਈ ਬਿਧੀ ਚੰਦ ਜੀ ਨੂੰ ਦੇਖ ਕੇ ਸਾਰੇ ਕਹਿਣ ਲੱਗੇ ਕਿ ਗੁਰੂ ਹਰਿਗੋਬਿੰਦ ਜੀ ਕੈਸੇ ਕਮਾਲ ਹਨ ਕਿ ਉਨ੍ਹਾਂ ਦੀ ਛੋਹ ਨਾਲ ਜੰਗ ਵਿਚ ਹਰ ਸਿੱਖ ਯੋਧਾ ਬਣ ਗਿਆ ਹੈ ਤੇ ਗਿਆਨ ਵਿਚ

ਵੀ ਸਿਖਰਾਂ ਨੂੰ ਛੋਹਣ ਲਗਦਾ ਹੈ।

ਭਾਈ ਬਿਧੀ ਚੰਦ ਜੀ ਦਾ ਹਰ ਕਰਮ ਜਿਥੇ ਜੁਅਰਤ ਦੀਆਂ ਹੱਦਾਂ ਟੱਪਦਾ ਸੀ, ਉਥੇ ਉਨ੍ਹਾਂ ਦਾ ਗੁਰਬਾਣੀ ਪ੍ਰੇਮ ਵੀ ਦੇਖਣ ਵਾਲਾ ਸੀ। *ਗੁਰ ਬਿਲਾਸ ਪਾਤਸ਼ਾਹੀ ਛੇਵੀ* ਅਨੁਸਾਰ ਜਦ ਵੀ ਉਹ ਕਿਸੇ ਕਾਰਜ ਲਈ ਟੁਰਦੇ, ਗੁਰੂ ਨੂੰ ਧਿਆਂਦੇ ਤੇ ਰਾਹ ਵਿਚ ਗੁਰਬਾਣੀ ਹੀ ਪੜ੍ਹੀ ਜਾਂਦੇ :

"ਚਲਤ ਪੰਥ ਗੁਰਬਾਣੀ ਗਾਵੈ।"

ਜਦ ਉਹਨਾਂ ਇਹ ਡਿੱਠਾ ਕਿ (ਗੁਰੂ) ਗ੍ਰੰਥ ਸਾਹਿਬ ਦੀਆਂ ਬੀੜਾਂ ਬਹੁਤ ਘੱਟ ਹਨ ਤੇ ਸੈਂਚੀਆਂ ਤੇ ਪੋਥੀਆਂ ਵੀ ਨਹੀਂ ਮਿਲਦੀਆਂ ਅਤੇ ਗੁਰਬਾਣੀ ਪੜ੍ਹਨ ਵਿਚ ਬਹੁਤ ਕਠਿਨਾਈ ਆਉਂਦੀ ਹੈ ਤਾਂ ਆਪ ਜੀ ਨੇ ਗੁਰੂ ਹਰਿਗੋਬਿੰਦ ਜੀ ਪਾਸ ਬੇਨਤੀ ਕਰ ਕੇ ਛੇਤੀ ਹੀ ਉਤਾਰਾ ਕਰਕੇ ਸੈਂਚੀਆਂ ਤਿਆਰ ਕਰਾਉਣ ਲਈ ਕਿਹਾ। ਆਪ ਜੀ ਨੇ ਆਪਣੀ ਨਿਗਰਾਨੀ ਹੇਠ ਸੈਂਚੀਆਂ ਲਿਖ ਕੇ, ਲਿਖਾ ਕੇ ਵੰਡੀਆਂ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਲਿਖਿਆ ਹੈ:

ਤਦ ਛਿਨ ਕਾਗਦ ਲੀਏ ਮੰਗਾਏ।
ਰਚ ਸੈਂਚੀਆਂ ਮਨ ਮਹਿ ਸੁਖਿ ਪਾਇ। (ਪੰਨਾ-੬੭੬)

ਇੰਜ ਭਾਈ ਜੀ ਨੇ ਆਪਣਾ ਸਾਰਾ ਜੀਵਨ ਸਿੱਖ ਸੰਗਤਾਂ ਦੀ ਸੇਵਾ ਵਿਚ ਬਿਤਾ ਦਿੱਤਾ। ਭਾਈ ਸਾਹਿਬ ਦਾ ਭਾਦੋਂ ਸੁਦੀ ੩ ਸੰਮਤ ੧੬੯੫ (ਅਗਸਤ ੧੬੩੮) ਨੂੰ ਦੇਉ ਨਗਰ ਦਿਹਾਂਤ ਹੋਇਆ।

ਭਾਈ ਬਿਧੀ ਚੰਦ ਜੀ ਦਾ ਜੀਵਨ ਇਸ ਗੱਲ ਦੀ ਜੀਉਂਦੀ-ਜਾਗਦੀ ਮਿਸਾਲ ਹੈ ਕਿ ਸੱਚਾ ਗੁਰੂ ਭੈੜੇ ਤੋਂ ਭੈੜੇ ਬੰਦੇ ਦਾ ਜੀਵਨ ਪਲਟ ਕੇ ਰੱਖ ਦਿੰਦਾ ਹੈ। ਮਾਣਸ ਤੋਂ ਦੇਵਤੇ ਤਾਂ ਕੀ, ਸਤਿਗੁਰੂ ਤਾਂ 'ਦੈਂਤਾਂ' ਨੂੰ ਵੀ ਦੇਵਤੇ ਬਣਾ ਦਿੰਦਾ ਹੈ।

ਭਾਈ ਮਨੀ ਸਿੰਘ ਜੀ

ਵਿਚਾਰ-ਸੁਤੰਤਰਤਾ ਦੇ ਧਾਰਨੀ ਅਤੇ ਧਰਮ-ਖੇਤਰ ਵਿਚ ਜੂਝਣ ਵਾਲੇ ਜਾਂਬਾਜ ਸੰਗ੍ਰਾਮੀਆਂ ਦੀ ਪਾਲ ਵਿਚ ਭਾਈ ਮਨੀ ਸਿੰਘ ਜੀ ਨੂੰ ਸਤਿਕਾਰਿਤ, ਨਿਵੇਕਲਾ ਅਤੇ ਨਿਰਾਲਾ ਸਥਾਨ ਦਿੱਤਾ ਜਾਂਦਾ ਹੈ। ਇਤਿਹਾਸ ਵਿਚ ਉਨ੍ਹਾਂ ਦੀ ਜੀਵਨ-ਘਾਲਣਾ ਨੂੰ ਲਹੂ ਦੀ ਸਿਆਹੀ ਵਿਚ ਡੁਬੋ ਕੇ ਲਿਖਿਆ ਗਿਆ ਹੈ। ਇਸ ਦਾ ਸਪੱਸ਼ਟ ਕਾਰਨ ਭਾਈ ਸਾਹਿਬ ਵਲੋਂ ਧਾਰਮਿਕ ਤੇ ਸਮਾਜਿਕ ਖੇਤਰ ਵਿਚ ਮਾਨਵ-ਚੇਤਨਾ ਦੀ ਆਜ਼ਾਦੀ ਲਈ, ਸਮਕਾਲੀ ਹਾਕਮਾਂ ਦੇ ਵਹਿਸ਼ੀਪੁਣੇ ਅਤੇ ਅਨੈਤਿਕ ਪਹੁੰਚ-ਵਿਧੀ ਵਿਰੁੱਧ ਟੱਕਰ ਲੈਂਦਿਆਂ, ਆਪਣੇ ਆਤਮਿਕ ਬਲ ਦੀ ਉੱਚਤਾ ਨਾਲ ਸਰੀਰ ਦਾ ਬੰਦ-ਬੰਦ ਕਟਵਾ ਕੇ ਸਮੇਂ ਦੀ ਹਕੂਮਤ ਦੇ ਪਾਪ ਹਵਨ-ਕੁੰਡ ਵਿਚ ਆਪਣੇ ਪ੍ਰਾਣਾਂ ਦੀ ਅਹੂਤੀ ਦੇਣਾ ਹੈ। ਆਪ ਜੀ ਦੇ ਇਸ ਕਰਮ ਨੇ 'ਨਿਰਭੈਤਾ' ਅਤੇ 'ਹੁਕਮ' ਦੇ ਅਮਲ-ਕਾਰਜ ਨੂੰ ਨਵੀਂ ਪਰਿਭਾਸ਼ਾ ਦਿੱਤੀ, ਜਿਸ ਨੇ ਪੂਰਵ ਸਥਾਪਿਤ ਵਿਚਾਰਧਾਰਾ ਵਿਚ ਇਕ ਕ੍ਰਾਂਤੀਕਾਰੀ ਮੋੜ ਲੈ ਆਂਦਾ। ਭਾਈ ਮਨੀ ਸਿੰਘ ਜੀ ਆਪਣੇ ਸਮੇਂ ਦੇ ਇਤਿਹਾਸ ਵਿਚ ਨਿਰਭੈ ਯੋਧਾ, ਧਾਰਮਿਕ ਤੇ ਸਮਾਜਿਕ ਆਗੂ, ਸਿੱਖ ਸਾਹਿਤ ਦੇ ਗੰਭੀਰ ਵਿਦਵਾਨ ਤੇ ਸਿਦਕੀ ਸਿੱਖ ਪ੍ਰਵਾਨ ਕੀਤੇ ਜਾਂਦੇ ਹਨ। ਆਪ ਜੀ ਨੇ ਸਿੱਖ ਧਰਮ ਦੀ ਮਰਯਾਦਾ ਸਥਿਰ ਰੱਖਣ ਲਈ ਨਾ ਕੇਵਲ ਆਪਣੇ ਤਨ ਦੇ ਹੀ ਬੰਦ-ਬੰਦ ਕਟਵਾਏ ਸਗੋਂ ਇਨ੍ਹਾਂ ਦੇ ਸਪੁੱਤਰਾਂ ਨੇ ਵੀ ਇਸ ਧਰਮ ਦੇ ਹਵਨ-ਕੁੰਡ ਵਿਚ ਆਪਣੀ ਚਰਬੀ ਤੇ ਲਹੂ ਪਾਉਂਦਿਆਂ ਉਸ ਨੂੰ ਪ੍ਰਜਵਲਤ ਕੀਤਾ।

ਇਸ ਮਰਜੀਵੜੇ ਦੇ ਜੀਵਨ-ਸਮਾਚਾਰ ਸਿੱਖ ਧਰਮ ਦੇ ਵੱਖ-ਵੱਖ ਇਤਿਹਾਸਕ ਗ੍ਰੰਥਾਂ ਵਿਚ ਇਕਸਾਰ ਪ੍ਰਾਪਤ ਨਹੀਂ ਹੁੰਦੇ। ਹੈਰਾਨੀ ਇਸ ਗੱਲ ਦੀ ਹੁੰਦੀ ਹੈ ਕਿ ਇਹ ਗ੍ਰੰਥ ਇਸ ਕਰਮ ਜੋਗੀ ਨੂੰ ਕਿਤੇ ਕੰਬੋ,[1] ਕਿਤੇ ਦੁੱਲਟ ਜਟ[2], ਕਿਤੇ ਭਾਈ ਮਨੀ ਸਿੰਘ ਕਾਨੇ ਕਾਛੇ[3] ਅਤੇ ਕਿਤੇ ਮਨੀ ਸਿੰਘ ਮੁਲਤਾਨੀ[4] ਲਿਖ ਕੇ ਇਕ ਤੋਂ ਵੱਧ ਭਾਈ ਮਨੀ ਸਿੰਘ ਸਥਾਪਿਤ ਕਰਦੇ ਹਨ। ਇਨ੍ਹਾਂ ਗ੍ਰੰਥਾਂ ਵਿਚ ਪ੍ਰਾਪਤ ਦੀ ਖੋਜ-ਦ੍ਰਿਸ਼ਟੀ ਤੋਂ ਪਰਖ ਕਰਦਿਆਂ ਵਧੇਰੇ ਵਿਸ਼ਵਾਸਨੀਯ ਤੱਥ ਭਾਈ ਸੇਵਾ ਸਿੰਘ ਭੱਟ ਦੀ ਰਚਨਾ, *'ਸ਼ਹੀਦ ਬਿਲਾਸ'* ਵਾਲੇ ਸਾਬਤ ਹੁੰਦੇ ਹਨ। ਭੱਟ ਵਹੀ ਤਲਾਉਂਡਾ (ਪਰਗਨਾ ਜੀਂਦ) ਅਨੁਸਾਰ, ਭਾਈ ਸੇਵਾ ਸਿੰਘ ਦਾ ਸੰਬੰਧ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਭੱਟ-ਬਾਣੀ ਦੇ ਇਕ ਭੱਟ ਭਾਈ ਭਿੱਖਾ ਨਾਲ ਜੁੜਦਾ ਹੈ ਜੋ ਭੱਟ ਭਿੱਖਾ ਦੇ ਪੁੱਤਰ ਕੀਰਤ ਸਿੰਘ ਦੀ ਔਲਾਦ ਵਿਚੋਂ ਛੇਵੀਂ ਪੀੜ੍ਹੀ 'ਤੇ ਸੀ। ਏਸੇ ਭੱਟ ਵਹੀ ਤਲਾਉਂਡਾ ਦੀ

ਸੂਚਨਾ ਅਨੁਸਾਰ ਲੇਖਕ (ਸੇਵਾ ਸਿੰਘ) ਸੰਮਤ ੧੭੯੮ ਬਿਕ੍ਰਮੀ ਨੂੰ ਆਲੋਵਾਲ ਦੇ ਸਥਾਨ 'ਤੇ ਸ਼ਾਹੀ ਹੁਕਮ ਅਧੀਨ ਆਪਣੇ ਬਾਕੀ ਸਾਥੀਆਂ ਸਮੇਤ ਜ਼ਮੀਨ ਵਿਚ ਜ਼ਿੰਦਾ ਗੱਡਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ।[੫]

ਸੇਵਾ ਸਿੰਘ, ਕੁਲ ਪ੍ਰੰਪਰਾ ਤੋਂ ਭਾਈ ਮਨੀ ਸਿੰਘ ਦੇ ਪਰਿਵਾਰ ਨਾਲ ਸੰਬੰਧਿਤ ਸੀ ਅਤੇ ਉਸ ਨੂੰ ਆਪਣੇ ਵਡ-ਵਡੇਰਿਆਂ ਵਿਚ ਸੀਨਾ-ਬ-ਸੀਨਾ ਚਲੀ ਆ ਰਹੀ ਸਾਰੀ ਸਮੱਗਰੀ ਪ੍ਰਾਪਤ ਹੋਈ, ਜਿਸ ਦਾ ਜ਼ਿਕਰ ਉਹ ਆਪਣੀ ਰਚਨਾ ਵਿਚ ਵੀ ਕਰਦਾ ਹੈ:-

ਸਿੰਘ ਸੰਗਰਾਮ ਬੀਰ ਇਕ ਭਯੋ। ਪੋਤਾ ਮਨੀ ਸਿੰਘ ਕਾ ਅਯੋ।
ਤਿਸ ਕੇ ਪਾਂਚ ਸੁਤ ਅਗਾਰੀ। ਜਿਨ ਮੇ ਸੰਗਤ ਸਿੰਘ ਬਲਕਾਰੀ।
ਸਕਲ ਪਰਵਾਰ ਮੇਲ ਇਨ ਸਾਰਾ। ਗੈਲ ਇਨੋ ਕੇ ਪਿਤਾ ਹਮਾਰਾ।
ਦੇਸ ਮਾਲਵੇ ਪਹੁੰਚੇ ਜਾਈ। ਗੈਲ ਜੀਤ ਸਿੰਘ ਲਈ ਬਨਾਈ।
ਕਛੁ ਚਿਰ ਰਹੇ ਲਾਡਵੇ ਬੀਚ। ਏਕ ਗਾਮ ਰਾਜੇ ਤਿਹ ਦੀਚ।
ਹਮਰੋ ਕਾਮ ਵਧਾਈਆਂ ਲੈਨਾ। ਫਿਰ ਤੁਰ ਕੇ ਜਸ ਇਨ ਕਾ ਕਹਿਨਾ।[੬]

ਲੇਖਕ ਦੇ ਸਵੈ-ਕਥਨ ਅਨੁਸਾਰ, ਇਹ ਰਚਨਾ 'ਲਾਡਵੇ' ਨਾਂ ਦੇ ਨਗਰ ਵਿਚ ਸ਼ੁਰੂ ਕਰ ਕੇ ਪਰਗਨਾ ਥਾਨੇਸਰ ਦੇ ਸਥਾਨ ਭਾਦਸੋਂ ਵਿਚ ਸਮਾਪਤ ਕੀਤੀ ਗਈ। ਸਵੈ-ਰਚਨਾ ਵਿਚ ਰਚਨਾ-ਕਾਲ ਦਾ ਕੋਈ ਸੰਕੇਤ ਨਹੀਂ ਪਰ ਲਾਡਵੇ ਦੇ ਸਰਦਾਰ ਜੀਤ (ਅਜੀਤ) ਸਿੰਘ ਦਾ ਹਵਾਲਾ ਇਸ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦੀ ਸਿਧ ਕਰਦਾ ਹੈ। ਆਦਿ ਵਿਚ ਇਹ ਰਚਨਾ ਭੱਟਾਖਰੀ ਵਿਚ ਲਿਖੀ ਗਈ ਸੀ, ਜਿਸ ਦਾ ਗੁਰਮੁਖੀ ਉਤਾਰਾ ਸੇਵਾ ਸਿੰਘ ਦੀ ਤੀਜੀ-ਪੀੜ੍ਹੀ ਦਾ ਭੱਟ ਛਜੂ ਸਿੰਘ ੧੯੨੭ ਬਿਕਰਮੀ ਨੂੰ ਕਰਦਾ ਹੈ:-

"ਸ਼ਹੀਦ ਬਿਲਾਸ ਪੋਥੀ ਕੀ ਨਕਲ ਭੱਟਾਖਸ਼ਰੀ ਸੇ ਕਾਰਤਕ ਵਦੀ ਏਕਮ ਸਾਲ ੧੯੨੭ ਬਿਕ੍ਰਮੀ ਕੋ ਗੁਰਮੁਖੀ ਮੇਂ ਕੀ। ਨਕਲ ਕਰਨੇ ਵਾਲਾ ਛਜੂ ਸਿੰਘ ਭੱਟ, ਭਾਦਸੋਂ ਨਿਵਾਸੀ, ਪਰਗਨਾ ਥਾਨੇਸਰ।"[੭]

ਸੇਵਾ ਸਿੰਘ ਦੀ ਇਸ ਰਚਨਾ ਨੂੰ, ਗਿ: ਗਰਜਾ ਸਿੰਘ ਨੇ ਸੰਪਾਦਿਤ ਕੀਤਾ ਅਤੇ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਨੇ ੧੯੬੧ ਵਿਚ ਛਾਪਿਆ। ਇਸ ਰਚਨਾ ਵਿਚ ਭੱਟ ਵਹੀ ਅਤੇ ਪੰਡਾ ਵਹੀਆਂ ਦੇ ਆਧਾਰ 'ਤੇ ਭਾਈ ਮਨੀ ਸਿੰਘ ਜੀ ਦੀ ਵੰਸ ਪ੍ਰੰਪਰਾ ਇਸ ਪ੍ਰਕਾਰ ਦਰਜ ਕੀਤੀ ਹੋਈ ਹੈ:-

ਬਲੂ (ਸ਼ਹੀਦੀ ੧੫ ਅਪ੍ਰੈਲ ੧੬੩੪ ਈ. ਅੰਮ੍ਰਿਤਸਰ)

ਮਲੂਕਾ	ਮਾਈਦਾਸ	ਰੁੜੀਆ	ਰੂਪੀਆ	ਜੈਮਲ	ਬੀਰੀਆ	ਨੇਤਾ	ਸਾਹੂ	ਸੁੰਦਰ	ਮਾਯੋ	ਰਈਆ	ਸੁਹੇਲਾ
ਜੇਠਾ ਸਿੰਘ	ਦਿਆਲ ਦਾਸ	ਮਨੀ ਸਿੰਘ	ਦਾਨ ਸਿੰਘ	ਮਾਨ ਸਿੰਘ	ਅਮਰ ਚੰਦ	ਰੂਪ ਸਿੰਘ	ਜਗਤ ਸਿੰਘ	ਸੋਹਣ ਸਿੰਘ	ਲਹਿਣਾ ਸਿੰਘ	ਰਾਇ ਸਿੰਘ	ਹਠੀ ਸਿੰਘ
ਚ੍ਰਿਤ ਸਿੰਘ	ਬਚਿਤ੍ਰ ਸਿੰਘ		ਉਦੇ ਸਿੰਘ		ਅਨਿਕ ਸਿੰਘ	ਅਜਬ ਸਿੰਘ		ਅਜਾਇਬ ਸਿੰਘ	ਗੁਰਬਖਸ਼ ਸਿੰਘ		ਭਗਵਾਨ ਸਿੰਘ
								ਬਲਰਾਮ ਸਿੰਘ	ਦੇਸਾ ਸਿੰਘ		

ਚ੍ਰਿਤ ਸਿੰਘ

ਕੇਸੋ ਸਿੰਘ	ਸੈਣਾ ਸਿੰਘ	ਗਰਜਾ ਸਿੰਘ	ਹਾਠੂ ਸਿੰਘ

ਬਚਿਤ੍ਰ ਸਿੰਘ

ਸੰਗਰਾਮ ਸਿੰਘ	ਰਾਮ ਸਿੰਘ
ਉਦੈ ਸਿੰਘ	

ਮਹਿਬੂਬ ਸਿੰਘ	ਅਜੂਬ ਸਿੰਘ	ਫਤੇ ਸਿੰਘ	ਅਲਬੇਲ ਸਿੰਘ	ਮੋਹਰ ਸਿੰਘ	ਬਾਘ ਸਿੰਘ	ਅਨੋਖ ਸਿੰਘ

ਉਪਰੋਕਤ ਅਸਲ ਬੰਸਾਵਲੀ-ਨਾਮਾ ਵਧੇਰੇ ਵਿਸਥਾਰ-ਪੂਰਬਕ ਹੈ ਅਤੇ ਹਰੀ ਸਿੰਘ ਦੀ ਸ਼ਹਾਦਤ ਦਾ ਸੰਮਤ ਵੀ ਦਰਜ ਹੈ। ਇਸ ਬੰਸਾਵਲੀਨਾਮੇ ਅਨੁਸਾਰ ਭਾਈ ਮਨੀ ਸਿੰਘ ਜੀ ਦੇ ਸੰਬੰਧ 'ਚ ਰਾਜਾ ਬਿਕਰਮਜੀਤ ਦੀ ਬੰਸ ਦੇ ਪੰਵਾਰ ਰਾਜਾ ਸਾਂਤਲ, ਉਦੇ ਦੀਪ, ਬੀਜਾਂ ਤੇ ਬਲੂ ਨਾਲ ਜਾ ਜੁੜਦਾ ਹੈ। ਬਲੂ ਰਾਉ ਦੇ

੧੨ ਸਪੁੱਤਰ ਸਨ। ਜਿਨ੍ਹਾਂ ਵਿਚੋਂ ਮਾਈ ਦਾਸ ਇਕ ਸੀ। ਇਸ ਮਾਈ ਦਾਸ ਨੇ ਦੋ ਸ਼ਾਦੀਆਂ ਕੀਤੀਆਂ। ਪਹਿਲੀ ਪਤਨੀ ਦੇ ਪੇਟੋਂ ੭ ਪੁੱਤਰ ਜਨਮੇ ਜਿਨ੍ਹਾਂ ਵਿਚ ਭਾਈ ਮਨੀ ਰਾਮ (ਭਾਈ ਮਨੀ ਸਿੰਘ) ਵੀ ਸੀ ਤੇ ਦੂਜੀ ਪਤਨੀ ਦੀ ਕੁਖੋਂ ੫ ਪੁੱਤਰ ਜਨਮੇ। ਇਸ ਤਰ੍ਹਾਂ ਭਾਈ ਮਨੀ ਸਿੰਘ ਜੀ ੧੨ ਭਰਾ ਸਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਸਿੱਖ ਆਦਰਸ਼ਾਂ ਦੀ ਰੱਖਿਆ ਹਿਤ ਕੁਰਬਾਨ ਕਰ ਦਿੱਤੀ।

ਭਾਈ ਮਨੀ ਸਿੰਘ ਜੀ ਦੇ ਪਰਿਵਾਰ ਦਾ ਗੁਰੂ-ਘਰ ਨਾਲ ਸੰਬੰਧ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਤੋਂ ਹੀ ਜੁੜ ਜਾਂਦਾ ਹੈ ਕਿਉਂਕਿ ਇਨ੍ਹਾਂ ਦਾ ਦਾਦਾ ਬਲੂ ਰਾਉ ਛੇਵੇਂ ਪਾਤਸ਼ਾਹ ਦਾ ਪ੍ਰਸਿੱਧ ਸਿੱਖ ਜਰਨੈਲ ਸੀ। ਆਪ ਦੇ ਜਨਮ-ਸੰਮਤ ਦਾ ਪ੍ਰਥਮ ਹਵਾਲਾ ਮੁਲਤਾਨੀ-ਸਿੰਧੀ ਵਹੀ ਅਨੁਸਾਰ ਇਸ ਤਰ੍ਹਾਂ ਪ੍ਰਾਪਤ ਹੁੰਦਾ ਹੈ:-

> "ਬਧਾਈ ਲੀ ਮਨੀ ਰਾਮ ਕੀ, ਬੇਟਾ ਮਾਈ ਦਾਸ ਕਾ, ਪੋਤਾ ਬਲੂ ਕਾ,ਪੜਪੋਤਾ ਮੂਲੇ ਕਾ ਸੰਬਤ ੧੭੦੧ ਬਰਖੇ ਮਾਹ ਚੇਤਰ ਸੁਦੀ ਦੁਆਦਸੀ ਰਵੀਵਾਰ ਸ਼ੁਭ ਵਾਰ ਸ਼ੁਭ ਘੜੀ ਹੂਆ, ਕੁਲ ਪ੍ਰੋਹਤ ਬੋਹਥ ਭਟ ਕੋ ਮਾਨਾ, ਗੁਰੂ ਕੀ ਕੜਾਹੀ ਕੀ।[੯]

ਉਪਰੋਕਤ ਸੂਚਨਾ ਅਨੁਸਾਰ ਭਾਈ ਸਾਹਿਬ ਦਾ ਜਨਮ ੧੭੦੧ ਬਿਕ੍ਰਮੀ ਦਿਨ ਐਤਵਾਰ, ਚੇਤਰ ਸੁਦੀ ਬਾਰਾਂ ਨੂੰ ਹੋਇਆ ਜਿਸ ਦੀ ਪੁਸ਼ਟੀ *'ਸ਼ਹੀਦ ਬਿਲਾਸ'* ਵਿਚੋਂ ਵੀ ਹੋ ਜਾਂਦੀ ਹੈ।[੧੦] ਆਪ ਜੀ ਮੁਲਤਾਨ ਦੇ ਨਜ਼ਦੀਕ ਅਲੀਪੁਰ ਨਗਰ ਦੇ ਰਹਿਣ ਵਾਲੇ ਸਨ। ਮਾਈ ਦਾਸ, ਮਨੀਏ (ਮਨੀ ਸਿੰਘ) ਨੂੰ ੧੩ ਸਾਲ ਦੀ ਉਮਰ ਦਾ ਹੋਣ 'ਤੇ ਕੀਰਤਪੁਰ ਸਾਹਿਬ ਵਿਖੇ, ਗੁਰੂ ਹਰਿ ਰਾਇ ਸਾਹਿਬ ਜੀ ਦੇ ਦਰਬਾਰ ਵਿਚ ਲੈ ਕੇ ਹਾਜ਼ਰ ਹੋਇਆ। ਗੁਰੂ ਸਾਹਿਬ ਨੇ ਬਾਲਕ ਦਾ ਸੁੰਦਰ ਮੁਖੜਾ ਵੇਖ ਕੇ "ਮਨੀਆ ਇਹ ਗੁਨੀਆ ਹੋਵੇਗਾ ਬੀਚ ਜਗ ਸਾਰੇ" ਆਖਦਿਆਂ ਅਸੀਸ ਦਿੱਤੀ।[੧੧] ਦੋ ਸਾਲ ਗੁਰੂ-ਦਰਬਾਰ ਦੀ ਹਾਜ਼ਰੀ ਭਰਦਿਆਂ ਅਤੇ ਲੰਗਰ ਦੇ ਜੂਠੇ ਬਰਤਨ ਮਾਂਜ ਕੇ ਮਨ ਦੀ ਮੈਲ ਦੂਰ ਕਰਦਿਆਂ ਭਾਈ ਮਨੀਆ ਆਪਣੇ ਘਰ ਵਿਆਹ ਕਰਵਾਉਣ ਲਈ ਪਰਤ ਗਿਆ। *'ਸ਼ਹੀਦ ਬਿਲਾਸ'* ਤੋਂ ਇਹ ਸੂਚਨਾ ਵੀ ਮਿਲਦੀ ਹੈ ਕਿ ਆਪ ਜੀ ਦੀਆਂ ਕੁਝ ਭੈਣਾਂ ਵੀ ਸਨ। ਇਹ ਭੈਣਾਂ ਆਪ ਤੋਂ ਛੋਟੀਆਂ ਸਨ ਕਿ ਵੱਡੀਆਂ? ਇਹ ਸੰਕੇਤ ਨਹੀਂ ਕੀਤਾ ਗਿਆ।[੧੨] ਆਪ ਜੀ ਦੀ ਸ਼ਾਦੀ, ਖੈਰਪੁਰ ਦੇ ਯਾਦਵ ਬੰਸੀ, ਲਖੀ ਰਾਇ ਦੀ ਧੀ, ਬੀਬੀ ਸੀਤੋ ਨਾਲ ਹੋਈ। ਵਿਆਹ ਉਪਰੰਤ ਕੁਝ ਸਮਾਂ ਬੀਤਣ 'ਤੇ ਭਾਈ ਮਨੀਆ ਆਪਣੇ ਦੋ ਭਰਾ, ਭਾਈ ਜੇਠਾ ਤੇ ਭਾਈ ਦਿਆਲਾ ਸੰਗ ਮੁੜ ਕੀਰਤਪੁਰ ਸਾਹਿਬ ਗੁਰੂ-ਦਰਬਾਰ ਵਿਚ ਹਾਜ਼ਰ ਹੋ ਕੇ ਲੰਗਰ ਦੀ ਸੇਵਾ ਵਿਚ ਜੁਟ ਗਿਆ। ਗੁਰੂ ਹਰਿ ਰਾਇ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਆਪ ਜੀ ਗੁਰੂ ਹਰਿਕ੍ਰਿਸ਼ਨ ਜੀ ਦੇ ਸੰਗ ਦਿੱਲੀ ਤਕ ਰਹੇ ਅਤੇ ਉਨ੍ਹਾਂ ਦੇ ਚਲਾਣੇ ਪਿਛੋਂ ਮਾਤਾ ਸੁਲੱਖਣੀ ਜੀ[੧੩] ਨਾਲ ਬਕਾਲੇ, ਗੁਰੂ ਤੇਗ ਬਹਾਦਰ ਜੀ ਪਾਸ ਪਹੁੰਚੇ। ਕੁਝ ਸਮਾਂ ਬਾਬਾ ਬਕਾਲਾ ਵਿਚ ਠਹਿਰਨ ਉਪਰੰਤ ਆਪ ਜੀ ਆਪਣੇ ਨਗਰ ਅਲੀਪੁਰ ਵਾਪਸ ਪਰਤ ਆਏ। ਅਲੀਪੁਰ ਠਹਿਰਣ ਪਿੱਛੋਂ ਆਪ ਜੀ ਚੇਤਰ ਮਹੀਨੇ ਸੰਮਤ ੧੭੨੯ ਨੂੰ ਚੱਕ ਨਾਨਕੀ ਦੇ ਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਆ ਹਾਜ਼ਰ ਹੋਏ।

ਚੱਕ ਨਾਨਕੀ, ਸ੍ਰੀ ਆਨੰਦਪੁਰ ਦਾ ਹੀ ਇਕ ਹਿੱਸਾ ਹੈ, ਜਿੱਥੇ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਹੈ। ਇਹ ਜਗ੍ਹਾ ਰਾਜਾ ਭੀਮ ਚੰਦ ਦੀ ਮਾਤਾ ਨੇ, ਮਾਤਾ ਨਾਨਕੀ ਨੂੰ ਉਸ ਸਮੇਂ ਦਿੱਤੀ, ਜਦੋਂ ਨੌਵੇਂ ਗੁਰੂ ਜੀ ਪਰਿਵਾਰ ਸਮੇਤ ਰਾਣੀ ਦੇ ਸੱਦੇ 'ਤੇ ਬਿਲਾਸਪੁਰ ਗਏ ਸਨ। ਸਤਿਗੁਰਾਂ ਨੇ ਸੰਮਤ ੧੭੨੨ ਬਿਕ੍ਰਮੀ, ੨੧ ਹਾੜ, ਦਿਨ ਸੋਮਵਾਰ ਨੂੰ ਚੱਕ ਨਾਨਕੀ ਦੀ ਮੋੜ੍ਹੀ ਗੱਡੀ ਸੀ। ਮਾਲ ਦੇ ਕਾਗਜ਼ਾਂ ਵਿਚ ਇਸ ਇਲਾਕੇ ਦਾ ਨਾਮ ਅਜੇ ਵੀ 'ਚੱਕ' ਹੈ ਅਤੇ ਇਸ ਦਾ ਵੱਖਰਾ ਨੰਬਰਦਾਰ ਹੈ।[੧੪]

ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣ ਕੇ ਜਦੋਂ ਨੌਵੇਂ ਗੁਰੂ ਜੀ ਦਿੱਲੀ ਰਵਾਨਾ ਹੋ ਗਏ ਤਾਂ ਭਾਈ ਮਨੀਆ ਤੇ ਭਾਈ ਜੇਠਾ ਅਨੰਦਪੁਰ ਵਿਚ ਦਸਮ ਗੁਰੂ ਪਾਸ ਹੀ ਰਹਿ ਗਏ। ਇਸ ਸਮੇਂ ਆਪ ਜੀ ਦੀ ਉਮਰ ੩੫ ਸਾਲ ਹੋ ਚੁਕੀ ਸੀ। ਭੱਟ ਸੇਵਾ ਸਿੰਘ ਨੇ ਇਸ ਆਯੂ ਵਿਚ ਆਪ ਦੀ ਸ਼ਖ਼ਸੀਅਤ ਨੂੰ ਇਸ ਪ੍ਰਕਾਰ ਦਰਸਾਇਆ ਹੈ–

ਦੋਹਰਾ॥

ਆਯੂ ਪੈਂਤੀ ਬਰਖ ਕੀ, ਮਨੀ ਸਿੰਘ ਕੀ ਆਹਿ,
ਲਿਖੇ ਲਿਖਾਏ ਪੋਥੀਆਂ[੧੫], ਮਨ ਮਹਿ ਬਹੁਤ ਉਤਸ਼ਾਹਿ।

ਕਬਿੱਤ॥

ਸੇਵਾ ਸੀ ਕਰੰਤ ਤੇ ਰਹੰਤ ਗੁਰਾਂ ਪਾਸ ਸਦਾ,
ਲਿਖ ਲਿਖ ਬਾਣੀ ਕਰੇ ਪੋਥੀਆਂ ਤਿਆਰ ਇਹ।
ਪੜਦਾ ਪੜਾਂਦਾ ਤੇ ਗਿਣਾਂਦਾ ਨਹੀਂ ਆਪ ਤਾਈਂ,
ਮਨ ਨੀਵਾਂ ਮਤ ਉੱਚੀ ਇਹੋ ਦਿਲ ਧਾਰ ਇਹ।
ਹਠੀ ਤਪੀ ਪੂਰਾ, ਸਿੱਖੀ-ਸਿਦਕ ਦਾ ਪੁਤਲਾ ਸੀ,
ਸਾਖੀਆਂ ਸਿਦਕ ਦੀਆਂ ਕਰਦਾ ਉਚਾਰ ਇਹ।
ਸੇਵਾ ਹਰੀ ਇਵੇਂ ਕਿਵੇਂ ਬੀਤ ਗਏ ਬਰਖ ਕਈ,
ਜੁਧ ਦੇ ਕਰਨ ਵਿਚ ਵਡਾ ਹੁਸ਼ਿਆਰ ਇਹ।[੧੬]

ਭੱਟ ਸੇਵਾ ਸਿੰਘ ਦੀ ਉਕਤ ਸੂਚਨਾ ਅਨੁਸਾਰ ਭਾਈ ਸਾਹਿਬ ਪੋਥੀਆਂ ਦੇ ਲਿਖਾਰੀ, ਤਪੱਸਵੀ, ਹਠੀ, ਚੁਸਤ, ਫੁਰਤੀਲੇ ਤੇ ਯੁੱਧ-ਕਲਾ ਵਿਚ ਤਾਕ, ਸਾਖੀਆਂ ਸੁਨਾਉਣ ਵਾਲੇ ਪ੍ਰੀਤਵਾਨ ਸਾਦਿਕ ਸਿੱਖ ਸਨ।

ਭਾਈ ਸਾਹਿਬ, ਦਸਮ ਗੁਰੂ ਜੀ ਦੇ ਸੰਗ ਪਾਉਂਟਾ ਸਾਹਿਬ ਵੀ ਗਏ ਅਤੇ ਬਾਬਾ ਰਾਮ ਰਾਇ ਦੀ ਮਿਰਤੂ ਸਮੇਂ ਭੀ ਦੇਹਰਾਦੂਨ ਨਾਲ ਹੀ ਰਹੇ। ਏਥੋਂ ਤਕ ਕਿ ੨੪ ਭਾਦਰੋਂ ੧੭੪੫ ਬਿ: ਨੂੰ ਬਾਬਾ ਰਾਮ ਰਾਇ ਦੀ ਪਹਿਲੀ ਬਰਸੀ ਸਮੇਂ ਆਪ ਜੀ ਨੇ ੫੦ ਚੋਣਵੇਂ ਸਿੱਖਾਂ ਸਮੇਤ ਦਸਮ ਗੁਰੂ ਜੀ ਦੇ ਪ੍ਰਤੀਨਿਧ ਵਜੋਂ ਹਾਜ਼ਰੀ ਭਰੀ, ਪਰ ਏਥੇ ਗੁਰਬਖਸ਼ ਨਾਮੀ ਹੰਕਾਰੀ ਸਾਧੂ ਵਲੋਂ ਦਸਮੇਸ਼ ਪ੍ਰਤੀ ਅਸ਼ੁਭ ਬਚਨ ਬੋਲਣ 'ਤੇ ਭਾਈ ਮਨੀ ਸਿੰਘ ਜੀ ਨੇ ਉਸ ਨੂੰ ਆਪਣੇ ਖੰਡੇ ਨਾਲ ਧਰਤੀ ਨਾਲ ਮੇਲ ਦਿੱਤਾ–

ਇਹ ਗੁਰਬਖਸ਼[੧੭] ਮਹਾਂ ਅਗਿਆਨੀ।

ਦੁਸ਼ਟ ਕੁਪੱਤਾ ਥਾ ਅਭਿਮਾਨੀ।
ਨਿੰਦਾ ਗੁਰ ਦਸਮੇਸ਼ ਕੀ ਕਰੀ ਮੁਗਧ ਥੀ ਆਇ।
ਤਖਤ ਪੋਸ਼ ਥੀਂ ਮਨੀ ਸਿੰਘ ਮਾਰਯੋ ਭੂਯ ਉਲਟਾਇ।।੫੨।।

ਏਸੇ ਤਰ੍ਹਾਂ ਭੰਗਾਣੀ ਦੇ ੧੭੪੫ ਬਿ: ਵਾਲੇ ਪ੍ਰਸਿੱਧ ਯੁੱਧ ਵਿਚ ਜਿਨ੍ਹਾਂ ਸਿੰਘਾਂ ਨੇ ਅੱਗੇ ਵਧ-ਚੜ੍ਹ ਕੇ ਹਿੱਸਾ ਲਿਆ ਤੇ ਫਤਹਿ ਹਾਸਿਲ ਕੀਤੀ, ਭਾਈ ਮਨੀ ਸਿੰਘ ਜੀ ਉਹਨਾਂ ਵਿਚੋਂ ਇਕ ਸਨ-

ਸੂਹੀਏ ਖਬਰ ਪੁਚਾਈ ਸਾਰੀ।
ਚੜਿਓ ਦਲ ਰਾਜਨ ਕੂੰ ਭਾਰੀ।
ਮਨੀਏ ਸਹਿਤ ਨਾਮੀ ਸਿੱਖ ਜੇਤੇ।
ਰਾਖੇ ਸਭ ਤਕੜਾਈ ਹੇਤੇ।
ਸੇਵਾ ਹਰੀ ਜੀਤ ਘਰ ਆਏ।
ਭਾਂਤ ਭਾਂਤ ਬਾਜਨ ਬਜਵਾਏ।[੧੮]

ਦਸਮੇਸ਼ ਜੀ ਦੇ ਪਾਉਂਟਾ ਨਿਵਾਸ ਅਤੇ ਅਨੰਦਪੁਰ ਵਾਪਸੀ ਸਮੇਂ ਭਾਈ ਮਨੀ ਸਿੰਘ ਜੀ ਉਹਨਾਂ ਦੇ ਸੰਗ-ਸੰਗ ਰਹੇ। ਸਪੱਸ਼ਟ ਹੈ ਕਿ ਆਪ ਜੀ ਦਸਮੇਸ਼ ਗੁਰੂ ਦੇ ਭਰੋਸੇਯੋਗ ਤੇ ਮਹੱਤਤਾ ਰੱਖਣ ਵਾਲੇ ਸਿੱਖ ਸਨ। ਗਿਆਨੀ ਗਿਆਨ ਸਿੰਘ ਨੇ ਤਾਂ ਆਪ ਜੀ ਦੀ ਗਿਣਤੀ ਦਸਮੇਸ਼ ਦੇ ੫੨ ਦਰਬਾਰੀ ਕਵੀਆਂ ਵਿਚ ਕੀਤੀ ਹੈ-

ਕਵੀ ਬਵੰਜਾ ਥੇ ਗੁਰ ਪਾਸ।
ਉਨ ਮੈ ਗਨਨਾ ਇਨ ਕੀ ਖਾਸ।[੧੯]

ਭੱਟ ਸੇਵਾ ਸਿੰਘ ਨੇ ਆਨੰਦਪੁਰ ਦੀ ਵਾਪਸੀ ਉਪਰੰਤ ਭਾਈ ਮਨੀ ਸਿੰਘ ਜੀ ਦੀ ਨਿਤ ਕਿਰਿਆ ਇਸ ਪ੍ਰਕਾਰ ਦੱਸੀ ਹੈ-

ਸੇਵਾ ਕਰੇ ਆਲਸ ਕੂੰ ਤਿਆਗੈ।
ਸਵਾ ਪਹਿਰ ਨਿਸ ਰਹਿੰਦੀ ਜਾਗੈ।
ਨਿਤਪ੍ਰਤਿ ਮਨੀਆ ਮੱਜਨ ਕਰੈ।
ਪਦ ਪੰਕਜ ਗੁਰ ਮਸਤਕ ਧਰੈ।
ਨਿਸ ਦਿਨ ਕਰ ਸੇਵਾ ਮਨ ਮਾਂਜੇ।
ਅੰਧੇਰੀ ਬਦ ਨਾ ਦੇਖੇ ਝਾਂਜੇ।
ਸੇਵਾ ਹਰੀ ਜੁਧ ਮਹਿ ਆਗੈ।
ਹੋਇ ਕਾਇਰ ਨਹਿ ਪੀਛੈ ਭਾਗੈ।੬੨।[੨੦]

ਦਸਮੇਸ਼ ਜੀ ਨੇ ਭਾਈ ਮਨੀ ਸਿੰਘ ਜੀ ਦੇ ਸਿੱਖੀ ਸਿਦਕ ਤੋਂ ਪ੍ਰਸੰਨ ਹੋ ਕੇ, ਸੰਮਤ ੧੭੪੮ ਬਿਕਰਮੀ ਨੂੰ ਵਿਸਾਖੀ ਵਾਲੇ ਦਿਨ ਆਪ ਜੀ ਨੂੰ ਗੁਰੂ-ਦਰਬਾਰ ਦੀ 'ਦੀਵਾਨਗੀ' ਦੀ ਪਦਵੀ ਬਖਸ਼ੀ। ਇਸ ਤੱਥ ਦੀ ਪੁਸ਼ਟੀ ਕ੍ਰਿਸ਼ਨ ਚੰਦ, ਪੰਡਾ ਦੀ 'ਵਹੀ-ਹਰਿਦਵਾਰ' ਤੋਂ ਵੀ ਹੋ ਜਾਂਦੀ ਹੈ।[੨੧]

ਸ਼ਹੀਦ ਬਿਲਾਸ ਵਿਚ ਖਾਲਸਾ ਪੰਥ ਸਾਜਨ ਦੀ ਮਿਤੀ ਪ੍ਰਚਲਿਤ ਰਵਾਇਤ ਦੇ ਉਲਟ ੧੭੫੨ ਬਿਕਰਮੀ ਦੀ ਵਿਸਾਖੀ ਦਿੱਤੀ ਹੈ।

ਸਤ੍ਰਹ ਸੈ ਬਾਵਨ ਵਿਖੇ ਪੰਥ ਖਾਲਸਾ ਸਾਜ।
ਵਿਸਾਖੀ ਕੇ ਦਿਵਸ ਮੈ ਕਲਗੀਧਰ ਮਹਾਰਾਜ।੯੯।[੨੨]

ਪ੍ਰੇਮ ਸੁਮਾਰਗ ਵਿਚ ਖਾਲਸਾ ਪੰਥ ਸਾਜਣ ਦੀ ਮਿਤੀ ੧੭੫੫ ਬਿਕਰਮੀ ਸੰਮਤ ਦਰਜ ਹੈ, ਪਰ ਪਰੰਪਰਾਵਾਂ ਦੇ ਸਨਮੁਖ ਅਤੇ ਕੁਝ ਗੰਭੀਰ ਇਤਿਹਾਸਕਾਰਾਂ ਦੀ ਖੋਜ ਉਪਰੰਤ ੧੭੫੬ ਬਿਕਰਮੀ (੧੬੯੯ ਈ:) ਸਾਲ ਹੀ ਖਾਲਸਾ ਪੰਥ ਦਾ ਸਰਵਪ੍ਰਵਾਨਿਤ ਜਨਮ-ਸੰਮਤ ਮੰਨਿਆ ਜਾਂਦਾ ਹੈ। ਖਾਲਸਾ ਪੰਥ ਦੀ ਸਾਜਨਾ ਸਮੇਂ ਹੀ ਭਾਈ ਮਨੀਏ ਨੇ, ਅੰਮ੍ਰਿਤ-ਪਾਨ ਕਰ ਕੇ, ਮਨੀ ਸਿੰਘ ਦਾ ਪਦ ਗ੍ਰਹਿਣ ਕੀਤਾ। ਆਪ ਜੀ ਦੇ ਭਰਾਵਾਂ ਅਤੇ ਪੰਜ ਪੁੱਤਰਾਂ ਨੇ ਵੀ ਦਸਮ ਗੁਰੂ ਦੇ ਕਰ-ਕਮਲਾਂ ਤੋਂ ਅੰਮ੍ਰਿਤ ਛਕਿਆ –

ਨਿਜ ਕਰ ਤੇ ਗੁਰ ਅੰਮ੍ਰਿਤ ਦੀਯੋ।
ਮਨੀਏ ਥੀ, ਸਿੰਘ ਮਨੀਏ ਕੀਯੋ।[੨੩]

ਮਨੀਏ ਤੋਂ ਮਨੀ ਸਿੰਘ ਬਣਨ ਉਪਰੰਤ ਭਾਈ ਸਾਹਿਬ ਜੀ ਦਾ ਗੁਰੂ-ਦਰਬਾਰ ਵਿਚ ਆਦਰ ਸਤਿਕਾਰ ਹੋਰ ਵੀ ਵਧ ਗਿਆ ਅਤੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਨ ਵਿਚ ਵਿਸ਼ੇਸ਼ ਰੁਚੀ ਰੱਖਣ ਲੱਗ ਪਏ। ਤਲਵਾਰ ਦੇ ਨਾਲ ਕਲਮ ਦੇ ਧਨੀ ਹੋਣ ਕਾਰਨ ਆਪ ਜੀ, ਆਪਣੇ ਸਮੇਂ ਦੇ ਸਥਾਪਿਤ ਕਥਾ-ਵਾਚਕ ਹੋ ਨਿਬੜੇ।

ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਚ ਸੋਢੀ ਹਰਿ ਜੀ ਦੇ ਚਲਾਣੇ ਉਪਰੰਤ ਉਸ ਦਾ ਪੁੱਤਰ ਨਿਰੰਜਨ ਰਾਇ ਗੱਦੀ ਨਸ਼ੀਨ ਹੋਇਆ, ਪਰ ਇਹ ਆਪਣੇ ਪਿਤਾ ਵਾਂਗ ਆਪਣੀ ਸੰਪ੍ਰਦਾਇ ਨੂੰ ਇਕੱਠਾ ਨਾ ਰੱਖ ਸਕਿਆ ਜੋ ਤਿੰਨ ਹਿੱਸਿਆਂ ਵਿਚ ਵੰਡੀ ਗਈ। ਘਰ ਦੀ ਏਸ ਫੁਟ ਕਾਰਨ ਹੀ ਇਹ ੧੭੫੬ ਬਿ: ਦੇ ਆਸ-ਪਾਸ ਅੰਮ੍ਰਿਤਸਰ ਨਿਵਾਸ ਛੱਡ ਕੇ ਮਾਲਵੇ ਦੇ ਨਗਰ ਘਰਾਚੋ ਵਿਚ ਜਾ ਵਸਿਆ। ਇਸ ਅਦਲਾ-ਬਦਲੀ ਦੇ ਸਿੱਟੇ ਵਜੋਂ ਅੰਮ੍ਰਿਤਸਰ ਦੀ ਸੰਗਤ ਨੇ ਸ੍ਰੀ ਅਨੰਦਪੁਰ ਆ ਕੇ ਦਸਮੇਸ਼ ਗੁਰੂ ਜੀ ਨੂੰ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਵਾਸਤੇ ਸਿੰਘ ਭੇਜਣ ਦੀ ਬੇਨਤੀ ਕੀਤੀ। ਦਸਮ ਗੁਰੂ ਜੀ ਦੇ ਆਦੇਸ਼ ਅਨੁਸਾਰ ਭਾ: ਮਨੀ ਸਿੰਘ, ਪੰਜ ਸਿਦਕੀ ਸਿੰਘਾਂ ਸਣੇ, ੧੭੫੫ ਬਿ: ਨੂੰ ਗੁਰੂ ਘਰ ਦੇ ਪ੍ਰਬੰਧ ਲਈ ਅੰਮ੍ਰਿਤਸਰ ਰਵਾਨਾ ਹੋ ਗਏ।[੨੪] ਅੰਮ੍ਰਿਤਸਰ ਪੁੱਜ ਕੇ ਆਪ ਜੀ ਨੇ ਮੀਣਿਆਂ ਵਲੋਂ ਗੁਰੂ-ਘਰ ਵਿਚ ਪ੍ਰਚੱਲਤ ਨਿਰਾਰਥਕ ਮਰਯਾਦਾ ਨੂੰ ਸਮਾਪਤ ਕਰ ਕੇ ਗੁਰ-ਮਰਯਾਦਾ ਨੂੰ ਪ੍ਰਚੱਲਤ ਕੀਤਾ। ਆਪ ਜੀ ਦੇ ਉਦਮ, ਪ੍ਰੇਮ ਅਤੇ ਸਾਂਝੀਵਾਲਤਾ ਦੀ ਪਹੁੰਚ-ਵਿਧੀ ਕਾਰਨ ਦੂਰੋਂ-ਦੂਰੋਂ ਸੰਗਤਾਂ ਦਰਬਾਰ ਸਾਹਿਬ ਦੇ ਦਰਸ਼ਨ-ਇਸ਼ਨਾਨ ਕਰਨ ਲਈ ਆਉਣ ਲੱਗੀਆਂ ਅਤੇ ਮੁੜ ਪੰਚਮ ਪਾਤਸ਼ਾਹ ਦੇ ਦਿਨਾਂ ਵਾਂਗ ਰੌਣਕ ਵਧਣ ਲੱਗੀ। ਅੰਮ੍ਰਿਤਸਰ ਨਿਵਾਸ ਸਮੇਂ ਭਾਈ ਮਨੀ ਸਿੰਘ ਜੀ ਕਈ ਵਾਰ ਅਨੰਦਪੁਰ, ਗੁਰੂ-ਚਰਨਾਂ ਵਿਚ ਹਾਜ਼ਰ ਹੁੰਦੇ ਰਹੇ। ਆਪ ਜੀ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਦਸਮੇਸ਼ ਜੀ ਨੇ ਸੰਮਤ ੧੭੬੦ ਮਿਤੀ ਕੱਤਕ ੧ ਨੂੰ ਆਪ ਨੂੰ ਹੁਕਮਨਾਮਾ ਬਖਸ਼ਿਆ ਜੋ ਇਸ ਪ੍ਰਕਾਰ ਸੀ:-

ੴ ਸਤਿਗੁਰ ਪ੍ਰਸਾਦਿ॥

ਸ੍ਰੀ ਸਤਿਗੁਰੂ ਜੀ ਕੀ ਆਗਯਾ ਹੈ॥ ਭਾਈ ਬਚਿਤ੍ਰ ਸਿੰਘ ਜੀ॥ ਭਾਈ ਉਦੇ ਸਿੰਘ ਜੀ॥ ਭਾਈ ਅਨਿਕ ਸਿੰਘ ਜੀ॥ ਭਾਈ ਅਜਬ ਸਿੰਘ ਜੀ॥ ਭਾਈ ਅਜਾਇਬ ਸਿੰਘ ਜੀ॥ ਨਾਇਕ ਮਾਈ ਦਾਸ ਵੋਇ ਮਨੀ ਸਿੰਘ ਨੂੰ ਵਾਹਗੁਰੂ ਸਰਮ ਰਖੇਗਾ। ਤੁਸੀ ਮੇਰੇ ਪੁਤ੍ਰ ਫਰਜੰਦਹ ਖਾਨੇ ਜਾਦ ਹੋ। ਤੁਸਾ ਉਪਰ ਮੇਰੀ ਖੁਸੀ ਹੈ। ਸਭ ਵਰਤਾਰੇ ਕੇ ਤੁਸੀ ਮਹਿਰਮ ਹੋ॥ ਹੋਰ ਕੌਡੀ ਦਮੜੀ ਪੈਸਾ ਧੇਲਾ ਰੁਪੈਯਾ ਰਛਿਆ ਦਾ ਜੋ ਅਸਾਨੂੰ ਦੇਏਗਾ। ਏਹ ਮੇਰੇ ਫਰਜੰਦ ਹੈਨ॥ ਸਿਖਾਂ (ਪੁਤਾ) ਸੇਵਾ ਦਾ ਵੇਲਾ ਹੈ॥ ਜੋ ਲੋਚ ਕੈ ਸੇਵਾ ਕਰੋਗੇ ਤੁਹਾਡੇ ਸੇਵਾ ਦਰਗਹਿ ਥਾਇ ਪਵੇਗੀ॥ ਤੁਸੀ ਉਪਰ ਵਾਹਿਗੁਰੂ ਰਛਿਆ ਕਰੇਗਾ। ਸੰਵਤ ੧੭੬੦ ਮਿਤੀ ਕਤਕ।[੫]

ਸਤਾਰਵੀਂ ਅਤੇ ਆਠਾਰਵੀਂ ਸਦੀ ਵਿਚ, ਗੁਰੂ ਸਾਹਿਬਾਨ ਵੱਲੋਂ ਹੁਕਮ-ਨਾਮੇ ਜਾਰੀ ਕਰਨੇ ਇਤਿਹਾਸਕ ਦ੍ਰਿਸ਼ਟੀ-ਕੋਨ ਤੋਂ ਬਹੁਤ ਮਹੱਤਤਾ ਰੱਖਦੇ ਹਨ ਅਤੇ ਇਨ੍ਹਾਂ ਨੂੰ ਪ੍ਰਾਪਤ ਕਰਨ ਵਾਲੇ ਵਡਭਾਗੀ ਮੰਨੇ ਜਾਂਦੇ ਹਨ। ਭਾਈ ਮਨੀ ਸਿੰਘ ਜੀ ਵੀ ਦਸਮ ਗੁਰੂ ਤੋਂ ਹੁਕਮਨਾਮਾ ਪ੍ਰਾਪਤ ਕਰਕੇ ਬੜੀ ਅਧੀਨਗੀ ਨਾਲ ਮੁੜ ਅੰਮ੍ਰਿਤਸਰ ਪਰਤ ਆਏ ਅਤੇ ਗੁਰੂ-ਘਰ ਦੀ ਸੇਵਾ ਸਚੇ ਹਿਰਦੇ ਨਾਲ ਕਰਨ ਵਿਚ ਜੁਟ ਗਏ।

ਮਸਤ ਹਾਥੀ ਨਾਲ ਜੁੱਧ ਕਰਨ ਵਾਲਾ ਭਾਈ ਬਚਿਤ੍ਰ ਸਿੰਘ ਆਪ ਜੀ ਦਾ ਹੀ ਫਰਜੰਦ ਸੀ। ਦਸਮ ਗੁਰੂ ਜੀ ਵਲੋਂ ਅਨੰਦਪੁਰ ਛਡਣ ਤੋਂ ਲੈ ਕੇ ਚਮਕੌਰ ਦੀ ਗੜ੍ਹੀ ਤਕ, ਵੈਰੀ ਨਾਲ ਲੜੇ ਜੰਗਾਂ ਸਮੇਂ, ਜਿਥੇ ਮਾਤਾ ਗੁਜਰੀ ਜੀ, ਚਾਰੇ ਸਾਹਿਬਜ਼ਾਦੇ ਅਤੇ ਹੋਰ ਅਨੇਕਾਂ ਸਿੰਘ ਸ਼ਹੀਦ ਹੋ ਗਏ, ਉਥੇ ਭਾਈ ਮਨੀ ਸਿੰਘ ਜੀ ਦੇ ਪੰਜ ਪੁੱਤਰਾਂ ਨੇ ਵੀ ਸ਼ਹਾਦਤ ਦੇ ਜਾਮ ਪੀਤੇ। ਮਾਲਵੇ ਦੀ ਧਰਤੀ ਨੂੰ ਭਾਗ ਲਾਉਂਦਿਆਂ ਦਸਮ ਗੁਰੂ ਜੀ ਜਦ ਤਲਵੰਡੀ ਸਾਬੋ ਪੁੱਜੇ ਤਾਂ ਏਥੇ ਭਾਈ ਮਨੀ ਸਿੰਘ ਜੀ, ਕੁਝ ਸਿੰਘਾਂ ਸਮੇਤ, ਆਪ ਜੀ ਦੇ ਦਰਸ਼ਨਾਂ ਲਈ ਹਾਜ਼ਰ ਹੋਏ। ਪ੍ਰਚੱਲਤ ਰਵਾਇਤ ਅਨੁਸਾਰ ਏਥੇ ਹੀ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਲਿਖਣ ਦੀ ਸੇਵਾ ਕੀਤੀ। ਤਲਵੰਡੀ ਸਾਬੋ ਤੋਂ ਦੱਖਣ ਵੱਲ ਰਵਾਨਾ ਹੋਣ 'ਤੇ ਆਪ ਜੀ ਰਾਜਿਸਥਾਨ ਦੇ ਕਸਬੇ ਬਘੌਰ ਤਕ ਦਸਮੇਸ਼ ਜੀ ਦੇ ਨਾਲ ਗਏ ਪਰ ਉਥੋਂ ਦਸਮ ਗੁਰੂ ਦੀ ਆਗਿਆ ਦਾ ਪਾਲਣ ਕਰਦਿਆਂ ਵਾਪਿਸ ਸ੍ਰੀ ਅੰਮ੍ਰਿਤਸਰ ਆ ਗਏ।

ਦਸਮ ਗੁਰੂ ਦੇ ਦੱਖਣ ਦੇਸ਼ ਵੱਲ ਜਾਣ ਕਾਰਨ ਉਦਾਸ ਹੋਈ ਸੰਗਤ ਨੂੰ ਧੀਰਜ ਬੰਨ੍ਹਾਉਣ ਲਈ ਆਪ ਜੀ ਸਾਖੀਆਂ ਸੁਨਾਉਣ ਲੱਗੇ—

ਦੱਖਣ ਦੇਸ ਸਤਿਗੁਰ ਗਏ, ਸੰਗਤ ਭਈ ਉਦਾਸ।
ਧੀਰਜ ਦੇਵੇ ਮਨੀ ਸਿੰਘ, ਰਚ ਸਾਖੀਆਂ ਖਾਸ॥੯੯॥[੨੬]

ਇਸ ਸਮੇਂ ਕੁਝ ਘਟਨਾਵਾਂ ਵਾਪਰ ਗਈਆਂ। ੨੦ ਫਰਵਰੀ ੧੭੦੭ ਈ: ਨੂੰ ਮੁਗ਼ਲ ਸਮਰਾਟ ਔਰੰਗਜ਼ੇਬ ਇਸ ਦੁਨੀਆਂ ਤੋਂ ਕੂਚ ਕਰ ਗਿਆ, ਜਿਸ ਕਾਰਨ ਬਹਾਦਰ ਸ਼ਾਹ ਅਤੇ ਆਜ਼ਮ ਸ਼ਾਹ ਵਿਚਕਾਰ ਘਮਸਾਨ ਦੀ ਜੰਗ ਹੋਈ। ਇਸ ਯੁੱਧ ਵਿਚ ਆਜ਼ਮ ਸ਼ਾਹ ਆਪਣੇ ਪੁੱਤਰ ਬੇਦਾਰ ਬਖਤ ਸਮੇਤ ਮਾਰਿਆ ਗਿਆ, ਜਿਸ ਦੇ ਫਲਸਰੂਪ ਬਹਾਦਰ ਸ਼ਾਹ ਗੱਦੀ 'ਤੇ ਬੈਠਾ। ਬਹਾਦਰ ਸ਼ਾਹ ਨੇ ਦਸਮ ਗੁਰੂ ਜੀ ਨਾਲ ਦੋਸਤਾਨਾ ਸੰਬੰਧ ਸਥਾਪਿਤ ਕਰਨ ਦੇ

ਉਪਰਾਲੇ ਅਰੰਭੇ, ਪਰ ਦਸਮ ਗੁਰੂ ਜੀ, ਹਾਕਮ ਸਰਹਿੰਦ ਦੀ ਸਾਜ਼ਿਸ਼ ਅਧੀਨ ਨੰਦੇੜ ਵਿਚ ਇਕ ਅਫਗਾਨ ਜਮਸ਼ੈਦ ਖਾਨ ਦੇ ਹੱਥੋਂ ਸਖ਼ਤ ਜ਼ਖ਼ਮੀ ਹੋ ਗਏ ਅਤੇ ਅੰਤ ੬ ਕੱਤਕ, ਸੰਮਤ ੧੭੬੫ ਨੂੰ ਜੋਤੀ-ਜੋਤਿ ਸਮਾ ਗਏ।

ਭਾਈ ਮਨੀ ਸਿੰਘ ਜੀ ਨੂੰ, ਅੰਮ੍ਰਿਤਸਰ ਰਹਿੰਦਿਆਂ ਕਾਫੀ ਸਮਾਂ ਹੋ ਗਿਆ ਸੀ। ਦਰਬਾਰ ਸਾਹਿਬ ਵਿਚ ਆਪ ਜੀ ਦੀ ਸੂਝ-ਬੂਝ ਕਾਰਨ ਖੂਬ ਰੌਣਕਾਂ ਲੱਗਣ ਲੱਗ ਪਈਆਂ। ਖਾਸ ਤੌਰ 'ਤੇ ਵਿਸਾਖੀ ਤੇ ਦਿਵਾਲੀ ਦੇ ਤਿਉਹਾਰ ਵਿਸ਼ੇਸ਼ ਖਿੱਚ ਦਾ ਕੇਂਦਰ ਬਣ ਗਏ ਸਨ। ਇਸ ਸਮੇਂ ਮੀਣਿਆਂ ਦਾ ਆਗੂ ਸੋਢੀ ਹਰਿ ਜੀ ਦਾ ਪੁੱਤਰ ਸੀ। ਨਿਰੰਜਨ ਰਾਇ ਆਪ ਤਾਂ ਮਸਤ ਮੌਲਾ ਸੀ ਅਤੇ ਅੰਮ੍ਰਿਤਸਰ ਛੱਡ ਗਿਆ ਸੀ, ਇਸ ਦਾ ਮੁਖਤਿਆਰ ਚੂਹੜ ਮਲ ਓਹਰੀ ਅੰਮ੍ਰਿਤਸਰ ਹੀ ਰਹਿੰਦਾ ਸੀ। ਚੂਹੜ ਮਲ ਦੇ ਦੋ ਪੁੱਤਰ ਮੁਹਕਮ ਸਿੰਘ ਤੇ ਰਾਮੂ ਮਲ ਸਨ। ਮੁਹਕਮ ਸਿੰਘ ਅੰਮ੍ਰਿਤਧਾਰੀ ਸਿੰਘ ਜੀ ਅਤੇ ਆਪਣੇ ਮੀਣੇ ਪਿਤਾ ਤੋਂ ਉਲਟ ਰੁਚੀਆਂ ਕਾਰਨ ਗੁਰੂ-ਘਰ ਪ੍ਰਤੀ ਸਨੇਹ ਰੱਖਦਾ ਸੀ। ਲੇਕਿਨ ਰਾਮੂ ਮਲ ਆਪਣੇ ਪਿਉ ਵਾਂਗ ਹੰਕਾਰੀ ਅਤੇ ਊਤ ਕਿਸਮ ਦਾ ਸੀ ਜੋ ਸਦਾ ਗੁਰੂ-ਘਰ ਦੇ ਉਲਟ ਸਾਜ਼ਿਸ਼ਾਂ ਵਿਚ ਰੁੱਝਾ ਰਹਿੰਦਾ ਅਤੇ ਆਨੇ-ਬਹਾਨੇ ਸਿੰਘਾਂ ਨਾਲ ਝਗੜੇ ਦਾ ਕਾਰਨ ਲਭਦਾ ਰਹਿੰਦਾ। ਇਹ ਦੋਵੇਂ ਪਿਉ ਪੁੱਤਰ ਚੂਹੜ ਮਲ ਤੇ ਰਾਮ ਸ਼ਾਹ, ਸਿੰਘਾਂ ਵਿਰੁੱਧ ਲਾਹੌਰ ਦੇ ਸੂਬੇ ਦੇ ਕੰਨ ਭਰਦੇ ਰਹਿੰਦੇ ਪਰ ਭਾਈ ਸਾਹਿਬ ਦੀ ਸਿਆਣਪ ਸਦਕਾ ਉਹ ਫੌਰੀ ਕੋਈ ਆਫਤ ਖੜੀ ਨਾ ਕਰ ਸਕੇ। ਲਾਹੌਰ ਦੇ ਸੂਬੇਦਾਰ ਵਲੋਂ ਟਾਲ-ਮਟੋਲ ਕਰਨ ਕਰ ਕੇ ਚੂਹੜ ਮਲ ਨੇ ਪੱਟੀ ਦੇ ਅਮੀਰ ਹਾਕਮਾਂ ਤੋਂ ਸਹਾਇਤਾ ਮੰਗ, ਅੰਮ੍ਰਿਤਸਰ 'ਤੇ ਧਾਵਾ ਬੋਲਣ ਦਾ ਮਨਸੂਬਾ ਬਣਾਇਆ। ਇਸ ਸਾਜ਼ਿਸ਼ ਦੀ ਸੂਚਨਾ ਭਾਈ ਮਨੀ ਸਿੰਘ ਜੀ ਨੂੰ ਅਗਾਊਂ ਮਿਲ ਗਈ ਅਤੇ ਉਨ੍ਹਾਂ ਨੇ ਪਹਿਲਾਂ ਹੀ ਚੂਹੜ ਮੇਲ ਦੀ ਸੁਧਾਈ ਕਰ ਦਿੱਤੀ ਜੋ ਆਪਣਾ ਘਰ-ਘਾਟ ਲੁਟਵਾ ਕੇ ਪੱਟੀ ਦੌੜ ਗਿਆ। ਪੱਟੀ ਦੇ ਹਾਕਮ ਦੀ ਸਲਾਹ 'ਤੇ ਚੂਹੜ ਮਲ ਲਾਹੌਰ ਦੇ ਹਾਕਮ ਪਾਸ ਜਾ ਫਰਿਆਦੀ ਹੋਇਆ, ਜਿਸ ਨੇ 'ਦੇਵਾ' ਨਾਂ ਦੇ ਇਕ ਜੱਟ ਦੀ ਕਮਾਨ ਹੇਠ ਅੰਮ੍ਰਿਤਸਰ 'ਤੇ ਹਮਲਾ ਕਰਵਾ ਦਿੱਤਾ। ੧੭੬੬ ਬਿਕਰਮੀ ਵਿਚ ਇਹ ਯੁੱਧ ਗੁਰੂ ਕੇ ਚੱਕ ਤੋਂ ਤਿੰਨ ਕੁ ਮੀਲ ਦੀ ਵਿੱਥ 'ਤੇ ਲੜਿਆ ਗਿਆ, ਜਿਸ ਵਿਚ ਦੁਸ਼ਮਣ ਨੂੰ ਕਰਾਰੀ ਹਾਰ ਹੋਈ, ਪਰ ਦੇਵਾ ਜੱਟ ਤੇ ਚੂਹੜ ਮਲ ਜਾਨ ਬਚਾ ਕੇ ਭੱਜਣ ਵਿਚ ਸਫਲ ਹੋ ਗਏ।

ਇਸ ਸਮੇਂ ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਨੇ ਸਿੰਘਾਂ ਦੇ ਹੌਸਲੇ ਬਹੁਤ ਬੁਲੰਦ ਕੀਤੇ ਹੋਏ ਸਨ, ਜਿਸ ਕਰਕੇ ਹਰ ਪਾਸੇ ਸਿੱਖੀ ਦਾ ਬੋਲਬਾਲਾ ਹੋ ਰਿਹਾ ਸੀ ਪਰ, ੧੭੭੩ ਬਿਕ੍ਰਮੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਨੇ ਸਿੰਘਾਂ ਦੀ ਵਧਦੀ ਤਾਕਤ ਨੂੰ ਠੱਲ੍ਹ ਪਾ ਦਿੱਤੀ। ਇਸ ਤੋਂ ਵੀ ਵੱਡੀ ਘਟਨਾ ਹੋਰ ਵਾਪਰੀ ਕਿ ਕੁਝ ਸਾਲਾਂ ਵਿਚ ਹੀ ਸਿੰਘਾਂ ਦੇ ਦੋ ਧੜੇ ਬਣ ਗਏ। ਇਕ ਧੜਾ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਗੂ ਮੰਨ ਕੇ ਬੰਦਈ ਖਾਲਸਾ ਅਖਵਾਉਣ ਲੱਗਾ ਜਦੋਂ ਕਿ ਦੂਜਾ ਧੜਾ ਤੱਤ ਖਾਲਸਾ ਅਖਵਾਉਣ ਲੱਗਾ। ਭਾਈ ਮਨੀ ਸਿੰਘ ਜੀ ਸਮੇਤ ਮੁਖੀ ਆਗੂ ਇਸ ਪਾਟੋ-ਧਾੜ ਕਾਰਨ ਬਹੁਤ ਦੁਖੀ ਸਨ।

ਮਾਤਾ ਸੁੰਦਰੀ ਜੀ ਨੇ ਭਾਈ ਸਾਹਿਬ ਦੀ ਸਿਆਣਪ ਨੂੰ ਮੁੱਖ ਰੱਖਦਿਆਂ ਦੋਹਾਂ ਧੜਿਆਂ ਵਿਚਕਾਰ ਸਮਝੌਤਾ ਕਰਾਉਣ ਦੀ ਜ਼ਿੰਮੇਵਾਰੀ ਇਨ੍ਹਾਂ ਨੂੰ ਸੌਂਪ ਦਿੱਤੀ। ਭਾਈ ਮਨੀ ਸਿੰਘ ਜੀ ਨੇ

ਆਪਣੀ ਸੂਝ-ਬੂਝ ਅਨੁਸਾਰ ਦੋਹਾਂ ਧਿਰਾਂ ਨੂੰ ਨੇੜੇ ਲਿਆਂਦਾ ਅਤੇ ਏਕਤਾ ਕਰਨ ਲਈ ਪਹਿਲਾਂ ਦੋ ਪਰਚੀਆਂ ਸਰੋਵਰ ਵਿਚ ਪਾਈਆਂ ਪਰ ਬੰਦਈ ਖਾਲਸੇ ਵਲੋਂ ਫੈਸਲਾ ਮੰਨਣ ਤੋਂ ਇਨਕਾਰ ਕਰਨ 'ਤੇ ਬੰਦਈਆਂ ਦੇ ਪਹਿਲਵਾਨ ਸੰਗਤ ਸਿੰਘ ਅਤੇ ਤੱਤ ਖਾਲਸਾ ਦੇ ਪਹਿਲਵਾਨ ਮੇਹਰ ਸਿੰਘ ਵਿਚਕਾਰ ਘੋਲ ਕਰਵਾ ਕੇ ਦੋਹਾਂ ਧਿਰਾਂ ਵਿਚਕਾਰ ਏਕਤਾ ਕਰਵਾ ਦਿੱਤੀ। ਇਸ ਦੰਗਲ ਵਿਚ ਸੰਗਤ ਸਿੰਘ ਦੇ ਹਾਰ ਜਾਣ ਕਾਰਨ ਸਾਰਾ ਖਾਲਸਾ ਪੰਥ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਨਾਲ ਜੁੜ ਗਿਆ।

ਸਿੱਖ ਧਰਮ ਦੇ ਜੈ ਜੈ ਕਾਰ ਅਤੇ ਸਿੰਘਾਂ ਦੀ ਵਧਦੀ ਤਾਕਤ ਨੇ ਜਿਥੇ ਮੀਣਿਆਂ ਅਤੇ ਲਾਹੌਰ ਦਰਬਾਰ ਨੂੰ ਵਖਤ ਪਾਇਆ ਹੋਇਆ ਸੀ, ਉਥੇ ਦਿੱਲੀ ਦਰਬਾਰ ਵੀ ਇਸ ਨੂੰ ਆਪਣੀ ਹੋਂਦ ਲਈ ਖ਼ਤਰੇ ਦੀ ਘੰਟੀ ਸਮਝਣ ਲੱਗ ਪਿਆ। ਭਾਈ ਮਨੀ ਸਿੰਘ ਜੀ ਇਸ ਸਮੇਂ ੯੦ ਸਾਲ ਦੀ ਆਯੂ ਨੂੰ ਪੁੱਜ ਗਏ ਸਨ ਅਤੇ ਸੰਮਤ ੧੭੯੦ ਬਿ: ਦੀ ਦੀਵਾਲੀ ਦਾ ਪੁਰਬ ਨੇੜੇ ਆ ਰਿਹਾ ਸੀ। ਸੰਗਤਾਂ ਦੀ ਇੱਛਾ ਅਨੁਸਾਰ ਭਾਈ ਮਨੀ ਸਿੰਘ ਜੀ, ਭਾਈ ਸੁਬੇਗ ਸਿੰਘ ਤੇ ਸੂਰਤ ਸਿੰਘ ਨੂੰ ਨਾਲ ਲੈ ਕੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਕੋਲ ਦੀਵਾਲੀ ਦਾ ਪੁਰਬ ਮਨਾਉਣ ਦੀ ਆਗਿਆ ਲੈਣ ਲਈ ਪੁੱਜੇ। ਸੂਬੇਦਾਰ ਨੇ ੧੦ ਹਜ਼ਾਰ ਦੀ ਰਕਮ ਜਜ਼ੀਏ ਵਜੋਂ ਮੰਗੀ ਜੋ ਭਾਈ ਸਾਹਿਬ ਨੇ ਮੇਲੇ ਉਪਰੰਤ ਦੇਣੀ ਪ੍ਰਵਾਨ ਕਰ ਲਈ। ਸੂਬੇਦਾਰ ਨੇ ਦਿੱਲੀ-ਦਰਬਾਰ ਦੀ ਸ਼ਹਿ 'ਤੇ ਇਕ ਡੂੰਘੀ ਸਾਜ਼ਿਸ਼ ਰਚ ਲਈ ਤਾਂ ਜੋ ਮੇਲੇ 'ਤੇ ਇਕੱਠੇ ਹੋਏ ਖਾਲਸੇ ਨੂੰ ਚਾਰੇ ਪਾਸਿਓਂ ਘੇਰ ਕੇ ਖ਼ਤਮ ਕੀਤਾ ਜਾਵੇ। ਭਾਈ ਮਨੀ ਸਿੰਘ ਜੀ ਨੂੰ ਇਸ ਸਾਜ਼ਸ਼ ਦਾ ਵੇਲੇ ਸਿਰ ਪਤਾ ਲੱਗ ਜਾਣ ਕਾਰਨ ਜੁਝਾਰੂ ਖਾਲਸਾ ਮੇਲੇ ਵਿਚ ਸ਼ਾਮਲ ਨਾ ਹੋਇਆ, ਜਿਸ ਕਾਰਨ ਦਰਸ਼ਨ-ਭੇਟਾ ਆਸ ਨਾਲੋਂ ਬਹੁਤ ਘੱਟ ਪ੍ਰਾਪਤ ਹੋਈ। ਸਪੱਸ਼ਟ ਹੈ ਕਿ ਭਾਈ ਸਾਹਿਬ ਜਜ਼ੀਆ ਤਾਰਨ ਤੋਂ ਅਸਮਰੱਥ ਸਨ, ਪਰ ਉਧਰ ਲਾਹੌਰ ਦਰਬਾਰ ਇਸ ਜਜ਼ੀਏ ਨੂੰ ਛੱਡਣ ਲਈ ਤਿਆਰ ਨਹੀਂ ਸੀ।

ਸੇਵਾ ਸਿੰਘ ਭੱਟ ਦੇ ਕਥਨ ਅਨੁਸਾਰ ਭਾਈ ਸਾਹਿਬ ਨੂੰ ਇਹ ਕਰ ਵਿਸਾਖੀ ਦੇ ਪੁਰਬ ਉਪਰੰਤ ਤਾਰਨ ਦੀ ਮੋਹਲਤ ਮਿਲ ਗਈ ਸੀ।[੭] ਪਰ ਇਸ ਤੱਥ ਦੀ ਪੁਸ਼ਟੀ ਕਿਸੇ ਹੋਰ ਸਿੱਖ ਸ੍ਰੋਤ ਤੋਂ ਨਹੀਂ ਹੁੰਦੀ। ਇਧਰ ਖਾਲਸਾ ਪੰਥ, ਵਿਸਾਖੀ ਦਾ ਪੁਰਬ ਮਨਾਉਣ ਦੀਆਂ ਤਿਆਰੀਆਂ ਕਰ ਰਿਹਾ ਸੀ। ਉਧਰ ਮੁਗਲ ਸੈਨਾ ਲਖਪਤ (ਲਖੂ) ਰਾਏ ਦੀ ਕਮਾਨ ਹੇਠ ਰਾਮ ਤੀਰਥ ਦੇ ਸਥਾਨ 'ਤੇ ਇਕੱਤਰ ਹੋ ਕੇ ਮੌਕੇ ਦੀ ਤਾੜ ਵਿਚ ਬੈਠ ਗਈ। ਭਾਈ ਮਨੀ ਸਿੰਘ ਜੀ ਨੂੰ ਇਸ ਸਾਜ਼ਿਸ਼ ਦਾ ਵੀ ਮੌਕੇ ਸਿਰ ਪਤਾ ਚਲ ਗਿਆ, ਜਿਨ੍ਹਾਂ ਨੇ ਮੁਖੀ ਸਿੰਘਾਂ ਦੀ ਸਲਾਹ ਨਾਲ ਸਿੱਖ ਸੰਗਤਾਂ ਨੂੰ ਖਾਸ ਕਰਕੇ ਜੁਝਾਰੂ ਸਿੰਘਾਂ ਨੂੰ ਵਿਸਾਖੀ ਦੇ ਪੁਰਬ 'ਤੇ ਨਾ ਆਉਣ ਲਈ ਚਿੱਠੀਆਂ ਲਿਖ ਕੇ ਭੇਜ ਦਿੱਤੀਆਂ। ਫਲਸਰੂਪ ਸਿੰਘਾਂ ਦੀ ਆਮਦ ਬਹੁਤ ਘੱਟ ਹੋਣ 'ਤੇ ਦੀਵਾਨ ਲਖੂ ਝੱਖ ਮਾਰ ਕੇ ਵਾਪਸ ਮੁੜ ਗਿਆ। ਸੂਬੇ ਦੇ ਕੰਨ ਜ਼ਹਿਰ ਨਾਲ ਭਰੇ ਗਏ ਜਿਸ ਕਾਰਨ ਲਾਹੌਰ ਦੀ ਫੌਜ ਭਾਈ ਮਨੀ ਸਿੰਘ ਤੇ ਕੁਝ ਹੋਰ ਸਿੰਘਾਂ ਨੂੰ ਬੰਦੀ ਬਣਾ ਕੇ ਲਾਹੌਰ ਲੈ ਗਈ। ਸੂਬੇਦਾਰ ਜ਼ਕਰੀਆ ਖਾਨ ਨੇ ਭਾਈ ਸਾਹਿਬ ਨੂੰ ਬਾਕੀ ਸਿੰਘ ਗ੍ਰਿਫਤਾਰ ਕਰਾਉਣ ਦੀ ਸ਼ਰਤ ਰੱਖੀ, ਜੋ ਉਨ੍ਹਾਂ ਨੇ ਅਪ੍ਰਵਾਨ ਕਰ ਦਿੱਤੀ। ਕਾਜ਼ੀਆਂ ਦੇ ਫਰਜੀ ਫਤਵਿਆਂ ਦੀ ਆੜ ਹੇਠ ਸੂਬੇ ਨੇ ਭਾਈ ਗੁਲਜ਼ਾਰ ਸਿੰਘ, ਭੂਪਤ ਸਿੰਘ, ਮੁਹਕਮ ਸਿੰਘ, ਚੰਨ ਸਿੰਘ, ਕੀਰਤ ਸਿੰਘ, ਆਲਮ ਸਿੰਘ,

ਅਉਲੀਆ ਸਿੰਘ, ਸੰਗਤ ਸਿੰਘ, ਕਾਨ੍ਹ ਸਿੰਘ ਆਦਿਕ ਮੁਖੀ ਸਿੰਘਾਂ ਸਣੇ ਭਾਈ ਮਨੀ ਸਿੰਘ ਜੀ ਉਤੇ ਬੰਦੀਖਾਨੇ ਵਿਚ ਅਕਹਿ ਤੇ ਅਸਹਿ ਕਸ਼ਟ ਢਾਹੇ। ਆਖਿਰ ਸੰਮਤ ੧੭੯੧ ਬਿ: ਹਾੜ੍ਹ ਸੁਦੀ ਪੰਜਵੀਂ ਨੂੰ ਨਿਖਾਸ ਚੌਂਕ ਵਿਚ ਭਾਈ ਮਨੀ ਸਿੰਘ ਜੀ ਦੇ ਤਨ ਦੇ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ। ਭਾਈ ਗੁਲਜ਼ਾਰ ਸਿੰਘ ਨੂੰ ਪੁੱਠਾ ਲਟਕਾ ਕੇ ਜਿਉਂਦੇ ਦੀ ਖੱਲ ਉਤਾਰੀ ਗਈ। ਭਾਈ ਭੂਪਤ ਸਿੰਘ ਦੀਆਂ ਅੱਖਾਂ ਕੱਢ ਕੇ ਚਰਖੜੀ 'ਤੇ ਚਾੜ੍ਹ ਕੇ ਉਨ੍ਹਾਂ ਦੇ ਤਨ ਦੇ ਤੂੰਬੇ-ਤੂੰਬੇ ਕਰ ਦਿੱਤੇ। ਏਸੇ ਤਰ੍ਹਾਂ ਦੀ ਅਣਹੋਣੀ ਬਾਕੀ ਸਿੰਘਾਂ ਨਾਲ ਬੀਤੀ। ਭਾਈ ਸਾਹਿਬ ਦੀ ਇਸ ਲਾਸਾਨੀ ਸ਼ਹਾਦਤ ਦਾ ਹਵਾਲਾ *ਭਟ ਵਹੀ ਮੁਲਤਾਨੀ, ਸਿੰਧੀ, ਬੰਸਾਵਲੀ-ਨਾਮਾ, ਗੁਰਬਿਲਾਸ ਪਾ: ੧੦* (ਕੁਇਰ ਸਿੰਘ), *ਪ੍ਰਾਚੀਨ ਪੰਥ ਪ੍ਰਕਾਸ਼* (ਭੰਗੂ) ਆਦਿ ਵਿਚੋਂ ਵੀ ਪ੍ਰਾਪਤ ਹੋ ਜਾਂਦਾ ਹੈ।

ਇਸ ਤਰ੍ਹਾਂ ਭਾਈ ਮਨੀ ਸਿੰਘ ਜੀ ਅਠਾਰ੍ਹਵੀਂ ਸਦੀ ਦੇ ਨਾ ਕੇਵਲ ਪ੍ਰੀਤਵਾਨ ਸਿਦਕੀ ਸਿੱਖ ਹੀ ਸਨ, ਸਗੋਂ ਸਮੇਂ ਦੀ ਮੁਗ਼ਲ ਹਕੂਮਤ ਵਲੋਂ ਹੈਵਾਨੀਅਤ-ਵੱਸ ਫੈਲਾਈ ਜਾ ਰਹੀ ਅਨੈਤਿਕਤਾ ਨੂੰ ਠੱਲ੍ਹ ਪਾਉਣ ਵਾਲੇ ਜੁਝਾਰੂ ਯੋਧੇ ਵੀ ਸਨ। ਸਿੱਖੀ ਰਵਾਇਤਾਂ ਦੀ ਪੂਰਤੀ ਹਿਤ ਨਾ ਕੇਵਲ ਆਪ ਜੀ ਨੇ ਆਪਣੇ ਤਨ ਦੇ ਬੰਦ-ਬੰਦ ਕਟਵਾ ਕੇ ਬਲੀਦਾਨ ਦਿੱਤਾ, ਸਗੋਂ ਆਪ ਜੀ ਦੇ ਸਮੁੱਚੇ ਖਾਨਦਾਨ ਨੇ ਸਿੱਖੀ-ਆਦਰਸ਼ਾਂ ਨੂੰ ਉਚਿਆਉਣ ਲਈ ਜਾਨਾਂ ਕੁਰਬਾਨ ਕੀਤੀਆਂ। ਭਾਈ ਸਾਹਿਬ ਦੀ ਸੂਝ-ਬੂਝ ਨੇ ਪੰਥ ਵਿਚ ਪਏ ਪਾੜ ਨੂੰ ਮੇਟ ਕੇ ਇਕ ਕਰਦਿਆਂ ਸਾਹਿਤਕ ਖੇਤਰ ਵਿਚ ਵੀ ਵਡਮੁੱਲੀ ਸੇਵਾ ਨਿਭਾਈ। ਆਪ ਜੀ ਦੇ ਸਮੁੱਚੇ ਪ੍ਰਚਾਰ ਦੀ ਜੀਵਨ-ਘਾਲਣਾ ਸਿੱਖ ਧਰਮ ਦੇ ਪਾਂਧੀਆਂ ਲਈ ਕੁਰਬਾਨੀ ਦੇ ਖੇਤਰ ਵਿਚ ਅਤੇ ਸਾਹਿਤ ਦੇ ਪਿੜ ਵਿਚ ਮਾਰਗ-ਦਰਸ਼ਨ ਲਈ ਪ੍ਰੇਰਨਾ-ਸ੍ਰੋਤ ਹੈ।

❋❋❋

ਹਵਾਲੇ

੧. ਕੇਸਰ ਸਿੰਘ, ਛਿੱਬਰ, "ਬੰਸਾਵਲੀ ਨਾਮਾ, ਚਰਨ ਤੇਰਵਾਂ

੨. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਬਿਸਰਾਮ ਤ੍ਰਿਤਾਲੀਸ

੩. ਭਾਈ ਵੀਰ ਸਿੰਘ, ਬੱਲ, ਸਿੰਘ ਸਾਗਰ, ਅਧਿ: ੧੧.੫੭

੪. ਗਿ. ਗਰਜਾ ਸਿੰਘ (ਸੰਪਾ:) ਸ਼ਹੀਦ ਬਿਲਾਸ, ਪੰ: ੧੭

੫. ਸ਼ਹੀਦ ਬਿਲਾਸ, ਪੰ: ੧ ਵਿਚੋਂ ਉਧਰਿਤ

੬. ਉਕਤ ਪੰਨਾ ੯੨-੯੩

੭. ਉਕਤ, ਪੰਨਾ ੯੩

੮. ਉਕਤ, ਪੰਨਾ ੧੦੫-੦੬

੯. ਮੁਲਤਾਨੀ-ਸਿੰਧੀ ਵਹੀ, ਸ਼ਹੀਦ ਬਿਲਾਸ, ਪੰਨਾ ੨੧ ਵਿਚੋਂ ਉਧਰਿਤ

੧੦. ਸ਼ਹੀਦ ਬਿਲਾਸ, ਪੰਨਾ ੫੪

੧੧. ਉਕਤ, ੫੫

੧੨. ਉਕਤ,

੧੩. ਗੁਰੂ ਹਰਿ ਰਾਇ ਜੀ ਦੀ ਸੁਪਤਨੀ

੧੪. ਸ਼ਹੀਦ ਬਿਲਾਸ, ਪੰਨਾ ੫੦

੧੫. ਆਰੰਭ ਵਿਚ 'ਪੋਥੀ' ਸ਼ਬਦ 'ਸ੍ਰੀ ਗੁਰੂ ਗ੍ਰੰਥ ਸਾਹਿਬ' ਲਈ ਵਰਤਿਆ ਜਾਂਦਾ ਸੀ।

੧੬. ਸ਼ਹੀਦ ਬਿਲਾਸ, ਪੰਨਾ ੬੦-੬੧

੧੭. ਇਹ ਰਾਮ ਰਾਈਆ ਸਾਧੂ ਸੀ।

੧੮. ਸ਼ਹੀਦ ਬਿਲਾਸ, ਪੰਨਾ ੬੫

੧੯. ਪੰਥ ਪ੍ਰਕਾਸ਼, ਨਿਵਾਸ ੬੯/੮

੨੦. ਸ਼ਹੀਦ ਬਿਲਾਸ, ਪੰਨਾ ੬੬

੨੧. ਲਿਖਤੇ ਮਨੀ ਰਾਮ, ਬੇਟਾ ਮਾਈ ਦਾਸ ਕਾ, ਵਾਸੀ ਅਲੀਪੁਰ ਪਰਗਨਾ ਮੁਲਤਾਨ ਮਿਤੀ ੨ ਚੇਤ ਸੰਮਤ ੧੭੫੧ ਕੋ ਗੁਰੂ ਗੋਬਿੰਦ ਰਾਇ ਕੇ ਸਾਥ ਦੀਵਾਨ ਹੋ ਕਰ ਆਏ।

੨੨. ਉਕਤ, ੬੭ ਪੰਨਾ ੬੬ ਤੋਂ ਉਧਰਿਤ ਸ਼ਹੀਦ ਬਿਲਾਸ,

੨੩. ਉਕਤ, ੬੮

੨੪. ਇਹ ਪੰਜ ਸਿੰਘ ਸਨ, ੧. ਭੂਪਤ ਸਿੰਘ, ੨. ਗੁਲਜ਼ਾਰ ਸਿੰਘ, ੩. ਕੋਇਰ ਸਿੰਘ, ੪. ਦਾਨ ਸਿੰਘ, ੫. ਕੀਰਤਾ ਸਿੰਘ

੨੫. ਸ਼ਹੀਦ ਬਿਲਾਸ, ਪੰਨਾ ੭੧ ਵਿਚੋਂ ਉਧਰਿਤ

੨੬. ਉਹੀ, ੭੩

੨੭. ਉਹੀ, ੮੮

੨੮. ਇਹ ਉਹ ਸਥਾਨ ਹੈ ਜਿਥੇ ਅੱਜ ਕਲ੍ਹ ਲਾਹੌਰ ਵਿਚ ਗੁਰਦੁਆਰਾ ਸ਼ਹੀਦ ਗੰਜ ਬਣਿਆ ਹੋਇਆ ਹੈ।

ਭਾਈ ਤਾਰਾ ਸਿੰਘ ਜੀ ਵਾਂ

ਸਿੱਖ ਕੌਮ ਸ਼ਹੀਦਾਂ ਦੀ ਕੌਮ ਹੈ ਤੇ ਸਿੱਖ ਇਤਿਹਾਸ ਸ਼ਹਾਦਤਾਂ ਦਾ ਇਤਿਹਾਸ ਹੈ। ਲਗਪਗ ਪਿਛਲੇ ੪੦੦ ਸਾਲਾਂ ਵਿਚ ਇਸ ਕੌਮ ਦੇ ਸ਼ਹੀਦਾਂ ਦੀ ਗਿਣਤੀ ਇਤਨੀ ਜ਼ਿਆਦਾ ਹੈ ਕਿ ਗਿਣਤੀ ਕਰ ਸਕਣਾ ਇਕ ਔਖਾ ਕਾਰਜ ਹੈ। ਸ਼ਹੀਦੀਆਂ ਸਿੱਖਾਂ ਦੀ ਵਧੀਕੀ ਕਾਰਨ ਨਹੀਂ, ਸਗੋਂ ਹਕੂਮਤ ਦੇ ਭਰਮ-ਭੁਲੇਖਿਆਂ ਜਾਂ ਜਾਣ-ਬੁਝ ਕੇ ਕਠੋਰ ਨੀਤੀਆਂ ਦਾ ਸਿੱਟਾ ਕਹੀਆਂ ਜਾ ਸਕਦੀਆਂ ਹਨ। ਅਨਿਆਂ-ਭਰਪੂਰ ਜਬਰ ਨੂੰ ਸਿੱਖ ਸਹਿਣ ਨਹੀਂ ਕਰ ਸਕਦੇ ਪਰ ਸਿਰ ਤਲੀ 'ਤੇ ਧਰ ਮੈਦਾਨ 'ਚ ਆ ਨਿੱਤਰਦੇ ਹਨ। ਮਾਝੇ ਦੇ ਸਰਹੱਦੀ ਪਿੰਡ ਡੱਲ-ਵਾਂ ਦੇ ਬਜ਼ੁਰਗ ਤਾਰਾ ਸਿੰਘ ਦੀ ਗਾਥਾ ਇਹੋ ਹਕੀਕਤ ਦਰਸਾਉਂਦੀ ਹੈ। ਦਿੱਲੀ ਵਿੱਚ ਮੁਹੰਮਦ ਸ਼ਾਹ ਰੰਗੀਲੇ ਦਾ ਰਾਜ ਸੀ ਤੇ ਪੰਜਾਬ ਵਿਚ ਜ਼ਕਰੀਆ ਖਾਂ ਪੰਜਾਬ ਦਾ ਗਵਰਨਰ ਸੀ। ਉਸ ਨੇ ੧੭੨੬ ਤੋਂ ਲੈ ਕੇ ੧੭੪੫ ਤੱਕ ਪੰਜਾਬ ਦੇ ਸਿੱਖਾਂ ਨੂੰ ਕੁਚਲ ਦੇਣ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ।

ਇਸ ਸਮੇਂ 'ਵਾਂ' ਪਿੰਡ ਦੇ 'ਗੁਰਦਾਸ' ਨਾਮ ਦੇ ਸਿੱਖ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਛਕ ਕੇ ਸਿੱਖੀ-ਬਾਣਾ ਧਾਰਨ ਕਰ ਲਿਆ ਸੀ। ਉਸ ਦਾ ਸਭ ਤੋਂ ਵੱਡਾ ਪੁੱਤਰ ਤਾਰਾ ਸਿੰਘ, ਜੋ ੧੭੦੨ ਵਿਚ ਪੈਦਾ ਹੋਇਆ ਸੀ, ਵੀ ਤਿਆਰ-ਬਰ-ਤਿਆਰ ਸਿੰਘ ਸੀ। ਉਸ ਨੇ ਭਾਈ ਮਨੀ ਸਿੰਘ ਦੇ ਜਥੇ ਤੋਂ ਅੰਮ੍ਰਿਤ-ਪਾਨ ਕੀਤਾ ਸੀ। ਉਹ ਜਿੱਥੇ ਮਿੱਠ-ਬੋਲੜਾ ਸੀ, ਉਥੇ ਉਹ ਘੋੜ-ਸਵਾਰੀ ਤੀਰ-ਅੰਦਾਜ਼ੀ ਤੇ ਤਲਵਾਰਬਾਜ਼ੀ ਵਿਚ ਵੀ ਨਿਪੁੰਨ ਸੀ। ਉਹ ਸਿੱਖੀ ਨੂੰ ਪਈ ਹਰ ਵੰਗਾਰ ਵੇਲੇ ਮੂਹਰੇ ਹੁੰਦੇ ਸਨ।

ਤਾਰਾ ਸਿੰਘ ਦਾ ਆਪਣੇ ਪਿੰਡ ਵਿਚ ਉੱਚਾ ਵਾੜਾ ਸੀ। ਇਹ ਵਾੜਾ ਹਾਕਮਾਂ ਦੇ ਸਤਾਏ ਸਿੰਘਾਂ ਦੀ ਆਰਾਮ-ਗਾਹ ਸੀ। ਤਾਰਾ ਸਿੰਘ ਤੋਂ ਪ੍ਰਭਾਵਿਤ ਹੋ ਕੇ, ਅਨੇਕ ਸਿੰਘ ਅੰਮ੍ਰਿਤਧਾਰੀ ਹੋ ਗਏ ਸਨ।

ਸੰਨ ੧੭੨੬ ਈਸਵੀ ਵਿੱਚ ਨੌਸ਼ਹਿਰਾ-ਢਡਾਣਾ ਦੇ ਚੌਧਰੀ ਸਾਹਿਬ ਰਾਇ ਨੇ ਸਿੰਘਾਂ ਦੇ ਖੇਤਾਂ 'ਚ ਉਜਾੜੇ ਲਈ ਆਪਣੀਆਂ ਘੋੜੀਆਂ ਛੱਡਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਢਡਾਣੇ ਪਿੰਡ ਦੇ ਦੋ ਸਿੱਖਾਂ ਮਾਲੀ ਸਿੰਘ ਤੇ ਗੁਰਬਖਸ਼ ਸਿੰਘ ਨੇ ਚੌਧਰੀ ਨੂੰ ਰੋਕਿਆ ਤਾਂ ਕਹਿਣ ਲੱਗਾ:

"ਤੁਹਾਡੇ ਕੇਸਾਂ ਦੇ ਰੱਸੇ ਬਣਾ ਕੇ ਹੀ ਇਹਨਾਂ ਨੂੰ ਬੰਨ੍ਹਾਂਗਾ।"

ਢਡਾਣੀਆਂ ਸਿੰਘਾਂ ਨੇ ਪਿੰਡ ਭੁੱਸੇ ਦੇ ਸਰਦਾਰ ਬਘੇਲ ਸਿੰਘ ਨੂੰ ਹਾਲ ਦੱਸਿਆ ਤਾਂ ਉਹਨਾਂ ਨੇ ਘੋੜੀਆਂ ਫੜ ਕੇ ਅੱਗੇ ਪਟਿਆਲੇ ਵੱਲ ਸ੍ਰ: ਆਲਾ ਸਿੰਘ ਕੋਲ ਵੇਚ ਦਿੱਤੀਆਂ ਤੇ

ਵੱਟਕ ਸਰਦਾਰ ਤਾਰਾ ਸਿੰਘ ਦੇ ਲੰਗਰ ਵਿਚ ਪਾ ਦਿੱਤੀ।

ਚੌਧਰੀ 'ਚੋਰਾਂ' ਦੀ ਭਾਲ ਵਿਚ ਤਾਰਾ ਸਿੰਘ ਦੇ ਡੇਰੇ ਆਇਆ। ਤਾਰਾ ਸਿੰਘ ਨੇ ਅੱਗੋਂ ਸਾਹਿਬ ਰਾਏ ਨੂੰ ਵਧੀਕੀ ਕਰਨ ਤੋਂ ਬਾਜ਼ ਰਹਿਣ ਲਈ ਕਿਹਾ। ਚੌਧਰੀ ਪੱਟੀ ਦੇ ਫੌਜਦਾਰ ਜਾਫਰ ਬੇਗ ਨੂੰ ਚੜ੍ਹਾ ਲਿਆਇਆ। ਜਾਫਰ ਬੇਗ ਨੇ ੫੦ ਸੈਨਿਕਾਂ ਨਾਲ ਤਾਰਾ ਸਿੰਘ ਦੇ ਵਾੜੇ 'ਤੇ ਹਮਲਾ ਕਰ ਦਿੱਤਾ। ਵਾੜੇ ਦੇ ਬਾਹਰਵਾਰ ਹੀ ਬਘੇਲ ਸਿੰਘ ਦਾ ਉਹਨਾਂ ਨਾਲ ਟਾਕਰਾ ਹੋ ਗਿਆ। ਬੰਦੂਕਾਂ ਦੀ ਆਵਾਜ਼ ਸੁਣ ਕੇ ਵਾੜੇ ਵਿਚਲੇ ਸਿੰਘ ਵੀ ਸ਼ਸਤਰ ਲੈ ਕੇ ਆ ਗਏ। ਜਾਫਰ ਬੇਗ ਦਾ ਭਤੀਜਾ ਲੜਾਈ 'ਚ ਮਾਰਿਆ ਗਿਆ। ਬਘੇਲ ਸਿੰਘ ਨੇ ਲਗਪਗ ੫੦ ਘੋੜ ਸਵਾਰ ਮਾਰ ਮੁਕਾਏ, ਪਰ ਪਿਆਦਾ ਸਿਪਾਹੀ ਅੱਗੇ ਵਧ ਆਏ। ਇਸ ਮੁੱਠ-ਭੇੜ ਵਿਚ ਬਘੇਲ ਸਿੰਘ ਵੀਰ-ਗਤੀ ਨੂੰ ਪ੍ਰਾਪਤ ਹੋ ਗਿਆ, ਪ੍ਰੰਤੂ ਜਾਫਰ ਬੇਗ ਨੂੰ ਨੱਠ ਜਾਣ ਲਈ ਮਜ਼ਬੂਰ ਕਰ ਦਿੱਤਾ।

ਇਸ ਹਾਰ ਦੀ ਖਬਰ ਲਾਹੌਰ ਜ਼ਕਰੀਆ ਖਾਂ ਨੂੰ ਦੱਸੀ ਗਈ, ਜਿਸ ਨੇ ੨੨੦੦ ਸਵਾਰਾਂ ਦੀ ਕਮਾਨ ਮੋਮਨ ਖਾਂ ਨੂੰ ਸੌਂਪੀ ਜੋ ਟਿੱਡੀ ਦਲ ਨਾਲ ਲੈ ਕੇ, 'ਜਹਾਦ' ਤੇ 'ਜਹਾਦ' ਦਾ ਨਾਅਰਾ ਲਾ, ਕੇਵਲ ਮੁੱਠੀ ਭਰ ਸਿੰਘਾਂ ਵਿਰੁੱਧ ਤਿਆਰੀਆਂ ਕਰਨ ਲੱਗਾ।

ਉਧਰ ਸਿੰਘਾਂ ਨੇ ਜ਼ਕਰੀਆ ਖਾਂ ਦੇ ਹਠੀ ਸੁਭਾ ਤੋਂ ਖਤਰਾ ਅਨੁਭਵ ਕਰਕੇ ਮਾਲਵੇ ਨਿਕਲ ਜਾਣ ਦੀ ਵਿਉਂਤ ਬਣਾਈ ਪਰ ਜਦ ਭਾਈ ਤਾਰਾ ਸਿੰਘ ਦੀ ਸਲਾਹ 'ਤੇ ਚੇਤਾਵਨੀ ਸਪੱਸ਼ਟ ਸੀ:

ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ,
ਤੋ ਕਿਹ ਕੁੰਟ ਕਹੋ ਭਜਿ ਜਈਯੈ।।੯੬।। (ਬਚਿੱਤਰ ਨਾਟਕ, ਪੰਨਾ ੪੯)

ਸ਼ਹੀਦੀ ਦਾ ਹੁਕਮ ਸੁਣ ਕੇ ਕਈ ਸਿੰਘ ਤਾਂ ਮਾਲਵੇ ਵੱਲ ਚਲੇ ਗਏ ਪਰ ਭਾਈ ਤਾਰਾ ਸਿੰਘ ਨਾਲ ੧੮ ਸਿਦਕੀ ਸਿੱਖ ਡਟੇ ਰਹੇ। ਮੋਮਨ ਖਾਂ ਪੜਾ ਕਰਦਾ-ਕਰਦਾ 'ਵਾਂ' ਪਿੰਡ ਵੱਲ ਆ ਰਿਹਾ ਸੀ। ਰਸਤੇ ਵਿਚ ਘਵਿੰਡ ਪਿੰਡ ਦੇ ਨੰਬਰਦਾਰ ਸੂਜੇ, ਡੱਲ ਪਿੰਡ ਦੇ ਮੁਖੀ ਬੁਲਾਕੀ ਆਦਿ ਨੇ ਆਪਣੇ ਸੂਹੀਆਂ ਰਾਹੀਂ ਤਾਰਾ ਸਿੰਘ ਨੂੰ ਦੋ ਚਾਰ ਦਿਨ ਵਾਸਤੇ ਲਾਂਭੇ ਜਾਣ ਲਈ ਕਹਾ ਭੇਜਿਆ, ਪਰ ਸਿੰਘ ਸ਼ਹੀਦੀਆਂ ਲਈ ਅਡੋਲ ਸਨ।

ਅਗਲੇ ਦਿਨ ੨੨੦੦ ਸੈਨਿਕਾਂ ਦਾ ਮੁਕਾਬਲਾ ਸਿੰਘਾਂ ਨੇ ਕੀਤਾ। ਮੋਮਨ ਖਾਂ ਦਾ ਸਹਾਇਕ ਤੱਕੀਜ ਖਾਂ ਸਿੰਘਾਂ ਹੱਥੋਂ ਜਖ਼ਮੀ ਹੋਇਆ ਤੇ ਲੱਗਪਗ ੩੦੦ ਮੁਸਲਮਾਨ ਵੀ ਖੇਤ ਰਹੇ। ਤਾਰਾ ਸਿੰਘ ਦੀ ਸ਼ਹਾਦਤ ਨੇ ਜੰਗਲਾਂ 'ਚ ਲੁਕੇ ਸਿੰਘਾਂ ਨੂੰ ਨਵਾਂ ਰੋਹ ਤੇ ਜੋਸ਼ ਦਿੱਤਾ। ਉਹ ਜਥੇ ਬਣਾ ਕੇ ਮੁਗਲਾਂ ਦੇ ਖਜ਼ਾਨੇ ਲੁੱਟਣ ਲੱਗ ਪਏ। ਇਹ ਸੰਘਰਸ਼ ਕਈ ਸਾਲ ਚਲਦਾ ਰਿਹਾ। ਅਖੀਰ ਸਿੰਘ ਸੂਰੇ ਪੰਜਾਬ ਦੇ ਸਰਦਾਰ ਬਣੇ।

ਭਾਈ ਸੁੱਖਾ ਸਿੰਘ ਜੀ ਭਾਈ ਮਹਿਤਾਬ ਸਿੰਘ ਜੀ

੧੭੩੩ ਈ: ਵਿਚ ਮੁਗਲ ਸਰਕਾਰ ਵਲੋਂ ਪੇਸ਼ ਕੀਤੀ ਜਾਗੀਰ ਮਨਜ਼ੂਰ ਕਰਨ ਮਗਰੋਂ ਸਿੱਖ ਕਾਫੀ ਦੇਰ ਤਕ ਇਹ ਫੈਸਲਾ ਨਾ ਕਰ ਸਕੇ ਕਿ ਉਹ ਆਪਣੇ ਉਸ 'ਸਮਝੌਤੇ' ਨੂੰ, ਜੋ ਉਨ੍ਹਾਂ ਸੈਂਟਰਲ ਸਰਕਾਰ ਦੀ ਮਨਜ਼ੂਰੀ ਨਾਲ ਪੰਜਾਬ ਦੀ ਉਦੋਂ ਦੀ ਸਰਕਾਰ ਨਾਲ ਕੀਤਾ ਸੀ, ਜਾਰੀ ਰੱਖਣ ਜਾਂ ਤੋੜ ਦੇਣ। ਜਾਗੀਰ ਦੀ ਮਨਜ਼ੂਰੀ ਨਾਲ ਹਦੂਦ ਦੀ ਬੰਦਿਸ਼ ਦੀਆਂ ਸ਼ਰਤਾਂ ਨੇ ਅਖ਼ੀਰ ਇਹ ਮਸਲਾ ਆਪੇ ਹੀ ਹੱਲ ਕਰਵਾ ਦਿੱਤਾ ਅਤੇ ੧੭੩੫ ਈ. ਵਿਚ ਇਹ ਜਾਗੀਰ ਜ਼ਬਤ ਕਰ ਲਈ ਗਈ।

ਜ਼ਬਤੀ ਦਾ ਪਹਿਲਾ ਅਸਰ ਇਹ ਹੋਇਆ ਕਿ ਬੁੱਢਾ ਦਲ ਨੂੰ ਅੰਮ੍ਰਿਤਸਰ ਛੱਡਣਾ ਪਿਆ। ਪਿਛੋਂ, ੧੭੩੯ ਈ: ਵਿਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਮਨੀ ਸਿੰਘ ਜੀ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ। ਅਗਲੇ ਸਾਲ ਹੀ ਨਾਦਰ ਸ਼ਾਹ ਦੇ ਹਮਲੇ ਨੇ ਸਿੰਘਾਂ ਦੀ ਹਾਲਤ ਹੋਰ ਵੀ ਔਖੀ ਬਣਾ ਦਿੱਤੀ। ਨਾਦਰ, ਜ਼ਕਰੀਆ ਖ਼ਾਨ ਤੇ ਛੋਟੇ ਹਾਕਮ ਸਾਰੇ ਸਿੱਖਾਂ ਦੀ ਜਾਨ ਦੇ ਵੈਰੀ ਹੋ ਗਏ। ਸਿੱਖਾਂ ਦੇ ਸਿਰਾਂ ਦੇ ਮੁੱਲ ਪੈਣੇ ਸ਼ੁਰੂ ਹੋ ਗਏ-

"ਦੱਸਣ ਵਾਲੇ ਦਸ ਰੁਪਏ,
ਔ ਮਾਰਨ ਵਾਲੇ ਪਚਾਸ।
ਯਹ ਲਾਲਚ ਤੁਰਕਨ ਦਯੋ,
ਤਬ ਬਹੁਤ ਸਿੰਘਨ ਭਯੋ ਨਾਸ਼।।੫।।" (ਭੰਗੂ, ਸਫਾ ੩੦੮)

ਝੂਠੀ ਸਰਕਾਰ ਦੇ ਏਸ ਹੁਕਮ ਨੂੰ ਸਭ ਤੋਂ ਜ਼ਿਆਦਾ ਅਮਲ ਵਿਚ ਲਿਆਉਣ ਵਾਲੇ ਸਨ ਜ਼ਿਆਦਾ ਹਿੰਦੂ ਚੌਧਰੀ ਤੇ ਕੁਝ ਮੁਸਲਮਾਨ ਚੌਧਰੀ, ਭਗਤ ਨਿਰੰਜਨੀਆਂ, ਸਾਹਿਬ ਰਾਏ, ਕਰਮਾ ਛੀਨਾ, ਰਾਮਾ ਵਗੈਰਾ ਜੋ ਕ੍ਰਮਵਾਰ ਜੰਡਿਆਲਾ, ਰਾਜਾ ਸਾਂਸੀ ਦੇ ਰਹਿਣ ਵਾਲੇ ਸਨ-ਨੇ ਆਪਣਾ ਕੰਮ ਇੰਜ ਕੀਤਾ-

"ਟੋਲ ਟੋਲ ਸਿੰਘਨ ਕੋ ਮਾਰੇ।
ਜੈਸੇ ਮਾਰੇ ਟੋਲ ਸ਼ਿਕਾਰੇ।।੨।।" (ਭੰਗੂ ੩੦੬)

ਜ਼ਕਰੀਆ ਖ਼ਾਨ ਨੇ ਸਿੰਘਾਂ ਦੀ ਮਦਦ ਕਰਨ 'ਤੇ ਵੀ ਸਜ਼ਾਵਾਂ ਦਾ ਐਲਾਨ ਕਰ ਛੱਡਿਆ ਸੀ-

"ਜੋ ਸਿੰਘਨ ਕੌ ਕੋਊ ਲੁਕਾਵੈ।
ਸੋ ਵਹਿ ਅਪਨੀ ਜਾਨ ਗਵਾਵੈ।

ਆਏ ਸਿੰਘ ਬਤਾਵੈ ਨਾਂਹੀ।
ਵੈ ਭੀ ਅਪਨੀ ਜਿੰਦ ਗੁਵਾਹੀ।
ਜੋ ਸਿੰਘਨ ਕੋ ਸਾਕ ਕਰੇਵੈ।
ਮੁਸਲਮਾਨ ਸੋ ਹੋਵਨ ਲੇਵੈ। (ਭੰਗੂ, ੩੧੦)

ਇਸ ਹਾਲਤ ਵਿਚ ਸਿੰਘਾਂ ਦਾ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ-ਇਸ਼ਨਾਨ ਕਰਨਾ ਮੁਸ਼ਕਿਲ ਹੋ ਗਿਆ। ਸਿੰਘ ਟਾਵੇਂ ਟਾਵੇਂ, ਰਾਤ-ਬਰਾਤੇ, ਲੁਕ-ਛਿਪ ਕੇ ਅੰਮ੍ਰਿਤ-ਸਰੋਵਰ ਵਿਚੋਂ ਇਸ਼ਨਾਨ ਕਰ ਜਾਇਆ ਕਰਦੇ ਸਨ। ਇਸ ਗੱਲ ਦੀ ਖ਼ਬਰ ਜਦੋਂ ਸਰਕਾਰ ਪਾਸ ਪੁੱਜੀ ਤਾਂ ਇਥੇ ਫੌਜ ਦਾ ਪਹਿਰਾ ਬਿਠਾ ਦਿੱਤਾ ਗਿਆ। ਮੱਸਾ ਰੰਘੜ ਮੰਡਿਆਲੇ ਵਾਲੇ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰ ਲਿਆ। ਇਸ ਪਾਕ ਜਗ੍ਹਾ ਨੂੰ ਉਸ ਨੇ ਆਪਣੇ ਪਾਪ ਦਾ ਮਰਕਜ਼ ਬਣਾ ਲਿਆ-

ਕੀਓ ਉਪਦ੍ਰਵ ਤੁਰਕ ਬਡ,
ਅੰਮ੍ਰਿਤਸਰ ਗੁਰਦ੍ਵਾਰ।
ਹਰਿ ਮੰਦਰ ਮੈਂ ਕੰਚਨੀ,
ਰਖੇ ਤੁਰਕਨ ਕੋ ਸਰਦਾਰ॥੧੫॥
ਮੰਡਿਆਲੀ ਕੋ ਰੰਘੜੋ,
ਮੱਸਾ ਤਾ ਕੋ ਨਾਮ।
ਕਰੇ ਬਿਅਦਬੀ ਹਰਿ ਮੰਦਰ
ਪਾਪੀ ਬਡੋ ਹਰਾਮ। (ਭੰਗੂ, ੩੧੧)

ਇਸ ਗੱਲ ਦਾ ਸਿੰਘਾਂ ਨੂੰ ਉਦੋਂ ਪਤਾ ਲੱਗਾ ਜਦੋਂ ਉਹ ਬੀਕਾਨੇਰ ਵਿਚ ਡੇਰੇ ਲਾਈ ਬੈਠੇ ਸਨ। ਪੰਜਾਬ ਦਾ "ਪੱਤਾ ਪੱਤਾ ਸਿੰਘਾਂ ਦਾ ਵੈਰੀ" ਸੀ ਤੇ ਇਥੇ ਆਉਣ ਦਾ ਮਤਲਬ ਸੀ ਸ਼ਹੀਦ ਹੋਣਾ। ਪਰ-

'ਜਬੈ ਬਾਣ ਲਾਗਜੋ॥
ਤਬੈ ਰੋਸ ਜਾਗਜੋ॥

ਸਿੰਘ ਆਪਣੇ ਦਰਬਾਰ ਸਾਹਿਬ ਦੀ ਬੇਹੁਰਮਤੀ ਕਿਥੇ ਬਰਦਾਸ਼ਤ ਕਰ ਸਕਦੇ ਸਨ! ਖ਼ਬਰ ਮਿਲਦਿਆਂ ਹੀ ਮਹਿਤਾਬ ਸਿੰਘ ਮੀਰਾਂ ਕੋਟੀਆ ਉਠ ਖੜੋਇਆ। ਅਤੇ-

"ਮਾੜੀ ਕੰਬੋ ਵਾਲ,
ਸੁੱਖਾ ਸਿੰਘ ਤ੍ਰਿਖਾਣ ਥੋ,
ਮਤਾਬ ਸਿੰਘ ਕੇ ਨਾਲ,
ਆਯੋ ਦੂਜੋ ਸਿਦਕ ਕਰ॥੨੪॥"

ਦੋਹਾਂ ਸਿੰਘਾਂ ਨੇ ਸਰਬੱਤ ਖਾਲਸੇ ਤੋਂ ਇਜਾਜ਼ਤ ਮੰਗੀ-

ਹਮ ਮਾਰੇਂ ਜਾਇ ਤੁਰਕਨ ਤਾਈਂ।
ਚਰਨ ਛੂਹ ਮੈਂ ਖ਼ਾਲਸੇ ਆਈ।।੨੫॥

ਜੇ ਕਰ ਸੀਸ ਲਗੇ ਗੁਰ ਅਰਥ।
ਧੰਨ ਜਨਮ ਧੰਨ ਮਰਣ ਸਮਰਥ।...
ਮਰਨੇ ਤੇ ਕਯਾ ਡਰਪਨਾ।
ਲੇ ਪਾਹੁਲ ਖੰਡੇ ਧਾਰ। (ਭੰਗੂ, ੩੧੧-੧੨)

ਸਰਬੱਤ ਖ਼ਾਲਸੇ ਦਾ ਅਸ਼ੀਰਵਾਦ ਲੈ ਦੇ ਦੋਵੇਂ ਸਿੰਘ ਬੀਕਾਨੇਰ ਤੋਂ ਗੁਰੂ ਦੀ ਨਗਰੀ ਵੱਲ ਚਲ ਪਏ। ਇਹ ਗੱਲ ਅਗਸਤ ੧੭੪੦ (ਭਾਦੋਂ ਮਹੀਨਾ ਸੰਮਤ ੧੭੯੭) ਦੀ ਹੈ। ਜਿਸ ਦਿਨ ਦੋਵੇਂ ਜਰਨੈਲ ਦਰਬਾਰ ਸਾਹਿਬ ਪੁੱਜੇ। ਉਸ ਦਿਨ ਅਕਾਲ ਪੁਰਖ ਨੇ ਵੀ ਸਿੰਘਾਂ ਦੀ ਮਦਦ ਕੀਤੀ। ਬੜੀ ਜ਼ਬਰਦਸਤ ਹਨੇਰੀ ਤੇ ਫਿਰ ਮੀਂਹ ਨੇ ਫੌਜ ਦੇ ਪਹਿਰੇ ਵਿਚ ਢਿੱਲ ਪੈਦਾ ਕੀਤੀ। ਬਚੇ-ਖੁਚੇ ਪਹਿਰੇ ਵਿਚੋਂ, ਮਾਮਲਾ ਦੇਣ ਦੇ ਬਹਾਨਾ ਕਰਦੇ ਹੋਏ ਦੋਵੇਂ ਸਿੰਘ ਉਸ ਪਾਪੀ ਮੱਸੇ ਦੇ ਨੇੜੇ ਜਾ ਪੁੱਜੇ ਅਤੇ ਅੱਖ ਦੇ ਫ਼ੁਰਨੇ ਵਿਚ ਹੀ ਉਸ ਦਾ ਸਿਰ ਲਾਹ ਕੇ ਹਵਾ ਨਾਲ ਗੱਲਾਂ ਕਰਦੇ ਹੋਏ ਪੰਥ-ਖਾਲਸੇ ਕੋਲ ਬੀਕਾਨੇਰ ਪੁਜ ਕੇ ਪਾਪੀ ਮੱਸੇ ਦਾ ਸਿਰ ਪੰਥ ਅੱਗੇ ਪੇਸ਼ ਕਰ ਕੇ ਜਨਮ ਸਫਲਾ ਕੀਤਾ। ਮਹਿਤਾਬ ਸਿੰਘ ਤੇ ਉਸ ਦਾ ਗੁਰਭਾਈ ਸੁੱਖਾ ਸਿੰਘ ਪੰਥ ਵਲੋਂ ਮੁਬਾਰਕਾਂ ਦਾ ਮਰਕਜ਼ ਬਣ ਗਏ। ਮਹਿਤਾਬ ਸਿੰਘ ਅਤੇ ਸੁੱਖਾ ਸਿੰਘ ਦੇ ਇਸ ਮਹਾਨ ਕਾਰਨਾਮੇ ਨੂੰ ਮੈਂ ਤਿੰਨ ਖਾਸ ਬਿੰਦੂਆਂ ਤੋਂ ਵੇਖਦਾ ਹਾਂ-

੧- ਸਿੰਘਾਂ ਦੀ ਜੁਰਅਤ ਕੁਰਬਾਨੀ ਦੀ ਰੂਹ,

੨- ਦਰਬਾਰ ਸਾਹਿਬ ਦੀ ਬੇਹੁਰਮਤੀ ਕਰਨ ਦੀ ਅਤਿ ਘਿਨਾਉਣੀ ਕੋਸ਼ਿਸ਼,

੩- ਸਿੰਘਾਂ ਵਲੋਂ ਉਸ ਬਦਤਮੀਜ਼ੀ ਦੀ ਸਜ਼ਾ।

❋❋❋

ਸ੍ਰ: ਸੁਬੇਗ ਸਿੰਘ-ਸ਼ਾਹਬਾਜ਼ ਸਿੰਘ ਜੀ

ਸਰਦਾਰ ਸੁਬੇਗ ਸਿੰਘ ਜੀ ਪਿੰਡ ਜੰਬਰ ਜ਼ਿਲ੍ਹਾ ਲਾਹੌਰ ਦੇ ਵਸਨੀਕ ਸਨ। ਉਹ ਚੰਗੇ ਰਸੂਖ ਵਾਲੇ ਜਿਮੀਂਦਾਰ ਤੇ ਸਰਕਾਰੀ ਅਜਾਰੇਦਾਰ ਸਨ। ਉਹ ਫਾਰਸੀ ਦੇ ਚੰਗੇ ਵਿਦਵਾਨ ਸਨ। ਲਾਹੌਰ ਦਾ ਸੂਬਾ ਜ਼ਕਰੀਆ ਖਾਂ ਉਹਨਾਂ ਦੀ ਇੱਜ਼ਤ ਕਰਦਾ ਸੀ। ਉਹਨਾਂ ਨੇ ਕਈ ਕੰਮ ਸਵਾਰੇ ਸਨ ਅਤੇ ਕਈ ਮੌਕਿਆਂ 'ਤੇ ਉਸ ਦੀ ਕਦਰ ਯੋਗ ਸੇਵਾ ਸਹਾਇਤਾ ਕੀਤੀ ਸੀ। ਉਹਨਾਂ ਵਿਚੋਂ ਇਕ ਖਾਸ ਕਥਨ-ਯੋਗ ਹੈ, ਜੋ ਇਸ ਪ੍ਰਕਾਰ ਹੈ:

ਸੰਨ ੧੭੩੩ ਵਿਚ ਜ਼ਕਰੀਆ ਖਾਂ ਨੇ ਦਿੱਲੀ ਦੇ ਬਾਦਸ਼ਾਹ ਨੂੰ ਲਿਖਿਆ ਕਿ ਸਿੱਖਾਂ ਉਪਰ ਵੱਧ ਤੋਂ ਵੱਧ ਸਖਤੀ ਕਰਕੇ ਵੇਖ ਲਈ ਹੈ, ਪਰ ਵਸ ਵਿਚ ਨਹੀਂ ਆਉਂਦੇ। ਇਹ ਮੁਕਦੇ ਵੀ ਨਹੀਂ ਅਤੇ ਆਪਣੇ ਕਾਰਿਆਂ ਤੋਂ ਰੁਕਦੇ ਤੇ ਹਟਦੇ ਵੀ ਨਹੀਂ। ਮੇਰੀ ਤਜਵੀਜ਼ ਹੈ ਕਿ ਇਹਨਾਂ ਨਾਲ ਨਰਮੀ (ਰਿਆਇਤ) ਵਾਲਾ ਸਲੂਕ ਕਰਕੇ ਵੇਖ ਲਈਏ। ਇਸ ਖਿਆਲ ਨਾਲ ਉਹਨਾਂ ਨੂੰ ਜਾਗੀਰ ਦਿੱਤੀ ਜਾਵੇ ਅਤੇ ਉਹਨਾਂ ਦੇ ਜਥੇਦਾਰ ਨੂੰ ਖਿਤਾਬ ਦਿੱਤਾ ਜਾਵੇ। ਬਾਦਸ਼ਾਹ ਨੇ ਇਹ ਸਲਾਹ ਮੰਨ ਲਈ। ਜ਼ਕਰੀਆ ਖਾਂ ਨੇ ਸਰਦਾਰ ਸੁਬੇਗ ਸਿੰਘ ਜੀ ਨੂੰ ਆਪਣਾ ਵਕੀਲ ਬਣਾ ਕੇ ਭੇਜਿਆ ਤਾਂ ਜੋ ਖਾਲਸੇ ਨਾਲ ਗੱਲਬਾਤ ਤੇ ਸਮਝੌਤਾ ਕੀਤਾ ਜਾਵੇ । ਉਹ ਖਾਲਸੇ ਪਾਸ ਪੁੱਜੇ ਜੋ ੨੯ ਮਾਰਚ ੧੭੩੩ ਵਿਸਾਖੀ ਸਮੇਂ ਅਕਾਲ ਤਖ਼ਤ ਸਾਹਿਬ ਜੁੜਿਆ ਹੋਇਆ ਸੀ। ਜਦ ਉਹਨਾਂ ਨੂੰ ਪਹਿਲਾਂ ਤਨਖਾਹ ਲਾਈ ਗਈ ਕਿਉਂਕਿ ਉਹ ਸਰਕਾਰ ਨੂੰ ਮਿਲਵਰਤਣ ਦੇ ਰਹੇ ਸਨ, ਫਿਰ ਉਹਨਾਂ ਨੇ ਸਰਕਾਰ ਵਲੋਂ ਨਵਾਬੀ ਦਿਆਲਪੁਰ, ਕੰਗਣਪੁਰ ਤੇ ਝਬਾਲ ਦੇ ਪਰਗਨਿਆਂ ਦੀ ਜਾਗੀਰ, ਜਿਸ ਦੀ ਆਮਦਨ ਇੱਕ ਲੱਖ ਰੁਪਿਆ ਸਾਲਾਨਾ ਸੀ ਅਤੇ ਕੀਮਤੀ ਖਿਲਤ (ਪੁਸ਼ਾਕ) ਖਾਲਸੇ ਅੱਗੇ ਪੇਸ਼ ਕੀਤੀ। ਖਾਲਸੇ ਵਲੋਂ ਜਥੇਦਾਰ ਦੀਵਾਨ ਦਰਬਾਰਾ ਸਿੰਘ ਨੇ ਕਿਹਾ, 'ਸਾਨੂੰ ਸਤਿਗੁਰਾਂ ਦਾ ਵਰ ਹੈ ਕਿ ਖਾਲਸਾ ਰਾਜ ਕਰੇਗਾ। ਅਸੀਂ ਆਪ ਰਾਜ ਜਿੱਤਾਂਗੇ। ਕਿਸੇ ਦੀ ਦਿੱਤੀ ਹੋਈ ਨਵਾਬੀ ਕਿਉਂ ਲਈਏ? ਪਰ ਸਰਦਾਰ ਸੁਬੇਗ ਸਿੰਘ ਜੀ ਦੇ ਕਹਿਣ-ਕਹਾਉਣ ਅਤੇ ਜ਼ੋਰ ਦੇਣ ਉਤੇ ਪ੍ਰਵਾਨ ਕਰਨੀ ਮੰਨ ਲਈ। ਪਹਿਲਾਂ ਦੀਵਾਨ ਦਰਬਾਰਾ ਸਿੰਘ ਜੀ ਨੂੰ ਜੋ ਸਿਰ-ਕੱਢ ਜਥੇਦਾਰ ਸੀ ਨਵਾਬੀ ਲੈਣ ਲਈ ਕਿਹਾ ਗਿਆ। ਉਹਨਾਂ ਨੇ ਨਾਂਹ ਕਰ ਦਿੱਤੀ। ਕਈਆਂ ਹੋਰਨਾਂ ਨੂੰ ਕਿਹਾ ਗਿਆ, ਪਰ ਕੋਈ ਨਵਾਬੀ ਤੇ ਲੱਖ ਰੁਪਏ ਦੀ ਜਾਗੀਰ ਲੈਣੀ ਨਾ ਮੰਨੇ। ਅਖੀਰ ਵਿਚ ਸਰਦਾਰ ਸੁਬੇਗ ਸਿੰਘ ਜੀ ਨੇ ਕਿਹਾ "ਖਾਲਸਾ ਜੀ! ਇਹ ਕਿਸੇ ਸੇਵਦਾਰ ਨੂੰ ਬਖਸ਼ ਦਿਓ, ਮੋੜੋ ਨਾ।" ਉਸ ਵੇਲੇ ਸ੍ਰ: ਕਪੂਰ ਸਿੰਘ ਫੈਜ਼ਲਪੁਰੀਆ ਸੰਗਤਾਂ ਨੂੰ ਪੱਖਾ ਝਲ ਰਿਹਾ ਸੀ। ਉਹ ਖਾਲਸੇ ਦੇ ਤਬੇਲਿਆਂ ਦੀ ਲਿੱਦ ਹੂੰਝਣ ਅਤੇ ਘੋੜਿਆਂ ਦੇ ਦਾਣੇ-ਪਾਣੀ ਤੇ ਪਠੇ ਦਬੇ ਦੀ ਸੇਵਾ ਕਰਦਾ ਹੁੰਦਾ ਸੀ। ਨਵਾਬੀ ਤੇ ਜਾਗੀਰ ਉਸ ਨੂੰ ਦਿੱਤੀ ਗਈ। ਉਸ ਨੇ ਕਿਹਾ, 'ਜੀਅ ਤਾਂ ਮੇਰਾ ਵੀ

ਨਹੀਂ ਕਰਦਾ, ਪਰ ਜੇ ਖਾਲਸਾ ਬਖਸ਼ਿਸ਼ ਕਰਦਾ ਹੈ, ਤਾਂ ਹਾਜ਼ਰ ਹਾਂ। ਪਰ ਪਹਿਲਾਂ ਇਸ ਸਨਦ ਤੇ ਖਿਲਤ ਨੂੰ ਪੰਜ ਸਿੰਘ ਚਰਨ ਲਾ ਦੇਣ।'

ਸ੍ਰ: ਸੁਬੇਗ ਸਿੰਘ ਦਾ ਇੱਕ ਪੁੱਤਰ ਸੀ ਜਿਸ ਦਾ ਨਾਂ ਸ਼ਾਹਬਾਜ਼ ਸਿੰਘ ਸੀ। ਉਹ ਬੜਾ ਸੋਹਣਾ ਜਵਾਨ ਤੇ ਹੋਣਹਾਰ ਗੱਭਰੂ ਸੀ। ਉਹ ਇਕ ਮਦਰੱਸੇ ਵਿਚ ਕਾਜ਼ੀ ਪਾਸੋਂ ਫਾਰਸੀ ਪੜ੍ਹਿਆ ਕਰਦਾ ਸੀ। ਕਾਜ਼ੀ ਨੇ ਉਸ ਦੀ ਸਮਝ, ਲਿਆਕਤ ਤੇ ਡੀਲ ਵੇਖ ਕੇ ਉਸ ਨੂੰ ਮੁਸਲਮਾਨ ਬਣਾਉਣਾ ਚਾਹਿਆ। ਲੜਕੇ ਨੇ ਨਾਂਹ ਕਰ ਦਿੱਤੀ। ਕਾਜ਼ੀ ਨੇ ਲਾਹੌਰ ਦਰਬਾਰ ਸ਼ਿਕਾਇਤ ਕਰ ਭੇਜੀ ਕਿ ਸ਼ਾਹਬਾਜ਼ ਸਿੰਘ ਨੇ ਦੀਨ ਇਸਲਾਮ ਦੀ ਨਿਰਾਦਰੀ ਕੀਤੀ ਹੈ ਤੇ ਹਜ਼ਰਤ ਸਾਹਿਬ ਦੇ ਵਿਰੁੱਧ ਨਜਾਇਜ਼ ਲਫਜ਼ ਕਹੇ ਹਨ। ਇਸ ਝੂਠੇ ਦੋਸ਼ ਦੇ ਅਧਾਰ 'ਤੇ ਸ਼ਾਹਬਾਜ਼ ਸਿੰਘ ਨੂੰ ਗ੍ਰਿਫਤਾਰ ਕਰਕੇ ਲਾਹੌਰ ਹਾਜ਼ਰ ਕੀਤਾ ਗਿਆ।

ਪੁੱਤ ਦੇ ਨਾਲ ਹੀ ਪਿਉ (ਸਰਦਾਰ ਸੁਬੇਗ ਸਿੰਘ ਜੀ) ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਮਜ੍ਹਬੀ ਪਾਗਲਪੁਣੇ ਦੀ ਅੱਗ ਨੇ ਜ਼ਕਰੀਆ ਖਾਂ ਪਿਛੋਂ ਉਸਦਾ ਪੁੱਤਰ ਯਹੀਆ ਖਾਂ ਜੋ ਗਵਰਨਰ ਬਣਿਆ, ਨੇ ਉਹਨਾਂ ਦੀ ਪਿਛਲੀ ਸੇਵਾ ਸਹਾਇਤਾ ਸਭ ਭੁਲਾ ਦਿੱਤੀ। ਉਹਨਾਂ ਵਿਰੁੱਧ ਦੋਸ਼ ਇਹ ਘੜਿਆ ਗਿਆ ਕਿ ਇਹ ਸਰਕਾਰ ਦਾ ਵੈਰੀ ਹੈ।

ਸ੍ਰ: ਸੁਬੇਗ ਸਿੰਘ ਨੂੰ ਕਿਹਾ ਗਿਆ ਕਿ ਮੁਸਲਮਾਨ ਹੋ ਜਾਓ, ਨਹੀਂ ਤਾਂ ਮਾਰੇ ਜਾਓਗੇ। ਉਹਨਾਂ ਨੇ ਧਰਮ ਛਡਣੋਂ ਨਾਂਹ ਕਰ ਦਿੱਤੀ। ਕੁਝ ਕੁ ਨਿਕਟਵਰਤੀਆਂ ਨੇ ਸ੍ਰ: ਸੁਬੇਗ ਸਿੰਘ ਜੀ ਨੂੰ ਕਿਹਾ, "ਹੋਰ ਨਹੀਂ ਤਾਂ ਆਪਣੇ ਬੱਚੇ ਨੂੰ ਬਚਾ ਕੇ ਕੁਲ ਦਾ ਨਿਸ਼ਾਨ ਤਾਂ ਕਾਇਮ ਰਖ ਲਓ" ਤਾਂ ਭਾਈ ਸਾਹਿਬ ਨੇ ਡਟ ਕੇ ਜੁਆਬ ਦਿੱਤਾ:

ਸਿਖਨ ਕਾਜ ਸੁ ਗੁਰੂ ਸਵਾਰੇ, ਸੀਸ ਦੀਓ ਨਿਜ ਸੈਣ ਪ੍ਰਵਾਰੇ।
ਹਮ ਕਾਰਨ ਗੁਰ ਕੁਲਹਿ ਗਵਾਈ, ਹਮ ਕੁਲ ਰਾਖੈਂ ਕੌਣ ਬਡਾਈ।

ਭਾਵ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸਾ ਪੰਥ ਜਿਉਂਦਾ ਰਖਣ ਹਿਤ ਆਪਣਾ ਸਾਰਾ ਪਰਿਵਾਰ ਕੁਰਬਾਨ ਕਰ ਦਿੱਤਾ ਤੇ ਮੈਂ ਆਪਣੀ ਕੁਲ ਦਾ ਨਿਸ਼ਾਨ ਬਚਾਣ ਲਈ ਪੁੱਤਰ ਨੂੰ ਧਰਮ ਤਿਆਗਣ ਲਈ ਕਹਾਂ, ਇਸ ਵਿਚ ਕੀ ਵਡਿਆਈ ਹੈ? ਸ੍ਰ: ਸੁਬੇਗ ਸਿੰਘ ਜੀ ਦੇ ਮੂੰਹੋਂ ਕੋਰਾ ਉੱਤਰ ਸੁਣ ਕੇ ਉਹਨਾਂ ਨੂੰ ਚਰਖੜੀ ਤੇ ਚਾੜ੍ਹ ਕੇ ਸ਼ਹੀਦ ਕਰਨ ਦਾ ਹੁਕਮ ਸੁਣਾ ਦਿੱਤਾ ਗਿਆ। ਉਹਨਾਂ ਨੂੰ ਚਰਖੜੀ ਉਤੇ ਚਾੜ੍ਹਿਆ ਗਿਆ ਤੇ ਚਰਖੜੀ ਨੂੰ ਗੇੜਿਆ ਗਿਆ। ਅੱਤ ਦਾ ਦੁਖ ਹੋਇਆ, ਪਰ ਸ੍ਰ: ਸੁਬੇਗ ਸਿੰਘ ਨੇ ਸਿਦਕ ਨਾ ਹਾਰਿਆ। '*ਚਰਖੜੀ ਚਾੜ੍ਹ ਫਿਰ ਬਹੁਤ ਘੁਮਾਇਆ। ਵਾਹਿਗੁਰੂ ਤਿਨ ਨਾਹਿ ਭੁਲਾਇਆ।*' ਫਿਰ ਉਹਨਾਂ ਦੇ ਪੁੱਤਰ ਸ੍ਰ: ਸੁਬੇਗ ਸਿੰਘ ਨੂੰ ਉਹਨਾਂ ਦੇ ਰੂਬਰੂ ਚਰਖੜੀ ਉਤੇ ਚਾੜ੍ਹਿਆ ਗਿਆ ਤੇ ਚਰਖੜੀ ਨੂੰ ਗੇੜਿਆ ਗਿਆ। ਦੋਵੇਂ ਚਰਖੜੀਆਂ ਚਲਦਿਆਂ ਗਈਆਂ। ਗੁਰੂ ਦੇ ਸਿੱਖ ਕਸ਼ਟ ਝੱਲਦੇ ਤੇ 'ਅਕਾਲ ਅਕਾਲ' ਕਹਿੰਦੇ ਰਹੇ। ਕੁਝ ਚਿਰ ਮਗਰੋਂ ਚਰਖੜੀਆਂ ਖਲਿਹਾਰ ਕੇ ਉਹਨਾਂ ਪਾਸੋਂ ਪੁਛਿਆ ਜਾਂਦਾ ਸੀ ਕੀ ਤੁਸੀਂ ਇਸਲਾਮ ਕਬੂਲ ਕਰਨ ਨੂੰ ਤਿਆਰ ਹੋ?" ਚਰਖੜੀਆਂ ਉਦਾਲੇ ਤਿੱਖੀਆਂ ਛੁਰੀਆਂ ਲੱਗੀਆਂ ਹੋਈਆਂ ਸਨ। ਉਹ ਗਿੜਦੀਆਂ ਗਈਆਂ, 'ਅਕਾਲ-ਅਕਾਲ' ਦੀਆਂ ਆਵਾਜ਼ਾਂ ਸਹਿਜੇ ਸਹਿਜੇ ਬੰਦ ਹੋ ਗਈਆਂ। ਦੋਵੇਂ ਪਿਉ ਪੁੱਤ ਸਾਹਿਬ ਕਲਗੀਧਰ ਪਿਤਾ ਦੀ ਗੋਦ ਵਿਚ ਜਾ ਬਿਰਾਜੇ। ਇਹ ਸਾਕਾ ਸੰਨ ੧੭੪੫ ਦਾ ਹੈ।

❋❋❋

ਭਾਈ ਤਾਰੂ ਸਿੰਘ ਜੀ

ਹਰ ਇਕ ਇਨਸਾਨ ਇਹ ਚਾਹੁੰਦਾ ਹੈ ਕਿ ਜਿਸ ਮਾਰਗ 'ਤੇ ਉਹ ਚੱਲ ਰਿਹਾ ਹੈ, ਬਾਕੀ ਲੋਕ ਵੀ ਉਹੀ ਮਾਰਗ ਅਪਨਾਉਣ। ਇਸੇ ਤਰ੍ਹਾਂ ਹਰ ਮਜ਼ਹਬ ਦੇ ਪੈਰੋਕਾਰਾਂ ਦੀ ਗੱਲ ਹੈ। ਹਰ ਕੋਈ ਚਾਹੁੰਦਾ ਹੈ ਕਿ ਜਿਸ ਮਜ਼ਹਬ ਦਾ ਅਨੁਯਾਈ ਮੈਂ ਹਾਂ, ਬਾਕੀ ਲੋਕਾਈ ਵੀ ਉਸੇ ਮਜ਼ਹਬ ਵਿਚ ਸ਼ਾਮਲ ਹੋ ਜਾਵੇ। ਇਸੇ ਤਰ੍ਹਾਂ ਸਿੱਖ ਧਰਮ ਦੇ ਅਨੁਯਾਈ ਵੀ ਚਾਹੁੰਦੇ ਹਨ ਕਿ ਹਰ ਕੋਈ ਸਿੱਖੀ ਇਖਤਿਆਰ ਕਰ ਲਵੇ, ਪਰ ਸਾਡਾ ਸਿੱਖੀ ਇਖਤਿਆਰ ਕਰਵਾਉਣ ਦਾ ਢੰਗ ਬਾਕੀ ਕੌਮਾਂ ਨਾਲੋਂ ਵੱਖਰਾ ਹੈ। ਸਿੱਖੀ ਅਨੁਸਾਰ ਲੋਕਾਂ ਦਾ ਜਬਰੀ ਮਜ਼ਹਬ ਬਦਲਾਉਣ ਦੀ ਮਨਾਹੀ ਹੈ। ਇਸ ਦੇ ਉਲਟ ਮੁਸਲਮਾਨਾਂ ਵਿਚ ਐਸਾ ਨਹੀਂ ਹੈ। ਉਹਨਾਂ ਵਿਚ ਹਰ ਜਾਇਜ਼ ਤੇ ਨਜਾਇਜ਼ ਢੰਗ ਵਰਤ ਕੇ ਮੁਸਲਮਾਨ ਬਨਾਉਣਾ ਜਾਇਜ਼ ਹੈ। ਜਦੋਂ ਮੁਸਲਮਾਨੀ ਤਾਕਤ ਹਿੰਦੁਸਤਾਨ ਵਿਚ ਆਈ, ਸਾਰੇ ਹਿੰਦੁਸਤਾਨ ਨੂੰ ਮੁਸਲਮਾਨ ਬਨਾਉਣ ਦੇ ਨਿਸ਼ਾਨੇ ਦੀ ਪੂਰਤੀ ਹਿਤ ਹਕੂਮਤ ਨੇ ਸਾਰੇ ਵਸੀਲੇ ਵਰਤੋਂ ਵਿਚ ਲਿਆਂਦੇ। ਉਨ੍ਹਾਂ ਨੇ ਦੂਜੇ ਧਰਮਾਂ ਵਾਲਿਆਂ 'ਤੇ ਅਜਿਹੇ ਜ਼ੁਲਮ ਢਾਹੇ ਕਿ ਸ਼ੈਤਾਨ ਵੀ ਤੋਬਾ ਕਰ ਉਠਿਆ। ਇਸ ਮਜ਼੍ਹਬੀ ਜਨੂੰਨ 'ਤੇ ਜ਼ੁਲਮ ਦੀ ਹਨੇਰੀ ਨੂੰ ਠੱਲ੍ਹਣ ਲਈ ਪੰਜਵੇਂ ਪਾਤਸ਼ਾਹ ਤੱਤੀ ਤਵੀ 'ਤੇ ਬੈਠੇ, ਨੌਵੇਂ ਗੁਰਾਂ ਨੇ ਜ਼ਾਲਮ ਦੇ ਬੂਹੇ 'ਤੇ ਜਾ ਕੇ ਸ਼ਹਾਦਤ ਦਿੱਤੀ ਅਤੇ ਦਸਮੇਸ਼ ਪਿਤਾ ਨੇ ਸਰਬੰਸ ਹੀ ਵਾਰ ਦਿੱਤਾ। ੧੭੧੬ ਈ: ਵਿਚ ਬਾਬਾ ਬੰਦਾ ਸਿੰਘ ਜੀ ਦੀ ਦਰਦਨਾਕ ਸ਼ਹਾਦਤ ਮਗਰੋਂ ਇਸ ਜ਼ੁਲਮ ਦੇ ਝੱਖੜ ਨੇ ਅਜਿਹਾ ਰੂਪ ਧਾਰ ਲਿਆ ਕਿ ਇਨਸਾਨੀ ਤਵਾਰੀਖ਼ ਵਿਚ ਉਸ ਦੀ ਮਿਸਾਲ ਹੋਰ ਕਿਤੇ ਵੀ ਨਹੀਂ ਮਿਲਦੀ। ਭਾਈ ਤਾਰੂ ਸਿੰਘ ਜੀ ਵੀ ਮੁਸਲਮਾਨਾਂ ਦੀ ਜਬਰੀ ਧਰਮ ਬਦਲਣ ਦੀ ਨੀਤੀ ਦੇ ਸ਼ਿਕਾਰ ਹੋ ਗਏ।

ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਵੇਲੇ ਲਾਹੌਰ ਦਾ ਗਵਰਨਰ ਜ਼ਕਰੀਆ ਖ਼ਾਨ ਸੀ। ਉਦੋਂ ਨਾਦਰ ਸ਼ਾਹ ਹਿੰਦੂਆਂ-ਮੁਸਲਮਾਨਾਂ ਉਤੇ ਜ਼ੁਲਮ ਢਾਹ ਕੇ ਵਾਪਸ ਪਰਤ ਚੁੱਕਾ ਸੀ। ਸਿੰਘਾਂ ਨੇ ਉਸ ਨੂੰ ਕਰਾਰੇ ਹੱਥ ਵਿਖਾਏ ਸਨ। ਸਿੰਘਾਂ ਦੀ ਬਹਾਦਰੀ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਇਹ ਪੇਸ਼ੀਨਗੋਈ ਜ਼ਕਰੀਆ ਖ਼ਾਨ ਤਾਈਂ ਕਰ ਸੁਣਾਈ ਸੀ ਕਿ—

ਇਹ ਲੰਮੇ ਕੇਸਾਂ ਤੇ ਦਾੜ੍ਹੀਆਂ ਵਾਲੇ ਛੇਤੀ ਹੀ ਇਸ ਮੁਲਕ ਦੇ ਹਾਕਮ ਬਣ ਜਾਣਗੇ।

ਜ਼ਕਰੀਆ ਖ਼ਾਨ ਨੇ ਮਜ਼ਹਬੀ ਜਨੂੰਨ ਅਧੀਨ ਸਿੱਖਾਂ 'ਪੁਰ ਜ਼ੁਲਮ ਕਰਨ ਵਿਚ ਕੋਈ ਕਸਰ ਨਾ ਛੱਡੀ। ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ ਤੇ ਗਸ਼ਤੀ ਫੌਜਾਂ ਸਿੱਖਾਂ ਦੇ ਸ਼ਿਕਾਰ ਹਿੱਤ

ਛੱਡ ਦਿੱਤੀਆਂ। ਸਿੰਘ ਘਰ-ਘਾਟ ਛੱਡ ਜੰਗਲਾਂ, ਪਹਾੜਾਂ ਅਤੇ ਰੇਤਲੇ ਮਾਰੂਥਲਾਂ ਨੂੰ ਨਿਕਲ ਤੁਰੇ। ਕਿਤੇ-ਕਿਤੇ ਕੋਈ ਟਾਵਾਂ ਸਿੰਘ ਪਿੰਡਾਂ ਜਾਂ ਸ਼ਹਿਰਾਂ ਵਿਚ ਰਹਿ ਗਿਆ।

ਅਜਿਹਾ ਇਕ ਸਿੰਘ ਸੀ ਭਾਈ ਤਾਰੂ ਸਿੰਘ, ਜੋ ਅੰਮ੍ਰਿਤਸਰ ਪਰਗਣੇ ਦੇ ਪਿੰਡ ਪੂਹਲੇ ਦਾ ਰਹਿਣ ਵਾਲਾ ਸੀ। ਛੋਟੀ ਉਮਰੇ ਹੀ ਭਾਈ ਜੀ ਦੇ ਸਿਰੋਂ ਪਿਤਾ ਦਾ ਸਾਇਆ ਉਠ ਗਿਆ। ਗੁਰਸਿੱਖ ਮਾਤਾ ਨੇ ਆਪਣੇ ਬੱਚੇ ਦੀ ਰਗ-ਰਗ ਵਿਚ ਗੁਰਬਾਣੀ, ਗੁਰ-ਇਤਿਹਾਸ ਅਤੇ ਗੁਰਸਿੱਖੀ ਲਈ ਪਿਆਰ ਭਰ ਦਿੱਤਾ।

ਭਾਈ ਤਾਰੂ ਸਿੰਘ ਜੀ ਕੁਝ ਕੁ ਜਵਾਨ ਹੋਏ ਤਾਂ ਖੇਤੀਬਾੜੀ ਕਰਨ ਲੱਗ ਪਏ ਤੇ ਉਸ ਬਿਪਤਾ ਦੇ ਸਮੇਂ ਉਹ ਆਏ-ਗਏ ਸਿੰਘ ਦੀ ਲੰਗਰ ਆਦਿ ਦੀ ਸੇਵਾ ਲਈ ਹਰ ਸਮੇਂ ਤਤਪਰ ਰਹਿੰਦੇ ਸਨ। ਸਿੰਘ ਉਹਨਾਂ ਦੇ ਘਰ ਵਿਚ ਕਈ-ਕਈ ਦਿਨ ਰਹਿ ਜਾਂਦੇ ਸਨ। ਸੁਚੱਜੇ ਅਤੇ ਧਾਰਮਿਕ ਜੀਵਨ ਕਾਰਨ ਉਹਨਾਂ ਦੇ ਪਿੰਡ ਦੇ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਹਿੰਦੂ, ਮੁਸਲਮਾਨ ਵੀ ਉਨ੍ਹਾਂ ਤੋਂ ਵਾਰੇ ਵਾਰੇ ਜਾਂਦੇ ਸਨ ਤੇ ਉਨ੍ਹਾਂ ਦੀਆਂ ਸਿਫਤਾਂ ਕਰਦੇ ਨਹੀਂ ਸਨ ਥੱਕਦੇ। ਇਹੋ ਕਾਰਨ ਸੀ ਕਿ ਭਾਈ ਜੀ ਬੇ-ਖਟਕੇ ਆਪਣੇ ਪਿੰਡ ਵਿਚ ਉਸ ਸਮੇਂ ਵੀ ਰਹਿ ਰਹੇ ਸਨ ਜਦੋਂ ਕਿ ਸਿੱਖਾਂ ਉਤੇ ਮਹਾਨ ਭੀੜਾ ਬਣੀ ਹੋਈ ਸੀ।

ਸ੍ਰ: ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਦੇ ਹਨ ਕਿ ਇਕ ਦਿਨ ਨਵਾਬ ਜ਼ਕਰੀਆ ਖ਼ਾਨ ਨੇ ਆਪਣੇ ਅਹਿਲਕਾਰਾਂ ਤੇ ਮੁਖਬਰਾਂ ਤੋਂ ਪੁੱਛ ਕੀਤੀ ਕਿ:-

ਨ੍ਵਾਬ ਮੁਲਖੱਯਨ ਕੋ ਪੁਛਯੋ, ਸਿੰਘ ਰਿਜ਼ਕ ਕਹਾਂ ਤੇ ਖਾਂਹਿ।
ਨਹਿਂ ਉਗਰਾਹੀ ਹਲ-ਵਾਹੀ, ਨਹਿਂ ਚਾਕਰੀ ਬਣਜ ਕਮਾਂਹਿ।।੪।।
ਓਇ ਭੁੱਖੇ ਕਿਮ ਨਾਂਹਿ ਮਰਾਹੀਂ। ਦਾਣਾ ਪਾਣੀ ਜਿਨ ਲੱਭੈ ਨਾਹੀਂ।
ਫੌਜ ਟੋਲੇ ਉਨ ਬੰਨ੍ਹ ਕੇ ਰਾਹੀਂ ਖੋਜ ਟੋਲ ਕੈ ਮਾਰੈਂ ਤਾਹੀਂ।।੬।।
ਜਿਨ ਪਿੰਡਨ ਮੈਂ ਸਿੰਘ ਕੋ ਭਯੋ। ਸੋਈ ਪਿੰਡ ਉਜਾੜ ਮੈਂ ਦਯੋ।
ਛੋਡ ਗਏ ਵੈ ਅਪਣੇ ਦੇਸ਼। ਭੂਖੇ ਹੋਇ ਵਟਾਵੈਂ ਭੇਸ।।੭।।...
ਰਿਜਕ ਬਿਨਾਂ ਕੋਈ ਜੀਵੈ ਨਾਂਹੀਂ। ਓਇ ਕਿਮ ਜੀਵੈ ਰਿਜ਼ਕ ਬਿਨਾਂਹੀਂ?
ਪੱਤ ਸਾਗ ਖਾਇ ਮਨੁਖ ਕਬ ਜੀਵੈ। ਜੋ ਜੀਵੈ ਤੁਰਨ, ਜੋਗ ਕਿਮ ਥੀਵੈ।।੯।।

ਸ਼ਾਹੀ ਮਹੱਲਾਂ ਵਿਚ ਪਲਣ ਵਾਲੇ ਨਵਾਬ ਕੀ ਜਾਨਣ ਸਿੰਘਾਂ ਦੀਆਂ ਘਾਲਾਂ ਨੂੰ, ਜੋ ਉਹਨਾਂ ਨੂੰ ਸਿੱਖੀ ਸਿਦਕ ਕਾਇਮ ਰੱਖਣ ਲਈ ਘਾਲਣੀਆਂ ਪੈ ਰਹੀਆਂ ਸਨ।

ਮੁਖਬਰਾਂ ਵਿਚੋਂ ਅਕ੍ਰਿਤਘਣ 'ਹਰਭਗਤ ਨਿਰੰਜਨੀਆ' ਸੀ। ਜਿਨ੍ਹਾਂ ਦੇ ਵੱਡੇ-ਵਡੇਰਿਆਂ ਦੀ ਰੱਖਿਆ ਨੌਵੇਂ ਪਾਤਸ਼ਾਹ ਨੇ ਕੀਤੀ ਸੀ, ਉਨ੍ਹਾਂ ਵਿਚੋਂ ਹੀ ਕਈ ਸਰਕਾਰ ਦੇ ਮੁਖਬਰ ਬਣ ਕੇ ਸ਼ਹੀਦੀਂ ਦਾ ਮੁੱਲ ਪਾਉਣ ਦੀ ਬਜਾਏ ਉਸੇ ਗੁਰੂ ਦੀ ਉਮਤ ਦੇ ਘਾਤਕ ਬਣ ਬੈਠੇ ਸਨ। ਨਿਰੰਜਨੀਏ ਨੇ ਜੋ ਉੱਤਰ ਜ਼ਕਰੀਆ ਖ਼ਾਨ ਨੂੰ ਦਿੱਤਾ, ਉਹ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਇਉਂ ਅੰਕਿਤ ਹੈ:-

ਹਰ ਭਗਤ ਨਿਰੰਜਨੀਏਂ ਯੌ ਫਿਰ ਕਹੀ। ਪੂਲ੍ਹੋ ਪਿੰਡ ਇਕ ਮਾਝੇ ਅਹੀ।
ਤਾਰੂ ਸਿੰਘ ਤਹਿਂ ਖੇਤੀ ਕਰੈ। ਸਾਥ ਪਿੰਡ ਵਹਿ ਹਾਲਾ ਭਰੈ।।੧੭।।

ਦੇਹ ਹਾਕਮ ਕਛੁ ਥੋੜਾ ਖਾਵੈ ।ਬਚੈ ਸਿੰਘਨ ਕੇ ਪਾਸ ਪੁਚਾਵੈ।...

ਸ਼ਬਦ ਚੌਂਕੀ ਗੁਰ ਅਪਨੇ ਕੀ ਕਰੇ। ਸੋ ਮਰਨ ਤੇ ਨੈਕ ਨ ਡਰੇ।। ੨੦।।

ਅਤੇ:-

ਗੰਗਾ ਜਮਨਾ ਨਿਕਟ ਨ ਜਾਵੈ। ਅਪਨੇ ਗੁਰ ਕੀ ਛਪੜੀ* ਨ੍ਹਾਵੈ।

ਜਗਨ ਨਾਥ ਕੋ ਟੁੰਡਾ ਆਖੈਂ। ਰਾਮ ਕਿਸ਼ਨ ਕੋ ਜਾਪ ਨ ਭਾਖੈਂ।।੨੧।।

ਰਾਤ ਤੁਰੈ, ਦਿਨ ਬਹਿ ਰਹੈ, ਤੁਰਕਨ ਆਂਖ ਬਚਾਇ।

ਸਿਰ ਪਰ ਪੰਡ ਉਠਾਇਕੈ, ਸਿੰਘਨ ਪਰ ਪਹੁੰਚਾਇ।।੨੨।।

ਇਹ ਸੀ ਉਸ ਵੇਲੇ ਦੇ ਸਿੱਖਾਂ ਦਾ ਸਿੱਖੀ ਜੀਵਨ! ਸਿੱਖ ਸਿਵਾਏ ਅਕਾਲ ਪੁਰਖ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਹੋਰ ਕਿਸੇ ਨੂੰ ਆਪਣਾ ਇਸ਼ਟ ਨਹੀਂ ਸਨ ਮੰਨਦੇ। ਇਹੋ ਹੀ ਕਾਰਨ ਸੀ ਸਿੰਘਾਂ ਵਿਚ ਨਿਰਭੈਤਾ ਦੇ ਗੁਣ ਦਾ। ਇਹ ਪੁਰਾਤਨ ਗੁਰਸਿੱਖ "ਨਿਰਭਉ ਜਪੈ ਸਗਲ ਭਉ ਮਿਟੈ" ਦੇ ਗੁਰਵਾਕ ਨੂੰ ਜੀਵਨ ਦਾ ਆਧਾਰ ਮੰਨਦੇ ਸਨ। ਤਾਂਹੀਓਂ ਤਾਂ ਉਹ ਸਿੱਖੀ ਮਹੱਲ ਦੀਆਂ ਨੀਹਾਂ ਨੂੰ ਆਪਣੇ ਖ਼ੂਨ ਤੇ ਮਿੱਝ ਨਾਲ ਮਜ਼ਬੂਤ ਕਰ ਸਕੇ।

ਹਰਭਗਤ ਨਿਰੰਜਨੀਏਂ ਨੂੰ ਭਾਈ ਤਾਰੂ ਸਿੰਘ ਜੀ ਬਾਰੇ ਹੋਰ ਕਈ ਲੂਤੀਆਂ (ਸ਼ਿਕਾਇਤਾਂ) ਮਿਰਚ-ਮਸਾਲੇ ਲਾ ਕੇ ਖ਼ਾਨ ਬਹਾਦਰ ਪਾਸ ਲਈਆਂ ਤੇ ਖ਼ਾਨ ਦੀ ਬਖਸ਼ਿਸ਼ ਦਾ ਪਾਤਰ ਬਣਿਆ। ਜ਼ਕਰੀਆ ਖ਼ਾਨ ਨੇ ਅੱਗੋਂ ਨਿਰੰਜਨੀਏਂ ਤਾਂਈਂ ਇਉਂ ਕਿਹਾ:

ਔ ਤਾਰੂ ਸਿੰਘ ਇਕੱਲਾ ਜੋਊ। ਅਹਿਦੀ ਜਾਇ ਲੈ ਆਵੈ ਸੋਊ।

ਬੀਸ ਕੁ ਤਿਸ ਸੰਗ ਪਯਾਦੇ ਦੇਊ। ਰਸਤਜੋਂ ਚੌਕਸ ਉਸ ਕਰ ਲੇਊ।।੨੭।।

ਸੋ ਜ਼ਕਰੀਆ ਖ਼ਾਨ ਦੇ ਹੁਕਮ ਨਾਲ ਨਿਰੰਜਨੀਆ ੨੦ ਪੈਦਲ ਸਿਪਾਹੀ ਲੈ ਕੇ ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫਤਾਰ ਕਰਨ ਲਈ ਤੁਰ ਪਿਆ। ਉਹ ਬਹੁਤ ਖ਼ੁਸ਼ ਸੀ ਕਿ ਉਹ ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ ਹਕੂਮਤ ਦੀਆਂ ਨਜ਼ਰਾਂ ਵਿਚ ਪ੍ਰਵਾਨ ਚੜ੍ਹ ਜਾਵੇਗਾ।

ਸਿਪਾਹੀ, ਭਾਈ ਤਾਰੂ ਸਿੰਘ ਜੀ ਨੂੰ ਲੈ ਕੇ ਲਾਹੌਰ ਅੱਪੜੇ ਤੇ ਭਾਈ ਜੀ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਤੇ ਕਈ ਅਸਹਿ ਤੇ ਅਕਹਿ ਦੁੱਖ ਦਿੱਤੇ ਗਏ; ਪਰ:-

ਜਿਮ ਜਿਮ ਸਿੰਘ ਕੋ ਤੁਰਕ ਸਤਾਵੈਂ। ਤਿਮ ਤਿਮ ਮੁਖ ਸਿੰਘ ਲਾਲੀ ਆਵੈ।

ਜਿਮ ਜਿਮ ਸਿੰਘ ਕਛੁ ਪੀਏ ਨ ਖਾਇ। ਤਿਮ ਤਿਮ ਸਿੰਘ ਸੰਤੋਖ ਹ੍ਵੈ ਆਇ।।੫।।

(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੩੬੭)

ਭਾਈ ਤਾਰੂ ਸਿੰਘ ਜੀ ਨੂੰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਨਵਾਬ ਜ਼ਕਰੀਆ ਖ਼ਾਨ ਤੇ ਭਾਈ ਸਾਹਿਬ ਵਿਚਾਲੇ ਜੋ ਗੱਲਬਾਤ ਹੋਈ, ਉਸ ਨੂੰ ਸ੍ਰ: ਰਤਨ ਸਿੰਘ ਜੀ ਭੰਗੂ ਇਉਂ ਅੰਕਤ ਕਰਦੇ ਸਨ:-

ਤਾਰੂ ਸਿੰਘ ਨਵਾਬ ਬੁਲਾਯਾ। ਉਨੈਂ ਅਹਿਦੀਯਨ ਆਨ ਮਿਲਾਯਾ।

ਵਾਹਿਗੁਰੂ ਕੀ ਫਤੈ ਬੁਲਾਈ। ਅਕਾਲ ਅਕਾਲ ਕਹਿ ਊਚ ਸੁਨਾਈ।...

ਤਾਰੂ ਸਿੰਘ ਜੀ ਤਬ ਕਹਯੋ, ਤੂੰ ਸੁਨ ਬਾਤ ਨਵਾਬ।
ਹਮ ਤੁਮਰੋ ਨ ਬਿਗਾੜਿਓ, ਤੁਮ ਕਿਮ ਦੇਤ ਅਜ਼ਾਬ।।੩।।
ਜੌ ਹਮ ਤੁਮਰੀ ਭੂਮ ਬਿਗਰੈਂ। ਤੌ ਤੁਮ ਕੋ ਪੈਸੇ ਭਰੈਂ।...
ਤੁਮ ਕੋ ਦੇ ਕੇ ਜੋ ਰਹਿ ਜਾਇ। ਸੋ ਹਮ ਅਪਨੇ ਪੇਟਨ ਪਾਇਂ।
ਅਪਨੋ ਤਨ ਪੇਟ ਰਖ ਕੈ ਊਣੀ। ਦੇਤ ਔਰ ਕੋ ਚਬਣ ਚਬੂਣੀ।।੫।।
ਕਹੁ ਤੇਰੀ ਕਯਾ ਗਾਠੋਂ ਜਾਇ ? ਹਮ ਕੁ ਤੁਮ ਕਿਮ ਦੇਤ ਸਜ਼ਾਇ?

(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੩੬੯-੭੦)

ਸੋ, ਭਾਈ ਤਾਰੂ ਸਿੰਘ ਜੀ ਨੇ ਜ਼ਕਰੀਆ ਖ਼ਾਨ ਨੂੰ ਨਿਧੜਕ ਹੋ ਕੇ ਆਖ ਦਿੱਤਾ ਕਿ, "ਅਸੀਂ ਜ਼ਮੀਨ ਦਾ ਮਾਲੀਆ ਤੇ ਵਪਾਰ ਦਾ ਟੈਕਸ ਭਰਦੇ ਹਾਂ, ਬਾਕੀ ਜੋ ਨਫਾ ਸਾਨੂੰ ਹੁੰਦਾ ਹੈ ਜਾਂ ਜੋ ਦਾਨਾ-ਖਾਨਾ ਬਚ ਰਹਿੰਦਾ ਹੈ, ਅਸੀਂ ਆਪਣੇ ਤਨ ਨੂੰ ਭੁੱਖਾ ਰੱਖ ਕੇ ਦੂਜਿਆਂ ਲੋੜਵੰਦਾਂ ਦੀ ਭੁੱਖ ਦੂਰ ਕਰਦੇ ਹਾਂ। ਹੇ ਨਵਾਬ ! ਤੂੰ ਦੱਸ, ਇਸ ਵਿਚ ਤੇਰੀ ਗੰਢੋਂ, ਤੇਰੇ ਪੱਲਿਓਂ ਕੀ ਜਾਂਦਾ ਹੈ, ਜੋ ਤੂੰ ਸਾਨੂੰ ਸਜ਼ਾ ਦੇ ਰਿਹਾ ਹੈਂ?"

ਜ਼ਕਰੀਆ ਖ਼ਾਨ ਭਾਈ ਤਾਰੂ ਸਿੰਘ ਜੀ ਦੀਆਂ ਸੱਚੀਆਂ-ਸੱਚੀਆਂ ਸੁਣ ਕੇ ਸੜ-ਬਲ ਗਿਆ, ਜਵਾਬ ਤਾਂ ਕੋਈ ਸੁਝਿਆ ਨਾ, ਬਸ ਇਕੋ ਹੀ ਉੱਤਰ ਦਿੱਤਾ, ਜੋ ਉਸ ਵਰਗੇ ਜਨੂੰਨੀ ਮੁਸਲਮਾਨ ਹਾਕਮ ਅੱਗੇ ਵੀ ਅਨੇਕਾਂ ਸਿੰਘਾਂ ਨੂੰ ਦੇ ਚੁੱਕੇ ਸਨ:

ਨਵਾਬ ਕਹੈ ਤੂੰ ਹੋ ਮੁਸਲਮਾਨ। ਤਉ ਛਾਡਾਂਗਾ ਤੁਮਰੀ ਜਾਨ।
ਸਿੰਘ ਕਹਯੋ ਹਮ ਡਰ ਕਯਾ ਜਾਨੋਂ। ਹਮ ਹੋਵੈ ਕਿਮ ਮੁਸਲਮਾਨੋਂ।।੭।।

ਇਸ ਸਬੰਧੀ ਗਿਆਨੀ ਗਿਆਨ ਸਿੰਘ ਜੀ *ਤਵਾਰੀਖ਼ ਗੁਰੂ ਖਾਲਸਾ* ਭਾਗ ੨ ਪੰਨਾ ੧੪੨ ਉੱਤੇ ਇਉਂ ਲਿਖਦੇ ਹਨ:

ਜਦ ਦੁੱਖ-ਸੁਖ ਤੇ ਮੌਤ ਤੋਂ ਫੇਰ ਵੀ (ਮੁਸਲਮਾਨ ਬਣ ਕੇ ਵੀ) ਛੁਟਕਾਰਾ ਨਹੀਂ ਹੋਣਾ, ਤਾਂ ਬੇਈਮਾਨ ਕਿਉਂ ਹੋਈਏ ('ਭਾਵ' ਆਪਣਾ ਈਮਾਨ ਧਰਮ ਕਿਉਂ ਛੱਡੀਏ)?

ਨਵਾਬ ਫਿਰ ਬੋਲਿਆ:

ਫਿਰ ਨਵਾਬ ਏਹੀ ਕਹੀ, ਜਿੰਦ ਚਹੈਂ ਤਾਂ ਆਵਹੁ ਦੀਨ।
ਔਰ ਜੁ ਚਾਹੇ ਮਾਂਗ ਸੋ, ਧਨ ਅਰ ਮੁਲਖ ਜ਼ਮੀਨ।।੯।।

ਇਥੇ ਹੀ ਬਸ ਨਹੀਂ, ਨਵਾਬ ਨੇ ਹੋਰ ਲਾਲਚ ਦਿੱਤੇ। ਉਹ ਕਹਿਣ ਲੱਗਾ:

ਔ ਮੁਗਲ ਪਠਾਣਨ ਬੇਟੀ ਲੇਹੁ। ਬੀਚ ਹਵੇਲਨ ਬਾਸ ਕਰੇਹੁ।

ਇਸ ਦਾ ਜੁਆਬ ਭਾਈ ਤਾਰੂ ਸਿੰਘ ਜੀ ਨੇ ਇੰਜ ਦਿੱਤਾ:

ਤੂੰ ਜੇ ਹਮ ਪੈ ਹੈਂ ਮਿਹਰਬਾਨ। ਆਖ ਹਮੈਂ ਨਾ ਹੋਹੁ ਮੁਸਲਮਾਨ।
ਤੂੰ ਦਸ ਹਮੈ ਕੁਛ ਐਸੇ ਰਾਹੁ। ਕੇਸੀਂ ਸਾਸੀਂ ਹੋਇ ਨਿਬਾਹੁ।।੧੧।।

ਭਾਈ ਤਾਰੂ ਸਿੰਘ ਜੀ ਦਾ ਦ੍ਰਿੜ੍ਹ ਇਰਾਦਾ ਵੇਖ ਕੇ, ਸਿੱਖੀ ਕੇਸਾਂ-ਸਵਾਸਾਂ ਸੰਗ ਨਿਬਾਹੁਣ ਦੀ ਗੱਲ ਸੁਣ ਕੇ, ਨਵਾਬ ਨੇ ਹੁਕਮ ਦਿੱਤਾ ਕਿ "ਭਾਈ ਤਾਰੂ ਸਿੰਘ ਦੀ ਖੋਪਰੀ ਲਾਹ ਦਿੱਤੀ

ਜਾਏ।"

ਸੋ, ਭਾਈ ਸਾਹਿਬ ਨੇ ਅਸਹਿ ਤੇ ਅਕਹਿ ਦੁੱਖ-ਖਿੜੇ-ਮੱਥੇ ਸਹਾਰੇ। ਉਨ੍ਹਾਂ ਨੇ ਖੋਪਰੀ ਲੁਹਾ ਕੇ ਸ਼ਹੀਦੀ ਪ੍ਰਾਪਤ ਕੀਤੀ ਤੇ ਸਿੱਖੀ ਕੇਸਾਂ-ਸੁਆਸਾਂ ਨਾਲ ਨਿਬਾਹੀ।

ਇਹ ਭਾਣਾ ਪਹਿਲੀ ਜੁਲਾਈ ੧੭੪੫ ਨੂੰ ਲਾਹੌਰ ਵਿਚ ਵਰਤਿਆ।

ਭਾਈ ਸਾਹਿਬ ਦੀ ਇਹ ਕੁਰਬਾਨੀ ਸਦੀਆਂ ਤੀਕਰ ਸਿੱਖ ਨੌਜੁਆਨਾਂ ਦਾ ਮਾਰਗ-ਦਰਸ਼ਨ ਕਰਦੀ ਰਹੇਗੀ ਅਤੇ ਉਹ ਵੀ ਸਿੱਖੀ ਨੂੰ ਕੇਸਾਂ-ਸਵਾਸਾਂ ਸੰਗ ਨਿਭਾਉਣ ਲਈ ਦ੍ਰਿੜ੍ਹ ਸੰਕਲਪ ਕਰਦੇ ਰਹਿਣਗੇ।

❋❋❋

ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਜੀ

ਖਾਨ ਬਹਾਦਰ ਜ਼ਕਰੀਆ ਖਾਂ ਪੰਜਾਬ ਦਾ ਗਵਰਨਰ ਸੀ। ਉਸ ਨੇ ੧੭੨੬ ਤੋਂ ਲੈ ਕੇ ੧੭੪੫ ਈਸਵੀ ਤਕ ਸਿੱਖਾਂ ਉੱਪਰ ਅਕਹਿ ਤੇ ਅਸਹਿ ਜ਼ੁਲਮ ਢਾਏ। ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਭਾਈ ਸੁਬੇਗ ਸਿੰਘ ਤੇ ਸਾਹਬਾਜ਼ ਸਿੰਘ ਤੇ ਹੋਰ ਅਣਗਿਣਤ ਸਿੰਘਾਂ-ਸਿੰਘਣੀਆਂ ਨੂੰ ਜ਼ਕਰੀਆ ਖਾਂ ਨੇ ਮੌਤ ਦੇ ਘਾਟ ਉਤਾਰਿਆ। ਸਿੱਖਾਂ ਨੇ ਆਪਣੇ ਜਥੇ ਬਣਾ ਲਏ ਸਨ ਤੇ ਜ਼ਕਰੀਆ ਖਾਂ ਨੇ ਸਿੱਖਾਂ ਨਾਲ ਸੁਲਹ ਕਰਨ ਹਿੱਤ ਜਾਗੀਰ ਵੀ ਦਿੱਤੀ ਸੀ ਪਰ ਜ਼ਾਲਮ ਤੇ ਮਜ਼ਲੂਮ ਦੀ ਸਾਂਝ ਕਾਇਮ ਰਹਿਣੀ ਸੰਭਵ ਨਹੀਂ ਸੀ।

ਜਦੋਂ ੧੭੩੯ ਈਸਵੀ ਵਿਚ ਨਾਦਰ ਸ਼ਾਹ ਨੇ ਜ਼ਕਰੀਆ ਖਾਂ ਨੂੰ ਸਿੱਖਾਂ ਦੀ ਵਧਦੀ ਸ਼ਕਤੀ ਬਾਰੇ ਚਿਤਾਵਨੀ ਦਿੱਤੀ ਤਾਂ ਉਸ ਨੇ ਇਕ ਵਾਰ ਫਿਰ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਕਮਰਕੱਸੇ ਕਰ ਲਏ। ਸਿੱਖ ਰਾਜਸਥਾਨ ਤੇ ਸ਼ਿਵਾਲਕ ਦੀਆਂ ਪਹਾੜੀਆਂ ਵੱਲ ਲੁਕ-ਛਿਪ ਗਏ। ਸਿੱਖਾਂ ਨੂੰ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ 'ਚ ਇਸ਼ਨਾਨ ਕਰਨਾ ਮਨ੍ਹਾਂ ਕਰ ਦਿੱਤਾ ਗਿਆ। ਜ਼ਕਰੀਆ ਖਾਂ ਦਾ ਨਿਸਚਾ ਸੀ ਕਿ ਸਿੱਖ ਸਰੋਵਰ 'ਚ ਇਸ਼ਨਾਨ ਕਰਕੇ ਨਵੀਂ ਸ਼ਕਤੀ ਪ੍ਰਾਪਤ ਕਰ ਲੈਂਦੇ ਹਨ।

ਜ਼ਕਰੀਆ ਖਾਂ ਦੇ ਮਨਾਹੀ ਦੇ ਹੁਕਮਾਂ ਦੇ ਬਾਵਜੂਦ ਸਿੱਖ ਨਿਧੜਕ ਹੋ ਕੇ ਰਾਤ-ਬਰਾਤੇ ਸਰੋਵਰ 'ਚ ਇਸ਼ਨਾਨ ਕਰਨ ਜਾਂਦੇ। ਜ਼ਿਲ੍ਹਾ ਲਾਹੌਰ ਦੇ ਪਿੰਡ ਭੜਾਣਾ ਦਾ ਬੋਤਾ ਸਿੰਘ ਦੇ ਉਹਦਾ ਸਹਿਯੋਗੀ ਗਰਜਾ ਸਿੰਘ ਰੰਘਰੇਟਾ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ 'ਚੋਂ ਇਸ਼ਨਾਨ ਕਰਕੇ ਤਰਨ ਤਾਰਨ ਨੇੜੇ ਆ ਰਹੇ ਸਨ। ਉਹਨਾਂ ਨੂੰ ਵੇਖਦੇ ਦੋ ਮੁਸਲਮਾਨ ਘੁਸਰ-ਮੁਸਰ ਕਰਨ ਲੱਗੇ। ਇਕ ਨੇ ਕਿਹਾ :

"ਇਹ ਸਿੱਖ ਹਨ"।

ਦੂਸਰੇ ਨੇ ਕਿਹਾ: "ਸਿੱਖਾਂ ਦਾ ਤਾਂ ਖਾਨ ਬਹਾਦਰ ਨੇ ਖੁਰਾ-ਖੋਜ ਮਿਟਾ ਦਿੱਤਾ ਹੈ। ਸਿੱਖ ਨਹੀਂ, ਇਹ ਤਾਂ ਬਹੁ-ਰੂਪੀਏ ਲੱਗਦੇ ਹਨ।" ਸਿੰਘਾਂ ਲਈ ਇਸ ਤੋਂ ਵੱਡੀ ਚੁਣੌਤੀ ਕੀ ਹੋ ਸਕਦੀ ਸੀ? ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ਤਰਨ ਤਾਰਨ ਤੋਂ ਝਬਾਲ ਵੱਲ ਜਾਂਦੀ ਸੜਕ 'ਤੇ ਤਰਨ ਤਾਰਨ ਤੋਂ ਤਿੰਨ ਕੁ ਮੀਲ ਦੀ ਵਿੱਥ 'ਤੇ "ਸਰਾਏ ਨੂਰ ਦੀ" ਕੋਲ ਆਪਣਾ ਚੁੰਗੀ ਨਾਕਾ ਲਾ ਕੇ ਬੈਠ ਗਏ। ਉਦੋਂ ਇਹ ਦਿੱਲੀ ਤੋਂ ਸ੍ਰੀ ਗੋਇੰਦਵਾਲ ਸਾਹਿਬ ਦੇ ਪੱਤਣ ਲੰਘ ਕੇ ਲਾਹੌਰ ਜਾਣ ਲਈ ਆਮ ਵਗਦਾ ਰਸਤਾ ਸੀ। ਖੋਤੇ 'ਤੇ ਭਾਰ ਲੈ ਕੇ ਜਾਣ ਵਾਲੇ ਨੂੰ ਇਕ ਪੈਸਾ ਤੇ ਗੱਡੇ ਵਾਲੇ ਨੂੰ ਇਕ ਆਨਾ ਚੁੰਗੀ ਲਾ ਕੇ ਉਗਰਾਹੀ ਸ਼ੁਰੂ ਕਰ ਦਿੱਤੀ। ਮੁਗਲ

ਸਰਕਾਰ ਲਈ ਇਹ ਨਵੀਂ ਸਿਰਦਰਦੀ ਸੀ। ਸਰਕਾਰ ਦੇ ਅੰਦਰ ਦੀ ਇਕ ਹੋਰ ਸਰਕਾਰੀ ਚੁੰਗੀ ਕਰ-ਉਗਰਾਹਿਆ ਜਾ ਰਿਹਾ ਸੀ। ਇਹੋ ਹੀ ਨਹੀਂ, ਖਾਨ ਬਹਾਦਰ ਦੀ ਬੇਗਮ ਵੱਲ ਇਕ ਚਿੱਠੀ ਵੀ ਲਿਖੀ ਜੋ ਬਗਾਵਤ ਦੀ ਸੂਚਨਾ ਸੀ। ਇਤਿਹਾਸਕਾਰਾਂ ਨੇ ਇਸ ਨੂੰ ਇੰਜ ਲਿਖਿਆ ਹੈ:

ਚਿੱਠੀ ਲਿਖੈ ਯੌਂ ਸਿੰਘ ਬੋਤਾ
ਹਥ ਹੈ ਸੋਟਾ,
ਵਿਚ ਰਾਹ ਖੜੋਤਾ।
ਆਨਾ ਲਾਇਆ ਗੱਡੇ ਨੂੰ
ਪੈਸਾ ਲਾਇਆ ਖੋਤਾ।
ਆਖ ਭਾਬੀ ਖਾਨੋ ਨੂੰ
ਯੌਂ ਆਖੈ ਸਿੰਘ ਬੋਤਾ।

ਸਿੱਖਾਂ ਦਾ ਪ੍ਰਭਾਵ ਆਮ ਲੋਕਾਂ 'ਚ ਵਧ ਰਿਹਾ ਸੀ। ਹੈਰਾਨੀ ਦੀ ਗੱਲ ਨਹੀਂ ਕਿ ਬੋਤਾ ਸਿੰਘ ਦੇ ਚੁੰਗੀ ਟੈਕਸ ਦਾ ਕਿਸੇ ਨੇ ਵਿਰੋਧ ਨਾ ਕੀਤਾ ਤੇ ਨਾ ਹੀ ਕਿਸੇ ਨੇ ਲਾਹੌਰ ਦੇ ਸੂਬੇਦਾਰ ਕੋਲ ਇਸ ਦਲੇਰੀ ਦੀ ਇਤਲਾਹ ਹੀ ਦਿੱਤੀ। ਆਖ਼ਰ ਭਾਈ ਬੋਤਾ ਸਿੰਘ ਨੂੰ ਆਪ ਹੀ ਚਿੱਠੀ ਲਿਖ ਕੇ ਜ਼ਕਰੀਆ ਖਾਂ ਨੂੰ ਵੰਗਾਰ ਦੇਣੀ ਪਈ।

ਅੰਤ ਖਾਨ ਬਹਾਦਰ ਨੇ ਭਾਈ ਬੋਤਾ ਸਿੰਘ ਨੂੰ ਫੜਨ ਲਈ ਆਪਣੇ ਇਕ ਫੌਜਦਾਰ ਜਲਾਲੁਦੀਨ ਨੂੰ ਸੌ ਘੋੜ-ਸਵਾਰਾਂ ਸਮੇਤ ਭੇਜਿਆ। ਇਕ ਪਾਸੇ ੧੦੧ ਮੁਗਲ ਤੇ ਦੂਸਰੇ ਪਾਸੇ ਦੋ ਨਿਹੱਥੇ ਸਿੱਖ। ਰਾਤ ਭਰ ਯੁੱਧ ਹੁੰਦਾ ਰਿਹਾ। ਜਿਹੜਾ ਮੁਗਲ ਸਿਪਾਹੀ, ਸਿੰਘਾਂ ਨੂੰ ਮਾਰਨ ਲਈ ਅੱਗੇ ਵਧੇ, ਸਿੱਖ ਦਰੱਖਤਾਂ ਦੀ ਓਟ 'ਚ ਲੱਕੜ ਦੇ ਅਣਘੜਤ ਸੋਟੇ ਨਾਲ ਉਸ ਦਾ ਸਿਰ ਫੇਹ ਦਿੰਦੇ। ਸਿੱਖਾਂ ਦੀ ਦਲੇਰੀ ਦੀ ਅਜਿਹੀ ਮਿਸਾਲ ਹੋਰ ਕਿਧਰੇ ਮਿਲਣੀ ਮੁਸ਼ਕਲ ਹੈ। ਰਾਤ ਭਰ ਦੀ ਲੁਕਣਮੀਟੀ ਪਿਛੋਂ ਮੁਗਲ ਫੌਜ ਦੇ ੮੦ ਜੁਆਨ ਮਾਰੇ ਗਏ। ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਵੀ ਸ਼ਹਾਦਤ ਦਾ ਜਾਮ ਪੀ ਗਏ। ਲੋਕ ਹੈਰਾਨ ਸਨ ਕਿ ਦੋ ਨਿਹੱਥੇ ਸਿੱਖਾਂ ਨੇ ਰਾਤ ਭਰ ਮੁਕਾਬਲਾ ਕਰਕੇ ਕਿਸ ਬਲ ਨਾਲ ੮੦ ਸਿਪਾਹੀ ਥਾਂ ਹੀ ਰੱਖੇ? ਅਜਿਹੇ ਸਿਦਕੀ ਤੇ ਸਿਰਲੱਥ ਸੂਰਬੀਰਾਂ ਨੇ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ ਖੋਹਲ ਦਿੱਤਾ ਕਿ ਕਿਸ ਤਰ੍ਹਾਂ ਸ੍ਰੀ ਅੰਮ੍ਰਿਤਸਰ ਦੇ ਸਰੋਵਰ 'ਚ ਇਸ਼ਨਾਨ ਕਰਨ ਵਾਲਿਆਂ 'ਤੇ ਰੋਕਾਂ ਲਾਉਣ ਵਾਲਿਆਂ ਦਾ ਮੁਕਾਬਲਾ ਕਰਨਾ ਹੈ।

ਇਹਨਾਂ ਨਿਰਭੈ ਯੋਧਿਆਂ ਦੀ ਯਾਦ ਵਿਚ ਸ੍ਰੀ ਤਰਨ ਤਾਰਨ ਸਾਹਿਬ ਤੋਂ ਝਬਾਲ ਵਾਲੀ ਸੜਕ 'ਤੇ ਪਿੰਡ ਨੂਰਦੀਂ ਦੇ ਦੱਖਣ ਪਾਸੇ ਬੜਾ ਸ਼ਾਨਦਾਰ ਗੁਰਦੁਆਰਾ ਸਾਹਿਬ ਉਸਾਰਿਆ ਗਿਆ ਹੈ।

❋❋❋

ਸ਼ਹੀਦ ਬਾਬਾ ਦੀਪ ਸਿੰਘ ਜੀ

ਧਰਮ ਪ੍ਰਮੁਖ ਰੂਪ ਵਿਚ ਜੀਵਨ-ਜਾਚ ਹੈ। ਜੋ ਮਨੁੱਖ ਧਰਮ ਨੂੰ ਆਪਣੇ ਜੀਵਨ ਵਿਚ ਜਿਉਂਦੇ ਹਨ, ਉਨ੍ਹਾਂ ਦੇ ਜੀਵਨ ਅੰਦਰ ਇਕ ਰੂਪਾਂਤਰਕਾਰੀ ਤਬਦੀਲੀ ਆਉਂਦੀ ਹੈ, ਜਿਸ ਤਬਦੀਲੀ ਨਾਲ ਉਹ ਪਰਾਭੌਤਿਕ ਸੰਸਾਰ ਵਿਚ ਸੱਚ ਦੇ ਰੂਬਰੂ ਹੁੰਦੇ ਹਨ, ਜਿਸ ਦੇ ਫਲਸਰੂਪ ਉਨ੍ਹਾਂ ਦੇ ਅੰਦਰ ਵਿਸ਼ਾਲਤਾ ਅਤੇ ਬ੍ਰਹਿਮੰਡੀ ਚੇਤੰਨਤਾ ਪੈਦਾ ਹੁੰਦੀ ਹੈ। ਉਹ ਸਦੀਵੀਂ ਸੱਚ ਦੇ ਆਧਾਰ 'ਤੇ ਹੀ ਸਥੂਲ ਸੰਸਾਰ ਨੂੰ ਦੇਖਣ ਦਾ ਜਤਨ ਕਰਦੇ ਹਨ। ਉਹ ਸਦੀਵੀ ਸੱਚ ਲਈ ਆਪਣੇ ਰਹਿਬਰਾਂ ਦੁਆਰਾ ਨਿਰਧਾਰਤ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਲਈ ਇਨ੍ਹਾਂ ਨੂੰ ਤੋੜਨ ਵਾਲਿਆਂ ਵਿਰੁੱਧ ਡੱਟ ਜਾਂਦੇ ਹਨ। ਸੱਚ 'ਤੇ ਪਹਿਰਾ ਦਿੰਦੇ ਹਨ ਅਤੇ ਇਸ ਦੀ ਬਹਾਲੀ ਅਤੇ ਬਰਕਰਾਰੀ ਲਈ ਆਪਣੇ ਜੀਵਨ ਦੀ ਕੁਰਬਾਨੀ ਦੇ ਦਿੰਦੇ ਹਨ। ਅਜਿਹੇ ਯੋਧੇ ਅਤੇ ਸੂਰਬੀਰ ਸਮੇਂ-ਸਮੇਂ ਸੰਸਾਰ ਅੰਦਰ ਪੈਦਾ ਹੁੰਦੇ ਰਹਿੰਦੇ ਹਨ। ਇਨ੍ਹਾਂ ਹੀ ਮਹਾਂਬਲੀਆਂ ਵਿਚੋਂ ਇਕ ਸਨ ਬਾਬਾ ਦੀਪ ਸਿੰਘ ਜੀ, ਜਿਨ੍ਹਾਂ ਨੂੰ ਸ਼ਹੀਦ ਨਾਮ ਨਾਲ ਸਤਿਕਾਰਿਆ ਅਤੇ ਜਾਣਿਆ ਜਾਂਦਾ ਹੈ।

ਬਾਬਾ ਦੀਪ ਸਿੰਘ ਦਾ ਜਨਮ ਪਿੰਡ ਪਹੂਵਿੰਡ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ (ਪਹਿਲਾਂ ਲਾਹੌਰ) ਵਿਚ ਮਾਤਾ ਜੀਵਨੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਘਰ ਹੋਇਆ। ਬਾਬਾ ਜੀ ਦੀ ਜਨਮ ਮਿਤੀ ਬਾਰੇ ਇਤਿਹਾਸਕਾਰ ਚੁੱਪ ਹਨ। ਕੋਈ ਭਰੋਸੇਯੋਗ ਤਾਰੀਖ-ਸਾਲ ਨਾ ਮਿਲਣ ਕਰਕੇ ਇਹ ਸਮਾਂ ਮਿਥਿਆ ਨਹੀਂ ਗਿਆ। ਬਾਬਾ ਜੀ ਦੀ ਸ਼ਹੀਦੀ ਮਾਰਚ ੧੭੫੭ ਈ: ਵਿਚ ਹੋਈ। ਇਸ ਸਮੇਂ ਉਨ੍ਹਾਂ ਦੀ ਉਮਰ ੭੦-੭੫ ਸਾਲ ਦੇ ਲਗ-ਪਗ ਦੱਸੀ ਜਾਂਦੀ ਹੈ। ਜਾਪਦਾ ਹੈ ਕਿ ਉਨ੍ਹਾਂ ਦਾ ਜਨਮ ੧੬੮੦ ਈ: ਦੇ ਲਾਗੇ-ਚਾਗੇ ਹੀ ਹੋਇਆ ਹੋਵੇਗਾ। ਇਹ ਤੱਥ ਭਾਵੇਂ ਬਹੁਤ ਜ਼ਿਆਦਾ ਮਹੱਤਵਪੂਰਨ ਨਹੀਂ ਹੈ ਪਰ ਖੋਜ ਦਾ ਮੁਥਾਜ ਜ਼ਰੂਰ ਹੈ। ਬਾਬਾ ਦੀਪ ਸਿੰਘ ਜੀ ਦਾ ਬਚਪਨ ਪਿੰਡ ਵਿਚ ਹੀ ਗੁਜ਼ਰਿਆ ਅਤੇ ਥੋੜ੍ਹੀ ਸੁਰਤ ਸੰਭਾਲਣ ਉਪਰੰਤ ਬਾਬਾ ਜੀ ਆਨੰਦਪੁਰ ਸਾਹਿਬ ਚਲੇ ਗਏ, ਜਿਥੇ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਅੰਮ੍ਰਿਤ-ਪਾਨ ਕੀਤਾ। ਆਪ ਹਮੇਸ਼ਾ ਬਾਣੀ ਦੇ ਪਾਠ, ਭਜਨ-ਬੰਦਗੀ ਵਿਚ ਮਸਤ ਰਹਿੰਦੇ ਸਨ। ਆਪ ਗੁਰੂ ਜੀ ਦੇ ਨਜ਼ਦੀਕੀਆਂ ਵਿਚੋਂ ਸਨ। ਆਪ ਸਡੌਲ ਸਰੀਰ ਅਤੇ ਦ੍ਰਿੜ੍ਹ ਇਰਾਦੇ ਵਾਲੇ ਭਜਨੀਕ ਅਤੇ ਧਾਰਮਿਕ ਬਿਰਤੀ ਵਾਲੇ ਪੁਰਸ਼ ਸਨ। ਆਪ ਇਕ ਵਿਦਵਾਨ ਅਤੇ ਯੋਧੇ ਸਨ। ਆਪ ਨੇ ਗੁਰੂ ਗੋਬਿੰਦ ਸਿੰਘ ਵਲੋਂ ਲੜੀਆਂ ਗਈਆਂ ਜੰਗਾਂ ਵਿਚ ਕਾਫੀ ਯੋਗਦਾਨ ਪਾਇਆ।

ਅਨੰਦਪੁਰ ਸਾਹਿਬ ਛੱਡਣ ਉਪਰੰਤ ਗੁਰੂ ਗੋਬਿੰਦ ਸਿੰਘ ਤਲਵੰਡੀ ਸਾਬ੍ਹੋ, ਜ਼ਿਲ੍ਹਾ ਬਠਿੰਡਾ ਵਿਚ ਆ ਗਏ। ਜੇਕਰ ਇਹ ਤੱਥ ਸਹੀ ਹੈ ਕਿ ਚਮਕੌਰ ਦੀ ਗੜ੍ਹੀ ਵਿਚੋਂ ਗੁਰੂ ਜੀ ਇਕੱਲੇ ਹੀ ਨਿਕਲੇ ਸਨ ਤਾਂ ਉਸ ਤੋਂ ਸਾਬਤ ਹੁੰਦਾ ਹੈ ਕਿ ਬਾਬਾ ਦੀਪ ਸਿੰਘ ਜੀ ਉਸ ਸਮੇਂ

ਸੰਭਵ ਹੈ ਤਲਵੰਡੀ ਸਾਬ੍ਹੋ ਹੀ ਗੁਰਦੁਆਰੇ ਦੀ ਸੇਵਾ-ਸੰਭਾਲ ਕਰ ਰਹੇ ਹੋਣ। ਜਦੋਂ ਗੁਰੂ ਗੋਬਿੰਦ ਸਿੰਘ ਜੀ ਇਥੇ ਆਏ ਤਾਂ ਸਿੱਖਾਂ ਨੇ ਲੰਮੇ-ਸਮੇਂ ਤਕ ਲੜਾਈ ਪਿਛੋਂ ਇਥੇ ਥੋੜ੍ਹੇ ਸਮੇਂ ਲਈ ਮਿਲੀ ਰਾਹਤ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਸਾਨੂੰ ਗੁਰਬਾਣੀ ਦੇ ਅਰਥ ਪੜ੍ਹਾਏ ਜਾਣ। ਇਸ ਉਦੇਸ਼ ਲਈ ਗੁਰੂ ਜੀ ਨੇ ਪ੍ਰੰਪਰਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਧੀਰਮਲੀਆਂ ਤੋਂ ਲਿਆਉਣ ਲਈ ਸਿੱਖਾਂ ਨੂੰ ਭੇਜਿਆ।

ਉਥੋਂ ਜਵਾਬ ਮਿਲਣ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਜੀ ਨੂੰ ਲਗਾ ਕੇ ਗੁਰੂ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਈ ਅਤੇ ਸਿੱਖਾਂ ਨੂੰ ਅਰਥਾਂ ਸਮੇਤ ਪੜ੍ਹਾਇਆ। ਕਿਹਾ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦੀ ਟਕਸਾਲ ਆਰੰਭ ਹੋਈ ਜੋ ਅੱਜ ਦਮਦਮੀ ਟਕਸਾਲ ਦੇ ਨਾਮ ਨਾਲ ਜਾਣੀ ਜਾਂਦੀ ਹੈ।

ਗੁਰੂ ਗੋਬਿੰਦ ਸਿੰਘ ਜਦੋਂ ਦੱਖਣ ਵੱਲ ਜਾਣ ਲੱਗੇ ਤਾਂ ਉਨ੍ਹਾਂ ਬਾਬਾ ਦੀਪ ਸਿੰਘ ਜੀ ਨੂੰ ਤਲਵੰਡੀ ਸਾਬ੍ਹੋ ਰਹਿ ਕੇ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਅਤੇ ਗੁਰਬਾਣੀ ਪੜ੍ਹਨ-ਪੜ੍ਹਾਉਣ ਅਤੇ ਲਿਖਵਾਉਣ ਦੀ ਸੇਵਾ ਸੌਂਪੀ। ਬਾਬਾ ਦੀਪ ਸਿੰਘ ਜੀ ਨੇ ਇਹ ਸੇਵਾ ਬਹੁਤ ਸ਼ਰਧਾ ਅਤੇ ਪ੍ਰੇਮ ਨਾਲ ਨਿਭਾਈ। ਆਪ ਖੁਦ ਗੁਰਬਾਣੀ ਦੇ ਅਭਿਆਸੀ ਅਤੇ ਰਸੀਏ ਹੋਣ ਕਰਕੇ ਵਿਸ਼ੇਸ਼ ਦਿਲਚਸਪੀ ਨਾਲ ਇਹ ਕਾਰਜ ਕਰਦੇ ਅਤੇ ਸਥਾਨਕ ਸੰਗਤਾਂ ਨੂੰ ਸਿੱਖੀ ਤੋਂ ਜਾਣੂੰ ਕਰਾਉਂਦੇ। ਕਿਹਾ ਜਾਂਦਾ ਹੈ ਕਿ ਇਸੇ ਸਮੇਂ ਦੌਰਾਨ ਬਾਬਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਬੀੜਾਂ ਦਾ ਹੱਥੀਂ ਉਤਾਰਾ ਕੀਤਾ।

ਪਰੰਪਰਾ ਅਨੁਸਾਰ ਜਦੋਂ ਬਾਬਾ ਬੰਦਾ ਸਿੰਘ ਜੀ ਬਹਾਦਰ ਪੰਜਾਬ ਆਏ ਤਾਂ ਬਾਬਾ ਦੀਪ ਸਿੰਘ ਜੀ ਨੇ ਉਨ੍ਹਾਂ ਦੀਆਂ ਜੰਗਾਂ ਵਿਚ ਹਿੱਸਾ ਲਿਆ ਅਤੇ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਬਾਬਾ ਜੀ ਪੱਕੇ ਤੌਰ 'ਤੇ ਤਲਵੰਡੀ ਸਾਬ੍ਹੋ ਆ ਟਿਕੇ ਅਤੇ ਫਿਰ ਗੁਰਬਾਣੀ ਪ੍ਰਚਾਰ ਦਾ ਕਾਰਜ ਆਰੰਭ ਕਰ ਦਿੱਤਾ।

੧੭੪੮ ਈ: ਵਿਚ ਸਿੱਖਾਂ ਦੇ ੬੫ ਛੋਟੇ-ਛੋਟੇ ਜੱਥਿਆਂ ਨੂੰ ੧੨ ਵੱਡੇ ਜਥਿਆਂ ਵਿਚ ਸੰਗਠਤ ਕਰ ਦਿੱਤਾ ਗਿਆ, ਜਿਨ੍ਹਾਂ ਨੂੰ ਮਿਸਲਾਂ ਕਿਹਾ ਜਾਂਦਾ ਸੀ ਅਤੇ ਬਾਬਾ ਦੀਪ ਸਿੰਘ ਜੀ ਨੂੰ ਸ਼ਹੀਦਾਂ ਦੀ ਮਿਸਲ ਦਾ ਜਥੇਦਾਰ ਥਾਪਿਆ ਗਿਆ। ਇਨ੍ਹਾਂ ਮਿਸਲਾਂ ਨੇ ਦੁਆਬੇ ਨੂੰ ਪੰਜਾਂ ਹਿੱਸਿਆਂ ਵਿਚ ਵੰਡ ਲਿਆ ਅਤੇ ਉਥੇ ਰਾਖੀ ਪ੍ਰਣਾਲੀ ਲਾਗੂ ਕਰ ਦਿੱਤੀ। ਬਾਬਾ ਜੀ ਨੇ ਕਰੋੜ ਸਿੰਘ ਨਾਲ ਮਿਲ ਕੇ ਸਤਲੁਜ ਦੇ ਦੱਖਣੀ ਕਿਨਾਰੇ ਰਾਖੀ ਕੀਤੀ। ਇਸ ਪ੍ਰਣਾਲੀ ਅਧੀਨ ਮਿਸਲਾਂ ਦੇ ਜਥੇਦਾਰ ਰਾਖੀ ਵਾਲੇ ਪਿੰਡਾਂ ਦੀ ਜਾਨ-ਮਾਲ ਦੀ ਰੱਖਿਆ ਕਰਦੇ ਸਨ ਅਤੇ ਇਸ ਦੇ ਇਵਜ਼ਾਨੇ ਵਜੋਂ ਪਿੰਡਾਂ ਵਾਲੇ ਇਨ੍ਹਾਂ ਨੂੰ ਸਰਕਾਰੀ ਵਾਰਸ਼ਿਕ ਕਰ ਦਾ ਪੰਜਵਾਂ ਹਿੱਸਾ ਦਿੰਦੇ ਸਨ। ਇਸ ਤਰ੍ਹਾਂ ਕੁਝ ਦੇਰ ਪਿਛੋਂ ਬਾਬਾ ਦੀਪ ਸਿੰਘ ਜੀ ਤਲਵੰਡੀ ਸਾਬ੍ਹੋ ਟਿਕ ਗਏ ਅਤੇ ਸਿੱਖੀ ਪ੍ਰਚਾਰ ਦਾ ਕੰਮ ਕਰਦੇ ਰਹੇ।

ਅਹਿਮਦ ਸ਼ਾਹ ਦੁਰਾਨੀ ਜੋ ਸਿੱਖਾਂ ਦੇ ਸਖ਼ਤ ਵਿਰੁੱਧ ਸੀ ਅਤੇ ਸਿੱਖਾਂ ਨੂੰ ਖ਼ਤਮ ਕਰਨ ਉੱਤੇ ਤੁਲਿਆ ਹੋਇਆ ਸੀ ਆਪਣੇ ੧੭੫੭ ਈ: ਦੇ ਹਿੰਦੁਸਤਾਨ ਦੇ ਹਮਲੇ ਵੇਲੇ ਦਿੱਲੀ ਜਾਂਦਾ ਹੋਇਆ ਕੁਝ ਦੇਰ ਲਈ ਲਾਹੌਰ ਠਹਿਰਿਆ। ਉਸ ਨੇ ਅੰਮ੍ਰਿਤਸਰ ਸ਼ਹਿਰ ਨੂੰ ਲੁੱਟਿਆ,

ਪਵਿੱਤਰ ਇਮਾਰਤਾਂ ਨੂੰ ਢਾਹ ਦਿੱਤਾ ਅਤੇ ਸਰੋਵਰ ਨੂੰ ਕੂੜੇ-ਕਰਕਟ ਨਾਲ ਭਰ ਦਿੱਤਾ। ਇਸ ਦਾ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਪਤਾ ਲੱਗਾ ਤਾਂ ਗੁਰਧਾਮਾਂ ਦੀ ਹੋਈ ਬੇਅਦਬੀ ਨਾ ਸਹਾਰਦਿਆਂ ਹੋਇਆਂ ਬਦਲਾ ਲੈਣ ਲਈ ਤਲਵੰਡੀ ਸਾਬੋ ਦੇ ਲਾਗਲੇ ਪਿੰਡ ਜੱਗਾ, ਬਹਿਮਣ, ਸਾਹਨਵਾਲਾ, ਪੰਜੋਕੇ, ਗੁਰੂ ਚੌਂਤਰਾ, ਫੂਲ, ਮਹਿਰਾਜ, ਦਰਾਜ, ਭੁੱਚੋ, ਗੋਬਿੰਦਪੁਰਾ, ਕੋਟ ਅਤੇ ਲੱਖੀ ਜੰਗਲ ਆਦਿ ਤੋਂ ਸਿੰਘਾਂ ਨੂੰ ਜੱਥੇ ਵਿਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਅਤੇ ਹਜ਼ਾਰ ਕੁ ਸਿੰਘਾਂ ਦੀ ਗਿਣਤੀ ਨਾਲ ਤਲਵੰਡੀ ਤੋਂ ਪੈਦਲ ਤੁਰਦੇ-ਤੁਰਦੇ ਤਰਨਤਾਰਨ ਪਹੁੰਚ ਗਏ। ਉਥੇ ਉਨ੍ਹਾਂ ਦੀ ਗਿਣਤੀ ਪੰਜ ਹਜ਼ਾਰ ਦੇ ਲਗਪਗ ਹੋ ਗਈ। ਸਿੱਖਾਂ ਨੇ ਆਪਣੇ ਗੁਟਾਂ 'ਤੇ ਸ਼ਗਨਾਂ ਦੇ ਗਾਨੇ ਬੰਨ੍ਹੇ ਹੋਏ ਸਨ ਅਤੇ ਆਪਣੇ ਕਪੜਿਆਂ ਉੱਤੇ ਕੇਸਰ ਛਿੜਕਿਆ ਹੋਇਆ ਸੀ। ਜਹਾਨ ਖਾਨ, ਜੋ ਅੰਮ੍ਰਿਤਸਰ ਦਾ ਇਨਚਾਰਜ ਸੀ, ਨੂੰ ਖੁਫੀਆ ਏਜੰਸੀਆਂ ਤੋਂ ਪਤਾ ਲੱਗਾ ਕਿ ਸਿੱਖ ਉਨ੍ਹਾਂ 'ਤੇ ਹਮਲਾ ਕਰਨ ਲਈ ਆ ਰਹੇ ਹਨ। ਇਹ ਖਬਰ ਸੁਣ ਕੇ ਜਹਾਨ ਖਾਨ ਨੇ ਆਪਣੇ ਸਹਾਇਕ ਅਤਾਈ ਖ਼ਾਨ ਨੂੰ ਸਿੱਖਾਂ ਉੱਤੇ ਹਮਲਾ ਕਰਨ ਦੇ ਆਦੇਸ਼ ਦਿੱਤੇ। ਜਹਾਨ ਖ਼ਾਨ ਦੋ ਹਜ਼ਾਰ ਘੋੜ ਸਵਾਰ ਫੌਜ ਲੈ ਕੇ ਪਹਿਲਾਂ ਹੀ ਸ਼ਹਿਰੋਂ ਅੱਠ ਕਿਲੋਮੀਟਰ ਦੂਰ ਗੋਹਲਵੜ ਸਥਾਨ 'ਤੇ ਪਹੁੰਚ ਗਿਆ, ਜਿਥੇ ਉਸ ਦੀ ਸਿੱਖਾਂ ਨਾਲ ਮਾਰਚ ੧੭੫੭ ਨੂੰ ਟੱਕਰ ਹੋਈ। ਅਫਗਾਨ ਸਿੰਘਾਂ ਦਾ ਟਾਕਰਾ ਨਾ ਕਰ ਸਕੇ ਅਤੇ ਭੱਜ ਨਿਕਲੇ। ਸਿੱਖਾਂ ਦੇ ਇਸ ਬਹਾਦਰੀ ਵਾਲੇ ਕਾਰਨਾਮੇ ਬਾਰੇ ਆਪਣੀ ਪੁਸਤਕ *ਤਹਿਮਸਨਾਮਾ* ਵਿਚ ਮਸਕੀਨ ਲਿਖਦਾ ਹੈ "ਸਿੱਖਾਂ ਨੂੰ ਪਤਾ ਲੱਗ ਗਿਆ ਅਤੇ ਚਾਰੇ ਪਾਸਿਆਂ ਤੋਂ ਸਾਡੇ ਉਪਰ ਹੱਲਾ ਬੋਲ ਦਿੱਤਾ। ਲੜਾਈ ਸ਼ੁਰੂ ਹੋ ਗਈ ਅਤੇ ਦੋਵੇਂ ਇਕ ਦੂਜੇ ਉਤੇ ਫਾਇਰ ਕਰਨ ਲੱਗੇ। ਸਿੱਖਾਂ ਨੇ ਸਾਨੂੰ ਨੇੜਿਓਂ ਘੇਰ ਲਿਆ ਅਤੇ ਹਰ ਪਾਸਿਓਂ ਲੜਾਈ ਤੇਜ਼ ਕਰ ਦਿੱਤੀ ਅਤੇ ਸਾਨੂੰ ਇੰਨਾ ਬੇਹੌਸਲਾ ਕਰ ਦਿੱਤਾ ਅਤੇ ਸਾਡੇ ਕਈ ਆਦਮੀ ਘਬਰਾਹਟ ਵਿਚ ਭੱਜ ਗਏ, ਜਿਨ੍ਹਾਂ ਨੂੰ ਜਹਾਨ ਖ਼ਾਨ ਡਰਾ-ਧਮਕਾ ਕੇ ਫਿਰ ਵਾਪਸ ਲੈ ਕੇ ਆਇਆ। ਹਰਿਮੰਦਰ ਸਾਹਿਬ ਦੀ ਹੋਈ ਬੇਅਦਬੀ ਦਾ ਬਦਲਾ ਲੈਣ ਲਈ ਸਿੱਖ ਗੁੱਸੇ ਨਾਲ ਭਰੇ ਹੋਏ ਜਾਨਾਂ ਹੂਲ ਕੇ ਲੜੇ ਅਤੇ ਅਫਗਾਨਾਂ ਦੇ ਛੱਕੇ ਛੁਡਾ ਦਿੱਤੇ। ਇਤਨੇ ਨੂੰ ਜਹਾਨ ਖਾਨ ਦਾ ਸਹਾਇਕ ਅਤਾਈ ਖਾਨ ਆਪਣੀ ਫੌਜ ਲੈ ਕੇ ਆ ਗਿਆ, ਜਿਸ ਨਾਲ ਸਿੱਖਾਂ ਦਾ ਪਲੜਾ ਉਲਟਾ ਹੋ ਗਿਆ। ਸਿੰਘ ਇਕ-ਇਕ ਕਰਕੇ ਸ਼ਹੀਦ ਹੁੰਦੇ ਗਏ। ਇਥੇ ਹੀ ਘਮਸਾਨ ਦੀ ਲੜਾਈ ਵਿਚ ਬਾਬਾ ਦੀਪ ਸਿੰਘ ਜੀ ਨੂੰ ਧੌਣ ਉੱਤੇ ਇਕ ਘਾਤਕ ਘਾਵ ਲੱਗਾ। ਬਾਬਾ ਜੀ ਧੌਣ ਨੂੰ ਹੱਥ ਦਾ ਸਹਾਰਾ ਦਿੰਦੇ ਹੋਏ ਲੜਦੇ ਗਏ ਅਤੇ ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚ ਆਪਣਾ ਸੀਸ ਭੇਟ ਕੀਤਾ ਅਤੇ ਸ਼ਹੀਦ ਹੋ ਗਏ।

ਵਿਦਵਾਨ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹਨ ਕਿ ਬਾਬਾ ਜੀ ਨੂੰ ਧੌਣ 'ਤੇ ਇਕ ਘਾਤਕ ਅਤੇ ਗਹਿਰਾ ਜ਼ਖ਼ਮ ਲੱਗਾ ਅਤੇ ਧੌਣ ਨੂੰ ਸਹਾਰਾ ਦੇ ਕੇ ਬਾਬਾ ਜੀ ਪਰਕਰਮਾ ਵਿਚ ਪਹੁੰਚੇ* ਪਰ ਪਰੰਪਰਾ ਅਨੁਸਾਰ ਬਾਬਾ ਦੀਪ ਸਿੰਘ ਜੀ ਦਾ ਸੀਸ ਕੱਟਿਆ ਗਿਆ। ਬਾਬਾ ਜੀ ਸੀਸ ਨੂੰ ਆਪਣੇ ਖੱਬੇ ਹੱਥ ਦੀ ਹਥੇਲੀ 'ਤੇ ਟਿਕਾ ਕੇ ਲੜਦੇ ਗਏ ਅਤੇ ਪਰਕਰਮਾਂ ਵਿਚ ਆਪਣਾ ਸੀਸ ਭੇਟ ਕੀਤਾ ਅਤੇ ਸ਼ਹੀਦ ਹੋ ਗਏ। ਜੇਕਰ ਪਰੰਪਰਾ ਵਾਲੇ ਤੱਥ ਨੂੰ ਇਤਿਹਾਸਕਾਰ

---

*ਡਾ: ਫੌਜਾ ਸਿੰਘ ਅਤੇ ਡਾ: ਮਦਨਜੀਤ ਕੌਰ, ਡਾ: ਗੋਪਾਲ ਸਿੰਘ, ਡਾ: ਗੰਡਾ ਸਿੰਘ ਅਤੇ ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ।

ਇਹ ਕਹਿ ਕੇ ਬਿਆਨ ਕਰਨ ਤੋਂ ਝਿਜਕਦੇ ਹਨ ਕਿ ਇਹ ਕਰਾਮਾਤ ਹੈ ਤਾਂ ਕੀ ਇਹ ਕਰਾਮਾਤ ਨਹੀਂ ਕਿ ੭੦-੭੫ ਸਾਲ ਦੀ ਵਡੇਰੀ ਉਮਰ ਵਿਚ ਧੌਣ 'ਤੇ ਇੰਨਾ ਡੂੰਘਾ ਜ਼ਖ਼ਮ ਲੱਗਾ ਹੋਵੇ ਅਤੇ ਬਾਬਾ ਜੀ ਫਿਰ ਵੀ ਇਸ ਹਾਲਤ ਵਿਚ ਪਰਕਰਮਾ ਤਕ ਪਹੁੰਚਣ ਵਿਚ ਸਫਲ ਹੋ ਜਾਣ? ਧਰਮ, ਸ਼ਰਧਾ ਅਤੇ ਵਿਸ਼ਵਾਸ 'ਤੇ ਨਿਰਭਰ ਹੈ, ਜਿਹੜਾ ਮਨੁੱਖਤਾ ਨੂੰ ਬਿਖੜੇ ਸਮਿਆਂ ਵਿਚ ਵੀ ਡੋਲਣ ਤੋਂ ਬਚਾਉਂਦਾ ਹੈ ਅਤੇ ਅਤਿ ਦੀ ਉਦਾਸੀ ਵਿਚ ਸਹਾਰਾ ਬਣਦਾ ਹੈ, ਜ਼ਿੰਦਗੀ ਕੇਵਲ ਦੋ ਜਮ੍ਹਾਂ ਦੋ ਨਹੀਂ ਹੈ, ਇਸ ਤੋਂ ਕਿਤੇ ਦੂਰ ਕੁਝ ਹੋਰ ਵੀ ਹੈ, ਜਿਸ ਨੂੰ ਅਸੀਂ ਇਕ ਉਧਾਰੀ ਲਈ ਪੱਛਮੀ ਕਹਾਵਤ ਵਿਗਿਆਨਕ ਵਿਸ਼ਲੇਸ਼ਣ ਦੇ ਰਾਹੀਂ ਸਮਝਣ ਦਾ ਪੂਰੇ ਦਾ ਪੂਰਾ ਯਤਨ ਕਰਨ ਲੱਗ ਜਾਂਦੇ ਹਾਂ।

ਪਰੰਪਰਾ ਦਾ ਕੌਮ ਦੇ ਧਰਮ, ਇਤਿਹਾਸ ਅਤੇ ਸਭਿਆਚਾਰ ਵਿਚ ਵਿਸ਼ੇਸ਼ ਸਥਾਨ ਹੈ। ਧਰਮ ਤੋਂ ਪ੍ਰੇਰਿਤ ਹੋ ਕੇ ਕੀਤੇ ਬਜ਼ੁਰਗਾਂ ਦੇ ਕਾਰਨਾਮੇ ਕੌਮਾਂ ਦੀ ਸਮੁੱਚੀ ਚੇਤਨਤਾ ਵਿਚ ਲੁਕੇ ਹੁੰਦੇ ਹਨ ਤੇ ਸਾਂਭੇ ਰਹਿੰਦੇ ਹਨ ਅਤੇ ਕੌਮ ਨੂੰ ਸਮੇਂ-ਸਮੇਂ ਸੇਧ ਪ੍ਰਦਾਨ ਕਰਦੇ ਰਹਿੰਦੇ ਹਨ। ਨਿਰੋਲ ਬਾਹਰਮੁਖੀ ਪਹੁੰਚ ਧਾਰਮਿਕ ਸ਼ਰਧਾ ਅਤੇ ਪਰੰਪਰਾ ਵਿਚ ਮਿਲੇ ਅਤਿ ਗੰਭੀਰ ਗੂਹਜ ਨੂੰ ਤੋੜਦੀ ਹੈ ਜਿਸ ਕਰ ਕੇ ਇਤਿਹਾਸ ਦਾ ਰੁਖ ਪਿੱਛ-ਮੁਖੀ ਹੋ ਜਾਂਦਾ ਹੈ। ਫਲਸਰੂਪ ਇਤਿਹਾਸ ਅਗਵਾਈ ਕਰਨ ਲਈ ਸਹੀ ਸੇਧ ਦੇਣ ਦੀ ਥਾਂ ਕੌਮੀ ਚੇਤਨਤਾ ਅੰਦਰ ਸ਼ੱਕ ਦੇ ਕਿੱਲ ਠੋਕ ਕੇ, ਤਰੇੜਾਂ ਪਾਉਂਦਾ ਹੈ ਅਤੇ ਇਸ ਦੀ ਦੇਸ਼-ਕੌਮ ਲਈ ਦੇਣ ਨਾਕਾਰਾਤਮਕ ਹੋ ਨਿਬੜਦੀ ਹੈ। ਕਿਸੇ ਸਮੇਂ ਹਵਾਈ ਜਹਾਜ਼ ਮਨੁੱਖ ਲਈ ਕਰਾਮਾਤ ਸੀ। ਜਿਸ ਨੂੰ ਅਸੀਂ ਦੇਖ ਨਹੀਂ ਸਕਦੇ ਜੋ ਸਾਡੀ ਪਹੁੰਚ ਤੋਂ ਪਰੇ ਹੈ, ਪਰ ਭਰਪੂਰ ਹੈ, ਉਸ ਨੂੰ ਅਸੀਂ ਕਰਾਮਾਤ ਕਹਿਣ ਲੱਗ ਜਾਂਦੇ ਹਾਂ। ਵਾਸਤਵ ਵਿਚ ਇਹ ਸਾਡੀ ਨਿਗੁਣਤਾ ਦੀ ਪ੍ਰਤੱਖ ਨਿਸ਼ਾਨੀ ਹੁੰਦੀ ਹੈ।

ਬਾਬਾ ਜੀ ਨਾਲ ਉਹਨਾਂ ਦੇ ਚਾਰ ਜਥੇਦਾਰ ਰਾਮ ਸਿੰਘ, ਸੱਜਣ ਸਿੰਘ, ਬਹਾਦਰ ਸਿੰਘ ਅਤੇ ਹੀਰਾ ਸਿੰਘ ਵੀ ਸ਼ਹੀਦ ਹੋ ਗਏ ਉਸ ਤੋਂ ਇਲਾਵਾ, ਨਿਹਾਲ ਸਿੰਘ, ਦਿਆਲ ਸਿੰਘ, ਸੰਤ ਸਿੰਘ ਅਤੇ ਕੌਰ ਸਿੰਘ ਵਰਗੇ ਨਾਮਵਰ ਯੋਧੇ ਵੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਦੀ ਬਹਾਲੀ ਲਈ ਯੁੱਧ ਵਿਚ ਜੂਝਦੇ ਹੋਏ ਮੈਦਾਨੇ-ਜੰਗ ਅੰਦਰ ਖੰਡਾ ਖੜਕਾਉਂਦੇ ਹੋਏ ਸ਼ਹੀਦੀਆਂ ਪਾ ਗਏ।

ਬਾਬਾ ਦੀਪ ਸਿੰਘ ਜੀ ਦੀ ਦੇਹ ਦਾ ਅੰਤਮ-ਸੰਸਕਾਰ ਗੁਰਦੁਆਰਾ ਰਾਮਸਰ ਦੇ ਪੂਰਬ ਵੱਲ ਚਾਟੀਵਿੰਡ ਦੇ ਦਰਵਾਜ਼ੇ ਦੇ ਬਾਹਰ ਕੀਤਾ ਗਿਆ, ਜਿਥੇ ਅੱਜ-ਕਲ੍ਹ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਹੈ। ਪਰਕਰਮਾ ਜਿਥੇ ਬਾਬਾ ਦੀਪ ਸਿੰਘ ਜੀ ਨੇ ਸੀਸ ਭੇਟ ਕੀਤਾ ਸੀ, ਉਥੇ ਵੀ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਬਾਬਾ ਦੀਪ ਸਿੰਘ ਦਾ ਖੰਡਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸ਼ਸਤਰਾਂ ਵਿਚ ਸਾਂਭਿਆ ਪਿਆ ਹੈ। ਬਾਬਾ ਦੀਪ ਸਿੰਘ ਤੋਂ ਪਿਛੋਂ ਸ਼ਹੀਦਾਂ ਦੀ ਮਿਸਲ ਦਾ ਜਥੇਦਾਰ ਕਰਮ ਸਿੰਘ ਨੂੰ ਥਾਪਿਆ ਗਿਆ।

ਨਵਾਬ ਕਪੂਰ ਸਿੰਘ ਜੀ

ਨਵਾਬ ਕਪੂਰ ਸਿੰਘ ਨੇ ੧੭੩੩ ਈ. ਤੋਂ ਲੈ ਕੇ ੧੭੫੩ ਈ. ਤਕ ਪੂਰੇ ਵੀਹ ਸਾਲ ਪੰਥ ਨੂੰ ਅਗਵਾਈ ਦਿੱਤੀ ਤੇ ਆਪਣਾ ਸਮੁੱਚਾ ਜੀਵਨ ਸੇਵਾ ਵਿਚ ਗੁਜ਼ਾਰਿਆ। ਉਹਨਾਂ ਨੇ ਆਪਣੇ ਜੀਵਨ ਕਾਲ ਵਿਚ ਦਲ ਖਾਲਸਾ ਦੀ ਕਮਾਨ ਸ੍ਰ: ਜੱਸਾ ਸਿੰਘ ਜੀ ਆਹਲੂਵਾਲੀਆ ਨੂੰ ਸੌਂਪ ਦਿੱਤੀ ਸੀ, ਜੋ ੧੭੮੩ ਈ. ਤਕ ਸੁਤੰਤਰਤਾ ਸੰਗਰਾਮ ਦੀ ਅਗਵਾਈ ਕਰਦੇ ਰਹੇ।

ਸ੍ਰ: ਕਪੂਰ ਸਿੰਘ ਦਾ ਜਨਮ ਵਿਰਕ-ਜੱਟ ਘਰਾਣੇ ਵਿਚ ਸ੍ਰ: ਸਾਧੂ ਸਿੰਘ ਦੇ ਘਰ ਪਿੰਡ ਫੈਜ਼ਲਪੁਰ ਵਿਚ ੧੬੯੭ ਈਸਵੀ ਵਿਚ ਹੋਇਆ। ਸਿੱਖੀ ਸਿਦਕ ਤੇ ਗੁਰੂ-ਘਰ ਦੀ ਸੇਵਾ ਸ੍ਰ: ਕਪੂਰ ਸਿੰਘ ਨੂੰ ਵਿਰਸੇ ਵਿਚ ਮਿਲੀ।

ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਸ੍ਰ: ਕਪੂਰ ਸਿੰਘ ਪੰਥਕ ਸੇਵਾ ਤਾਂ ਕਰਦੇ ਸਨ ਪਰ ਅਜੇ ਬਹੁਤੇ ਉਭਰ ਕੇ ਸਾਹਮਣੇ ਨਹੀਂ ਸਨ ਆਏ। ਬਾਬਾ ਬੰਦਾ ਸਿੰਘ ਬਹਾਦਰ ਤੇ ਹੋਰ ਅਨੇਕਾਂ ਸਿੱਖਾਂ ਨੂੰ ਸ਼ਹੀਦ ਕਰਕੇ ਮੁਗ਼ਲ ਸਰਕਾਰ ਇਹ ਸਮਝ ਬੈਠੀ ਸੀ ਕਿ ਸਿੱਖ ਲਹਿਰ ਹਮੇਸ਼ਾਂ ਲਈ ਖਤਮ ਕਰ ਦਿੱਤੀ ਗਈ ਹੈ ਪਰ ਗੱਲ ਅਸਲ ਵਿਚ ਇਹ ਨਹੀਂ ਸੀ, ਕਿਉਂਕਿ ਬਾਬਾ ਬੰਦਾ ਸਿੰਘ ਜੀ ਦੀ ਸ਼ਹਾਦਤ ਤੋਂ ਪਿੱਛੋਂ ਸਿੱਖਾਂ ਨੇ ਆਪਣੇ ਅੰਦੋਲਨ ਨੂੰ ਜਿਸ ਸਰਗਰਮੀ ਨਾਲ ਚਲਾਇਆ, ਉਹ ਇਤਿਹਾਸ ਦਾ ਇਕ ਸ਼ਾਨਦਾਰ ਤੇ ਲਾਸਾਨੀ ਕਾਂਡ ਹੈ। ਇਹ ਸੰਗਰਾਮ ਕਰਦਿਆਂ ਹੋਇਆਂ ਸਿੰਘਾਂ ਨੇ ਘਰੋਂ-ਬੇ-ਘਰ ਹੋ ਕੇ, ਦੁੱਖ-ਭੁੱਖ, ਔਕੜਾਂ ਤੇ ਮੁਸੀਬਤਾਂ ਹੀ ਨਹੀਂ ਸਹਾਰੀਆਂ, ਸਗੋਂ ਸ਼ਹੀਦੀਆਂ ਵੀ ਪ੍ਰਾਪਤ ਕੀਤੀਆਂ। ਉਨ੍ਹਾਂ ਨੇ ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ, ਬੰਦ-ਬੰਦ ਕਟਾਏ ਪਰ ਆਪਣਾ ਸਿੱਖੀ ਸਿਦਕ ਕਾਇਮ ਰੱਖਿਆ।

ਇਤਿਹਾਸਕਾਰ ਮੈਲਕਮ ਦੇ ਕਹੇ ਅਨੁਸਾਰ,

> **"ਇਸ ਭਿਆਨਕ ਸਮੇਂ ਸਿੰਘਾਂ ਨੇ ਜਿਤਨੀਆਂ ਸੱਟਾਂ ਖਾਧੀਆਂ, ਉਤਨੇ ਹੀ ਉਹ ਜ਼ਿਆਦਾ ਉਤਾਂਹ ਉੱਠੇ। ਪੰਜਾਬ ਦੀ ਖੇਡ-ਭੂਮੀ ਵਿਚ ਬਹਾਦਰ ਸਿੰਘਾਂ ਦੀ ਕੌਮ ਉਸ ਗੇਂਦ ਵਾਂਗ ਸੀ, ਜਿਸ ਨੂੰ ਸਭ ਪਾਸਿਉਂ ਠੁੱਡੇ ਪੈ ਰਹੇ ਹੋਣ ਪਰ ਉਹ ਹਮੇਸ਼ਾਂ ਅਸਮਾਨ ਵੱਲ ਉਛਲਦੀ ਰਹੀ ਹੋਵੇ।"**

੧੭੨੬ ਈ: ਵਿਚ ਜ਼ਕਰੀਆਂ ਖਾਂ ਲਾਹੌਰ ਦਾ ਸੂਬੇਦਾਰ ਬਣਿਆ। ਉਸ ਨੇ ਸਿੱਖਾਂ ਉੱਤੇ ਬਹੁਤ ਸਖਤੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਡਾਕਟਰ ਨਾਰੰਗ ਨੇ ਲਿਖਿਆ ਹੈ ਕਿ-**"ਉਸ ਵੇਲੇ ਸਿੰਘ ਹੋਣਾ ਮੌਤ ਨੂੰ ਵਾਜਾਂ ਮਾਰਨ ਬਰਾਬਰ ਹੁੰਦਾ ਸੀ। ਜਿਸ ਮਾਂ ਦੇ**

ਚਾਰ ਪੁੱਤਰਾਂ ਵਿਚੋਂ ਇਕ ਸਿੰਘ ਸਜ ਗਿਆ ਹੁੰਦਾ, ਉਹ ਕਹਿੰਦੀ, ਭੈਣ! ਮੇਰੇ ਤਿੰਨ ਪੁੱਤਰ ਹਨ, ਇਕ ਤਾਂ ਸਿੰਘ ਸਜ ਗਿਆ ਹੈ।" ਜਿਸ ਦਾ ਭਾਵ ਹੁੰਦਾ ਸੀ ਕਿ ਜੋ ਸਿੰਘ ਸਜ ਗਿਆ ਹੈ, ਉਹ ਅੱਜ ਵੀ ਸ਼ਹੀਦ ਹੋਇਆ, ਕਲ੍ਹ ਵੀ ਹੋਇਆ।

ਇਸ ਮੁਸ਼ਕਲ ਦੇ ਸਮੇਂ ਸ੍ਰ: ਦਰਬਾਰਾ ਸਿੰਘ, ਸ੍ਰ: ਬੁੱਢਾ ਸਿੰਘ, ਸ੍ਰ: ਕਪੂਰ ਸਿੰਘ, ਸ੍ਰ: ਜੱਸਾ ਸਿੰਘ ਤੇ ਸ੍ਰ: ਗਰਜਾ ਸਿੰਘ ਆਦਿ ਮੁਖੀ, ਸਿੰਘਾਂ ਨੂੰ ਜਥੇਬੰਦ ਕਰਕੇ ਰੱਖਦੇ ਸਨ। ਉਹ ਸਿੰਘਾਂ ਦਾ ਹੌਂਸਲਾ ਵਧਾਈ ਰੱਖਦੇ ਸਨ। ਜਦੋਂ ਸਖਤੀਆਂ ਤੇ ਜ਼ੁਲਮ ਕਰ ਕਰ ਕੇ ਵੇਲੇ ਦੀ ਸਰਕਾਰ ਨੇ ਵੇਖ ਲਿਆ ਕਿ ਸਿੰਘ ਸਖਤੀ ਨਾਲ ਦਬਾਏ ਨਹੀਂ ਜਾ ਸਕਦੇ ਤਾਂ ਉਨ੍ਹਾਂ ਨੇ ਦਿੱਲੀ ਸਰਕਾਰ ਦੀ ਹਦਾਇਤ 'ਤੇ ਸਿੰਘਾਂ ਨਾਲ ਸੁਲਾਹ ਕਰਨ ਦੀ ਪੇਸ਼ਕਸ਼ ਕੀਤੀ ਅਤੇ ਸਦਭਾਵਨਾ ਵਜੋਂ ਸਿੰਘਾਂ ਨੂੰ ਨਵਾਬੀ ਤੇ ਜਾਗੀਰ ਭੇਜੀ।

ਸ੍ਰ: ਸੁਬੇਗ ਸਿੰਘ ਲਾਹੌਰ ਵਿਚ ਸਰਕਾਰੀ ਠੇਕੇਦਾਰ ਸਨ ਤੇ ਉਨ੍ਹਾਂ ਦਾ ਸਰਕਾਰੇ ਦਰਬਾਰੇ ਚੰਗਾ ਅਸਰ ਰਸੂਖ ਸੀ। ਉਹਨਾਂ ਦੇ ਰਾਹੀਂ ੧੭੩੩ ਈ: ਵਿਚ ਨਵਾਬੀ ਦਾ ਖਿਤਾਬ ਤੇ ਜਾਗੀਰ ਦਾ ਪਟਾ ਸਿੰਘਾਂ ਨੂੰ ਭੇਜਿਆ ਗਿਆ। ਜਦੋਂ ਸ੍ਰ: ਸੁਬੇਗ ਸਿੰਘ ਨਵਾਬੀ ਦਾ ਖਿਤਾਬ ਤੇ ਜਾਗੀਰ ਦਾ ਪਟਾ ਲੈ ਕੇ ਅੰਮ੍ਰਿਤਸਰ ਆਏ ਤੇ ਸਿੰਘਾਂ ਦੇ ਆਗੂ ਦੀਵਾਨ ਦਰਬਾਰਾ ਸਿੰਘ ਨੇ ਸ਼ਾਹੀ ਸੁਗਾਤਾਂ ਲੈਣ ਤੋਂ ਸਾਫ ਨਾਂਹ ਕਰ ਦਿੱਤੀ। 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਕਰਤਾ ਭਾਈ ਰਤਨ ਸਿੰਘ ਭੰਗੂ ਲਿਖਦੇ ਹਨ–

"ਹਮ ਕੋ ਸਤਿਗੁਰ ਬਚਨ ਪਤਿਸ਼ਾਹੀ।
ਹਮ ਕੋ ਜਾਪਤ ਢਿਗ ਸੋਊ ਆਹੀ।।੩੬।।...
ਪਤਿਸ਼ਾਹੀ ਛਡ ਕਿਮ ਲਹੈਂ ਨਿਬਾਬੀ।
ਪਰਾਧੀਨ ਜਿਹ ਮਾਂਹਿ ਖਰਾਬੀ।।"੩੮।।

ਜਿਸ ਦਾ ਭਾਵ ਸੀ ਕਿ ਖਾਲਸੇ ਨੂੰ ਸਤਿਗੁਰੂ ਨੇ ਪਾਤਸ਼ਾਹੀ ਬਖਸ਼ੀ ਹੈ। ਉਹ ਪਾਤਸ਼ਾਹੀ ਛੱਡ ਕੇ ਨਵਾਬੀ ਕਿਉਂ ਲਵੇ, ਜਿਸ ਨਾਲ ਪਾਤਸ਼ਾਹ ਦੇ ਅਧੀਨ ਰਹਿਣਾ ਪਵੇਗਾ।

ਸ੍ਰ: ਸੁਬੇਗ ਸਿੰਘ ਨੇ ਬੜੀਆਂ ਬੇਨਤੀਆਂ ਕੀਤੀਆਂ ਕਿ ਖਾਲਸੇ ਨੂੰ ਇਹ ਜਾਗੀਰ ਮੋੜਨੀ ਨਹੀਂ ਚਾਹੀਦੀ। ਚਲੋ, ਕਿਸੇ ਵਿਅਕਤੀ ਲਈ ਨਹੀਂ ਤਾਂ ਗੁਰੂ ਕੇ ਲੰਗਰ ਲਈ ਹੀ ਪ੍ਰਵਾਨ ਕਰ ਲਵੋ। ਅਖੀਰ ਫੈਸਲਾ ਇਹ ਹੋਇਆ ਕਿ ਨਵਾਬੀ ਕਿਸੇ ਸੇਵਾਦਾਰ ਨੂੰ ਦੇ ਦਿੱਤੀ ਜਾਵੇ। ਭਾਈ ਕਪੂਰ ਸਿੰਘ ਉਸ ਸਮੇਂ ਸੰਗਤ ਵਿਚ ਪੱਖੇ ਦੀ ਸੇਵਾ ਕਰ ਰਹੇ ਸਨ। ਆਪ ਨੂੰ ਜਦੋਂ ਨਵਾਬੀ ਕਬੂਲ ਕਰਨ ਲਈ ਮਜਬੂਰ ਕੀਤਾ ਗਿਆ ਤਾਂ ਆਪ ਨੇ ਨਵਾਬੀ ਦਾ ਖਿਤਾਬ ਪਹਿਲੋਂ ਪੰਜਾਂ ਸਿੰਘਾਂ ਦੇ ਚਰਨਾਂ ਨਾਲ ਛੁਹਾਇਆ ਤੇ ਫੇਰ ਉਸ ਨੂੰ ਸੰਗਤ ਦਾ ਹੁਕਮ ਮੰਨ ਕੇ ਪ੍ਰਵਾਨ ਕੀਤਾ –

"ਪੰਜ ਭੁਜ਼ੰਗੀਅਨ ਚਰਨ ਛੁਹਾਇ।
ਧਰੋ ਸੀਸ ਮੋਹਿ ਪਵਿਤ੍ਰ ਕਰਾਇ।"...੪੭।। (ਪ੍ਰਾਚੀਨ ਪੰਥ ਪ੍ਰਕਾਸ਼-੨੮੫-੬)

ਝੁਬਾਲ, ਦੀਪਾਲਪੁਰ ਤੇ ਕੰਗਣਪੁਰ ਪਿੰਡਾਂ ਦੀ ਇਕ ਲੱਖ ਦੀ ਜਾਗੀਰ ਤਾਂ ਗੁਰੂ ਕੇ ਲੰਗਰ ਦੇ ਨਾਂ ਲਾ ਦਿੱਤੀ ਗਈ ਤੇ ਹੇਠ ਲਿਖੀਆਂ ਵਸਤੂਆਂ ਨਵਾਬ ਕਪੂਰ ਸਿੰਘ ਜੀ ਨੂੰ

ਸੌਂਪ ਦਿੱਤੀਆਂ ਗਈਆਂ—

"ਰੇਸ਼ਮੀ ਦਸਤਾਰ, ਹੀਰਿਆਂ ਨਾਲ ਜੜੀ ਹੋਈ ਕਲਗੀ, ਸੁਨਹਿਰੀ ਕੜੇ, ਇਕ ਹਾਰ, ਇਕ ਮੋਤੀਆਂ ਦੀ ਮਾਲਾ, ਇਕ ਤਲਵਾਰ।"

ਨਵਾਬ ਬਣ ਜਾਣ 'ਤੇ ਵੀ ਸ੍ਰ: ਕਪੂਰ ਸਿੰਘ ਵਿਚ ਨਿਮਰਤਾ ਉਸੇ ਤਰ੍ਹਾਂ ਹੀ ਰਹੀ ਤੇ ਉਸ ਨੇ ਸਿੰਘਾਂ ਨੂੰ ਬੇਨਤੀ ਕੀਤੀ ਕਿ ਉਸ ਨੂੰ ਲੰਗਰ ਵਿਚ ਸੇਵਾ ਕਰਨ ਤੋਂ ਨਾ ਰੋਕਿਆ ਜਾਵੇ ਤੇ ਉਹ ਸੇਵਾ ਕਰਦਾ ਰਿਹਾ।

ਸਰਕਾਰ ਦਾ ਵਿਚਾਰ ਸੀ ਕਿ ਇਸ ਲਾਲਚ ਵਿਚ ਆ ਕੇ ਸਿੰਘ ਸਾਡੇ ਅਧੀਨ ਰਹਿਣਗੇ, ਪਰ ਸਰਕਾਰ ਨੂੰ ਕੀ ਪਤਾ ਸੀ ਕਿ ਦੁਨਿਆਵੀ ਲੋਭ, ਲਾਲਚ ਜਾਂ ਹਕੂਮਤ ਦੇ ਡਰ ਇਸ ਕੌਮ ਨੂੰ ਆਪਣੇ ਨਿਸ਼ਾਨੇ ਤੋਂ ਨਹੀਂ ਡੇਗ ਸਕਦੇ। ਸਿੰਘਾਂ ਨੇ ਇਸ ਅਮਨ ਦੇ ਸਮੇਂ ਤੋਂ ਲਾਭ ਉਠਾਂਦਿਆਂ ਹੋਇਆਂ ਆਪਣੀ ਜਥੇਬੰਦੀ ਨੂੰ ਤਕੜਾ ਕਰਨਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਆਪਣਾ ਧਿਆਨ ਧਰਮ ਪ੍ਰਚਾਰ ਵੱਲ ਵੀ ਲਾਇਆ। ਪਰ ਸਰਕਾਰ ਦੀ ਕੁਟਲ ਨੀਤੀ ਕਾਰਨ ਭਾਈ ਮਨੀ ਸਿੰਘ ਜੀ ਨੂੰ ਬੰਦ-ਬੰਦ ਕਟਵਾ ਕੇ ਸ਼ਹੀਦੀ ਦਾ ਜਾਮ ਪੀਣਾ ਪਿਆ। ਸਰਕਾਰ ਨੇ ਹਰਿਮੰਦਰ ਸਾਹਿਬ ਦੇ ਦੁਆਲੇ ਫੌਜੀ ਚੌਂਕੀਆਂ ਬਿਠਾ ਦਿੱਤੀਆਂ। ਇਲਾਕੇ ਦੇ ਚੌਧਰੀਆਂ ਨੂੰ ਤਾੜਨਾ ਕੀਤੀ ਗਈ ਕਿ ਜਿਸ ਦੇ ਇਲਾਕੇ ਵਿਚ ਸਿੱਖ ਜੀਉਂਦੇ ਮਿਲ ਗਏ, ਉਸ ਚੌਧਰੀ ਦਾ ਵੀ ਮੱਕੂ ਠੱਪਿਆ ਜਾਏਗਾ, ਜੇ ਉਸ ਨੇ ਇਸ ਗੱਲ ਦੀ ਇਤਲਾਹ ਹਾਕਮਾਂ ਤੱਕ ਨਾ ਪੁਚਾਈ।

ਵੇਲੇ ਦੀ ਸਥਿਤੀ ਨੂੰ ਮੁਖ ਰੱਖ ਕੇ 'ਦਲ ਖਾਲਸੇ' ਦੇ ਦੋ ਭਾਗ ਕਰ ਦਿੱਤੇ ਗਏ। ਇਕ ਦਾ ਨਾਂ ਸੀ 'ਬੁੱਢਾ ਦਲ' ਤੇ ਦੂਸਰਾ 'ਤਰੁਣਾ ਦਲ'। ਚਾਲੀ ਸਾਲਾਂ ਤੋਂ ਵੱਡੀ ਉਮਰ ਦੇ ਸਾਰੇ ਸਿੰਘ 'ਬੁੱਢਾ ਦਲ' ਵਿਚ ਸ਼ਾਮਲ ਕੀਤੇ ਗਏ ਤੇ ਬਾਕੀ ਨੌਜੁਆਨ 'ਤਰੁਣਾ ਦਲ' ਵਿਚ। ਬੁੱਢਾ ਦਲ ਦਾ ਮੁਖੀ ਨਵਾਬ ਕਪੂਰ ਸਿੰਘ ਜੀ ਨੂੰ ਥਾਪਿਆ ਗਿਆ। ਉਹਨਾਂ ਦੇ ਨਾਲ ਸ੍ਰ: ਬਾਘ ਸਿੰਘ ਹਲੋਵਾਲੀਆ ਤੇ ਸ੍ਰ: ਹਰੀ ਸਿੰਘ ਭੰਗੀ ਸਨ। 'ਤਰੁਣਾ ਦਲ' ਦੇ ਪੰਜ ਜਥੇ ਬਣਾਏ ਗਏ। ਉਹਨਾਂ ਦੇ ਜਥੇਦਾਰ ਬਾਬਾ ਦੀਪ ਸਿੰਘ ਜੀ, ਭਾਈ ਕਰਮ ਸਿੰਘ ਜੀ, ਭਾਈ ਕਾਨ੍ਹ ਸਿੰਘ ਜੀ, ਭਾਈ ਮੀਰ ਸਿੰਘ ਜੀ ਤੇ ਭਾਈ ਦਸੌਂਧਾ ਸਿੰਘ ਜੀ ਥਾਪੇ ਗਏ।

੧੭੩੪ ਵਿਚ ਦੀਵਾਨ ਦਰਬਾਰਾ ਸਿੰਘ ਜੀ ਅਕਾਲ ਚਲਾਣਾ ਕਰ ਗਏ ਤਾਂ ਬੁੱਢਾ ਦਲ ਦੀ ਸਾਰੀ ਜ਼ਿੰਮੇਵਾਰੀ ਨਵਾਬ ਕਪੂਰ ਸਿੰਘ ਜੀ ਦੇ ਮੋਢਿਆਂ 'ਤੇ ਆ ਪਈ। ਤਰੁਣਾ ਦਲ ਦੇ ਅੰਮ੍ਰਿਤਸਰ ਵਿਚ ਪੰਜ ਮੁੱਖ ਕੇਂਦਰ (ਰਾਮ ਸਰ, ਬਿਬੇਕ ਸਰ, ਲਛਮਣ ਸਰ, ਕੌਲ ਸਰ ਤੇ ਸੰਤੋਖ ਸਰ) ਸਨ। ਬੁੱਢਾ ਦਲ ਦਾ ਮੁਖ ਕਾਰਜ ਧਰਮ ਪ੍ਰਚਾਰ ਤੇ ਗੁਰ-ਸਥਾਨਾਂ ਦੀ ਸੇਵਾ-ਸੰਭਾਲ ਸੀ, ਪਰ ਜਦੋਂ ਪੰਥ 'ਤੇ ਭੀੜ ਆ ਬਣਦੀ ਤੇ ਜ਼ਾਲਮ ਜ਼ੁਲਮ ਕਰਨ 'ਤੇ ਤੁਲ ਜਾਂਦੇ ਤਾਂ ਦੋਵੇਂ ਦਲ ਮਿਲ ਕੇ ਵੈਰੀ ਦਾ ਟਾਕਰਾ ਕਰਿਆ ਕਰਦੇ ਸਨ। ਹਰੇਕ ਜਥੇ ਕੋਲ ਆਪਣਾ ਝੰਡਾ ਤੇ ਨਗਾਰਾ ਹੁੰਦਾ ਸੀ। ਸਰਕਾਰ ਵਲੋਂ ਭੇਜੀ ਨਵਾਬੀ ਪਰਵਾਨ ਕਰ ਲੈਣ ਪਿੱਛੋਂ ਵੀ ਸਿੰਘਾਂ ਨੇ ਸ਼ਸਤਰ-ਵਿਦਿਆ ਦੇ ਕਰਤੱਬ, ਨਿਸ਼ਾਨੇ-ਬਾਜ਼ੀ, ਮੱਲ-ਅਖਾੜੇ ਆਦਿ ਚਾਲੂ ਰੱਖੇ ਤੇ ਜਿਸ ਤਰ੍ਹਾਂ ਸਰਕਾਰ ਦਾ ਵਿਚਾਰ ਸੀ ਸਿੰਘ ਆਪਣੇ ਨਿਸ਼ਾਨੇ ਤੋਂ ਅਵੇਸਲੇ ਨਾ ਹੋਏ। ਫਲਸਰੂਪ ਹਕੂਮਤ ਨੇ ੧੭੩੫ ਵਿਚ ਜਾਗੀਰ ਜ਼ਬਤ ਕਰ ਲਈ। ਸਰਕਾਰ ਨੇ ਸਿੰਘਾਂ ਉੱਤੇ

ਅਤਿਆਚਾਰ ਉਸੇ ਤਰ੍ਹਾਂ ਜਾਰੀ ਰੱਖੇ। ਸਖਤੀਆਂ ਦਾ ਦੌਰ ਸ਼ੁਰੂ ਹੋ ਗਿਆ। ਬੁੱਢਾ ਦਲ ਨਵਾਬ ਕਪੂਰ ਸਿੰਘ ਦੀ ਜਥੇਦਾਰੀ ਹੇਠ ਮਾਲਵੇ ਵੱਲ ਚਲਾ ਗਿਆ ਤੇ ਉਥੇ ਉਨ੍ਹਾਂ ਧਰਮ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਬਾਬਾ ਆਲਾ ਸਿੰਘ ਨੇ ਬਰਨਾਲੇ ਵਿਚ ਨਵਾਬ ਕਪੂਰ ਸਿੰਘ ਦੇ ਹੱਥੋਂ ਅੰਮ੍ਰਿਤ ਛਕਿਆ। ਬਹੁਤ ਸਾਰਾ ਇਲਾਕਾ ਜਿੱਤ ਕੇ ਬਾਬਾ ਆਲਾ ਸਿੰਘ ਨੂੰ ਦਿੱਤਾ ਗਿਆ।

ਇਹ ਉਹ ਸਮਾਂ ਸੀ ਜਦੋਂ ਹਿੰਦੁਸਤਾਨ ਦੇ ਤਖ਼ਤ ਉੱਤੇ ਮੁਹੰਮਦ ਸ਼ਾਹ ਰੰਗੀਲਾ ਸੀ। ਉਹ ਐਸ਼ਪ੍ਰਸਤ ਸੀ। ਉਸ ਦੇ ਰਾਜ ਸਮੇਂ ਸਿੱਖ ਤੇ ਮਰਹੱਟੇ ਕੌਮੀ ਆਜ਼ਾਦੀ ਲਈ ਹੋਰ ਜੋਸ਼ ਨਾਲ ਕੰਮ ਕਰ ਰਹੇ ਸਨ।

ਹਿੰਦੁਸਤਾਨ ਦੇ ਬਾਦਸ਼ਾਹ ਦੀ ਕਮਜ਼ੋਰੀ ਨੂੰ ਵੇਖ ਕੇ, ਜਨਵਰੀ ੧੭੩੯ ਵਿਚ ਨਾਦਰ ਸ਼ਾਹ ਨੇ ਹਿੰਦੁਸਤਾਨ 'ਤੇ ਹਮਲਾ ਕਰ ਦਿੱਤਾ। ਪੰਜਾਬ ਦੇ ਸੂਬੇਦਾਰ ਜ਼ਕਰੀਆ ਖਾਨ ਨੇ ਉਸ ਦੀ ਈਨ ਮੰਨ ਲਈ। ਹਿੰਦੁਸਤਾਨ ਦੀਆਂ ਮੁਗ਼ਲ ਫੌਜਾਂ ਨੇ ਕਰਨਾਲ ਦੇ ਲਾਗੇ ਨਾਦਰ ਸ਼ਾਹ ਦੀਆਂ ਫੌਜਾਂ ਦਾ ਟਾਕਰਾ ਕੀਤਾ ਪਰ ਹਾਰ ਗਈਆਂ, ਨਾਦਰ ਸ਼ਾਹ ਮਾਰੋ-ਮਾਰ ਕਰਦਾ ਦਿੱਲੀ ਜਾ ਪੁੱਜਾ। ਕਤਲੇਆਮ ਤੇ ਲੁੱਟ-ਮਾਰ ਕੀਤੀ। ਇਕ ਅਨੁਮਾਨ ਅਨੁਸਾਰ ੩੦ ਹਜ਼ਾਰ ਬੰਦੇ ਉਸ ਕਤਲੇਆਮ ਵਿਚ ਮਾਰੇ ਗਏ। ਸਰ ਜਾਦੂ ਨਾਥ ਸਰਕਾਰ ਨੇ ਲਿਖਿਆ ਹੈ-

> ***"ਨਾਦਰ ਸ਼ਾਹ ਨੇ ੧੫ ਕਰੋੜ ਰੁਪਿਆ ਨਕਦ, ੫੦ ਕਰੋੜ ਰੁਪਏ ਦਾ ਮਾਲ ਸਾਮਾਨ, ਤਖਤਿ-ਤਾਊਸ ਆਦਿ ਦਿੱਲੀ ਤੋਂ ਲੁੱਟਿਆ ਤੇ ੫੦ ਹਜ਼ਾਰ ਹਿੰਦੂ ਲੜਕੇ-ਲੜਕੀਆਂ ਗੁਲਾਮ ਬਣਾ ਕੇ ੫ ਮਈ, ੧੭੩੯ ਨੂੰ ਆਪਣੇ ਦੇਸ਼ ਪਰਤ ਗਿਆ।"***

ਕਿਹਾ ਜਾਂਦਾ ਹੈ ਕਿ ਲਗ-ਭਗ ਵੀਹ ਹਜ਼ਾਰ ਹਾਥੀ, ਘੋੜੇ, ਊਠ ਤੇ ਖੱਚਰਾਂ ਆਦਿ ਉੱਤੇ ਲੁੱਟ ਦਾ ਮਾਲ ਲੱਦਿਆ ਹੋਇਆ ਸੀ ਤੇ ਕੈਦੀਆਂ ਨੂੰ ਜਕੜ ਕੇ ਗੱਡਿਆਂ ਵਿਚ ਸੁੱਟਿਆ ਹੋਇਆ ਸੀ।

ਇਸ ਗੜਬੜ ਸਮੇਂ ਸਿੰਘਾਂ ਨੇ ਕਾਫੀ ਲਾਭ ਉਠਾਇਆ ਤੇ ਰਿਆੜਕੀ ਦੇ ਇਲਾਕੇ ਵਿਚ ਪਿੰਡ ਡੱਲੇਵਾਲੀ ਵਿਚ ਇਕ ਛੋਟਾ ਜਿਹਾ ਕਿਲ੍ਹਾ ਬਣਾ ਲਿਆ। ਲੁੱਟ-ਮਾਰ ਦਾ ਮਾਲ ਲੈ ਕੇ ਨਾਦਰ ਸ਼ਾਹ ਸਿਆਲਕੋਟ ਵੱਲ ਨੂੰ ਜਾ ਰਿਹਾ ਸੀ। ਉਸ ਇਲਾਕੇ ਵਿਚ ਸਿੰਘ ਵੀ ਰਸਦ ਪਾਣੀ ਦੀ ਭਾਲ ਵਿਚ ਨਿਕਲੇ ਹੋਏ ਸਨ। ਉਸ ਸਮੇਂ ਸਿੰਘਾਂ ਦੀ ਕਮਾਨ ਨਵਾਬ ਕਪੂਰ ਸਿੰਘ, ਸ੍ਰ: ਜੱਸਾ ਸਿੰਘ ਆਹਲੂਵਾਲੀਆ, ਸ੍ਰ: ਬਘੇਲ ਸਿੰਘ ਆਦਿ ਜਥੇਦਾਰ ਕਰ ਰਹੇ ਸਨ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਨਾਦਰ ਸ਼ਾਹ ਹਿੰਦੁਸਤਾਨ ਦੀ ਦੌਲਤ ਲੁੱਟ ਕੇ ਤੇ ਏਥੋਂ ਦੇ ਨੌਜੁਆਨਾਂ ਤੇ ਮੁਟਿਆਰਾਂ ਨੂੰ ਗੁਲਾਮ ਬਣਾ ਕੇ ਆਪਣੇ ਦੇਸ਼ ਨੂੰ ਲੈ ਜਾ ਰਿਹਾ ਹੈ, ਤਾਂ ਉਨ੍ਹਾਂ ਦੀ ਕੌਮੀ ਅਣਖ ਨੇ ਉਨ੍ਹਾਂ ਨੂੰ ਵੰਗਾਰਿਆ ਤੇ ਉਨ੍ਹਾਂ ਕਈ ਪਾਸਿਆਂ ਤੋਂ ਛਾਪੇ ਮਾਰ ਕੇ ਨਾਦਰ ਸ਼ਾਹ ਦੀ ਲੁੱਟ-ਮਾਰ ਦਾ ਭਾਰ ਹੌਲਾ ਕਰ ਦਿੱਤਾ ਤੇ ਕੈਦੀ ਲੜਕੇ ਤੇ ਲੜਕੀਆਂ ਛੁਡਾ ਕੇ ਉਨ੍ਹਾਂ ਨੂੰ ਘਰੋ ਘਰੀ ਪੁਚਾਇਆ। ਇਹ ਵੇਖ ਕੇ ਨਾਦਰਸ਼ਾਹ ਹੈਰਾਨ ਰਹਿ ਗਿਆ ਤੇ ਉਸ ਨੇ ਜ਼ਕਰੀਆ ਖਾਂ ਨੂੰ ਪੁੱਛਿਆ, "ਇਹ ਕੌਣ ਲੋਕ ਹਨ, ਜਿਨ੍ਹਾਂ ਮੈਨੂੰ ਵੰਗਾਰਿਆ ਹੈ?"

ਜ਼ਕਰੀਆ ਖਾਂ ਨੇ ਉੱਤਰ ਦਿੱਤਾ:

"ਇਹ ਲੋਕ ਹਿੰਦੂ, ਮੁਸਲਮਾਨਾਂ ਤੋਂ ਵੱਖਰੀ ਕਿਸਮ ਦੇ ਹਨ। ਜੰਗਲ ਤੇ ਪਹਾੜ ਇਨ੍ਹਾਂ ਦਾ ਵਤਨ ਹੈ। ਘੋੜਿਆਂ ਦੀਆਂ ਕਾਠੀਆਂ ਇਹਨਾਂ ਦੇ ਘਰ ਹਨ। ਅਸੀਂ ਇਹਨਾਂ ਨੂੰ ਮਾਰ-ਮਾਰ ਕੇ ਥੱਕ ਗਏ ਹਾਂ ਪਰ ਇਹ ਮੁੱਕਣ ਵਿਚ ਹੀ ਨਹੀਂ ਆਉਂਦੇ। ਅਸੀਂ ਇਹਨਾਂ ਨੂੰ ਦੇਸ਼-ਨਿਕਾਲਾ ਦੇ ਕੇ ਵੀ ਵੇਖ ਲਿਆ ਹੈ, ਇਹ ਟਲਦੇ ਹੀ ਨਹੀਂ।"

ਨਾਦਰ ਸ਼ਾਹ ਸੁਣ ਕੇ ਹੈਰਾਨ ਹੋਇਆ ਤੇ ਕਹਿਣ ਲੱਗਾ-

"ਉਹ ਸਮਾਂ ਦੂਰ ਨਹੀਂ ਜਦੋਂ ਇਹ ਲੋਕ ਆਪਣੀ ਚੜ੍ਹਦੀ ਕਲਾ ਸਦਕਾ ਦੇਸ਼ ਦੇ ਹਾਕਮ ਹੋਣਗੇ।"

ਇਹ ਸੁਣ ਕੇ ਜ਼ਕਰੀਆ ਖਾਨ ਭੈ-ਭੀਤ ਹੋ ਗਿਆ ਤੇ ਸਿੱਖਾਂ ਉੱਤੇ ਹੋਰ ਸਖਤੀ ਕਰਨ ਲੱਗਾ। ਉਹ ਸਿੰਘਾਂ ਦਾ ਖੁਰਾ-ਖੋਜ ਮੁਕਾ ਦੇਣਾ ਚਾਹੁੰਦਾ ਸੀ।

ਮੱਸੇ ਰੰਘੜ ਨੇ ਹਰਿਮੰਦਰ ਸਾਹਿਬ ਦੀ ਬੇਅਦਬੀ ਕੀਤੀ। ਭਾਈ ਮਹਿਤਾਬ ਸਿੰਘ ਮੀਰਾਂ ਕੋਟੀਆ ਤੇ ਭਾਈ ਸੁੱਖਾ ਸਿੰਘ ਮਾੜੀ ਕੰਬੋ ਨੇ ਉਸ ਨੂੰ ਰਸਾਤਲ ਪੁਚਾ ਦਿੱਤਾ। ਇਸੇ ਤਰ੍ਹਾਂ ਭਾਈ ਤਾਰੂ ਸਿੰਘ, ਭਾਈ ਬੋਤਾ ਸਿੰਘ, ਭਾਈ ਗਰਜਾ ਸਿੰਘ ਆਦਿ ਸਿੰਘ ਲਾਹੌਰ ਸਰਕਾਰ ਨੂੰ ਲਲਕਾਰ ਕੇ ਸ਼ਹੀਦ ਹੋ ਗਏ ਪਰ ਸਿੰਘ ਸਦਾ ਚੜ੍ਹਦੀਆਂ ਕਲਾ 'ਚ ਰਹੇ। ਉਸ ਵੇਲੇ ਜੋ ਬੋਲੇ ਸਿੰਘਾਂ ਨੇ ਆਪਣੀਆਂ ਲੋੜਾਂ ਨੂੰ ਮੁੱਖ ਰੱਖ ਕੇ ਬਣਾਏ, ਉਹ ਉਨ੍ਹਾਂ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਸਨ, ਜਿਵੇਂ:-

ਇਕੱਲੇ ਨੂੰ "ਸਵਾ ਲੱਖ", ਅੰਨ੍ਹੇ ਨੂੰ "ਸੂਰਮਾ", ਰੋਟੀ ਨੂੰ "ਪ੍ਰਸ਼ਾਦਾ", ਲੰਗਰ ਮੁੱਕ ਜਾਣ ਨੂੰ "ਲੰਗਰ ਮਸਤਾਨਾ" ਹੋ ਗਿਆ ਆਦਿ।

੧੪ ਅਕਤੂਬਰ, ੧੭੪੫ ਨੂੰ ਸਿੰਘ ਦੀਵਾਲੀ ਦੇ ਮੌਕੇ 'ਤੇ ਅੰਮ੍ਰਿਤਸਰ ਇਕੱਠੇ ਹੋਏ ਤਾਂ ਜਥੇ-ਬੰਦੀ ਨੂੰ ਤਕੜਾ ਕਰਨ ਲਈ ਵਿਚਾਰਾਂ ਹੋਈਆਂ। ਪੰਝੀ ਜਥੇ ਬਣਾਏ ਗਏ। ਹਰ ਜਥੇ ਵਿਚ ਸੌ-ਸੌ ਸਿੰਘ ਹੁੰਦੇ ਸਨ। ਹਰ ਸਿੰਘ ਲਈ ਤਲਵਾਰ ਤੇ ਬੰਦੂਕ ਰੱਖਣੀ ਜ਼ਰੂਰੀ ਕਰ ਦਿੱਤੀ ਗਈ। ਨਵਾਬ ਕਪੂਰ ਸਿੰਘ, ਸ੍ਰ: ਜੱਸਾ ਸਿੰਘ ਆਹਲੂਵਾਲੀਆ, ਸ੍ਰ: ਨੌਧ ਸਿੰਘ ਸ਼ੁਕਰਚੱਕੀਆ, ਸ੍ਰ: ਹਰੀ ਸਿੰਘ ਭੰਗੀ ਤੇ ਬਾਬਾ ਦੀਪ ਸਿੰਘ ਆਦਿ ਪੰਝੀ ਜਥੇਦਾਰ ਥਾਪੇ ਗਏ।

"ਛੋਟਾ ਘੱਲੂਘਾਰਾ" ਜੋ ਅਪ੍ਰੈਲ ਤੋਂ ਜੂਨ ੧੭੪੬ ਈ. ਤੱਕ ਵਾਪਰਿਆ, ਜਿਸ ਵਿਚ ਜ਼ਾਲਮ ਸਰਕਾਰ ਨੇ ਸਿੰਘਾਂ ਦਾ ਸ਼ਿਕਾਰ ਜੰਗਲੀ ਜਾਨਵਰਾਂ ਵਾਂਗ ਕੀਤਾ। ਸਿੰਘਾਂ ਨੇ ਬੜੀਆਂ ਤਕਲੀਫਾਂ ਉਠਾਈਆਂ। ਲਗ-ਪਗ ਅੱਠ ਹਜ਼ਾਰ ਸਿੰਘ ਇਸ ਘੱਲੂਘਾਰੇ ਵਿਚ ਸ਼ਹੀਦੀਆਂ ਪ੍ਰਾਪਤ ਕਰ ਗਏ ਪਰ ਫੇਰ ਵੀ ਉਨ੍ਹਾਂ ਦੇ ਹੌਸਲੇ ਉਸੇ ਤਰ੍ਹਾਂ ਰਹੇ।

ਦੀਵਾਨ ਕੌੜਾ ਮੱਲ ਜਦੋਂ ਲੱਖਪਤ ਰਾਇ ਦਾ ਦੀਵਾਨ ਬਣਿਆ ਤੇ ਸਿੰਘਾਂ ਲਈ ਕੁਝ ਚੈਨ ਦਾ ਸਮਾਂ ਆਇਆ, ਕਿਉਂਕਿ ਦੀਵਾਨ ਕੌੜਾ ਮਲ ਅੰਦਰੋਂ ਸਿੰਘਾਂ ਦਾ ਹਿਤੈਸ਼ੀ ਸੀ। ਇਸੇ ਲਈ ਸਿੱਖ-ਇਤਿਹਾਸਕਾਰਾਂ ਨੇ ਉਸ ਨੂੰ ਦੀਵਾਨ ਮਿੱਠਾ ਮੱਲ ਦੇ ਨਾਮ ਨਾਲ ਯਾਦ ਕੀਤਾ ਹੈ।

ਨਾਦਰ ਸ਼ਾਹ ਤੋਂ ਪਿਛੋਂ ਅਫਗਾਨਿਸਤਾਨ ਦਾ ਹਾਕਮ ਅਹਿਮਦ ਸ਼ਾਹ ਅਬਦਾਲੀ ਬਣਿਆ। ਉਹ ਜਨਵਰੀ, ੧੭੪੮ ਵਿਚ ਲਾਹੌਰ ਆਇਆ ਤਾਂ ਸ਼ਾਹ ਨਿਵਾਜ਼ ਖਾਨ ਜਾਨ

ਬਚਾ ਕੇ ਨੱਸ ਗਿਆ। ੨੯ ਮਾਰਚ, ੧੭੪੮ ਨੂੰ "ਸਰਬੱਤ ਖਾਲਸਾ" ਸ੍ਰੀ ਅੰਮ੍ਰਿਤਸਰ ਵਿਖੇ ਅਕਾਲ ਤਖ਼ਤ ਸਾਹਿਬ ਉੱਤੇ ਇਕੱਠਾ ਹੋਇਆ। ਨਵਾਬ ਕਪੂਰ ਸਿੰਘ ਜੀ ਨੇ ਜਥੇਦਾਰਾਂ ਨੂੰ ਜਥੇਬੰਦ ਹੋਣ ਦੀ ਪ੍ਰੇਰਨਾ ਦਿੱਤੀ। ਵਿਚਾਰ-ਵਟਾਂਦਰੇ ਉਪ੍ਰੰਤ ਸਮੁੱਚੀ ਫੌਜੀ ਜਥੇਬੰਦੀ ਦਾ ਨਾਂ "ਦਲ ਖਾਲਸਾ" ਰੱਖਿਆ ਗਿਆ ਤੇ ਉਸ ਦਾ ਸੈਨਾਪਤੀ ਸ੍ਰ: ਜੱਸਾ ਸਿੰਘ ਆਹਲੂਵਾਲੀਆ ਨੂੰ ਥਾਪਿਆ ਗਿਆ। ਨਵਾਬ ਕਪੂਰ ਸਿੰਘ ਜੀ ਦੀ ਨਜ਼ਰ ਇਸ ਨੌਜੁਆਨ 'ਤੇ ਕਾਫੀ ਚਿਰ ਤੋਂ ਸੀ ਤੇ ਉਹ ਚਾਹੁੰਦੇ ਸਨ ਕਿ ਆਪਣੇ ਜਿਊਂਦੇ ਜੀਅ "ਦਲ ਖਾਲਸਾ" ਦੀ ਕਮਾਨ ਸਰਦਾਰ ਆਹਲੂਵਾਲੀਆ ਨੂੰ ਸੌਂਪ ਦੇਣ।

ਛੋਟੀ ਉਮਰੇ ਦਿੱਲੀ ਵਿਚ ਰਹਿਣ ਕਰ ਕੇ ਸ੍ਰ: ਜੱਸਾ ਸਿੰਘ ਆਹਲੂਵਾਲੀਆ ਉਰਦੂ ਰੰਗ ਦੀ ਪੰਜਾਬੀ ਬੋਲਿਆ ਕਰਦੇ ਸਨ ਤੇ ਸਿੰਘ ਉਹਨਾਂ ਨੂੰ ਮਖ਼ੌਲ ਨਾਲ *"ਹਮ ਕੀ ਤੁਮ ਕੀ"* ਕਿਹਾ ਕਰਦੇ ਸਨ। ਸ੍ਰ: ਜੱਸਾ ਸਿੰਘ ਜਦੋਂ ਇਸ ਮਖੌਲ ਤੋਂ ਕੁਝ ਘਬਰਾਏ ਤਾਂ ਨਵਾਬ ਕਪੂਰ ਸਿੰਘ ਨੇ ਬੜੇ ਪਿਆਰ ਨਾਲ ਕਿਹਾ: *"ਬੇਟਾ! ਮੈਂ ਇਸ ਪੰਥ ਦੀ ਸੇਵਾ ਕਰ ਕੇ ਹੀ ਨਵਾਬੀ ਪ੍ਰਾਪਤ ਕੀਤੀ ਹੈ, ਜੇਕਰ ਤੂੰ ਵੀ ਸੇਵਾ ਕਰੀ ਜਾਵੇਂ ਤਾਂ ਕੀ ਪਤਾ ਇਹ ਪੰਥ ਤੈਨੂੰ ਬਾਦਸ਼ਾਹ ਬਣਾ ਦੇਵੇ।* ਤੇ ਨਵਾਬ ਸਾਹਿਬ ਦੀ ਭਵਿੱਖਬਾਣੀ ਸੌ ਫੀ ਸਦੀ ਸੱਚੀ ਸਿੱਧ ਹੋਈ। ਪੰਥ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ *"ਸੁਲਤਾਨੁਲ ਕੌਮ"* ਦੀ ਪਦਵੀ ਬਖਸ਼ੀ। "ਦਲ ਖਾਲਸਾ" ਦਾ ਮੈਂਬਰ ਅੰਮ੍ਰਿਤਧਾਰੀ ਤੇ ਸ਼ਸਤਰਧਾਰੀ ਹੀ ਹੋ ਸਕਦਾ ਸੀ।

ਅਪ੍ਰੈਲ, ੧੭੪੮ ਵਿਚ ਮੀਰ ਮੰਨੂੰ ਪੰਜਾਬ ਦਾ ਸੂਬੇਦਾਰ ਬਣਾ ਦਿੱਤਾ ਗਿਆ। ਇਸ ਨਾਲ ਇਕ ਵਾਰੀ ਫੇਰ ਸਿੰਘਾਂ ਉੱਤੇ ਸਖਤੀ ਦਾ ਦੌਰ ਸ਼ੁਰੂ ਹੋ ਗਿਆ। ਜਲੰਧਰ ਦੇ ਫੌਜਦਾਰ ਅਦੀਨਾ ਬੇਗ ਨੇ ਸ੍ਰ: ਜੱਸਾ ਸਿੰਘ ਆਹਲੂਵਾਲੀਏ ਨੂੰ ਮੁਲਾਕਾਤ ਲਈ ਸੱਦਿਆ। ਉਸ ਦੀ ਨੀਅਤ ਸ਼ੱਕੀ ਵੇਖ ਕੇ ਆਹਲੂਵਾਲੀਏ ਸਰਦਾਰ ਨੇ ਮਿਲਣ ਤੋਂ ਇਨਕਾਰ ਕਰਦਿਆਂ ਕਿਹਾ:-

> *"ਮੁਲਾਕਾਤ ਤਾਂ ਹਮਾਰੀ ਤੁਮਾਰੀ ਲੜਾਈ ਮੇਂ ਹੀ ਹੋਵੇਗੀ। ਅੱਬ ਹੱਮ ਨੇ ਸ਼ਮਸ਼ੀਰ ਉਠਾਈ ਹੈ ਤੋ ਤੁਮ ਸੁਲ੍ਹਾ ਚਾਹਤੇ ਹੋ ਔਰ ਆਗੇ ਉਠਾਵੇਂਗੇ ਤੋ ਮੁਲਖਗੀਰੀ ਹੋਵੇਗੀ।"*

ਅੰਮ੍ਰਿਤਸਰ ਵਿਚ ਰਾਮਰਉਣੀ ਕਿਲ੍ਹੇ ਵਿਚ ਪੰਜ ਸੌ ਸਿੰਘ ਸਨ। ਉਨ੍ਹਾਂ ਨੂੰ ਘੇਰਾ ਪਾ ਲਿਆ ਗਿਆ। ਦੋਹਾਂ ਪਾਸਿਉਂ ਜੰਮ ਕੇ ਲੜਾਈ ਹੋਈ, ਜੋ ਅਕਤੂਬਰ, ੧੭੪੮ ਤੋਂ ਫਰਵਰੀ ੧੭੪੯ ਤੱਕ ਜਾਰੀ ਰਹੀ ਅਤੇ ਜਿਸ ਵਿਚ ਦੋ ਸੌ ਸਿੰਘ ਸ਼ਹੀਦ ਹੋ ਗਏ। ਦੀਵਾਨ ਕੌੜਾ ਮੱਲ ਦੀ ਸਿਆਣਪ ਨਾਲ ਮੁਗਲਾਂ ਨੇ ਰਾਮ ਰਉਣੀ ਦਾ ਘੇਰਾ ਉਠਾ ਲਿਆ ਤੇ ਕੁਝ ਮਹੀਨਿਆਂ ਲਈ ਸ਼ਾਂਤੀ ਹੋ ਗਈ। ਦੀਵਾਨ ਕੌੜਾ ਮੱਲ ਦੀਆਂ ਕੋਸ਼ਿਸ਼ਾਂ ਸਦਕਾ ਪਰਗਣਾ ਪੱਟੀ ਦੇ ੧੨ ਪਿੰਡ ਤੇ ਚੂਣੀਆਂ ਇਲਾਕੇ ਦੀ ਜਾਗੀਰ ਫੇਰ ਸਿੰਘਾਂ ਨੂੰ ਮਿਲ ਗਈ। ਨਵਾਬ ਕਪੂਰ ਸਿੰਘ ਨੇ ਇਸ ਜਾਗੀਰ ਤੋਂ ਖੁਲ੍ਹਾ ਲੰਗਰ ਲਗਵਾ ਦਿੱਤਾ।

ਇਹ ਸਭ ਕੁਝ ਹੋਣ ਦੇ ਬਾਵਜੂਦ ਅੰਦਰ ਖ਼ਾਤੇ ਮੀਰ ਮੰਨੂੰ ਸਿੰਘਾਂ ਨੂੰ ਮਾਰ ਮੁਕਾਉਣ ਦੀਆਂ ਗੁਪਤ ਤਿਆਰੀਆਂ ਕਰਵਾ ਰਿਹਾ ਸੀ। ਉਚੇਚੀਆਂ ਨੌਂ ਸੌ ਛੋਟੀਆਂ ਤੋਪਾਂ ਬਣਵਾਈਆਂ ਗਈਆਂ ਤੇ ਸਿੰਘਾਂ ਉੱਤੇ ਮੁੜ ਸਖਤੀ ਦਾ ਸਮਾਂ ਆ ਗਿਆ। ਇਸੇ ਸਖਤੀ ਕਰਕੇ ਸਿੰਘਾਂ

ਵਿਚ ਆਮ ਕਹਾਵਤ ਪ੍ਰਚਲਤ ਸੀ:

"ਮੰਨੂੰ ਅਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ।
ਜਿਉਂ ਜਿਉਂ ਮੰਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ।"

੩ ਨਵੰਬਰ, ੧੭੫੩ ਨੂੰ ਮੀਰ ਮੰਨੂੰ ਮਰ ਗਿਆ। ਉਸ ਦੀ ਮੌਤ ਦੀ ਖਬਰ ਸੁਣਦਿਆਂ ਹੀ ਸਿੰਘ ਲਾਹੌਰ 'ਤੇ ਟੁੱਟ ਪਏ ਤੇ ਬਹੁਤ ਸਾਰੇ ਕੈਦੀ ਬੱਚੇ ਤੇ ਸਿੰਘਣੀਆਂ ਛੁਡਾ ਕੇ ਲੈ ਗਏ। ਇਹ ਬੱਚੇ ਤੇ ਸਿੰਘਣੀਆਂ ਜੇਹਲਾਂ ਵਿਚ ਡੱਕੇ ਹੋਏ ਸਨ ਤੇ ਰੋਜ਼ਾਨਾ ਬੱਚਿਆਂ ਦੇ ਟੋਟੇ ਕਰ ਕੇ ਮਾਵਾਂ ਦੀਆਂ ਝੋਲੀਆਂ ਵਿਚ ਪਾਏ ਜਾਂਦੇ ਸਨ। ਉੱਪਰ ਸੁੱਟ ਕੇ ਹੇਠੋਂ ਬਰਛੀਆਂ ਨਾਲ ਪਰੋਏ ਜਾਂਦੇ ਸਨ। ਮਕਸਦ ਸਿੰਘਾਂ ਦਾ ਖੁਰਾ-ਖੋਜ ਮਿਟਾਉਣਾ ਸੀ। ਇਤਨੇ ਕਸ਼ਟ ਝੱਲਣ ਦੇ ਬਾਵਜੂਦ ਵੀ ਸਿੰਘਣੀਆਂ ਸਿੱਖੀ ਸਿਦਕ ਤੋਂ ਨਾ ਡੋਲੀਆਂ। ਉਨ੍ਹਾਂ ਆਪਣਾ ਜਤ-ਸਤ ਕਾਇਮ ਰੱਖਿਆ ਤੇ ਸਿੱਖੀ ਕੇਸਾਂ-ਸੁਆਸਾਂ ਸੰਗ ਨਿਭਾਹੀ।

ਨਵੰਬਰ, ੧੭੫੩ ਤੋਂ ਅਕਤੂਬਰ, ੧੭੫੬ ਤਕ ਤਿੰਨ ਸਾਲਾਂ ਦੇ ਸਮੇਂ ਵਿਚ ਲਾਹੌਰ ਦੇ ੯ ਹਾਕਮ ਬਦਲੀ ਹੋਏ। ਇਸ ਰਾਜ-ਗਰਦੀ ਸਮੇਂ ਸਿੰਘਾਂ ਨੇ ਆਪਣੀ ਸ਼ਕਤੀ ਕਾਫੀ ਵਧਾ ਲਈ।

੭ ਅਕਤੂਬਰ, ੧੭੫੩ ਨੂੰ ਦਲ ਖਾਲਸਾ ਦੇ ਮਹਾਨ ਆਗੂ ਨਵਾਬ ਕਪੂਰ ਸਿੰਘ ਜੀ ਅੰਮ੍ਰਿਤਸਰ ਵਿਚ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਸਸਕਾਰ ਬਾਬਾ ਅਟੱਲ ਰਾਏ ਸਾਹਿਬ ਦੇ ਕੋਲ ਕੀਤਾ ਗਿਆ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ

ਭਾਈ ਕਾਨ੍ਹ ਸਿੰਘ ਨਾਭਾ (ਗੁਰਸ਼ਬਦ ਰਤਨਾਕਰ ਮਹਾਨ ਕੋਸ਼) ਅਨੁਸਾਰ-ਜੱਸਾ ਸਿੰਘ ਆਹਲੂਵਾਲੀਆ ਸਰਦਾਰ ਬਦਰ ਸਿੰਘ ਦੇ ਘਰ ਪਿੰਡ ਆਹਲੂ (ਜ਼ਿਲ੍ਹਾ ਲਾਹੌਰ) ਵਿਖੇ ੧੭੧੮ ਈ: ਵਿਚ ਪੈਦਾ ਹੋਇਆ। ਇਸ ਘਰਾਣੇ ਦਾ ਮੋਢੀ ਸਾਧੂ ਸਿੰਘ (ਸੱਦਾ ਸਿੰਘ) ਸੀ, ਜਿਸ ਨੇ ਪਿੰਡ ਆਹਲੂ (ਲਾਹੌਰ) ਬੰਨ੍ਹਿਆ। ਇਸ ਦਾ ਪੜੋਤਾ ਸ੍ਰ: ਬਦਰ ਸਿੰਘ ਨਵਾਬ ਕਪੂਰ ਸਿੰਘ ਫੈਜ਼ਲਾਪੁਰ ਦਾ ਚਾਟੜਾ ਸੀ, ਜਿਸ ਦਾ ਦੇਹਾਂਤ ੧੭੨੩ ਈ: ਵਿਚ ਹੋ ਗਿਆ। ਉਦੋਂ ਜੱਸਾ ਸਿੰਘ ਮਸਾਂ ਪੰਜਾਂ ਕੁ ਸਾਲਾਂ ਦਾ ਸੀ। ਮਾਤਾ ਸੁੰਦਰੀ ਜੀ ਨੇ ਇਸ ਨੂੰ ਅਸ਼ੀਰਵਾਦ ਦੇ ਕੇ ਇਕ ਗੁਰਜ ਦੀ ਬਖਸ਼ਿਸ਼ ਕੀਤੀ ਸੀ। ਪੰਥ ਵਿਚ ਜੱਸਾ ਸਿੰਘ ਦਾ ਮਾਣ-ਸਤਿਕਾਰ ਬਹੁਤ ਵਧ ਗਿਆ। ਪਟਿਆਲਾ-ਪਤਿ ਰਾਜਾ ਅਮਰ ਸਿੰਘ ਨੇ ਸ੍ਰ: ਜੱਸਾ ਸਿੰਘ ਦੇ ਜਥੇ ਤੋਂ ਹੀ ਅੰਮ੍ਰਿਤ ਛਕਿਆ ਸੀ। ਸ੍ਰ: ਜੱਸਾ ਸਿੰਘ ਨੇ ੧੭੪੭ ਈ: ਵਿਚ ਅੰਮ੍ਰਿਤਸਰ ਦੇ ਹਾਕਮ ਸਲਾਬਤ ਖਾਨ ਨੂੰ ਪਾਰ ਬੁਲਾ ਕੇ ਉਸ ਦਾ ਬਹੁਤ ਸਾਰਾ ਇਲਾਕਾ ਆਪਣੇ ਅਧੀਨ ਕਰ ਲਿਆ। ਜੱਸਾ ਸਿੰਘ ਨੇ ੧੭੪੯ ਈ: ਵਿਚ ਸ਼ਾਹ ਨਵਾਜ਼ ਨੂੰ ਮੁਲਤਾਨੋਂ ਖਾਰਜ ਕਰਨ ਲਈ ਦੀਵਾਨ ਕੌੜਾ ਮੱਲ ਨੂੰ ਭਾਰੀ ਸਹਾਇਤਾ ਦਿੱਤੀ ਸੀ। ੧੭੫੩ ਈ: ਵਿਚ ਜੱਸਾ ਸਿੰਘ ਨੇ ਜਲੰਧਰ ਦੇ ਹਾਕਮ ਆਦੀਨਾ ਬੇਗ ਨੂੰ ਜਿੱਤ ਕੇ ਫਤ੍ਹੇਬਾਦ ਪ੍ਰਗਣੇ 'ਪੁਰ ਕਬਜ਼ਾ ਕਰ ਲਿਆ।

ਜਦ ਅਹਿਮਦ ਸ਼ਾਹ ਅਬਦਾਲੀ ਮਰਹੱਟਿਆਂ ਨੂੰ ਸੋਧ ਕੇ ਬਹੁਤ ਸਾਰਾ ਲੁੱਟਮਾਰ ਦਾ ਮਾਲ-ਅਸਬਾਬ ਲੈ ਕੇ ਅਤੇ ਹਜ਼ਾਰਾਂ ਹਿੰਦੂ ਮਰਦ ਇਸਤਰੀਆਂ ਨੂੰ ਬੰਦੀ ਬਣਾ ਕੇ ਲਾਹੌਰ ਤੋਂ ਲੰਘ ਕੇ ਵਾਪਸ ਕਾਬਲ ਜਾਣ ਲੱਗਾ ਤਾਂ ਸ੍ਰ: ਜੱਸਾ ਸਿੰਘ ਨੇ ਦੂਜੇ ਸਿੰਘ ਸਰਦਾਰਾਂ ਨੂੰ ਲੈ ਕੇ ਉਸ ਦਾ ਬਹੁਤ ਸਾਰਾ ਮਾਲ ਵੀ ਲੁੱਟ ਲਿਆ ਅਤੇ ਉਨ੍ਹਾਂ ਸਾਰੇ ਬੰਦੀਆਂ ਨੂੰ ਵੀ ਛੁਡਾ ਕੇ ਘਰੋ ਘਰੀ ਪਹੁੰਚਾ ਦਿੱਤਾ ਜਿਸ ਕਰ ਕੇ ਉਸ ਨੂੰ ਬੰਦੀ-ਛੋੜ ਦੀ ਪਦਵੀ ਮਿਲੀ। ਇਸ ਤਰ੍ਹਾਂ 'ਬੰਦੀ ਛੋੜ' ਸਤਿਗੁਰੂ ਹਰਿਗੋਬਿੰਦ ਸਾਹਿਬ ਦੇ ਸੱਚੇ ਸਿੱਖ ਨੇ ਆਪਣੇ ਗੁਰੂ ਦੀ ਮਰਯਾਦਾ ਨੂੰ ਕਾਇਮ ਰੱਖਿਆ।

ਸ੍ਰ: ਜੱਸਾ ਸਿੰਘ ਨੇ ਵੱਡੇ ਘੱਲੂਘਾਰੇ ਵਿਚ ਬੜੀ ਸੂਰਬੀਰਤਾ ਵਿਖਾਈ। ਉਸ ਨੇ ਬਾਈ ਜਖ਼ਮ ਖਾਧੇ ਪਰ ਫਿਰ ਵੀ ਲੜਦਾ ਤੇ ਜੂਝਦਾ ਰਿਹਾ। ਸ੍ਰ: ਜੱਸਾ ਸਿੰਘ ਮਹਾਨ ਧਰਮਵੀਰ ਯੋਧਾ, ਨਿਰਮਾਣ ਦਾਨੀ, ਸੱਚਾ ਹਿਤੈਸ਼ੀ ਤੇ ਵੱਡਾ ਸਦਾਚਾਰੀ ਸੀ। ਸ੍ਰ: ਜੱਸਾ ਸਿੰਘ ਦਾ ਦੇਹਾਂਤ ੧੭੮੩ ਈ: ਵਿਚ ਅੰਮ੍ਰਿਤਸਰ ਵਿਖੇ ਹੋਇਆ। ਉਸ ਦੀ ਅੰਤਮ ਯਾਦਗਾਰ ਬਾਬਾ ਅਟੱਲ ਜੀ ਦੇ ਗੁਰਦੁਆਰਾ ਸਾਹਿਬ ਦੇ ਪਾਸ ਹੈ।

ਸ੍ਰ: ਕਪੂਰ ਸਿੰਘ ਨੇ ਦੇਹਾਂਤ ਸਮੇਂ ਆਪਣੇ ਸੂਰਬੀਰ ਪਾਲਕ ਜੱਸਾ ਸਿੰਘ ਨੂੰ

ਕਲਗੀਧਰ ਜੀ ਦੀ ਉਹ ਤਲਵਾਰ ਸੌਂਪੀ ਸੀ, ਜੋ ਉਨ੍ਹਾਂ ਨੂੰ ਮਾਤਾ ਸੁੰਦਰੀ ਜੀ ਤੋਂ ਪ੍ਰਾਪਤ ਹੋਈ ਸੀ। ਇਹ ਅਨਮੋਲ ਵਸਤ ਰਿਆਸਤ ਦੇ ਤੋਸ਼ੇਖਾਨੇ ਵਿਚ ਮੌਜੂਦ ਰਹੀ। ਜੱਸਾ ਸਿੰਘ ਨੂੰ ਆਹਲੂਵਾਲੀਆ ਮਿਸਲ ਦੀ ਸਰਦਾਰੀ (ਜਥੇਦਾਰੀ) ਮਿਲੀ। ਉਸ ਨੇ ਇਸ ਪਦਵੀ 'ਪੁਰ ਪੰਥ ਦੀ ਭਾਰੀ ਸੇਵਾ ਕੀਤੀ।

ਜੱਸਾ ਸਿੰਘ ਦੀ ਸਾਖੀ ਸ਼ਹੀਦ ਰਤਨ ਸਿੰਘ ਭੰਗੂ ਕਰਤਾ "ਪੰਥ ਪ੍ਰਕਾਸ਼" (ਪੰਨੇ ੨੧੭-੧੮) ਦੀ ਜ਼ਬਾਨੀ ਸੁਣੋ, ਕਿ ਕਿਵੇਂ ਪੰਥ ਦੀ ਸ਼ਰਨ ਆ ਕੇ ਇਕ 'ਮੰਗਤਾ' ਪਾਤਸ਼ਾਹ ਬਣ ਗਿਆ—

– ਦੋਹਰਾ –

'ਸਾਖੀ ਜੱਸਾ ਸਿੰਘ ਕੀ, ਅਬ ਮੈਂ ਦਿਉਂ ਸੁਨਾਇ।
ਮੰਗਤ ਖਾਤ ਖਾਲਸੈ ਰਲਯੋ, ਭਯੋ ਪੰਥ ਪਤਿਸ਼ਾਹਿ॥੧॥'

ਆਹਲੂਵਾਲੀਆ ਕੌਮ ਦਾ ਇਕ ਗਰੀਬ ਕਲਾਲ ਆਹਲੂ ਪਿੰਡ ਨੇੜੇ ਲਾਹੌਰ ਦਾ ਵਸਨੀਕ ਤੇ ਗੁਰੂ ਕਾ ਲਾਲ ਦਯਾਲ ਸਿੰਘ* ਸੀ। ਉਹ ਸਭ ਪ੍ਰਕਾਰ ਦੇ ਕੰਮ ਕਰਦਾ ਸੀ। ਉਸ ਦੇ ਮਰਨ ਪਿਛੋਂ ਉਸ ਦੀ ਨਾਰ ਤੇ ਇਕ ਪੁੱਤਰ ਰਹਿ ਗਏ। ਮਾਂ ਪੁੱਤਰ ਦਾ ਬਹੁਤ ਪਿਆਰ ਸੀ। ਇਹ ਨਾਰ, ਸਿੱਖ ਘਰ ਦੀ ਬੇਟੀ ਸੀ, ਜਿਸ ਨੂੰ ਉਸ ਦੇ ਪਿਤਾ ਨੇ ਗੁਰਮੁਖੀ ਅੱਖਰ ਪੜ੍ਹਾ ਦਿੱਤੇ ਸਨ ਤੇ ਗੁਰਬਾਣੀ ਕੰਠ ਕਰਵਾ ਦਿੱਤੀ ਸੀ।

ਉਹ ਸਹੁਰਿਉਂ ਪੇਕਿਓਂ ਦੋਹਾਂ ਧਿਰਾਂ ਤੋਂ ਸਿੱਖਣੀ ਸੀ। ਉਹ ਪੋਥੀ ਹਮੇਸ਼ਾਂ ਆਪਣੇ ਗਾਤਰੇ ਵਿਚ ਪਾਈ ਰੱਖਦੀ ਅਤੇ ਜਿਥੇ ਕਿਧਰੇ ਸਿੰਘਾਂ ਦੀ ਸੰਗਤ ਹੁੰਦੀ, ਉਥੇ ਪੁੱਜ ਕੇ ਸ਼ਬਦ ਕੀਰਤਨ ਦੀ ਚੌਂਕੀ ਕਰਦੀ। ਸੰਝ ਸਮੇਂ ਨਿੱਤ ਸੋਦਰ ਦਾ ਪਾਠ ਕਰਦੀ। ਉਹ ਦੁਤਾਰਾ ਫੜ ਕੇ ਕੀਰਤਨ ਕਰਦੀ। ਉਸ ਦਾ ਬਾਲ-ਪੁੱਤਰ ਤੇ ਦਾਸੀ ਬੜੇ ਪ੍ਰੇਮ ਨਾਲ ਉਸ ਕੀਰਤਨ ਵਿਚ ਸ਼ਾਮਲ ਹੁੰਦੇ। ਦੋਵੇਂ ਵਕਤ ਉਹ ਸ਼ਬਦ ਚੌਂਕੀ ਕਰਦੀ। ਜਿਥੇ ਕਿਧਰੇ ਵੀ ਸਿੱਖ ਸੰਗਤ ਉਸ ਨੂੰ ਕੀਰਤਨ ਕਰਨ ਲਈ ਸੱਦਦੀ, ਉਹ ਅਵੱਸ਼ ਪੁੱਜਦੀ। ਰਾਤ ਦਿਨ ਉਹ ਚੌਂਕੀ ਕਰਦੀ। ਕੋਈ ਜੋੜ ਮੇਲਾ ਨਾ ਖੁੰਝਾਉਂਦੀ।

ਉਸ ਨੇ ਸੁਣਿਆ ਕਿ ਦਲ ਖਾਲਸਾ ਅੰਮ੍ਰਿਤਸਰ ਆਇਆ ਹੈ। ਉਹ ਖਾਲਸਾ ਜੀ ਦੇ ਦਰਸ਼ਨਾਂ ਨੂੰ ਸ੍ਰੀ ਅੰਮ੍ਰਿਤਸਰ ਪੁੱਜ ਗਈ ਅਤੇ ਉਥੇ ਪ੍ਰੇਮ ਨਾਲ ਸ਼ਬਦ ਚੌਂਕੀ ਕੀਤੀ। ਪੰਥ ਨੇ ਸੁਣੀ। ਸਾਰੇ ਸ਼ਾਂਤੀ ਵਰਤ ਗਈ। ਪੰਥ ਉਸ 'ਪਰ ਅਤਿ ਪ੍ਰਸੰਨ ਹੋਇਆ। ਉਹ ਭਲੇ ਵਕਤ ਉਥੇ ਆਈ ਸੀ। ਨਵਾਬ ਕਪੂਰ ਸਿੰਘ ਦੀ ਨਜ਼ਰ ਉਸ ਦੇ ਬਾਲਕ 'ਪਰ ਪਈ। ਉਸ ਨੇ ਬਾਲਕ ਨੂੰ ਬੁਲਾ ਕੇ ਉਸ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ। ਉਸ ਬਾਲਕ ਦੀ ਮਾਤਾ ਨੂੰ ਇਸ 'ਪਰ ਬਹੁਤ ਖੁਸ਼ੀ ਹੋਈ। ਉਸ ਨੇ ਆਪਣੇ ਬਾਲਕ ਦੀ ਬਾਂਹ ਨਵਾਬ ਕਪੂਰ ਸਿੰਘ ਦੇ ਹੱਥ ਫੜਾ ਦਿੱਤੀ।

ਇਹ ਗੁਰੂ-ਘਰ ਦੀ ਸੱਚੀ ਪ੍ਰੇਮਣ ਦੇ ਨਿੱਤ ਕੀਰਤਨ ਕਰਨ ਵਾਲੀ ਉਸ ਬਾਲਕ ਦੀ ਮਾਤਾ ਸੀ, ਜਿਸਦਾ ਨਾਮ ਸਰਦਾਰ ਜੱਸਾ ਸਿੰਘ ਆਲੂਵਾਲੀਆ ਪ੍ਰਸਿੱਧ ਹੋਇਆ—

---

*ਸ੍ਰ: ਬਦਰ ਸਿੰਘ

ਅਤਿ ਪ੍ਰਸੰਨ ਪੰਥ ਤਿਸ ਪਰ ਭਯੋ।
ਭਲੇ ਵਖਤ ਕਿਤ ਵਹੁ ਥੋ ਅਯੋ।
ਕਪੂਰ ਸਿੰਘ ਲਯੋ ਬਾਲ ਬੁਲਾਇ।
ਕੀਯੋ ਸਿੰਘ ਨਿਜ ਅੰਮ੍ਰਿਤ ਛਕਾਇ।।੧੦।।

– ਦੋਹਰਾ –

ਮਾਤਾ ਭੀ ਉਸ ਹੁਇ ਖੁਸ਼ੀ, ਦੀਨੀ ਬਾਂਹਿ ਫੜਾਇ।
ਭਲੇ ਭਾਗ ਉਸ ਕੇ ਭਏ, ਰਹਯੋ ਨਿਬਾਬੈ ਪਾਹਿ।।੧੧।।

ਨਵਾਬ ਕਪੂਰ ਸਿੰਘ ਨੇ ਉਸ ਬਾਲਕ ਨੂੰ ਆਪਣੇ ਡੇਰੇ ਹੀ ਰੱਖ ਲਿਆ ਅਤੇ ਘੋੜਿਆਂ ਨੂੰ ਦਾਣਾ ਵੰਡਣ ਦਾ ਕੰਮ ਸੌਂਪ ਦਿੱਤਾ। ਪਰ ਦੂਜੇ ਲੋਕਾਂ ਨੇ ਉਸ ਬਾਲਕ ਨੂੰ ਬਹੁਤ ਤੰਗ ਕੀਤਾ ਤੇ ਉਹ ਰੋਣ ਲੱਗਾ। ਰੋਂਦੇ ਰੋਂਦੇ ਹੀ ਉਹ ਨਵਾਬ ਕਪੂਰ ਸਿੰਘ ਪਾਸ ਆਇਆ ਤੇ ਕਿਹਾ—

ਮੈਥੋਂ ਦਾਣਾ ਵਰਤੇ ਨਾਹੀਂ।
ਧੌਲ ਧਪੇ ਮੁਹਿ ਬਹੁਤ ਕਰਾਹੀਂ।। ੧੩।।

ਇਸ 'ਪਰ ਨਵਾਬ ਕਪੂਰ ਸਿੰਘ ਨੇ ਉਸ ਨੂੰ ਪਿਆਰ ਦਿੱਤਾ, ਸਿਰ 'ਤੇ ਹੱਥ ਰੱਖਿਆ ਤੇ ਕਿਹਾ—

"ਤੂੰ ਘੋੜਿਆਂ ਨੂੰ ਦਾਣਾ ਦੇਣਾ ਹੈ, ਜੇ ਕਰ ਪੰਥ ਮੈਨੂੰ ਨਵਾਬੀ ਬਖਸ਼ ਸਕਦਾ ਹੈ ਤਾਂ ਤੇਰੇ ਤਾਬਿਆ ਵੀ ਪਾਤਸ਼ਾਹੀ ਕਰ ਸਕਦਾ ਹੈ।"

ਬੱਸ, ਜੱਸਾ ਸਿੰਘ ਮਾਨੋ ਨਿਹਾਲ ਹੋ ਗਿਆ-ਸਿੰਘ ਜੀ ਦਾ ਬੋਲਿਆ ਅਕਾਰਥ ਥੋੜ੍ਹਾ ਜਾਣਾ ਸੀ! ਉਹ ਬਾਲਕ ਜੱਸਾ ਸਿੰਘ 'ਪਾਤਿਸ਼ਾਹ ਜੱਸਾ ਸਿੰਘ ਆਹਲੂਵਾਲੀਆ' ਬਣਿਆ। ਇਕ ਜ਼ਮਾਨੇ ਨੇ ਵੇਖਿਆ, ਨਵਾਬ ਸਾਹਿਬ ਦੀ ਗੱਲ ਸੱਚੀ ਹੋਈ—

'ਕਹੀ ਬਾਤ ਮੁਖ ਦਯੋ ਪਿਆਰ।
'ਤੁਧ ਦਾਣੋ' ਦੇਣੈ ਬੱਗ ਹਜ਼ਾਰ।।੧੪।।
ਹਮ ਤੌ ਕੀਨ ਪੰਥ ਨਵਾਬੈ।
ਤੇਰੈ ਕਰਿਯਗੁ ਪਤਿਸ਼ਾਹੀ ਤਾਬੈ।
ਉਸੀ ਵਕਤ ਤੇ ਭਯੋ ਨਿਹਾਲ।
ਸ਼ਾਹਿ ਕਹਾਯੋ ਜੱਸਾ ਸਿੰਘ ਕਲਾਲ'।।੧੫।।

ਨਿਰਸੰਦੇਹ ਜੱਸਾ ਸਿੰਘ ਕਲਾਲ ਬਾਦਸ਼ਾਹ ਬਣਿਆ, ਜਿਸ ਨੇ ਪਹਿਲੀ ਵਾਰ ਸਿੱਕਾ ਚਲਾਇਆ ਤੇ ਖਾਲਸਾ ਰਾਜ ਸਥਾਪਤ ਕੀਤਾ, ਅਹਿਮਦ ਸ਼ਾਹ ਅਬਦਾਲੀ ਦਾ ਮਾਰਿਆ ਮੁਲਕ ਆਪਣੇ ਤਾਬਿਆ ਕੀਤਾ ਤੇ ਇਸ ਤਰ੍ਹਾਂ ਸ਼ਾਹਾਂ ਦਾ ਸ਼ਾਹ ਕਹਿਲਵਾਇਆ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ-

ਜਦ ਅਹਿਮਦ ਸ਼ਾਹ ਮਰਹੱਟਿਆਂ 'ਤੇ ਫਤੇ ਪਾ ਕੇ ਲਾਹੌਰ ਪਰਤਿਆ ਤੇ ਲਾਹੌਰ

ਆ ਕੇ ਉਹ ਤਖ਼ਤ 'ਤੇ ਬੈਠਾ ਤਾਂ ਸਾਰੇ ਚੌਧਰੀਆਂ, ਸਰਦਾਰਾਂ, ਅਮੀਰਾਂ ਆਦਿ ਨੂੰ ਹਾਜ਼ਰ ਹੋਣ ਲਈ ਹੁਕਮ ਕੀਤਾ। ਕਸੂਰ ਦੇ ਮੀਰ ਮੁਹੰਮਦ ਖਾਂ ਨੂੰ ਇਸ ਲਈ ਕੈਦ ਕਰ ਲਿਆ ਕਿ ਉਸ ਨੇ ਸਿੰਘਾਂ ਨੂੰ ਰੁਪਯਾ ਦਿੱਤਾ ਸੀ, ਉਸ ਸਮੇਂ ਉਹ ਵੀਹ ਬਾਈ ਹਜ਼ਾਰ ਹਿੰਦੂ ਮਰਦ, ਔਰਤਾਂ, ਨਿਆਣੇ, ਸਿਆਣੇ, ਕੁੜੀਆਂ, ਮੁੰਡੇ ਰੋਂਦੇ, ਕੁਰਲਾਂਦੇ ਫੜੇ ਹੋਏ ਗੱਡਿਆਂ ਉੱਤੇ ਬੰਨ੍ਹ ਕੇ ਲਈ ਜਾ ਰਿਹਾ ਸੀ, ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉਸ ਨੂੰ ਸਭ ਸਿੱਖ ਸਰਦਾਰਾਂ ਨੂੰ ਨਾਲ ਲੈ ਕੇ ਗੋਇੰਦਵਾਲ ਪਾਸ ਬਿਆਸਾ ਟੱਪਦੇ ਹੋਇਆਂ ਅਚਨਚੇਤ ਜਾ ਦੱਬਿਆ ਅਤੇ ਕੈਦੀਆਂ ਦੇ ਬੰਧਨ ਕੱਟ ਦਿੱਤੇ ਉਨ੍ਹਾਂ ਨੂੰ ਘਰੋ ਘਰੀਂ ਭੇਜ ਦਿੱਤਾ। ਇਹ ਅਤਿ ਪਰੋਪਕਾਰੀ ਨੇਕਨਾਮੀ ਸਰਦਾਰ ਜੱਸਾ ਸਿੰਘ ਨੂੰ ਆਈ। ਬਾਦਸ਼ਾਹ ਲਹੂ ਦੇ ਘੁੱਟ ਭਰਦਾ ਹੋਇਆ ਚਲਾ ਗਿਆ।[8]

'ਸ਼ਮਸ਼ੇਰ ਖਾਲਸਾ' ਵਿਚ ਵੱਡੇ ਘੱਲੂਘਾਰੇ ਬਾਰੇ ਵੀ ਸੰਕੇਤ ਮਿਲਦਾ ਹੈ ਕਿ–

ਸਾਰੇ ਸਰਦਾਰ ਤਲਵਾਰਾਂ ਖਿੱਚ ਕੇ ਘੋੜੇ ਦੌੜਾ ਕੇ ਦੁਰਾਨੀਆਂ ਵਿਚ ਜਾ ਵੜੇ ਅਤੇ ਵੱਡੀ ਭਾਰੀ ਕਟਾ-ਵੱਢ ਕੀਤੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਚੜ੍ਹਤ ਸਿੰਘ ਨੇ ਚਾਰ ਹਜ਼ਾਰ ਸੂਰਬੀਰ ਲੈ ਕੇ ਤਿੰਨ ਵਾਰੀ ਖਾਸ ਅਹਿਮਦ ਸ਼ਾਹ ਨਾਲ ਜੂਝਣ ਲਈ ਦੁੱਰਾਨੀਆਂ ਦੀ ਸੈਨਾ ਗਾਹ ਮਾਰੀ। ਦੋ ਵਾਰ ਉਹ ਸ਼ਾਹ ਤਕ ਨਾ ਪਹੁੰਚ ਸਕੇ, ਪਰ ਤੀਜੀ ਵਾਰ ਸ਼ਾਹ ਦੇ ਨਜ਼ਦੀਕ ਜਾ ਕੇ ਸ੍ਰ: ਜੱਸਾ ਸਿੰਘ ਨੇ ਗੱਜ ਕੇ ਕਿਹਾ, "ਐ ਅਹਿਮਦ ਸ਼ਾਹ! ਜੇ ਤੂੰ ਮਰਦ ਏਂ, ਤਾਂ ਜਿਸ ਤਰ੍ਹਾਂ ਲੜਨਾ ਚਾਹੇਂ, ਆ ਲੜ ਲੈ, ਮੇਰਾ ਤੇਰਾ ਦੋਹਾਂ ਦਾ ਜੰਗ ਹੋਵੇ ਤੇ ਖਲਕਤ ਵੇਖੇ।" ਸਿੰਘ ਨੇ ਬਥੇਰਾ ਵੰਗਾਰਿਆ, ਪਰ ਅਬਦਾਲੀ ਨੂੰ ਹੌਂਸਲਾ ਨਾ ਹੋਇਆ ਤੇ ਉਹ ਟਲ ਗਿਆ।[9]

'ਚਹਾਰਿ ਬਾਗਿ-ਪੰਜਾਬ' ਕ੍ਰਿਤ ਗਣੇਸ਼ ਦਾਸ ਵਡਹਿਰਾ ਵਿਚ ਸਰਦਾਰ ਜੱਸਾ ਸਿੰਘ ਕਲਾਲ ਆਹਲੂਵਾਲੀਆ ਬਾਰੇ ਲਿਖਿਆ ਹੈ ਕਿ–

'ਊ ਤਰਫੇ-ਕਪੂਰਥਲਾ ਵਗ਼ੈਰਾ ਅਲਮ-ਅਫ ਰਾਜ਼ਿ-
ਸਲਤਨਦ ਸ਼ੁਦ, ਕਿ ਲਸ਼ਕਰੇ-ਊ ਰਾ ਯੋਧਾ ਦਲ ਗੁਫਤੰਦੇ'

ਅਰਥਾਤ ਜੱਸਾ ਸਿੰਘ ਆਹਲੂਵਾਲੀਆ ਸਰਦਾਰ ਨੇ ਕਪੂਰਥਲਾ ਆਦਿ ਵੱਲ ਸਲਤਨਤ ਦਾ ਝੰਡਾ ਝੁਲਾ ਦਿੱਤਾ (ਪਾਤਸ਼ਾਹ ਬਣ ਗਿਆ) ਅਤੇ ਉਸ ਦੇ ਲਸ਼ਕਰ ਨੂੰ 'ਯੋਧਾ ਦਲ' ਕਹਿੰਦੇ ਹਨ।

ਇਸ ਤੋਂ ਭਾਵ ਇਹ ਹੈ ਕਿ ਉਸ ਸਮੇਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਯੋਧੇ ਖਾਲਸਾ ਦਲ ਦਾ ਮੁਖੀ ਸੀ।

ਰਾਜ ਖਾਲਸਾ ਦੇ ਪਹਿਲੇ ਮਾਰੇ (ਚਲਾਏ) ਸਿੱਕੇ ਬਾਰੇ ਗਣੇਸ਼ ਦਾਸ ਲਿਖਦਾ ਹੈ ਕਿ–

ਸਰਦਾਰ ਜੱਸਾ ਸਿੰਘ, ਗੰਡਾ ਸਿੰਘ, ਝੰਡਾ ਸਿੰਘ ਆਦਿ ਭੰਗੀ ਸਰਦਾਰਾਂ ਨੇ ੧੮੨੧ ਬਿਕ੍ਰਮੀ ਅਰਥਾਤ ੧੭੬੪ ਈ: ਵਿਚ ਚਾਂਦੀ ਦੇ ਰੁਪਏ ਦਾ ਸਿੱਕਾ

ਗੁਰੂ ਗੋਬਿੰਦ ਸਿੰਘ ਦੇ ਨਾਮ 'ਤੇ ਟਕਸਾਲ ਵਿਚ ਮਾਰਿਆ ਅਤੇ ਇਹ ਬੈਂਤ
ਫਤ੍ਹੇ ਦਾ ਸੂਚਕ ਉਸ ਉੱਪਰ ਲਿਖਾਇਆ-
ਦੇਗੋ ਤੇਗੋ ਫਤਹਿ-ਓ-ਨੁਸਰਤ ਬੇਦਰੰਗ,
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ
ਚੁਨਾਂਚਹਿ ਨਕੋਦਰ ਸਰਾਇ, ਸ੍ਰੀ ਅੰਮ੍ਰਿਤਸਰ ਸ਼ਹਿਰ ਲਾਹੌਰ ਸਿਆਲਕੋਟ,
ਗੁਜਰਾਤ ਆਦਿ ਤੇ ਪੰਜਾਬ ਦੇ ਸਾਰੇ ਮੁਲਕਾਂ (ਇਲਾਕਿਆਂ) ਵਿਚ ਇਹ ਸਿੱਕਾ
ਰਾਇਜ਼ ਭਾਵ ਪ੍ਰਚਲਤ ਹੋ ਗਿਆ ਅਤੇ ਮੁਹੰਮਦ ਸ਼ਾਹੀ ਸਿੱਕਾ ਚਲਣੋਂ ਬੰਦ ਹੋ
ਗਿਆ। (ਚਹਾਰਿ ਬਾਗ ਪੰਜਾਬ ਪੰਨਾ-੧੩੦)

ਇਸ ਸਬੰਧ ਵਿਚ ਪੰਜਾਬ ਦੇ ਮੁਤਅੱਸਬੀ ਆਲਮ ਕੁਝ ਇਕ ਸਿੱਕਿਆਂ ਉਤੇ ਇਕ ਹੋਰ ਬੈਂਤ ਆਪ ਉਕਰਾ ਕੇ ਅਹਿਮਦ ਸ਼ਾਹ ਪਾਸ ਕਾਬਲ ਵਿਖੇ ਲੈ ਗਏ (ਉਸ ਨੂੰ ਭੜਕਾਉਣ ਲਈ) ਤੇ ਉਹ ਸਿੱਕਾ ਉਹੀ ਸੀ, ਜਿਸ ਉੱਪਰ ਖਾਲਸਾ ਸਲਤਨਤ ਦੇ ਪਾਤਿਸ਼ਾਹ ਜੱਸਾ ਸਿੰਘ ਦਾ ਨਾਮ ਖੁਦਿਆ ਹੋਇਆ ਸੀ (ਇਹ ਪਹਿਲਾ ਸਿੱਕਾ ਖਾਲਸਾ ਰਾਜ ਦਾ ਸੀ) ਤੇ ਉਹ ਸੀ-

'ਸਿੱਕਾ ਜਦ ਦਰ ਜਹਾਂ ਬ-ਫਜ਼ਲਿ-ਅਕਾਲ।
ਤਖ਼ਤਿ ਅਹਿਮਦ ਗਰਿਫ਼ਤ ਜੱਸਾ ਕਲਾਲ।'

ਵਿਦਵਾਨ ਮੁਸਨਿੱਫ (ਕਰਤਾ ਪੁਸਤਕ) ਨੇ 'ਮੁਲਕਿ-ਅਹਿਮਦ ਗਰਿਫਤ' ਦੀ ਥਾਂ 'ਤਖ਼ਤਿ-ਅਹਿਮਦ ਗਰਿਫਤ' ਲਿਖਿਆ ਹੈ। ਭਾਵ ਦੋਹਾਂ ਦਾ ਇਕੋ ਹੈ ਕਿ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਦਕਾ, ਜੋ ਉਸ ਸਮੇਂ ਖਾਲਸਾ ਜੀ ਦਾ ਪਰਮੁਖ ਜਥੇਦਾਰ ਤੇ ਸਰਦਾਰ ਸੀ, ਸਿੰਘ ਅੱਜ ਅਹਿਮਦ ਸ਼ਾਹ ਅਬਦਾਲੀ ਦੇ ਮਾਰੇ ਮੁਲਕ ਪੰਜਾਬ ਦੇ ਤਖ਼ਤ ਰਾਜ ਦੇ ਮਾਲਕ ਬਣ ਗਏ ਹਨ ਤੇ ਇਹ ਸੇਹਰਾ ਮਾਤਾ ਸੁੰਦਰੀ ਜੀ ਦੀ ਕਿਰਪਾ-ਦ੍ਰਿਸ਼ਟੀ ਅਤੇ ਨਵਾਬ ਕਪੂਰ ਸਿੰਘ ਦੇ ਮੁੱਖ ਚਾਟੜੇ ਸਰਦਾਰ ਜੱਸਾ ਸਿੰਘ ਕਲਾਲ ਨੂੰ ਜਾਂਦਾ ਹੈ। ਬੇਸ਼ੱਕ ਸਰਦਾਰ ਆਹਲੂਵਾਲੀਆ ਖਾਲਸਾ ਰਾਜ ਦੀ ਸਥਾਪਤੀ ਦਾ ਤੇਜੱਸਵੀ ਜਰਨੈਲ ਸਿੰਘ, ਜੋ ਪ੍ਰਚੰਡ ਸੂਰਜ ਵਾਂਗ ਪੰਜਾਬ ਦੇ ਧੁੰਧਲੇ ਆਕਾਸ਼ਪੁਰ ਸਿੱਖਾਂ ਦੇ ਜਾਹੋ-ਜਲਾਲ ਦੇ ਪ੍ਰਤੀਕ ਵਤ ਚਮਕ ਪਿਆ ਅਤੇ ਜਿਸ ਨੇ ਖਾਲਸਾ ਪਾਤਿਸ਼ਾਹੀ ਦਾ ਚਿੱਟਾ-ਦੁੱਧ ਦਿਨ ਚਾੜ੍ਹ ਦਿੱਤਾ।

ਸਰਦਾਰ ਖੁਸ਼ਵੰਤ ਸਿੰਘ, *'ਹਿਸਟਰੀ ਆਫ ਦਾ ਸਿੱਖਸ'* ਵਿਚ ਭੰਗੂ ਦੇ *'ਪੰਥ ਪ੍ਰਕਾਸ਼'* ਅਤੇ ਦੂਜੇ ਇਤਿਹਾਸਕਾਰਾਂ ਦੀ ਪ੍ਰੋੜਤਾ ਕਰਦਾ ਹੋਇਆ ਲਿਖਦਾ ਹੈ ਕਿ-

'ਸਰਦਾਰ ਜੱਸਾ ਸਿੰਘ ਕਲਾਲ ਪਿੰਡ ਆਹਲੂ (ਇਸੇ ਕਰ ਕੇ ਆਹਲੂਵਾਲੀਆ) ਵਿਖੇ ੧੭੧੮ ਈਸਵੀ ਵਿਚ ਜਨਮਿਆ। ਪੰਜ ਸਾਲ ਦੀ ਆਯੂ ਵਿਚ ਹੀ ਪਿਤਾ ਬਦਰ ਸਿੰਘ ਦਾ ਸਾਯਾ ਸਿਰ ਤੋਂ ਉਠ ਗਿਆ। ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਨੇ ਉਸ ਦੀ ਪਾਲਣਾ-ਪੋਸਣਾ ਕੀਤੀ ਤੇ ਫਿਰ ਪਿਛੋਂ ਨਵਾਬ ਕਪੂਰ ਸਿੰਘ ਨੇ ਉਸ ਦੀ ਦੇਖ-ਭਾਲ ਸੰਭਾਲੀ।

(ਹਿਸਟਰੀ ਆਫ ਦਾ ਸਿਖਸ ਪੰਨਾ-੧੨੩)

ਉਸ ਨੇ ਰਾਇ ਇਬਰਾਹੀਮ ਭੱਟੀ ਤੋਂ ਕਪੂਰਥਲਾ ਖੋਹ ਲਿਆ ਅਤੇ ਇਸ ਨਗਰ ਨੂੰ ਆਪਣੀ ਰਾਜਧਾਨੀ ਬਣਾ ਲਿਆ। ਜੱਸਾ ਸਿੰਘ ਦੀ ਮ੍ਰਿਤੂ ੧੭੮੩ ਈ: ਵਿਚ ਅੰਮ੍ਰਿਤਸਰ ਵਿਖੇ ਹੋਈ। ਉਸ ਦੀ ਕੋਈ ਔਲਾਦ ਨਾ ਹੋਣ ਕਰਕੇ ਭਾਗ ਸਿੰਘ ਉਸ ਦਾ ਗੱਦੀ-ਨਸ਼ੀਨ ਬਣਿਆ ਜੋ ੧੮੦੧ ਈ: ਵਿਚ ਕਾਲਵਸ ਹੋ ਗਿਆ ਅਤੇ ਉਸ ਦਾ ਲੜਕਾ ਫਤਹਿ ਸਿੰਘ ਕਪੂਰਥਲਾ ਰਿਆਸਤ ਦਾ ਵਾਰਿਸ ਹੋਇਆ, ਜੋ ਮਹਾਰਾਜਾ ਰਣਜੀਤ ਸਿੰਘ ਦਾ ਗੂੜ੍ਹਾ ਸਾਥੀ ਤੇ ਸ਼ਕਤੀਸ਼ਾਲੀ ਸਮਰਥਕ ਰਿਹਾ।

ਅੱਗੇ ਚਲ ਕੇ ਖੁਸ਼ਵੰਤ ਸਿੰਘ ਲਿਖਦਾ ਹੈ ਕਿ-

੧੭੪੫ ਈ: ਦੀ ਦੀਵਾਲੀ ਸਮੇਂ ਸਰਬੱਤ ਖਾਲਸਾ ਨੇ ਗੁਰਮਤਾ ਕੀਤਾ ਕਿ ਸਾਰੇ ਜਥਿਆਂ ਨੂੰ ੨੫ ਰੈਜਮੈਂਟਾਂ ਵਿਚ ਵੰਡ ਕੇ ਨਵਾਬ ਕਪੂਰ ਸਿੰਘ ਨੂੰ ਪਰਮ ਜਥੇਦਾਰ (ਕਮਾਂਡਰ-ਇਨ-ਚੀਫ) ਥਾਪ ਦਿੱਤਾ ਜਾਵੇ। ਸਰਦਾਰ ਹਰੀ ਸਿੰਘ ਭੰਗੀ, ਨੌਧ ਸਿੰਘ ਸ਼ੁਕਰਚੱਕੀਆ, ਜੱਸਾ ਸਿੰਘ ਆਹਲੂਵਾਲੀਆ ਤੇ ਜੈ ਸਿੰਘ ਕਨ੍ਹਈਆ ਇਨ੍ਹਾਂ ਰੈਜਮੈਂਟਾਂ ਵਿਚੋਂ ਪ੍ਰਸਿੱਧ ਜਰਨੈਲ ਸਨ, ਜਿਨ੍ਹਾਂ ਨੇ ਪੰਜਾਬ ਨੂੰ ਮੁਗਲਾਂ ਤੇ ਬਿਦੇਸ਼ੀ ਜਰਵਾਣਿਆਂ ਤੋਂ ਮੁਕਤ ਕਰਵਾਉਣ ਵਿਚ ਫੈਸਲਾਕੁਨ ਰੋਲ ਅਦਾ ਕੀਤਾ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਇਕ ਪ੍ਰਸਿੱਧ ਮਹਾਨ ਤੇ ਮੁਖੀ ਜਥੇਦਾਰ (ਸਰਦਾਰ) ਸੀ, ਜਿਸ ਨੂੰ ਪੰਜਾਬ ਦੇ ਸਿਰਕੱਢ ਤੇ ਚੋਟੀ ਦੇ ਜੋਧਿਆਂ ਤੇ ਸੂਰਬੀਰਾਂ ਵਿਚ ਸਹਿਜੇ ਹੀ ਸ਼ੁਮਾਰ ਕੀਤਾ ਜਾ ਸਕਦਾ ਹੈ। ਨਮਸਕਾਰ ਹੈ ਇਸ ਸੱਚੇ ਸੁੱਚੇ ਸਿੰਘ ਨੂੰ, ਜਿਸ ਦੇ ਸੀਸ 'ਪਹ ਨਵਾਬ ਕਪੂਰ ਸਿੰਘ ਦਾ ਹੱਥ ਸੀ ਤੇ ਜਿਸ ਨੂੰ ਮਾਤਾ ਸੁੰਦਰੀ ਜੀ ਦੀ ਚਰਣ-ਛੂਹ ਪ੍ਰਾਪਤ ਸੀ ਤੇ ਜੋ ਖਾਲਸਾ ਜੀ ਦੀ ਗੁਰ-ਮਾਤਾ ਦੀ ਕ੍ਰਿਪਾ-ਦ੍ਰਿਸ਼ਟੀ ਦਾ ਪਾਤਰ ਸੀ।

ਉਸ ਭਿਆਨਕ ਕਾਲ ਦੇ ਸਿੱਖ ਵੱਡੇ ਭਾਗਾਂ ਵਾਲੇ ਸਨ, ਜਿਨ੍ਹਾਂ ਨੂੰ ਜੱਸਾ ਸਿੰਘ ਆਹਲੂਵਾਲੀਆ, ਹਰੀ ਸਿੰਘ ਭੰਗੀ, ਚੜ੍ਹਤ ਸਿੰਘ ਸ਼ੁਕਰਚੱਕੀਆ ਜਿਹੇ ਮਹਾਨ ਨੇਤਾ ਤੇ ਸਰਦਾਰ ਨਸੀਬ ਹੋਏ। ਇਨ੍ਹਾਂ ਮਹਾਨ ਸੂਰਬੀਰਾਂ ਨੇ ਬਿਦੇਸ਼ੀ ਜਾਬਰਾਂ ਤੇ ਜਰਵਾਣਿਆਂ ਨਾਲ ਲੋਹਾ ਲਿਆ ਅਤੇ ਖਾਲਸਾ ਪਾਤਿਸ਼ਾਹਤ ਨੂੰ ਉਸਾਰਿਆ, ਉਸ ਦੀਆਂ ਨੀਹਾਂ ਵਿਚ ਆਪਣਾ ਲਹੂ ਵੀਟ ਕੇ ਉਸ ਨੂੰ ਪਕੇਰਿਆਂ ਕੀਤਾ ਤੇ ਨਾਲ ਮੁਗਲਾਂ ਤੇ ਜਰਵਾਣਿਆਂ ਦਿਆਂ ਲਸ਼ਕਰਾਂ ਦਾ ਇਹ ਤਲਿੱਸਮ ਵੀ ਤੋੜ ਕੇ ਚਕਨਾਚੂਰ ਕਰ ਦਿੱਤਾ ਕਿ ਉਹ (ਮੁਗਲ ਪਠਾਣ ਫੌਜਾਂ) ਅਜੈਯ ਤੇ ਅਜਿੱਤ ਹਨ। ਇਨ੍ਹਾਂ ਸਰਦਾਰਾਂ ਨੇ ਬਿਦੇਸ਼ੀ ਜ਼ਾਲਮ ਸ਼ਾਸਕਾਂ ਦੇ ਹਊਏ ਦਾ ਭਰਮ ਦੇਸ਼ਵਾਸੀਆਂ ਦੇ ਦਿਲਾਂ ਵਿਚੋਂ ਪੱਟੀ ਵਾਂਗ ਪੋਚ ਕੇ ਰੱਖ ਦਿੱਤਾ। ਇਹ ਸਰਦਾਰ ਦੇਸ਼ ਦੀ ਸੁਤੰਤਰਤਾ ਦੇ ਮੋਹਰੀ ਤੇ ਮਹਾਨ ਨੇਤਾ ਤੇ ਦੇਸ਼ ਦੇ ਮੁਕਤੀ-ਦਾਤਾ ਸਨ।

ਨਵਾਬ ਕਪੂਰ ਸਿੰਘ ਦੀ ਸਰਦਾਰੀ ਤੇ ਬਹਾਦਰੀ ਦਾ ਅਸਲ ਉਤਰਾਧਿਕਾਰੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਹੀ ਸੀ। ਉਸ ਦੀ ਸੂਰਮਤਾਈ ਦਾ ਸਿੱਕਾ ਜੰਮ ਚੁੱਕਾ ਸੀ, ਧਮਾ ਬੈਠ ਚੁੱਕਾ ਸੀ ਤੇ ਉਹ ਹੀ ਸਰਬੱਤ ਖਾਲਸਾ ਜਾਂ ਦਲ ਖਾਲਸਾ ਦਾ ਬੇਤਾਜ ਬਾਦਸ਼ਾਹ ਪਰਵਾਨ ਹੋ ਚੁਕਾ ਸੀ। ਨਵਾਬ ਕਪੂਰ ਸਿੰਘ ੧੭੫੩ ਈ: ਵਿਚ ਸੁਰਗਵਾਸ ਹੋਇਆ, ਪਰ ੧੭੪੮ ਈ: ਦੀ ਵੈਸਾਖੀ ਨੂੰ ਅੰਮ੍ਰਿਤਸਰ ਵਿਖੇ ਜਦ ਸਰਬੱਤ ਖਾਲਸਾ ਦਾ ਭਾਰੀ ਇਕੱਠ

ਹੋਇਆ ਤਾਂ ਸਰਦਾਰ ਜੱਸਾ ਸਿੰਘ ਉਸ ਤੋਂ ਪਹਿਲਾਂ ਮੱਧ ਪੰਜਾਬ ਦਾ ਮੁੱਖ ਨੇਤਾ ਤੇ ਅਜਿੱਤ ਵਿਜੇਤਾ ਸਥਾਪਤ ਹੋ ਚੁੱਕਾ ਸੀ।

ਅਦੀਨਾ ਬੇਗ ਖਾਂ ਨੂੰ ਹੁਸ਼ਿਆਰਪੁਰ ਵਿਖੇ ਭਾਰੀ ਭਾਂਜ ਦੇ ਕੇ ਉਸ ਦੇ ਇਲਾਕੇ ਦੇ ਸ਼ਾਸਕ ਬਣ ਕੇ ਉਹ ਉਪਰੋਕਤ ਵੈਸਾਖੀ ਸਮੇਂ ਅੰਮ੍ਰਿਤਸਰ ਸਰਬੱਤ ਖਾਲਸਾ ਦੀ ਬੈਠਕ ਵਿਚ ਪਹੁੰਚ ਗਿਆ। ਉਸੇ ਜੋੜ ਮੇਲੇ ਤੇ ਸਰਬੱਤ ਖਾਲਸਾ ਨੇ ਗੁਰਮਤਾ ਕਰਕੇ ਦਲ ਖਾਲਸਾ ਨੂੰ ਗਿਆਰਾਂ ਮਿਸਲਾਂ ਵਿਚ ਵੰਡਿਆ ਸੀ ਅਤੇ ਸ੍ਰ: ਜੱਸਾ ਸਿੰਘ ਜਿਥੇ ਆਹਲੂਵਾਲੀਆ ਮਿਸਲ ਦਾ ਸਰਦਾਰ ਬਣਾਇਆ ਗਿਆ, ਉਥੇ ਨਾਲ ਹੀ ਉਹ ਸਾਰੀਆਂ ਮਿਸਲਾਂ ਦਾ ਪਰਮੁੱਖ ਸਰਦਾਰ ਤੇ ਸੁਪਰੀਮ ਕਮਾਂਡਰ ਵੀ ਥਾਪਿਆ ਗਿਆ। ਕਪੂਰ ਸਿੰਘ ਨੂੰ ਤਾਂ ਖਾਲਸਾ ਜੀ 'ਨਵਾਬ' ਨਾਮ ਨਾਲ ਸੰਬੋਧਨ ਕਰਦੇ ਸਨ, ਹੁਣ ਸ੍ਰ: ਜੱਸਾ ਸਿੰਘ ਨੂੰ 'ਪਾਤਿਸ਼ਾਹ' ਕਰਕੇ ਸੰਬੋਧਨ ਕੀਤਾ ਜਾਣ ਲੱਗਾ।[8]

ਇਕ ਜ਼ਮਾਨੇ ਨੇ ਕੁਝ ਹੀ ਸਾਲਾਂ ਪਿਛੋਂ ਇਸੇ ਪਾਤਸ਼ਾਹ ਨੂੰ ਅਕਾਲ ਪੁਰਖ ਦੀ ਪਾਤਿਸ਼ਾਹੀ ਦਾ ਸਿੱਕਾ ਮਾਰਦਿਆਂ ਵੇਖਿਆ। ਲਾਹੌਰ ਉਸ ਪਾਤਿਸ਼ਾਹੀ ਦੀ ਰਾਜਧਾਨੀ ਬਣਾ ਦਿੱਤਾ ਗਿਆ ਸੀ। ਇਹ ਜੱਸਾ ਸਿੰਘ ਆਹਲੂਵਾਲੀਆ ਹੀ ਸੀ, ਜੋ ਅਜ਼ੀਮ ਫਾਤਹਿ (ਮਹਾਨ ਵਿਜੇਤਾ) ਦੇ ਰੂਪ ਵਿਚ ੧੭੬੨ ਈਸਵੀ ਵਿਚ ਇਸੇ ਲਾਹੌਰ ਵਿਚ ਦਲ ਖਾਲਸਾ ਦੀਆਂ ਸਰਬੱਤ ਫੌਜਾਂ ਦਾ ਮੁਹਰੀ ਬਣ ਕੇ ਦਾਖਲ ਹੋਇਆ ਸੀ ਤੇ ਸਿੱਖ ਪਾਤਿਸ਼ਾਹੀ ਦਾ ਪਹਿਲਾ ਸਿੱਕਾ ਮਾਰਿਆ ਸੀ।

'ਪਾਤਿਸ਼ਾਹ' ਕਹਿਲਾਵਣ ਵਾਲਾ ਜੱਸਾ ਸਿੰਘ ਕਲਾਲ ਸਚਮੁੱਚ ਹੀ ਲਾਹੌਰ ਮਾਰਨ ਨਾਲ ਖਾਲਸਾ ਪਾਤਿਸ਼ਾਹੀ ਦਾ ਬਾਦਸ਼ਾਹ ਬਣ ਚੁੱਕਾ ਸੀ। ਲੋਕਾਂ ਉਸ ਦਾ ਭਾਰੀ ਸਵਾਗਤ ਕੀਤਾ, ਉਹ ਹੁਣ ਪਾਤਿਸ਼ਾਹ ਜੱਸਾ ਸਿੰਘ ਨੂੰ 'ਸੁਲਤਾਨੁਲ-ਕੌਮ' ਕਹਿ ਕੇ ਬੁਲਾਉਣ ਲੱਗ ਪਏ ਸਨ।

ਬਾਬਾ ਦੀਪ ਸਿੰਘ ਸ਼ਹੀਦ ਦੇ ਛੋਹੇ ਹੋਏ ਕੰਮ ਨੂੰ ਸਿਰੇ ਚੜ੍ਹਾਉਣ ਵਾਲਾ ਵੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸੀ। ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਪਿਛੋਂ ਜਾਬਰ ਸ਼ਾਸਕਾਂ ਤੇ ਮੁਗਲ ਪਾਠਨਾਂ ਨੂੰ ਅਭੁੱਲ ਸਬਕ ਸਿਖਾਉਣ ਲਈ ਜੱਸਾ ਸਿੰਘ ਆਹਲੂਵਾਲੀਆ ਨੇ ਹੀ ਸਮੂਹ ਮਿਸਲਦਾਰਾਂ ਨੂੰ ਇਹ ਬਦਲਾ ਲੈਣ ਲਈ ਲਲਕਾਰਿਆ ਸੀ ਤੇ ਜਲੰਧਰ ਤਕ ਮੁਗ਼ਲ ਪਠਾਣੀ ਫੌਜਾਂ ਧੱਕਦਾ ਹੋਇਆ ੧੭੫੮ ਈਸਵੀ ਵਿਚ ਉਹਨਾਂ ਨੂੰ ਵਾਪਸ ਕਾਬਲ ਭੱਜ ਜਾਣ ਲਈ ਮਜ਼ਬੂਰ ਕਰ ਦਿੱਤਾ। ਤੈਮੂਰ (ਅਬਦਾਲੀ ਦਾ ਪੁੱਤਰ) ਤੇ ਉਸ ਦਾ ਚੀਫ ਕਮਾਂਡਰ ਜਹਾਨ ਖਾਨ ਮਸਾਂ ਜਾਨਾਂ ਬਚਾ ਕੇ ਨੱਸ ਸਕੇ। ਵਜ਼ੀਰਾਬਾਦ ਵੀ ਲੁੱਟ ਲਿਆ ਅਤੇ ਪਠਾਣ ਲਸ਼ਕਰੀਆਂ ਨੂੰ ਬੰਨ੍ਹ ਕੇ ਅੰਮ੍ਰਿਤਸਰ ਲਿਆਂਦਾ ਗਿਆ ਤੇ ਉਹਨਾਂ ਪਾਸੋਂ ਹਰਿਮੰਦਰ ਸਰੋਵਰ ਸਾਫ ਕਰਵਾਇਆ ਗਿਆ। ਅਬਦਾਲੀ ਨੇ ਜੋ ਬੇ-ਹੁਰਮਤੀ ਸ੍ਰੀ ਦਰਬਾਰ ਸਾਹਿਬ ਦੀ ਕੀਤੀ ਸੀ, ਉਸ ਦਾ ਢੁਕਵਾਂ ਉੱਤਰ ਦਿੱਤਾ। ਹੁਣ ਸਿੱਖ ਇਕ ਤਰ੍ਹਾਂ ਦੇ ਪੰਜਾਬ ਦੇ ਵਾਹਿਦ ਹਾਕਮ ਸਨ।

ਸ੍ਰ: ਜੱਸਾ ਸਿੰਘ ਖਾਲਸਾ ਪਾਤਿਸ਼ਾਹੀ ਸਥਾਪਤ ਕਰਨ ਵਿਚ ਵੀ ਮੁਹਰੀ ਸੀ ਜਿਸ ਕਰਕੇ ਉਹ ਵੱਡੇ ਆਦਰ ਸਤਿਕਾਰ ਦਾ ਪਾਤਰ ਬਣਿਆ। ਖਾਲਸਾ ਜੀ ਦੀ ਸੂਰਮਗਤੀ

ਸਥਾਪਤ ਕਰਨ ਵਿਚ, ਵੈਰੀ ਤੇ ਜਾਬਰ ਨੂੰ ਵੰਗਾਰਨ ਵਿਚ, ਪਾਤਿਸ਼ਾਹੀ ਦਾ ਝੰਡਾ ਗੱਡਣ ਵਿਚ, ਤਖਤੋ ਤਾਜ ਦੇ ਹਾਸਲ ਕਰਨ ਵਿਚ, ਖਾਲਸਾ ਜੀ ਦੇ ਸਿਰ 'ਤੇ ਸ਼ਾਹੀ ਛਤਰ ਝੁਲਾਉਣ ਵਿਚ, ਆਜ਼ਾਦ ਕੀਤੇ ਪੰਜਾਬ ਤੇ ਮੁਕਤ ਕੀਤੇ ਦੇਸ਼ ਧਰਤ 'ਤੇ ਖਾਲਸਈ ਨਿਸ਼ਾਨ ਸਾਹਿਬ ਗੱਡਣ ਤੇ ਉਚੇਰਾ ਰੱਖਣ ਵਿਚ ਅਤੇ ਅਖੀਰ ਤਕ ਭੀੜਾ ਦੇ ਸਮੇਂ ਵੀ ਘਲੂਘਾਰਿਆਂ ਵਿਚੋਂ ਬੇ-ਸ਼ੁਮਾਰ ਜ਼ਖ਼ਮ ਖਾ-ਖਾ ਕੇ ਵਹੀਰਾਂ ਨੂੰ ਵੈਰੀ ਦੇ ਹੱਲੇ ਤੋਂ ਬਚਾ ਕੇ ਸੁਰੱਖਿਅਤ ਥਾਂ 'ਤੇ ਲੈ ਜਾਵਣ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਦਾ ਖਲੋਤਾ ਨਜ਼ਰ ਆਇਆ। ਖਾਲਸਾ ਪਾਤਸ਼ਾਹੀ ਦਾ ਇਹ ਅਜੇਹਾ ਮਹਾਨ ਰਾਖਾ ਮਾਤਾ ਸੁੰਦਰੀ ਜੀ ਦੀ ਅਸੀਸ ਤੇ ਨਵਾਬ ਕਪੂਰ ਸਿੰਘ ਦੀ ਦਿਬ ਦ੍ਰਿਸ਼ਟੀ ਸਦਕਾ ਹੀ ਖਾਲਸਾ ਜੀ ਨੂੰ ਨਸੀਬ ਹੋਇਆ।

ਅਜਿਹਾ ਮਹਾਨ ਨੇਤਾ, ਗੁਰਸਿੱਖ ਸੂਰਬੀਰ ਸੈਨਾ-ਪਤੀ ਤੇ ਸੂਝਵਾਨ ਉਸਰੱਈਆ ਸੀ, ਸਰਦਾਰ ਜੱਸਾ ਸਿੰਘ ਕਲਾਲ, ਗੁਰੂ ਕਾ ਲਾਲ, ਪਾਤਸ਼ਾਹ ਸਰਦਾਰ, ਖਾਲਸਾ ਦਲਾਂ ਦਾ ਮੁਹਰੀ, ਸੁਲਤਾਨੁਲ ਕੌਮ ਤੇ ਫ਼ਖਰਿ ਕੌਮ, ਜਿਸ 'ਪਰ ਗੁਰ-ਮਾਤਾ, ਪੰਥ-ਮੁਖੀਏ ਤੇ ਸਿੱਖ ਸੰਗਤਾਂ ਦੀ ਮਿਹਰ ਦੀ ਦ੍ਰਿਸ਼ਟੀ ਸੀ ਤੇ ਉਹਨਾਂ ਦਾ ਪੂਰਨ ਵਿਸ਼ਵਾਸ ਪਰਾਪਤ ਸੀ। ਮਹਾਨ ਵਾਕ ਹੈ-

'ਜਨਨੀ ਜਨੈ ਤਾ ਭਗਤ ਜਨ, ਕੈ ਦਾਤਾ ਕੈ ਸੂਰ।'

ਕਿੱਡਾ ਵੱਡਾ ਭਗਤ ਸੀ, ਸ੍ਰ: ਜੱਸਾ ਸਿੰਘ ਆਹਲੂਵਾਲੀਆ ਜੋ ਗੁਰ-ਭਗਤੀ ਤੋਂ ਡੋਲਿਆ ਨਾਂਹ। ਕਿੱਡਾ ਮਹਾਨ ਦਾਤਾ ਸੀ, ਉਹ ਜਿਸ ਨੇ ਆਪਣੇ ਪ੍ਰਾਣਾਂ ਤੇ ਖੂਨ ਦੇ ਦਾਨ ਦੀ ਆਹੂਤੀ ਪਾਈ !

ਕਿਤਨਾ ਮਹਾਨ ਸੂਰਮਾ ਸੀ, ਜਿਸ ਨੇ ਕਾਬਲ, ਕੰਧਾਰ ਤੇ ਹਿੰਦੁਸਤਾਨ ਦੇ ਜਾਬਰ ਵਿਜੇਤੇ, ਜ਼ਾਲਮ ਦਰਿੰਦੇ ਅਬਦਾਲੀ ਨੂੰ ਰਣ-ਤੱਤੇ ਵਿਚ ਵੰਗਾਰਿਆ ਅਤੇ ਅਖੀਰ ਧਰਮ ਯੁੱਧ ਵਿਚ ਵਿਜੇ ਪ੍ਰਾਪਤ ਕੀਤੀ !

ਨਿਰਸੰਦੇਹ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਠਾਰ੍ਹਵੀਂ ਸਦੀ ਦਾ ਲਾਸਾਨੀ ਜਰਨੈਲ, ਗੁਰੂ-ਪੰਥ ਖਾਲਸੇ ਦਾ ਵਫਾਦਾਰ ਸੰਤ-ਸਿਪਾਹੀ ਅਤੇ ਸਿੱਖ ਸੰਗਤਾਂ ਦਾ ਨਿਰਮਾਣ ਸੇਵਕ ਸੀ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸਿੱਧ ਕਰ ਦਿੱਤਾ ਕਿ ਦ੍ਰਿੜ੍ਹ ਵਿਸ਼ਵਾਸ, ਨਿਰੰਤਰ ਜਤਨ ਅਤੇ ਧਰਮ ਤੇ ਦੇਸ਼ ਨਾਲ ਅਟੁੱਟ ਪਿਆਰ-ਮੁਹੱਬਤ ਹੀ ਸੂਰਬੀਰ ਯੋਧਿਆਂ ਦੀਆਂ ਸ਼ਮਸ਼ੀਰਾਂ ਤਲਵਾਰਾਂ ਤੇ ਜੰਗ ਦੇ ਹਥਿਆਰ ਹੁੰਦੇ ਹਨ, ਜੋ ਅਖੀਰ ਜ਼ਾਲਮ ਤੇ ਜ਼ੁਲਮ ਨੂੰ ਸਫਹਾ-ਏ-ਹਸਤੀ ਤੋਂ ਹਰਫੇ-ਗਲਤ ਵਾਂਗ ਮਿਟਾ ਕੇ ਰੱਖ ਦੇਂਦੇ ਹਨ ਅਤੇ ਕੌਮ ਦੀਆਂ ਸਦੀਆਂ ਦੀ ਗੁਲਾਮੀ ਤੇ ਪ੍ਰਾਧੀਨਤਾ ਦੀਆਂ ਜੰਜ਼ੀਰਾਂ ਤੋੜ ਕੇ ਪਾਸ਼-ਪਾਸ਼ ਕਰ ਦੇਂਦੇ ਹਨ-

ਯਕੀਂ ਮੁਹਕਮ, ਅਮਲ ਪੈਹਮ, ਮੁਹੱਬਤ ਫਾਤਿਹੇ ਆਲਮ,
ਜਹਾਦਿ-ਜ਼ਿੰਦਗਾਨੀ ਮੇਂ ਹੈਂ ਯਿਹ ਮਰਦੋਂ ਕੀ ਸ਼ਮਸ਼ੀਰੇਂ।

ਅਤੇ-

ਗੁਲਾਮੀ ਮੇਂ ਨਾ ਕਾਮ ਆਤੀ ਹੈਂ ਸ਼ਮਸ਼ੀਰੇਂ ਨਾ ਤਦਬੀਰੇਂ।

ਜੋ ਹੋ ਜ਼ੌਕਿ-ਯਕੀਂ ਪੈਦਾ ਤੋ ਕੱਟ ਜਾਤੀਂ ਹੈਂ ਜ਼ੰਜੀਰੇਂ। (ਇਕਬਾਲ)

ਸਰਦਾਰ ਜੱਸਾ ਸਿੰਘ ਨੇ ਉਸ ਜ਼ੁਲਮ, ਜਬਰ, ਗੁਲਾਮੀ ਦੀ ਹਨ੍ਹੇਰੀ ਰਾਤ ਵਿਚ ਆਪਣੇ ਤਨ ਬਦਨ 'ਤੇ ਅਨੇਕਾਂ ਘਾਉ ਫੱਟ ਸਹਾਰ ਕੇ ਅਤੇ ਲਹੂ ਦਾ ਆਖਰੀ ਕਤਰਾ ਵੀ ਬਹਾ ਕੇ ਇਸ ਕਾਲੀ ਬੋਲੀ ਰਾਤ ਨੂੰ ਮਿਟਾ ਕੇ ਰੱਖ ਦਿੱਤਾ। ਸੁਲਤਾਨੁਲ ਕੌਮ ਨੇ ਔਕੜਾਂ, ਮੁਸ਼ਕਲਾਂ ਤੇ ਤਕਲੀਫਾਂ ਦੀ ਰਤਾ ਪ੍ਰਵਾਹ ਨਾ ਕਰਦੇ ਹੋਏ ਅਖੀਰ ਖਾਲਸਾ ਪਾਤਿਸ਼ਾਹ ਦਾ ਸੂਰਜ ਉਦੈ ਕਰ ਵਿਖਾਇਆ, ਜਿਸ ਨਾਲ ਪੰਜ ਦਰਿਆਵਾਂ ਦੀ ਧਰਤ ਤੋਂ ਜ਼ੁਲਮ, ਅਨਿਆਇ ਤੇ ਅੱਤਿਆਚਾਰ ਦਾ ਗੂੜ੍ਹਾ ਕਾਲਾ ਸ਼ਾਹ ਹਨੇਰਾ ਦੂਰ ਹੋਇਆ। ਲੋਕਾਈ ਨੇ ਇਸ ਤੇਜੱਸਵੀ ਸੂਰਜ ਨੂੰ ਨਿਵ-ਨਿਵ ਸਲਾਮਾਂ ਕੀਤੀਆਂ।

ਲੋੜ ਹੈ ਅੱਜ ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਗੁਰੂ-ਪੰਥ ਵਿਚ ਮੁੜ ਕੋਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਪੈਦਾ ਹੋਵੇ, ਜੋ ਅਨਿਆਇ, ਕਾਣੀ ਵੰਡ ਤੇ ਵਿਤਕਰੇ ਦੇ ਜਬਰ ਭਰੇ ਲਸ਼ਕਰ ਨੂੰ ਪਛਾੜ ਦੇਵੇ ਅਤੇ ਸੱਚੇ ਅੱਖਰਾਂ ਵਿਚ ਦੇਸ਼ ਵਿਚ ਸੱਚੀ ਪਤਿਸ਼ਾਹੀ ਸਥਾਪਤ ਕਰੇ। ਸਾਰਾ ਪੰਥ ਇਹੋ ਆਸ ਲਾਈ ਬੈਠਾ ਹੈ।

❋❋❋

ਹਵਾਲੇ

੧. *'ਸ਼ਮਸ਼ੇਰ ਖਾਲਸਾ' ਕ੍ਰਿਤ ਗਿਆਨੀ ਗਿਆਨ ਸਿੰਘ ਜੀ, ਪੰਨੇ ੧੯੬-੯੭*

੨. *ਉਹੀ, ਪੰਨਾ ੨੯੮*

੩. *ਚਹਾਰਿਬਾਗ ਪੰਜਾਬ ਪੰਨਾ ੧੩੦*

੪. *ਵੇਖੋ ਖੁਸ਼ਵੰਤ ਸਿੰਘ ਰਚਿਤ ਏ ਹਿਸਟਰੀ ਆਫ ਦੀ ਸਿੱਖਸ-ਪੰਨਾ ੧੩੨*

ਬਾਬਾ ਗੁਰਬਖ਼ਸ਼ ਸਿੰਘ ਜੀ

ਦਸੰਬਰ, ੧੭੬੪ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਹਿੰਦੁਸਤਾਨ ਉੱਪਰ ਸੱਤਵਾਂ ਹਮਲਾ ਕੀਤਾ। ਅਸਲ ਵਿਚ ਉਸ ਨੇ ਇਸ ਵੇਰ ਨਜੀਬੇ ਰੁਹੇਲੇ ਦੀ ਮਦਦ ਲਈ ਦਿੱਲੀ ਜਾਣਾ ਸੀ ਕਿਉਂਕਿ ਉਹ ਉਥੇ ਘਿਰ ਚੁੱਕਾ ਸੀ। ਜਵਾਹਰ ਸਿੰਘ ਭਰਤਪੁਰੀਏ ਨੇ ਦਿੱਲੀ ਉੱਪਰ ਹਮਲਾ ਕਰਨ ਅਤੇ ਇਸ ਤਰ੍ਹਾਂ ਆਪਣੇ ਪਿਤਾ ਦੀ ਮੌਤ ਦਾ ਨਜੀਬ ਉਦੌਲਾ ਤੋਂ ਬਦਲਾ ਲੈਣ ਲਈ ਖਾਲਸਾ ਜੀ ਤੋਂ ਅਤੇ ਮਰਾਠਿਆਂ ਤੋਂ ਵੀ ਸਹਾਇਤਾ ਮੰਗੀ ਸੀ। ਮਰਾਠਿਆਂ ਦਾ ਸਰਦਾਰ ਮਲਹਾਰ ਰਾਓ ਹੁਲਕਰ ਤਾਂ ਖੜਾ ਤਮਾਸ਼ਾ ਹੀ ਦੇਖਦਾ ਰਿਹਾ ਪਰ ਦਲ ਖ਼ਾਲਸਾ ਦਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ੧੫ ਹਜ਼ਾਰ ਸਿੰਘਾਂ ਸਮੇਤ ਜਵਾਹਰ ਸਿੰਘ ਦੀ ਮਦਦ 'ਤੇ ਸੀ। ਨਜੀਬ-ਉੱਦੌਲਾ ਨੇ ਆਪਣੇ ਆਪ ਨੂੰ ਮੁਸੀਬਤ ਵਿਚ ਘਿਰੇ ਦੇਖ ਅਬਦਾਲੀ ਵੱਲ ਸੁਨੇਹਾ ਭੇਜ ਦਿੱਤਾ ਸੀ। ਅਬਦਾਲੀ ਨੂੰ ਇਹ ਵੀ ਖਬਰਾਂ ਮਿਲ ਚੁਕੀਆਂ ਸਨ ਕਿ ਸਿੰਘਾਂ ਨੇ ਪੰਜਾਬ ਵਿਚ ਦੁਰਾਨੀਆਂ ਨੂੰ ਹੂੰਝਾ ਫੇਰ ਦਿੱਤਾ ਹੈ। ਸਿੰਘਾਂ ਨੇ ਸਰਹੰਦ ਉੱਪਰ ਕਬਜ਼ਾ ਕਰ ਲਿਆ ਸੀ, ਕਾਬਲੀ ਮੱਲ ਨੇ ਲਾਹੌਰ ਖਾਲਸਾ ਜੀ ਦੀ ਈਨ ਮੰਨ ਲਈ ਸੀ, ਜਹਾਨ ਖ਼ਾਨ ਅਤੇ ਸਰਬ-ਲੰਦ ਖਾਨ ਸਿਆਲਕੋਟ ਤੇ ਰੋਹਤਾਸ ਵਿਚ ਸਿੰਘਾਂ ਪਾਸੋਂ ਬੁਰੀ ਮਾਰ ਖਾ ਚੁੱਕੇ ਸਨ। ਇਨ੍ਹਾਂ ਸਾਰੇ ਹਾਲਾਤਾਂ ਨੂੰ ਮੁੱਖ ਰੱਖ ਕੇ ਅਬਦਾਲੀ ਨੇ ਆਪਣੇ ਨਾਲ ਕਲਾਤ ਦੇ ਬਲੋਚ ਹਾਕਮ ਮੀਰ ਨਸੀਰ ਖਾਨ ਨੂੰ ਲਿਆ ਅਤੇ ਸਿੰਘਾਂ ਵਿਰੁਧ ਜਹਾਦ ਦਾ ਨਾਹਰਾ ਦੇਂਦੇ ਹੋਏ ਹਿੰਦੁਸਤਾਨ ਉੱਪਰ ਆਪਣਾ ਸੱਤਵਾਂ ਹਮਲਾ ਬੋਲ ਦਿੱਤਾ।

ਇਸ ਵੇਲੇ ਸਿੱਖ ਸਰਦਾਰ ਵੱਖ-ਵੱਖ ਮੁਹਿੰਮਾਂ ਉੱਪਰ ਚੜ੍ਹੇ ਹੋਏ ਸਨ ਅਤੇ ਕੇਂਦਰੀ ਪੰਜਾਬ ਲਗਭਗ ਸਿੰਘਾਂ ਤੋਂ ਖਾਲੀ ਹੀ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜਵਾਹਰ ਸਿੰਘ ਦੀ ਸਹਾਇਤਾ ਲਈ ਦਿੱਲੀ ਸੀ, ਭੰਗੀ ਸਰਦਾਰ ਸਾਂਦਲ ਬਾਰ ਦੇ ਇਲਾਕੇ ਵੱਲ ਸਨ। ਕੇਵਲ ਸਰਦਾਰ ਚੜ੍ਹਤ ਸਿੰਘ ਹੀ ਸਿਆਲਕੋਟ ਸੀ ਅਤੇ ਉਸ ਨੇ ਜਦ ਅਬਦਾਲੀ ਦੇ ਲਾਹੌਰ ਪਹੁੰਚਣ ਦੀ ਖ਼ਬਰ ਸੁਣੀ ਤਾਂ ਇਕ ਦਮ ਅਚਾਨਕ ਅਬਦਾਲੀ ਦੇ ਕੈਂਪ 'ਤੇ ਹਮਲਾ ਬੋਲ ਦਿੱਤਾ। ਹਮਲਾ ਇੰਨਾ ਤੇਜ਼ ਅਤੇ ਸਖ਼ਤ ਸੀ ਕਿ ਦੁਰਾਨੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਅਤੇ ਉਹਨਾਂ ਦਾ ਬਹੁਤ ਨੁਕਸਾਨ ਹੋਇਆ। ਇਸ ਤਰ੍ਹਾਂ ਸਰਦਾਰ ਚੜ੍ਹਤ ਸਿੰਘ, ਅਬਦਾਲੀ ਨਾਲ ਇਕ ਸਫਲ ਟੱਕਰ ਲੈ ਕੇ, ਫਿਰ ਕਿਸੇ ਮੌਕੇ ਦੀ ਤਾੜ ਲਈ ਇਕ ਪਾਸੇ ਹਟ ਗਿਆ।

ਅਬਦਾਲੀ ਨੂੰ ਖ਼ਬਰ ਮਿਲੀ ਕਿ ਸਿੰਘ ਅੰਮ੍ਰਿਤਸਰ ਵੱਲ ਗਏ ਹਨ। ਸਿੰਘਾਂ ਦਾ ਪਿੱਛਾ ਕਰਨ ਲਈ ਉਸ ਨੇ ਅੰਮ੍ਰਿਤਸਰ ਵੱਲ ਧਾਈ ਕੀਤੀ। ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਵਿਚ ਇਸ ਵੇਲੇ ਕੇਵਲ ਤੀਹ ਕੁ ਸਿੰਘ ਹੀ ਸਨ ਅਤੇ ਇਹਨਾਂ ਦੇ ਜਥੇਦਾਰ ਸਨ ਨਿਹੰਗ ਭਾਈ

ਗੁਰਬਖਸ਼ ਸਿੰਘ ਜੀ। ਭਾਈ ਗੁਰਬਖ਼ਸ਼ ਸਿੰਘ ਜੀ ਪਿੰਡ ਲੀਲ੍ਹ (ਅੰਮ੍ਰਿਤਸਰ) ਮਾਝੇ ਦੇ ਵਸਨੀਕ ਸਨ ਅਤੇ ਇਹਨਾਂ ਨੇ ਭਾਈ ਮਨੀ ਸਿੰਘ ਜੀ ਹੱਥੋਂ ਅੰਮ੍ਰਿਤ ਛਕਿਆ ਸੀ। ਪੱਕੇ ਨਿਤਨੇਮੀ, ਰਹਿਤ ਮਰਯਾਦਾ ਵਿਚ ਪਰਪੱਕ ਅਤੇ ਜਿਧਰ ਵੀ ਕਿਧਰੇ ਜੰਗ-ਜੁੱਧ ਹੁੰਦਾ, ਹਮੇਸ਼ਾ ਮੂਹਰੇ ਹੋ ਡਟਦੇ ਸਨ।

ਅਬਦਾਲੀ ਦੇ ਸ੍ਰੀ ਦਰਬਾਰ ਸਾਹਿਬ ਉੱਪਰ ਹਮਲੇ ਦੀ ਖ਼ਬਰ ਸੁਣਦਿਆਂ ਹੀ ਨਿਹੰਗ ਭਾਈ ਗੁਰਬਖਸ਼ ਸਿੰਘ ਅਤੇ ਉਸ ਦੇ ਤੀਹ ਸਾਥੀਆਂ ਨੇ ਵੀ ਸ੍ਰੀ ਦਰਬਾਰ ਸਾਹਿਬ ਦੀ ਰਖਵਾਲੀ ਕਰਨ ਲਈ ਤਿਆਰੀ ਆਰੰਭ ਦਿੱਤੀ। ਉਹ ਸਾਰੇ ਸਨਮੁਖ ਸ਼ਹੀਦੀਆਂ ਪ੍ਰਾਪਤ ਕਰਨ ਦੀਆਂ ਅਰਜ਼ੋਈਆਂ ਕਰ ਰਹੇ ਸਨ। ਕਿਸੇ ਨੇ ਨੀਲਾ ਬਾਣਾ ਸਜਾਇਆ, ਕਿਸੇ ਸਫੈਦ 'ਤੇ ਕਿਸੇ ਨੇ ਕੇਸਰੀ–

ਕਿਸੈ ਪੁਸ਼ਾਕ ਥੀ ਨੀਲੀ ਸਜਾਈ।
ਕਿਨੈ ਸੇਤ ਕਿਸੈ ਕੇਸਰੀ ਰੰਗਵਾਈ...।।੩੫।।[8]

ਇਹਨਾਂ ਸਭ ਸਿੰਘਾਂ ਨੇ ਆਪਣੇ ਸ਼ਸਤਰ ਬਸਤਰ ਸਜਾ ਲਏ। ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਦਾ ਪਾਠ ਕੀਤਾ, ਗੁਰੂ ਗ੍ਰੰਥ ਸਾਹਿਬ ਦਾ ਵਾਕ ਲਿਆ। ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਇਹ ਸਭ ਤਿਆਰੀਆਂ ਇਕ ਵਿਆਹ ਦੀ ਤਰ੍ਹਾਂ ਕੀਤੀਆਂ ਗਈਆਂ। ਸ੍ਰ: ਰਤਨ ਸਿੰਘ ਭੰਗੂ ਲਿਖਦਾ ਹੈ–

ਪੰਜ ਪੌੜੀ ਸਿੰਘ ਅਨੰਦ ਪੜ੍ਹਾਯੋ।
ਗੁਰ ਗਣੇਸ਼ ਜਿਮ ਗ੍ਰੰਥ ਪੁਜਾਯੋ।
ਬਿਆਹਿ ਵਾਂਗ ਕੀਯੋ ਜੱਗ ਉਛਾਹਿ।
ਸਿੰਘਨ ਬਹਾਇ ਖੁਲਾਯੋ ਕੜਾਹਿ।।੩੮।।

ਇਸ ਤਰ੍ਹਾਂ ਪੂਰੀ ਤਿਆਰੀ ਕਰਕੇ ਅਕਾਲ ਬੁੰਗੇ ਤੋਂ ਉਤਰ ਕੇ ਭਾਈ ਗੁਰਬਖ਼ਸ਼ ਸਿੰਘ ਜੀ ਆਪਣੇ ਸਾਥੀਆਂ ਸਮੇਤ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਗਏ—

ਕਰ ਕੰਗਨੋ, ਸਿਰ ਸੇਹਰੋ, ਮੋਢੇ ਧਰ ਤਲਵਾਰ।
ਤਖਤੋਂ ਉਤਰ ਨਿਹੰਗ ਸਿੰਘ ਪੂਜਨ ਚਲਯੋ ਦਰਬਾਰ।।੪੩।।

ਦਰਬਾਰ ਸਾਹਿਬ ਮੱਥਾ ਟੇਕਿਆ, ਚਾਰ ਪਰਦੱਖਣਾਂ ਕੀਤੀਆਂ ਅਤੇ ਫਿਰ ਸਿੰਘਾਂ ਇਹ ਅਰਦਾਸ ਕੀਤੀ—

ਹਰਿਮੰਦਰ ਕੇ ਹਜ਼ੂਰ ਇਮ, ਖੜ ਕਰ ਕਰੀ ਅਰਦਾਸ।
ਸਤਿਗੁਰ ਸਿੱਖੀ ਸੰਗ ਨਿਭੈ, ਸੀਸ ਕੇਸਨ ਕੇ ਸਾਸ।।੪੮।।

ਇਤਨੇ ਨੂੰ ਅਬਦਾਲੀ ਦੀਆਂ ਫੌਜਾਂ ਪ੍ਰਕਰਮਾਂ ਨੇੜੇ ਪਹੁੰਚ ਗਈਆਂ, ਸਿੰਘ ਕੇਵਲ ਤੀਹ ਪ੍ਰੰਤੂ ਅਬਦਾਲੀ ਦੀ ਫੌਜਾਂ ਦੀ ਗਿਣਤੀ ਛੱਤੀ ਹਜ਼ਾਰ ਸੀ। ਸਿੰਘ ਜਿਸ ਪਾਸੇ ਵੀ ਪੈਂਦੇ, ਦੁਸ਼ਮਣਾਂ ਦੀਆਂ ਸਫਾਂ ਵਿਹਲੀਆਂ ਕਰੀ ਜਾਂਦੇ। ਇਸ ਤਰ੍ਹਾਂ ਉਹ ਸ੍ਰੀ ਦਰਬਾਰ ਸਾਹਿਬ ਦੀ ਰਖਵਾਲੀ ਲਈ ਦੁਸ਼ਮਣ ਨਾਲ ਲੋਹਾ ਲੈਂਦੇ, ਇਕ ਦੂਸਰੇ ਤੋਂ ਅੱਗੇ ਹੋ ਕੇ ਸ਼ਹੀਦ ਹੁੰਦੇ ਗਏ। ਨਿਹੰਗ ਭਾਈ ਗੁਰਬਖ਼ਸ਼ ਸਿੰਘ ਜੀ ਸਭ ਨੂੰ ਹੌਸਲਾ ਦੇ ਰਹੇ ਸਨ ਅਤੇ ਅੱਗੇ ਹੀ ਅੱਗੇ ਹੋ

ਲੜਨ ਦੀ ਪ੍ਰੇਰਨਾ ਕਰ ਰਹੇ ਸਨ। ਇਸ ਪ੍ਰੇਰਨਾ ਸਦਕਾ ਉਹ ਸ਼ਹੀਦ ਹੋ ਜਾਂਦੇ, ਪਰ ਉਹਨਾਂ ਦੇ ਪੈਰ ਅੱਗੇ ਹੀ ਅੱਗੇ ਜਾਂਦੇ ਸਨ—

ਪਗ ਆਗੈ ਪਤ ਊਬਰੈ, ਪਗ ਪਾਛੈ ਪਤ ਜਾਇ।
ਬੈਰੀ ਖੰਡੈ ਸਿਰ ਧਰੈ, ਫਿਰ ਕਯਾ ਤਕਨ ਸਹਾਇ।।੫੮।।

ਦੁਰਾਨੀਆਂ ਦੇ ਸਰੀਰ ਸੰਜੋਆਂ ਵਿਚ ਢੱਕੇ ਹੋਏ ਸਨ, ਉਹਨਾਂ ਪਾਸ ਲੰਮੀ ਮਾਰ ਕਰਨ ਵਾਲੇ ਹਥਿਆਰ, ਤੀਰ, ਬੰਦੂਕ ਆਦਿ ਸਨ। ਦੂਜੇ ਬੰਨੇ ਸਿੰਘਾਂ ਪਾਸ ਤੇਗਾਂ, ਬਰਛੇ ਹੀ ਸਨ। ਪਰ ਸਿੰਘਾਂ ਦੇ ਮਨਾਂ ਵਿਚ ਆਪਣੇ ਪਵਿੱਤਰ ਅਸਥਾਨ ਦੀ ਰੱਖਿਆ ਲਈ ਇਕ ਦੂਜੇ ਤੋਂ ਅੱਗੇ ਹੋ ਕੇ ਸ਼ਹੀਦ ਹੋਣ ਦਾ ਚਾਅ ਸੀ—

ਆਪ ਬਿੱਚ ਤੇ ਕਰੇ ਕਰਾਰ।
ਤੁਹਿ ਤੇ ਅਗੈ ਮੈਂ ਹੋਗੁ ਸਿਧਾਰ।।੫੨।।

ਸਿੰਘਾਂ ਦੇ ਇਸ ਜੋਸ਼ ਨੇ ਦੁਸ਼ਮਣਾਂ ਦੇ ਕੰਨੀ ਹੱਥ ਲੁਆ ਦਿੱਤੇ। ਜਦ ਕਾਫੀ ਸਿੰਘ ਸ਼ਹੀਦ ਹੋ ਗਏ ਤਾਂ ਭਾਈ ਗੁਰਬਖਸ਼ ਸਿੰਘ ਆਪ ਤੇਗਾਂ ਲੈ ਕੇ ਵੈਰੀ ਦੇ ਸਿਰ ਜਾ ਧਮਕੇ। ਸਰੀਰਾਂ ਨੂੰ ਸੰਜੋਆਂ ਸਣੇ ਚੀਰਦੇ ਵੈਰੀ ਦੀਆਂ ਸਫਾਂ ਵਿਹਲੀਆਂ ਕਰਦੇ ਗਏ। ਵੈਰੀ ਢਾਲ ਦਾ ਆਸਰਾ ਲੈਂਦੇ ਸਨ, ਪਰ ਸਿੰਘ ਜੀ ਨੇ ਢਾਲ ਵੀ ਛੱਡ ਦਿੱਤੀ ਕਿ ਮੂੰਹ ਲੁਕਾ ਕੇ ਨਹੀਂ, ਹੁਣ ਸਨਮੁਖ ਹੋ ਲੜਨਾ ਹੈ। ਗਿਲਜ਼ੇ ਹੁਣ ਦੂਰੋਂ ਹੀ ਤੀਰਾਂ ਜਾਂ ਗੋਲੀਆਂ ਨਾਲ ਲੜ ਰਹੇ ਸਨ, ਨੇੜੇ ਆਉਣ ਦੀ ਜੁਰਅਤ ਨਹੀਂ ਸਨ ਕਰ ਰਹੇ।

ਭਾਈ ਗੁਰਬਖ਼ਸ਼ ਸਿੰਘ ਜੀ ਐਨ ਮੈਦਾਨ ਵਿਚ ਪੁੱਜ ਕੇ ਲੜ ਰਹੇ ਸਨ। ਵੈਰੀ ਦੇ ਤੀਰ ਉਹਨਾਂ ਦੇ ਸਰੀਰ ਨੂੰ ਚੀਰੀ ਜਾਂਦੇ। ਅਣਗਿਣਤ ਜ਼ਖ਼ਮ ਅਤੇ ਸਰੀਰ ਵਿਚੋਂ ਖੂਨ ਇਵੇਂ ਚੋ ਰਿਹਾ ਸੀ, ਜਿਵੇਂ ਕੋਹਲੂ ਵਿਚੋਂ ਪਰਨਾਲੇ ਛੁੱਟ ਰਹੇ ਹੋਣ ਜਾਂ ਜਿਵੇਂ ਵੱਡੀ ਮਸ਼ਕ ਵਿਚ ਛੇਕ ਹੋਏ ਹੋਣ ਤੇ ਉਸ ਵਿਚੋਂ ਚਾਰੇ ਪਾਸੀਂ ਫੁਹਾਰੇ ਛੁੱਟ ਰਹੇ ਹੋਣ—

ਜਨੁ ਬਡ ਮਛਕ ਸੁ ਭਏ ਸਲਾਖ।
ਛੁਟੇ ਫੁਹਾਰੇ ਚਹੂੰ ਵਲ ਝਾਕ।...੭੫।।

ਸਰੀਰ ਰੱਤ-ਹੀਣ ਹੋ ਗਿਆ ਪਰ ਪੈਰ ਫਿਰ ਵੀ ਅੱਗੇ ਹੀ ਜਾਂਦੇ ਸਨ। ਚਾਰ-ਚੁਫੇਰ ਘੇਰਾ ਪੈ ਗਿਆ। ਗਿਲਜ਼ਿਆਂ ਨੇ ਚੁਫੇਰਿਓਂ ਨੇਜ਼ੇ ਵਹਾਏ ਅਤੇ ਸਿੰਘ ਜੀ ਗੋਡਿਆਂ ਭਾਰ ਡਿੱਗੇ ਪਰ ਹੱਥੋਂ ਤੇਗ ਨਹੀਂ ਛੱਡੀ-ਤੇਗ ਚਲਦੀ ਰਹੀ। ਅਖੀਰ ਅੰਤ ਸਮਾਂ ਆ ਗਿਆ ਅਤੇ ਗੁਰੂ-ਚਰਨਾਂ ਵਿਚ ਜਾ ਬਿਰਾਜੇ।

ਕਾਜ਼ੀ ਨੂਰ ਮੁਹੰਮਦ ਨੇ ਇਹ ਸਾਰਾ ਯੁੱਧ ਅੱਖੀਂ ਡਿੱਠਾ। ਉਹ ਇਸ ਹਮਲੇ ਦੌਰਾਨ ਅਬਦਾਲੀ ਦੇ ਨਾਲ ਹੀ ਸੀ। ਇਸ ਸਾਕੇ ਬਾਰੇ ਨੂਰ ਮੁਹੰਮਦ ਲਿਖਦਾ ਹੈ—

'ਜਦ ਬਾਦਸ਼ਾਹ ਅਤੇ ਸ਼ਾਹੀ ਲਸ਼ਕਰ (ਗੁਰੂ ਕੇ) ਚਕ (ਅੰਮ੍ਰਿਤਸਰ) ਪੁੱਜਾ ਤਾਂ ਕੋਈ ਕਾਫਰ ਉਥੇ ਨਜ਼ਰ ਨਾ ਆਇਆ, ਪਰ ਕੁਝ ਥੋੜ੍ਹੇ ਜਿਹੇ ਬੰਦੇ ਗੜ੍ਹੀ (ਬੁੰਗੇ) ਵਿਚ ਟਿਕੇ ਹੋਏ ਸਨ ਕਿ ਆਪਣਾ ਖੂਨ ਡੋਲ੍ਹ ਦੇਣ ਅਤੇ ਜਿਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਤੋਂ ਕੁਰਬਾਨ ਕਰ ਦਿੱਤਾ। ਜਦ ਉਹਨਾਂ ਨੇ ਬਾਦਸ਼ਾਹ

ਅਤੇ ਇਸਲਾਮੀ ਲਸ਼ਕਰ ਨੂੰ ਦੇਖਿਆ ਤਾਂ ਉਹ ਸਾਰੇ ਬੁੰਗੇ ਵਿਚੋਂ ਨਿਕਲ ਪਏ। ਉਹ ਸਾਰੇ ਗਿਣਤੀ ਵਿਚ ਤੀਹ ਸਨ। ਉਹ ਜ਼ਰਾ ਭਰ ਵੀ ਡਰੇ, ਘਬਰਾਏ ਨਹੀਂ। ਉਹਨਾਂ ਨੂੰ ਨਾ ਕਤਲ ਹੋਣ ਦਾ ਡਰ ਸੀ, ਨਾ ਮੌਤ ਦਾ ਭੈਅ। ਉਹ ਗਾਜ਼ੀਆਂ ਨਾਲ ਜੁਟ ਪਏ ਅਤੇ ਉਲਝਣ ਵਿਚ ਆਪਣਾ ਲਹੂ ਡੋਲ੍ਹ ਗਏ। ਇਸ ਤਰ੍ਹਾਂ ਠੀਕ ਸਾਰੇ ਹੀ ਸਿੰਘ ਕਤਲ ਹੋ ਗਏ।[੨]

ਇਹ ਹੈ ਕਾਜ਼ੀ ਨੂਰ ਮੁਹੰਮਦ ਦਾ ਅੱਖੀਂ ਡਿੱਠਾ ਬਿਆਨ ਕਿ ਕਿਵੇਂ ਕੇਵਲ ਤੀਹ ਸਿੰਘਾਂ ਨੇ ਅਬਦਾਲੀ ਦੀ ਤੀਹ ਹਜ਼ਾਰ ਅਫਗਾਨੀ ਅਤੇ ਬਲੋਂਚ ਫੌਜ ਦਾ ਮੁਕਾਬਲਾ ਕੀਤਾ ਅਤੇ ਉਹ ਮੌਤ ਤੋਂ ਨਿਡਰ ਹੋ ਕੇ ਗੁਰੂ ਦੇ ਨਾਮ ਪੁਰ ਆਪਣੀਆਂ ਜਾਨਾਂ ਵਾਰ ਗਏ। ਖਾਲਸਾ-ਪੰਥ ਅਜਿਹੇ ਮਹਾਨ ਸ਼ਹੀਦਾਂ ਤੇ ਨਿਰਭੈ ਯੋਧਿਆਂ ਸਦਕਾ ਸਦਾ ਚੜ੍ਹਦੀ ਕਲਾ ਵਿਚ ਰਹੇਗਾ।* ਖਤਮ ਕਰਨ ਵਾਲੇ ਆਪ ਖ਼ਤਮ ਹੋ ਗਏ, ਮਾਰਨ ਵਾਲੇ ਆਪ ਮਰ ਗਏ, ਅੱਜ ਕਿਸੇ ਦਾ ਨਾਮ ਨਹੀਂ; ਪਰ ਸ਼ਹੀਦਾਂ ਦੇ ਨਾਮ ਸਦਾ ਅਮਰ ਹਨ, ਅਮਰ ਰਹਿਣਗੇ।

ਹਵਾਲੇ

੧. ਦੇਖੋ, ਸ੍ਰੀ ਗੁਰ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ ਪ੍ਰਕਾਸ਼ਕ ਸ਼੍ਰੋਮਣੀ ਗੁ: ਪ੍ਰ: ਕਮੇਟੀ, ਪੰਨਾ ੫੧੧-੨੫

੨. ਜੰਗਨਾਮਾ ਕ੍ਰਿਤ ਕਾਜ਼ੀ ਨੂਰ ਮਹੰਮਦ।

*ਇਨ੍ਹਾਂ ਦਾ ਸ਼ਹੀਦੀ ਜੋੜ ਮੇਲਾ ਹਰ ਸਾਲ ਮੱਘਰ ਸੁਦੀ ੯ ਨੂੰ ਸ੍ਰੀ ਦਰਬਾਰ ਸਾਹਿਬ ਵਲੋਂ ਮਨਾਇਆ ਜਾਂਦਾ ਹੈ।

ਜੱਸਾ ਸਿੰਘ ਰਾਮਗੜ੍ਹੀਆ

ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ੧੭੨੩ ਈ: ਵਿਚ ਇੱਛੋਗਿਲ ਦੇ ਅਸਥਾਨ ਉੱਤੇ ਹੋਇਆ। ਜੋ ਰਾਮਗੜ੍ਹੀਆ ਮਿਸਲ ਦਾ ਮੋਢੀ ਸੀ ਜਿਸ ਨੂੰ ਜੱਸਾ ਸਿੰਘ ਇੱਛੋਗਿਲੀਆ ਜਾਂ ਠੋਕਾ ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ। ਉਸ ਦਾ ਪਿਤਾ ਗਿਆਨੀ ਭਗਵਾਨ ਸਿੰਘ ਤਰਖਾਣਾ ਕੰਮ ਕਰਦਾ ਸੀ। ਇਥੇ ਇਹ ਗੱਲ ਵਰਣਨਯੋਗ ਹੈ ਕਿ ਰਾਮਗੜ੍ਹੀਆ ਮੂਲ ਰੂਪ ਵਿਚ ਕਿਸੇ ਜਾਤੀ ਦਾ ਨਾਮ ਨਹੀਂ। ਇਬਿਟਸਨ ਨੇ ਆਪਣੀ ਰਚਨਾ 'ਦਾ ਪੰਜਾਬ ਕਾਸਟਸ' ਵਿਚ ਲਿਖਿਆ ਹੈ ਕਿ ਤਰਖਾਣਾ ਜਾਂ ਲੁਹਾਰਾ ਕੰਮ ਕਰਨ ਵਾਲਿਆਂ ਨੂੰ ਰਾਜਪੂਤ ਕਹਿ ਕੇ ਜਾਣਿਆ ਜਾਂਦਾ ਸੀ ਜਿਨ੍ਹਾਂ ਨੇ ਆਧੁਨਿਕ ਸਮਿਆਂ ਤੋਂ ਆਪਣੀ ਜ਼ਾਤ ਦੇ ਵਿਰਾਸਤੀ ਕਿੱਤਿਆਂ ਨੂੰ ਅਪਣਾ ਲਿਆ ਸੀ। ਜੱਸਾ ਸਿੰਘ ਨੂੰ ਭਾਬੜਾ ਜ਼ਾਤ ਵਿਚੋਂ ਗਿਣਿਆ ਜਾਂਦਾ ਹੈ ਅਤੇ ਭਾਬੜੇ ਜਾਂ ਭਾਮਰਿਆਂ ਦਾ ਮੂਲ ਕਨੌਜ ਦੇ ਰਾਠੌਰ ਸਰਦਾਰ ਧਰਮ ਬੰਬੂ ਦੀ ਵੰਸ ਵਿਚੋਂ ਉਲੀਕਿਆ ਜਾਂਦਾ ਹੈ ਜਿਨ੍ਹਾਂ ਦੀਆਂ ਕੁਝ ਗਿਣਤੀ ਵਿਚ ਨਸਲਾਂ ਨੇ ਆਪਣੇ ਆਪ ਨੂੰ ਰਾਉ ਦੇ ਨਾਮ ਨਾਲ ਪ੍ਰਸਿੱਧ ਕੀਤਾ। ਕਰੁਕਸ ਤੇ ਟੌਡਜ਼ ਦੀ ਰਚਨਾ 'ਐਨਲਜ਼ ਐਨਟੀਕਸ ਆਫ ਰਾਜਸਥਾਨ' ਵਿਚ ਅਜਿਹਾ ਸਵੀਕਾਰ ਕੀਤਾ ਗਿਆ ਹੈ।

ਜੱਸਾ ਸਿੰਘ ਰਾਮਗੜ੍ਹੀਆ ਦੇ ਵੱਡੇ ਵਡੇਰੇ ਸੁਰ ਸਿੰਘ ਝਬਾਲ ਦੇ ਰਹਿਣ ਵਾਲੇ ਸਨ ਪ੍ਰੰਤੂ ਇਸ ਦੇ ਦਾਦਾ ਹਰਦਾਸ ਸਿੰਘ ਦੇ ਪ੍ਰਲੋਕ ਸਿਧਾਰ ਜਾਣ 'ਤੇ ਭਗਵਾਨ ਸਿੰਘ ਨੇ ੧੭੭੨ ਈ: ਵਿਚ ਆਪਣੀ ਵਸੋਂ ਪਿੰਡ ਇੱਛੋਗਿਲ ਪ੍ਰਗਨਾ ਲਾਹੌਰ ਵਿਚ ਕਰ ਲਈ।

ਗਿਆਨੀ ਗਿਆਨ ਸਿੰਘ (ਸਮਸ਼ੇਰ ਖਾਲਸਾ) ਅਨੁਸਾਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਦਾਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਸਿੰਘਾਂ ਵਿਚੋਂ ਇਕ ਸਨ ਪ੍ਰੰਤੂ ਗੁਰੂ ਸਾਹਿਬ ਦੇ ਸੰਨ ੧੭੦੮ ਵਿਚ ਨੰਦੇੜ ਚਲੇ ਜਾਣ ਉੱਤੇ ਉਹ ਮੁੜ ਘਰ ਪਰਤ ਆਏ। ਹਰਦਾਸ ਸਿੰਘ ਬੰਦਾ ਸਿੰਘ ਬਹਾਦਰ ਦੁਆਰਾ ਲੜੀਆਂ ਗਈਆਂ ਪ੍ਰਮੁੱਖ ਲੜਾਈਆਂ ਵਿਚ ਹਾਜ਼ਰ ਸਨ ਅਤੇ ਅੰਤ ਨੂੰ ਬਜਵਾੜੇ ਦੇ ਨਿਕਟ, ਸੰਨ ੧੭੧੫ ਦੇ ਲਗਪਗ ਲੜਾਈ ਵਿਚ ਸ਼ਹੀਦ ਹੋ ਗਏ।

ਗਿਆਨੀ ਗਿਆਨ ਸਿੰਘ ਅਨੁਸਾਰ :

> ਜੱਸਾ ਸਿੰਘ ਰਾਮਗੜ੍ਹੀਆ ਦਾ ਪਿਤਾ ਭਗਵਾਨ ਸਿੰਘ ਇਕ ਦੇਸ਼ ਭਗਤ ਵਿਅਕਤੀ ਸੀ ਜੋ ਸਿੱਖਾਂ ਦੁਆਰਾ ਲੜੀਆਂ ਜਾਣ ਵਾਲੀਆਂ ਲੜਾਈਆਂ ਵਿਚ ਸ਼ਾਮਲ ਰਿਹਾ। ਹੌਲੀ-ਹੌਲੀ ਭਗਵਾਨ ਸਿੰਘ ੧੦੦ ਘੋੜ-ਸਵਾਰਾਂ ਦਾ ਸਰਦਾਰ

ਬਣਨ ਵਿਚ ਸਫਲ ਹੋਇਆ। ਰਵਾਇਤ ਹੈ ਕਿ ਸੰਨ ੧੭੩੯ ਵਿਚ ਨਾਦਰਸ਼ਾਹ ਦੇ ਹਮਲੇ ਸਮੇਂ ਭਗਵਾਨ ਸਿੰਘ ਨੇ ਆਪਣੇ ਜੰਗਜੂ ਹੋਣ ਦਾ ਸਬੂਤ ਦਿੱਤਾ।

ਜੱਸਾ ਸਿੰਘ ਰਾਮਗੜ੍ਹੀਆ ਨੇ ਜੁਆਨੀ ਦੀ ਉਮਰ ਦੀ ਸ਼ੁਰੂਆਤ ਕਰਦਿਆਂ ਹੀ ਸ਼ਸਤਰਾਂ ਦੇ ਕਿੱਤੇ ਨੂੰ ਅਪਣਾਇਆ ਅਤੇ ਸਿੱਖਾਂ ਵਿਚ ਇਕ ਜੰਗਜੂ ਨੇਤਾ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਇਆ। ਇਤਿਹਾਸ ਗਵਾਹੀ ਭਰਦਾ ਹੈ ਕਿ ਲਾਹੌਰ ਦੇ ਗਵਰਨਰ ਜ਼ਕਰੀਆ ਖਾਂ ਨੇ ਸੰਨ ੧੭੩੪ ਤੱਕ ਸਿੱਖਾਂ ਨੂੰ ਤਸੀਹੇ ਦੇ ਕੇ ਮਾਰਨ ਦੀ ਨੀਤੀ ਅਪਣਾਈ ਰੱਖੀ ਅਤੇ ਉਸ ਨਾਲ ਉਨ੍ਹਾਂ ਨੂੰ ਆਪਣੇ ਪੱਖ ਵਿਚ ਕਰਨ ਦੇ ਯਤਨ ਕਰ ਰਿਹਾ ਸੀ ਤਾਂ ਜੋ ਉਹ ਦੂਸਰੇ ਨਾਗਰਿਕਾਂ ਵਾਂਗ ਉਸ ਦਾ ਸਾਥ ਦੇਣ। ਤਾਂ ਰਾਮਗੜ੍ਹੀਆ ਸਰਦਾਰ ਜੱਸਾ ਸਿੰਘ ਨੂੰ ਮੁਗਲਾਂ ਨਾਲ ਸੁਲਹ-ਸਫਾਈ ਦੀ ਨੀਤੀ ਅਪਨਾਉਣ ਲਈ ਪ੍ਰੇਰਿਆ ਗਿਆ, ਜਿਸ ਦਾ ਕੋਈ ਲਾਭਦਾਇਕ ਸਿੱਟਾ ਨਾ ਨਿਕਲਿਆ। ਬਾਅਦ ਵਿਚ ਜਦੋਂ ਅਦੀਨਾ ਬੇਗ ਖਾਂ ਨੇ ਸਿੱਖ ਘੋੜ ਸਵਾਰਾਂ ਨੂੰ ਆਪਣੀ ਫੌਜ ਵਿਚ ਭਰਤੀ ਕਰਨ ਦੀ ਨੀਤੀ ਆਰੰਭੀ ਤਾਂ ਜੱਸਾ ਸਿੰਘ ਨੇ ਉਸ ਦਾ ਸਾਥ ਦਿੱਤਾ। ਇਹ ਸ਼ਾਇਦ ਇਸ ਲਈ ਕੀਤਾ ਗਿਆ ਕਿ ਮੁਗ਼ਲਾਂ ਦੀਆਂ ਫੌਜਾਂ ਦੇ ਮਨਸੂਬਿਆਂ ਤੋਂ ਵਾਕਫ਼ੀਅਤ ਹਾਸਲ ਹੋ ਸਕੇ। ਕਿਹਾ ਜਾਂਦਾ ਹੈ ਕਿ ਸੰਨ ੧੭੪੮ ਵਿਚ ਜੱਸਾ ਸਿੰਘ ਰਾਮਗੜ੍ਹੀਆ ਤੇ ਅਦੀਨਾ ਬੇਗ ਨੇ ਸਿੰਘਾਂ ਵਲੋਂ ਬਣਾਏ ਗਏ ਕਿਲ੍ਹੇ ਰਾਮਰੌਣੀ ਉੱਤੇ ਮਿਲ ਕੇ ਹਮਲਾ ਕੀਤਾ। ਖੁਸ਼ਵਕਤ ਰਾਏ ਇਸ ਸੰਬੰਧ ਵਿਚ ਲਿਖਦਾ ਹੈ ਕਿ ਮੀਰ ਮੰਨੂੰ ਤੇ ਅਦੀਨਾ ਬੇਗ ਨੇ ਰਾਮਰੌਣੀ ਦੇ ਕਿਲ੍ਹੇ ਦਾ ਮੁਆਸਰਾ ਕੀਤਾ ਜੋ ਚਾਰ ਮਹੀਨੇ ਤਕ ਰਿਹਾ। ਇਤਿਹਾਸਕਾਰ ਇਹ ਸਮਾਂ ਅਕਤੂਬਰ ੧੭੪੮ ਤੋਂ ਜਨਵਰੀ ੧੭੪੯ ਤੱਕ ਦਾ ਉਲੀਕਦੇ ਹਨ। ਇਸ ਸਮੇਂ ਦੇ ਦੌਰਾਨ ਰੋਜ਼ਾਨਾ ਮੁੱਠ-ਭੇੜਾਂ ਹੁੰਦੀਆਂ ਰਹੀਆਂ। ਰਵਾਇਤ ਹੈ ਕਿ ਇਸ ਸਮੇਂ ਦੌਰਾਨ ਜੱਸਾ ਸਿੰਘ ਰਾਮਗੜ੍ਹੀਆ ਅਦੀਨਾ ਬੇਗ ਦਾ ਸਾਥ ਛੱਡ ਰਾਮਰੌਣੀ ਦੇ ਕਿਲ੍ਹੇ ਵਿਚ ਦਾਖਲ ਹੋ ਗਿਆ। ਇਸ ਘਟਨਾ ਨੇ ਸਿੱਖ ਘੋੜ-ਸਵਾਰਾਂ ਦਾ ਹੌਸਲਾ ਵਧਾਇਆ। ਜੱਸਾ ਸਿੰਘ ਰਾਮਗੜ੍ਹੀਆ ਦੇ ਜ਼ੋਰ ਦੇਣ ਉੱਤੇ ਦੀਵਾਨ ਕੌੜਾ ਮੱਲ ਨੇ ਮੀਰ ਮੰਨੂੰ ਨੂੰ ਰਾਮਰੌਣੀ ਦੇ ਕਿਲ੍ਹੇ ਤੋਂ ਘੇਰਾ ਚੁੱਕ ਲੈਣ ਲਈ ਮਜਬੂਰ ਕੀਤਾ। ਸਿੱਖ ਇਤਿਹਾਸ ਵਿਚ ਇਹ ਘਟਨਾ ਅਤਿਅੰਤ ਮਹੱਤਤਾ-ਯੋਗ ਹੈ ਜਿਸ ਦੇ ਫਲਸਰੂਪ ਬਹੁਤ ਸਾਰੀਆਂ ਸਿੱਖ ਜਾਨਾਂ ਮੌਤ ਦੇ ਮੂੰਹ ਵਿਚੋਂ ਬਚੀਆਂ। ਬਾਅਦ ਵਿਚ ਸਿੱਖਾਂ ਨੇ ਰਾਮਰੌਣੀ ਦਾ ਕਿਲ੍ਹਾ ਖੁਸ਼ੀ-ਖੁਸ਼ੀ ਜੱਸਾ ਸਿੰਘ ਰਾਮਗੜ੍ਹੀਆ ਨੂੰ ਸੌਂਪ ਦਿੱਤਾ ਅਤੇ ਉਸ ਨੇ ਦੁਬਾਰਾ ਇਸ ਦੀ ਉਸਾਰੀ ਕਰਨ ਉਪਰੰਤ ਇਸ ਦਾ ਨਾਂ ਰਾਮਗੜ੍ਹ ਰੱਖਿਆ। ਕਈ ਇਤਿਹਾਸਕਾਰ ਅਤੇ ਲੇਖਕ ਦਰਸਾਉਂਦੇ ਹਨ ਕਿ ਇਸੇ ਕਾਰਨ ਇਸ ਮਿਸਲ ਦਾ ਨਾਂ ਰਾਮਗੜ੍ਹੀਆ ਮਿਸਲ ਪਿਆ। ਕਿਹਾ ਜਾਂਦਾ ਹੈ ਕਿ ਇਸ ਕਿਲ੍ਹੇ ਦੇ ਜੱਸਾ ਸਿੰਘ ਰਾਮਗੜ੍ਹੀਆ ਦੇ ਕਬਜ਼ੇ ਵਿਚ ਰਹਿਣ ਕਾਰਨ ਜੱਸਾ ਸਿੰਘ ਰਾਮਗੜ੍ਹੀਆ ਦੇ ਨਾਂ ਨਾਲ ਮਸ਼ਹੂਰ ਹੋਇਆ।

ਅਹਿਮਦ ਸ਼ਾਹ ਅਬਦਾਲੀ ਦੇ ਭਾਰਤ ਉੱਤੇ ਹਮਲਿਆਂ ਦੌਰਾਨ ਉਸ ਦਾ ਸਿੰਘਾਂ ਨਾਲ ਸੰਘਰਸ਼ ਕੋਈ ਭੁੱਲੀ-ਵਿਸਰੀ ਗੱਲ ਨਹੀਂ ਹੈ। ਇਸ ਸਮੇਂ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ ਅਤੇ ਦੇਸ਼ ਭਗਤੀ ਦੇ ਜਜ਼ਬੇ ਨੂੰ ਪ੍ਰਧਾਨ ਰੱਖਿਆ।

ਸਿੱਖਾਂ ਦੇ ਕਸੂਰ ਜਿੱਤਣ ਸਮੇਂ ਵੀ ਜੱਸਾ ਸਿੰਘ ਰਾਮਗੜ੍ਹੀਆ ਉਨ੍ਹਾਂ ਦੇ ਨਾਲ ਸੀ। ਉਸ ਨੇ ਖਾਲਸੇ ਦੀਆਂ ਅਫਗਾਨ ਅਤੇ ਮੁਗ਼ਲ ਸ਼ਕਤੀ ਨਾਲ ਜੰਗਾਂ ਵਿਰੁੱਧ ਵਡਮੁੱਲਾ ਯੋਗਦਾਨ ਪਾਇਆ। ਉਸ ਨੇ ਪੰਜਾਬ ਵਿਚ ਸ਼ਾਂਤੀ ਦੀ ਸਥਾਪਨਾ ਅਤੇ ਪਰਜਾ ਦੀ ਰੱਖਿਆ ਹਿੱਤ ਉੱਘਾ ਕੰਮ ਕੀਤਾ। ਜਦੋਂ ਖ਼ਾਲਸੇ ਨੇ ਅਹਿਮਦ ਸ਼ਾਹ ਅਬਦਾਲੀ ਦੀ ਸ਼ਕਤੀ ਨੂੰ ੧੭੬੭ ਤਕ ਖ਼ਤਮ ਕਰ ਦਿੱਤਾ ਅਤੇ ਮੁਗ਼ਲ ਸਰਕਾਰ ਦਾ ਦੀਵਾ ਡਗ-ਮਗਾ ਰਿਹਾ ਸੀ ਤਾਂ ਜੱਸਾ ਸਿੰਘ ਰਾਮਗੜ੍ਹੀਆ ਨੇ ਲਗ-ਭਗ ੭ ਲੱਖ ਰੁਪਏ ਦੇ ਕਰ ਵਾਲੇ ਇਲਾਕੇ ਉਤੇ ਆਪਣਾ ਕਬਜ਼ਾ ਕਰ ਲਿਆ ਜਿਸ ਵਿਚ ਹਰਿਗੋਬਿੰਦਪੁਰ, ਕਲਾਨੌਰ, ਬਟਾਲਾ ਆਦਿ ਸ਼ਾਮਿਲ ਸਨ। ਜੱਸਾ ਸਿੰਘ ਰਾਮਗੜ੍ਹੀਆ ਨੇ ਦਲ ਖਾਲਸੇ ਦੀਆਂ ਬਹੁਤ ਸਾਰੀਆਂ ਲੜਾਈਆਂ ਵਿਚ ਤਨਦੇਹੀ ਨਾਲ ਸੰਘਰਸ਼ ਕੀਤਾ। ਸਰਹਿੰਦ ਦੇ ਹਾਕਮ ਜੈਨ ਖ਼ਾਨ ਨੂੰ ਖਾਲਸੇ ਦੇ ਨਾਲ ਮਿਲ ਕੇ ਹਾਰ ਦੇਣ ਵਿਚ ਜੱਸਾ ਸਿੰਘ ਰਾਮਗੜ੍ਹੀਆ ਸ਼ਾਮਲ ਸੀ। ਹੌਲੀ-ਹੌਲੀ ਜਲੰਧਰ, ਦੁਆਬੇ ਵਿਚਲੇ ਇਲਾਕੇ ਮਨੀਵਾਲ, ਸ਼ਹਿਰੀ, ਦੇਬਨ, ਝੇਰਾ, ਮਕੱਣਾਪੁਰ, ਮੇਘਵਾਲ, ਮਿਆਨੀ ਉੜਮੁੜ ਟਾਂਡਾ ਆਦਿ ਦੇ ਸਮੂੰਹ ਇਲਾਕੇ ਜੱਸਾ ਸਿੰਘ ਰਾਮਗੜ੍ਹੀਆ ਅਧੀਨ ਆ ਗਏ। ਇਸ ਤੋਂ ਛੁੱਟ ਪਹਾੜੀ ਇਲਾਕੇ ਜਿਵੇਂ ਕਟੋਚੀ, ਚੰਬਾ, ਹਰੀਪੁਰ ਆਦਿ ਵੀ ਉਸ ਦੇ ਅਧੀਨ ਹੋ ਗਏ।

ਜੱਸਾ ਸਿੰਘ ਦੀ ਗਰੀਬ-ਗੁਰਬੇ ਉੱਤੇ ਕ੍ਰਿਪਾ-ਦ੍ਰਿਸ਼ਟੀ ਨੂੰ ਇਤਿਹਾਸ ਦੇ ਪੰਨੇ ਕਈ ਥਾਂ ਉਜਾਗਰ ਕਰਦੇ ਹਨ। ਜੱਸਾ ਸਿੰਘ ਦਾ ਹਿਸਾਰ ਦੇ ਬ੍ਰਾਹਮਣ ਦੀ ਤੀਵੀਂ ਨੂੰ ਜ਼ਾਲਮਾਂ ਪਾਸੋਂ ਛੁਡਾਉਣਾ ਅਜੇ ਤਕ ਪ੍ਰਸਿੱਧ ਹੈ। ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਜੱਸਾ ਸਿੰਘ ਰਾਮਗੜ੍ਹੀਆ ਇਕ ਧਰਮੀ ਤੇ ਸੂਰਬੀਰ ਜੋਧਾ ਸੀ। ਉਸ ਦਾ ਦਾਨੀ ਤੇ ਸ਼ਰਨਪਾਲ ਹੋਣਾ ਲੋਕ ਕਥਾ ਦਾ ਵਿਸ਼ਾ ਹੈ।

ਜੱਸਾ ਸਿੰਘ ਰਾਮਗੜ੍ਹੀਆ ਆਪਣੇ ਕਰਤੱਵਾਂ ਦੀ ਪੂਰਤੀ ਲਈ ਵਿਚਰਦਾ ਹੋਇਆ ਸੰਨ ੧੮੦੩ ਈ: ਵਿਚ ਪ੍ਰਲੋਕ ਸਿਧਾਰ ਗਿਆ।

❋❋❋

ਸਰਦਾਰ ਬਘੇਲ ਸਿੰਘ ਜੀ

ਸਰਦਾਰ ਬਘੇਲ ਸਿੰਘ ੧੮ਵੀਂ ਸਦੀ ਦੇ ਉਹਨਾਂ ਮੁੱਖ ਸਿੱਖ ਸਰਦਾਰਾਂ ਵਿਚੋਂ ਇਕ ਪ੍ਰਸਿੱਧ ਸਰਦਾਰ ਸੀ ਜਿਸ ਨੇ ਸਿੱਖੀ ਦੀ ਸ਼ਾਨੋ-ਸ਼ੌਕਤ ਨੂੰ ਵਧਾਇਆ। ਇਹ ਬਘੇਲ ਸਿੰਘ ਹੀ ਸੀ ਜਿਸ ਨੇ ਦਿੱਲੀ ਤਕ ਆਪਣਾ ਦਬਦਬਾ ਕਾਇਮ ਕੀਤਾ। ੧੭੬੧ ਈ: ਨੂੰ ਇਹ ਕਰੋੜਾ ਸਿੰਘ ਦੀ ਮਿਸਲ ਦਾ ਜਥੇਦਾਰ ਬਣਿਆ। ਜਥੇਦਾਰ ਕਰੋੜਾ ਸਿੰਘ ਦੇ ਸੰਤਾਨ ਹੀਣ ਹੋਣ ਕਰਕੇ ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ ਇਸ ਮਿਸਲ ਦੀ ਜਥੇਦਾਰੀ ਸ੍ਰ: ਬਘੇਲ ਸਿੰਘ ਨੂੰ ਦਿੱਤੀ ਗਈ। ਗੋਕਲ ਚੰਦ ਨਾਰੰਗ ਦੇ ਵਿਚਾਰ ਅਨੁਸਾਰ **ਬਘੇਲ ਸਿੰਘ ਕਰੋੜਾ ਸਿੰਘ ਦੇ ਅਨੁਯਾਈਆਂ ਵਿਚੋਂ ਸਭ ਤੋਂ ਵੱਧ ਉੱਦਮੀ ਸੀ। ਇਸ ਦੀ ਸਰਪ੍ਰਸਤੀ ਅਧੀਨ ਮਿਸਲ ਨੇ ਭਾਰੀ ਸ਼ਕਤੀ ਪ੍ਰਾਪਤੀ ਕੀਤੀ। ਇਸ ਦੀ ਸੇਵਾ ੧੨੦੦੦ ਸਿਪਾਹੀਆਂ ਤਕ ਅੱਪੜ ਗਈ ਸੀ।** ਪ੍ਰਿੰਸੀਪਲ ਸਤਿਬੀਰ ਸਿੰਘ ਦੇ ਵਿਚਾਰ ਅਨੁਸਾਰ **ਬਘੇਲ ਸਿੰਘ ਨੇ ੩੦ ਹਜ਼ਾਰ ਸਿੰਘਾਂ ਦਾ ਦਲ ਬਣਾ ਲਿਆ ਸੀ। ਸਰਦਾਰ ਬਘੇਲ ਸਿੰਘ ਆਪਣੇ ਸਮੇਂ ਦੇ ਇਕ ਪ੍ਰਸਿੱਧ ਆਗੂ ਤੇ ਜਰਨੈਲ ਸਨ। ਗੰਗਾ ਜਮਨਾ ਦੁਆਬਾ ਦਾ ਕੋਈ ਵੀ ਅਜਿਹਾ ਇਲਾਕਾ ਨਹੀਂ ਸੀ ਜਿਸ ਨੂੰ ਇਨ੍ਹਾਂ ਨੇ ਨਾ ਲਤਾੜਿਆ ਹੋਵੇ। ਜਲੰਧਰ ਤੋਂ ਲੈ ਕੇ ਪੀਲੀਭੀਤ ਤਕ ਅਤੇ ਅੰਬਾਲੇ ਤੋਂ ਅਲੀਗੜ੍ਹ ਤਕ ਇਨ੍ਹਾਂ ਦਾ ਸਿੱਕਾ ਚਲਦਾ ਸੀ। ਇਹ ਇਕ ਉੱਚੇ ਆਚਰਣ ਵਾਲੇ ਅਤੇ ਦਲੇਰ ਜੋਧੇ ਸਨ।** ਪ੍ਰਾਚੀਨ ਪੰਥ ਪ੍ਰਕਾਸ਼ ਦੇ ਕਰਤਾ ਰਤਨ ਸਿੰਘ ਭੰਗੂ* ਸ੍ਰ: ਬਘੇਲ ਸਿੰਘ ਦੀ ਸ਼ਖ਼ਸੀਅਤ ਦਾ ਨਿਰੂਪਣ ਕਰਦੇ ਹੋਏ ਲਿਖਦੇ ਹਨ **ਕਿ ਇਹ ਅਤਿ ਸੂਰੇ ਫਤੇਦਾਰ ਅਤਿ ਭਲੇ ਸੁਭਾ ਵਾਲੇ ਸਨ** —

ਬਘੇਲ ਸਿੰਘ ਉਸ ਹੱਸ ਕਰ ਕਹਯੋ।
ਮੁਲਕ ਲੜੇ ਬਿਨ ਕਿਨ ਛਡ ਦਯੋ...।।੪੮।।

ਅਤੇ– ਹਮ ਲਰਨੋ ਮਰਨੋ ਕਿਮ ਸੰਗੈਂ।
ਯਹ ਹੈ ਹਮਰੀ ਨਿਤ ਖੇਲ।।੬੭।।
ਪੰਥ ਮੱਧ ਹੈ ਗੁਰ ਕੀ ਸ਼ਕਤਿ।
ਪੰਥ ਮੱਧ ਜਪਿ ਤਪੀਏ ਭਗਤ।...।।੬੯।।

ਸਾਰੇ ਇਤਿਹਾਸਕਾਰ ਇਸ ਗੱਲ ਨੂੰ ਮੰਨਦੇ ਹਨ ਕਿ ਸ੍ਰ: ਬਘੇਲ ਸਿੰਘ ਨੇ ਕਰੋੜਾ ਸਿੰਘ ਮਿਸਲ ਦਾ ਭੂਗੋਲਿਕ ਖੇਤਰ ਬਹੁਤ ਵਧਾਇਆ। ਉਸ ਨੇ ਅਲੀਗੜ੍ਹ ਖੁਰਜਾ ਤੇ ਇਟਾਵਾ ਨੂੰ ਘੇਰਾ ਪਾਇਆ ਤੇ ਉਥੋਂ ਦੇ ਨਵਾਬ ਈਸਾ ਖਾਂ ਨੂੰ ਹਰਾਇਆ। ਜਲੰਧਰ ਦੁਆਬ

ਦੇ ਹੁਕਮਰਾਨ ਮੁਹੰਮਦ ਖਾਂ ਨੂੰ ਹਰਾ ਕੇ ਨੂਰ ਮਹਿਲ ਤਕ ਖਾਲਸਈ ਸਿੱਕਾ ਚਲਾਇਆ। ਬਘੇਲ ਸਿੰਘ ਇਤਨਾ ਸ਼ਕਤੀਸ਼ਾਲੀ ਹੋ ਗਿਆ ਸੀ ਕਿ ਕੋਈ ਉਸ ਦੀ ਮਰਜ਼ੀ ਦੇ ਉਲਟ ਦਿੱਲੀਓਂ ਪੰਜਾਬ ਨਹੀਂ ਸੀ ਆ ਸਕਦਾ।

ਸਰਦਾਰ ਬਘੇਲ ਸਿੰਘ ਇਕ ਮਹਾਨ ਨੀਤੀਵਾਨ ਵੀ ਸਨ, ਜਿਸ ਦੀਆਂ ਕਈ ਉਦਾਹਰਣਾਂ ਮਿਲਦੀਆਂ ਹਨ। ੧੭੮੦ ਈ: ਵਿਚ ਜਦੋਂ ਦਿੱਲੀ ਦੇ ਵਜ਼ੀਰ ਅਬਦੁਲਾ ਖਾਂ ਨੇ ਸ਼ਹਿਜ਼ਾਦਾ ਫਰਜੰਦ ਨੂੰ ਪਟਿਆਲੇ ਦੇ ਹੁਕਮਰਾਨ ਅਮਰ ਸਿੰਘ ਵਿਰੁੱਧ ਭੇਜਿਆ ਤਾਂ ਸ੍ਰ: ਬਘੇਲ ਸਿੰਘ ਨੇ ਉਸ ਨੂੰ ਪਹਿਲਾਂ ਆਪਣੇ ਇਲਾਕੇ ਵਿਚੋਂ ਲੰਘਣ ਦਿੱਤਾ ਪਰ ਜਦੋਂ ਉਸ ਦੀਆਂ ਫੌਜਾਂ ਪਟਿਆਲੇ ਪੁੱਜੀਆਂ ਤਾਂ ਸ੍ਰ. ਬਘੇਲ ਸਿੰਘ ਉਸ ਨੂੰ ਸੋਧਣ ਲਈ ਪਟਿਆਲੇ ਪਹੁੰਚ ਗਏ ਤੇ ਸ਼ਹਿਜ਼ਾਦਾ ਫਰਜੰਦ ਪਾਸੋਂ ਈਨ ਮੰਨਵਾਈ। ਇਸੇ ਤਰ੍ਹਾਂ ਜਦੋਂ ਮਨਾਰਾਓ ਮਰਹੱਟਾ ਨੇ ੧੭੮੮ ਈ: ਵਿਚ ਪੰਜਾਬ ਵੱਲ ਮੂੰਹ ਕੀਤਾ ਤਾਂ ਉਸ ਨੂੰ ਘੇਰਾ ਪਾ ਕੇ ਮਰਹੱਟਿਆਂ ਦੇ ਇਸ ਆਗੂ ਕੋਲੋਂ ਈਨ ਮੰਨਵਾਈ। ਸ੍ਰ: ਬਘੇਲ ਸਿੰਘ ਨੇ ਦੂਰ-ਦ੍ਰਿਸ਼ਟੀ ਕਰਕੇ ਮਹਿਸੂਸ ਕਰ ਲਿਆ ਸੀ ਕਿ ਦਿੱਲੀ 'ਤੇ ਮੁਗ਼ਲਾਂ ਦੀ ਨਾਮ ਦੀ ਹੀ ਹਕੂਮਤ ਹੈ। ਇਸ ਲਈ ਉਨ੍ਹਾਂ ਨੇ ੧੭੮੭ ਈ. ਵਿਚ ਮੁੱਖੀ ਸਰਦਾਰਾਂ ਨੂੰ ਚੋਣਵੇਂ ਸਿੰਘ ਭੇਜਣ ਲਈ ਲਿਖਿਆ ਤਾਂ ਜੋ ਦਿੱਲੀ 'ਤੇ ਕਬਜ਼ਾ ਕੀਤਾ ਜਾ ਸਕੇ। ਇਸ ਤਰ੍ਹਾਂ ੪੦,੦੦੦ ਫੌਜ ਨਾਲ ਉਹ ੧੭੮੭ ਈ: ਦੇ ਆਰੰਭ ਵਿਚ ਹੀ ਮਜਨੂੰ ਟਿੱਲਾ ਜਾ ਪੁੱਜੇ। ਉਥੋਂ ਨੀਲਾ ਤੇ ਮੁਗ਼ਲ ਮਹੱਲੇ 'ਤੇ ਅਜਿਹਾ ਹੱਲਾ ਬੋਲਿਆ ਕਿ ਸ਼ਹਿਰ ਦੇ ਲੋਕ ਨੱਸ ਉਠੇ। ਹੁਣ ਲਾਲ ਕਿਲ੍ਹਾ ਸਿੱਖਾਂ ਦੇ ਪੈਰਾਂ ਹੇਠਾਂ ਸੀ। ਮੁਗ਼ਲ ਬਾਦਸ਼ਾਹ ਆਲਮ ਨੇ ਸ੍ਰ: ਬਘੇਲ ਸਿੰਘ ਨਾਲ ਟੱਕਰ ਲੈਣ ਦੀ ਬਜਾਏ ਆਪਣੇ ਵਜ਼ੀਰ ਆਜ਼ਮ ਗੌਹਰ ਨੂੰ ਸੁਲਾਹ ਕਰਨ ਲਈ ਭੇਜਿਆ। ਦੋਹਾਂ ਵਿਚਕਾਰ ਜੋ ਸੁਲਾਹ ਹੋਈ, ਉਸ ਦੀਆਂ ਮੁੱਖ ਗੱਲਾਂ ਇਹ ਸਨ :-

(੧) ਖਾਲਸੇ ਨੂੰ ਤਿੰਨ ਲੱਖ ਰੁਪਏ ਹਰਜ਼ਾਨੇ ਵਜੋਂ ਦਿੱਤੇ ਜਾਣ।

(੨) ਸ਼ਹਿਰ ਦੀ ਕੋਤਵਾਲੀ 'ਤੇ ਚੁੰਗੀ ਵਸੂਲ ਕਰਨ ਦਾ ਅਧਿਕਾਰ ਦਿੱਤਾ ਜਾਏ।

(੩) ਜਦ ਤਕ ਗੁਰਦੁਆਰਿਆਂ ਦੀ ਸੇਵਾ ਪੂਰਨ ਨਾ ਹੋ ਜਾਏ, ਉਹ ਆਪਣੇ ਨਾਲ ੪੦੦੦ ਸਵਾਰ ਰੱਖਣਗੇ।

ਇਹਨਾਂ ਸਾਰੀਆਂ ਸ਼ਰਤਾਂ ਨੂੰ ਮੁਗਲ ਬਾਦਸ਼ਾਹ ਨੇ ਪ੍ਰਵਾਨ ਕਰ ਲਿਆ ਤੇ ਇਸ ਨਾਲ ਬਘੇਲ ਸਿੰਘ ਦਾ ਦਿੱਲੀ 'ਤੇ ਦੱਬ-ਦਬਾ ਕਾਇਮ ਹੋ ਗਿਆ।

ਸਰਦਾਰ ਬਘੇਲ ਸਿੰਘ ਸਿਰਫ ਇਕ ਜੋਧਾ, ਜਰਨੈਲ ਤੇ ਨੀਤੀਵਾਨ ਹੀ ਨਹੀਂ ਸੀ ਸਗੋਂ ਉਹ ਇਕ ਮਹਾਨ ਸਿੱਖ ਵੀ ਸੀ। ਉਸ ਅੰਦਰ ਗੁਰੂ ਦਾ ਪਿਆਰ, ਮਜ਼ਲੂਮਾਂ ਦੀ ਰੱਖਿਆ ਲਈ ਉਤਸ਼ਾਹ ਠਾਠਾਂ ਮਾਰਦਾ ਸੀ। ਇਸ ਲਈ ਇਸ ਸਿੱਖੀ ਸਿਦਕ ਵਾਲੇ ਜਥੇਦਾਰ ਨੇ ਦਿੱਲੀ ਵਿਚ ਰਹਿ ਕੇ ਗੁਰੂ ਹਰਿ ਕ੍ਰਿਸ਼ਨ, ਗੁਰੂ ਤੇਗ ਬਹਾਦਰ ਤੇ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਜੀ ਨਾਲ ਸੰਬੰਧਿਤ ਅਸਥਾਨਾਂ 'ਤੇ ਗੁਰਦੁਆਰਿਆਂ ਦੀ ਉਸਾਰੀ ਕਰਵਾਈ।

ਸਭ ਤੋਂ ਪਹਿਲਾਂ ਉਹਨਾਂ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਦੇ ਨਿਵਾਸ ਅਸਥਾਨ 'ਤੇ ਗੁਰਦੁਆਰਾ ਬਣਾਇਆ। ਇਸ ਤੋਂ ਉਪਰੰਤ ਮਹੱਲਾ ਜੈਪੁਰ ਵਿਚ ਬੰਗਲਾ ਸਾਹਿਬ ਦੇ

ਨਾਮ 'ਤੇ ਗੁਰਦੁਆਰਾ ਬਣਾਇਆ। ਇਸ ਤੋਂ ਇਲਾਵਾ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਗੁਰਦੁਆਰਾ ਰਕਾਬ ਗੰਜ ਤੇ ਗੁਰਦੁਆਰਾ ਸੀਸ ਗੰਜ ਬਣਾਇਆ। ਆਪ ਜੀ ਆਚਰਣ ਦੇ ਪੱਖ ਤੋਂ ਕਿਤਨੇ ਮਹਾਨ ਸਨ ਤੇ ਉਹਨਾਂ ਦੇ ਮਨ ਵਿਚ ਗੈਰ-ਸਿੱਖ ਔਰਤ ਦੀ ਇੱਜ਼ਤ ਨੂੰ ਬਚਾਉਣ ਦਾ ਕਿਤਨਾ ਖਿਆਲ ਸੀ, ਦਾ ਇਸ ਘਟਨਾ ਤੋਂ ਪਤਾ ਲੱਗ ਜਾਂਦਾ ਹੈ ਕਿ ਜਦੋਂ ਉਹਨਾਂ ਨੂੰ ਇਹ ਪਤਾ ਲੱਗਿਆ ਕਿ ਜਲਾਲਾਬਾਦ ਦੇ ਹਾਕਮ ਮੁਹੰਮਦ ਖਾਂ ਨੇ ਜਬਰਦਸਤੀ ਇਕ ਬ੍ਰਾਹਮਣ ਦੀ ਲੜਕੀ ਨੂੰ ਆਪਣੇ ਘਰ ਰਖ ਲਿਆ ਹੈ ਤਾਂ ਤੁਰੰਤ ਹੀ ਉਹ ਜਲਾਲਾਬਾਦ ਪਹੁੰਚੇ ਤੇ ਲੜਕੀ ਨੂੰ ਵਾਪਸ ਲਿਆ ਕੇ ਇੱਜ਼ਤ ਨਾਲ ਉਸ ਨੂੰ ਉਸ ਦੇ ਘਰ ਪਹੁੰਚਾਇਆ।

ਦਿੱਲੀ ਦੇ ਬਾਦਸ਼ਾਹ ਸ਼ਾਹ ਆਲਮ ਨੇ ਉਸ ਸਮੇਂ ਸਰਦਾਰ ਬਘੇਲ ਸਿੰਘ ਨਾਲ ਮੁਲਾਕਾਤ ਕਰਨ ਦੀ ਇੱਛਾ ਪ੍ਰਗਟ ਕੀਤੀ ਜਦੋਂ ਉਹ ਗੁਰਦੁਆਰਿਆਂ ਦੀ ਸੇਵਾ ਕਰਵਾਉਣ ਉਪੰਰਤ ਵਾਪਸ ਪੰਜਾਬ ਮੁੜਨ ਲੱਗੇ। ਬਿਨਾਂ ਸੀਸ ਝੁਕਾਏ, ਸ਼ਸਤ੍ਰ ਸਮੇਤ, ਹਾਥੀ 'ਤੇ ਸਵਾਰ ਹੋ ਕੇ ਆਪ ਮੁਲਾਕਾਤ ਲਈ ਗਏ ਤੇ ਦਰਬਾਰ ਵਿਚ ਪਹੁੰਚ ਕੇ ਗੱਜ ਕੇ ਫਤਹਿ ਬੁਲਾਈ। ਬਾਦਸ਼ਾਹ ਨੇ ਸਭ ਨੂੰ ਉਸੇ ਤਰ੍ਹਾਂ ਫਤਹਿ ਬੁਲਾਉਣ ਲਈ ਕਿਹਾ। ਬਾਦਸ਼ਾਹ ਨੇ ਸਰਦਾਰ ਬਘੇਲ ਸਿੰਘ ਦੇ ਮਾਣ ਵਿਚ ਇਕ ਹਾਥੀ, ਸੋਨੇ ਦੀ ਇਕ ਜੰਜ਼ੀਰ, ਪੰਜ ਘੋੜੇ ਤੇ ਹੋਰ ਬਹੁਤ ਸਾਰੇ ਤੋਹਫੇ ਦੇ ਕੇ ਵਿਦਾ ਕੀਤਾ। ਬਾਦਸ਼ਾਹ ਸ਼ਾਹ ਆਲਮ ਬਘੇਲ ਸਿੰਘ ਦੇ ਜੀਵਨ ਤੋਂ ਇਤਨਾ ਪ੍ਰਭਾਵਤ ਹੋਇਆ ਕਿ ਉਸ ਨੇ ਕਿਹਾ, 'ਲੁਟੇਰੇ ਵਾਲੀ ਗੱਲ ਤਾਂ ਇਸ ਵਿਚ ਕੋਈ ਦੇਖੀ ਨਹੀਂ!'

ਇਹ ਗੱਲ ਕਹੀ ਜਾ ਸਕਦੀ ਹੈ ਕਿ ਅਗਰ ਦਲ ਖਾਲਸਾ ਤੇ ਬਾਕੀ ਮਿਸਲਾਂ ਦੇ ਸਰਦਾਰ ਸ੍ਰ: ਬਘੇਲ ਸਿੰਘ ਦਾ ਸਾਥ ਦਿੰਦੇ ਤਾਂ ਸਿੱਖ ਸਾਰੇ ਭਾਰਤ ਵਿਚ ਰਾਜ ਕਰ ਲੈਂਦੇ। ਰੁਹੇਲੇ ਸਿੱਖਾਂ ਦੇ ਸਾਥੀ ਬਣ ਗਏ ਸਨ। ਅੰਗਰੇਜ਼ ਦੂਰ ਬੈਠੇ ਸਨ, ਮੁਗ਼ਲ ਕਮਜ਼ੋਰ ਹੋ ਚੁੱਕੇ ਸਨ ਤੇ ਮਰਹੱਟੇ ਉੱਠਣ ਜੋਗੇ ਨਹੀਂ ਸਨ। ਪਰ ਸਰਦਾਰਾਂ ਦੀ ਆਪਸੀ ਈਰਖਾ ਤੇ ਪਟਿਆਲੇ ਦੇ ਰਾਜੇ ਅਮਰ ਸਿੰਘ ਦੀ ਦੁਸ਼ਮਣੀ ਨੇ ਸ੍ਰ: ਬਘੇਲ ਸਿੰਘ ਹੁਰਾਂ ਦਾ ਖਾਲਸਾ ਰਾਜ ਸਥਾਪਤ ਕਰਨ ਦਾ ਸੁਪਨਾ ਪੂਰਾ ਨਾ ਹੋਣ ਦਿੱਤਾ ਤੇ ਆਖਰ ਇਸ ਸੁਪਨੇ ਨੂੰ ਮਨ ਵਿਚ ਹੀ ਲੈ ਕੇ ਉਹ ੧੮੦੩ ਈ: ਵਿਚ ਗੁਰੂ-ਚਰਨਾਂ ਵਿਚ ਜਾ ਬਿਰਾਜੇ।

❋❋❋

ਹਵਾਲੇ

*ਦੇਖੋ ਸ੍ਰੀ ਗੁਰ ਪੰਥ ਪ੍ਰਕਾਸ਼ ਪੰਨਾ ੫੪੨-੪੭

ਭਾਈ ਸੰਤ ਸਿੰਘ ਜੀ ਗਿਆਨੀ

ਭਾਈ ਸੰਤ ਸਿੰਘ ਜੀ ਪੱਛਮੀ ਪੰਜਾਬ (ਅੱਜ ਕਲ੍ਹ ਪਾਕਿਸਤਾਨ) ਦੇ ਜ਼ਿਲ੍ਹਾ ਝੰਗ ਦੇ ਨਗਰ ਚਨਜੋਟ ਦੇ ਮੱਘ ਖੱਤ੍ਰੀ ਭਾਈ ਰਾਮ ਸਿੰਘ ਗਿਆਨੀ ਦੇ ਪੋਤਰੇ, ਭਾਈ ਸੂਰਤ ਸਿੰਘ ਗਿਆਨੀ ਦੇ ਛੋਟੇ ਸਪੁੱਤਰ ਅਤੇ ਭਾਈ ਗੁਰਦਾਸ ਸਿੰਘ ਗਿਆਨੀ ਦੇ ਛੋਟੇ ਭਰਾਤਾ ਸਨ। ਆਪ ਦਾ ਜਨਮ ਪ੍ਰਸਿੱਧ ਸੰਪ੍ਰਦਾਈ ਗਿਆਨੀ ਭਾਈ ਸੂਰਤ ਸਿੰਘ ਦੇ ਘਰ ਚਨਜੋਟ ਨਗਰ ਵਿਖੇ ਲੱਗਭਗ ੧੮੨੪ ਬਿ: ਵਿਚ ਹੋਇਆ। ਇਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਸੰਪ੍ਰਦਾਈ ਅਰਥ ਆਪਣੇ ਪੂਜਨੀਕ ਪਿਤਾ ਗਿਆਨੀ ਸੂਰਤ ਸਿੰਘ ਜੀ ਪਾਸੋਂ ਪੜ੍ਹੇ ਅਤੇ ਸੰਸਕ੍ਰਿਤ ਭਾਸ਼ਾ ਦੇ ਅਨੇਕਾਂ ਗ੍ਰੰਥ ਪ੍ਰਸਿੱਧ ਨਿਰਮਲੇ ਵਿਦਵਾਨ ਸੰਤ ਪੰਡਿਤ ਨਿਹਾਲ ਸਿੰਘ ਜੀ ਥੋਹਾ ਨਿਵਾਸੀ ਜ਼ਿਲ੍ਹਾ ਰਾਵਲਪਿੰਡੀ ਪਾਸੋਂ ਪੜ੍ਹੇ ਤੇ ਵੀਚਾਰੇ। ਪੰਡਿਤ ਜੀ ਸੰਸਕ੍ਰਿਤ ਭਾਸ਼ਾ ਦੇ ਅਦੁੱਤੀ ਵਿਦਵਾਨ ਸਨ ਜਿਨ੍ਹਾਂ ਨੇ ਸ੍ਰੀ ਜਪੁਜੀ ਸਾਹਿਬ ਬਾਣੀ ਦਾ ਸੰਸਕ੍ਰਿਤ ਭਾਸ਼ਾ ਵਿਚ ਗੂਢਾਰਥ ਦੀਪਕਾ ਨਾਮ ਦਾ ਟੀਕਾ ਲਿਖਿਆ ਹੈ।

ਭਾਈ ਸੰਤ ਸਿੰਘ ਜੀ ਗਿਆਨੀ ਜਿਥੇ ਗੁਰਮਤਿ ਤੇ ਸੰਸਕ੍ਰਿਤ ਦੇ ਮਹਾਨ ਵਿਦਵਾਨ, ਵਕਤਾ ਤੇ ਲੇਖਕ ਸਨ ਉਥੇ ਮਹਾਨ ਸੂਰਬੀਰ ਯੋਧੇ ਵੀ ਸਨ, ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਹੋ ਕੇ ਕਈ ਜੰਗਾਂ ਵਿਚ ਭਾਗ ਲਿਆ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਝੰਗ ਦੀ ਲੜਾਈ ਸਮੇਂ ਮਹਾਰਾਜਾ ਰਣਜੀਤ ਸਿੰਘ ਜੀ ਜ਼ਖ਼ਮੀ ਹੋ ਕੇ ਕਿਲ੍ਹੇ ਦੀ ਸੁੱਕੀ ਖਾਈ ਵਿਚ ਡਿੱਗ ਪਏ। ਤਦੋਂ ਭਾਈ ਸੰਤ ਸਿੰਘ ਉਨ੍ਹਾਂ ਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ ਡੇਰੇ ਲੈ ਆਏ। ਐਉਂ ਉਨ੍ਹਾਂ ਨੇ ਆਪਣੀ ਜਾਨ ਨੂੰ ਜੋਖਮ ਵਿਚ ਪਾ ਕੇ ਮਹਾਰਾਜੇ ਦੀ ਜਾਨ ਬਚਾਈ ਸੀ। ਇਸ ਅਹਿਸਾਨ ਨੂੰ ਮਹਾਰਾਜੇ ਨੇ ਸਾਰੀ ਉਮਰ ਯਾਦ ਰੱਖਿਆ ਤੇ ਉਹ ਹਮੇਸ਼ਾਂ ਭਾਈ ਸੰਤ ਸਿੰਘ ਦਾ ਬਹੁਤ ਜ਼ਿਆਦਾ ਆਦਰ ਤੇ ਸਤਿਕਾਰ ਕਰਦੇ ਰਹੇ। ਕਵੀ ਮੇਘ ਸਿੰਘ ਨੇ ਲਿਖਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਭਾਈ ਸੰਤ ਸਿੰਘ ਜੀ ਦੇ ਅੱਗੇ ਹੱਥ ਜੋੜ ਕੇ ਖੜ੍ਹਾ ਰਹਿੰਦਾ ਸੀ। ਮਹਾਰਾਜਾ ਸਾਹਿਬ ਨੇ ਭਾਈ ਸਾਹਿਬ ਦੇ ਜ਼ਿੰਮੇ ਸ਼ਾਹੀ ਦਰਬਾਰ ਦੇ ਖਾਸ ਕੰਮ ਲਾਏ ਹੋਏ ਸਨ ਤੇ ਆਪ ਮਹਾਰਾਜੇ ਦੇ ਧਾਰਮਕ ਅਤੇ ਸਿਆਸੀ ਸਲਾਹਕਾਰ ਵਜੋਂ ਵੀ ਜਾਣੇ ਜਾਂਦੇ ਸਨ।[੧]

ਪਹਿਲਾਂ ਆਪ ਦੇ ਪਿਤਾ ਗਿ: ਸੂਰਤ ਸਿੰਘ ਅਤੇ ਉਨ੍ਹਾਂ ਤੋਂ ਬਾਅਦ ਆਪ ਦੇ ਵੱਡੇ ਭ੍ਰਾਤਾ ਗਿਆਨੀ ਗੁਰਦਾਸ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਹਰ ਰੋਜ਼ ਸੰਗਤਾਂ ਦੇ ਵਿਦਿਆਰਥੀਆਂ ਨੂੰ ਸ੍ਰਵਣ ਕਰਵਾਉਂਦੇ ਸਨ। ਗਿ: ਗੁਰਦਾਸ ਸਿੰਘ ਜੀ ਦੇ ਦੇਹਾਂਤ ਤੋਂ ਬਾਅਦ ਭਾਈ ਸੰਤ ਸਿੰਘ ਜੀ ਨੂੰ ਉਪਰੋਕਤ ਸੇਵਾ ਸੌਂਪੀ ਗਈ ਤਾਂ

ਭਾਈ ਸਾਹਿਬ ਨੇ ਮਹਾਰਾਜੇ ਦੇ ਦਰਬਾਰ ਅਤੇ ਸੰਸਾਰਕ ਕੰਮ ਆਪਣੇ ਯੋਗ ਸਪੁੱਤਰ ਭਾਈ ਗੁਰਮੁਖ ਸਿੰਘ ਦੇ ਸਪੁਰਦ ਕਰ ਦਿੱਤੇ ਤੇ ਆਪ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਾ, ਕਥਾ ਅਤੇ ਇਮਾਰਤ-ਸਾਜ਼ੀ ਦੀ ਨਿਗਰਾਨੀ ਦੀ ਸੇਵਾ-ਸੰਭਾਲ ਲੈ ਲਈ। ਕੇਵਲ ਧਰਮ ਵਿਦਿਆ, ਕਥਾ ਤੇ ਗੁਰਮਤਿ ਪ੍ਰਚਾਰ ਨੂੰ ਹੀ ਆਪ ਨੇ ਆਪਣੇ ਜੀਵਨ ਦਾ ਮਨੋਰਥ ਬਣਾ ਲਿਆ। ਭਾਈ ਸੰਤ ਸਿੰਘ ਜੀ ਹੁਣ ਗਿਆਨੀ ਸੰਤ ਸਿੰਘ ਦੇ ਨਾਮ ਤੋਂ ਪ੍ਰਸਿੱਧ ਹੋਏ। ਖਾਨਦਾਨ ਦਾ ਨਾਮ ਹੀ ਗਿਆਨੀ ਹੋ ਗਿਆ ਜੋ ਹੁਣ ਤੱਕ ਜਾਰੀ ਹੈ। ਆਪ ਸ੍ਰੀ ਹਰਿਮੰਦਰ ਸਾਹਿਬ ਲੌਢੇ ਪਹਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਾ, ਕਥਾ ਵਿਦਿਆਰਥੀਆਂ ਅਤੇ ਸੰਗਤਾਂ ਨੂੰ ਸ੍ਰਵਣ ਕਰਾਉਣ ਦੀ ਸੇਵਾ ਬਾਕੀ ਉਮਰ ਭਰ ਕਰਦੇ ਰਹੇ।

ਜਿੱਥੇ ਆਪ ਸੰਸਕ੍ਰਿਤ ਅਤੇ ਬ੍ਰਿਜ ਭਾਸ਼ਾ ਦੇ ਮਹਾਨ ਵਿਦਵਾਨ ਤੇ ਅਚਾਰਯ ਸਨ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅੰਮ੍ਰਿਤ ਬਾਣੀ ਦੇ ਪ੍ਰਮੁਖ ਸੰਪ੍ਰਦਾਈ ਗਿਆਨੀ ਵੀ ਸਨ। ਜਦ ਆਪ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਦੀ ਸੰਥਾ ਪੜ੍ਹਾਉਂਦੇ ਸਨ ਤਾਂ ਸੰਥਾ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਦੇ ਪੰਜ ਸਰੂਪ ਪ੍ਰਕਾਸ਼ ਕੀਤੇ ਜਾਂਦੇ ਸਨ ਕਿਉਂਕਿ ਅੱਜ ਕਲ੍ਹ ਵਾਂਗ ਉਸ ਸਮੇਂ ਸੰਥਾ ਸੰਚੀਆਂ ਦੋ-ਦੋ ਦੋ ਜਾਂ ਚਾਰ-ਚਾਰ ਭਾਗ ਉਪਲਬਧ ਨਹੀਂ ਸਨ। ਪਿਛਲੇ ਪਹਿਰ ਦੀ ਕਥਾ ਸ੍ਰੀ ਹਰਿਮੰਦਰ ਸਾਹਿਬ ਕਰਦੇ ਸਨ :

ਪੰਚ ਗ੍ਰਿੰਥ ਸਾਹਿਬ ਖੁਲੈਂ ਕਥਾ ਕਰਤ ਰਮਣੀਯ।
ਪੁਨ ਹਰਿ ਮੰਦਰ ਕੇ ਵਿਖੈ, ਸੁਨਤ ਪੁਲਕ ਹ੍ਵੈ ਹੀਯ ॥੨੭।

(ਭਾਈ ਸਾਹਿਬ ਚੰਦ੍ਰਕਾ)

ਭਾਈ ਸਾਹਿਬ ਦੇ ਸ਼ਗਿਰਦ ਮਹਾਂ ਕਵੀ ਭਾਈ ਮੇਘਾ ਸਿੰਘ ਨੇ ਜਿਥੇ ਭਾਈ ਸਾਹਿਬ ਦੀ ਸਰੀਰਕ ਸੁੰਦਰਤਾ, ਬੁੱਧੀ, ਬੀਰਤਾ, ਸੰਪਤਾ, ਪਵਿੱਤ੍ਰਤਾ ਤੇ ਬਾਣੀ ਦੀ ਮਿਠਾਸ ਆਦਿ ਬਾਰੇ ਉਨ੍ਹਾਂ ਦੀ ਭਰਪੂਰ ਉਸਤਤਿ ਕੀਤੀ ਹੈ ਉਥੇ ੨੭ ਨੰ: ਛੰਦ ਤੋਂ ੪੫ ਨੰਬਰ ਛੰਦ ਤੱਕ ੧੯ ਛੰਦਾਂ ਵਿਚ ਆਪ ਦੀ ਕਥਾ ਦੀ ਮਹਿਮਾ ਅਨੇਕਾਂ ਢੰਗਾਂ ਤੇ ਰੂਪਕਾਂ ਰਾਹੀਂ ਸੁੰਦਰ ਕਾਵਿ ਦੁਆਰਾ ਵਰਣਨ ਕੀਤੀ ਹੈ ਜਿਵੇਂ ਕਿ :

ਕਥਾ ਸੰਤ ਸਿੰਘ ਜੂ ਕੀ ਮੋਹੇ ਜੀਬ ਜੰਤਨ ਕੋ,
ਮੰਤ੍ਰ ਹੈ ਕਿ ਤੰਤ੍ਰ ਹੈ ਕਿ ਜੰਤ੍ਰ ਹੈ ਕਿ ਜਰੀ ਹੈ।
'ਕਥਾ ਭਾਈ ਸਾਹਿਬ ਕੀ ਜੜ੍ਹ ਕਰੇ ਚੇਤਨ ਕੋ,
ਜੜ੍ਹ ਹੂੰ ਤੇ ਚੇਤਨ ਹ੍ਵੈਂ ਵਾਸੀ ਸੁਧਾ ਸਰ ਕੇ।'੨੯।

ਚਿਤ੍ਰ ਗੁਪਤ ਧਰਮ ਰਾਜ ਕੋਲ ਪੁਕਾਰ ਕਰਦੇ ਹਨ:

'ਰਾਵਰੀ ਦੁਹਾਈ ਬਾਤ ਕਹੈਂ ਨ ਬਨਾਈ ਹਮ,
ਕਥਾ ਭਾਈ ਸਾਹਿਬ ਕੀ ਨਰਕ ਉਜਾਰੇ ਹੈਂ।'੩੧।
'ਕਥਾ ਭਾਈ ਸਾਹਿਬ ਕੀ ਬਾਸਰੀ ਮੁਰਾਰਿ ਕੀ।'੩੮।
'ਕਥਾ ਭਾਈ ਸਾਹਿਬ ਕੀ ਸੀਢੀ ਸੁਰ ਲੋਕ ਕੀ।'੩੯।
'ਕਥਾ ਭਾਈ ਸਾਹਿਬ ਕੀ ਸਿੰਘਨ ਮੈਂ ਦੰਡਕਾ।'੪੦।

'ਕਥਾ ਸੰਤ ਸਿੰਘ ਜੂ ਕੀ ਸਾਰਦਾ ਬਖਾਨੀ ਹੈ।'੪੧।

'ਕਥਾ ਭਾਈ ਸਾਹਿਬ ਕੀ ਮੋਹਨੀ ਅਵਤਾਰ ਹੈ।'੪੨।

ਵਿਸਥਾਰ ਦੇ ਭੈ ਤੋਂ ਕਥਾ ਦੀ ਮਹਿਮਾ ਦੇ ਕੁਝ ਛੰਦਾਂ ਦੀਆਂ ਤੁਕਾਂ ਜਾਂ ਅੱਧੀਆਂ ਤੁਕਾਂ ਹੀ ਲਿਖੀਆਂ ਹਨ; ਸਾਰੇ ਸੰਪੂਰਨ ਛੰਦ ਪੜ੍ਹਨ ਨਾਲ ਹੀ ਸਬੰਧ ਰਖਦੇ ਹਨ। ਇਹ ਉਪਮਾ ਕੋਈ ਸੁਣੀ-ਸੁਣਾਈ ਨਹੀਂ, ਸਗੋਂ ਕੰਨੀ ਸੁਣੀ ਤੇ ਅੱਖੀਂ ਡਿੱਠੀ ਮਹਿਮਾ ਦੇ ਸੁੰਦਰ ਚਿੱਤ੍ਰ ਹਨ।

ਰਚਨਾਵਾਂ:-

੧. ਗਿਆਨੀ ਸੰਤ ਸਿੰਘ ਜੀ ਨੇ 'ਅੰਮ੍ਰਿਤ' ਉਪਰ ਇਕ ਪੋਥੀ ਲਿਖੀ ਸੀ ਪਰ ਉਹ ਹੁਣ ਤੱਕ ਮਿਲ ਨਹੀਂ ਸਕੀ।

੨. ਸੰਸਕ੍ਰਿਤ ਮੈਂ ਕਠਨ ਹੈ, **ਰਾਮ ਅਸੁ ਮਖ ਗ੍ਰੰਥ।**

ਅਰਥ ਜਥਾਵਤ ਭਾਵ ਲਖਿ, ਵਿਰਚਜੋ ਭਾਖਾ ਗ੍ਰੰਥ।੫੧।

ਇਹ ਅਨੁਵਾਦ ਸੰਮਤ ੧੮੭੭ ਬਿ: ਵਿਚ ਸੰਪੂਰਨ ਕੀਤਾ ਜਿਵੇਂ ਕਿ ਭਾਈ ਸੰਤ ਸਿੰਘ ਜੀ ਨੇ ਗ੍ਰੰਥ ਦੇ ਅੰਤ ਵਿੱਚ ਆਪ ਐਉਂ ਲਿਖਿਆ ਹੈ:

ਦ੍ਵੀਪ ਦ੍ਵੀਪ ਗਜ ਸਸਿ ਬਰਖ, ਮਿਥਨ ਸੁਕਲ ਤਿਥਿ ਦੂਜ।
ਪੂਰਨ ਕੀਯੋ ਗ੍ਰੰਥ ਯਹਿ, ਰਾਮ ਪਦਮ ਪਦ ਪੂਜ।

ਅਰਥ : ਦੀਪ-੭, ਦੀਪ-੭, ਗਜ-ਹਾਥੀ-੮। ਸਸਿ-ਚੰਦ੍ਰਮਾ੧। ਇਹ ਬਣੇ ੭੭੮੧ ਇਨ੍ਹਾਂ ਨੂੰ ਉਲਟਾਉਣ ਨਾਲ ਬਣ ਗਿਆ ੧੮੭੭ ਬਿ: ਸੰਮਤ।

੩ ਤੁਲਸੀ ਰਾਮਾਇਣ ਸਟੀਕ:- ਆਪ ਨੇ ਪ੍ਰਸਿੱਧ ਬ੍ਰਿਜ ਭਾਸ਼ਾ ਗ੍ਰੰਥ ਰਾਮ ਚਰਿਤ੍ਰ ਮਾਨਸ (ਜਿਸ ਨੂੰ ਤੁਲਸੀ ਜੀ ਦੀ ਰਚਨਾ ਹੋਣ ਕਰਕੇ ਆਮ ਬੋਲ-ਚਾਲ ਵਿਚ ਤੁਲਸੀ-ਰਾਮਾਇਣ ਕਹਿੰਦੇ ਹਨ) ਦਾ ਵਾਰਤਕ ਵਿਚ ਸੁੰਦਰ ਸਟੀਕ ਲਿਖਿਆ, ਜਿਸ ਦੀ ਹੱਥ-ਲਿਖਤ ਇਕ ਪ੍ਰਤੀ ਦੇ ਅਸਾਂ ਪਬਲਿਕ ਲਾਇਬਰੇਰੀ ਪਟਿਆਲਾ ਵਿਖੇ ਦਰਸ਼ਨ ਕੀਤੇ ਸਨ, ਜਿਸ ਦਾ ਪਹਿਲਾ ਭਾਗ ਸੰਮਤ ੧੯੫੧ ਬਿ: ਨੂੰ ਗੁਰਮੁਖੀ ਅੱਖਰਾਂ ਵਿਚ ਛਾਪਾ ਪੱਥਰ ਵਿਖੇ ਲਾਹੌਰ ਛਪਿਆ ਸੀ। ਉਸ ਦੀ ਇਕ ਕਾਪੀ ਮੇਰੀ ਨਿੱਜੀ ਲਾਇਬਰੇਰੀ ਵਿਚ ਸੁਰੱਖਿਅਤ ਹੈ। ਇਹ ਸਟੀਕ ਆਪ ਨੇ ਸੰਮਤ ੧੮੭੫ ਬਿਕ੍ਰਮੀ ਵਿਚ ਆਰੰਭ ਕਰਕੇ ਸੰਮਤ ੧੮੮੧ ਬਿਕ੍ਰਮੀ ਮੱਘਰ ਵਦੀ ਏਕਮ ਨੂੰ ਸੰਪੂਰਨ ਕੀਤਾ। ਸਟੀਕ ਦੇ ਅੰਤ ਵਿਚ ਆਪ ਨੇ ਐਉਂ ਲਿਖਿਆ ਹੈ:

ਭਾਈ ਸੂਰਤ ਸਿੰਘ ਗਿਆਨੀ ਕਾ ਆਤਮਜ ਸੰਤਹੁੰ ਕਾ ਦਾਸਨ ਦਾਸ ਸੰਤ ਸਿੰਘ ਸ੍ਰੀ ਮਤ ਰਾਮ ਚਰਿਤ੍ਰ ਮਾਨਸ ਕੀ ਭਾਵ ਪ੍ਰਕਾਸ਼ਨੀ ਟੀਕਾ ਆਪਣੀ ਮਤਿ ਅਨੁਸਾਰ ਸੰਮਤ ਅਠਾਰਾਂ ਸੈ ਇਕਾਸੀ ਮਾਰਗ ਸੁਰ ਵਦੀ ਪ੍ਰਤਿਪਦਾ (ਏਕਮ) ਕੋ ਲਿਖ ਪਹੁੰਚੇ।

ਇਹ ਸਟੀਕ ਸੰਮਤ ੧੯੫੪ ਨੂੰ ਹਿੰਦੀ ਅੱਖਰਾਂ ਵਿਚ ਖੜਗ ਬਿਲਾਸ ਪ੍ਰੈਸ ਬਾਂਕੀ ਪੁਰ ਵਿਚ ਛਪਿਆ ਸੀ।

ਵਿਦਿਆਰਥੀ:- ਉਂਜ ਤਾਂ ਆਪ ਪਾਸੋਂ ਸੈਂਕੜੇ ਵਿਦਿਆਰਥੀਆਂ ਨੇ ਵਿਦਿਆ ਹਾਸਲ

ਕੀਤੀ ਹੋਵੇਗੀ ਪਰ ਖਾਸ ਤੌਰ 'ਤੇ ਦੋ ਮਹਾਨ ਵਿਅਕਤੀ ਉਹ ਹਨ, ਜਿਨ੍ਹਾਂ ਨੇ ਆਪਣੇ ਨਾਮ ਦੇ ਨਾਲ ਨਾਲ ਆਪਣੇ ਉਸਤਾਦ ਭਾਈ ਸਾਹਿਬ ਭਾਈ ਸੰਤ ਸਿੰਘ ਜੀ ਗਿਆਨੀ ਦਾ ਵੀ ਨਾਮ ਉਜਾਗਰ ਕਰਨ ਵਿਚ ਆਪਣਾ ਪੂਰਾ ਤੇ ਸਹੀ ਯੋਗਦਾਨ ਪਾਇਆ ਹੈ ਜੋ ਉਨ੍ਹਾਂ ਦੋ ਮਹਾਨ ਸ਼ਖ਼ਸੀਅਤਾਂ ਨੂੰ ਆਪ ਜੈਸੇ ਮਹਾਨ ਵਿਦਵਾਨ ਦਾ ਸ਼ਾਗਿਰਦ ਹੋਣ ਦਾ ਮਾਣ ਹੈ, ਤਾਂ ਆਪ ਨੂੰ ਵੀ ਉਨ੍ਹਾਂ ਸ਼੍ਰੋਮਣੀ ਮਹਾਂ ਕਵੀਆਂ ਦੇ ਉਸਤਾਦ ਹੋਣ ਦਾ ਫਖਰ ਹਾਸਲ ਹੈ, ਇਹ ਹਨ **ਭਾਈ ਸੰਤੋਖ ਸਿੰਘ**[a] ਅਤੇ **ਭਾਈ ਮੇਘ ਸਿੰਘ**[a]

ਭਾਈ ਸੰਤੋਖ ਸਿੰਘ ਜੀ ਭਾਈ ਸੰਤ ਸਿੰਘ ਜੀ ਬਾਰੇ ਲਿਖਦੇ ਹਨ:-

ਨਿਤ ਹੀ ਭਗਤਿ ਰਤ ਨਾਮ ਕੀਨੋ ਬ੍ਰਿਤਿ ਚਿਤ,
ਸੰਤਨ ਸੋਂ ਹਿਤ ਅਤਿ, ਸੰਤ ਸਿੰਘ ਨਾਮ ਹੈ।
ਸੁਜਨ ਦਿਆਲ ਧੀਰ ਧਰਮ ਬਿਸਾਲ ਧਰਿ,
ਜਾਸ ਬੈਸ ਬਾਲ ਹੂੰ ਤੇ ਭਜਨ ਸੋਂ ਕਾਮ ਹੈ।
ਜਾਂ ਕੇ ਚਰਨੋਦਕ ਕੀ ਬੂੰਦ ਮੈਂ ਬਦਨ ਪਾਇ,
ਸੁਮਤਿ ਸਦਨ ਭਯੋ ਕਦਨ ਬਿਰਾਮ ਹੈ।
ਤਾਂ ਕੇ ਅਰਬਿੰਦ ਪਦ ਸੁੰਦਰ ਮੁਕੰਦ ਦੂੰਦ,
ਬੰਦ ਕਰ ਬੰਦਨਾ ਸਦਾ ਮੈਂ ਸੁਖ ਧਾਮ ਹੈ।।੩੩।।

(ਸ੍ਰੀ ਗੁਰੂ ਨਾਨਕ ਪ੍ਰਕਾਸ਼, ਅਧਿ: ੧)

ਸੋਨੇ, ਸੰਗਮਰਮਰ ਤੇ ਚਿਤ੍ਰਕਾਰੀ ਦੀ ਸੇਵਾ:-

ਭਾਈ ਸੰਤ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਮਹਿਮਾ ਸੁਣਾ ਕੇ ਪ੍ਰੇਰਤ ਕੀਤਾ ਕਿ ਗੁਰੂ-ਘਰ ਦੀ ਸੇਵਾ ਕਰਨ 'ਤੇ ਮਨ ਬਾਂਛਤ ਫਲ ਮਿਲਦੇ ਹਨ, ਤੁਸੀਂ ਸ੍ਰੀ ਹਰਿਮੰਦਰ ਸਾਹਿਬ ਨੂੰ ਸੁਨਹਿਰੀ-ਕਰਨ ਵਿਚ ਆਪਣਾ ਯੋਗਦਾਨ ਪਾਉ। ਮਹਾਰਾਜਾ ਸਾਹਿਬ ਨੇ ਉਸੇ ਵੇਲੇ ਪੰਜ ਲੱਖ ਰੁਪਏ ਦਾ ਸੋਨਾ ਭਾਈ ਸਾਹਿਬ ਦੇ ਸਪੁਰਦ ਕਰ ਦਿੱਤਾ। ਭਾਈ ਸਾਹਿਬ ਨੇ ਆਪਣੀ ਨਿਗਰਾਨੀ ਵਿਚ ਚਨਯੋਟ ਤੋਂ ਮੁਸਲਮਾਨ ਕਾਰੀਗਰ ਮੁਹੰਮਦ ਯਾਰ ਖਾਂ ਦੀ ਅਗਵਾਈ ਵਿਚ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ-ਕਰਨ ਕੀਤਾ। ਫਿਰ ਅੰਦਰ-ਬਾਹਰ ਕੰਧਾਂ ਅਤੇ ਫਰਸ਼ ਉੱਪਰ ਸੰਗਮਰਮਰ ਲਗਵਾਇਆ ਜਿਸ ਬਾਰੇ ਸ੍ਰੀ ਹਰਿਮੰਦਰ ਸਾਹਿਬ ਦੀ ਉਤਰੀ ਬਾਹੀ ਦੇ ਦਰਵਾਜ਼ੇ ਉੱਪਰ ਇਹ ਖੁਤਬਾ ਲਿਖਿਆ ਹੋਇਆ ਹੈ:

> *"ਸੇਵਾ ਸ੍ਰੀ ਗੁਰੂ ਰਾਮਦਾਸ ਜੀ ਕੀ ਸੁਵਰਨ ਕੀ ਅਰ ਸੰਗ ਸਪੈਦ ਕੀ ਵਡਭਾਗੀ ਜਾਣ ਕੇ ਸ੍ਰੀ ਮਹਾਰਾਜਾ ਰਣਜੀਤ ਸਿੰਘ ਸੈਂ ਕਰਾਈ ਮਾਰਫ਼ਤ ਸ੍ਰੀ ਭਾਈ ਸੰਤ ਸਿੰਘ ਗਯਾਨੀ ਜੀ ਕੀ।"*

ਏਸੇ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਦੀ ਜੜ੍ਹਤਕਾਰੀ, ਨਕਾਸ਼ੀ, ਮੋਹਰਾਕਸ਼ੀ ਗੱਚ, ਲਾਇ ਦੀ ਮੁਨੱਵਤ, ਟੁਕੜੀ ਤੇ ਹੀਰਾ ਨੁਮਾ ਆਦਿ ਦੇ ਕੋਮਲ ਹੁਨਰਾਂ ਦੇ ਕਾਰੀਗਰਾਂ ਦੀ ਭਾਈ ਸਾਹਿਬ ਨੇ ਆਪ ਅਗਵਾਈ ਕਰਕੇ ਇਹ ਸੇਵਾ ਵੀ ਸਿਰੇ ਚੜ੍ਹਾਈ। ਕੰਧਾਂ ਦੇ

ਬਾਹਰ ਵਾਰ ਸੰਗਮਰਮਰ ਵਿਚ ਅਨੇਕ ਰੰਗਾਂ ਦੇ ਥੇਵੇ ਜੜ ਕੇ ਵੰਨ-ਸੁਵੰਨੇ ਸੁੰਦਰ ਤੇ ਕੀਮਤੀ ਚਿਤ੍ਰ ਤਿਆਰ ਕਰਵਾਏ। ਇਸ ਉਪਰੋਕਤ ਸਾਰੀ ਸੇਵਾ ਦੀ, ਭਾਈ ਸਾਹਿਬ ਕੋਮਲ ਹੁਨਰਾਂ ਦੇ ਕਾਰੀਗਰਾਂ ਦੇ ਉਸਤਾਦ ਦੇ ਰੂਪ ਵਿਚ ਸਹਾਇਤਾ ਤੇ ਨਿਗਰਾਨੀ ਕਰਦੇ ਰਹੇ। ਇਸ ਸਾਰੀ ਸੇਵਾ ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਹੋਰ ਸਿੱਖ ਰਾਜੇ ਮਹਾਰਾਜਿਆਂ ਅਤੇ ਸਿੱਖ ਸਰਦਾਰਾਂ ਨੇ ਵੀ ਵਿਤ ਅਨੁਸਾਰ ਯੋਗ ਹਿੱਸਾ ਪਾਇਆ।

ਫਿਰ ਭਾਈ ਸਾਹਿਬ ਨੇ ਸ੍ਰ: ਦੇਸਾ ਸਿੰਘ ਮਜੀਠੀਏ ਨੂੰ ਕਹਿ ਕੇ ਦੋਹਾਂ ਨਿਸ਼ਾਨ ਸਾਹਿਬਾਂ, ਬਾਬਾ ਅਟੱਲ ਜੀ ਦੇ ਗੁਰਦੁਆਰੇ ਦੇ ਗੁੰਬਦ ਤੇ ਮੰਜੀ ਸਾਹਿਬ ਉੱਪਰ ਸੋਨਾ ਚੜ੍ਹਵਾਇਆ। ਗੁਰੂ ਕੇ ਬਾਗ ਦਾ ਆਮ ਵਿਅਕਤੀਆਂ ਤੋਂ ਕਬਜ਼ਾ ਛੁਡਵਾ ਕੇ ਸ੍ਰੀ ਦਰਬਾਰ ਸਾਹਿਬ ਦੇ ਨਾਮ ਇੰਤਕਾਲ ਕਰਵਾਇਆ ਤੇ ਫਲਾਂ ਫੁੱਲਾਂ ਦੇ ਬੂਟੇ ਲਗਵਾ ਕੇ ਬਾਗ ਦਾ ਰੂਪ ਦਿੱਤਾ।

ਭਾਈ ਸੰਤ ਸਿੰਘ ਜੀ ਨੇ ਸੰਗਤਾਂ ਤੇ ਪ੍ਰਬੰਧਕਾਂ ਨੂੰ ਪ੍ਰੇਰ ਕੇ ਦੀਵਾਲੀ ਤੇ ਵਿਸਾਖੀ ਦੇ ਦੋ ਵੱਡੇ ਜੋੜ ਮੇਲਿਆਂ ਤੋਂ ਇਲਾਵਾ ਹੇਠ ਲਿਖੇ ਗੁਰਪੁਰਬ ਬੜੀ ਵੱਡੀ ਪੱਧਰ 'ਤੇ ਮਨਾਏ ਜਾਣ ਦੀ ਰੀਤ ਅਰੰਭ ਕੀਤੀ:

੧. ਆਗਮਨ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ ਕੱਤਕ ਪੂੰਨਿਆ।

੨. ਆਗਮਨ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੋਹ ਸੁਦੀ ਸੱਤਮੀ।

੩. ਆਗਮਨ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ ਭਾਦੋਂ ਸੁਦੀ ੩।

੪. ਜੋਤੀ ਜੋਤਿ ਸਮਾਉਣ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੱਤਕ ਸੁਦੀ ਪੰਚਮੀ।

੫. ਪਹਿਲਾ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਭਾਦੋਂ ਸੁਦੀ ਏਕਮ।

ਸੰਮਤ ੧੮੭੭ ਬਿ: ਵਿਚ ਗਿਆਨੀ ਜੀ ਨੇ ਇਕ ਕਟੜਾ ਆਬਾਦ ਕੀਤਾ ਜਿਸ ਨੂੰ ਪਹਿਲਾਂ ਕਟੜਾ ਭਾਈ ਸੰਤ ਸਿੰਘ ਕਹਿੰਦੇ ਸਨ। ਅੱਜ ਕਲ੍ਹ ਇਸ ਨੂੰ ਭਾਈ ਕਾ ਕਟੜਾ ਸੱਦਦੇ ਹਨ। ਇਸ ਦੇ ਨਾਲ ਹੀ ਢਾਬ ਭਾਈ ਸੰਤ ਸਿੰਘ ਸੀ ਜਿਸ ਨੇ ਇਕ ਸਿਰੇ ਖਟੀਕਾਂ ਦੇ ਘਰ ਸਨ। ਇਸ ਢਾਬ ਨੂੰ ਨਗਰ ਪਾਲਿਕਾ ਨੇ ਪੂਰ ਦਿੱਤਾ ਤੇ ਮਗਰੋਂ ਕੁਝ ਹਿੱਸਾ ਹਿੰਦੂਆਂ ਨੂੰ ਦੇ ਦਿੱਤਾ, ਜਿਨ੍ਹਾਂ ਨੇ ਪਹਿਲਾਂ ਏਥੇ ਹਾਈ ਸਕੂਲ ਬਣਾਇਆ ਤੇ ਅੱਜ ਕਲ੍ਹ ਹਿੰਦੂ ਕਾਲਜ ਬਣਿਆ ਹੋਇਆ ਹੈ।

ਆਪ ਦੀ ਰਿਹਾਇਸ਼ ਲਈ ਬਾਜ਼ਾਰ ਮਾਈ ਸੇਵਾਂ ਵਿਚ ਬੁੰਗਾ ਗਿਆਨੀਆਂ ਦੀ ਸੁੰਦਰ ਇਮਾਰਤ ਬਣਵਾ ਕੇ ਦਿੱਤੀ ਸੀ ਜੋ ਹੁਣ ਵੀ ਭਾਈ ਸਾਹਿਬ ਦੀ ਵਿਦਵਤਾ, ਮਹਿਮਾ ਤੇ ਗੁਣਾਂ ਦੀ ਯਾਦ ਦੁਆ ਰਹੀ ਹੈ।

ਦੇਹਾਂਤ:– ਆਪ ਦੇ ਦੇਹਾਂਤ ਦੇ ਸੰਮਤ ਬਾਰੇ ਅੰਗਰੇਜ਼ੀ ਦੀ ਪੁਸਤਕ *'ਪੰਜਾਬ ਚੀਫਸ'* ਵਿਚ ਸਨ ੧੮੦੪ ਈ: ਲਿਖਿਆ ਹੈ ਜਿਸ ਤੋਂ ਅੱਗੋਂ ੧੯੩੧ ਈ: ਵਿਚ ਕੌਲਸਰ ਸਰੋਵਰ ਦੀ ਪੂਰਬੀ ਬਾਹੀ 'ਤੇ ਬਣੀ ਸੰਗਮਰਮਰ ਦੀ ਛੋਟੀ ਜੇਹੀ ਚਾਰ ਦਰੀ ਯਾਦਗਾਰ ਭਾਈ ਸੰਤ ਸਿੰਘ ਉੱਪਰ ਵੀ ਚਲਾਣੇ ਦਾ ਸੰਮਤ ੧੮੦੪ ਈ: ਹੀ ਲਿਖ ਦਿੱਤਾ ਹੈ ਜੋ ਕਿ ਬਿਲਕੁਲ ਗਲਤ ਹੈ ਕਿਉਂਕਿ ੧੮੮੧ ਬਿ: ਵਿਚ ਤਾਂ ਆਪ ਨੇ *ਤੁਲਸੀ ਰਾਮਾਇਣ* ਦਾ ਟੀਕਾ ਪੂਰਾ

ਕੀਤਾ ਅਤੇ ਉਮਦਾਤੁੱਤਵਾਰੀਖ਼ ਦੇ ਪੰਨਾ ੩੭੦ ਤੋਂ ਪਤਾ ਲੱਗਦਾ ਹੈ ਕਿ ੧੮੮੫ ਬਿ: ਵਿਚ ਭਾਈ ਸੰਤ ਸਿੰਘ ਜੀ ਜਿਉਂਦੇ ਸਨ। ੧੮੮੮ ਬਿ: ਨੂੰ ਕਥਾ ਦਾ ਭੋਗ ਪਾਇਆ। ਗਿਆਨੀ ਗਿਆਨ ਸਿੰਘ ਜੀ ਨੇ ਆਪ ਦੇ ਦੇਹਾਂਤ ਦਾ ਸੰਮਤ ੧੮੮੯ ਠੀਕ ਲਿਖਿਆ। ਭਾਈ ਮੇਘ ਸਿੰਘ ਜੋ ਦੇਹਾਂਤ ਸਮੇਂ ਕੋਲ ਸਨ, ਲਿਖਦੇ ਹਨ:-ਸੰਮਤ ੧੮੮੯ ਬਿ: ਮਹੀਨਾ ਹਾੜ ਸੁਦੀ ੮ ਦਿਨ ਬੁਧਵਾਰ ਮੁਤਾਬਕ ੧੮੩੨ ਈ: ਨੂੰ ਭਾਈ ਸਾਹਿਬ ਗੁਰੂ-ਚਰਨਾਂ ਵਿਚ ਜਾ ਬਿਰਾਜੇ।

ਹਵਾਲੇ

੧. ਦੇਖੋ ਗਿ: ਜੰਗ ਸਿੰਘ ਜੀ ਲਿਖਤ-'ਅੰਮ੍ਰਿਤਸਰ ਸਿਫਤੀ ਦਾ ਘਰ' ਪੰਨਾ ੮੮

੨. ਦੇਖੋ ਪ੍ਰਸਤਾਵਨਾ ਸ੍ਰੀ ਗੁਰ ਪ੍ਰਤਾਪ, ਸੂਰਜ ਸੰਪਾਦਕ ਭਾਈ ਵੀਰ ਸਿੰਘ ਪੰਨਾ ੭੮

੩. *ਭਾਈ ਸੰਤੋਖ ਸਿੰਘ ਜੀ ਕਰਤਾ ਸ੍ਰੀ ਗੁਰੂ ਨਾਨਕ ਪ੍ਰਕਾਸ਼, ਸ੍ਰੀ ਗੁਰ-ਪ੍ਰਤਾਪ ਸੂਰਜ, ਗਰਬਗੰਜਨੀ ਟੀਕਾ ਸ੍ਰੀ ਜਪੁਜੀ, ਬਾਲਮੀਕੀ ਰਾਮਾਇਣ ਦਾ ਸੰਸਕ੍ਰਿਤ ਤੋਂ ਬ੍ਰਿਜ ਭਾਸ਼ਾ ਵਿਚ ਅਨੁਵਾਦ, ਆਤਮ ਪੁਰਾਣ ਦਾ ਟੀਕਾ, ਅਮਰਕੋਸ਼ ਦਾ ਅਨੁਵਾਦ 'ਨਾਮ ਕੋਸ਼' ਆਦਿ।*

੪. *ਭਾਈ ਮੇਘ ਸਿੰਘ ਜੀ– ਇਨ੍ਹਾਂ ਨੇ ਆਪ ਪਾਸੋਂ ਵਿਦਿਆ ਪਾ ਕੇ ਤਿੰਨ ਗ੍ਰੰਥ ਸੁੰਦਰ ਬ੍ਰਿਜ ਭਾਸ਼ਾ ਕਾਵਿ ਵਿਚ ਰਚੇ– ਭਾਈ ਸਾਹਿਬ ਚੰਦ੍ਰਿਕਾ, ਬ੍ਰਿਜਰਾਜ ਬਿਨੋਦ ਅਤੇ ਭਾਖਾ-ਭੂਖਨ ਚੰਦ੍ਰੋਦਯ। ਭਾਈ ਸੰਤੋਖ ਸਿੰਘ ਵਾਂਗ ਹੀ ਆਪ ਦਾ ਵੀ ਬ੍ਰਿਜ ਭਾਸ਼ਾ ਵਿਚ ਬਹੁਤ ਉਤਮ ਕਾਵਿ ਹੈ। ਕਵਿ ਮੇਘ ਸਿੰਘ ਨੇ ਭਾਈ ਸਾਹਿਬ ਚੰਦ੍ਰਕਾ ਨਾਮ ਦੇ ਆਪਣੇ ਪਹਿਲੇ ਗ੍ਰੰਥ ਵਿਚ ਭਾਈ ਸੰਤ ਸਿੰਘ ਦੀ ਸੰਖੇਪ ਸੁੰਦਰ ਜੀਵਨੀ, ਗੁਣਾਂ ਤੇ ਖਾਸ ਕਰ ਕਥਾ ਦੀ ਅਦੁੱਤੀ ਮਹਿਮਾ ਖੁਲ੍ਹ ਕੇ ਲਿਖੀ ਹੈ।*

ਭਾਈ ਸੰਤ ਸਿੰਘ ਜੀ ਗਿਆਨੀ ਦੇ ਤਿੰਨ ਸਪੁੱਤਰ ਸਨ-ਭਾਈ ਦੇਵਾ ਸਿੰਘ, ਭਾਈ ਗੁਰਮੁਖ ਸਿੰਘ ਤੇ ਭਾਈ ਜੋਧ ਸਿੰਘ। ਆਪ ਤੋਂ ਬਾਅਦ ਭਾਈ ਗੁਰਮੁਖ ਸਿੰਘ ਗਿਆਨੀ ਨੇ ਆਪ ਵਾਲੀਆਂ ਗੁਰੂ-ਘਰ ਦੀਆਂ ਸਾਰੀਆਂ ਸੇਵਾਵਾਂ ਸੰਭਾਲ ਲਈਆਂ। ਆਪ ਦੇ ਵੰਸ ਦੀ ਪ੍ਰਣਾਲੀ ਇਸ ਪ੍ਰਕਾਰ ਹੈ।*

- ਭਾਈ ਰਾਮ ਸਿੰਘ ਜੀ
  - ਭਾਈ ਸੂਰਤ ਸਿੰਘ ਜੀ
    - ਭਾਈ ਸੰਤ ਸਿੰਘ ਜੀ — ਦੇਹਾਂਤ ੧੯੩੨ ਈ:
      - ਭਾਈ ਦੇਵਾ ਸਿੰਘ
      - ਭਾਈ ਗੁਰਮੁਖ ਸਿੰਘ — ਦੇਹਾਂਤ ੧੯੪੪ ਈ:
        - ਭਾਈ ਅਰਜਨ ਸਿੰਘ — ਦੇਹਾਂਤ ੧੯੬੩ ਈ:
          - ਭਾਈ ਜਵਾਹਰ ਸਿੰਘ — ਜਨਮ ੧੯੫੯ ਈ:
        - ਭਾਈ ਲਹਿਣਾ ਸਿੰਘ
        - ਭਾਈ ਮਧੁਸੂਦਨ ਸਿੰਘ — ਦੇਹਾਂਤ : ੧੯੬੪ ਈ:
        - ਭਾਈ ਪ੍ਰਦੁਮਨ ਸਿੰਘ — ਦੇਹਾਂਤ : ੧੯੭੪ ਈ:
          - ਭਾਈ ਗੁਰਬਖਸ਼ ਸਿੰਘ — ਜਨਮ ੧੯੬੯ ਈ:
      - ਭਾਈ ਜੋਧ ਸਿੰਘ
    - ਭਾਈ ਗੁਰਦਾਸ ਸਿੰਘ ਜੀ
      - ਭਾਈ ਸ਼ੇਰ ਸਿੰਘ

ਭਾਈ ਹਰਿੰਦਰ ਸਿੰਘ ਜਨਮ ੧੯੦੭ ਈ: | ਭਾਈ ਸੁਰਿੰਦਰ ਸਿੰਘ ਜਨਮ ੧੯੦੨ ਈ: | ਭਾਈ ਸੁੰਦਰ ਸਿੰਘ ਜਨਮ ੧੮੯੬ ਈ: | ਭਾਈ ਸੂਬਾ ਸਿੰਘ ਜਨਮ ੧੮੯੬ ਈ:

ਭਾਈ ਹਰਿਭਗਤ ਸਿੰਘ ਜਨਮ ੧੮੮੮ ਈ: | ਭਾਈ ਝੰਡਾ ਸਿੰਘ ਜਨਮ ੧੮੬੭ ਈ: | ਭਾਈ ਘਨਸ਼ਾਮ ਸਿੰਘ ਦੇਹਾਂਤ ੧੮੬੭ ਈ: | ਭਾਈ ਹਰਦੇਵ ਸਿੰਘ ਦੇਹਾਂਤ ੧੮੬੭ ਈ:

ਭਾਈ ਸੁੰਦਰ ਸਿੰਘ ਜਨਮ ੧੮੯੨ ਈ: | ਭਾਈ ਦਿਆਲ ਸਿੰਘ ਜਨਮ ੧੮੬੬ ਈ:

ਭਾਈ ਜੀਵਨ ਸਿੰਘ ਜਨਮ ੧੯੦੬ ਈ: | ਭਾਈ ਹਰਿ ਨਾਰਾਇਣ ਸਿੰਘ ਜਨਮ ੧੮੮੮ ਈ:

---

*ਦੇਖੋ ਰਈਸਾਨਿ ਪੰਜਾਬ (ਉਰਦੂ)

ਮਹਾਰਾਜਾ ਰਣਜੀਤ ਸਿੰਘ ਜੀ

ਦੋ ਸਦੀਆਂ ਪਹਿਲਾ ਪੰਜਾਬੀ ਦੀ ਧਰਤੀ 'ਤੇ ਜਨਮੇ ਦੇਸ਼ ਦੇ ਮਹਾਨ ਸਪੂਤ ਮਹਾਰਾਜਾ ਰਣਜੀਤ ਸਿੰਘ ਸੁਯੋਗ ਪ੍ਰਸ਼ਾਸਕ, ਮਹਾਨ ਯੋਧਾ, ਧਰਮ ਨਿਰਪੱਖ ਸ਼ਾਸਕ ਅਤੇ ਮਾਨਵਤਾ ਦੇ ਗੁਣਾਂ ਨਾਲ ਪਰੀਪੂਰਣ ਸ਼ਖ਼ਸੀਅਤ ਦੇ ਰੂਪ ਵਿਚ ਸਦਾ ਯਾਦ ਕੀਤੇ ਜਾਣਗੇ। ਉਹਨਾਂ ਦੇ ਮਰਦਊ-ਪੁਣੇ ਦੀ ਛਾਪ ਭਾਰਤੀ ਇਤਿਹਾਸ 'ਤੇ ਅੰਕਿਤ ਹੋ ਚੁਕੀ ਹੈ।

ਪੰਜਾਬ ਦੀਆਂ ਇਹਨਾਂ ਸਫਲਤਾਵਾਂ ਦੀ ਨੀਂਹ ਲਗਪਗ ੫੦੦ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਚਿੰਤਨ ਨੇ ਅਤੇ ਮਗਰੋਂ ਸਿੱਖਾਂ ਦੇ ਗੌਰਵਮਈ ਸਰਦਾਰ, ਮਹਾਰਾਜਾ ਰਣਜੀਤ ਸਿੰਘ ਨੇ ਰੱਖੀ ਸੀ। ਆਪ ੧੩ ਨਵੰਬਰ, ੧੭੮੦ ਨੂੰ ਗੁਜਰਾਂਵਾਲਾ ਵਿਚ ਜਨਮੇ। ਰਣਜੀਤ ਸਿੰਘ ੧੦ ਸਾਲ ਦੀ ਉਮਰ ਵਿਚ ਹੀ ਆਪਣੇ ਪਿਤਾ ਦੇ ਨਾਲ ਭਿੰਨ-ਭਿੰਨ ਸੈਨਿਕ ਦੌਰਿਆਂ 'ਤੇ ਜਾਣ ਲਗ ਪਏ ਸਨ। ੧੨ ਸਾਲ ਦੀ ਉਮਰ ਵਿਚ ਪਿਤਾ ਦੇ ਅਕਾਲ-ਚਲਾਣਾ ਕਰ ਜਾਣ 'ਤੇ ਸਾਰੀ ਜ਼ਿੰਮੇਂਵਾਰੀ ਉਹਨਾਂ ਦੇ ਮੋਢਿਆਂ 'ਤੇ ਆ ਪਈ ਜਿਸ ਨੂੰ ਉਹਨਾਂ ਨੇ ਪੂਰੀ ਤਰ੍ਹਾਂ ਨਿਭਾਇਆ। ੧੯ਵਾਂ ਸਾਲ ਲੱਗਦੇ ਹੀ ਉਹਨਾਂ ਨੇ ਲਾਹੌਰ 'ਤੇ ਕਬਜ਼ਾ ਕਰਕੇ ੧੯ਵੀਂ ਸਦੀ ਦੇ ਅਰੰਭ ਵਿਚ ਸਾਰੇ ਭਾਰਤ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਤੋਂ ਬਾਅਦ ਵੀ ਸੁਤੰਤਰ ਪੰਜਾਬ ਵਿਚ ਆਪਣੇ ਸ਼ਕਤੀਸ਼ਾਲੀ ਅਤੇ ਸੁਤੰਤਰ ਰਾਜ ਦੀ ਨੀਂਹ ਰੱਖੀ।

ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਪੰਜਾਬ ਦੇ ਅਨੇਕ ਇਲਾਕੇ ਸਿੱਖਾਂ ਦੀਆਂ ਅੱਡੋ-ਅੱਡ ਮਿਸਲਾਂ ਦੇ ਅਧੀਨ ਸਨ, ਜਿਨ੍ਹਾਂ ਵਿਚ ਆਪਸੀ ਮੇਲ-ਜੋਲ ਨਹੀਂ ਸੀ। (ਮਹਾਰਾਜਾ) ਰਣਜੀਤ ਸਿੰਘ ੧੭੯੨ ਈ. ਵਿਚ ਆਪਣੇ ਪਿਤਾ ਦੀ ਮਿਸਲ ਦੇ ਮੁਖੀ ਬਣੇ ਅਤੇ ਅਗਲੇ ੬ ਸਾਲਾਂ ਵਿਚ ਉਹਨਾਂ ਨੇ ਸਤਿਲੁਜ ਦੇ ਪੱਛਮ ਦੀਆਂ ਸਾਰੀਆਂ ਸਿੱਖ ਮਿਸਲਾਂ ਨੂੰ ਏਕਤਾ ਦੀ ਮਾਲਾ ਵਿਚ ਪਰੋ ਦਿੱਤਾ ਅਤੇ ਅਫਗਾਨ ਸ਼ਾਸਕ ਸ਼ਾਹ ਜ਼ਮਾਨ ਦੇ ਧਾਵੇ ਨੂੰ ਅਸਫਲ ਕਰ ਦਿੱਤਾ। ੧੮੦੧ ਈ. ਵਿਚ ਸਾਰੀਆਂ ਮਿਸਲਾਂ ਨੇ ਉਹਨਾਂ ਨੂੰ ਆਪਣਾ ਅਤੇ ਪੰਜਾਬ ਦਾ 'ਮਹਾਰਾਜਾ' ਪ੍ਰਵਾਨ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਨੇ ਇਸ ਤੋਂ ਪਿੱਛੋਂ ਪਿਸ਼ਾਵਰ, ਮੁਲਤਾਨ, ਕਾਂਗੜਾ, ਕਸ਼ਮੀਰ ਅਤੇ ਹੋਰ ਅਨੇਕ ਪ੍ਰਦੇਸ ਆਪਣੇ ਰਾਜ ਵਿਚ ਮਿਲਾ ਲਏ।

ਜਿਹਨਾਂ ਸਫਲਤਾਵਾਂ ਲਈ ਮਹਾਰਾਜਾ ਰਣਜੀਤ ਸਿੰਘ ਨੂੰ ਵਿਸ਼ੇਸ਼ ਰੂਪ ਨਾਲ ਯਾਦ ਕੀਤਾ ਜਾਵੇਗਾ ਉਹਨਾਂ ਵਿਚ ਮੁੱਖ ਇਹ ਹਨ ਕਿ ਆਪਣੇ ਸ਼ਾਸਨ ਕਾਲ ਵਿਚ ਉਨ੍ਹਾਂ ਨੇ ਆਪਣੀ ਦੂਰ ਤਕ ਫੈਲੀ ਸਲਤਨਤ ਦੀ ਪਰਜਾ ਨੂੰ ਇਕ ਨਿਆਂ-ਪ੍ਰੇਮੀ ਲੋਕਤੰਤਰੀ ਅਤੇ ਯੋਗ ਸ਼ਾਸਕ ਦੇ ਰੂਪ ਵਿਚ ਸੰਤੋਖ ਅਤੇ ਖੁਸ਼ਹਾਲੀ ਪ੍ਰਦਾਨ ਕੀਤੀ। ਰਾਜਨੀਤਕ ਦ੍ਰਿਸ਼ਟੀਕੋਣ ਤੋਂ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ-ਧਰਮ ਦਾ ਧਾਰਨੀ ਹੁੰਦੇ ਹੋਏ ਵੀ ਰਾਜ ਦੇ ਖੇਤਰ

ਵਿਚ ਸਾਰੇ ਧਰਮਾਂ ਦਾ ਸਮਾਨ-ਰੂਪ ਨਾਲ ਸਨਮਾਨ ਕੀਤਾ ਅਤੇ ਯੋਗਤਾ ਦਾ ਆਦਰ ਕੀਤਾ। ਉਹਨਾਂ ਦੇ ਦਰਬਾਰ ਅਤੇ ਰਾਜ ਵਿਚ ਸਰਵ-ਉੱਚ ਪਦਵੀਆਂ ਸਭਨਾਂ ਲਈ ਪ੍ਰਾਪਤ ਸਨ। ਉਹਨਾਂ ਦੇ ਸਭ ਤੋਂ ਵਧੀਕ ਵਿਸ਼ਵਾਸ-ਪਾਤਰ ਮੰਤਰੀ ਸਨ – ਫ਼ਕੀਰ ਅਜ਼ੀਜ਼ੁੱਦੀਨ, ਜਿਨ੍ਹਾਂ ਨੇ ਜੀਵਨ ਭਰ ਮਹਾਰਾਜਾ ਸਾਹਿਬ ਦੀ ਵਫ਼ਾਦਾਰੀ ਨਾਲ ਸੇਵਾ ਕੀਤੀ। ਡੋਗਰਾ ਰਾਜਾ ਧਿਆਨ ਸਿੰਘ ਆਪਣੀ ਪ੍ਰਤਿਭਾ ਅਤੇ ਸਵਾਮੀ ਭਗਤੀ ਦੇ ਨਾਤੇ ਪ੍ਰਧਾਨ ਮੰਤਰੀ ਪਦ ਤਕ ਪਹੁੰਚੇ। ਮੇਰਠ ਦਾ ਇਕ ਬ੍ਰਾਹਮਣ ਜਮਾਂਦਾਰ ਖੁਸ਼ਹਾਲ ਸਿੰਘ ਵੀ ਇਸੇ ਤਰ੍ਹਾਂ ਦੇ ਆਪਣੇ ਗੁਣਾਂ ਦੇ ਕਾਰਨ ਉੱਚ ਪਦਾਂ 'ਤੇ ਪੁੱਜਾ। ਕਈ ਯੂਰਪੀਆਂ ਨੂੰ ਵੀ ਮਹਾਰਾਜਾ ਦੇ ਦਰਬਾਰ ਅਤੇ ਸ਼ਾਸਨ ਵਿਚ ਪ੍ਰਮੁਖ ਸਥਾਨ ਮਿਲਿਆ। ਵੈਂਤੂਰਾ ਜੋ ਇਟਲੀ ਵਾਸੀ ਸੀ, ਉਹਨਾਂ ਦਾ ਪ੍ਰਧਾਨ ਸੈਨਾਪਤੀ ਬਣਿਆ। ਇਸ ਤਰ੍ਹਾਂ ਜਿਥੋਂ ਤਕ ਸ਼ਾਸਨ ਦੇ ਖੇਤਰ ਦਾ ਸੰਬੰਧ ਸੀ, ਹਿੰਦੂ, ਮੁਸਲਮਾਨ, ਈਸਾਈ, ਸਿੱਖ ਸਭਨਾਂ ਲਈ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਮਾਨ ਅਵਸਰ ਪ੍ਰਾਪਤ ਸਨ। ਅਸਲ ਵਿਚ ਭਾਰਤ ਵਿਚ ਉਹ ਧਰਮ ਨਿਰਪੱਖ ਰਾਜਨੀਤਕ ਪ੍ਰਬੰਧ ਦਾ ਇਕ ਮੁਢਲਾ, ਬਹੁਤ ਹੀ ਸਫਲ ਪ੍ਰਯੋਗ ਸੀ।

ਆਪਣੀ ਜਨਤਾ ਦੀ ਆਰਥਿਕ ਦਸ਼ਾ ਸੁਧਾਰਨ ਲਈ ਮਹਾਰਾਜਾ ਰਣਜੀਤ ਸਿੰਘ ਨੇ ਜੋ ਮਹੱਤਵਪੂਰਨ ਯਤਨ ਕੀਤੇ ਉਹਨਾਂ ਲਈ ਦੇਸ਼ ਸਦਾ ਉਹਨਾਂ ਦਾ ਦੇਣਦਾਰ ਰਹੇਗਾ। ਪੰਜਾਬ ਵਿਸ਼ੇਸ਼ ਰੂਪ ਨਾਲ ਕਿਸਾਨ ਸੂਬਾ ਹੈ। ਇਸ ਲਈ ਆਪਣਾ ਰਾਜ ਸਥਾਪਤ ਕਰਨ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਕਿਸਾਨਾਂ ਦੀ ਹਾਲਤ ਸੁਧਾਰਨ ਵੱਲ ਸਭ ਤੋਂ ਜ਼ਿਆਦਾ ਧਿਆਨ ਦਿੱਤਾ। ਇਹ ਸੁਭਾਵਕ ਵੀ ਸੀ, ਕਿਉਂਕਿ ਉਹ ਖੁਦ ਇਕ ਆਮ ਕਿਸਾਨ ਪਰਿਵਾਰ ਵਿਚੋਂ ਸਨ ਅਤੇ ਕਿਸਾਨਾਂ ਦੀ ਦਸ਼ਾ ਤੋਂ ਭਲੀ-ਭਾਂਤ ਜਾਣੂੰ ਸਨ। ਸੰਭਵ ਹੈ ਕਿ ਉਹ ਭਾਰਤ ਦੇ ਪਹਿਲੇ ਅਜੇਹੇ ਸ਼ਾਸਕ ਸਨ ਜਿਹਨਾਂ ਨੇ ਕਾਸ਼ਤ ਕਰਨ ਵਾਲਿਆਂ ਨੂੰ ਜ਼ਮੀਨ ਦੀ ਮਲਕੀਅਤ ਦੇ ਹੱਕ ਦੇਣ ਦੇ ਸਿਧਾਂਤ ਨੂੰ ਲਾਗੂ ਕੀਤਾ। ਇਸ ਦੇ ਨਾਲ ਹੀ ਵਿਚੋਲਿਆਂ ਦੀ ਜਗ੍ਹਾ ਲਗਾਨ ਦੀ ਵਸੂਲੀ ਸਿੱਧੀ ਕਿਸਾਨਾਂ ਤੋਂ ਹੋਣ ਲੱਗੀ। ਖੂਹਾਂ ਦੀ ਮਲਕੀਅਤ ਵੀ ਕਿਸਾਨਾਂ ਨੂੰ ਪਹਿਲੀ ਵਾਰ ਪ੍ਰਾਪਤ ਹੋਈ। ਅੱਜ-ਕਲ੍ਹ ਭਾਵੇਂ ਇਹ ਸੁਧਾਰ ਆਮ ਜਿਹੇ ਲੱਗਣ, ਪ੍ਰੰਤੂ ੧੮ਵੀਂ ਸਦੀ ਦੇ ਅੰਤ ਵਿਚ ਜਦੋਂ ਕਿ ਸਾਮੰਤੀ ਰਾਜ ਦਾ ਬੋਲਬਾਲਾ ਸੀ, ਇਹ ਕ੍ਰਾਂਤੀਕਾਰੀ ਸੁਧਾਰ ਹੀ ਕਹੇ ਜਾਣਗੇ। ਇਹਨਾਂ ਨਾਲ ਹੀ ਪੰਜਾਬ ਸਮਾਂ ਪਾ ਕੇ ਦੇਸ਼ ਵਿਚ ਅਨਾਜ-ਭੰਡਾਰ ਦਾ ਖੇਤਰ ਕਹਾਉਣ ਲਗਿਆ।

ਉਦਯੋਗੀ ਧੰਦਿਆਂ ਨੂੰ ਉਤਸ਼ਾਹ ਦੇਣ ਲਈ ਵੀ ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਕੰਮ ਕੀਤੇ। ਮੁਲਤਾਨ ਦੇ ਰੇਸ਼ਮ ਉਦਯੋਗ, ਕਸ਼ਮੀਰ ਦੇ ਪਸ਼ਮੀਨਾ ਅਤੇ ਸ਼ਾਲ ਉਦਯੋਗ, ਅੰਮ੍ਰਿਤਸਰ ਦੇ ਫੁਲਕਾਰੀ ਉਦਯੋਗ ਅਤੇ ਚੰਬਾ ਤੇ ਕਸੂਰ ਦੇ ਕੰਬਲ ਉਦਯੋਗ ਨੂੰ ਮਹਾਰਾਜਾ ਦੇ ਸ਼ਾਸਨ ਕਾਲ ਵਿਚ ਵਿਸ਼ੇਸ਼ ਉਤਸ਼ਾਹ ਮਿਲਿਆ। ਇਸ ਨਾਲ ਜਿਥੇ ਆਮ ਜਨਤਾ ਨੂੰ ਰਾਹਤ ਮਿਲੀ, ਉਥੇ ਰਾਜ ਨੂੰ ਵੀ ਆਪਣੀ ਮਾਲੀ ਹਾਲਤ ਸੁਧਾਰਨ ਦਾ ਮੌਕਾ ਪ੍ਰਾਪਤ ਹੋਇਆ।

ਕਿਸੇ ਵੀ ਪ੍ਰਸ਼ਾਸਨ ਦੀ ਚੰਗਿਆਈ ਦੀ ਕਸੌਟੀ ਇਹ ਮੰਨੀ ਜਾਂਦੀ ਹੈ ਕਿ ਹਾਕਮ ਕਿਸ ਹੱਦ ਤਕ ਨਿਆਂ-ਪ੍ਰੀਯਤਾ ਨੂੰ ਅਪਣਾਉਂਦਾ ਹੈ। ਨਿਆਂ ਦਾ ਸ਼ਾਸਨ ਅਸਲ ਵਿਚ ਅੱਜ ਦੇ

ਪ੍ਰਗਤੀਸ਼ੀਲ ਲੋਕਤੰਤਰ ਦੀ ਬੁਨਿਆਦ ਹੈ। ਮਹਾਰਾਜਾ ਰਣਜੀਤ ਸਿੰਘ ਨੇ ਨਿਆਂ-ਪੂਰਬਕ ਸ਼ਾਸਨ ਕਰਨ ਦੇ ਜਿਹੜੇ ਉਦਾਹਰਨ ਪੇਸ਼ ਕੀਤੇ, ਉਹ ਉਹਨਾਂ ਤੋਂ ਪਹਿਲਾਂ ਦੇ ਸ਼ਾਸਕਾਂ ਵਿਚ ਵਿਸ਼ੇਸ਼ ਕਰਕੇ ਅੰਗਰੇਜ਼ੀ ਹਕੂਮਤ ਦੇ ਜ਼ਮਾਨੇ ਵਿਚ ਨਹੀਂ ਮਿਲਦੇ। ਇਥੋਂ ਤਕ ਕਿ ਮਹਾਰਾਜਾ ਜੀ ਨੇ ਲਾਹੌਰ ਕੋਤਵਾਲ ਨੂੰ ਲਿਖਤੀ ਅਧਿਕਾਰ ਦਿੱਤਾ ਹੋਇਆ ਸੀ ਕਿ ਜੇ ਮੈਂ ਆਪ ਰਾਜ ਦਾ ਪ੍ਰਮੁੱਖ ਦੋਸ਼ੀ ਪਾਇਆ ਜਾਵਾਂ ਤਾਂ ਮੇਰੇ ਵਿਰੁੱਧ ਵੀ ਕਾਰਵਾਈ ਕਰਨ ਤੋਂ ਨਾ ਝਿਜਕੇ।

ਮਹਾਰਾਜਾ ਰਣਜੀਤ ਸਿੰਘ ਆਪਣੇ ਸਮੇਂ ਦੇ ਪਰਿਵਰਤਨਾਂ ਪ੍ਰਤੀ ਵੀ ਸਾਵਧਾਨ ਸਨ। ਉਹਨਾਂ ਨੇ ਅਨੇਕ ਨਵੀਆਂ ਖੋਜਾਂ ਨੂੰ ਅਪਣਾਇਆ। ਅੰਗਰੇਜ਼ਾਂ ਦੀ ਸਲਾਹ ਨਾਲ ਜੋ ਮਹਾਰਾਜਾ ਦੀ ਸ਼ਕਤੀ ਦੀ ਸ਼ਾਸਨ ਕੁਸ਼ਲਤਾ ਦੇ ਕਾਰਨ ਉਹਨਾਂ ਦੇ ਮਿੱਤਰ ਬਣ ਗਏ ਸਨ, ਅੰਮ੍ਰਿਤਸਰ ਵਿਚ ਇਕ ਛਾਪਾਖਾਨਾ ਖੋਲ੍ਹਿਆ। ਉਹਨਾਂ ਨੇ ਆਪਣੀ ਸੈਨਾ ਨੂੰ ਆਧੁਨਿਕ ਸ਼ਸਤਰਾਂ-ਅਸਤਰਾਂ ਨਾਲ ਲੈਸ ਕੀਤਾ; ਪਰੰਤੂ ਆਪ ਨੇ ਉਹਨਾਂ ਪੁਰਾਣੇ ਹਥਿਆਰਾਂ ਨੂੰ ਨਹੀਂ ਤਿਆਗਿਆ, ਜੋ ਪੰਜਾਬੀ ਸੂਰਮਿਆਂ ਦੀ ਪ੍ਰਤਿਭਾ ਦੇ ਅਨੁਕੂਲ ਬੈਠਦੇ ਸਨ। ਆਪਣੇ ਇਤਾਲਵੀ ਸੈਨਾਪਤੀ ਵੈਂਤੂਰਾ ਨੂੰ ਉਹਨਾਂ ਨੇ ਪ੍ਰੇਰਤ ਕਰ ਕੇ ਪੰਜਾਬ ਦੀ ਭਿਆਨਕ ਗਰਮੀ ਵਿਚ ਵੀ ਪਾਣੀ ਨੂੰ ਠੰਢਾ ਰੱਖਣ ਦਾ ਯੰਤਰ ਬਣਵਾਇਆ।

ਮਹਾਰਾਜਾ ਰਣਜੀਤ ਸਿੰਘ ਆਪਣੀ ਪਰਜਾ ਨੂੰ ਵੀ ਨਵੇਂ-ਨਵੇਂ ਕੰਮਾਂ ਲਈ ਉਤਸ਼ਾਹਤ ਕਰਦੇ ਰਹਿੰਦੇ ਸਨ ਅਤੇ ਇਸ ਲਈ ਇਨਾਮ ਵੀ ਦਿੰਦੇ ਸਨ। ਤਲਵਾਰ ਦੇ ਮੁਕਾਬਲੇ ਅਕਸਰ ਹੋਇਆ ਕਰਦੇ ਸਨ। ਨਿਸ਼ਾਨੇਬਾਜ਼ੀ ਅਤੇ ਤੈਰਾਕੀ ਦੇ ਮੁਕਾਬਲੇ ਵੀ ਹੁੰਦੇ ਸਨ। ਮਰਦਾਨਗੀ ਦੀਆਂ ਹੋਰ ਅਨੇਕ ਖੇਡਾਂ ਰਾਹੀਂ ਮਹਾਰਾਜਾ ਰਣਜੀਤ ਸਿੰਘ ਬੱਚਿਆਂ ਦਾ ਮਨੋਰੰਜਨ ਵੀ ਕਰਦੇ ਸਨ ਅਤੇ ਉਹਨਾਂ ਵਿਚੋਂ ਹੋਣਹਾਰ ਬਹਾਦਰਾਂ ਦੀ ਚੋਣ ਵੀ ਕੀਤੀ ਜਾਂਦੀ ਸੀ।

ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਲਗਪਗ ੪੦ ਸਾਲਾਂ ਦੇ ਸ਼ਾਸਨ ਕਾਲ ਵਿਚ ਭਿੰਨ-ਭਿੰਨ ਦਿਸ਼ਾਵਾਂ ਵਿਚ ਸ਼ਾਸਨ ਅਤੇ ਆਚਰਨ ਦੇ ਜੋ ਉਦਾਹਰਨ ਸਥਾਪਤ ਕੀਤੇ, ਉਹਨਾਂ ਦੇ ਕਾਰਨ ਪੰਜਾਬ ਵਿਚ ਸਾਹਸ, ਸੂਰਬੀਰਤਾ ਅਤੇ ਖੁਸ਼ਹਾਲੀ ਦੀਆਂ ਚੰਗੀਆਂ ਰੀਤਾਂ ਪਈਆਂ। ਇਹਨਾਂ ਰੀਤਾਂ 'ਤੇ ਚਲਦੇ ਹੋਏ ਅੱਜ ਕੇਵਲ ਪੰਜਾਬ ਹੀ ਨਹੀਂ, ਸਾਡੇ ਦੇਸ਼ ਦੇ ਅਨੇਕ ਰਾਜ ਨਵੇਂ ਭਾਰਤ ਦੀ ਉਸਾਰੀ ਵਿਚ ਆਪਣਾ ਰਚਨਾਤਮਕ ਹਿੱਸਾ ਪਾ ਰਹੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਅਨੇਕ ਸ਼ਾਸਕੀ ਅਤੇ ਮਾਨਵਵਾਦੀ ਗੁਣਾਂ ਦੇ ਕਾਰਣ ਹੀ, ਉਹਨਾਂ ਦੇ ਆਲੋਚਕ ਇਤਿਹਾਸਕਾਰ ਸਰ ਲੈਪਲ ਗ੍ਰਿਫਨ ਨੂੰ ਲਿਖਣਾ ਪਿਆ ਸੀ —

> *ਮੁਗਲ ਸਾਮਰਾਜ ਦੇ ਵਿਨਾਸ਼ਕਾਰੀ ਤੱਤਾਂ ਵਿਚ ਜਿਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਥੋੜ੍ਹੇ ਸਮੇਂ ਵਿਚ ਲਾਹੌਰ ਦੇ ਸਿੱਖ ਸਾਮਰਾਜ ਦਾ ਪ੍ਰਸ਼ਾਸਨ ਚਲਾਇਆ, ਉਸ ਤਰ੍ਹਾਂ ਭਾਰਤ ਦਾ ਕੋਈ ਵੀ ਹੋਰ ਤਤਕਾਲੀਨ ਸ਼ਾਸਕ ਨਹੀਂ ਚਲਾ ਸਕਿਆ।'*

ਖੁਸ਼ਵੰਤ ਸਿੰਘ ਆਪਣੀ ਪੁਸਤਕ 'ਦੀ ਸਿਖਸ' ਵਿਚ ਲਿਖਦੇ ਹਨ :

> *'ਵਿਅਕਤੀ ਦੇ ਰੂਪ ਵਿਚ ਮ: ਰਣਜੀਤ ਸਿੰਘ ਵਿਚ ਕਈ ਅਜਿਹੀਆਂ ਖੂਬੀਆਂ ਸਨ, ਜਿਹਨਾਂ ਨੇ ਉਸ ਨੂੰ ਜਨਤਾ ਵਿਚ ਹਰਮਨਪਿਆਰਾ ਬਣਾ ਦਿੱਤਾ ਸੀ।*

ਉਹ ਮਹਾਰਾਜਾ ਹੁੰਦੇ ਹੋਏ ਵੀ ਕਿਸਾਨ ਵਰਗ ਤੋਂ ਦੂਰ ਕਦੇ ਨਹੀਂ ਹੋਏ, ਜਿਸ ਵਿਚ ਉਹ ਜੰਮੇ ਸਨ। ਪੜ੍ਹੇ-ਲਿਖੇ ਨਾ ਹੁੰਦੇ ਹੋਏ ਵੀ ਉਹਨਾਂ ਨੇ ਤਜਰਬੇ ਦੀ ਪਾਠਸ਼ਾਲਾ ਵਿਚ ਬਹੁਤ ਕੁਝ ਸਿੱਖਿਆ ਅਤੇ ਜੀਵਨ ਨੇ ਉਹਨਾਂ ਨੂੰ ਆਪਣੇ ਸਾਥੀਆਂ-ਸੰਗੀਆਂ ਨਾਲ ਨਿਮਰਤਾ ਪੂਰਵਕ ਅਤੇ ਦਿਆਲੂ ਵਰਤਾਉ ਕਰਨ ਦੀ ਸਿੱਖਿਆ ਦਿੱਤੀ।'

ਕਿਸੇ ਵੀ ਧਰਮ ਨੂੰ ਮੰਨਣ ਵਾਲੇ ਪ੍ਰਤੀ ਉਹਨਾਂ ਦਾ ਵਤੀਰਾ ਨਿਮਰਤਾ ਅਤੇ ਸ਼ਰਧਾ ਵਾਲਾ ਹੁੰਦਾ ਸੀ। ਸਿੱਖਾਂ ਦਾ ਆਦਰ ਉਹ ਸਹਿਧਰਮੀਆਂ ਅਤੇ ਸਾਥੀਆਂ ਦੇ ਰੂਪ ਵਿਚ ਕਰਦੇ ਸਨ ਅਤੇ ਹੋਰਨਾਂ ਧਰਮਾਂ ਦੇ ਲੋਕਾਂ ਪ੍ਰਤੀ ਵੀ ਉਹਨਾਂ ਦੇ ਮਨ ਵਿਚ ਇੱਜ਼ਤ-ਮਾਨ ਦੀ ਭਾਵਨਾ ਹੁੰਦੀ ਸੀ।

ਮਹਾਰਾਜਾ ਰਣਜੀਤ ਸਿੰਘ ੨੭ ਜੂਨ, ੧੮੩੯ ਨੂੰ ਅਕਾਲ-ਚਲਾਣਾ ਕਰ ਗਏ। ਉਹਨਾਂ ਦੇ ਪੂਰਨਿਆਂ 'ਤੇ ਚੱਲਦੇ ਹੋਏ ਹੀ ਅੱਜ ਨਵਾਂ ਪੰਜਾਬ ਪ੍ਰਗਤੀ ਵੱਲ ਮਜ਼ਬੂਤ ਕਦਮ ਰੱਖਦਾ ਜਾ ਰਿਹਾ ਹੈ।

ਭਾਈ ਸੰਤੋਖ ਸਿੰਘ ਜੀ

ਸਿੱਖ ਜਗਤ ਵਿਚ ਭਾਈ ਸੰਤੋਖ ਸਿੰਘ ਜੀ ਨੂੰ ਵਿਸ਼ੇਸ਼ ਪ੍ਰਸਿੱਧੀ ਪ੍ਰਾਪਤ ਹੈ। ਇਸ ਦਾ ਕਾਰਨ ਹੈ ਆਪ ਦੀ ਰਚਨਾ *ਗੁਰ ਪ੍ਰਤਾਪ ਸੂਰਜ* ਅਤੇ *ਸ੍ਰੀ ਨਾਨਕ ਪ੍ਰਕਾਸ਼* ਗ੍ਰੰਥ। ਪੁਰਾਤਨ ਸਮੇਂ ਤੋਂ, ਜਦ ਤੋਂ ਇਹ ਗ੍ਰੰਥ ਤਿਆਰ ਹੋਏ, ਇਨ੍ਹਾਂ ਦੀ ਕਥਾ, ਧਰਮਸਾਲਾਂ ਅਤੇ ਗੁਰਦੁਆਰਿਆਂ ਆਦਿ ਵਿਚ ਹੋਣ ਲੱਗ ਪਈ। ਭਾਈ ਸੰਤੋਖ ਸਿੰਘ ਜੀ ਨੇ ਆਪ ਹੀ ਇਸ ਕਾਰਜ ਨੂੰ ਆਰੰਭ ਕਰ ਦਿੱਤਾ ਸੀ। ਭਾਈ ਵੀਰ ਸਿੰਘ ਜੀ, ਜਿਨ੍ਹਾਂ ਨੇ ਕਠਨ ਮਿਹਨਤ ਕਰ ਕੇ *ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ* ਦੇ ਨਾਮ ਹੇਠ ਸਣੇ ਟਿੱਪਣੀਆਂ ਅਤੇ ਵਿਆਖਿਆ ਦੇ, ੧੪ ਜਿਲਦਾਂ ਵਿਚ ਇਸ ਰਚਨਾ ਨੂੰ ਸੰਪਾਦਨ ਕੀਤਾ, ਨੇ ਪਹਿਲੀ ਜਿਲਦ (ਪ੍ਰਸਤਾਵਨਾ) ਵਿਚ ਲਿਖਿਆ ਹੈ ਕਿ ਭਾਈ ਸਾਹਿਬ ਜੋ ਰਚਨਾ ਕਰਦੇ ਸਨ, ਸ਼ਾਮ ਵੇਲੇ ਉਸ ਦੀ ਕਥਾ ਕਰਕੇ ਸੁਣਾਉਂਦੇ ਹੁੰਦੇ ਸਨ। ਇਸ ਸਮੇਂ ਭੀ ਗੁਰਦੁਆਰਿਆਂ ਵਿਚ, ਸ਼ਾਮ ਵੇਲੇ ਜਦ ਕਥਾਵਾਚਕ ਇਸ ਗ੍ਰੰਥ ਦੀ ਕਥਾ ਕਰਦੇ ਹਨ ਤਾਂ ਸਰੋਤੇ ਭਾਰੀ ਗਿਣਤੀ ਵਿਚ ਹਾਜ਼ਰ ਹੁੰਦੇ ਹਨ। ਆਮ ਲੋਕ ਇਸ ਗ੍ਰੰਥ ਨੂੰ **ਸੂਰਜ ਪ੍ਰਕਾਸ਼** ਆਖਦੇ ਹਨ।

ਗੁਰੂ ਸਾਹਿਬਾਨ ਦੇ ਸਮਕਾਲੀ ਵਿਦਵਾਨਾਂ, ਭਾਈ ਗੁਰਦਾਸ ਜੀ ਅਤੇ ਭਾਈ ਮਨੀ ਸਿੰਘ ਜੀ ਤੋਂ ਪਿੱਛੋਂ, ਭਾਵ ਗੁਰੂ-ਕਾਲ ਮਗਰੋਂ ਭਾਈ ਸੰਤੋਖ ਸਿੰਘ ਜੀ ਨੇ ਹੀ ਖਿੰਡੇ-ਪੁੰਡੇ ਸਿੱਖ ਇਤਿਹਾਸ ਨੂੰ ਇਕੱਤ੍ਰ ਤੇ ਛਾਣ-ਬੀਣ ਕਰਕੇ ਮਹਾਂ ਕਾਵਿ ਦੇ ਰੂਪ ਵਿਚ ਲਿਆਂਦਾ। ਭਾਈ ਸਾਹਿਬ ਨੇ ਇਸ ਗੱਲ ਨੂੰ **"ਗੁਰ ਪ੍ਰਤਾਪ ਸੂਰਜ"** ਦੀ ਰਾਸ ੧ ਦੇ ਪੰਜਵੇਂ ਅੰਸੂ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ :-

"ਸ੍ਰੀ ਗੁਰੂ ਕੇ ਇਤਿਹਾਸ ਜਗਤ ਮਹਿ।
ਰਲ ਮਿਲਿ ਰਹਜੋ ਏਕ ਥਲ ਸਭਿ ਨਹਿ।
ਜਿਮ ਸਿਕਤਾ ਮਹਿ ਕੰਚਨ ਮਿਲੈ।
ਬੀਨ ਡਾਂਵਲਾ ਲੇ ਤਿਹ ਭਲੈ॥ ੫॥
ਤਥਾ ਜਗਤ ਤੇ ਮੈਂ ਚੁਨਿ ਲੇਊਂ॥
ਕਥਾ ਸਮਸਤ ਸੁ ਲਿਖ ਕਰਿ ਦੇਊਂ॥
ਬਾਨੀ ਸਫਲ ਕਰਨ ਕੇ ਕਾਰਨ।
ਕਰਿਹੌਂ ਸਤਿਗੁਰ ਸੁਜਸ ਉਚਾਰਨਿ॥ ੬॥

ਪਰ ਭਾਈ ਸਾਹਿਬ ਦੀ ਇਸ ਮਹਾਨ ਰਚਨਾ ਵਿਚ ਕੁਝ ਲਿਖਤਾਂ ਅਜਿਹੀਆਂ ਭੀ ਹਨ ਜੋ ਗੁਰਮਤਿ ਨਾਲ ਮੇਲ ਨਹੀਂ ਖਾਂਦੀਆਂ। ਭਾਈ ਵੀਰ ਸਿੰਘ ਜੀ ਨੇ ਬੜੇ ਸੁੰਦਰ ਢੰਗ ਨਾਲ

ਉਨ੍ਹਾਂ ਬਾਰੇ ਵਿਸਥਾਰ ਨਾਲ ਆਪਣੇ ਵਿਚਾਰ ਪ੍ਰਗਟਾਏ ਤੇ ਭਾਈ ਸੰਤੋਖ ਸਿੰਘ ਜੀ ਦੀਆਂ ਮਜ਼ਬੂਰੀਆਂ ਨੂੰ ਅੰਕਿਤ ਕੀਤਾ ਹੈ।

ਭਾਈ ਸੰਤੋਖ ਸਿੰਘ ਜੀ ਨੇ ਸੰਸਕ੍ਰਿਤ ਦੇ ਗ੍ਰੰਥਾਂ ਦਾ ਚੰਗੀ ਤਰ੍ਹਾਂ ਅਧਿਐਨ ਕੀਤਾ ਸੀ ਅਤੇ ਆਪ ਵੀ ਕਾਵਿ, ਪਿੰਗਲ ਆਦਿ ਵਿਚ ਨਿਪੁੰਨ ਸਨ। ਉਸ ਸਮੇਂ ਸੰਸਕ੍ਰਿਤ ਦਾ ਭਾਰੀ ਪ੍ਰਭਾਵ ਸੀ। ਇਸ ਲਈ ਆਪ ਨੇ ਬ੍ਰਿਜ ਭਾਸ਼ਾ ਵਿਚ ਹੀ ਆਪਣੀ ਰਚਨਾ ਕੀਤੀ। ਮਹਾਂ ਕਾਵਿ ***ਗੁਰੁ ਪ੍ਰਤਾਪ ਸੂਰਜ*** ਤੋਂ ਛੁੱਟ ਆਪ ਨੇ ***ਆਤਮ ਪੁਰਾਣ*** ਅਤੇ ਬਾਲਮੀਕ ਕ੍ਰਿਤ "ਰਾਮਾਯਣ" ਦੇ ਉਲਥੇ ਭੀ ਕੀਤੇ। ***ਅਮਰ ਕੋਸ਼*** ਦਾ ਭੀ ਅਨੁਵਾਦ ਕੀਤਾ ਅਤੇ ਸਾਧੂ ਅਨੰਦ ਘਨ ਵੱਲੋਂ ਕੀਤੇ ਗਏ **ਜਪੁ ਜੀ** ਦੇ ਟੀਕੇ ਦੇ ਟਾਕਰੇ 'ਤੇ *'ਜਪੁ ਜੀ'* ਦਾ ਆਪਣਾ ਟੀਕਾ ਭੀ ਕੀਤਾ ਅਤੇ ਉਸ ਦਾ ਨਾਮ *ਗਰਬ ਗੰਜਨੀ* ਰੱਖਿਆ।

ਇਸ ਮਹਾਨ ਵਿਦਵਾਨ ਦੇ ਜੀਵਨ ਵੱਲ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਦਾ ਜਨਮ ਕਿਸੇ ਸ਼ਾਹੀ ਘਰਾਣੇ 'ਚ ਨਹੀਂ ਹੋਇਆ ਬਲਕਿ ਇਕ ਸਧਾਰਣ ਘਰਾਣੇ ਵਿਚ ਹੀ ਹੋਇਆ ਤੇ ਇਨ੍ਹਾਂ ਦੇ ਜਨਮ ਸੰਮਤ ਤੇ ਜਨਮ ਅਸਥਾਨ ਬਾਰੇ ਭੀ ਉਸੇ ਤਰ੍ਹਾਂ ਹੀ ਮੱਤ-ਭੇਦ ਮੌਜੂਦ ਹਨ ਜੋ ਆਮ ਕਰਕੇ ਅਜਿਹੀਆਂ ਹਸਤੀਆਂ ਬਾਰੇ ਹੁੰਦੇ ਹਨ ਜਿਨ੍ਹਾਂ ਦਾ ਜਨਮ ਤਾਂ ਸਾਧਾਰਣ ਘਰਾਣਿਆਂ ਵਿਚ ਹੋਇਆ ਹੁੰਦਾ ਹੈ ਪਰ ਜੀਵਨ ਵਿਚ ਕੀਤੇ ਆਪਣੇ ਕਾਰਨਾਮਿਆਂ ਕਰਕੇ ਪ੍ਰਸਿੱਧੀ ਦੀਆਂ ਸਿਖਰਾਂ ਨੂੰ ਜਾ ਛੂੰਹਦੀਆਂ ਹਨ।

ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨਾਭਾ ਕ੍ਰਿਤ *ਗੁਰਸ਼ਬਦ ਰਤਨਾਕਰ, (ਮਹਾਨ ਕੋਸ਼)* ਅਨੁਸਾਰ ਆਪ ਦਾ ਜਨਮ ਸੰਮਤ ੧੮੪੫ ਬਿਕ੍ਰਮੀ ਵਿਚ ਭਾਈ ਦੇਵਾ ਸਿੰਘ ਜੀ ਦੇ ਗ੍ਰਿਹਿ ਵਿਖੇ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਪਰ ਨਵੀਨ ਖੋਜ ਆਪ ਦਾ ਜਨਮ ਪਿੰਡ ਨੂਰ ਦੀ ਸਰਾਂ ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਮਾਤਾ ਰਜਾਦੀ (ਰਾਜ ਦੇਵੀ) ਦੀ ਕੁੱਖੋਂ ਹੋਇਆ ਦੱਸਦੀ ਹੈ। ਪ੍ਰੋਫੈਸਰ 'ਪਦਮ' ਜੀ ਨੇ ਆਪਣੀ ਪੁਸਤਕ *ਮਹਾਂ ਕਵੀ ਸੰਤੋਖ ਸਿੰਘ* ਵਿਚ ਜਨਮ ਦਾ ਸਾਲ ੧੭੮੫ ਈਸਵੀ ਲਿਖਿਆ ਹੈ ਪਰ ਡਾਕਟਰ ਤਾਰਨ ਸਿੰਘ ਜੀ ਨੇ *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* ਵਿਚ ੭ ਅੱਸੂ (ਵਦੀ ਏਕਾਦਸ਼ੀ) ਸੰਮਤ ੧੮੪੪ ਬਿਕ੍ਰਮੀ (ਸਤੰਬਰ ੧੭੮੭ ਈ:) ਦਰਜ ਕੀਤਾ ਹੈ।

ਆਪ ਨੇ ਆਪਣਾ ਸਾਰਾ ਜੀਵਨ ਹੀ ਸਾਹਿਤ, ਖਾਸ ਕਰ, ਸਿੱਖ ਇਤਿਹਾਸ, ਦੀ ਸੇਵਾ ਹਿਤ ਅਰਪਣ ਕੀਤਾ। ਆਪ ਇਸ ਗੱਲੋਂ ਭਾਗਾਂ ਵਾਲੇ ਸਨ ਕਿ ਹਰ ਪੱਖ ਵਿਚ ਆਪ ਨੂੰ ਵਿੱਦਿਆ ਦੇ ਪ੍ਰੇਮੀ ਤੇ ਕਦਰਦਾਨ ਮਿਲਦੇ ਤੇ ਆਪ ਦੀ ਸਰਪ੍ਰਸਤੀ ਕਰਦੇ ਰਹੇ। ਸਭ ਤੋਂ ਪਹਿਲਾਂ ਆਪ ਨੂੰ ਵਿੱਦਿਆ ਪ੍ਰੇਮੀ, ਭਾਈ ਦੇਵਾ ਸਿੰਘ, ਪਿਤਾ ਦੇ ਘਰ ਜਨਮ ਮਿਲਿਆ। ਵਿੱਦਿਆ ਵੱਲ ਰੁਚੀ ਹੋਣ ਕਰਕੇ ਹੀ ਉਨ੍ਹਾਂ ਦਾ ਅੰਮ੍ਰਿਤਸਰ ਨਿਵਾਸੀ ਸੰਤ ਕਰਮ ਸਿੰਘ ਜੀ ਨਿਰਮਲੇ ਨਾਲ ਮੇਲ-ਜੋਲ ਵਧਿਆ ਜਿਸ ਦੇ ਫਲਸਰੂਪ ਆਪ ਨੇ ਆਪਣੇ ਸਪੁੱਤਰ ਭਾਈ ਸੰਤੋਖ ਸਿੰਘ ਜੀ ਨੂੰ, ਉਸ ਸਮੇਂ ਦੇ ਪ੍ਰਸਿੱਧ ਵਿਦਵਾਨ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਸੰਤ ਸਿੰਘ ਜੀ ਦੇ ਸਪੁਰਦ ਕਰ ਦਿੱਤਾ। ਗਿਆਨੀ ਜੀ ਨੇ ਭਾਈ ਸੰਤੋਖ ਸਿੰਘ ਨੂੰ ਵਿਦਿਆ ਪੜ੍ਹਾ ਕੇ ਪੂਰਨ ਪੰਡਿਤ ਬਣਾ ਦਿੱਤਾ।

ਉਸ ਸਮੇਂ ਦੇ ਸਿੱਖ ਰਈਸ ਤੇ ਰਾਜੇ, ਗੁਣਵਾਨਾਂ ਦੀ ਬੜੀ ਇੱਜ਼ਤ ਤੇ ਕਦਰ ਕਰਨ ਵਾਲੇ ਹੁੰਦੇ ਸਨ ਅਤੇ ਵਿਦਵਾਨਾਂ ਨੂੰ ਆਪਣੇ ਦਰਬਾਰਾਂ ਵਿਚ ਦਰਬਾਰੀ ਕਵੀ, ਰਾਜ ਪੰਡਿਤ

ਆਦਿ ਪਦਵੀਆਂ 'ਤੇ ਬੜੇ ਸਨਮਾਨ ਨਾਲ ਰਖਦੇ ਸਨ। ਵਿਦਿਆ ਵਿਚ ਨਿਪੁੰਨ ਹੋਣ ਪਿੱਛੋਂ ਆਪ ਸਭ ਤੋਂ ਪਹਿਲਾਂ ਬੂੜੀਆ ਦੇ ਰਈਸ ਪਾਸ ਜਾ ਰਹੇ ਤੇ ਉੱਥੇ ਰਹਿੰਦਿਆਂ ਪਹਿਲਾਂ ***ਅਮਰ ਕੋਸ਼*** ਦਾ ਉਲਥਾ ਕੀਤਾ ਤੇ ੧੯੮੦ ਬਿਕ੍ਰਮੀ ਵਿਚ ***ਸ੍ਰੀ ਗੁਰੂ ਨਾਨਕ ਪ੍ਰਕਾਸ਼*** ਦੀ ਰਚਨਾ ਕੀਤੀ।

ਪਟਿਆਲਾ-ਪਤੀ ਮਹਾਰਾਜਾ ਕਰਮ ਸਿੰਘ ਬੜੇ ਧਰਮੀ, ਗੁਰੂ ਦੇ ਸਿਦਕੀ ਸਿੱਖ ਅਤੇ ਗੁਣੀ ਪੁਰਸ਼ਾਂ ਦਾ ਸਤਿਕਾਰ ਕਰਨ ਵਾਲੇ ਸਨ। ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਦੋ ਸਾਲ ਉਨ੍ਹਾਂ ਪਾਸ ਪਟਿਆਲੇ ਰਹੇ। ਸੰਮਤ ੧੮੯੨ ਬਿਕ੍ਰਮੀ ਵਿਚ ਕੈਥਲ ਦੇ ਰਾਜਾ, ਭਾਈ ਸਾਹਿਬ ਉਦਯ ਸਿੰਘ ਜੀ ਆਪ ਨੂੰ, ਪਟਿਆਲੇ ਵਾਲਿਆਂ ਤੋਂ ਮੰਗ ਕੇ, ਆਪਣੇ ਪਾਸ ਲੈ ਗਏ ਅਤੇ ਬੜੇ ਸਤਿਕਾਰ ਨਾਲ ਪੱਕੇ ਤੌਰ 'ਤੇ ਆਪਣੇ ਪਾਸ ਰੱਖ ਲਿਆ। ਇਥੇ ਰਹਿੰਦਿਆਂ ਹੀ ਆਪ ਨੇ *'ਜਪੁ'* ਜੀ ਦਾ ਟੀਕਾ *(ਗਰਬ ਗੰਜਨੀ)* ਕੀਤਾ। ਫਿਰ ਬਾਲਮੀਕੀ ਰਾਮਾਇਣ ਦਾ ਉਲਥਾ ਕੀਤਾ ਜਿਸ 'ਤੇ ਪ੍ਰਸੰਨ ਹੋ ਕੇ ਰਾਜਾ ਸਾਹਿਬ ਨੇ ਆਪ ਨੂੰ ਸਨਮਾਨ ਵਜੋਂ ਮੋਥਲੀ (ਮੋਰਥਲੀ) ਨਾਮ ਦਾ ਇਕ ਪਿੰਡ ਆਪ ਦੇ ਨਾਮ ਕਰ ਦਿੱਤਾ।

ਕੈਥਲ ਵਿਚ ਆਪ ਦਾ ਪੱਕਾ ਟਿਕਾਣਾ ਕਾਇਮ ਹੋ ਗਿਆ ਅਤੇ ਨਿਰਬਾਹ ਦਾ ਤਸੱਲੀ ਬਖ਼ਸ਼ ਪ੍ਰਬੰਧ ਹੋ ਜਾਣ ਕਾਰਣ ਆਪ ਨੇ ਨਿਸਚਿੰਤ ਹੋ ਕੇ ਗੁਰੂ-ਜਸ, ਸਿੱਖ-ਇਤਿਹਾਸ ਲਿਖਣ ਦੀ ਆਪਣੀ ਪੁਰਾਣੀ ਰੀਝ ਪੂਰੀ ਕਰਨ ਲਈ ਕਲਮ ਦਾ ਮੂੰਹ ਇਸ ਪਾਸੇ ਮੋੜ ਲਿਆ।

ਬੂੜੀਏ ਨਿਵਾਸ ਸਮੇਂ **ਸ੍ਰੀ ਗੁਰੁ ਨਾਨਕ ਪ੍ਰਕਾਸ਼** ਵਿਚ ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਪੂਰਨ ਜੀਵਨ-ਬਿਰਤਾਂਤ ਲਿਖਿਆ। ਫਿਰ **ਗੁਰ ਪ੍ਰਤਾਪ ਸੂਰਜ** ਨਾਮ ਹੇਠ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਨੌਂ ਗੁਰੂ ਸਾਹਿਬਾਨ ਦੇ ਜੀਵਨ-ਬ੍ਰਿਤਾਂਤ ਬ੍ਰਿਜ ਭਾਸ਼ਾ ਵਿਚ ਬੜੀ ਸੁੰਦਰ ਕਵਿਤਾ ਰਾਹੀਂ ਲਿਖਣੇ ਆਰੰਭ ਕਰ ਦਿੱਤੇ ਤੇ ਕਈ ਸਾਲਾਂ ਦੀ ਮਿਹਨਤ ਨਾਲ ਇਸ ਮਹਾਨ ਗ੍ਰੰਥ ਨੂੰ ਸੰਮਤ ੧੯੦੦ ਬਿਕ੍ਰਮੀ ਅਨੁਸਾਰ ੧੮੪੩ ਈਸਵੀ ਵਿਚ ਮੁਕੰਮਲ ਕੀਤਾ।

ਆਪ ਨੇ ਗੁਰੂ-ਜਸ ਅਤੇ ਸਿੱਖ ਇਤਿਹਾਸ ਲਿਖਣ ਦਾ, ਆਪਣੇ ਜੀਵਨ ਦਾ ਜੋ ਨਿਸ਼ਾਨਾ ਮਿਥ ਲਿਆ ਸੀ, ਸਤਿਗੁਰੂ ਦੀ ਮਿਹਰ ਨਾਲ ਉਸ ਵਿਚ ਆਪ ਨੂੰ ਸਫਲਤਾ ਮਿਲ ਗਈ। ਪਰ ਕਠਨ ਘਾਲਣਾ ਕਾਰਨ ਆਪ ਦੀ ਸਿਹਤ ਕਮਜ਼ੋਰ ਹੋ ਗਈ। ਕਾਰਜ ਸੰਪੂਰਨਤਾ ਦੀ ਸ਼ੁਕਰ-ਗੁਜ਼ਾਰੀ ਹਿਤ ਆਪ ਸ੍ਰੀ ਅੰਮ੍ਰਿਤਸਰ ਪਹੁੰਚੇ। ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਅਤੇ ਆਪਣਾ ਤਿਆਰ ਕੀਤਾ ਗ੍ਰੰਥ ਗੁਰੂ-ਦਰਬਾਰ ਵਿਚ ਭੇਟਾ ਕੀਤਾ।

ਇਸੇ ਹੀ ਸਾਲ, ਭਾਵ, ਸੰਮਤ ੧੯੦੦ ਬਿਕ੍ਰਮੀ (੧੮੪੩ ਈਸਵੀ) ਵਿਚ ਕੈਥਲ ਵਿਖੇ ਹੀ ਗੁਰਪੁਰੀ ਪਿਆਨਾ ਕਰ ਗਏ।

ਭਾਈ ਗੁਰਦਾਸ ਜੀ ਦੀਆਂ ਇਹ ਤੁਕਾਂ ਆਪ 'ਤੇ ਇੰਨ-ਬਿੰਨ ਘਟਦੀਆਂ ਹਨ :

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।
ਸਚੀ ਦਰਗਹ ਜਾਇ ਸਚਾ ਪਿੜੁ ਮਲਿਆ। (ਵਾਰ ੧੯, ਪਉੜੀ ੧੪)

❋❋❋

ਅਕਾਲੀ ਫੂਲਾ ਸਿੰਘ ਜੀ ਨਿਹੰਗ

ਹਰ ਰਾਜ-ਪ੍ਰਬੰਧ ਵਿਚ ਕੁਝ ਇਕ ਵਿਅਕਤੀਤਵ ਅਜਿਹੇ ਹੁੰਦੇ ਹਨ ਜਿਨ੍ਹਾਂ ਦੁਆਲੇ ਸਮੁੱਚਾ ਰਾਜ-ਪ੍ਰਬੰਧ ਘੁੰਮਦਾ ਹੈ। ਜੇਕਰ ਅਜਿਹੇ ਵਿਅਕਤੀਤਵ ਰਾਜ ਦੀ ਉਸਾਰੀ ਹਿਤ ਲਗ ਜਾਣ ਤਾਂ 'ਰਾਜ' ਤਰੱਕੀ ਦੀਆਂ ਸਰਬੁਲੰਦੀਆਂ ਨੂੰ ਪ੍ਰਾਪਤ ਕਰ ਸਕਦਾ ਹੈ, ਪਰ ਜੇ ਇਨ੍ਹਾਂ ਦੀ ਰੁਚੀ ਰਾਜ ਨੂੰ ਖੋਖਲਾ ਕਰਨ ਹਿਤ ਲਗ ਜਾਵੇ ਤਾਂ ਸਦੀਆਂ 'ਚ ਬਣੇ ਰਾਜ-ਪ੍ਰਬੰਧ ਨੂੰ ਖੇਰੂੰ-ਖੇਰੂੰ ਹੁੰਦਿਆਂ ਵੀ ਸਮਾਂ ਨਹੀਂ ਲਗਦਾ। ਅਜਿਹੇ ਹੀ ਵਿਅਕਤੀਤਵ ਦੇ ਮਾਲਕ ਸਨ ਅਕਾਲੀ ਫੂਲਾ ਸਿੰਘ ਜਿਨ੍ਹਾਂ ਦੀ ਮਹਾਨ ਸ਼ਖ਼ਸੀਅਤ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਪਾਰਖੂ ਅੱਖ ਨੇ ਪਛਾਣ, ਰਾਜ-ਉਸਾਰੀ ਹਿਤ ਲਾ ਲਿਆ।

ਸਈਯਦ ਵਹੀਦ-ਉ-ਦੀਨ ਅਕਾਲੀ ਫੂਲਾ ਸਿੰਘ ਜੀ ਦੇ ਵਿਅਕਤੀਤਵ ਨੂੰ ਇਸ ਤਰ੍ਹਾਂ ਰੂਪਮਾਨ ਕਰਦਾ ਹੈ, **"ਇਕ ਵਿਅਕਤੀ ਵਜੋਂ ਬੜਾ ਬਹਾਦਰ ਤੇ ਕਾਬਲ ਸੈਨਿਕ ਸੀ। ਅਕਾਲੀ ਜਥੇ ਦੇ ਜਥੇਦਾਰ ਦੀ ਹੈਸੀਅਤ ਵਿਚ ਇਕ ਅਜੇਹੀ ਤਾਕਤ ਸੀ ਜੇਹੜੀ ਅਗਰ ਰਾਜ-ਪ੍ਰਬੰਧ ਦੇ ਕੰਮਾਂ ਵੱਲ ਨਾ ਲਾਈ ਜਾਂਦੀ ਤਾਂ ਇਹਦੀਆਂ ਨੀਂਹਾਂ ਪੋਲੀਆਂ ਕਰ ਦਿੰਦੀ।"**

ਖਾਲਸਾ ਫ਼ੌਜਾਂ ਵਿਚ ਜਿਸ ਜਥੇ ਨੂੰ 'ਕਮਾਂਡੋ' ਹੋਣ ਦਾ ਮਾਣ ਹਾਸਲ ਸੀ, —ਉਸ ਜਥੇ ਦੇ ਜਥੇਦਾਰ ਸਨ—ਮੌਤ ਨੂੰ ਕਲੋਲਾਂ ਕਰਨ ਵਾਲੇ, ਸਿਰਲੱਥ ਯੋਧੇ ਅਕਾਲੀ ਫੂਲਾ ਸਿੰਘ।

ਨਿਸ਼ਾਨ ਵਾਲੀਆਂ ਮਿਸਲ ਨਾਲ ਸਬੰਧਤ ਸਰਦਾਰਾਂ 'ਚੋਂ ਸਰਦਾਰ ਈਸ਼ਰ ਸਿੰਘ ਦੇ ਘਰ ਪਿੰਡ ਸ਼ੀਂਹਾਂ (ਜੋ ਪੰਜਾਬ ਦੇ ਬਾਂਗਰ ਇਲਾਕੇ ਵਿਚ ਸੀ) ਵਿਚ ੧੭੬੧ ਈ: ਨੂੰ ਫੂਲਾ ਸਿੰਘ ਦਾ ਜਨਮ ਹੋਇਆ। ਸਰਦਾਰ ਈਸ਼ਰ ਸਿੰਘ ੧੭੬੨ ਈ: ਵਿਚ ਅਬਦਾਲੀ ਦੇ ਹਮਲੇ ਦੌਰਾਨ ਸਖ਼ਤ ਫੱਟੜ ਹੋ ਗਏ ਜਿਸ ਕਾਰਨ ਜਲਦੀ ਪ੍ਰਭੂ-ਚਰਨਾਂ ਵਿਚ ਜਾ ਬਿਰਾਜੇ। ਬਾਲਕ ਫੂਲਾ ਸਿੰਘ ਦੇ ਪਾਲਣ-ਪੋਸਣ ਦੀ ਜ਼ਿੰਮੇਵਾਰੀ ਸ: ਈਸ਼ਰ ਸਿੰਘ ਦੇ ਇਕ ਸੁਹਿਰਦ ਮਿੱਤਰ ਨੇ ਨਿਭਾਈ। ਫੂਲਾ ਸਿੰਘ ਨੂੰ ਧਾਰਮਿਕ ਵਿਦਿਆ ਦੇ ਨਾਲ-ਨਾਲ ਸਮਕਾਲੀ ਸਮਾਜ ਦਾ ਸਿਰਲੱਥ ਯੋਧਾ ਬਣਾਉਣ ਲਈ ਭਾਂਤ-ਭਾਂਤ ਦੀ ਸ਼ਸਤਰ ਵਿਦਿਆ ਦਾ ਵੀ ਯੋਗ ਪ੍ਰਬੰਧ ਕੀਤਾ ਗਿਆ। ਘੋੜ-ਸਵਾਰੀ ਤੇ ਨੇਜਾ-ਬਾਜੀ ਦਾ ਬਾਲਕ ਨੂੰ ਅਥਾਹ ਸ਼ੌਂਕ ਸੀ। ਇਸ ਤਰ੍ਹਾਂ ਸੁਯੋਗ ਪ੍ਰਬੰਧ ਤੇ ਕੁਦਰਤੀ ਰੁਚੀਆਂ-ਵਸ ਅਕਾਲੀ ਜੀ ਨੇ ਜਲਦੀ ਹੀ ਯੁੱਧ-ਕਲਾ ਵਿਚ ਮੁਹਾਰਤ ਹਾਸਲ ਕਰ ਲਈ।

ਆਰੰਭਕ ਵਿਦਿਆ ਦੀ ਪ੍ਰਾਪਤੀ ਉਪਰੰਤ ਬਾਲਕ ਫੂਲਾ ਸਿੰਘ ਨੇ ਸ੍ਰ: ਨਰੈਣ ਸਿੰਘ ਦੇ

ਜਥੇ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਅਨੰਦਪੁਰ ਸਾਹਿਬ ਜਥੇ ਦੇ ਨਾਲ ਹੀ ਰਹਿਣਾ ਸ਼ੁਰੂ ਕਰ ਦਿੱਤਾ। ਸ੍ਰ: ਨਰੈਣ ਸਿੰਘ ਦੇ ਅਕਾਲ-ਚਲਾਣੇ ਪਿਛੋਂ ਜਥੇ ਦੇ ਮੈਂਬਰਾਂ ਨੇ ਇਨ੍ਹਾਂ ਦੀ ਸਰਦਾਰੀ ਨੂੰ ਸਵੀਕਾਰ ਕਰ ਲਿਆ।

੧੮੦੦ ਈ: ਵਿਚ ਅਕਾਲੀ ਜਥੇ ਨੇ ਆਪਣਾ ਸਦਰ-ਮੁਕਾਮ ਅੰਮ੍ਰਿਤਸਰ ਨੂੰ ਬਣਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਗੁਰਦੁਆਰਿਆਂ ਵਿਚੋਂ ਮਹੰਤਾਂ ਵਲੋਂ ਸ਼ੁਰੂ ਕੀਤੀ ਬ੍ਰਾਹਮਣੀ-ਮਰਯਾਦਾ ਦਾ ਸਫਾਇਆ ਕਰ ਅੰਮ੍ਰਿਤ-ਸਰੋਵਰ ਦੀ ਕਾਰ-ਸੇਵਾ ਕਰਵਾਈ। ੧੮੦੨ ਈ: ਨੂੰ ਸ਼ੇਰੇ-ਪੰਜਾਬ ਨੂੰ ਸੰਧਾਂਵਾਲੀਆਂ ਤੋਂ ਅੰਮ੍ਰਿਤਸਰ ਦਾ ਕਬਜ਼ਾ ਦਿਵਾਉਣ ਵਿਚ ਸਹਾਇਤਾ ਪ੍ਰਦਾਨ ਕੀਤੀ। ੧੮੦੭ ਈਸਵੀ ਵਿਚ ਕਸੂਰ ਦੀ ਫਤਹਿ ਸਮੇਂ ਅਕਾਲੀ ਜਥੇ ਦੀ ਬਹਾਦਰੀ ਤੇ ਅਕਾਲੀ ਜੀ ਦੀ ਵਰਿਆਮਤਾ ਨੇ ਮਹਾਰਾਜਾ ਰਣਜੀਤ ਸਿੰਘ ਦਾ ਮਨ ਮੋਹ ਲਿਆ। ਇਸ ਸਮੇਂ ਤਕ ਅਕਾਲੀ ਜਥੇ ਦੇ ਨਿਸ਼ਕਾਮ ਸੇਵਕਾਂ ਦੀ ਤਾਦਾਦ ਵਿਚ ਚੋਖਾ ਵਾਧਾ ਹੋ ਚੁਕਾ ਸੀ।

੧੮੦੯ ਈ: ਨੂੰ ਲਾਰਡ ਮੈਟਕਾਫ਼ ਮਹਾਰਾਜਾ ਰਣਜੀਤ ਸਿੰਘ ਨਾਲ ਸੰਧੀ ਕਰਨ ਹਿਤ ਅੰਮ੍ਰਿਤਸਰ ਆਇਆ। ਉਸ ਦੇ ਨਾਲ ਸ਼ੀਹਾਂ ਮੁਸਲਮਾਨਾਂ ਦੀ ਬਹੁ-ਗਿਣਤੀ ਵਾਲੀ ਇਕ ਪਲਟਨ ਵੀ ਸੀ। ੨੫ ਫਰਵਰੀ ਨੂੰ ਮੁਹਰਮ ਦੇ ਦਿਨ ਜਦ ਮੁਸਲਮਾਨਾਂ ਤਾਜੀਆ ਕੱਢਿਆ, ਜਦ ਇਹ ਜਲੂਸ ਸ੍ਰੀ ਦਰਬਾਰ ਸਾਹਿਬ ਦੇ ਸਾਹਮਣਿਓਂ ਗੁਜ਼ਰ ਰਿਹਾ ਸੀ ਤਾਂ ਇਸ ਸ਼ੋਰ ਕਾਰਨ ਸ੍ਰੀ ਅਕਾਲ ਤਖ਼ਤ 'ਤੇ ਸਜੇ ਦੀਵਾਨ ਵਿਚ ਵਿਘਨ ਪੈਣ ਲੱਗਾ। ਕੁਝ ਸਿੰਘਾਂ ਨੇ ਜਾ ਕੇ ਮੁਸਲਮਾਨਾਂ ਨੂੰ ਜਲੂਸ ਦਾ ਰਸਤਾ ਬਦਲਣ ਲਈ ਬੇਨਤੀ ਕੀਤੀ। ਪਰ ਇਸ ਬੇਨਤੀ ਦੀ ਮੁਸਲਮਾਨਾਂ ਨੇ ਪਰਵਾਨ ਨਾ ਕੀਤੀ ਜਿਸ 'ਤੇ ਅਕਾਲੀਆਂ ਤੇ ਮੁਸਲਮਾਨਾਂ ਦਰਮਿਆਨ ਝਗੜਾ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਦੇ, ਸਮੇਂ ਸਿਰ ਪਹੁੰਚ ਜਾਣ ਕਾਰਨ ਝਗੜਾ ਤਾਂ ਟਲ ਗਿਆ-ਪਰ ਇਸ ਤੋਂ ਪਿਛੋਂ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਤੋਂ ਤਾਜੀਆ ਕੱਢਣ ਦੀ ਕਿਸੇ ਜੁਰਅਤ ਨਹੀਂ ਕੀਤੀ। ਇਸ ਸਮੇਂ ਹੀ ਲਾਰਡ ਮੈਟਕਾਫ਼ ਤੇ ਰਣਜੀਤ ਸਿੰਘ ਵਿਚਕਾਰ ਅੰਮ੍ਰਿਤਸਰ ਦੀ ਸੰਧੀ ਹੋ ਗਈ ਭਾਵੇਂ ਅਕਾਲੀ ਜਥਾ ਇਸ ਦੇ ਹੱਕ ਵਿਚ ਨਹੀਂ ਸੀ।

ਇਸ ਤੋਂ ਪਿਛੋਂ ਅਕਾਲੀ ਜਥਾ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਚਲਾ ਗਿਆ। ਇਸ ਦਾ ਮੁੱਖ ਕਾਰਨ ਅਕਾਲੀ ਜੀ ਤੇ ਖਾਲਸਾ ਸਰਕਾਰ ਵਿਚ ਆਪਸੀ ਮਤਭੇਦ ਸਨ ਜਿਨ੍ਹਾਂ ਵਿਚੋਂ ਮੁੱਖ ਇਹ ਸਨ – ਡੋਗਰਿਆਂ ਨੂੰ ਜ਼ਿਮੇਂਵਾਰੀਆਂ ਦੇ ਅਹੁਦੇ ਦਈ ਜਾਣਾ, ਮਿਸਰ ਗੰਗਾ ਰਾਮ ਪਰਿਵਾਰ ਦੇ ਮੈਂਬਰਾਂ ਨੂੰ ਦਰਬਾਰ ਵਿਚ ਭਰਤੀ ਕਰਨਾ, ਕੰਵਰ ਸ਼ੇਰ ਸਿੰਘ ਤੇ ਖੜਕ ਸਿੰਘ ਦੇ ਮਹਾਰਾਜਾ ਨਾਲ ਮਤਭੇਦ ਬਣਾਉਣ ਲਈ ਡੋਗਰਿਆਂ ਦੀ ਜ਼ਿਮੇਂਵਾਰੀ ਆਦਿ।

ਅਕਾਲੀ ਜਥਾ ਸ੍ਰੀ ਦਮਦਮਾ ਸਾਹਿਬ ਤੋਂ ੧੮੧੪ ਈ: ਨੂੰ ਅਨੰਦਪੁਰ ਸਾਹਿਬ ਪਹੁੰਚ ਗਿਆ। ਏਸੇ ਸਾਲ ਹੀ ਜੀਂਦ ਦੇ ਸ਼ਹਿਜ਼ਾਦੇ ਪਰਤਾਪ ਸਿੰਘ ਨੂੰ ਸਰਕਾਰੀ ਖਟਪਟੀ ਕਾਰਨ, ਅਕਾਲੀ ਜਥੇ ਪਾਸ ਸ਼ਰਨ ਲੈਣੀ ਪਈ। ਸਰਕਾਰ ਦੇ ਦੂਤ ਨੇ ਅਕਾਲੀ ਜੀ ਤੋਂ ਸ਼ਹਿਜ਼ਾਦੇ ਦੀ ਮੰਗ ਕੀਤੀ, ਜੋ ਅਕਾਲੀ ਜੀ ਨੇ ਨਾ ਮੰਨੀ। ਇਸ 'ਤੇ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਅਕਾਲੀ ਜੀ ਨੂੰ ਆਪਣੇ ਇਲਾਕੇ ਵਿਚ ਮੰਗਵਾਉਣ ਲਈ ਲਿਖਿਆ। ਮਹਾਰਾਜਾ

ਰਣਜੀਤ ਸਿੰਘ ਨੇ ਅੰਗਰੇਜ਼ਾਂ ਦੀ ਕੁਚਾਲ ਨੂੰ ਨਾ ਸਮਝਦਿਆਂ ਹੋਇਆਂ ਫਿਲੌਰ ਦੇ ਕਿਲ੍ਹੇਦਾਰ ਮੋਤੀ ਰਾਮ ਦੀ ਸ਼ਕਤੀ ਨਾਲ ਅਕਾਲੀ ਜੀ ਨੂੰ ਪਾਸ ਬੁਲਾਉਣਾ ਚਾਹਿਆ। ਪਰ ਅਕਾਲੀ ਜੀ ਦੀ ਮਹਾਨ ਸ਼ਖ਼ਸੀਅਤ ਤੋਂ ਜਾਣੂੰ ਮੋਤੀ ਰਾਮ ਦੀ ਸਮੁੱਚੀ ਫ਼ੌਜ ਨੇ ਬਿਨਾਂ ਕਿਸੇ ਹਮਲੇ ਦੇ ਅਕਾਲੀ ਜੀ ਅੱਗੇ ਆਤਮ-ਸਮਰਪਣ ਕਰ ਦਿਤਾ। ਪਿਛੋਂ ਅਕਾਲੀ ਜੀ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਕਹਿਣ 'ਤੇ ਅੰਮ੍ਰਿਤਸਰ ਆ ਗਏ। ਅੰਮ੍ਰਿਤਸਰ ਪਹੁੰਚਣ 'ਤੇ ਅਕਾਲੀ ਜੀ ਦਾ ਮਹਾਰਾਜਾ ਰਣਜੀਤ ਸਿੰਘ ਤੇ ਸਰਦਾਰਾਂ ਨੇ ਗਰਮ-ਜੋਸ਼ੀ ਨਾਲ ਸਵਾਗਤ ਕੀਤਾ।

ਇਸ ਛੋਟੇ-ਜਿਹੇ ਲੇਖ ਵਿਚ ਅਕਾਲੀ ਜੀ ਦੀ ਸਮੁੱਚੀ ਜੀਵਨ-ਕਹਾਣੀ ਨੂੰ ਚਿਤਰ ਸਕਣਾ ਮੁਸ਼ਕਲ ਹੈ। ਗੁਰੂ ਗ੍ਰੰਥ ਸਾਹਿਬ ਦੇ ਅਟੁੱਟ ਵਿਸ਼ਵਾਸੀ, ਦ੍ਰਿੜ੍ਹਤਾ, ਸੂਰਮਗਤੀ, ਨਿਡਰਤਾ, ਨਿਰਵੈਰਤਾ ਨਿਸ਼ਕਾਮਤਾ, ਤੇਜ਼ ਪ੍ਰਤਾਪ, ਕੌਮੀ-ਪਿਆਰ, ਯੋਗ-ਪ੍ਰਬੰਧਕ, ਤਲਵਾਰ ਦੇ ਧਨੀ, ਚੋਟੀ ਦੇ ਘੋੜ ਸਵਾਰ, ਤੀਖਣ ਬੁਧੀ, ਮੋਹ-ਮਾਇਆ ਤੇ ਸ਼ਾਨੋ-ਸ਼ੌਕਤ ਤੋਂ ਨਿਰਲੇਪ, ਜੀਵਨ ਭਰ ਕੌਮ ਦੀ ਅਣਖ ਤੇ ਆਬਰੂ ਲਈ ਲੜਦੇ ਰਹਿਣ ਵਾਲੇ ਇਸ ਮਹਾਨ ਜਰਨੈਲ ਦੇ ਉਪਰੋਕਤ ਗੁਣ ਵੱਖ-ਵੱਖ ਲੇਖਾਂ ਦੀ ਮੰਗ ਕਰਦੇ ਹਨ ਤੇ ਇਕ ਹੀ ਲੇਖ ਵਿਚ ਇਨ੍ਹਾਂ ਦਾ ਸਾਰ-ਵਿਸਥਾਰ ਕਰਨਾ ਇਸ ਸ਼ਖ਼ਸੀਅਤ ਨਾਲ ਬੇ-ਇਨਸਾਫ਼ੀ ਕਰਨ ਦੇ ਤੁਲ ਹੈ।

'ਖਾਲਸਾ ਰਾਜ ਦੇ ਰਾਖੇ' ਅਕਾਲੀ ਜੀ ਜੀਵਨ ਭਰ ਖਾਲਸਾ ਰਾਜ ਦੀ ਪ੍ਰਭੂਸਤਾ ਨੂੰ ਬਣਾਈ ਰੱਖਣ ਲਈ ਮੁੱਖ ਰੂਪ ਵਿਚ ੧੮੦੭ ਈ: ਕਸੂਰ ਦੀ ਜਿੱਤ, ੧੮੦੮ ਈ: ਹੁਸੈਨੀਆਂ ਦੀ ਸੁਧਾਈ, ੧੮੦੯ ਈ: ਕੈਪਟਨ ਕੋ ਪਟਨ ਵਾਈਟ 'ਤੇ ਹਮਲੇ, ੧੮੧੩ ਈ: ਕਸ਼ਮੀਰ ਦੀ ਮੁਹਿੰਮ,੧੮੧੬ ਈ: ਖਾਨਗੜ੍ਹ 'ਤੇ ਹਮਲੇ ਸਮੇਂ, ੧੮੧੬ ਮੁਲਤਾਨ ਦੀ ਫਤਹਿ, ਹਜ਼ਾਰੇ ਦੀ ਮੁਹਿੰਮ, ੧੮੧੮ ਈ: ਪਿਸ਼ਾਵਰ ਦੀ ਚੜ੍ਹਾਈ, ੧੮੧੯ ਈ: ਕਸ਼ਮੀਰ 'ਤੇ ਦੂਸਰੇ ਹਮਲੇ ਤੇ ੧੮੨੩ ਈ: ਨੌਸ਼ਹਿਰੇ ਦੀ ਲੜਾਈ ਸਮੇਂ ਬਹਾਦਰੀ ਤੇ ਸੂਰਮਗਤੀ ਦੇ ਜੌਹਰ ਵਿਖਾਏ। ਇਨ੍ਹਾਂ ਸਮੁੱਚੀਆਂ ਮੁਹਿੰਮਾਂ, ਲੜਾਈਆਂ, ਚੜ੍ਹਾਈਆਂ ਵਿਚ ਅਕਾਲੀ ਜਥੇ ਤੇ ਅਕਾਲੀ ਜੀ ਵਲੋਂ ਪਾਏ ਯੋਗਦਾਨ ਨੂੰ ਦਰਸਾਉਣਾ ਕੁਸੰਗਤ ਨਹੀਂ ਹੋਵੇਗਾ। ਪਰ ਸਮੇਂ ਤੇ ਸਥਾਨ ਦੀਆਂ ਪਾਬੰਦੀਆਂ ਨੂੰ ਮੱਧੇ-ਨਜ਼ਰ ਰੱਖਦਿਆਂ ਹੋਇਆਂ ਦੋ ਗੈਰ-ਸਿੱਖ ਸ੍ਰੋਤਾਂ ਦੇ ਵਿਚਾਰ ਹੀ ਕਾਫੀ ਹਨ -

ਮੁਲਤਾਨ ਦੀ ਲੜਾਈ ਵਿਚ ਅਕਾਲੀ ਜੀ ਦੀ ਬੀਰਤਾ ਤੇ ਸੂਰਮਗਤੀ ਦੀ ਸ਼ਾਹਦੀ ਦਸੰਬਰ ੧੮੪੬ ਦਾ 'ਕਲਕੱਤਾ' ਰਿਵਿਊ' ਇਸ ਤਰ੍ਹਾਂ ਭਰਦਾ ਹੈ—"**ਰਣਜੀਤ ਸਿੰਘ ਦੀ ਸਾਰੀ ਸੈਨਾ ਮੁਲਤਾਨ ਤੋਂ ਪਿੱਛੇ ਧੱਕੀ ਜਾਣੀ ਸੀ ਜੇਕਰ ਫੂਲਾ ਸਿੰਘ ਅਕਾਲੀ ਲੋਹੇ ਵਰਗਾ ਹੌਸਲਾ ਕਰਕੇ, ਮੋਰਚੇ ਵਿਚੋਂ ਆਪਣਾ ਜਥਾ ਲੈ ਕੇ ਤੂਫ਼ਾਨ ਵਾਂਗੂੰ ਅੰਦਰ ਨਾ ਜਾ ਵੜਦਾ।**"

ਨੌਸ਼ਹਿਰੇ ਦੀ ਲੜਾਈ ਵਿਚ ਇਸ ਜੋਸ਼ੀਲੇ-ਅਣਖੀਲੇ ਜਰਨੈਲ ਦੀ ਬਹਾਦਰੀ ਨੂੰ ਸਮਾਈਥ ਇਸ ਤਰ੍ਹਾਂ ਬਿਆਨ ਕਰਦਾ ਹੈ, "**ਨੌਸ਼ਹਿਰੇ ਦੀ ਲੜਾਈ ਜਿੱਤਣ ਦੀ ਕੋਈ ਆਸ ਨਹੀਂ ਸੀ ਪਰ ਇਹ ਲੜਾਈ ਫੂਲਾ ਸਿੰਘ ਦੀ ਬਹਾਦਰੀ ਅਤੇ ਉਸ ਦੇ ਸਾਥੀਆਂ ਦੀ ਸਹਾਇਤਾ ਕਾਰਨ ਹੀ ਜਿੱਤੀ ਗਈ ਸੀ।**"

ਮੁਲਤਾਨ ਦੀ ਫਤਹਿ ਤੋਂ ਪਿਛੋਂ ਅਕਾਲੀ ਫੂਲਾ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਨੇ **'ਖਾਲਸਾ ਰਾਜ ਦਾ ਰਾਖਾ'** ਕਹਿ ਸਤਿਕਾਰ ਦਿੱਤਾ ਜਿਸ ਦੇ ਅਕਾਲੀ ਜੀ ਪੂਰਨ ਤੌਰ 'ਤੇ ਹੱਕਦਾਰ ਵੀ ਸਨ। ਅਕਾਲੀ ਜੀ ਦੇ ਮਨ ਵਿਚ ਵੀ ਹਮੇਸ਼ਾ ਖਾਲਸਾ ਰਾਜ ਨਾਲ ਪਿਆਰ, ਫ਼ਕੀਰ ਭਰਾਵਾਂ ਲਈ ਸਤਿਕਾਰ ਤੇ ਅਕ੍ਰਿਤਘਣ ਡੋਗਰੇ ਭਰਾ ਆਪਣੀਆਂ ਹੀ ਬਦਨੀਤੀਆਂ ਕਾਰਨ ਘਿਰਣਾ ਦੇ ਪਾਤਰ ਬਣੇ ਰਹੇ। ਫੂਲਾ ਸਿੰਘ ਉਨ੍ਹਾਂ ਦੂਰ-ਅੰਦੇਸ਼ਾਂ ਵਿਚੋਂ ਇਕ ਸਨ ਜੋ ਡੋਗਰਿਆਂ ਦੀਆਂ ਕੁਚਾਲਾਂ ਤੋਂ ਖਾਲਸਾ ਸਰਕਾਰ ਨੂੰ ਸਮੇਂ-ਸਮੇਂ ਸੁਚੇਤ ਕਰਦੇ ਸਨ। ਮੁਲਤਾਨ ਦੀ ਭੀੜ ਸਮੇਂ ਜਦ ਰਣਜੀਤ ਸਿੰਘ ਨੇ ਹਾਲਾਤਾਂ ਤੋਂ ਜਾਣੂੰ ਕਰਵਾਉਂਦਿਆਂ ਅਕਾਲੀ ਜੀ ਪਾਸੋਂ ਮਦਦ ਮੰਗੀ ਤਾਂ ਅਕਾਲੀ ਜੀ ਨੇ ਨਿਡਰਤਾ ਸਹਿਤ ਡੋਗਰਿਆਂ ਪ੍ਰਤੀ ਆਪਣਾ ਰਵੱਈਆ ਇਸ ਤਰ੍ਹਾਂ ਪ੍ਰਗਟ ਕੀਤਾ—**ਡੋਗਰਿਆਂ ਦਿਆਂ ਪਾਲਕਾ, ਪਹਿਲਾਂ ਕਿਉਂ ਨਹੀਂ ਦੱਸਿਆ? ਕਾਹਨੂੰ ਖਾਲਸਾ ਦਲਾਂ ਨੂੰ ਏਨੀਆਂ ਮੁਸ਼ਕਲਾਂ ਵਿਚ ਫਸਾ ਛੱਡਿਆ ਈ? ਫਿਰ ਵੀ ਫੌਜ ਰਣਤੱਤੇ ਵਿਚ ਜਾਣ ਲਈ ਤਿਆਰ ਹੈ, ਜੇਕਰ ਗੁਰੂ ਨੂੰ ਭਾਇਆ ਤਾਂ ਖਾਲਸਈ ਝੰਡਾ ਗੱਡ ਕੇ ਮੁੜਾਂਗੇ।** ਅਕਾਲੀ ਜੀ ਦੇ ਜਾਣ ਨਾਲ ਮੁਲਤਾਨ ਦੀ ਫਤਹਿ ਹੋਈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਹੈਸੀਅਤ ਵਿਚ ਅਕਾਲੀ ਜੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ 'ਮੋਰਾਂ' ਦੇ ਮੁਕੱਦਮੇ ਸਮੇਂ ਕੋਰੜੇ ਮਾਰਨ ਦੀ ਸਜ਼ਾ ਸੁਣਾਈ ਭਾਵੇਂ ਕਿ ਬਾਅਦ ਵਿਚ ਇਹ ਮੁਆਫ਼ ਕਰ ਦਿਤੀ ਗਈ।

ਨੌਸ਼ਹਿਰੇ ਦੀ ਲੜਾਈ ਵਿਚ ਘੋੜੇ ਦੇ ਫੱਟੜ ਹੋਣ ਕਾਰਨ ਅਕਾਲੀ ਜੀ ਨੂੰ ਹਾਥੀ ਦੀ ਸਵਾਰੀ ਕਰਨੀ ਪਈ ਜਿਸ ਕਾਰਨ ਅਕਾਲੀ ਜੀ ਦੀ ਫੁਰਤੀ ਵਿਚ ਕਮੀ ਆਉਣੀ ਸੁਭਾਵਕ ਸੀ। ਇਸ ਲੜਾਈ ਦੌਰਾਨ ਹੀ ਰਣ-ਤੱਤੇ ਵਿਚ ਜੂਝਦਿਆਂ ਸਿੱਖਾਂ ਦੇ ਇਸ ਹਰਮਨ ਪਿਆਰੇ, ਗੁਰੂ-ਵਿਸ਼ਵਾਸੀ, ਪਰਣ-ਪਾਲਕ ਜਰਨੈਲ, ਖਾਲਸਾ ਰਾਜ ਦੇ ਰਾਖੇ ਦਾ ਅੰਤ ਸਮਾਂ ਆ ਗਿਆ। ਅਕਾਲੀ ਜੀ ਦਾ ਸੰਸਕਾਰ ਉਥੇ ਹੀ ਕਰ ਦਿਤਾ ਗਿਆ। ਅਜ਼ਾਦੀ ਤੋਂ ਪਿਛੋਂ ਅੰਮ੍ਰਿਤਸਰ ਵਿਚ ਅਕਾਲੀ ਜੀ ਦੀ ਸਿਮਰਤੀ ਨੂੰ ਸਮਰਪਤ ਇਕ ਬਹੁ-ਮੰਜ਼ਲਾ ਬੁਰਜ ਉਸਾਰਿਆ ਗਿਆ, ਜੋ ਅਕਾਲੀ ਜੀ ਦੀ ਸ਼ਖ਼ਸੀਅਤ ਦੇ ਕਈ ਪੱਖਾਂ ਨੂੰ ਸਮੋਈ ਖੜ੍ਹਾ ਹੈ।

ਸਰਦਾਰ ਹਰੀ ਸਿੰਘ ਨਲਵਾ

(੧)

ਸਿੱਖ ਸੰਗ੍ਰਾਮੀ ਯੋਧਿਆਂ ਵਿੱਚ ਜਰਨੈਲ ਹਰੀ ਸਿੰਘ ਨਲਵਾ ਦਾ ਨਾਮ ਬੜਾ ਪ੍ਰਸਿੱਧ ਤੇ ਪ੍ਰਭਾਵਸ਼ਾਲੀ ਹੈ। ਜਰਨੈਲ ਨਲਵਾ ਦਾ ਹੀ ਸਿੱਖ ਬੀਰਾਂ-ਬਹਾਦਰਾਂ ਵਿੱਚ ਇਕੋ ਇੱਕ ਨਾਮ ਹੈ, ਜਿਸ ਦੀ ਸਿਮਰਤੀ ਨੂੰ ਜ਼ਬਾਨ ਉੱਤੇ ਲਿਆਂਦਿਆਂ ਹੀ ਅਫ਼ਗਾਨਾਂ ਤੇ ਪਠਾਣਾਂ ਦੇ ਘਰਾਂ ਵਿੱਚ ਇਕ ਡਰ, ਇਕ ਭੈਅ ਦਾ ਵਾਤਾਵਰਣ ਸਿਰਜਿਆ ਜਾਂਦਾ ਹੈ। ਜਰਨੈਲ ਹਰੀ ਸਿੰਘ ਨਲਵਾ ਦੀ ਸੂਰਮਗਤੀ ਦਾ ਕੋਈ ਵੀ ਯੋਧਾ ਸਾਨੀ ਨਹੀਂ ਸੀ। ਜੁਰਅੱਤ, ਦਲੇਰੀ, ਨਿਡਰਤਾ ਤੇ ਬੀਰ-ਬਿਰਤੀ ਉਸ ਦੇ ਜੀਵਨ ਦਾ ਐਸਾ ਗੁਣ-ਸ਼ਿੰਗਾਰ ਸੀ, ਕਿ ਉਸ ਦੇ ਸਰੀਰ ਦਾ ਹਰ ਅੰਗ ਸੰਗ੍ਰਾਮੀ ਤੇ ਜਾਗਦਾ ਯੋਧਾ ਹੋਣ ਦੀ ਪਛਾਣ ਦਿੰਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸੈਨਿਕ-ਯੋਧਿਆਂ ਵਿੱਚ ਸਰਦਾਰ ਹਰੀ ਸਿੰਘ ਨਲਵਾ ਵਰਗਾ ਨਾ ਕੋਈ ਜਰਨੈਲ ਸੀ ਅਤੇ ਨਾ ਹੀ ਯੋਧਾ। ਜਰਨੈਲ ਹਰੀ ਸਿੰਘ ਨਲਵਾ ਦੀ ਸੰਗ੍ਰਾਮ-ਬਿਰਤੀ, ਦੂਰ-ਅੰਦੇਸ਼ੀ ਤੇ ਸੂਝ-ਸਿਆਣਪ ਦਾ ਸਿੱਟਾ ਹੀ ਸੀ, ਕਿ 'ਪੰਜਾਬ' ਸਦਾ ਲਈ ਅਫ਼ਗਾਨਾਂ ਦੇ ਹਮਲਿਆਂ ਤੋਂ ਆਜ਼ਾਦ ਹੀ ਨਾ ਹੋ ਗਿਆ, ਸਗੋਂ ਲਗਾਤਾਰ ਅੱਠ ਸਦੀਆਂ ਤੋਂ ਜਿਹੜਾ ਪੰਜਾਬ ਵਿਦੇਸ਼ੀ ਹਮਲਾਵਰਾਂ ਦਾ ਪਾਇਦਾਨ ਬਣਿਆ ਹੋਇਆ ਸੀ, ਉਹਨਾਂ ਹਮਲਿਆਂ ਨੂੰ ਰੋਕ ਕੇ, ਖਾਲਸਾ ਰਾਜ ਦਾ 'ਜਮਰੌਦ' ਉੱਤੇ ਨਿਸ਼ਾਨ ਝੁਲਾਣ ਵਿੱਚ 'ਨਲਵਾ' ਸਫਲ ਹੋ ਗਿਆ। ਇਤਿਹਾਸ ਸਾਖੀ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪਿੱਛੋਂ ਅਫਗਾਨ ਜਾਂ ਪਠਾਣ ਪੰਜਾਬ ਉੱਤੇ ਮੁੜ ਕੇ ਨਾ ਆ ਸਕੇ। ਜਰਨੈਲ ਹਰੀ ਸਿੰਘ ਨਲਵਾ ਦੀ ਸ਼ਹਾਦਤ ਤੇ ਯਾਦਗਾਰ ਗਵਾਹ ਹਨ ਕਿ 'ਜਮਰੌਦ' ਦਾ ਕਿਲ੍ਹਾ ਜਿਸ ਨੂੰ ਅਫ਼ਗਾਨ ਤੇ ਪਠਾਣ ਆਪਣੀ ਰਾਜ-ਸੀਮਾਂ ਦੀ ਜਿੰਦ-ਜਾਨ ਸਮਝਦੇ ਸਨ, ਉਹ ਇਸ ਵੇਲੇ ਸਿੱਖ ਰਾਜ ਦਾ ਹਿੱਸਾ ਸੀ। ਜਮਰੌਦ ਦੀ ਫਤਹਿ ਜਰਨੈਲ ਹਰੀ ਸਿੰਘ ਨਲਵਾ ਦੀ ਸੰਗ੍ਰਾਮੀ, ਦੂਰ-ਅੰਦੇਸ਼, ਅਦੁੱਤੀ ਪ੍ਰਬੰਧਕ ਤੇ ਸਫਲ ਸ਼ਖਸੀਅਤ ਹੋਣ ਦੀ ਪ੍ਰਤੀਕ ਆਖੀ ਜਾ ਸਕਦੀ ਹੈ।

(੨)

ਜਰਨੈਲ ਹਰੀ ਸਿੰਘ ਨਲਵਾ ਸਿੱਖੀ ਤੇ ਸਿੱਖ ਰਾਜ ਦਾ ਗੌਰਵ ਸੀ। ਸਰਦਾਰ ਹਰੀ ਸਿੰਘ ਦਾ ਜਨਮ ਪਿਤਾ ਸਰਦਾਰ ਗੁਰਦਿਆਲ ਸਿੰਘ ਤੇ ਮਾਤਾ ਧਰਮ ਕੌਰ ਦੇ ਗ੍ਰਿਹਿ, ਜ਼ਿਲ੍ਹਾ ਗੁਜਰਾਂਵਾਲਾ (ਹੁਣ ਪਾਕਿਸਤਾਨ) ਦੇ ਸਥਾਨ 'ਤੇ ੧੭੯੧ ਈ: ਨੂੰ ਹੋਇਆ ਸੀ। ਘਰ-ਪਰਿਵਾਰ ਦਾ ਵਾਤਾਵਰਣ ਸ਼ੁੱਧ ਰੂਪ ਵਿੱਚ ਸਿੱਖੀ ਵਾਲਾ ਸੀ। ਧਰਮ-ਧਨ ਇਸ ਘਰ-ਪਰਿਵਾਰ ਦੀਆਂ ਪਰੰਪਰਾਵਾਂ ਵਿੱਚ ਪੂਰੀ ਤਰ੍ਹਾਂ ਪ੍ਰਧਾਨ ਸੀ। ਬਜ਼ੁਰਗਾਂ ਨੇ ਅਠ੍ਹਾਰਵੀਂ ਸਦੀ

ਦੇ ਖਾਲਸਈ ਸੰਘਰਸ਼ ਤੇ ਖਾਲਸਈ ਤੇਗਾਂ ਦੀ ਬੀਰ-ਕਹਾਣੀ ਨੂੰ ਪੂਰੀ ਤਰ੍ਹਾਂ ਵੇਖਿਆ-ਵਾਚਿਆ ਹੋਇਆ ਸੀ। ਧਰਮ ਹੇਤ ਸੀਸ ਦੇਣ, ਬੰਦ-ਬੰਦ ਕਟਾਉਣ, ਖੋਪਰੀਆ ਲੁਹਾਉਣ, ਚਰਖੜੀਆਂ ਉੱਤੇ ਚੜ੍ਹਨ, ਆਰਿਆਂ ਨਾਲ ਚਿਰਾਣ ਤੇ ਗੁਰਦੁਆਰਿਆਂ ਦੀ ਪਵਿੱਤਰਤਾ-ਬਹਾਲੀ ਲਈ ਦਿੱਤੀਆਂ ਕੁਰਬਾਨੀਆਂ ਦੀ ਕਥਾ-ਗਾਥਾ ਦਾ ਬੀਰ ਪ੍ਰਭਾਵ ਨਿਰੰਤਰ ਕਾਇਮ ਸੀ। ਸਿੱਖ ਰਾਜ ਜਾਂ ਖਾਲਸਾ ਰਾਜ ਦੀ ਸਿਰਜਨਾ ਦਾ ਸੰਕਲਪ ਤੇ ਸੁਪਨਾ ਸਮੇਂ ਦੇ ਹਰ ਸਿੱਖ ਯੋਧੇ ਦੀ ਸੁਰਤਿ, ਮਤਿ ਤੇ ਮਨ ਵਿੱਚ ਸੀ। ਮਿਸਲਾਂ ਦੇ ਆਗੂ ਸਿੱਖ ਰਾਜ ਜਾਂ ਖਾਲਸਾ ਰਾਜ ਦੀ ਉਸਾਰੀ ਲਈ ਵਿਅਕਤੀਗਤ ਜਥਿਆਂ ਦੇ ਪਾਸਾਰ ਨੂੰ ਤੇ ਹੰਨੇ-ਹੰਨੇ ਸਥਾਪਿਤ ਹੋਈ ਮੀਰੀ ਨੂੰ ਸਮਾਪਤ ਕਰ ਕੇ, 'ਕੌਮੀ-ਸ਼ਕਤੀ' ਨੂੰ ਬੁਲੰਦ ਕਰਨ ਵਾਸਤੇ ਆਪਸੀ ਏਕਤਾ ਤੇ ਇਕਸੁਰਤਾ ਨੂੰ ਗ੍ਰਹਿਣ ਕਰ ਰਹੇ ਸਨ। ਗੁਰੂ ਅੰਗ-ਸੰਗ, ਗੁਰਬਾਣੀ-ਪਾਠ, ਦਰਸ਼ਨ ਦੇ ਦੀਦਾਰ, ਧਰਮ, ਪਤਿ, ਸੁਤੰਤਰਤਾ ਤੇ ਕੁਰਬਾਨੀ, ਇਹ ਵਿਸ਼ਵਾਸ ਤੇ ਅਭਿਆਸ ਸਿੱਖ ਹੱਡਾਂ ਵਿੱਚ ਇਕ ਤਰ੍ਹਾਂ ਸੰਚਾਰ ਹੋ ਰਿਹਾ ਸੀ ਕਿ ਘਰ-ਪਰਿਵਾਰ ਤੋਂ ਹੀ ਸਹਿਜ-ਸੁਭਾਅ ਸਿੱਖੀ ਪ੍ਰਾਪਤ ਹੋ ਜਾਂਦੀ ਸੀ। ਅਜਿਹੇ ਸਿੱਖ ਅਤੇ ਸਿੱਖੀ ਵਾਤਾਵਰਣ ਵਿੱਚੋਂ ਹੀ ਬਜ਼ੁਰਗਾਂ ਨੂੰ ਤੇ ਘਰ-ਪਰਿਵਾਰ ਦੇ ਇਸ ਸਿੱਖ ਵਾਤਾਵਰਣ ਵਿੱਚੋਂ ਹੀ ਸਰਦਾਰ ਹਰੀ ਸਿੰਘ ਨੂੰ ਸਿੱਖੀ ਦਾ ਵਿਸ਼ਵਾਸ ਤੇ ਅਭਿਆਸ ਪ੍ਰਾਪਤ ਹੋਇਆ ਸੀ। ਬਾਲ-ਜੀਵਨ ਵਿੱਚ ਪ੍ਰਾਪਤ ਹੋਏ ਸਿੱਖੀ-ਸੰਸਕਾਰਾਂ ਕਾਰਨ ਹੀ ਸਰਦਾਰ ਹਰੀ ਸਿੰਘ ਨਲਵਾ ਗੁਰੂ-ਧਰਮ, ਗੁਰੂ-ਸਿੱਖੀ ਤੇ ਸਿੱਖ ਰਾਜ ਪ੍ਰਤੀ ਇੰਨਾ ਦ੍ਰਿੜ੍ਹ, ਸੰਗਰਾਮੀ, ਵਫਾਦਾਰ ਤੇ ਆਦਰਸ਼ਕ ਸਿੱਖ ਸਾਬਿਤ ਹੋਇਆ ਕਿ ਜੇ ਉਸ ਨੂੰ ਸਿੱਖ-ਰਾਜ ਦਾ ਗੌਰਵ ਆਖਿਆ ਜਾਵੇ, ਤਾਂ ਇਸ ਕਥਨ ਵਿੱਚ ਕੋਈ ਅਤਿਕਥਨੀ ਨਹੀਂ।

(੩)

ਸਰਦਾਰ ਹਰੀ ਸਿੰਘ ਨਲਵਾ ਆਪਣੀ ਜਵਾਨੀ ਦੇ ਸਮੇਂ ਤੋਂ ਹੀ ਸਿੱਖੀ ਤੇ ਸਿੱਖ-ਰਾਜ ਲਈ ਸਮਰਪਿਤ ਸੀ। ਪੰਜਾਬੀ ਅਤੇ ਫ਼ਾਰਸੀ ਦੀ ਮੁੱਢਲੀ ਵਿਦਿਆ ਪ੍ਰਾਪਤ ਕਰ ਕੇ ਉਹ ਸ਼ਸਤਰ-ਵਿਦਿਆ ਦਾ ਅਧਿਕਾਰੀ ਬਣਨ ਲਈ ਅਭਿਆਸ ਕਰਨ ਲੱਗ ਪਿਆ। ਭਾਵੇਂ ਉਹ ਸੱਤ ਸਾਲ ਦੀ ਉਮਰ ਵਿੱਚ ਆਪਣੇ ਪਿਤਾ ਦੇ ਨਿੱਘੇ ਪਿਆਰ ਤੋਂ ਵੰਚਿਤ ਹੋ ਗਿਆ ਸੀ, ਪਰ ਸ਼ਸਤਰ-ਵਿਦਿਆ ਨੂੰ ਗ੍ਰਹਿਣ ਕਰਨਾ, ਉਸ ਦਾ ਅੰਦਰਲਾ ਤੇ ਆਤਮਿਕ ਚਾਅ ਸੀ। ੧੪-੧੫ ਸਾਲ ਦੀ ਉਮਰ ਵਿੱਚ ਸਰਦਾਰ ਹਰੀ ਸਿੰਘ ਨਲਵਾ ਤੇਗ, ਤੀਰ-ਕਮਾਨ, ਨੇਜ਼ਾ, ਬੰਦੂਕ, ਬੰਬ-ਬਾਰੂਦ, ਤੋਪ, ਸੰਗੀਨ ਤੇ ਘੋੜ-ਸਵਾਰੀ ਵਿੱਚ ਇੰਨਾ ਤੇਜ਼ ਤੇ ਸਿਆਣਾ ਹੋ ਗਿਆ ਸੀ ਕਿ ਬੀਰ-ਬਹਾਦਰਾਂ ਦੇ ਕਦਰਦਾਨ ਮਹਾਰਾਜਾ ਰਣਜੀਤ ਸਿੰਘ ਦੀਆਂ ਨਜ਼ਰਾਂ ਵਿੱਚ ਰਾਜ-ਅਧਿਕਾਰੀਆਂ ਵੱਲੋਂ ਉਸ ਦੀ ਚਰਚਾ ਸਹਿਜ ਸੁਭਾਅ ਹੋਣ ਲੱਗ ਪਈ ਸੀ। ਸਰਦਾਰ ਹਰੀ ਸਿੰਘ ਨਲਵਾ ਤੇਗ ਦਾ ਧਨੀ ਸੀ। ਤੇਗ ਉਸ ਦਾ ਸਭ ਤੋਂ ਪਿਆਰਾ ਸ਼ਸਤਰ ਸੀ। ਤੇਗ ਚਲਾਉਣ ਦੇ ਕਰਤੱਬਾਂ ਵਿੱਚ ਉਸ ਨੂੰ ਇੰਨੀ ਮੁਹਾਰਤ ਹਾਸਲ ਸੀ ਕਿ ਹਰ ਯੋਧਾ ਉਸ ਦਾ ਸਤਿਕਾਰ ਤੇ ਮਾਣ ਕਰਦਾ ਸੀ। ਪਰੰਪਰਾ ਅਨੁਸਾਰ ੧੮੦੫ ਈਸਵੀ ਦੇ ਬਸੰਤ ਮੇਲੇ ਉੱਤੇ ਜਦੋਂ ਸਰਦਾਰ ਹਰੀ ਸਿੰਘ ਨਲਵਾ ਨੇ ਤੇਗ ਤੇ ਘੋੜ ਸਵਾਰੀ ਵਿੱਚ ਅਦੁੱਤੀ ਚਮਤਕਾਰ ਦਿਖਾਏ ਤਾਂ ਇਹ ਮੌਕਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸਿੱਖ ਸੈਨਾ ਲਈ ਸਰਦਾਰ ਹਰੀ ਸਿੰਘ ਨਲਵਾ ਦੀ ਚੋਣ ਕਰ ਲਈ। ਸਰਦਾਰ ਹਰੀ ਸਿੰਘ ਨਲਵਾ ਵੀ

ਮਹਾਰਾਜਾ ਰਣਜੀਤ ਸਿੰਘ ਦੀ ਸਿੱਖ ਸੈਨਾ ਵਿੱਚ ਭਰਤੀ ਹੋ ਕੇ ਕੇਵਲ ਖੁਸ਼ ਹੀ ਨਹੀਂ ਸੀ, ਸਗੋਂ ਉਹ ਸਿਖ-ਸਿੱਖ ਰਾਜ ਦੀ ਆਦਰਸ਼ਕ ਤੇ ਸ਼ਕਤੀਸ਼ਾਲੀ ਉਸਾਰੀ ਲਈ ਯੋਜਨਾ-ਬੱਧ ਢੰਗ ਨਾਲ ਵਿਰੋਧੀ ਸ਼ਕਤੀਆਂ ਨਾਲ ਜੂਝਣ ਵੀ ਲੱਗ ਪਿਆ। ਕੁਝ ਸਾਲਾਂ ਵਿੱਚ ਹੀ ਸਰਦਾਰ ਹਰੀ ਸਿੰਘ ਨਲਵਾ ਆਪਣੀ ਸੰਗ੍ਰਾਮੀ-ਬਿਰਤੀ, ਪ੍ਰਬੰਧ ਕਰਤਾ ਦੀ ਸੂਝ-ਸਿਆਣਪ, ਦੂਰ-ਅੰਦੇਸ਼ੀ ਤੇ ਸਿੱਖ-ਰਾਜ ਦੀ ਸ਼ਕਤੀਸ਼ਾਲੀ ਉਸਾਰੀ ਲਈ ਸਮਰਪਿਤ ਭਾਵਨਾ ਕਾਰਨ ਮਹਾਰਾਜਾ ਰਣਜੀਤ ਸਿੰਘ ਦੇ ਇੰਨਾ ਨੇੜੇ ਹੋ ਗਿਆ ਕਿ ਮਹਾਰਾਜਾ ਸਾਹਿਬ ਸਰਦਾਰ ਹਰੀ ਸਿੰਘ ਨਲਵਾ ਨਾਲ ਪਿਆਰ ਵੀ ਕਰਨ ਲੱਗ ਪਏ ਤੇ ਸਿੱਖ-ਰਾਜ ਦੀ ਚੜ੍ਹਦੀ ਕਲਾ ਲਈ ਸਲਾਹ ਵੀ ਕਰਨ ਲੱਗ ਪਏ ਅਤੇ ਸਰਦਾਰ ਹਰੀ ਸਿੰਘ ਨਲਵਾ ਦਾ ਸਿੱਕਾ ਹਰ ਪਾਸੇ ਸਵੀਕਾਰ ਕੀਤਾ ਜਾਣ ਲੱਗਾ। ਅਦੁੱਤੀ ਬਹਾਦਰੀ ਤੇ ਯੋਧਾ-ਸਵੀਕ੍ਰਿਤੀ ਕਾਰਨ ਹੀ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਹਰੀ ਸਿੰਘ ਨਲਵਾ ਨੂੰ ਆਪਣੀਆਂ ਫੌਜਾਂ ਦਾ 'ਜਰਨੈਲ' ਨਿਯੁਕਤ ਕਰ ਦਿੱਤਾ। ਸਰਦਾਰ ਹਰੀ ਸਿੰਘ ਨਲਵਾ ਨੇ ਜਰਨੈਲ ਬਣ ਕੇ ਮਹਾਰਾਜਾ ਰਣਜੀਤ ਸਿੰਘ ਤੇ ਸਿੱਖ-ਰਾਜ ਵਾਸਤੇ ਜੋ ਜਿੱਤਾਂ ਪ੍ਰਾਪਤ ਕੀਤੀਆਂ, ਉਹਨਾਂ ਜਿੱਤਾਂ ਦਾ ਪੰਜਾਬ ਦੇ ਇਤਿਹਾਸ ਵਿੱਚ ਆਪਣਾ ਇਤਿਹਾਸਕ ਮਹੱਤਵ ਹੈ ਜਿਸ ਦਾ ਕੋਈ ਸਾਨੀ ਨਹੀਂ।

(ਘ)

ਜਰਨੈਲ ਹਰੀ ਸਿੰਘ ਨਲਵਾ ਆਤਮਿਕ ਯੋਧਾ ਵੀ ਸੀ ਅਤੇ ਸੈਨਿਕ ਯੋਧਾ ਵੀ। ਉਹ ਕਿਸੇ ਸੰਸਾਰੀ ਮੋਹ ਜਾਂ ਬੰਧਨ ਦਾ ਸ਼ਿਕਾਰ ਨਹੀਂ ਸੀ। ਸਿੱਖ ਸੰਸਕਾਰਾਂ ਵਿੱਚ ਰਹਿ ਕੇ ਬਾਣੀ-ਪਾਠ ਕਰਦਿਆਂ, ਉਸ ਨੂੰ ਪੂਰੀ ਤਰ੍ਹਾਂ ਸਪੱਸ਼ਟ ਹੋ ਗਿਆ ਸੀ ਕਿ ਬੰਧਨ ਵਿੱਚ ਪਿਆਂ ਬਲ ਸੇਤੀ ਨਹੀਂ ਜੀਵਿਆ ਜਾ ਸਕਦਾ। ਜੇ ਆਤਮਕ ਯੋਧਾ ਬਣਨਾ ਹੈ ਤਾਂ ਸਭ ਸੰਸਾਰੀ ਪਕੜਾਂ ਛੱਡਣੀਆਂ ਪੈਣਗੀਆਂ। ਇਹੀ ਕਾਰਨ ਹੈ ਕਿ ਜਰਨੈਲ ਹਰੀ ਸਿੰਘ ਨਲਵਾ ਦਾ ਜੀਵਨ ਹਰ ਤਰ੍ਹਾਂ ਦੀ ਪਕੜ ਤੋਂ ਆਜ਼ਾਦ ਸੀ। ਨਿਰਾਸ਼ਾ, ਡਰ, ਹਾਰ, ਢਹਿੰਦੀ ਕਲਾ ਉਸ ਦੇ ਲਾਗੇ ਨਹੀਂ ਸਨ ਢੁੱਕ ਸਕਦੀਆਂ। ਉਹ ਸਦਾ ਸੰਜਮ ਭਾਵਨਾ ਨਾਲ ਜੂਝਦਾ ਸੀ। ਪੰਜਾਬ ਦੇ ਦੁਸ਼ਟ-ਦੋਖੀ ਹਮਲਾਵਰਾਂ ਨਾਲ ਤਾਂ ਉਸ ਦਾ ਸੰਘਰਸ਼ ਨਿਰੰਤਰ ਸੀ। ਜਰਨੈਲ ਹਰੀ ਸਿੰਘ ਨਲਵਾ ਦੀ ਵਿਲੱਖਣਤਾ ਤੇ ਖ਼ੂਬਸੂਰਤੀ ਇਹ ਸੀ ਕਿ ਉਹ ਸਦਾ ਧਰਮ-ਯੁੱਧ ਦੇ ਚਾਅ ਵਿੱਚ ਤੇ ਸਨਮੁਖ ਹੋ ਕੇ ਜੂਝਦਾ ਸੀ। ਉਹ ਮਹਾਰਾਜਾ ਰਣਜੀਤ ਸਿੰਘ ਦੇ ਹੁਕਮਾਂ ਦਾ ਇੰਨਾ ਸ਼ੈਦਾਈ ਸੀ ਕਿ ਹੁਕਮਾਂ ਦੀ ਉਡੀਕ ਵਿੱਚ ਸਦਾ ਤਿਆਰ-ਬਰ-ਤਿਆਰ ਰਹਿੰਦਾ ਸੀ। ਮਹਾਰਾਜਾ ਰਣਜੀਤ ਸਿੰਘ ਦਾ ਵੀ ਜਰਨੈਲ ਹਰੀ ਸਿੰਘ ਨਲਵਾ ਉੱਤੇ ਇੰਨਾ ਦ੍ਰਿੜ੍ਹ ਵਿਸ਼ਵਾਸ ਬਣ ਗਿਆ ਸੀ ਕਿ ਉਹ ਜਿਸ ਮੁਹਿੰਮ ਵੱਲ ਜਾਏਗਾ, ਉਹ ਨਿਸਚੇ ਹੀ ਫਤਹਿ ਪ੍ਰਾਪਤ ਕਰ ਕੇ ਆਏਗਾ। ਇਹ ਇਤਿਹਾਸਕ ਸੱਚ ਵੀ ਹੈ ਕਿ ਤੇਜਸੱਵੀ ਸੂਰਮਾ ਜਰਨੈਲ ਜੇ 'ਕਸੂਰ' ਦੀ ਬਗਾਵਤ ਨੂੰ ਦਬਾਣ ਵਾਸਤੇ ਟੁਰਿਆ, ਤਾਂ ਕਸੂਰ ਨੂੰ ਜਿੱਤ ਕੇ ਹੀ ਵਾਪਿਸ ਆਇਆ ਅਤੇ ਜੇ 'ਮੁਲਤਾਨ' ਵਿੱਚ ਸਖਤ ਸੈਨਿਕ ਟਕਰਾਅ ਹੋਇਆ ਤਾਂ ਅਗਨ-ਹਾਂਡੀਆਂ ਨਾਲ ਸਰੀਰ ਸਾੜ ਕੇ ਵੀ ਅਖੀਰ 'ਮੁਲਤਾਨ' ਦਾ ਜੇਤੂ ਯੋਧਾ ਸਾਬਿਤ ਹੋਇਆ। ਇਸੇ ਤਰ੍ਹਾਂ 'ਕਿਲ੍ਹਾ ਅਟਕ', 'ਕਸ਼ਮੀਰ', 'ਹਜ਼ਾਰਾ', 'ਨੌਸ਼ਹਿਰੀ' ਤੇ 'ਪਿਸ਼ਾਵਰ' ਦੀਆਂ ਲੜਾਈਆਂ ਵਿੱਚ ਜਰਨੈਲ ਹਰੀ ਸਿੰਘ ਨਲਵਾ ਜਿਵੇਂ ਜਾਨ ਦੀ ਬਾਜ਼ੀ ਲਾ ਕੇ ਲੜਿਆ, ਉਸ ਦਾ ਸਿੱਟਾ ਹੀ ਸੀ ਕਿ ਹਰ ਲੜਾਈ

ਵਿੱਚ 'ਜਰਨੈਲ ਨਲਵਾ' 'ਜੇਤੂ' ਪ੍ਰਸਿੱਧ ਹੋਇਆ।

(੫)

ਮਹਾਰਾਜਾ ਰਣਜੀਤ ਸਿੰਘ ਤੇ ਜਰਨੈਲ ਹਰੀ ਸਿੰਘ ਨਲਵਾ ਦਾ ਮਿਲਾਪ ਧੁਰ-ਸੰਜੋਗ ਤੋਂ ਸਥਾਪਿਤ ਹੋਇਆ ਮਿਲਾਪ ਸੀ। ਜੇ ਮਹਾਰਾਜਾ ਰਣਜੀਤ ਸਿੰਘ ਜਵਾਨ ਸਿਹਤਾਂ, ਚੌੜੀਆਂ ਛਾਤੀਆਂ, ਸੋਹਣੀਆਂ ਸ਼ਖ਼ਸੀਅਤਾਂ, ਸੰਗ੍ਰਾਮੀ ਯੋਧਿਆਂ ਤੇ ਸੈਨਿਕ ਕਰਤੱਵਾਂ ਦਾ ਕਦਰਦਾਨ ਸੀ ਤਾਂ ਜਰਨੈਲ ਹਰੀ ਸਿੰਘ ਨਲਵਾ ਹਰ ਪੱਖੋਂ ਉਸ ਦੀ ਭਰਪੂਰ ਪ੍ਰਸੰਸਾ ਤੇ ਪ੍ਰਸੰਨਤਾ ਦਾ ਪਾਤਰ ਸੀ। ਮਹਾਰਾਜਾ ਰਣਜੀਤ ਸਿੰਘ ਤੇ ਜਰਨੈਲ ਹਰੀ ਸਿੰਘ ਨਲਵਾ ਦਾ ਰਿਸ਼ਤਾ ਕੇਵਲ ਮਹਾਰਾਜਾ ਤੇ ਸੈਨਿਕ ਯੋਧੇ ਦਾ ਰਿਸ਼ਤਾ ਹੀ ਨਹੀਂ ਸੀ, ਸਗੋਂ ਦੋਵੇਂ, ਇਕ ਦੂਜੇ ਦੇ ਪੂਰਕ ਬਣ ਕੇ ਸਿੱਖ ਰਾਜ ਦਾ ਸ਼ਕਤੀਸ਼ਾਲੀ ਮੁੱਖ ਵੀ ਸਿਰਜ ਰਹੇ ਸਨ ਅਤੇ ਸਦਾ ਲਈ ਪੰਜਾਬ ਨੂੰ ਵਿਦੇਸ਼ੀ ਹਮਲਾਵਰਾਂ ਤੋਂ ਵੀ ਮੁਕਤ ਕਰ ਰਹੇਂ ਸਨ। ਸਿੱਖ ਰਾਜ ਦੀ ਉਸਾਰੀ ਲਈ ਜੇ ਮਹਾਰਾਜਾ ਰਣਜੀਤ ਸਿੰਘ ਨੀਤੀਆਂ ਘੜਨ ਵਾਲਾ ਸੀ ਤਾਂ ਜਰਨੈਲ ਹਰੀ ਸਿੰਘ ਨਲਵਾ ਉਹਨਾਂ ਨੀਤੀਆਂ ਤੇ ਅਮਲ ਨੂੰ ਸਾਕਾਰ ਕਰਨ ਵਾਲਾ ਸੀ। ਜਰਨੈਲ ਹਰੀ ਸਿੰਘ ਦੇ ਦਿਲ-ਦਿਮਾਗ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਗੁਣਾਤਮਕ, ਧਰਮ-ਨਿਰਪੱਖ ਤੇ ਸਦਭਾਵੀ ਸ਼ਖ਼ਸੀਅਤ ਦਾ ਜਿਥੇ ਅਥਾਹ ਸਤਿਕਾਰ ਸੀ, ਉਥੇ ਮਹਾਰਾਜਾ ਰਣਜੀਤ ਸਿੰਘ ਵੀ ਜਰਨੈਲ ਹਰੀ ਸਿੰਘ ਨਲਵਾ ਦੇ ਸਿੱਖ ਜਜ਼ਬੇ ਤੇ ਸਿੱਖ-ਰਾਜ ਦੀ ਉਸਾਰੀ ਪ੍ਰਤੀ ਯੁੱਧਾਤਮਕ ਪੱਧਰ ਦੀਆਂ ਕੀਤੀਆਂ ਚਮਤਕਾਰੀ ਸੇਵਾਵਾਂ ਪ੍ਰਤੀ ਹਾਰਦਿਕ ਅਭਿਨੰਦਨ ਅਤੇ ਸਤਿਕਾਰ ਰੱਖਦਾ ਸੀ। ਮਹਾਰਾਜਾ ਰਣਜੀਤ ਸਿੰਘ ਉਸ ਦੀਆਂ ਸੇਵਾਵਾਂ ਤੋਂ ਇੰਨਾ ਪ੍ਰਸੰਨਚਿੱਤ ਸੀ ਕਿ ਜੇ ਸਰਦਾਰ ਹਰੀ ਸਿੰਘ ਨੂੰ ਇਕ ਨਲ (ਸ਼ੇਰ) ਨਾਲ ਲੜਦਿਆਂ ਵੇਖਿਆ, ਤਾਂ ਉਸ ਨੂੰ 'ਨਲਵਾ' ਦਾ ਖ਼ਿਤਾਬ ਦਿੱਤਾ, ਜੇ ਸੰਗ੍ਰਾਮੀ ਤੇ ਪ੍ਰਬੰਧਕ ਬ੍ਰਿਤੀਆਂ ਪੱਖੋਂ ਦੇਖਿਆ, ਤਾਂ ਉਸ ਨੂੰ 'ਫੌਜਾਂ ਦਾ ਜਰਨੈਲ' ਬਣਾ ਦਿੱਤਾ। ਮਹਾਰਾਜਾ ਰਣਜੀਤ ਸਿੰਘ ਆਪਣੇ ਸੈਨਿਕ ਯੋਧਿਆਂ ਵਿੱਚੋਂ ਜਰਨੈਲ ਹਰੀ ਸਿੰਘ ਨਲਵਾ ਦੀ ਬਹਾਦਰੀ ਉਤੇ ਇੰਨਾ ਖੁਸ਼ ਸੀ ਕਿ ਉਸ ਨੇ ਕਸ਼ਮੀਰ ਤੇ ਪਿਸ਼ਾਵਰ ਵਿੱਚ 'ਹਰੀ ਸਿੰਘੀਏ' ਸਿੱਕੇ ਚਲਾਣ ਤੇ ਪ੍ਰਚਲਿਤ ਕਰਨ ਦਾ ਮਾਣ ਵੀ ਜਰਨੈਲ ਹਰੀ ਸਿੰਘ ਨਲਵਾ ਨੂੰ ਪ੍ਰਦਾਨ ਕੀਤਾ। ਜਰਨੈਲ ਹਰੀ ਸਿੰਘ ਨਲਵਾ ਦੀ ਤੇਜੱਸਵੀ ਤੇ ਦੂਰ-ਅੰਦੇਸ਼ ਸ਼ਖ਼ਸੀਅਤ ਹੀ ਸੀ, ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਵੱਲੋਂ ਦੋ ਵਾਰੀ ਕਸ਼ਮੀਰ ਤੇ ਹਜ਼ਾਰੇ ਦਾ ਗਵਰਨਰ ਨਿਯੁਕਤ ਕੀਤਾ ਗਿਆ। ਸਿੱਖ ਰਾਜ ਦਾ ਗੌਰਵ ਤੇ ਸੁਹਿਰਦ ਸੇਵਕ ਹੋਣ ਦੇ ਨਾਤੇ ਹੀ ਜਰਨੈਲ ਹਰੀ ਸਿੰਘ ਨਲਵਾ ਨੂੰ ਲਾਹੌਰ ਦਰਬਾਰ ਵੱਲੋਂ ਇਕ ਵਾਰੀ ਨਹੀਂ, ਅਨੇਕਾਂ ਵਾਰ ਜ਼ਮੀਨਾਂ, ਜਾਗੀਰਾਂ, ਖਿਲਤਾਂ ਤੇ ਸੈਨਿਕ-ਸਨਮਾਨ ਪ੍ਰਾਪਤ ਹੋਏ। ਜਰਨੈਲ ਹਰੀ ਸਿੰਘ ਨਲਵੇ ਦੀ ਸ਼ਹਾਦਤ ਉੱਤੇ ਮਹਾਰਾਜਾ ਰਣਜੀਤ ਸਿੰਘ ਨੇ ਜਿਨ੍ਹਾਂ ਸ਼ਬਦਾਂ ਤੇ ਭਾਵਨਾਵਾਂ ਨਾਲ ਆਪਣੀ ਸ਼ਰਧਾ ਤੇ ਸ਼ਰਧਾਂਜਲੀ ਅਰਪਿਤ ਕੀਤੀ ਸੀ, ਉਸ ਤੋਂ ਸਹਿਜੇ ਹੀ ਆਖਿਆ ਜਾ ਸਕਦਾ ਹੈ ਕਿ ਜਰਨੈਲ ਹਰੀ ਸਿੰਘ ਨਲਵਾ ਸਿੱਖ-ਰਾਜ ਦਾ ਗੌਰਵ ਵੀ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦਾ 'ਨਮਕ ਹਲਾਲ' ਸੇਵਕ ਵੀ।

ਸ: ਸ਼ਾਮ ਸਿੰਘ ਜੀ ਅਟਾਰੀ

ਅਟਾਰੀ ਵਾਲੇ ਸਰਦਾਰ ਆਪਣਾ ਪਿੱਛਾ ਜੈਸਲਮੇਰ ਦੇ ਭੱਟੀ ਰਾਜਪੂਤਾਂ ਨਾਲ ਜੋੜਦੇ ਹਨ। ਜਗ ਮਲ ਦਾ ਪੁੱਤਰ ਧੀਰਾ ਇਸ ਖਾਨਦਾਨ ਦਾ ਪਹਿਲਾਂ ਬੰਦਾ ਸੀ ਜੋ ਰਾਜਪੂਤਾਨਿਓਂ ਉਠ ਕੇ ਪੰਜਾਬ ਆਇਆ ਅਤੇ ੧੫੮੦ ਈ: ਦੇ ਆਸ-ਪਾਸ ਫੂਲ ਮਹਿਰਾਜ ਮਾਲਵੇ ਵਿਚ ਆ ਕੇ ਆਬਾਦ ਹੋਇਆ। ਗ੍ਰਿਫਿਨ ਦੇ ਕਥਨ ਅਨੁਸਾਰ ਆਪ ਨੂੰ ਰਾਗ ਵਿਦਿਆ ਦਾ ਜਾਣੂ ਹੋਣ ਕਰਕੇ ਬੜੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਸੀ।[1]

੧੭੩੫ ਈ: ਨੂੰ ਇਹ ਖਾਨਦਾਨ ਇਥੋਂ ਉਠ ਕੇ ਪਿੰਡ ਕਾਉਂਕੇ ਜਗਰਾਓਂ ਜ਼ਿਲ੍ਹਾ ਲੁਧਿਆਣਾ ਬੈਠ ਗਿਆ। ਇਸ ਤੋਂ ਅੱਗੇ ਇਸ ਖਾਨਦਾਨ ਦਾ ਇਤਿਹਾਸ ਧੁੰਦਲਾ ਜਿਹਾ ਮਿਲਦਾ ਹੈ। ਕਾਉਂਕੇ ਦੇ ਚੌਧਰੀ ਕਾਨ੍ਹ ਚੰਦ ਦੇ ਦੋ ਪੁੱਤਰ ਗੌਹਰ ਤੇ ਕੌਰ ਚੰਗੇ ਬਹਾਦਰ ਨਿਕਲੇ। ਉਹ ਪੰਜੀ ਕੁ ਘੋੜ ਸਵਾਰ ਲੈ ਕੇ ਮਾਲਵੇ ਵੱਲ ਆਏ। ਅਟਾਰੀ ਤੋਂ ਚੜ੍ਹਦੇ ਪਾਸੇ ਮੋੜ੍ਹੀ ਗੱਡੀ ਦਿੱਤੀ ਤੇ ਨਵਾਂ ਪਿੰਡ ਵਸਾਇਆ। ਇਹ ਸਮਾਂ ਸਿੱਖ ਇਤਿਹਾਸ ਲਈ ਬੜਾ ਭਿਆਨਕ ਸੀ। ਸਿੱਖਾਂ ਦਾ ਕਤਲੇਆਮ ਹੋ ਰਿਹਾ ਸੀ। ਅਬਦੁਲ ਸਮੁੰਦ ਖਾਨ ਦਾ ਪੁੱਤਰ ਜ਼ਕਰੀਆ ਖਾਨ ਲਾਹੌਰ ਦਾ ਸੂਬੇਦਾਰ ਸੀ। ਇਹ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣਾ ਚਾਹੁੰਦਾ ਸੀ। ਦੂਸਰੇ ਪਾਸੇ ਸਿੱਖ ਆਪਣੀ ਹੋਂਦ ਤੇ ਅਣਖ ਨੂੰ ਕਾਇਮ ਰੱਖਣ ਲਈ ਜਾਨਾਂ ਕੁਰਬਾਨ ਕਰ ਰਹੇ ਸਨ।

ਸਿੱਖਾਂ ਦੀਆਂ ਆਪਾ-ਵਾਰੂ ਕੁਰਬਾਨੀਆਂ ਤੇ ਪੰਥਕ ਘਾਲਾਂ ਤੋਂ ਉਤਸ਼ਾਹਿਤ ਹੋ ਕੇ ਗੌਹਰ ਤੇ ਕੌਰ ਵੀ ਅੰਮ੍ਰਿਤਸਰ ਪਹੁੰਚੇ, ਖੰਡੇ-ਬਾਟੇ ਦਾ ਅੰਮ੍ਰਿਤ-ਪਾਨ ਕੀਤਾ ਅਤੇ ਗੌਹਰ ਸਿੰਘ ਤੇ ਕੌਰ ਸਿੰਘ ਬਣ ਗਏ।[2] ਇਨ੍ਹਾਂ ਨੂੰ ਗੁਰੂ-ਘਰ ਨਾਲ ਤਾਂ ਪਹਿਲਾਂ ਹੀ ਲਗਾਓ ਸੀ ਤੇ ਪੰਜਾਬ ਵਿਚ ਆਉਣ ਕਰਕੇ ਪਿਆਰ ਪੈਦਾ ਹੋ ਗਿਆ। ਸਿੱਖ ਸਰਦਾਰ ਛੋਟੇ ਛੋਟੇ ਜਥੇ ਬਣਾ ਕੇ ਮੱਲਾਂ ਮਾਰਦੇ ਸਨ। ਅਟਾਰੀ ਵਾਲੇ ਦੋਨਾਂ ਭਰਾਵਾਂ ਵੀ ਅਟਾਰੀ ਦੇ ਆਸ-ਪਾਸ ਦੇ ਪਿੰਡਾਂ ਉੱਤੇ ਕਬਜ਼ਾ ਕਰ ਲਿਆ ਸੀ।

ਗੌਹਰ ਸਿੰਘ ਦੇ ਤਿੰਨ ਪੁੱਤਰ ਸਨ ਦਲ ਸਿੰਘ, ਦਿਆਲ ਸਿੰਘ ਤੇ ਨਿਹਾਲ ਸਿੰਘ। ਨਿਹਾਲ ਸਿੰਘ ਦਾ ਪੁੱਤਰ ਸ਼ਾਮ ਸਿੰਘ ਸੀ। ਗੌਹਰ ਸਿੰਘ ਮਜੀਠੇ ਦੇ ਨਜ਼ਦੀਕ ਦੁਰਾਨੀਆਂ ਨਾਲ ਇਕ ਜੰਗ ਵਿਚ ਸ਼ਹੀਦ ਹੋ ਗਏ ਸਨ। ਉਨ੍ਹਾਂ ਤੋਂ ਬਾਅਦ ਸ੍ਰ: ਨਿਹਾਲ ਸਿੰਘ ਚੀਨਾਂ ਸਰਦਾਰ ਨੀਯਤ ਹੋਇਆ। ੧੭੬੪ ਈ: ਵਿਚ ਖਾਲਸੇ ਦੇ ਲਾਹੌਰ 'ਤੇ ਕਬਜ਼ਾ ਕਰਨ ਸਮੇਂ ਸ੍ਰ: ਨਿਹਾਲ ਸਿੰਘ, ਸ੍ਰ: ਗੁਜਰ ਸਿੰਘ ਅਤੇ ਸ੍ਰ: ਲਹਿਣਾ ਸਿੰਘ ਭੰਗੀ ਦੇ ਨਾਲ ਸ਼ਾਮ ਸਿੰਘ ਅਟਾਰੀ ਵੀ ਸੀ। ਇਸ ਬਹਾਦਰੀ ਕਾਰਨ ਪਸਰੂਰ ਦਾ ਪਰਗਣਾ ਜਗੀਰ ਵਿਚ ਮਿਲਿਆ ਸੀ

ਜਿਸ ਦੀ ਆਮਦਨੀ ਡੇਢ ਲੱਖ ਸਾਲਨਾ ਸੀ।[3]

ਇਨ੍ਹਾਂ ਸਰਦਾਰਾਂ ਦੀ ਬਹਾਦਰੀ ਦੇਖ ਕੇ ਮਹਾਰਾਜਾ ਰਣਜੀਤ ਸਿੰਘ ਨੇ ਪ੍ਰੇਮ ਕੀਤਾ ਅਤੇ ਸ: ਨਿਹਾਲ ਸਿੰਘ ਨੂੰ ਆਪਣੀ ਨੌਕਰੀ ਵਿਚ ਆ ਜਾਣ ਲਈ ਮਨਾ ਲਿਆ। ਮਹਾਰਾਜੇ ਨੇ ੧੮੦੩ ਈ: ਵਿਚ ਸਖੇ ਦੀ ਜਗੀਰ ਇਸ ਖਾਨਦਾਨ ਨੂੰ ਦਿੱਤੀ ਜਿਸ ਦੀ ਸਾਲਾਨਾ ਆਮਦਨ ੫੪੦੦੦/- ਸੀ। ੧੮੧੭ ਈ: ਨੂੰ ਮਹਾਰਾਜਾ ਰਣਜੀਤ ਸਿੰਘ ਅਚਾਨਕ ਬੀਮਾਰ ਹੋ ਗਿਆ। ਹਾਲਤ ਖਰਾਬ ਹੁੰਦੀ ਗਈ। ਸ੍ਰ: ਨਿਹਾਲ ਸਿੰਘ ਨੇ ਗੁਰੂ ਮਹਾਰਾਜ ਅੱਗੇ ਅਰਦਾਸ ਕੀਤੀ ਤੇ ਪਲੰਘ ਦੇ ਦੁਆਲੇ ਤਿੰਨ ਪ੍ਰਕਰਮਾਂ ਕੀਤੀਆਂ ਤੇ ਕਿਹਾ ਕਿ ਮਹਾਰਾਜਾ ਰਾਜੀ ਹੋ ਜਾਏ ਤੇ ਉਨ੍ਹਾਂ ਦੀ ਬੀਮਾਰੀ ਮੈਨੂੰ ਲੱਗ ਜਾਏ। ਅਰਦਾਸ ਮੰਜੂਰ ਹੋਈ। ਕੁਝ ਸਮੇਂ ਬਾਅਦ ਸ੍ਰ: ਨਿਹਾਲ ਸਿੰਘ ਅਕਾਲ-ਚਲਾਣਾ ਕਰ ਗਏ। ਇਸ ਘਟਨਾ ਤੋਂ ਪਹਿਲਾਂ ਸ਼ਾਮ ਸਿੰਘ ਨੂੰ ਮਹਾਰਾਜੇ ਦੀ ਫੌਜ ਵਿਚ ਭਰਤੀ ਕਰਵਾ ਦਿੱਤਾ ਸੀ। ਇਤਿਹਾਸਕਾਰਾਂ ਨੇ ੧੮੦੩ ਈ: ਵਿਚ ਸ਼ਾਮ ਸਿੰਘ ਦੀ ਉਮਰ ੧੮ ਸਾਲ ਦੱਸੀ ਹੈ। ਇਸ ਅਨੁਸਾਰ ਉਨ੍ਹਾਂ ਦਾ ਜਨਮ ੧੭੮੫ ਈ: ਦੇ ਆਸ-ਪਾਸ ਚਲਾ ਜਾਂਦਾ ਹੈ। ਮੁਲਤਾਨ ਦੀ ਜਿੱਤ ਤੇ ਆਖਰੀ ਘੇਰੇ ਵਿਚ ਆਪ ਨੂੰ ਬਹਾਦਰੀ ਦਿਖਾਉਣ ਦਾ ਮੈਦਾਨੇ-ਜੰਗ ਵਿਚ ਪਹਿਲੀ ਵਾਰ ਮੌਕਾ ਮਿਲਿਆ ਸੀ।[4]

੧੮੧੮ ਈ: ਨੂੰ ਮਹਾਰਾਜੇ ਨੂੰ ਪਤਾ ਲੱਗਾ ਕਿ ਦੋਸਤ ਮੁਹੰਮਦ ਖਾਨ ਨੇ ਪਿਸ਼ਾਵਰ ਦੱਬ ਲਿਆ ਹੈ। ਮਹਾਰਾਜੇ ਨੇ ਸ: ਦਲ ਸਿੰਘ, ਸ: ਧੰਨਾ ਸਿੰਘ ਮਨਵਾਦੀ, ਸ: ਸ਼ਾਮ ਸਿੰਘ ਤੇ ਸ: ਹਰੀ ਸਿੰਘ ਨੂੰ ਫੌਜ ਦੇ ਕੇ ਭੇਜਿਆ ਅਤੇ ਪਿਸ਼ਾਵਰ ਉਤੇ ਹਮਲਾ ਕਰਨ ਦਾ ਹੁਕਮ ਦਿੱਤਾ। ਖਾਲਸਾ ਫੌਜਾਂ ਨੇ ਮੁੜ ਪਿਸ਼ਾਵਰ 'ਤੇ ਕਬਜ਼ਾ ਕਰ ਲਿਆ। ਦੋਸਤ ਮੁਹੰਮਦ ਖਾਨ ਨੇ ੫੦੦੦ ਦੀਆਂ ਹੁੰਡੀਆਂ, ਘੋੜੇ ਤੇ ਹੋਰ ਤੋਹਫੇ ਨਜ਼ਰਾਨੇ ਵਜੋਂ ਭੇਜੇ ਤੇ ਈਨ ਮੰਨ ਲਈ।[5] ਸ਼ਾਮ ਸਿੰਘ ਨੇ ਇਸ ਮੁਹਿੰਮ ਵਿਚ ਬੜੀ ਬਹਾਦਰੀ ਦਿਖਾਈ।

ਮਹਾਰਾਜਾ ਨੇ ਲਾਹੌਰ ਦੀ ਹਿਫਾਜਤ ੧੮੧੯ ਈ. ਵਿਚ ਫਤਹ ਸਿੰਘ ਆਹਲੂਵਾਲੀਆ ਦੇ ਸਪੁਰਦ ਕਰਕੇ ਕਸ਼ਮੀਰ ਦੀ ਮੁਹਿੰਮ ਸ਼ੁਰੂ ਕੀਤੀ। ਫੌਜ ਦੇ ਤਿੰਨ ਹਿੱਸੇ ਕੀਤੇ। ਇਕ ਹਿੱਸਾ ਮਿਸ਼ਰ ਦੀਵਾਨ ਚੰਦ ਪਾਸ ਸੀ ਜਿਸ ਵਿਚ ਸ਼ਾਮ ਸਿੰਘ ਅਟਾਰੀ ਸਨ। ਇਸ ਮੁਹਿੰਮ ਵਿਚ ਸ: ਦਲ ਸਿੰਘ, ਸ: ਜੁਆਲਾ ਸਿੰਘ ਤੇ ਸ੍ਰ: ਸ਼ਾਮ ਸਿੰਘ ਅਟਾਰੀ ਦੀ ਬਹਾਦਰੀ ਦੀ ਬੜੀ ਪ੍ਰਸੰਸਾ ਹੋਈ।

ਅਟਕ ਦੀ ਚੜ੍ਹਾਈ ਸਮੇਂ ਮਹਾਰਾਜੇ ਨੇ ਮਿਸ਼ਰ ਦੀਵਾਨ ਚੰਦ, ਸ਼ਾਮ ਸਿੰਘ ਅਟਾਰੀ ਤੇ ਹੋਰ ਸਰਦਾਰਾਂ ਨੂੰ ਤੋਪਖਾਨਿਆਂ ਸਮੇਤ ਅਟਕ ਪੁੱਜਣ ਲਈ ਕਿਹਾ। ਡੇਰਾ ਗਾਜ਼ੀ ਖਾਂ ਦੀ ਮੁਹਿੰਮ ਜੋ ੧੨ ਫਰਵਰੀ, ੧੮੩੨ ਨੂੰ ਸ਼ੁਰੂ ਹੋਈ ਸੀ, ਵਿਚ ਵੀ ਸ੍ਰ: ਸ਼ਾਮ ਸਿੰਘ ਅਟਾਰੀ, ਦੀਵਾਨ ਕਿਰਪਾ ਰਾਮ ਤੇ ਕੰਵਰ ਖੜਕ ਸਿੰਘ ਦੀ ਮਦਦ ਲਈ ਗਈ ਸੀ। ਇਸ ਮੁਹਿੰਮ ਵਿਚ ਲੁੱਟ ਦਾ ਮਾਲ ਜਨਰਲ ਵੈਂਤੂਰੇ ਨੂੰ ਦੇ ਦਿੱਤਾ ਤੇ ਉਸ ਦੀ ਦੇਖ-ਭਾਲ ਸ਼ਾਮ ਸਿੰਘ ਅਟਾਰੀ ਨੂੰ ਸੌਂਪੀ ਗਈ। ਮਾਰਚ, ੧੮੩੨ ਈ: ਨੂੰ ਮਹਾਰਾਜੇ ਨੇ ਦੀਵਾਨ ਕਿਰਪਾ ਰਾਮ ਨੂੰ ਵੈਂਤੂਰੇ ਪਾਸ ਪਹੁੰਚਣ ਅਤੇ ਇਲਾਕੇ ਦੇ ਪਰਬੰਧ ਵਿਚ ਸਹਾਇਤਾ ਕਰਨ ਲਈ ਸ੍ਰ: ਸ਼ਾਮ ਸਿੰਘ ਨੂੰ ਹੁਕਮ ਹੋਇਆ ਕਿ ਤਨਦੇਹੀ ਨਾਲ ਕਿਰਪਾ ਰਾਮ ਦੀ ਸਹਾਇਤਾ ਕਰਨ।

ਕੁਝ ਕਾਰਨਾਂ ਕਰਕੇ ਮਹਾਰਾਜੇ ਅਤੇ ਸ਼ਾਮ ਸਿੰਘ ਵਿਚਕਾਰ ਨਰਾਜ਼ਗੀ ਹੋ ਗਈ।

ਨਤੀਜੇ ਵਜੋਂ ੨੪ ਜੂਨ, ੧੮੩੩ ਈ: ਨੂੰ ਸ਼ਾਮ ਸਿੰਘ ਪਾਸੋਂ ੧੯੦੦੦ ਰੁਪਏ ਨਜ਼ਰਾਨੇ ਵਜੋਂ ਵਸੂਲ ਕਰਨ ਦਾ ਹੁਕਮ ਹੋਇਆ। ਇਸ ਨਰਾਜ਼ਗੀ ਬਾਰੇ ਪੂਰੀ ਸਪੱਸ਼ਟਤਾ ਨਹੀਂ ਮਿਲਦੀ। ਜਮਾਂਦਾਰ ਖੁਸ਼ਹਾਲ ਸਿੰਘ ਨੇ ੨੯ ਜੂਨ ਨੂੰ ਮਹਾਰਾਜੇ ਸਾਹਮਣੇ ਪੇਸ਼ ਹੋ ਕੇ ਬੇਨਤੀ ਕੀਤੀ ਕਿ ਸ਼ਾਮ ਸਿੰਘ ਨੂੰ ਮਾਫ ਕਰ ਦੇਣ। ਸੋਹਨ ਲਾਲ ਲਿਖਦਾ ਹੈ ਕਿ ਸ਼ਾਮ ਸਿੰਘ ਨੇ ਇਕ ਸੁਨਹਿਰੀ ਕਾਠੀ ਵਾਲਾ ਘੋੜਾ ਮਹਾਰਾਜੇ ਨੂੰ ਪੇਸ਼ ਕੀਤਾ ਤੇ ਉਸ ਨੇ ਮਾਫ ਕਰ ਦਿੱਤਾ।[੬]

ਜਨਵਰੀ ੧੮੩੪ ਈ: ਨੂੰ ਸਰਦਾਰ ਸ਼ਾਮ ਸਿੰਘ ਤੇ ਦੀਵਾਨ ਚੰਦ ਨੂੰ ਬੰਨੂੰ ਟਾਂਕ ਚਲ ਉਗਰਾਹੀ ਕਰਨ ਲਈ ਹੁਕਮ ਹੋਇਆ। ਇਸ ਮੁਹਿੰਮ ਵਿਚ ਤਾਰਾ ਚੰਦ ਨੇ ਦੋਨਾਂ ਪਾਸਿਆਂ ਤੋਂ ਹਮਲਾ ਕਰਵਾ ਦਿੱਤਾ। ਨਤੀਜੇ ਵਜੋਂ ਫ਼ੌਜ ਦੇ ਕਈ ਆਦਮੀ ਜ਼ਖ਼ਮੀ ਹੋ ਗਏ। ਸ੍ਰ: ਜੈ ਸਿੰਘ ਅਟਾਰੀ ਇਸੇ ਮੁਹਿੰਮ ਵਿਚ ਮਾਰਿਆ ਗਿਆ। ਇਸ ਮੁਹਿੰਮ ਵਿਚ ਸਰਦਾਰ ਸ਼ਾਮ ਸਿੰਘ ਨੇ ਬੜੀ ਬਹਾਦਰੀ ਤੇ ਸਿਆਣਪ ਦਿਖਾਈ। ਇਸੇ ਤਰ੍ਹਾਂ ਸ੍ਰ: ਸ਼ਾਮ ਸਿੰਘ ਦੇ ਜੀਵਨ ਦੀਆਂ ਬਹੁਤ ਸਾਰੀਆਂ ਘਟਨਾਵਾਂ ਬਹਾਦਰੀ ਨਾਲ ਭਰੀਆਂ ਪਈਆਂ ਹਨ। ਲੇਖ ਲੰਬਾ ਹੋਣ ਦੇ ਡਰ ਨਾਲ ਅਸੀਂ ਉਹਨਾਂ ਦੇ ਜੀਵਨ ਦੀ ਅੰਤਲੀ ਤੇ ਮਹੱਤਵਪੂਰਨ ਘਟਨਾ ਸਭਰਾਵਾਂ ਦੀ ਲੜਾਈ ਦਾ ਜ਼ਿਕਰ ਕਰਨਾ ਠੀਕ ਸਮਝਦੇ ਹਾਂ।

ਫੇਰੂ ਸ਼ਹਿਰ ਦੀ ਜੰਗ ਪਿੱਛੋਂ ਲਾਹੌਰ ਦਰਬਾਰ ਨੇ ਗੁਲਾਬ ਸਿੰਘ ਨੂੰ ਜੰਮੂ ਤੋਂ ਲਾਹੌਰ ਬੁਲਾਇਆ। ਅੰਗਰੇਜ਼ ਹੌਲੀ ਹੌਲੀ ਪੰਜਾਬ 'ਤੇ ਕਾਬਜ਼ ਹੋ ਰਹੇ ਸਨ। ਉਹਨਾਂ ਦਾ ਖਿਆਲ ਸੀ ਕਿ ਸਾਰੇ ਪੰਜਾਬ ਨੂੰ ਸਰ ਕੀਤੇ ਬਿਨਾਂ ਇਸ ਲੜਾਈ ਨੂੰ ਖਤਮ ਨਹੀਂ ਸੀ ਕਰਨਾ ਚਾਹੀਦਾ। ਸਰ ਹੈਨਰੀ ਹਾਰਡਿੰਗ ਗਵਰਨਰ ਜਨਰਲ ਸੀ। ਸਿੱਖ ਫ਼ੌਜਾਂ ਦੇ ਕਮਾਂਡਰ-ਇਨ-ਚੀਫ ਮਿਸਰ ਤੇਜਾ ਸਿੰਘ, ਰਾਜਾ ਗੁਲਾਬ ਸਿੰਘ ਡੋਗਰਾ ਤੇ ਮਿਸਰ ਲਾਲ ਸਿੰਘ ਵਜ਼ੀਰ ਮੁਖੀਏ ਸਨ। ਇਹ ਸਭ ਅੰਦਰਗਤੀ ਗ਼ਦਾਰੀ ਕਰਕੇ ਅੰਗਰੇਜ਼ ਨਾਲ ਮਿਲ ਚੁਕੇ ਸਨ। ਸਤਲੁਜ ਦਰਿਆ ਦਾ ਰਾਹ ਲਾਹੌਰ ਤਕ ਅੰਗਰੇਜ਼ਾਂ ਵਾਸਤੇ ਖੁਲ੍ਹਾ ਛੱਡ ਦਿੱਤਾ ਸੀ। ੭ ਫਰਵਰੀ, ੧੮੪੬ ਨੂੰ ਅੰਗਰੇਜ਼ਾਂ ਦਾ ਕੈਂਪ ਫਿਰੋਜ਼ਪੁਰ ਸੀ। ਮਿਸ਼ਰ ਲਾਲ ਸਿੰਘ ਨੇ ਆਪਣੇ ਆਦਮੀ ਫਿਰੋਜ਼ਪੁਰ ਭੇਜ ਕੇ ਲਾਹੌਰ ਫੌਜਾਂ ਨਾਲ ਹੋਣ ਵਾਲੀ ਲੜਾਈ ਦਾ ਨਕਸ਼ਾ ਭੇਜ ਦਿੱਤਾ ਸੀ।[੭]

ਦੂਸਰੇ ਪਾਸੇ ਸਿੱਖ ਸਿਪਾਹੀ ਪੰਥ ਦੀ ਖਾਤਰ ਤੇ ਦੇਸ਼ ਦੀ ਖਾਤਰ ਜਾਨਾਂ ਵਾਰਨ ਵਾਲੇ ਸਨ। ਮੋਗਰੇਗਰ ਲਿਖਦਾ ਹੈ ਕਿ ਛੋਟੀ ਸਭਰਾਵਾਂ ਦੇ ਸਾਹਮਣੇ ਕੁਝ ਘੋੜੇ ਨਜ਼ਰੀਂ ਪਏ।[੮] ਇਹ ਘੋੜੇ ਅੰਗਰੇਜ਼ ਫ਼ੌਜ ਦੇ ਸਨ ਜੋ ਉਪਰੋਕਤ ਤਿੰਨਾਂ ਕਮਾਂਡਰਾਂ ਦੀ ਮਿਥੀ ਹੋਈ ਗ਼ਦਾਰੀ ਨਾਲ ਅੱਗੇ ਆਉਣ ਦਿਤੇ ਸਨ।

ਗ੍ਰਿਫਿਨ ਲਿਖਦਾ ਹੈ ਕਿ[੯] ਫਰਵਰੀ, ੧੮੪੬ ਨੂੰ ਤੇਜਾ ਸਿੰਘ ਨੇ ਸ਼ਾਮ ਸਿੰਘ ਨੂੰ ਇਸ ਗ਼ਦਾਰੀ ਦੀ ਸਾਜ਼ਸ਼ ਵਿਚ ਸ਼ਾਮਲ ਹੋਣ ਲਈ ਕਿਹਾ। ਪੰਜਾਬ ਚੀਫਸ ਅਤੇ ਚੋਪੜੇ ਦੇ ਕਥਨ ਅਨੁਸਾਰ[੧੦] ਮਿਸਰ ਤੇਜਾ ਸਿੰਘ ਨੇ ਕਿਹਾ, ਜੇ ਤੂੰ ਐਡਾ ਬਹਾਦਰ ਹੈਂ ਤਾਂ ਇਕ ਵਾਰੀ ਖਾ ਸੁਗੰਧ, ਕਿਉਂਕਿ ਮੈਂ ਸਮਝਦਾ ਹਾਂ ਕਿ ਅੰਤ ਨੂੰ ਤੂੰ ਮੇਰੇ ਨਾਲ ਆ ਜਾਣਾ ਹੈ। ਸ਼ਾਮ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰ-ਨਾਜ਼ਰ ਮੰਨ ਕੇ ਅਰਦਾਸ ਕੀਤੀ ਕਿ ਜੇ ਮੈਦਾਨੇ-ਜੰਗ ਵਿਚ ਹਾਰ ਹੋਈ ਤਾਂ ਮੈਂ ਜੰਗ ਵਿਚੋਂ ਜ਼ਿੰਦਾ ਵਾਪਸ ਨਹੀਂ ਆਵਾਂਗਾ। ੧੦ ਫਰਵਰੀ, ੧੮੪੬ ਨੂੰ

ਹਮਲਾ ਹੋਇਆ। ਸ਼ਾਮ ਸਿੰਘ ਚਿੱਟੀ ਪੋਸ਼ਾਕ ਪਾ ਕੇ ਚਿੱਟੇ ਘੋੜੇ ਉਪਰ ਸੁਆਰ ਹੋ ਕੇ ਨਿਕਲੇ। ਸ਼ਾਮ ਸਿੰਘ ਨੇ ਲੜਾਈ ਵਿਚ ਜਾਣ ਤੋਂ ਪਹਿਲਾਂ ਆਪਣੇ ਸਿੰਘਾਂ ਨੂੰ ਵਖਿਆਨ ਦਿੱਤਾ—

> **ਤੁਹਾਡੀ ਕੌਮੀ ਅਣਖ ਦੀ ਪਰਖ ਦਾ ਸਮਾਂ ਆ ਗਿਆ ਹੈ। ਤੁਸੀਂ ਖਾਲਸੇ ਦੇ ਸੱਚੇ ਪੁੱਤਰ ਹੋ ਤਾਂ ਆਪਣੇ ਸਿੰਘ ਨਾਮ ਤੇ ਦਾਹੜੀ ਨੂੰ ਲਾਜ ਨਾ ਲੱਗਣ ਦੇਣੀ। ਪੁਰਜਾ-ਪੁਰਜਾ ਹੋ ਕੇ ਕਟ ਮਰਨਾ। ਦੇਸ਼ ਦੀ ਅਜ਼ਾਦੀ ਲਈ ਆਪਣੀਆਂ ਜ਼ਿੰਦਾਂ ਕੁਰਬਾਨ ਕਰਨੀਆਂ ਪਰ ਜੰਗ ਵਿਚ ਵੈਰੀ ਨੂੰ ਪਿੱਠ ਨਾ ਦਿਖਾਉਣਾ।**[੧੧]

ਮਿਸਰ ਤੇਜਾ ਸਿੰਘ ਜੰਗ ਦਾ ਕਮਾਂਡਰ ਸੀ ਜਿਸ ਨੇ ਆਪਣੇ ਬਚਾਉ ਲਈ ਇਕ ਬੁਰਜ ਬਣਾਇਆ ਹੋਇਆ ਸੀ। ਸ੍ਰ: ਅਤਰ ਸਿੰਘ ਕਾਲਿਆਂ ਵਾਲਾ ਘੋੜ-ਸਵਾਰਾਂ ਦੀ ਕਮਾਨ ਕਰ ਰਿਹਾ ਸੀ। ਖੱਬੇ ਪਾਸੇ ਸ੍ਰ: ਸ਼ਾਮ ਸਿੰਘ ਤੇ ਸ੍ਰ: ਮੇਵਾ ਸਿੰਘ ਮਜੀਠੀਏ ਦਾ ਬਰੀਗੇਡ ਸੀ। ਵਿਚਕਾਰ ਸ੍ਰ: ਕਾਨ੍ਹ ਸਿੰਘ ਮਾਨ ਤੇ ਜਰਨੈਲ ਅਵੀਤਾ ਕਿਲ੍ਹੇ ਦਾ ਬਰੀਗੇਡ ਸੀ। ਇਕ ਪਾਸੇ ਸ੍ਰ: ਮਹਿਤਾਬ ਸਿੰਘ ਮਜੀਠੀਆ, ਮਿਸਰ ਤੇਜਾ ਸਿੰਘ ਦਾ ਬਰੀਗੇਡ ਸੀ। ਉੱਪਰ ਦੱਸੇ ਤਿੰਨਾਂ ਕਮਾਂਡਰਾਂ ਦੀ ਬੇਈਮਾਨੀ ਕਾਰਨ ਜਨਰਲ ਡਿਕ ਦਾ ਡਵੀਜ਼ਨ ਅੱਗੇ ਵਧਦਾ ਗਿਆ। ਸਿੰਘ ਬੜੀ ਬਹਾਦਰੀ ਨਾਲ ਲੜੇ ਜਨਰਲ ਡਿਕ ਦੇ ਜ਼ਖਮੀ ਹੋਣ 'ਤੇ ਜਨਰਲ ਗਿਲਵਾਰਟ ਨੂੰ ਭੇਜਿਆ, ਜਿਸ ਨੂੰ ਸਿੰਘਾਂ ਨੇ ਪਿਛੇ ਹਟਾ ਦਿੱਤਾ, ਸਿੰਘਾਂ ਨੇ ਖੂਬ ਜਵਾਬ ਦਿੱਤਾ ਤੇ ਬੜੀ ਬਹਾਦਰੀ ਨਾਲ ਲੜੇ। ਇਲਾਹੀ ਬਖਸ਼ ਤੇ ਮਾਖੇ ਖਾਨ ਨੇ ਅੰਗਰੇਜ਼ਾਂ ਦੇ ਅੱਗੇ ਵਧਣ 'ਤੇ ਉਹ ਅੱਗੇ ਵਰਸਾਈ ਤੇ ਉਹ ਅਗੇ ਹੋਰ ਨਾ ਵਧ ਸਕੇ। ਇਸ ਕਰੜੇ ਮੁਕਾਬਲੇ ਨੇ ਅੰਗਰੇਜ਼ਾਂ ਦੀ ਜਿੱਤ ਅਸੰਭਵ ਬਣਾ ਦਿੱਤੀ।[੧੨]

ਸ਼ਾਹ ਮੁਹੰਮਦ ਲਿਖਦਾ ਹੈ :

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ।
ਦੋਵੇਂ ਬਾਦਸ਼ਾਹੀ ਫੌਜਾਂ ਭਾਰੀਆਂ ਨੇ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜੇਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।

ਮੁਤੋ ਲਿਖਦਾ ਹੈ ਕਿ ਜਿਸ ਪਾਸੇ ਸਰਦਾਰ ਸ਼ਾਮ ਸਿੰਘ ਕਮਾਨ ਕਰ ਰਿਹਾ ਸੀ ਅੰਗਰੇਜ਼ਾਂ ਨੇ ਨਾ ਯਕੀਨ ਆਉਣ ਵਾਲੇ ਹੱਲੇ ਕੀਤੇ ਪਰ ਸਿੱਖਾਂ ਨੇ ਅਖੀਰੀ ਦਮ ਤੱਕ ਉਨ੍ਹਾਂ ਨੂੰ ਰੋਕੀ ਰੱਖਿਆ।[੧੩]

ਕਨਿੰਘਮ ਲਿਖਦਾ ਹੈ ਕਿ ਭਾਵੇਂ ਅੰਗਰੇਜ਼ਾਂ ਦੇ ਘੋੜ ਚੜ੍ਹੇ ਰਸਾਲੇ ਤੇ ਪੈਦਲ ਪਲਟਣਾਂ ਸਿੰਘਾਂ ਉੱਤੇ ਹਰ ਪਾਸਿਓਂ ਚੜ੍ਹਦੀਆਂ ਆ ਰਹੀਆਂ ਸਨ ਪਰ ਸਿੰਘਾਂ ਨੇ ਈਨ ਮੰਨਣੀ ਪ੍ਰਵਾਨ ਨਾ ਕੀਤੀ। ਗੁਰੂ ਗੋਬਿੰਦ ਸਿੰਘ ਦੇ ਸਿੱਖਾਂ 'ਚੋਂ ਕਿਸੇ ਇਕ ਨੇ ਵੀ ਪਨਾਹ ਨਾ ਮੰਗੀ, ਕਿਸੇ ਪਿਠ ਨ ਦਿਖਾਈ। ਇਕੱਲੇ ਇਕੱਲੇ ਅਨੇਕਾਂ ਨਾਲ ਜੂਝਦੇ ਆਪਣੇ ਸਾਹਮਣੇ ਆ ਰਹੀ ਮੌਤ ਦਾ ਸੁਆਗਤ ਕਰਨ ਲਈ ਕੁੱਦ ਪਏ।[੧੪]

ਹਾਰਡਿੰਗ ਲਿਖਦਾ ਹੈ ਸ਼ਾਇਦ ਕਦੀ ਵੀ ਕਿਧਰੇ ਅੰਤ ਤੱਕ ਇਤਨਾ ਡਟ ਕੇ ਮੁਕਾਬਲਾ ਨਾ ਹੋਇਆ ਹੋਵੇ, ਨਾ ਹੀ ਅੱਗੇ ਲਈ ਖਾਲਸਾ ਫੌਜ ਦੇ ਸਿਪਾਹੀਆਂ ਨੇ ਆਪਸ

ਵਿਚ ਇਤਨਾ ਗੂੜ੍ਹਾ ਜਮਾਓ ਦੱਸਿਆ ਹੋਵੇ।[੫]

ਸ਼ਾਮ ਸਿੰਘ ਅਟਾਰੀ ਮੈਦਾਨੇ-ਜੰਗ ਵਿਚ ਸ਼ਹੀਦ ਹੋਏ। ਤੀਸਰੇ ਦਿਨ ੧੨ ਫਰਵਰੀ, ੧੮੪੬ ਨੂੰ ਉਨ੍ਹਾਂ ਦਾ ਮਿਰਤਕ ਸਰੀਰ ਅਟਾਰੀ ਲਿਆਂਦਾ ਗਿਆ। ਉਨ੍ਹਾਂ ਦੀ ਧਰਮ ਪਤਨੀ ਨੂੰ ਪਤਾ ਸੀ ਕਿ ਜੇ ਸਿੰਘ ਲੜਾਈ ਹਾਰ ਗਏ ਤਾਂ ਸ੍ਰ: ਸ਼ਾਮ ਸਿੰਘ ਅਟਾਰੀ ਜਿਊਂਦੇ ਵਾਪਸ ਨਹੀਂ ਆਉਣਗੇ। ਸ੍ਰ: ਸ਼ਾਮ ਸਿੰਘ ਦੀ ਅੰਤਮ ਯਾਦਗਾਰ ਅਟਾਰੀ ਪਿੰਡ ਦੇ ਬਾਹਰਵਾਰ ਹੈ।

❋❋❋

ਹਵਾਲੇ

੧. ਗ੍ਰਿਫਿਨ, ਪੰਜਾਬ ਚੀਫਸ, ਭਾਗ ਪਹਿਲਾ, ਪੰ: ੨੩੮, ੧੮੯੦

੨. ਉਹੀ, ਹੋਰ ਦੇਖੋ, ਰਈਸਾਨ ਪੰਜਾਬ ਪੰ: ੬੧

੩. ਗਿ: ਗਿਆਨ ਸਿੰਘ, ਪੰਥ ਪ੍ਰਕਾਸ਼, ਦੂਜੀ ਜਿਲਦ, ਪੰ: ੮੩੬

੪. ਡਾ: ਚੋਪੜਾ, ਪੰਜਾਬ ਐਜ਼ ਸੋਵਰੇਨ ਸਟੇਟ, ਪੰ: ੧੬੩

੫. ਮੁਹੰਮਦ ਲਤੀਫ, ਹਿਸਟਰੀ ਆਫ ਪੰਜਾਬ, ਪੰ: ੪੧੪-੧੬
ਹੋਰ ਦੇਖੋ, ਸੋਹਨ ਲਾਲ, ਉਹੀ, ਉਮਾਦਤ ਤਵਾਰੀਖ, ਪੰ: ੨੨੭-੪੦

੬. ਸੋਹਨ ਲਾਲ, ਉਹੀ, ਪੰ: ੧੭੪-੭੪

੭. ਕਨਿੰਘਮ ਉਹੀ ਪੰ: ੧੬੨; ਹੋਰ ਦੇਖੋ ਵਾਈਕਾਉਟ ਹਾਰਡਿੰਗ, ਰੂਲਰਜ਼ ਆਫ ਇੰਡੀਆ ਪੰ: ੧੧੩; ਖਰੋਨਟਨ, ਹਿਸਟਰੀ ਆਫ ਪੰਜਾਬ, ਪੰ: ੮੧੫

੮. ਮੈਗਰੇਗਰ, ਹਿਸਟਰੀ ਆਫ ਸਿਖਸ, ਪੰ: ੧੪੬

੯. ਪੰਜਾਬ ਚੀਫਸ ਓਹੀ ਪੰ: ੨੪੬

੧੦. ਚੋਪੜਾ, ਉਹੀ, ਪੰ: ੧੬੪

੧੧. ਗਦੀ ਹਸਨ ਤੇ ਰਜਬ ਅਲੀ, ਰਈਸਾਨਿ-ਪੰਜਾਬ, ਪੰ: ੬੬
ਦੇਖੋ, ਪੰਥ ਪ੍ਰਕਾਸ਼, ਪੰ: ੮੩੭

੧੨. ਖਰੋਨਟਨ, ਉਹੀ ਪੰ: ੩੫੨

੧੩. ਮੁਤੇ ਰੀਪੋਟ ਪੰ: ੩੫੨

੧੪. ਮੈਗਰੇਗਰ ਉਹੀ, ਪੰ: ੨੩੮

੧੫. ਵਾਈਕਾਉਟ, ਉਹੀ, ਪੰ: ੧੧੮

ਜਿੰਦ ਕੌਰ (ਮਹਾਰਾਣੀ ਜਿੰਦਾਂ)

ਜੇ ਕੋਈ ਬੁਝਾਰਤ ਪਾ ਕੇ ਪੁੱਛੇ ਕਿ ਸੰਸਾਰ ਵਿਚ ਉਹ ਕਿਹੜੀ ਸ਼ੈਅ ਹੈ, ਜਿਸ ਵਿਚ ਇਤਨੀਆਂ ਚੁੰਬਕੀ ਸ਼ਕਤੀਆਂ ਹਨ ਜੋ ਕਿਸੇ ਨੂੰ ਆਪਣੇ ਵੱਲ ਖਿੱਚ ਵੀ ਪਾਉਂਦੀ ਹੈ ਅਤੇ ਰੰਗ ਵਿਚ ਵੀ ਰੰਗ ਲੈਂਦੀ ਹੈ ਤਾਂ ਸੁਭਾਵਿਕ ਇਕ ਹੀ ਜਵਾਬ ਮਿਲੇਗਾ, ਔਰਤ।

ਜਿਸ ਔਰਤ ਨੂੰ ਮਜ਼ਾਕ ਵਜੋਂ ਤੇ ਨਿੰਦਾ ਕਰਦਿਆਂ 'ਭੰਡ' ਕਿਹਾ ਜਾਂਦਾ ਸੀ ਉਸੇ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਐਸਾ 'ਭਾਂਡਾ' ਕਿਹਾ ਹੈ ਜਿਸ ਵਿਚੋਂ ਨਾ ਸਿਰਫ *'ਜ਼ਿੰਦਗੀ'* ਉਪਜਦੀ ਹੈ, ਸਗੋਂ ਜਿਸ ਵਿਚ ਸ਼ਕਤੀ ਵੀ ਹੈ, ਆਪਣੇ ਜਿਹਾ ਬਣਾਉਣ ਦੀ। ਜੇ ਭਾਂਡਾ ਮਜ਼ਬੂਤ ਹੈ ਤਾਂ ਵਸਤੂ ਵੀ ਟਿਕੀ ਰਵ੍ਹੇਗੀ। ਜਿਵੇਂ ਤਿੜਕੇ ਭਾਂਡੇ ਵਿਚ ਸ਼ੈ ਨਹੀਂ ਟਿਕਦੀ, ਤਿਵੇਂ ਕਮਜ਼ੋਰ ਆਚਰਣ ਦੀ ਔਰਤ ਸਮਾਜ ਨੂੰ ਵੀ ਤਿੜਕਾ ਦੇਵੇਗੀ।

ਠੀਕ ਭਾਂਡੇ ਦੀ ਤਰ੍ਹਾਂ ਔਰਤ ਦਾ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ। ਔਰਤ ਚਾਹੇ ਕਿਸੇ ਵੀ ਰੂਪ ਵਿਚ ਹੋਵੇ ਬੇਟੀ, ਭੈਣ, ਪਤਨੀ ਜਾਂ ਮਾਂ, ਉਸ ਆਪਣਾ ਫਰਜ਼ ਖੂਬ ਨਿਭਾਣਾ ਹੈ। ਉਸ ਨੂੰ ਪਤਾ ਹੈ ਜੇ ਉਹ ਬੇਟੀ ਹੈ ਉਸ ਸ਼ਰਮ ਤੇ ਸੁਕਰਮ ਦੀਆਂ ਹੱਦਾਂ ਵਿਚ ਰਹਿਣਾ ਹੈ। ਜੇ ਉਹ ਪਤਨੀ ਹੈ ਉਸ ਹਰ ਇਕ ਦੀ ਖੁਸ਼ੀ ਨੂੰ ਮਾਣ ਦੇ ਕੇ ਵੀ ਨਿਮਾਣਾ ਰਹਿਣਾ ਹੈ। ਜੇ ਉਹ ਭੈਣ ਹੈ ਤਾਂ ਉਸ ਇੱਜ਼ਤ ਦੇਂਦੇ-ਲੈਂਦੇ ਸੀਮਾਵਾਂ ਵਿਚ ਰਹਿਣਾ ਹੈ। ਜੇ ਉਹ ਮਾਂ ਹੈ ਤਾਂ ਉਸ ਥਾਪੜਾ ਵੀ ਦੇਣਾ ਹੈ ਪਰ ਥੱਪੜ ਮਾਰਨ ਤੋਂ ਵੀ ਸੰਕੋਚ ਨਹੀਂ ਕਰਨਾ। ਇਸੇ ਤਰ੍ਹਾਂ ਮਾਂ ਦਾ ਕਰਤੱਵ ਸਭ ਤੋਂ ਉੱਚਾ ਤੇ ਨਿਰਾਲਾ ਹੈ।

ਉਸ ਦੀ ਕੁਖੋਂ ਜਿਸ ਬਾਲਕ ਨੇ ਜਨਮ ਲਿਆ, ਉਸ ਨੂੰ ਸਹੀ ਦਿਸ਼ਾ ਉਸੇ ਨੇ ਹੀ ਪ੍ਰਦਾਨ ਕਰਨੀ ਹੈ। ਜੇ ਉਹ ਰਾਹ ਭੁੱਲ ਜਾਏ ਤਾਂ ਉਸ ਨੂੰ ਸਮਝਾ ਕੇ ਰਾਹ 'ਤੇ ਕਿਵੇਂ ਪਾਣਾ ਹੈ।

ਮਹਾਰਾਣੀ ਜਿੰਦ ਕੌਰ ਵੀ ਇਕ ਐਸੀ ਮਾਂ ਸੀ ਜਿਸ ਭਟਕੇ ਹੋਏ ਬੇਟੇ ਨੂੰ ਸਿੱਧੇ ਰਾਹ ਪਾਇਆ ਤੇ ਉਸ ਨੂੰ ਉਸਦਾ ਕਰਤਵ ਸਮਝਾਇਆ। ਟਿਊਟਰ ਦੇ ਰੂਪ ਵਿਚ ਔਰਤ ਲੇਡੀ ਲੋਗਨ ਦਾ ਕਿਤਨਾ ਕੁ ਅਸਰ ਪਿਆ ਹੈ, ਉਹ ਮਹਾਰਾਜਾ ਦਲੀਪ ਸਿੰਘ ਦੀ ਜੀਵਨੀ ਤੋਂ ਪਰਗਟ ਹੈ। ਉਸ ਕੋਲੋਂ ਸਿੱਖੀ ਤਕ ਛੁਡਾ ਲਈ। ਪਰ ਜਦ ਦਲੀਪ ਸਿੰਘ ਮਾਂ ਨੂੰ ਮਿਲਿਆ ਤਾਂ ਸਿੱਖੀ ਦੇ ਗੌਰਵ ਨੂੰ ਜਾਣਿਆ। ਇਹ ਮਾਂ ਦਾ ਹੀ ਪਰਭਾਵ ਸੀ। ਲੇਡੀ ਲੋਗਨ ਨੇ ਵੀ ਆਪਣੀ ਹਾਰ ਮੰਨਦੇ ਲਿਖਿਆ ਸੀ-

"ਮਹਾਰਾਣੀ ਜਿੰਦਾਂ ਨੇ ਕੁਝ ਚਿਰ ਵਿਚ ਹੀ ਮਹਾਰਾਜੇ ਦੀ ਅੰਗਰੇਜ਼ੀ

ਪਰਵਰਸ਼ ਤੇ ਇਸਾਈ ਵਾਤਾਵਰਨ 'ਤੇ ਹੂੰਝਾ ਫੇਰ ਦਿੱਤਾ।

ਸਰ ਜਾਹਨ ਲਾਰੰਸ ਨੇ ਦ੍ਰਿੜ੍ਹ-ਚਿਤ ਵਾਲੀ ਜਿੰਦਾਂ ਨੂੰ ਦੇਖ ਕੇ ਲਿਖਿਆ ਸੀ,

ਇਸ ਵਿਚ ਰਤਾ ਭਰ ਵੀ ਸ਼ੱਕ ਨਹੀਂ ਕਿ ਮਹਾਰਾਣੀ ਦਾ ਦੋਵੇਂ ਦੇਸ਼ਾਂ 'ਭਾਰਤ' ਤੇ 'ਇੰਗਲੈਂਡ' ਵਿਚ ਰਹਿਣਾ ਖ਼ਤਰਨਾਕ ਹੈ। ਭਾਰਤ ਵਿਚ ਰਹੀ ਤਾਂ ਜ਼ਰੂਰ ਕੋਈ ਬਗ਼ਾਵਤ ਖੜੀ ਕਰੇਗੀ ਅਤੇ ਜੇ ਇੰਗਲੈਂਡ ਵਿਚ ਗਈ ਤਾਂ ਉਹ ਮਹਾਰਾਜੇ ਦੀ ਸੋਚਣੀ 'ਤੇ ਬੁਰਾ ਅਸਰ ਪਾਵੇਗੀ।"

ਐਸੀ ਸੀ ਮਹਾਨ ਸ਼ਖ਼ਸੀਅਤ ਮਹਾਰਾਣੀ ਜਿੰਦਾਂ ! ਜਿਸ ਆਪਣੇ ਬੇਟੇ ਨੂੰ ਉਸ ਦਾ ਫਰਜ਼ ਪਛਾਣਨ ਲਈ ਕਿਹਾ।

ਮਹਾਰਾਜਾ ਰਣਜੀਤ ਸਿੰਘ ਦੀ ਮਹਾਰਾਣੀ ਅਤੇ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਜਿੰਦਾਂ ਜਨਮ ਸੰਨ ੧੮੧੭ ਪਿੰਡ ਚਾੜ (ਜ਼ਿਲ੍ਹਾ ਸਿਆਲਕੋਟ, ਤਹਿਸੀਲ ਜ਼ੱਫਰਵਾਲ) ਪਿਤਾ ਸ: ਮੰਨਾ ਸਿੰਘ 'ਔਲਖ' ਦੇ ਘਰ ਹੋਇਆ।

ਮਹਾਰਾਣੀ ਧੁਨ ਦੀ ਪੱਕੀ, ਇਰਾਦੇ ਦੀ ਦ੍ਰਿੜ੍ਹ ਦਲੇਰ ਔਰਤ ਸੀ। ਉਸ ਦੀ ਸ਼ਖ਼ਸੀਅਤ ਅਤੇ ਸ਼ਕਤੀ ਤੋਂ ਅੰਗਰੇਜ਼ੀ-ਹਕੂਮਤ ਘਬਰਾਂਦੀ ਸੀ। ਲਾਰਡ ਐਲਨ ਬਰੋਅ ਨੇ ੨੦ ਨਵੰਬਰ, ੧੮੪੩ ਦੀ ਇਕ ਚਿੱਠੀ ਵਿਚ ਡਿਊਕ ਔਫ ਵਲਿੰਗਟਨ ਨੂੰ ਲਿਖਿਆ ਸੀ :

ਬਾਲਕ ਦਲੀਪ ਸਿੰਘ ਦੀ ਮਾਂ ਮਰਦਾਂ ਵਾਲੀ ਦਲੇਰੀ ਰੱਖਣ ਵਾਲੀ ਔਰਤ ਹੈ।

ਜਨਵਰੀ ੧੮੪੬ ਨੂੰ ਲਾਰਡ ਡਲਹੌਜ਼ੀ ਨੇ ਵੀ ਇਹ ਹੀ ਲਿਖਿਆ ਕਿ

ਉਹ ਹੀ ਇਕ ਐਸੀ ਸ਼ਖ਼ਸੀਅਤ ਹੈ ਜਿਸ ਵਿਚ ਤਿੱਖੀ ਤੇ ਡੂੰਘੀ ਸੂਝ ਹੈ। ਉਸ ਨੂੰ ਪੰਜਾਬ ਵਿਚ ਆਉਣ ਦੇਣਾ ਅੰਗਰੇਜ਼ਾਂ ਲਈ ਖ਼ਤਰਨਾਕ ਹੋਵੇਗਾ, ਸੋ ਪੰਜਾਬੋਂ ਦੂਰ ਹੀ ਰੱਖੀ ਜਾਏ।

ਅੰਗਰੇਜ਼ਾਂ-ਸਿੱਖਾਂ ਦੀ ਪਹਿਲੀ ਜੰਗ ਮਗਰੋਂ ੧੫ ਦਸੰਬਰ, ੧੮੪੯ ਈਸਵੀ ਨੂੰ ਲਾਹੌਰ ਵਿਖੇ ਸੰਧੀ ਦੀਆਂ ਸ਼ਰਤਾਂ ਤਹਿ ਕਰਨ ਲਈ ਜਦ ਗੱਲਬਾਤ ਹੋ ਰਹੀ ਸੀ ਤਾਂ ਦੀਵਾਨ ਦੀਨਾ ਨਾਥ ਨੇ ਰਾਇ ਦਿੱਤੀ ਸੀ ਕਿ ਸੰਧੀ ਕਰਨ ਤੋਂ ਪਹਿਲਾਂ ਮਹਾਰਾਣੀ ਜਿੰਦਾਂ ਕੋਲੋਂ ਵੀ ਪੁੱਛ ਲਿਆ ਜਾਵੇ ਤਾਂ ਫਰੈਡਰਿਕ ਕਿਉਰੀ ਨੇ ਕਿਹਾ ਸੀ :

ਗਵਰਨਰ ਜਨਰਲ ਮਹਾਰਾਣੀ ਦੀ ਨਹੀਂ, ਸਰਦਾਰਾਂ ਅਤੇ ਸਿੱਖ ਰਾਜ ਦੇ ਥੰਮ੍ਹਾਂ ਦੀ ਰਾਇ ਪੁੱਛਦੇ ਹਨ।

ਸਰਦਾਰ ਤਾਂ ਸਰਦਾਰੀਆਂ ਛੱਡਣ ਲਈ ਪਹਿਲਾਂ ਹੀ ਬੈਠੇ ਸਨ ਅਤੇ ਥੰਮ੍ਹ ਗਿਰ ਚੁਕੇ ਸਨ। ਇਕੋ ਆਸ ਜਿੰਦਾਂ ਹੀ ਸੀ। ਫਿਰ ਜਦ ਗਦਾਰ ਤੇਜਾ ਸਿੰਘ ਨੂੰ ਵਜ਼ੀਰ ਦੀ ਪਦਵੀ ਦਿੱਤੀ ਗਈ ਅਤੇ ਬਲਾਕ ਮਹਾਰਾਜਾ ਦਲੀਪ ਸਿੰਘ ਨੂੰ ਦਰਬਾਰ ਵਿਚ 'ਟਿੱਕਾ' ਲਗਾਉਣ ਲਈ ਕਿਹਾ ਗਿਆ ਤਾਂ ਮਹਾਰਾਜਾ ਨੇ ਇਨਕਾਰ ਕਰ ਦਿੱਤਾ। ਪਰ ਮਹਾਰਾਣੀ ਜਿੰਦਾਂ ਦੀ ਜਿੰਦ ਦੀ ਆ ਬਣੀ। ਇਹ ਮਾਂ ਦੇ ਉਪਦੇਸ਼ਾਂ ਦਾ ਪ੍ਰਭਾਵ ਹੀ ਜਾਣਿਆ ਗਿਆ ਤੇ ਮਹਾਰਾਣੀ ਨੂੰ ਸਮੇਤ ਮਹਾਰਾਜਾ ਦਲੀਪ ਸਿੰਘ ਉਸੇ ਸਮੇਂ (੭ ਅਗਸਤ, ੧੮੪੯ ਨੂੰ) ਸ਼ਾਹੀ ਕਿਲ੍ਹੇ ਸੁੰਮਨ ਬੁਰਜ ਵਿਚ ਬੰਦ ਕਰ ਦਿੱਤਾ ਗਿਆ।

ਮਹਾਰਾਣੀ ਨੂੰ ਸੰਮਨ ਬੁਰਜ ਵਿਚ ਕੈਦ ਰੱਖਿਆ ਗਿਆ, ਉਸ ਨੂੰ ਤੰਗ ਕੀਤਾ ਗਿਆ। ਪਾਣੀ ਤਕ ਨਾ ਦਿੱਤਾ ਗਿਆ। ਤਲਾਸ਼ੀ ਲਈ ਗਈ। ਦੋਸਤ ਮੁਹੰਮਦ ਨੇ ਅੰਗਰੇਜ਼ਾਂ ਨੂੰ ਲਿਖਿਆ ਕਿ ਇਤਨਾ ਅਨਿਆਂ ਨਾ ਕਰੀਂ। ਉਸ ਨੂੰ ਕਿਹੜਾ ਤਸੀਹਾ ਹੈ ਜੋ ਅੰਗਰੇਜ਼ ਸਰਕਾਰ ਨੇ ਨਹੀਂ ਦਿੱਤਾ! ਕਦੇ ਬਨਾਰਸ, ਕਦੇ ਨੇਪਾਲ ਤੇ ਕਦੇ ਨਾਸਕ, ਬੰਦੀ ਵਿਚ ਰੱਖਿਆ ਗਿਆ। ਜਦ ਮਾਂ ਜਿੰਦਾਂ ਬੱਚੇ ਨੂੰ ਮਿਲੀ ਤਾਂ ਉਸਨੇ ਪੁੱਤਰ ਨੂੰ ਤਿੰਨ ਗੱਲਾਂ ਕਹੀਆਂ ਸਨ :

(੧) ***ਤੇਰਾ ਧਰਮ ਸਿੱਖ ਧਰਮ ਹੈ। ਤੈਨੂੰ ਅੰਮ੍ਰਿਤ ਛਕ ਕੇ ਸਿੰਘ ਸਜਣਾ ਚਾਹੀਦਾ ਹੈ।***

(੨) ***ਅੰਗਰੇਜ਼ਾਂ ਤੇਰੇ ਨਾਲ ਧੋਖਾ ਕਰ ਕੇ ਪੰਜਾਬ ਖੋਹਿਆ ਹੈ।***

(੩) ***ਭੈਰੋਵਾਲ ਦੇ ਮੁਆਦੇ 'ਤੇ ਦਸਤਖ਼ਤ ਕਰਾਏ ਹਨ। ਉਹ ਤੇਰੇ ਸਰਪ੍ਰਸਤ ਸਨ ਤੇ ਤਖ਼ਤ ਤੋਂ ਨਹੀਂ ਸਨ ਲਾਹ ਸਕਦੇ।***

ਮਾਂ ਦੀ ਇਸ ਅਵਾਜ਼ ਦਾ ਇੰਨਾ ਅਸਰ ਹੋਇਆ, ਦਲੀਪ ਸਿੰਘ ਨੇ ੨੫ ਮਈ ੧੮੮੬ ਨੂੰ ਫਿਰ **ਅੰਮ੍ਰਿਤ ਛਕਿਆ**। ਪੰਜਾਂ ਪਿਆਰਿਆਂ ਵਿਚੋਂ ਤਿੰਨ ਸਨ— ਭਾਈ ਰੂੜ ਸਿੰਘ, ਭਾਈ ਜਵੰਦ ਸਿੰਘ, ਸ੍ਰ: ਠਾਕਰ ਸਿੰਘ ਦੋ ਸਿੰਘ ਅਦਨ ਤੇ ਅਣਕੇ ਜਹਾਜ਼ ਵਿਚੋਂ ਸਨ।

ਇਤਨੀ ਦ੍ਰਿੜ੍ਹਤਾ ਆ ਗਈ ਮਹਾਰਾਜਾ ਦਲੀਪ ਸਿੰਘ ਵਿਚ ਕਿ ਉਸ ਲਿਖਿਆ ਆਪਣੇ ਇਕ ਜਮਾਤੀ ਬਾਲ ਸਖਾ ਕਰਨਲ ਬਾਇਲੋ ਨੂੰ ਕਿ *ਸ਼ਾਇਦ ਉਹ ਦਿਨ ਆਇਗਾ ਜਦ ਤੂੰ ਤੇ ਮੈਂ ਮੈਦਾਨੇ-ਜੰਗ ਵਿਚ ਇਕ ਦੂਜੇ ਸਾਹਮਣੇ ਹੋਵਾਂਗੇ ਕਿਉਂਕਿ ਫੌਜ ਬਣਾ ਕੇ ਮੈਂ ਭਾਰਤ ਪੁੱਜਣ ਦੀ ਕੋਸ਼ਿਸ਼ ਕਰ ਰਿਹਾ ਹਾਂ।*

ਮਹਾਰਾਣੀ ਦੀ ਚਮਤਕਾਰੀ ਸੋਚ ਸਮਝ ਹੀ ਸੀ ਜਿਸ ਨੂੰ ਦੇਖ ਲੇਡੀ ਲੋਗਨ ਨੂੰ ਵੀ ਲਿਖਣਾ ਪਿਆ ਕਿ *ਮੇਰੇ ਸਾਹਮਣੇ ਉਹ ਔਰਤ ਸੀ ਜਿਹੜੀ ਕਦੇ ਸਿੱਖ ਰਾਜ ਦੀ ਆਤਮਾ ਗਿਣੀ ਜਾਂਦੀ ਸੀ। ਉਸ ਦੇ ਹੁਸਨ, ਸਿਆਣਪ, ਰਾਜਸੀ ਵਿਉਂਤਾਂ ਤੇ ਆਤਮਕ ਬਲ ਦੀਆਂ ਕਹਾਣੀਆਂ ਜਗਤ-ਪ੍ਰਸਿੱਧ ਹਨ।*

ਲੇਡੀ ਲੋਗਨ ਨੇ ਮਹਾਰਾਜਾ ਦਲੀਪ ਸਿੰਘ ਨੂੰ ਬੜੀ ਕੋਸ਼ਿਸ਼ ਕੀਤੀ ਕਿ ਉਹ ਭਾਰਤ ਨਾ ਜਾਵੇ ਪਰ ਉਸ ਨੂੰ ਤਾਂ ਉਸ ਦੀ ਮਾਂ ਦੀ ਪੁਕਾਰ ਨਿੱਤ ਝੰਜੋੜ ਰਹੀ ਸੀ। ਉਹ ਕਿਵੇਂ ਰੁਕਦਾ ! ਦਲੀਪ ਸਿੰਘ ਨੇ ਲੇਡੀ ਲੋਗਨ ਨੂੰ ਲਿਖਿਆ—

> *ਐ ਲੇਡੀ! ਉਸ ਦਲੀਪ ਨੂੰ ਭੁੱਲ ਜਾ, ਜਿਸ ਨੂੰ ਤੂੰ ਕਦੇ ਜਾਣਦੀ ਸੈਂ; ਕਿਉਂਕਿ ਉਹ ਚਿਰੋਕਣਾ ਮਰ ਚੁਕਾ ਹੈ। ਉਸ ਦੀ ਥਾਂ ਹੁਣ ਦਲੀਪ ਸਿੰਘ ਜੀਉਂਦਾ ਹੈ। ਜੇ ਕਿਧਰੇ ਤੇਰਾ ਕੋਈ ਰਿਸ਼ਤੇਦਾਰ ਵੀ ਮੈਦਾਨੇ-ਜੰਗ ਵਿਚ ਸਾਹਮਣੇ ਆ ਜਾਵੇ ਤਾਂ ਉਵੇਂ ਹੀ ਮਾਰਾਂਗਾ ਜਿਵੇਂ ਕਿਸੇ ਹੋਰ ਅੰਗਰੇਜ਼ ਨੂੰ। ਮੈਂ ਆਪਣਾ ਸਵੈਮਾਨ ਕੁਝ ਮੋਹਰਾਂ ਬਦਲੇ ਨਹੀਂ ਵੇਚ ਸਕਦਾ।'*

ਐਸੀ ਹੁੰਦੀ ਹੈ ਮਾਂ ਦੀ ਸੱਚੇ ਮਨ ਨਾਲ ਬੇਟੇ ਨੂੰ ਦਿੱਤੀ ਅਵਾਜ਼! ਬੇਟੇ ਨੂੰ ਆਪਣਾ ਫਰਜ਼ ਯਾਦ ਕਰਾਉਣਾ ਹਰ ਮਾਂ ਦਾ ਫਰਜ਼ ਹੈ।

ਮਹਾਰਾਣੀ ਆਪ ਲਿਖਦੀ ਹੈ ਕਿ *ਅੰਗਰੇਜ਼ਾਂ ਪ੍ਰਤੀ ਮੇਰੀ ਡੂੰਘੀ ਘਿਰਣਾ ਦਾ ਹੀ ਫ਼ਲ ਹੈ ਜੋ ਮੈਂ ਤੇ ਮੇਰਾ ਅਞਾਣਾ ਦਲੀਪ ਸਿੰਘ ਦੋਵੇਂ ਭੁਗਤ ਰਹੇ ਹਾਂ।*

ਜੋ ਖ਼ਤ ਮਹਾਰਾਣੀ ਨੇ ਸੰਮਨ ਬੁਰਜ ਵਿਚੋਂ ਹੈਨਰੀ ਲਾਰੰਸ ਨੂੰ ਲਿਖਿਆ ਉਹ ਮਹਾਰਾਣੀ ਜਿੰਦਾਂ ਦੀ ਅੰਦਰਲੀ ਪੀੜਾ ਦਾ ਸੂਚਕ ਤਾਂ ਹੈ ਹੀ, ਪਰ ਇਸ ਦੇ ਨਾਲ ਹੀ ਗਦਾਰਾਂ ਦੇ ਮੂੰਹ 'ਤੇ ਸਖ਼ਤ ਚਪੇੜ ਵੀ ਹੈ। ਚਿੱਠੀ ਦੇ ਸ਼ਬਦ ਸਨ :

'ਤੁਸੀਂ ਗੁੱਝੇ ਰਾਜ ਕਿਉਂ ਸਾਂਭਦੇ ਹੋ? ਜ਼ਾਹਰਾ ਹੋ ਕੇ ਕਿਉਂ ਨਹੀਂ ਕਰਦੇ? ਨਾਲੇ ਦੋਸਤ ਦਾ ਹਰਫ ਰੱਖਦੇ ਹੋ, ਨਾਲੇ ਕੈਦ ਕਰਦੇ ਹੋ! ਮੇਰੀ ਅਦਾਲਤ ਕਰੋ, ਨਹੀਂ ਤਾਂ ਲੰਦਨ ਫਰਿਆਦ ਕਰਾਂਗੀ। ਤਿੰਨ-ਚਹੁੰ ਨਿਮਕ ਹਰਾਮਾਂ ਨੂੰ ਰਖ ਲਵੋ ਹੋਰ ਸਾਰੇ ਪੰਜਾਬ ਨੂੰ ਫਾਹੇ ਲਗਾ ਦਿਓ। ਇਨ੍ਹਾਂ ਦੇ ਆਖੇ ਲਗ ਕੇ !

ਤੇ ਅੰਗਰੇਜ਼ ਸਮਝ ਗਏ ਸਨ ਕਿ ਮਹਾਰਾਣੀ ਤੇ ਮਹਾਰਾਜਾ ਦਲੀਪ ਸਿੰਘ ਨੂੰ ਇਕੱਠਿਆਂ ਰਖ ਕੇ ਉਨ੍ਹਾਂ ਦੇ ਘੜੇ ਮਨਸੂਬੇ ਕਾਮਯਾਬ ਨਹੀਂ ਹੋਣ ਲਗੇ। ਸੋ ਮਾਂ ਪੁੱਤਰ ਨੂੰ ਜ਼ਬਰਦਸਤੀ ਅੱਡ ਕਰ ਦਿਤਾ ਅਤੇ ਮਹਾਰਾਣੀ ਨੂੰ ਸ਼ੇਖ਼ੂਪੁਰੇ ਦੇ ਕਿਲ੍ਹੇ ਵਿਚ ੨੦ ਅਗਸਤ, ੧੮੪੭ ਨੂੰ ਕੈਦ ਕਰ ਦਿੱਤਾ। ਉਥੋਂ ਵੀ ਜਿੰਦਾਂ ਨੇ ਕਰੜੀਆਂ ਚਿੱਠੀਆਂ ਲਿਖੀਆਂ। ਪਰ ਜਿਨ੍ਹਾਂ ਦੀ ਆਤਮਾ ਹੀ ਸੌਂ ਚੁਕੀ ਹੋਵੇ, ਉਨ੍ਹਾਂ 'ਤੇ ਚਿੱਠੀਆਂ ਦਾ ਕੀ ਅਸਰ ਹੋਣਾ ਸੀ! ਠੀਕ ਲਿਖਿਆ ਸੀ ਮਹਾਰਾਣੀ ਜਿੰਦਾਂ ਨੇ, 'ਪੰਜ-ਚਾਰ ਨਿਮਕ-ਹਰਾਮਾਂ ਨੂੰ ਰੱਖ ਲਵੋ ਅਤੇ ਬਾਕੀ ਪੰਜਾਬ ਨੂੰ ਫਾਹੇ ਲਗਾ ਦੇਵੋ।' ਪੰਜਾਬ ਵਿਚ ਰੱਖਣਾ ਖਤਰਨਾਕ ਜਾਣ ਕੇ ਮਹਾਰਾਣੀ ਜਿੰਦਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਅਤੇ ਚੁਨਾਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ।

ਲਾਰੰਸ ਨੇ ਲਿਖਿਆ ਹੈ : *ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਮਹਾਰਾਣੀ ਹੀ ਇਸ ਮੁਲਕ ਵਿਚ ਸਾਡੀ ਨੀਤੀ ਦੀ ਦੁਸ਼ਮਣ ਹੈ।* ਉਹ ਚੁਨਾਰ ਤੋਂ ਫਕੀਰ ਦੇ ਭੇਸ ਵਿਚ ਕੈਦੋਂ ਨਿਕਲ ਕੇ ਨੇਪਾਲ ਚਲੀ ਗਈ ਅਤੇ ਸੰਨ ੧੮੬੧ ਤਕ ਉਥੇ ਰਹਿ ਕੇ ਉਥੋਂ ਆਪਣੇ ਬੱਚੇ ਦਲੀਪ ਸਿੰਘ ਨੂੰ ਮਿਲਣ ਇੰਗਲੈਂਡ ਗਈ।

੪੪ ਵਰ੍ਹੇ ਦੀ ਉਮਰ ਵਿਚ ਕਿੰਗਸਟਨ ਦੇ ਅਸਥਾਨ 'ਤੇ ਪਹਿਲੀ ਅਗਸਤ, ੧੮੬੨ ਨੂੰ ਇਹ ਬਹਾਦਰ ਔਰਤ ਚੜ੍ਹਾਈ ਕਰ ਗਈ। ਉਹ ਆਪਣੇ ਬੇਟੇ ਨੂੰ ਆਖ ਗਈ ਸੀ, *'ਦੇਖੀਂ, ਮੇਰੀਆਂ ਹੱਡੀਆਂ ਨਾ ਰੋਲੀਂ ਇਸ ਨਿਰਦਈ ਦੇਸ਼ ਵਿਚ! ਹਿੰਦੁਸਤਾਨ ਲੈ ਜਾਈਂ।'*

ਜਿੰਦ ਕੌਰ ਦਾ ਸਸਕਾਰ ਹਿੰਦੁਸਤਾਨ ਵਿਚ ਲਿਆ, ਨਾਸਿਕ ਹੀ ਕੀਤਾ ਗਿਆ ਅਤੇ ਅਸਥੀਆਂ ਵੀ ਨਰਬਦਾ ਵਿਚ ਨਾਸਕ ਨੇੜੇ ਪਾਈਆਂ ਗਈਆਂ। ਪਿਛੋਂ ਮਹਾਰਾਜਾ ਦਲੀਪ ਸਿੰਘ ਦੀ ਸ਼ਾਹਜ਼ਾਦੀ ਬੰਬਾ ਨੇ ਨਾਸਿਕ ਤੋਂ ਭਸਮ ਲਿਆ ਕੇ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ ਪਾਸ ਲਾਹੌਰ ੨੭ ਮਾਰਚ, ੧੯੨੪ ਨੂੰ ਅਸਥਾਪਨ ਕਰ ਦਿੱਤੀ।

ਮਹਾਰਾਜਾ ਰਣਜੀਤ ਸਿੰਘ ਦੀ ਮਹਾਰਾਣੀ ਪੰਜਾਬ ਦੀ ਜਿੰਦ ਹੁਣ ਵੀ ਪੁਕਾਰ ਪੁਕਾਰ ਕੇ ਕਹਿ ਰਹੀ ਹੈ :

ਧੋਖੇ ਨਾਲ ਖੋਹਿਆ ਪੰਜਾਬ,
ਵਾਪਸ ਲਿਉ ਖਾਲਸਾ ਜੀ !

❋❋❋

ਬਾਬਾ ਰਾਮ ਸਿੰਘ ਜੀ

(ਬਾਬਾ) ਰਾਮ ਸਿੰਘ ਜੀ ਦਾ ਜਨਮ ਜ਼ਿਲ੍ਹੇ ਲੁਧਿਆਣੇ ਦੇ ਰਾਈਆਂ ਪਿੰਡ ਵਿੱਚ ਜੱਸਾ ਸਿੰਘ ਤਰਖਾਣ ਦੇ ਘਰ ਮਾਈ ਸਦਾ ਕੌਰ ਦੇ ਉਦਰ ਤੋਂ ਮਾਘ ਸੁਦੀ ੫ ਸੰਮਤ ੧੮੭੨ (੧੮੧੫ ਈ:) ਨੂੰ ਹੋਇਆ। ਇਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਵਾਹਿਗੁਰੂ ਨਾਮ ਦੇ ਅਭਿਆਸ ਦਾ ਪ੍ਰੇਮ ਸੀ। ਪਹਿਲਾਂ ਇਨ੍ਹਾਂ ਨੇ ਲਾਹੌਰ ਦਰਬਾਰ ਦੀ ਸਿੱਖ ਸੈਨਾ ਵਿਚ ਭਰਤੀ ਹੋ ਕੇ ਕੁਝ ਸਮਾਂ ਫ਼ੌਜੀ ਸੇਵਾ ਕੀਤੀ। ਫੇਰ ਸੰਨ ੧੮੪੧ (ਸੰਮਤ ੧੮੯੮) ਵਿੱਚ ਨੌਕਰੀ ਛੱਡ ਕੇ ਛੋਈ ਪਿੰਡ ਜ਼ਿਲ੍ਹਾ ਅੱਟਕ ਦੇ ਵਸਨੀਕ ਬਾਬਾ ਬਾਲਕ ਸਿੰਘ ਜੀ ਦੇ ਜੱਥੇ ਪਾਸੋਂ ਨਾਮ-ਉਪਦੇਸ਼ ਪ੍ਰਾਪਤ ਕੀਤਾ ਅਤੇ ਭੈਣੀ ਵਿਚ ਨਿਵਾਸ ਕਰਕੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ।[1]

ਬਾਬਾ ਰਾਮ ਸਿੰਘ ਜੀ ਦੀ ਸ਼ਾਦੀ ਪਿੰਡ ਧਰੌੜ ਜ਼ਿਲ੍ਹਾ ਲੁਧਿਆਣਾ ਵਿਚ ਮਾਈ ਜੱਸਾਂ ਨਾਲ ਹੋਈ, ਜਿਸ ਤੋਂ ਦੋ ਪੁੱਤਰੀਆਂ ਜਨਮੀਆਂ। ਸੰਮਤ ੧੯੨੯ ਸੰਨ ੧੮੭੨ ਵਿਚ ਕੂਕੇ ਸਿੱਖਾਂ ਨੇ ਮਲੌਦ ਅਤੇ ਮਲੇਰਕੋਟਲੇ ਕੁਝ ਬੁੱਚੜ ਵੱਢ ਦਿੱਤੇ ਜਿਸ ਪੁਰ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਮਿ: ਕਾਵਨ ਨੇ ਬਕਾਇਦਾ ਪੂਰੀ ਤਹਿਕੀਕਾਤ ਕੀਤੇ ਬਿਨਾਂ ਹੀ ੪੯ ਸਿੱਖ ਤੋਪਾਂ ਨਾਲ ਉਡਾ ਦਿੱਤੇ ਅਰ ਕਮਿਸ਼ਨਰ ਮਿ: ਫਾਰਸਿਥ ਨੇ ਤੀਹ ਫਾਂਸੀ ਲਟਕਾ ਦਿੱਤੇ ਅਰ ਸ਼ੱਕ ਦੀ ਹਾਲਤ ਵਿਚ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਭੇਜ ਦਿੱਤਾ, ਜਿਥੇ ਉਨ੍ਹਾਂ ਦਾ ਦੇਹਾਂਤ ਸੰਨ ੧੮੮੫ ਵਿਚ ਹੋਇਆ।[2]

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ੧੮੪੯ ਈ: ਵਿਚ ਪੰਜਾਬ ਉੱਤੇ ਅੰਗਰੇਜ਼ ਕਾਬਜ ਹੋ ਗਏ। ਜਦੋਂ ਪੰਜਾਬ ਪ੍ਰਾਧੀਨ ਹੋ ਗਿਆ ਤਾਂ ਸਿੱਖਾਂ ਵਿਚ ਧਾਰਮਿਕ ਤੇ ਸਮਾਜਿਕ ਬੁਰਾਈਆਂ ਬਹੁਤ ਜ਼ਿਆਦਾ ਪ੍ਰਚਲਤ ਹੋ ਗਈਆਂ। ਬਾਬਾ ਬਾਲਕ ਸਿੰਘ ਨੇ ਇਨ੍ਹਾਂ ਕੁਰੀਤੀਆਂ ਨੂੰ ਦੂਰ ਕਰਨ ਲਈ ਬੀੜਾ ਚੁੱਕਿਆ। ਪੰਜਾਬ ਵਿਚ ਇਸ ਕਾਰਜ ਦੀ ਪੂਰਤੀ ਲਈ ਬਾਬਾ ਰਾਮ ਸਿੰਘ ਨੂੰ ਸੇਵਾ ਸੌਂਪੀ ਗਈ। ਬਾਬਾ ਬਾਲਕ ਸਿੰਘ ਵਲੋਂ ਆਰੰਭ ਕੀਤੀ ਗਈ ਜਗਿਆਸੂਆਂ ਤੇ ਅਭਿਆਸੀਆਂ ਦੀ ਜਥੇਬੰਦੀ ਹੀ ਬਾਅਦ ਵਿਚ ਨਾਮਧਾਰੀ ਅਖਵਾਈ।

ਬਾਬਾ ਰਾਮ ਸਿੰਘ ਇਕ ਮਹਾਨ ਸ਼ਖ਼ਸੀਅਤ ਦੇ ਮਾਲਕ ਸਨ। ਭਾਰਤ ਵਾਸੀਆਂ ਨੂੰ ਰਾਜਨੀਤਕ, ਧਾਰਮਿਕ ਤੇ ਸਮਾਜਿਕ ਤੌਰ ਉੱਤੇ ਜਾਗਰਿਤ ਕਰਨ ਦਾ ਸਿਹਰਾ ਬਾਬਾ ਰਾਮ ਸਿੰਘ ਜੀ ਨੂੰ ਹੀ ਜਾਂਦਾ ਹੈ। ਉਹਨਾਂ ਵਲੋਂ ਅੰਗਰੇਜ਼ ਸਾਮਰਾਜ ਵਿਰੁੱਧ ਅਮਲ ਵਿਚ ਲਿਆਂਦੇ ਗਏ ਪ੍ਰੋਗਰਾਮਾਂ ਨੂੰ ਹੀ ਬਾਅਦ ਵਿੱਚ ਮਹਾਤਮਾ ਗਾਂਧੀ ਤੇ ਹੋਰ ਕਾਂਗਰਸ ਦੇ ਲੀਡਰਾਂ ਨੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਅਪਣਾਇਆ।

ਜੋ ਨਿਸ਼ਾਨਾ ਬਾਬਾ ਰਾਮ ਸਿੰਘ ਜੀ ਨੇ ਆਪਣੇ ਸਾਹਮਣੇ ਰੱਖਿਆ, ਉਹ ਇਤਨਾ

ਮਹਾਨ ਤੇ ਉੱਚਾ ਸੀ ਕਿ ਕੋਈ ਵਿਰਲਾ ਮਨੁੱਖ ਹੀ ਅਜਿਹਾ ਹੌਸਲਾ ਕਰ ਸਕਦਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਤਵਾਰੀਖ ਵਿਚ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਕ ਹਸਤੀ ਅਜਿਹੀ ਨਹੀਂ ਹੋਈ, ਜਿਸ ਨੇ ਆਪਣੇ ਜੀਵਨ ਮਨੋਰਥ ਦਾ ਨਿਸ਼ਾਨਾ ਇਤਨਾ ਹਮਾਗੀਰ ਤੇ ਉੱਚਾ ਰੱਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੌਰ, ਸਮਾਜਿਕ ਤੌਰ ਅਤੇ ਰਾਜਸੀ ਤੌਰ 'ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜ ਕੇ ਉਸ ਨੂੰ ਉੱਨਤੀ ਦੀ ਸਿੱਖਰ ਉੱਤੇ ਲੈ ਜਾਣਾ ਹੋਵੇ।

ਬਾਬਾ ਰਾਮ ਸਿੰਘ ਦਾ ਨਿਸ਼ਾਨਾ ਕੀ ਸੀ? ਉਸ ਬਾਰੇ ਕੋਈ ਭਰਮ ਭੁਲੇਖਾ ਉਨ੍ਹਾਂ ਦੇ ਜੀਵਨ ਨੂੰ ਜਾਣਨ-ਸੁਣਨ ਵਾਲਿਆਂ ਦੇ ਮਨਾਂ ਵਿਚ ਨਹੀਂ ਰਹਿ ਜਾਂਦਾ। ਉਨ੍ਹਾਂ ਦੇ ਨਿਸ਼ਾਨੇ ਬਾਰੇ ਜ਼ਿਕਰ ਕਰਦੇ ਹੋਏ ਸਿਰਦਾਰ ਕਪੂਰ ਸਿੰਘ ਲਿਖਦੇ ਹਨ:-

> *(੧) ਲੋਕ ਆਪਣੇ ਸਰੀਰ ਤੇ ਆਪਣੀ ਰਹਿਣੀ ਬਹਿਣੀ ਨੂੰ ਸਵੱਛ ਤੇ ਸਾਫ਼ ਰੱਖਣ (੨) ਲੋਕਾਂ ਦੇ ਮਨ ਭਰਮਾਂ-ਭੁਲੇਖਿਆਂ ਤੇ ਵਹਿਮਾਂ ਵਿਚੋਂ ਨਿਕਲ ਕੇ ਨਰੋਏ ਹੋ ਜਾਣ, (੩) ਸਮਾਜਿਕ ਤੌਰ 'ਤੇ ਇਸਤ੍ਰੀ ਤੇ ਮਰਦ ਬਰਾਬਰ ਦੇ ਮੰਨੇ ਜਾਣ ਤੇ ਸਰਬ ਸਾਂਝੇ ਵਿਦਿਆ ਦੇ ਪ੍ਰਚਾਰ ਰਾਹੀਂ ਉੱਨਤੀ ਕਰਨ (੪) ਲੋਕਾਂ ਦੀ ਆਤਮਾ ਧਾਰਮਿਕ ਤੌਰ ਉੱਤੇ ਸੁਰਜੀਤ ਤੇ ਤਕੜੀ ਹੋਵੇ, (੫) ਦੇਸ਼ ਤੇ ਜਨਤਾ ਬਦੇਸ਼ੀਆਂ ਤੇ ਰਾਜੇ ਰਾਣੀਆਂ ਦੀ ਪ੍ਰਾਧੀਨਤਾ ਤੋਂ ਸਵਤੰਤਰ ਹੋ ਕੇ, ਆਪਣਾ ਰਾਜ ਆਪ ਕਰਨ।*

ਉਪਰੋਕਤ ਵਰਣਨ ਕੀਤੇ ਮਹਾਨ ਕਾਰਜਾਂ ਤੇ ਉਦੇਸ਼ਾਂ ਨੂੰ ਸਾਹਮਣੇ ਰੱਖ ਕੇ ਬਾਬਾ ਰਾਮ ਸਿੰਘ ਨੇ ਇਨ੍ਹਾਂ ਦੀ ਪੂਰਤੀ ਹਿਤ ਬੜਾ ਯੋਜਨਾਬਧ ਤੇ ਸਹਿਜ ਵਾਲਾ ਮਾਰਗ ਅਪਣਾਉਂਦੇ ਹੋਏ ਨਿੱਗਰ ਤੇ ਸਾਰਥਕ ਯਤਨ ਆਰੰਭੇ। ਸਰੀਰਕ ਸਫਾਈ ਰੱਖਣ ਦਾ ਪ੍ਰਚਾਰ ਬਾਬਾ ਰਾਮ ਸਿੰਘ ਨੇ ਇਸ ਕਰਕੇ ਕੀਤਾ ਕਿਉਂਕਿ ਉਹ ਜਾਣਦੇ ਸਨ ਕਿ ਜੇਕਰ ਕਿਸੇ ਮਨੁੱਖ ਦਾ ਸਰੀਰ ਹੀ ਰੋਗੀ ਹੋਵੇ, ਉਸ ਤੋਂ ਕਿਸੇ ਉੱਚੇ ਆਦਰਸ਼ ਦੀ ਪੂਰਤੀ ਦੀ ਆਸ ਨਹੀਂ ਰੱਖੀ ਜਾ ਸਕਦੀ। ਇਸ ਕਾਰਣ ਉਨ੍ਹਾਂ ਨੇ ਆਪਣੇ ਉਪਦੇਸ਼ਾਂ ਵਿਚ ਸਰੀਰਕ ਅਰੋਗਤਾ ਤੇ ਤੰਦਰੁਸਤੀ ਕਾਇਮ ਰੱਖਣ ਉੱਤੇ ਬਹੁਤ ਜ਼ੋਰ ਦਿੱਤਾ। ਬਾਬਾ ਰਾਮ ਸਿੰਘ ਇਹ ਵੀ ਜਾਣਦੇ ਸਨ ਕਿ ਭਾਰਤੀ ਵਿਚਾਰਧਾਰਾ ਵਿਚ ਹਮੇਸ਼ਾਂ ਹੀ ਨਿਵਿਰਤੀ ਭਾਰੂ ਰਹੀ ਹੈ, ਜਿਸ ਵਿਚ ਮਨੁੱਖਾ ਸਰੀਰ ਤੇ ਇਸ ਸੰਸਾਰ ਨੂੰ ਝੂਠਾ ਆਖ ਕੇ ਇਨ੍ਹਾਂ ਦੀ ਨਿੰਦਿਆ ਕੀਤੀ ਗਈ ਹੈ। ਪਰ ਉਨ੍ਹਾਂ ਦੇ ਮਨ ਵਿਚ ਦੇਸ਼ ਨੂੰ ਅੰਗਰੇਜ਼ਾਂ ਦੇ ਪੰਜੇ ਵਿਚੋਂ ਅਜਾਦ ਕਰਾਉਣ ਦਾ ਦ੍ਰਿੜ੍ਹ ਇਰਾਦਾ ਸੀ, ਜਿਸ ਕਾਰਣ ਉਨ੍ਹਾਂ ਨਾਮ ਅਭਿਲਾਸ਼ੀਆਂ ਨੂੰ ਸਰੀਰਕ ਤੌਰ ਉੱਤੇ ਬਲਵਾਨ ਤੇ ਸਿਹਤਮੰਦ ਹੋਣਾ ਜ਼ਰੂਰੀ ਦੱਸਿਆ।

ਜਿਥੇ ਉਹ ਲੋਕਾਂ ਨੂੰ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਵੇਖਣਾ ਲੋਚਦੇ ਸਨ, ਉਥੇ ਉਹ ਮਨੁੱਖਾਂ ਨੂੰ ਆਤਮਿਕ ਤੇ ਮਾਨਸਿਕ ਪੱਖੋਂ ਵੀ ਉਚੇਰਾ ਬਣਾਉਣਾ ਚਾਹੁੰਦੇ ਸਨ। ਇਸ ਕਾਰਣ ਉਨ੍ਹਾਂ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਨੂੰ ਤਿਆਗਣ ਲਈ ਆਖਿਆ ਅਤੇ ਨਾਲ ਹੀ ਇਕ ਅਕਾਲ ਪੁਰਖ ਦੀ ਪੂਜਾ, ਭਗਤੀ ਤੇ ਉਸ ਪ੍ਰਭੂ ਉਪਰ ਹੀ ਟੇਕ ਰੱਖਣ ਦਾ ਉਪਦੇਸ਼ ਕੀਤਾ। ਉਹ ਇਹ ਉਪਦੇਸ਼ ਕੇਵਲ ਸਿੱਖਾਂ ਨੂੰ ਹੀ ਨਹੀਂ ਦਿੰਦੇ ਸਨ ਸਗੋਂ ਸਭ ਪ੍ਰਾਣੀਆਂ ਨੂੰ ਸਾਂਝਾ

ਦਿੰਦੇ ਸਨ। ਇਸ ਕਾਰਣ ਬਹੁਤ ਸਾਰੇ ਪੜ੍ਹੇ-ਲਿਖੇ ਹਿੰਦੂ ਤੇ ਮੁਸਲਮਾਨ ਵੀ ਬਾਬਾ ਰਾਮ ਸਿੰਘ ਦੇ ਮਾਰਗ ਦੇ ਪਾਂਧੀ ਬਣ ਗਏ।

ਉਹਨਾਂ ਨੇ ਇਸਤਰੀ ਜਾਤੀ ਦੀ ਉੱਨਤੀ ਅਤੇ ਇਸਤਰੀ ਤੇ ਮਰਦ ਦੋਹਾਂ ਦੀ ਬਰਾਬਰੀ ਤੇ ਸਮਾਨਤਾ ਦਾ ਬਹੁਤ ਪ੍ਰਚਾਰ ਕੀਤਾ। ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦਾ ਰਿਵਾਜ ਸਿੱਖ ਧਰਮ ਦੇ ਆਰੰਭ ਹੋਣ ਤੋਂ ਪਹਿਲਾਂ ਵੀ ਪ੍ਰਚਲਤ ਸੀ। ਪਰ ਗੁਰੂ ਸਾਹਿਬਾਨ ਨੇ ਇਸਤਰੀ ਜਾਤੀ ਨਾਲ ਸਬੰਧਿਤ ਗਲਤ ਧਾਰਨਾਵਾਂ, ਵਿਸ਼ਵਾਸਾਂ ਤੇ ਕੁਰੀਤੀਆਂ ਵਿਰੁੱਧ ਕਾਫੀ ਪ੍ਰਚਾਰ ਕੀਤਾ। ਇਹੋ ਬੁਰਾਈਆਂ ਹੀ ਬਾਬਾ ਰਾਮ ਸਿੰਘ ਵੇਲੇ ਸਿੱਖਾਂ ਵਿਚ ਮੁੜ ਪ੍ਰਚਲਤ ਹੋ ਰਹੀਆਂ ਸਨ, ਜਿਨ੍ਹਾਂ ਦਾ ਆਪ ਨੇ ਬੜਾ ਸਖਤ ਵਿਰੋਧ ਕੀਤਾ। ਆਪ ਅਜਿਹੇ ਸਮਾਜ ਸੁਧਾਰਕ ਸਨ, ਜਿਨ੍ਹਾਂ ਨੇ ਆਪਣੇ ਸਮੇਂ ਦੇ ਸਮਾਜ ਵਿਚ ਆ ਚੁੱਕੀਆਂ ਬੁਰਾਈਆਂ, ਜੰਮਦੀਆਂ ਕੁੜੀਆਂ ਮਾਰਨ, ਬਾਲ-ਵਿਆਹ, ਧੀਆਂ ਦਾ ਸਾਕ ਪੈਸੇ ਲੈ ਕੇ ਕਰਨ, ਵਟੇ ਦੇ ਸਾਕ, ਚੋਰੀ ਯਾਰੀ ਆਦਿ ਸਭ ਕਿਸਮ ਦੀਆਂ ਕੁਰੀਤੀਆਂ ਦੀ ਸਖਤ ਨਿੰਦਿਆ ਕੀਤੀ। ਜੇ ਉਹਨਾਂ ਨੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ, ਉਹ ਛੱਡ ਭੀ ਦੇਈਏ ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ, ਹੀ ਉਹਨਾਂ ਨੂੰ ਸੰਸਾਰ ਭਰ ਦੇ ਸ਼੍ਰੋਮਣੀ ਸੁਧਾਰਕਾਂ ਦੀ ਸਫ਼ ਵਿਚ ਖੜਾ ਕਰ ਦਿੰਦਾ ਹੈ।[੫]

ਆਪਣੇ ਇਨ੍ਹਾਂ ਉਪਦੇਸ਼ਾਂ ਦੁਆਰਾ ਬਾਬਾ ਰਾਮ ਸਿੰਘ ਨੇ ਆਪਣੇ ਦੇਸ਼-ਵਾਸੀਆਂ ਦੀ ਆਤਮਿਕ, ਸਮਾਜਿਕ, ਸਰੀਰਕ ਤੇ ਭਾਈਚਾਰਕ ਅਵਸਥਾ ਨੂੰ ਉੱਚਾ ਕਰਨ ਲਈ ਉਪਰਾਲੇ ਕੀਤੇ। ਬਾਬਾ ਰਾਮ ਸਿੰਘ ਦਾ ਇਹ ਦ੍ਰਿੜ੍ਹ ਨਿਸ਼ਚਾ ਸੀ ਕਿ ਕੋਈ ਵੀ ਦੇਸ਼, ਜਾਤੀ ਜਾਂ ਕੌਮ ਗੁਲਾਮੀ ਦੀ ਹਾਲਤ ਵਿਚ ਉੱਨਤੀ ਨਹੀਂ ਕਰ ਸਕਦੀ। ਇਸ ਵਿਸ਼ਵਾਸ ਅਧੀਨ ਹੀ ਉਹ ਭਾਰਤ ਨੂੰ ਅੰਗਰੇਜ਼ਾਂ ਤੋਂ ਅਜ਼ਾਦ ਕਰਾਉਣਾ ਚਾਹੁੰਦੇ ਸਨ। ਅੰਗਰੇਜ਼ਾਂ ਦੇ ਰਾਜ ਨੂੰ ਖਤਮ ਕਰਨ ਲਈ ਉਨ੍ਹਾਂ ਨੇ ਚਾਰ ਸਾਧਨ ਸੋਚੇ ਸਨ। ਪਹਿਲਾ ਇਹ ਕਿ ਲੋਕਾਂ ਦਾ ਆਚਰਨ ਤੇ ਆਤਮਿਕ ਜੀਵਨ ਉੱਚਾ ਕਰਕੇ ਉਹਨਾਂ ਦੇ ਮਨਾਂ ਨੂੰ ਨਿਰਭੈ ਹੋਣ ਤੇ ਕੁਰਬਾਨੀ ਕਰਨ ਲਈ ਤਿਆਰ ਕੀਤਾ ਜਾਵੇ। ਦੂਜਾ, ਇਹ ਕਿ ਲੋਕ ਆਪਣੇ ਨਿਤ ਪ੍ਰਤੀ ਦੇ ਜੀਵਨ ਵਿਚ ਬਿਦੇਸ਼ੀ ਰਾਜ ਕਰਨ ਵਾਲਿਆਂ ਦੀ ਚਲਾਈ ਹੋਈ ਕਿਸੇ ਸੰਸਥਾ ਦਾ ਅਸਰਾ ਤੇ ਸਹਾਰਾ ਨਾ ਢੂੰਡਣ। ਤੀਜਾ, ਲੋਕ ਦੇਸ਼ ਨੂੰ ਅਜ਼ਾਦ ਕਰਾਉਣ ਲਈ ਜਥੇਬੰਦ ਹੋ ਜਾਣ ਤੇ ਚੌਥਾ, ਲੋਕ ਹਥਿਆਰਾਂ ਦੀ ਵਰਤੋਂ ਫੌਜੀ ਢੰਗ ਨਾਲ ਸਿਖ ਲੈਣ। ਦੇਸ਼ ਦੀ ਅਜ਼ਾਦੀ ਦੇ ਪ੍ਰੋਗਰਾਮ ਨੂੰ ਇਉਂ ਸੋਚ ਕੇ ਉਲੀਕ ਲੈਣਾ ਤੇ ਇਸ ਉੱਤੇ ਚੁੱਪ-ਚਪੀਤੇ ਤੇ ਸੁਚੱਜੇ ਢੰਗ ਨਾਲ ਅਮਲ ਸ਼ੁਰੂ ਕਰ ਦੇਣਾ ਕਿਸੇ ਆਮ ਦਿਮਾਗ ਦਾ ਕੰਮ ਨਹੀਂ ਸੀ ਤੇ ਨਾ ਹੀ ਕੋਈ ਸਾਧਾਰਨ ਬਿਰਤੀਆਂ ਵਾਲਾ ਆਦਮੀ ਅਜਿਹੀਆਂ ਮਹਾਨ ਵਿਉਂਤਾਂ ਸੋਚ ਸਕਦਾ ਸੀ।[੬]

ਬਾਬਾ ਰਾਮ ਸਿੰਘ ਨੇ ਦੇਸ਼ਵਾਸੀਆਂ ਨੂੰ ਇਹ ਹਦਾਇਤ ਦਿਤੀ ਕਿ ਉਹ ਅੰਗਰੇਜ਼ਾਂ ਦਾ ਮੁਕੰਮਲ ਬਾਈਕਾਟ ਕਰਨ ਤੇ ਸਰਕਾਰ ਨੂੰ ਕੋਈ ਸਹਿਯੋਗ ਨਾ ਦੇਣ। ਇਨ੍ਹਾਂ ਉਪਦੇਸ਼ਾਂ ਦਾ ਲੋਕਾਂ 'ਤੇ ਬਹੁਤ ਅਸਰ ਹੋਇਆ। ਉਹਨਾਂ ਨੇ ਸਰਕਾਰੀ ਡਾਕ, ਰੇਲ ਤੇ ਸਰਕਾਰੀ ਅਦਾਲਤਾਂ ਦਾ ਬਾਈਕਾਟ ਕਰਨ ਲਈ ਲੋਕਾਂ ਨੂੰ ਪ੍ਰੇਰਿਆ। ਇਸ ਦੇ ਨਾਲ ਹੀ ਅੰਗਰੇਜ਼ਾਂ ਦੁਆਰਾ ਬਰਾਮਦ ਕੀਤੀਆਂ ਵਸਤਾਂ ਨੂੰ ਵਰਤਣ ਤੋਂ ਮਨ੍ਹਾਂ ਕਰ ਦਿਤਾ। ੧੮੬੦ ਈ: ਦੇ ਲਗਭੱਗ

ਹੀ ਨਾਮਧਾਰੀਆਂ ਨੇ ਆਪਣਾ ਵੱਖਰਾ ਡਾਕ ਪ੍ਰਬੰਧ ਕਾਇਮ ਕਰ ਲਿਆ ਤੇ ਅੰਗਰੇਜ਼ਾਂ ਵਿਰੁੱਧ ਨਾ-ਮਿਲਵਰਤਨ ਦੀ ਲਹਿਰ ਜ਼ੋਰ ਫੜਦੀ ਗਈ। ਹਥਿਆਰਬੰਦ ਲੜਾਈ ਵਾਸਤੇ ਵੀ ਬਾਬਾ ਰਾਮ ਸਿੰਘ ਨੇ ਦੂਰ-ਦ੍ਰਿਸ਼ਟੀ ਤੋਂ ਕੰਮ ਲੈਂਦਿਆਂ ਨਿਪਾਲ ਅਤੇ ਕਸ਼ਮੀਰ ਵਿਚ ਨਾਮਧਾਰੀਆਂ ਦੀਆਂ ਫੌਜੀ ਪਲਟਣਾਂ ਉਥੋਂ ਦੇ ਰਾਜਨੀਤਕ ਅਧਿਕਾਰੀਆਂ ਨੂੰ ਪ੍ਰੇਰ ਕੇ ਸਥਾਪਤ ਕਰਵਾਈਆਂ। ਇਸ ਦੇ ਨਾਲ ਹੀ ਦੇਸ਼ ਦੀਆਂ ਫੌਜਾਂ ਨਾਲ ਵੀ ਆਪਣੇ ਗੁਪਤ ਦੂਤ ਭੇਜ ਕੇ ਨਾਤਾ ਬਣਾਈ ਰੱਖਿਆ ਤੇ ਉਹਨਾਂ ਨੂੰ ਅੰਗਰੇਜ਼ ਵਿਰੁੱਧ ਲੜਣ ਲਈ ਤਿਆਰ ਕੀਤਾ। ਪਰ ਬਾਬਾ ਰਾਮ ਸਿੰਘ ਦੀਆਂ ਦੇਸ਼ ਨੂੰ ਅਜ਼ਾਦ ਕਰਾਉਣ ਦੀਆਂ ਸਕੀਮਾਂ ਕੁਝ ਜੋਸ਼ੀਲੇ ਤੇ ਭਾਵੁਕ ਕੂਕਿਆਂ ਦੀਆਂ ਕਾਰਵਾਈਆਂ ਕਾਰਣ ਧਰੀਆਂ ਧਰਾਈਆਂ ਰਹਿ ਗਈਆਂ। ਇਸ ਬਾਰੇ ਜ਼ਿਕਰ ਕਰਦੇ ਹੋਏ ਜਸਵੰਤ ਸਿੰਘ ਲਿਖਦੇ ਹਨ ਕਿ **ਬਾਬਾ ਜੀ ਦੇ ਅਨੇਕਾਂ ਸ਼ਰਧਾਲੂਆਂ ਵਿਚ ਜੇ ਕੁਝ ਭੁੱਲੜ ਤੇ ਜੋਸ਼ੀਲੇ ਪ੍ਰੇਮੀ ਜ਼ਬਤ ਦੀਆਂ ਹੱਦਾਂ ਤੋੜ ਕੇ ਜੋਸ਼ ਵਿਚ ਕੁਝ ਭੁੱਲਾਂ ਨਾ ਕਰਦੇ ਤਾਂ ਬਾਬਾ ਜੀ ਦਾ ਸੁੰਤਤਰਤਾ ਦਾ ਸੰਗ੍ਰਾਮ ਨਿਰਸੰਦੇਹ ਸਫਲਤਾ ਦਾ ਸਿਹਰਾ ਪ੍ਰਾਪਤ ਕਰਦਾ ਅਤੇ ਭਾਰਤ ਦਾ ੧੯ਵੀਂ ਸਦੀ ਦਾ ਇਤਿਹਾਸ ਅੱਜ ਨਾਲੋਂ ਕੁਝ ਹੋਰ ਹੁੰਦਾ।**[੭]

ਬਾਬਾ ਰਾਮ ਸਿੰਘ ਵਲੋਂ ਦੇਸ਼ ਦੀ ਅਜ਼ਾਦੀ ਤੇ ਸੁੰਤਤਰਤਾ ਲਈ ਪਾਏ ਗਏ ਯੋਗਦਾਨ ਬਾਰੇ ਜਸਵੰਤ ਸਿੰਘ ਲਿਖਦੇ ਹਨ ਕਿ ਸੁਤੰਤਰਤਾ ਦੀ ਲਹਿਰ ਦੇ ਹਿੱਸ ਚੁੱਕੇ ਦੀਵੇ ਨੂੰ ਬਲੀਦਾਨ ਦਾ ਤੇਲ ਪਾ ਕੇ ਪਰਚੰਡ ਕਰਨਾ ਅਤੇ ਹਾਲਾਤ ਦੇ ਨਾਮੁਆਫਿਕ ਹੁੰਦਿਆਂ ਵੀ ਪੰਜਾਬ ਵਿਚ ਅੰਗਰੇਜ਼ਾਂ ਦੇ ਟਾਕਰੇ ਖੁਫੀਆ ਹਕੂਮਤ ਕਾਇਮ ਕਰਨੀ, ਬਾਬਾ ਰਾਮ ਸਿੰਘ ਦੇ ਕਾਰਨਾਮਿਆਂ ਵਿਚੋਂ ਇਕ ਵੱਡਾ ਪ੍ਰਾਪਤੀ ਸੀ। ਬਾਬਾ ਜੀ ਨੇ ਪ੍ਰਾਧੀਨਤਾ ਤੋਂ ਘ੍ਰਿਣਾ, ਅੰਗਰੇਜ਼ੀ ਰਾਜ ਨਾਲ ਨਾ-ਮਿਲਵਰਤਨ, ਬਦੇਸ਼ੀ ਚੀਜ਼ਾਂ ਦਾ ਬਾਈਕਾਟ, ਹੱਥ ਕੱਤੇ ਖੱਦਰ ਤੇ ਦੇਸੀ ਚੀਜ਼ਾਂ ਦੀ ਵਰਤੋਂ, ਸਵੱਛ ਤੇ ਸਦਾਚਾਰੀ ਜੀਵਨ ਦੀ ਧਾਰਨਾ ਅਤੇ ਗਊ-ਗਰੀਬ ਤੇ ਲੋਕ ਭਲਾਈ ਖਾਤਰ ਤਨ, ਮਨ, ਧਨ ਕੁਰਬਾਨ ਕਰਨ ਦੇ ਅਸੂਲਾਂ ਦਾ ਮੁੱਢ ੧੯ਵੀਂ ਸਦੀ ਵਿੱਚ ਬੱਧਾ ਸੀ, ਉਹ ਅਸੂਲ ਵੀਹਵੀਂ ਸਦੀ ਵਿਚ ਬਦੇਸ਼ੀ ਜੂਲਾ ਵਗਾਹ ਮਾਰਨ ਲਈ ਭਾਰਤੀ ਨੇਤਾਵਾਂ ਦੀ ਅਗਵਾਈ ਲਈ ਵਿਸ਼ੇਸ਼ ਸਾਧਨ ਬਣੇ।[੮]

ਬਾਬਾ ਰਾਮ ਸਿੰਘ ਦੀ ਸ਼ਖ਼ਸੀਅਤ ਬਾਰੇ ਕੁਝ ਵਿਦਵਾਨਾਂ ਦੇ ਵਿਚਾਰ ਹੇਠ ਲਿਖੇ ਅਨੁਸਾਰ ਹਨ :-

"ਉਹ ਇਕ ਅਜਿਹਾ ਪੰਥ ਦਾ ਆਗੂ ਸੀ ਜੋ ਆਪਣੇ ਸੁਭਾ ਅਨੁਸਾਰ ਸਿੱਖ ਰਾਜ ਨੂੰ ਮੁੜ ਸਥਾਪਤ ਕਰਨ ਦੀ ਹੈਸੀਅਤ ਵਿਚ ਅੰਗਰੇਜ਼ੀ ਰਾਜ ਦਾ ਵੈਰੀ ਸੀ। ਰਾਮ ਸਿੰਘ ਚਲਾਕ ਆਦਮੀਆਂ ਦੇ ਹੱਥਾਂ ਦੀ ਕਠਪੁਤਲੀ ਨਹੀਂ ਸੀ। ਜਿਸ ਨੇ ਉਸਦਾ ਦਰਸ਼ਨ ਕੀਤਾ ਤੇ ਗੱਲਾਂ-ਬਾਤਾਂ ਕੀਤੀਆਂ ਹਨ। ਉਹ ਉਸ ਦੀ ਬੁੱਧੀ ਦੀ ਸਥਿਰਤਾ ਅਤੇ ਆਚਰਨ ਦੀ ਅਡੋਲਤਾ ਨੂੰ ਵੇਖਣ ਤੋਂ ਬਿਨਾਂ ਨਹੀਂ ਰਹਿਆ ਹੋਵੇਗਾ। ਆਪਣੇ ਉੱਤੇ ਕਾਬੂ ਪਾਉਣ ਵਾਲੇ ਇਹ ਵੱਡੇ ਗੁਣ ਕਿਸੇ ਸਾਧਾਰਣ ਆਗੂ ਵਿਚ ਨਹੀਂ ਹੋ ਸਕਦੇ।"[੯]

ਸ੍ਰੀ ਬਾਬਾ ਜੀ ਦੀ ਪਵਿਤਰ ਜੀਵਨੀ ਪੜ੍ਹ ਕੇ ਮੈਨੂੰ ਨਿਸ਼ਚਾ ਹੋ ਗਿਆ ਹੈ ਕਿ ਸਿੱਖ ਰਾਜ ਦੇ ਅੰਤ ਪਿਛੋਂ ਸਿੱਖੀ ਦਾ ਝੰਡਾ ਉੱਚਾ ਕਰਨ ਵਾਲੇ ਮਹਾਪੁਰਸ਼ਾਂ ਵਿਚੋਂ ਆਪ ਸ਼੍ਰੋਮਣੀ ਹੋਏ ਹਨ। ਆਪ ਨੇ ਸਭ ਤੋਂ ਪਹਿਲਾਂ ਸਿੱਖਾਂ ਨੂੰ ਭੁੱਲੀ ਹੋਈ ਸਿੱਖੀ ਦਾ ਚੇਤਾ

ਕਰਾਇਆ ਤੇ ਨਾਮ ਬਾਣੀ ਦਾ ਲੜ ਜੋ ਉਹਨਾਂ ਦੇ ਹੱਥੋਂ ਛੁੱਟ ਚੁੱਕਾ ਸੀ, ਬੜੇ ਪਿਆਰ ਨਾਲ ਉਨ੍ਹਾਂ ਨੇ ਉਹਨਾਂ ਦੇ ਹੱਥ ਵਿਚ ਦਿੱਤਾ। ਉਨ੍ਹਾਂ ਨੇ ਸਿੱਖਾਂ ਵਿਚ ਗੁਰਮਤਿ ਨੂੰ ਪਰਵਿਰਤ ਕੀਤਾ ਅਤੇ ਬਦੇਸ਼ੀ ਸਰਕਾਰ ਦੇ ਵਿਰੁੱਧ ਨਾ-ਮਿਲਵਰਤਣ ਦੀ ਲਹਿਰ ਚਲਾ ਕੇ ਸਿੱਖਾਂ ਨੂੰ ਦੇਸ਼ ਭਗਤੀ ਦੀ ਸੰਥਾ ਪੜ੍ਹਾਈ।[੧੦]

"ਬਾਬਾ ਰਾਮ ਸਿੰਘ ਨੇ ਆਪਣੀ ਮਾਤਰ ਭੂਮੀ ਨੂੰ ਸੁਤੰਤਰਤਾ ਦਿਵਾਉਣ ਲਈ ਪੌਣੀ ਸਦੀ ਪਹਿਲਾਂ ਜੋ ਮਹਾਨ, ਗੌਰਵਤਾਸ਼ਾਲੀ ਮਿਹਨਤ ਕੀਤੀ ਸੀ, ਉਸਦੀ ਮਹਾਨਤਾ ਤੋਂ ਕੋਈ ਹਿੰਦੋਸਤਾਨੀ ਇਨਕਾਰ ਨਹੀਂ ਕਰ ਸਕਦਾ। ਕਾਂਗਰਸ ਨੇ ਆਪ ਦੇ ਵਿਖਾਏ ਹੋਏ ਰਸਤੇ ਨੂੰ ਅਖਤਿਆਰ ਕਰਕੇ ਹੀ ਸ਼ਾਨਦਾਰ ਕਾਮਯਾਬੀਆਂ ਪ੍ਰਾਪਤ ਕੀਤੀਆਂ ਹਨ ਅਤੇ ੭੫ ਸਾਲ ਦੇ ਲਗਭਗ ਸਮਾਂ ਗੁਜ਼ਰਨ ਦੇ ਉਪਰੰਤ ਵੀ ਉਹ ਪ੍ਰੋਗਰਾਮ ਪੁਰਾਣਾ ਨਹੀਂ ਹੋਇਆ, ਜਿਸ ਨੂੰ ਅਮਲੀ ਸ਼ਕਲ ਦੇਣ ਨਮਿਤ ਆਪ ਨੂੰ ਕਠਨ ਘਾਲਣਾ ਘਾਲਣੀ ਪਈ।[੧੧]

ਬਾਬਾ ਰਾਮ ਸਿੰਘ ਤੋਂ ਬਾਅਦ ਵਿਚ ਹੋਏ ਨਾਮਧਾਰੀ ਆਗੂਆਂ ਨੇ ਆਪ ਨੂੰ ਸਿੱਖਾਂ ਦਾ ਬਾਰ੍ਹਵਾਂ ਗੁਰੂ ਆਖਣਾ ਸ਼ੁਰੂ ਕਰ ਦਿੱਤਾ। ਇਹ ਗਲਤ ਪ੍ਰਚਾਰ ਸਿਰਫ ਉਨ੍ਹਾਂ ਨੇ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਹੀ ਸ਼ੁਰੂ ਕੀਤਾ ਹੋਇਆ ਹੈ। ਬਾਬਾ ਰਾਮ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਗੁਰੂ ਦਾ ਦਰਜਾ ਦਿੰਦੇ ਸਨ। ਇਸ ਬਾਰੇ ਉਹਨਾਂ ਦੀਆਂ ਕੁਝ ਚਿੱਠੀਆਂ ਦੇ ਹਵਾਲੇ ਇਸ ਪ੍ਰਕਾਰ ਹਨ :-

ਤੁਸੀਂ ਗੁਰੂ ਦੇ ਬਚਨਾਂ ਵੱਲ ਧਿਆਨ ਕਰਨਾ, ਗ੍ਰੰਥ ਸਾਹਿਬ ਗੁਰੂ ਦੀ ਦੇਹਿ ਹੈ ਪ੍ਰਤੱਖ। ੫੭।।[੧੨]

ਗੁਰੂਆਂ ਦਾ ਗੁਰੂ, ਗੁਰੂ ਗ੍ਰੰਥ ਸਾਹਿਬ ਹੈ। ਜੋ ਸ਼ਬਦ ਗੁਰੂ ਜਿਥੇ ਕੋਈ ਮੰਨੂ ਉਸ ਦਾ ਉਥੇ ਹੀ ਭਲਾ ਹੋ ਜਾਊਗਾ। ਸਤਿ ਮੰਨਣੀ ਇਹ ਬਾਤ ਹੈ।। ੧੮।।[੧੩]

ਮੇਰਾ ਲਿਖਿਆ ਆਵਾਗਉਣ ਨਹੀਂ ਜਾਨਣਾ। ਹੁਕਮ ਹੈ, ਗੁਰੂ ਦਾ, ਮੈਂ ਤਾਂ ਸੋ ਲਿਖਦਾ ਹਾਂ, ਮੈਂ ਤਾਂ ਗੁਰੂ ਨਹੀਂ, ਮੈਂ ਤਾਂ ਰਪਟੀਏ ਦੀ ਮਾਫ਼ਕ ਹਾਂ, ਜੋ ਮੰਨੇਗਾ ਸੋ ਸੁਖੀ ਹੋਵੇਗਾ।। ੧੦।।[੧੪]

ਹੋਰ ਭਾਈ ਦਸਾਂ ਪਾਤਸ਼ਾਹੀਆਂ ਤੇ ਪਿਛੇ ਤਾਂ ਮਹਾਰਾਜ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸਥਾਪਨ ਕਰ ਗਏ ਹਨ। ਸੋ ਸਦਾ ਹੀ ਇਸਤਿਥ ਹੈ। ਹੋਰ ਗੁਰੂ ਕੋਈ ਨਹੀਂ।।[੧੫]

ਹੋਰ ਜੋ ਅਰਦਾਸ (ਚਿਠੀ) ਲਿਖੋ ਤਾਂ ਬਹੁਤਾ ਸ੍ਰੀ-ਸ੍ਰੀ ਮਹਾਰਾਜ ਨਾ ਲਿਖੋ।। ੫੦।।[੧੬]

ਬਾਬਾ ਰਾਮ ਸਿੰਘ ਦੀਆਂ ਇਨ੍ਹਾਂ ਹੱਥ-ਲਿਖਤ ਚਿੱਠੀਆਂ ਨੂੰ ਦੇਖਦੇ ਹੋਏ ਉਨ੍ਹਾਂ ਗੁਰੂ-ਡੰਮੀ ਅਤੇ ਸਵਾਰਥੀ ਲੋਕਾਂ ਨੂੰ ਅਕਲ ਆਉਣੀ ਚਾਹੀਦੀ ਹੈ, ਜਿਨ੍ਹਾਂ ਨੇ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਬਾਬਾ ਰਾਮ ਸਿੰਘ ਨੂੰ ਸਿੱਖਾਂ ਦਾ ੧੨ਵਾਂ ਗੁਰੂ ਆਖਣਾ ਸ਼ੁਰੂ ਕੀਤਾ ਹੈ। ਅਜਿਹਾ ਕਰਕੇ ਉਹ ਬਾਬਾ ਰਾਮ ਸਿੰਘ ਦੀ ਗੁਰਮਤਿ ਗੁਧੀ ਸ਼ਖ਼ਸੀਅਤ ਦਾ ਸਤਿਕਾਰ ਨਹੀਂ ਵਧਾ ਰਹੇ ਸਗੋਂ ਉਨ੍ਹਾਂ ਦਾ ਅਪਮਾਨ ਕਰ ਰਹੇ ਹਨ। ਇਸ ਸਬੰਧੀ ਡਾ: ਗੰਡਾ ਸਿੰਘ ਦਾ ਵਿਚਾਰ ਹੈ ਕਿ ਜੇ ਕੂਕੇ ਉਨ੍ਹਾਂ ਨੂੰ ਫਰਜ਼ੀ ਕਹਾਣੀਆਂ ਤੇ ਭਵਿੱਖਬਾਣੀਆਂ ਦੇ ਆਸਰੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦਾ ਜਾਨਸ਼ੀਨ ਗੁਰੂ ਬਣਾਉਣ ਦੀ ਕੋਸ਼ਿਸ਼ ਨਾ ਕਰਦੇ,

ਜਿਸਦੀ ਕਿ ਖੁਦ ਬਾਬਾ ਜੀ ਨੇ ਭੀ ਆਪਣੀਆਂ ਚਿੱਠੀਆਂ ਵਿੱਚ ਥਾਂ-ਥਾਂ 'ਤੇ ਜ਼ੋਰਦਾਰ ਨਿਖੇਧੀ ਕੀਤੀ ਹੈ ਤਾਂ ਉਨ੍ਹਾਂ ਨਾਲ ਅਨਿਆਇ ਨਾ ਹੁੰਦਾ ਅਤੇ ਉਹ ਇਕ ਸਿੱਖ ਸੁਧਾਰਕ ਲਹਿਰ ਦੇ ਚੰਗੇ ਭਲੇ ਆਗੂ ਮੰਨੇ ਜਾਂਦੇ।[੧੭]

ਇਸ ਲਈ ਜੇਕਰ ਕੂਕੇ ਵਾਕਈ ਬਾਬਾ ਰਾਮ ਸਿੰਘ ਦਾ ਸਤਿਕਾਰ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਗੁਰੂ-ਡੰਮ ਦੀ ਵੱਖਰੀ ਡਫਲੀ ਵਜਾਉਣੀ ਛੱਡ ਦੇਣੀ ਚਾਹੀਦੀ ਹੈ ਤੇ ਆਪਣੀ ਭੁੱਲ ਬਖਸ਼ਾ ਕੇ ਮੁੜ ਪੰਥਕ ਮੁੱਖ ਧਾਰਾ ਵਿਚ ਸ਼ਾਮਲ ਹੋ ਜਾਣਾ ਚਾਹੀਦਾ ਹੈ। ਇਸ ਵਿਚ ਹੀ ਉਨ੍ਹਾਂ ਦੀ ਭਲਾਈ ਹੈ ਕਿਉਂਕਿ ਗੁਰਬਾਣੀ ਦਾ ਫੁਰਮਾਨ ਹੈ :-

ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥ ੧੨ ॥ (ਪੰਨਾ ੩੦੬)

❋❋❋

ਹਵਾਲੇ

੧. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ ਪੰਨਾ ੧੦੩੩-੩੪

੨. ਉਹੀ, ਪੰਨਾ ੧੦੩੪

੩. ਸਿਰਦਾਰ ਕਪੂਰ ਸਿੰਘ, ਸਪਤ ਸ੍ਰਿੰਗ, ਪੰਨਾ ੧੩

੪. ਉਹੀ, ਪੰਨੇ ੧੬-੧੭

੫. ਉਹੀ, ਪੰਨੇ ੧੦-੧੧

੬. ਉਹੀ, ਪੰਨਾ ੨੨

੭. ਜਸਵੰਤ ਸਿੰਘ ਜੱਸ, ਬਾਬਾ ਰਾਮ ਸਿੰਘ, ਪੰਨਾ (ਸ) ਭੂਮਿਕਾ।

੮. ਉਹੀ, ਪੰਨਾ (ੲ) ਭੂਮਿਕਾ।

੯. ਮਿਸਟਰ ਜੇ. ਡਬਲਯੂ. ਮੈਕਨਬ ਕਮਿਸ਼ਨਰ, ਅੰਬਾਲਾ ਦੀ ਆਪਣੀ ਰਿਪੋਰਟ ਮਿਤੀ ੪ ਨਵੰਬਰ ੧੮੭੧ ਵਿੱਚ।

੧੦. ਮਾਸਟਰ ਤਾਰਾ ਸਿੰਘ, ਸਤਿਯੁਗ ਦਾ ਬਸੰਤ ਅੰਕ ੧੦ ਮਾਘ, ਸੰਨ ੧੯੩੪

੧੧. ਪੰਡਿਤ ਜਵਾਹਰ ਲਾਲ ਨਹਿਰੂ ਸਤਿਯੁੱਗ ਦਾ ਬਸੰਤ ਅੰਕ, ੨੨ ਮਾਘ ੧੯੩੭

੧੨. ਜਸਵੰਤ ਸਿੰਘ ਜੱਸ, ਉਹੀ, ਪੰਨਾ ੩੬

੧੩. ਰਣਧੀਰ ਸਿੰਘ, ਪ੍ਰੇਮ ਸੁਮਾਰਗ ਗ੍ਰੰਥ, ਪੰਨਾ ੭੦

੧੪. ਜਸਵੰਤ ਸਿੰਘ ਜੱਸ, ਉਹੀ, ਪੰਨਾ ੩੫

੧੫. ਰਣਧੀਰ ਸਿੰਘ, ਪ੍ਰੇਮ ਸੁਮਾਰਗ ਗ੍ਰੰਥ, ਪੰਨਾ ੭੧

੧੬. ਜਸਵੰਤ ਸਿੰਘ ਜੱਸ, ਉਹੀ, ਪੰਨਾ ੩੬

੧੭. ਡਾ: ਗੰਡਾ ਸਿੰਘ, ਕੂਕਿਆਂ ਦੀ ਵਿਥਿਆ, ਪੰਨਾ ੧੦

ਗਿਆਨੀ ਗਿਆਨ ਸਿੰਘ ਜੀ

ਗਿਆਨੀ ਗਿਆਨ ਸਿੰਘ ਜੀ ਆਪਣੇ ਸਮੇਂ ਦੇ ਬ੍ਰਿਜ ਭਾਸ਼ਾ ਦੇ ਸ਼੍ਰੋਮਣੀ ਕਵੀ ਤੇ ਨਵੀਨ ਪੰਜਾਬੀ ਵਾਰਤਕ ਤੇ ਜਨਮਦਾਤਾ ਹੋ ਗੁਜ਼ਰੇ ਹਨ। ਆਪ ਦਾ ਜਨਮ ਸ੍ਰ: ਭਾਗ ਸਿੰਘ ਦੇ ਘਰ ਮਾਤਾ ਦੇਸਾਂ ਦੀ ਕੁੱਖੋਂ ਜ਼ਿਲਾ ਸੰਗਰੂਰ ਦੇ ਪ੍ਰਸਿੱਧ ਨਗਰ ਲੌਂਗੋਵਾਲ ਵਿਖੇ ਸੰਮਤ ੧੮੭੯ ਬਿ: ਵੈਸਾਖ ਸੁਦੀ ੩, ਮੁਤਾਬਕ ੧੮੨੨ ਈ: ਨੂੰ ਹੋਇਆ। ਪੰਜ ਸਾਲ ਦੀ ਉਮਰ 'ਚ ਗੁਰਮੁਖੀ ਵਿਦਿਆ ਆਰੰਭ ਕਰਕੇ ਦਸ ਸਾਲ ਦੀ ਉਮਰ ਤੱਕ ਭਾਈ ਭੋਲਾ ਸਿੰਘ ਗ੍ਰੰਥੀ ਪਾਸੋਂ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਦੇ ਅਖੰਡ ਪਾਠੀ ਬਣ ਗਏ। ੧੨ ਸਾਲ ਦੀ ਉਮਰ ਵਿੱਚ ਭਾਈ ਦੁੱਲਾ ਸਿੰਘ ਦੇ ਜੱਥੇ ਪਾਸੋਂ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ੧੩ ਸਾਲ ਦੀ ਉਮਰ ਵਿੱਚ ਆਪ ਦੇ ਮਾਮਾ ਜੀ ਸ੍ਰ: ਕਰਮ ਸਿੰਘ, ਜੋ ਲਾਹੌਰ ਦਰਬਾਰ ਦੀ ਫੌਜ ਵਿਚ ਸੂਬੇਦਾਰ ਸਨ, ਇਨ੍ਹਾਂ ਨੂੰ ਆਪਣੇ ਨਾਲ ਲਾਹੌਰ ਲੈ ਗਏ ਤੇ ਉਥੇ ਧੰਨਾ ਸਿੰਘ ਮਲਵਈ ਦੀ ਰਾਹੀਂ ਮਹਾਰਾਜਾ ਰਣਜੀਤ ਸਿੰਘ ਨੂੰ ਸੁਖਮਨੀ ਸਾਹਿਬ ਤੇ ਨਿਤਨੇਮ ਦੀ ਬਾਣੀ ਸੁਣਾਉਣ 'ਤੇ ਡਿਊਟੀ ਲਗ ਗਈ। ਆਵਾਜ਼ ਰਸੀਲੀ, ਤਿੱਖੀ ਬੁੱਧੀ ਤੇ ਪੜ੍ਹਨ ਦੇ ਸ਼ੌਕ ਨੂੰ ਤੱਕ ਕੇ ਮਹਾਰਾਜਾ ਸਾਹਿਬ ਨੇ ਉਰਦੂ ਫਾਰਸੀ ਪੜ੍ਹਾਉਣ ਹਿਤ ਉਸਤਾਦ ਰੱਖ ਦਿੱਤਾ। ਚੰਗੀ ਖੁਰਾਕ ਮਿਲਣ 'ਤੇ ਸਿਹਤ ਵੀ ਚੰਗੀ ਹੋ ਗਈ। ਲਗਭਗ ਚਾਰ ਸਾਲ ਦਾ ਸਮਾਂ ਲਾਹੌਰ ਦਰਬਾਰ 'ਚ ਗੁਜ਼ਰਿਆ। ਸ਼ੇਰੇ-ਪੰਜਾਬ ਦੇ ਅਕਾਲ-ਚਲਾਣੇ ਤੋਂ ਬਾਦ ਆਪਣੇ ਪਿੰਡ ਲੌਂਗੋਵਾਲ ਆ ਗਏ।

੧੮੯੮ ਬਿ: ਨੂੰ ਗਿ: ਗਿਆਨ ਸਿੰਘ ਜੀ ਪਟਿਆਲਾ ਫੌਜ ਵਿੱਚ ਭਰਤੀ ਹੋ ਗਏ। ਮੁਦਕੀ ਦੀ ਅੰਗ੍ਰੇਜ਼ਾਂ ਤੇ ਲਾਹੌਰ ਦੀ ਜੰਗ ਸਮੇਂ ਪਟਿਆਲੇ ਵੱਲੋਂ ਭੇਜੀ ਫੌਜ ਵਿੱਚ ਗਿਆਨ ਸਿੰਘ ਦੀ ਡਿਊਟੀ ਡਾਕ ਵੰਡਣ 'ਤੇ ਲੱਗੀ। ਜੰਗ ਬਾਦ ਪਟਿਆਲੇ ਆ ਗਏ। ੧੯੦੬-੦੭ ਵਿੱਚ ਜੀਂਦ ਦੇ ਮਹਾਰਾਜਾ ਸਰੂਪ ਸਿੰਘ ਵਿਰੁੱਧ ਬਾਂਗਰੂਆਂ ਵੱਲੋਂ ਕੀਤੀ ਬਗਾਵਤ ਨੂੰ ਦਬਾਉਣ ਵਾਸਤੇ ਮਹਾਰਾਜਾ ਕਰਮ ਸਿੰਘ ਪਟਿਆਲਾ ਵੱਲੋਂ ਭੇਜੀ ਫ਼ੌਜ ਵਿੱਚ ਗਿਆਨ ਸਿੰਘ ਵੀ ਸ਼ਾਮਲ ਸਨ। ਇਸ ਲੜਾਈ ਵਿੱਚ ਪਟਿਆਲਾ ਫੌਜ ਦੇ ੩੩ ਸਿਪਾਹੀ ਮਾਰੇ ਗਏ ਤੇ ੮੩ ਜ਼ਖਮੀ ਹੋਏ। ਇਨ੍ਹਾਂ ਜ਼ਖਮੀਆਂ ਵਿੱਚ ਗਿਆਨ ਸਿੰਘ ਵੀ ਸ਼ਾਮਲ ਸਨ। ਜ਼ਖਮ ਤਾਂ ਰਾਜ਼ੀ ਹੋ ਗਿਆ ਪਰ ਲੱਤ ਨਿਕਾਰੀ ਹੋ ਗਈ। ਫਿਰ ਖਤਰਨਾਕ ਫੋੜਾ ਨਿਕਲ ਆਇਆ, ਜਿਸ ਕਰਕੇ ਇਕ ਸਾਲ ਮੰਜੇ 'ਤੇ ਪਏ ਰਹੇ। ਗੈਰ-ਹਾਜ਼ਰੀ ਕਰਕੇ ਫੌਜ 'ਚੋਂ ਨਾ ਕੱਟ ਦਿੱਤਾ ਗਿਆ। ੧੯੧੦ ਬਿ: ਵਿੱਚ ਪਿਤਾ ਸ੍ਰ: ਭਾਗ ਸਿੰਘ ਦਾ ਦੇਹਾਂਤ ਹੋ ਗਿਆ। ਫੌਜ ਦੀ ਨੌਕਰੀ ਛੁੱਟ ਗਈ ਤੇ ਲੱਤ ਨਿਕਾਰੀ ਹੋਣ 'ਤੇ ਖੇਤੀ ਦਾ ਧੰਧਾ ਕਰ ਨਾ ਸਕੇ। ਤਿੰਨ ਵੱਡੇ ਭਰਾ ਪਹਿਲੋਂ ਹੀ

ਅੱਡ ਹੋ ਚੁਕੇ ਸਨ, ਜਿਸ ਕਰਕੇ ਘਰ ਦਾ ਖਰਚ ਸਿਰ 'ਤੇ ਆ ਪਿਆ। ਕਰਜ਼ੇ ਹੇਠ ਦੱਬੇ ਗਏ। ਕਰਜ਼ਦਾਰਾਂ ਨੇ ਜ਼ਮੀਨ ਗਹਿਣੇ ਪਾ ਲਈ। ਮਾਂ-ਪੁੱਤਰ ਗਰੀਬੀ ਦੀ ਹਾਲਤ ਵਿੱਚ ਲੋਕਾਂ ਦਾ ਪੀਹਣਾ-ਕੱਤਣਾ ਕਰਕੇ ਡੰਗ ਟਪਾਉਣ ਲੱਗੇ। ਅਤਿ ਗਰੀਬੀ ਤੋਂ ਤੰਗ ਆ ਕੇ ਇਕ ਦਿਨ ਪਿੰਡੋਂ ਬਾਹਰ ਜੰਗਲ ਵਿੱਚ ਗੈਰ ਆਬਾਦ ਖੂਹ ਵਿੱਚ ਛਾਲ ਮਾਰ ਕੇ ਆਤਮਘਾਤ ਕਰਨ ਹੀ ਲੱਗੇ ਸਨ ਕਿ ਪਿਛੋਂ ਕਿਸੇ ਨੇ ਆ ਕੇ ਬਾਂਹ ਫੜ ਲਈ। ਇਹ ਸੰਤ ਜਾਨਕੀ ਦਾਸ ਸਨ। ਇਸ ਤਰ੍ਹਾਂ ਆਪ ਆਤਮ ਘਾਤ ਤੋਂ ਬਚ ਗਏ। ਆਪ ਦੇ ਤਾਇਆ ਸ੍ਰ: ਪ੍ਰੇਮ ਸਿੰਘ ਜੋ ਪਟਿਆਲੇ ਨੌਕਰ ਸਨ, ਆਪਣੇ ਨਾਲ ਲੈ ਗਏ ਤੇ ਉਥੇ ਗਿਆਨ ਸਿੰਘ ਨੂੰ ਗ੍ਰੰਥੀ ਸਿੰਘਾਂ ਵਿੱਚ ਭਰਤੀ ਕਰਵਾ ਦਿੱਤਾ, ਪਰ ਆਪ ਨੌਕਰੀ ਦੇ ਬੰਧਨਾਂ ਨੂੰ ਤੋੜ ਕੇ ਆਜ਼ਾਦ ਪੰਛੀ ਵਾਂਗ ਉਡਾਰੀਆਂ ਲਾਉਣਾ ਚਾਹੁੰਦੇ ਸਨ। ਸੰਸਾਰਕ ਝੰਝਟਾਂ ਨੂੰ ਛੱਡ ਕੇ ਉਹ ਬਿਰਕਤ ਸਾਧੂ ਬਣਨਾ ਲੋਚਦੇ ਸਨ। ਉਨ੍ਹਾਂ ਦੀ ਇੱਛਾ ਪੂਰਤੀ ਹਿਤ ਉਨ੍ਹਾਂ ਨੂੰ ਆਪਣੇ ਅੰਦਰੋਂ ਇਕ ਅਗੰਮੀ ਆਵਾਜ਼ ਸੁਣਾਈ ਦੇਣ ਲੱਗੀ ਜਿਸ ਨੂੰ ਉਨ੍ਹਾਂ ਆਪਣੀ ਕਲਮ ਰਾਹੀਂ ਐਉਂ ਪ੍ਰਗਟ ਕੀਤਾ ਹੈ :-

ਕੁਲ ਕਾਰਜ ਮਮ ਦੋਊ ਥੇ, ਖੇਤੀ ਔ ਸੰਗ੍ਰਾਮ।
ਲਾਤ ਨਿਕਾਰੀ ਹੋਨ 'ਤੇ, ਛੁੱਟ ਗਏ ਦੋਨੋ ਕਾਮ।
ਪਿਨਸ਼ਨ ਕਾ ਨ ਰਿਵਾਜ ਥਾ, ਇਸ ਹਿਤ ਮਿਲੀ ਨ ਵਾਹਿ।
ਉਮਰ ਕਟਨ ਹਿਤ ਬਿਧੀ ਇਹ, ਦੱਸੀ ਸਤਿਗੁਰ ਆਹਿ।
ਭੋ ਗਯਾਨ ਹਰਿ ! ਤੇਗ ਹਲ, ਛੂਟੇ ਤੇ ਨ ਕਰ ਸ਼ੋਕ।
ਹਲ ਤਲਵਾਰੋਂ ਬਲੀ ਹੈ, ਤੁੱਛ ਕਲਮ ਕੀ ਨੋਕ।
ਕਲਮ ਪਕੜ ਕਰ ਦਾਹਨੇ, ਵੇਸ ਫਕੀਰੀ ਧਾਰ।
ਦੇਸ਼ ਰਟਨ ਕਰ ਪੰਥ ਕੀ ਸੇਵਾ ਕਰ ਦਿਲ ਠਾਰ।

(ਗੁਰਧਾਮ ਸੰਗ੍ਰਹ, ਪੰਨਾ ੭)

ਪਟਿਆਲੇ ਤੋਂ ਛੁੱਟੀ ਲੈ ਕੇ ਲੌਂਗੋਵਾਲ ਆਏ ਤੇ ਮਾਤਾ ਜੀ ਪਾਸੋਂ ਪ੍ਰਵਾਨਗੀ-ਆਗਿਆ ਤੇ ਅਸ਼ੀਰਵਾਦ ਲੈ ਕੇ ਸੰਤ ਮਸਤ ਰਾਮ ਜੀ ਦੀ ਮੰਡਲੀ ਨਾਲ ਪਟਿਆਲੇ ਆ ਗਏ। ਇਥੋਂ ਬਰਨਾਲੇ ਚਲੇ ਗਏ। ਉਥੇ ਡੇਰਾ ਬਾਬਾ ਗਾਂਧਾ ਸਿੰਘ ਦੇ ਮਹੰਤ ਸੰਤ ਬਾਬਾ ਬੀਰ ਸਿੰਘ ਪਾਸੋਂ ਸਿਖਿਆ ਲੈ ਕੇ ਖਾਲਸਾ ਪੰਥ ਦੀ ਨਿਰਮਲ-ਸੰਪ੍ਰਦਾਇ ਦਾ ਭੇਖ ਧਾਰ ਲਿਆ। ਸੰਸਕ੍ਰਿਤ ਤੇ ਗੁਰਮਤਿ ਵਿਦਿਆ ਦੇ ਅਧਿਐਨ ਹਿਤ ਨਿਰਮਲ ਸੰਪ੍ਰਦਾਇ ਦੇ ਮਹਾਨ ਵਿਦਵਾਨ ਪੰਡਿਤ ਤਾਰਾ ਸਿੰਘ ਜੀ ਨਰੋਤਮ ਪਾਸ ਆ ਗਏ। ਉਨ੍ਹਾਂ ਦੇ ਸ਼ਿਸ਼ ਬਣ ਕੇ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਤੇ ਗੂੜ੍ਹ ਗ੍ਰੰਥ ਪੜ੍ਹੇ ਤੇ ਵੀਚਾਰੇ ਅਤੇ ਗੁਰਬਾਣੀ ਤੇ ਗੁਰਮਤਿ ਦੇ ਗ੍ਰੰਥ ਅਰਥਾਂ ਸਹਿਤ ਪੜ੍ਹੇ।

ਗਿਆਨੀ ਜੀ ਨੇ ੧੯੧੧ ਬਿ: ਤੋਂ ਲੈ ਕੇ ੧੯੫੨ ਬਿ: ਤੱਕ ਲਗਭੱਗ ੪੧ ਸਾਲ—ਭਾਰਤ, ਨੇਪਾਲ, ਭੂਟਾਨ, ਸਿਕਮ ਦੇ ਸਾਰੇ ਹਿੰਦੂ-ਤੀਰਥਾਂ ਅਤੇ ਇਤਿਹਾਸਕ ਸਿੱਖ-ਗੁਰਧਾਮਾਂ ਦੇ ਦਰਸ਼ਨ ਕੀਤੇ ਅਤੇ ਇਤਿਹਾਸਕ ਸਮੱਗਰੀ ਇਕੱਠੀ ਕੀਤੀ। ਗਿਆਨੀ ਜੀ ਨੇ ਜਿੰਨਾ ਸਫਰ ਆਪਣੀ ਜ਼ਿੰਦਗੀ ਵਿੱਚ ਕੀਤਾ, ਸ਼ਾਇਦ ਹੀ ਕਿਸੇ ਹੋਰ ਵਿਅਕਤੀ ਨੇ ਉਸ ਜ਼ਮਾਨੇ

ਕੀਤਾ ਹੋਵੇ, ਜਦੋਂ ਕਿ ਉਸ ਸਮੇਂ ਅੱਜ-ਕੱਲ੍ਹ ਵਰਗੀਆਂ ਸਫਰ-ਸਹੂਲਤਾਂ ਦੀ ਅਣਹੋਂਦ ਸੀ।

ਕੀਨੋ ਭਾਰਤ ਵਰਸ਼ ਕਾ, ਸਰਸ ਸੈਲ ਸਭ ਠੌਰ।
ਤਬ ਗੁਰਦੁਆਰੇ ਸੰਗ੍ਰਹ, ਕੀਏ ਦਰਸ ਕਰ ਗੌਰ।
ਉਨੀ ਸੈ ਗਿਆਰਾਂ ਤੋਂ ਲੈ ਕੇ। ਬਾਵਨ ਲੌਂ ਵਿਚਰਯੋ ਧਰ ਪੈ ਕੈ।
ਸਿੰਧ, ਕੱਛ, ਕਾਠੀ, ਗੁਜਰਾਤ। ਵੇਖੇ ਦੇਸ ਵੇਸ ਬਖਿਆਤ।
ਪੁਜ ਗੁਦਾਵਰੀ ਕੁੰਭ ਇਸ਼ਨਾਨ। ਕੀਨੋ, ਚੀਨੇ ਮੁਲਕ ਮਹਾਨ।

ਗਿਆਨੀ ਗਿਆਨ ਸਿੰਘ ਜੀ ਦੀਆਂ ਰਚਨਾਵਾਂ

ਆਪ ਜਿਥੇ ਬ੍ਰਿਜ ਭਾਸ਼ਾ ਦੇ ਮਹਾਨ ਪੰਡਿਤ ਤੇ ਸ਼੍ਰੋਮਣੀ ਕਵੀ ਸਨ, ਉਥੇ ਨਵੀਨ ਪੰਜਾਬੀ ਵਾਰਤਕ ਦੇ ਵੀ ਜਨਮ ਦਾਤਾ ਹਨ। ਇਸ ਤੋਂ ਛੁੱਟ ਆਪ ਉਰਦੂ ਵਾਰਤਕ ਦੇ ਵੀ ਸੁਘੜ ਲੇਖਕ ਸਨ। ਉਨ੍ਹਾਂ ਦੀਆਂ ਲਿਖੀਆਂ ਪੁਸਤਕਾਂ ਦੀ ਸੂਚੀ ਇਸ ਪ੍ਰਕਾਰ ਹੈ :

੧. **ਸ੍ਰੀ ਗੁਰੂ ਪੰਥ ਪ੍ਰਕਾਸ਼** (ਬ੍ਰਜ ਭਾਸ਼ਾ ਕਾਵਿ) ੨. **ਤਵਾਰੀਖ ਗੁਰੂ ਖਾਲਸਾ** ਪੰਜ ਭਾਗ (ਨਵੀਨ ਪੰਜਾਬੀ ਵਾਰਤਕ) ੩. **ਨਿਰਮਲ ਪੰਥ ਪ੍ਰਦੀਪਕਾ** ੪. **ਖਾਲਸਾ ਧਰਮ ਪਤਿਤ ਪਾਵਨ** ੫. **ਗੁਰਧਾਮ ਸੰਗ੍ਰਹ** ੬. **ਸ੍ਰੀ ਭੂਪਿੰਦਰਾ ਨੰਦ** ੭. **ਤਵਾਰੀਖ ਅੰਮ੍ਰਿਤਸਰ** ੮. **ਕਥਾ ਪੂਰਨ-ਮਾਸ਼ੀ** ੯. **ਰਿਪਦੁਮਨ ਪ੍ਰਕਾਸ਼** (ਦੋਵੇਂ ਬ੍ਰਜ ਭਾਸ਼ਾ ਕਾਵਿ) ੧੦. **ਨਿਰਮਲ ਪੰਥ ਗੁਰ ਪ੍ਰਣਾਲਕਾ ਬ੍ਰਿਕਸ਼** (ਸ਼ੁਜਰਾ) ੧੧. **ਇਤਿਹਾਸ ਰਿਆਸਤ ਬਾਗੜੀਆਂ** (ਬ੍ਰਜ ਭਾਸ਼ਾ ਕਾਵਿ) ਆਦਿ ਪੁਸਤਕਾਂ ਛਾਪਾ ਪੱਥਰ ਜਾਂ ਛਾਪਾ ਟਾਈਪ ਵਿੱਚ ਛਪੀਆਂ ਮਿਲਦੀਆਂ ਹਨ ਪਰ **ਤਵਾਰੀਖ ਗੁਰੂ ਖਾਲਸਾ** ਦਾ ਚੌਥਾ ਤੇ ਪੰਜਵਾਂ ਭਾਗ ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਨੇ ਗੁੰਮ ਕਰ ਦਿੱਤਾ ਹੈ। ਸੂਰਜ ਪ੍ਰਕਾਸ਼ ਵਾਰਤਕ ਤਿੰਨ ਭਾਗ, ਤਵਾਰੀਖ ਲਾਹੌਰ, ਅੰਮ੍ਰਿਤ-ਪ੍ਰਕਾਸ਼, ਨੀਤੀ ਪ੍ਰਕਾਸ਼, ਅਨਿਕ ਪ੍ਰਕਾਰ, ਦੋਹਾਵਲੀ, ਪ੍ਰਸ਼ੋਨਤਰੀ, ਭੇਖ ਪ੍ਰਭਾਕਰ, ਪੰਜਾਬੀ ਸੀਹਰਫੀ, ਵੈਦਕ ਦੀ ਪੁਸਤਕ ਤੇ ਸ੍ਰੈਜੀਵਨੀ ਮੇਰੇ ਦੇਖਣ 'ਚ ਨਹੀਂ ਆਈਆਂ। ਉਰਦੂ ਚ ਉਪਰੋਕਤ 'ਚੋਂ ਨੰ: ੨, ੫, ੭ ਤੇ ਤਵਾਰੀਖ ਲਾਹੌਰ ਤੇ ਸਵਾਨਿਹ ਉਮਰੀ ਆਦਿ ਪੁਸਤਕਾਂ ਉਲੱਥਾ ਕੀਤੀਆਂ। ਇਨ੍ਹਾਂ ਉਪਰੋਕਤ ਪੁਸਤਕਾਂ ਦੀ ਸੂਚੀ ਰਿਪਦੁਮਨ ਪ੍ਰਕਾਸ਼ ਗ੍ਰੰਥ ਦੇ ਅੰਤਲੇ ਟਾਈਟਲ ਪੰਨੇ ਦੇ ਅੰਦਰਵਾਰ ਛਪੀ ਹੋਈ ਹੈ।

ਪੁਸਤਕਾਂ ਰਚਣ ਸਮੇਂ ਕਿਸੇ ਅਮੀਰ, ਰਾਜੇ, ਮਹਾਰਾਜੇ, ਸਿੱਖ ਸੰਸਥਾ ਜਾਂ ਸਭਾ ਸੁਸਾਇਟੀ ਨੇ ਗਿਆਨੀ ਜੀ ਦੀ ਕੋਈ ਮਦਦ ਨਹੀਂ ਕੀਤੀ। ਉਨ੍ਹਾਂ ਨੇ ਸਿੱਖ ਕੌਮ ਤੇ ਪੰਜਾਬ ਦਾ ਚਾਰ ਪੰਜ ਸੌ ਸਾਲ ਦਾ ਇਤਿਹਾਸ ਆਪਣੀ ਲਗਨ, ਮਿਹਨਤ, ਦ੍ਰਿੜ੍ਹਤਾ ਤੇ ਸਿਦਕ ਨਾਲ ਲਿਖਿਆ। ਇਹ ਵੀ ਉਸ ਸਮੇਂ, ਜਦ ਕਿ ਲੇਖਕਾਂ ਨੂੰ ਵਰਤਮਾਨ ਸਮੇਂ ਵਰਗੀਆਂ ਸਹੂਲਤਾਂ ਦੀ ਬਿਲਕੁਲ ਅਣਹੋਂਦ ਸੀ।

ਖਾਲਸਾ ਟ੍ਰੈਕਟ ਸੁਸਾਇਟੀ ਵਲੋਂ ਵਿਸਾਹ ਘਾਤ

ਗਿਆਨੀ ਜੀ ਅੰਮ੍ਰਿਤਸਰ ਆ ਕੇ ਸਖਤ ਬੀਮਾਰ ਹੋ ਗਏ। ਉਨ੍ਹਾਂ ਦੇ ਕਥਨ ਅਨੁਸਾਰ, ਜਿਸ ਦਿਨ ਉਹ ਗੁਰੂ-ਲੋਕ ਨੂੰ ਚੱਲਣ ਨੂੰ ਤਿਆਰ ਸਨ, ਉਸ ਦਿਨ ਖਾਲਸਾ ਟ੍ਰੈਕਟ ਸੁਸਾਇਟੀ ਦੇ ਮੁਖੀ ਮੈਂਬਰਾਂ ਨੇ ਗਿਆਨੀ ਜੀ ਨੂੰ ਪ੍ਰੇਰ ਕੇ ਛਪੀਆਂ ਤੇ ਅਣਛਪੀਆਂ ਸਾਰੀਆਂ

ਪੁਸਤਕਾਂ ਨੂੰ ਛਪਣ ਦੇ ਸਾਰੇ ਹੱਕ ਹਕੂਕ, ਸੁਸਾਇਟੀ ਦੇ ਨਾਮ ਲਿਖ ਕੇ ਗਿਆਨੀ ਜੀ ਤੋਂ ਦਸਖ਼ਤ ਕਰਵਾ ਲਏ। ੧੨ ਰੁਪਏ ਮਾਹਵਾਰ ਇਵਜ਼ਾਨਾ ਦੇਣ ਦਾ ਇਕਰਾਰਨਾਮਾ ਲਿਖ ਦਿੱਤਾ। ਅਗਲੇ ਦਿਨ ਤੋਂ ਗਿ: ਜੀ ਠੀਕ ਹੋਣ ਲਗ ਪਏ ਤੇ ਪੂਰੇ ਤੰਦਰੁਸਤ ਹੋ ਗਏ। ਸੁਸਾਇਟੀ ਨੇ ਗਿਆਨੀ ਜੀ ਨਾਲ ਜੋ ਵਿਸਾਹਘਾਤ ਕੀਤਾ, ਉਸ ਨੂੰ ਗਿਆਨੀ ਜੀ ਇਉਂ ਲਿਖਦੇ ਹਨ:-

ਅਤਿ ਅਨਯਾਇ ਉਨ ਜੁਲਮ ਬਡ, ਮੁਝ ਸੋਂ ਕੀਨੇ ਆਪ।
ਨਹ ਖਰੜੇ ਮੁਝ ਦੇਤ ਹੈਂ, ਨਹਿ ਛਾਪਤ ਹੈਂ ਆਪ।
ਬਰਖ ਸਤਾਰਾਂ ਭਏ ਹੈਂ, ਉਨ ਕੋ ਦਏ ਬਨਾਇ।
ਖੱਟੇ ਮੇਂ ਪਾ ਰਖੇ ਹੈਂ, ਟਾਲਾ ਕਰਤ ਰਹਾਇ।
ਐਸੇ ਸਿੱਖਨ ਕੋ ਗੁਰੂ, ਬਖਸ਼ੇ ਆਪ ਸੁਮਤਿ।
ਕਰੈਂ ਨ ਆਗੈ ਔਰ ਸੋਂ, ਮੁਝ ਸੋਂ ਕਰੀ ਕੁਪਤਿ।
ਮਿਹਨਤ ਮੇਰੀ ਬਿਰਧ ਕੀ ਤੀਸ ਬਰਸ ਕੀ ਜੋਇ।
ਬੇਕਦਰਿਆਂ ਨਾ-ਸ਼ੁਕਰਿਆਂ ਬਿਰਥਾ ਰਾਖੀ ਸੋਇ।
ਸਾਗਰ ਸਮ ਮਮ ਕ੍ਰਿਤ ਸੈ ਟ੍ਰੈਕਟ ਛਾਪ ਅਨੇਕ।
ਧਨ ਅਰ ਨਾਮ ਕਮਾ ਰਹੇ ਪੰਥਕ ਆਗੂ ਨੇਕ।

ਅਨੇਕ ਪੰਥਕ-ਪ੍ਰੇਮੀਆਂ ਵਲੋਂ ਗਿਆਨੀ ਜੀ ਦੀਆਂ ਰਚਨਾਵਾਂ ਨੂੰ ਛਪੀਆਂ ਵੇਖਣ ਦੀ ਤੜਪ ਨਾਲ ਭਰੀਆਂ ਅਣਗਿਣਤ ਪਤ੍ਰਕਾਵਾਂ ਗਿਆਨੀ ਜੀ ਨੂੰ ਮਿਲੀਆਂ। ਫਿਰ ਜੋ ਸ੍ਰੀ ਗੁਰੂ **ਪੰਥ ਪ੍ਰਕਾਸ਼ ਤੇ ਤਵਾਰੀਖ ਗੁਰੂ ਖਾਲਸਾ** ਦੇ ਤਿੰਨੇ ਹਿੱਸੇ ਸੁਸਾਇਟੀ ਨੇ ਛਾਪੇ ਤਾਂ ਉਸ ਵਿੱਚ ਏਨੀ ਕੱਟ-ਵੱਢ ਤੇ ਵਾਧੇ-ਘਾਟੇ ਕਰ ਦਿੱਤੇ ਕਿ ਰਚਨਾ ਦਾ ਅਸਲ ਤੱਤ ਹੀ ਮਾਰ ਦਿੱਤਾ, ਅਸਲ ਰਚਨਾ ਛੱਡ ਦਿੱਤੀ, ਅਸਲ ਪ੍ਰਸੰਗ ਛੱਡ ਦਿਤੇ, ਅਸਲ ਰਚਨਾ ਨੂੰ ਵਿਗਾੜ ਦਿੱਤਾ, ਸੰਮਤ ਗਲਤ, ਨਾਂ-ਥਾਂ ਜਾਣ ਬੁਝ ਕੇ ਗਲਤ ਲਿਖ ਦਿੱਤੇ। ਕੁਝ ਪ੍ਰਸੰਗ ਆਪਣੇ ਕੋਲੋਂ ਹੀ ਪਾ ਦਿੱਤੇ। ਗੁਰਬਾਣੀ ਦੇ ਅਢੁਕਵੇਂ ਸ਼ਬਦ ਲਿਖ ਦਿੱਤੇ। ਪੈਰ-ਟੂਕਾਂ ਮੂਲ ਵਿੱਚ ਤੇ ਮੂਲ ਰਚਨਾ ਪੈਰ-ਟੂਕਾਂ 'ਚ ਛਾਪ ਦਿੱਤੀ। ਇਹ ਸਭ ਕੁਝ ਗਿਆਨੀ ਜੀ ਦੀ ਪ੍ਰਤਿਭਾ ਨੂੰ ਘੱਟੇ-ਮਿੱਟੀ ਵਿੱਚ ਰੋਲਣ ਹਿਤ ਕੀਤਾ ਗਿਆ। ਅੰਤ ਵਿਚ ਦੁਖੀ ਹੋ ਕੇ ਗਿਆਨੀ ਜੀ ਲਿਖਦੇ ਹਨ :

ਪੁਸਤਕ ਰਚੇ ਜੈਸ ਨਹਿ ਰਚੇ। ਜਬ ਲੋ ਭਏ ਪ੍ਰਵਿਰਤ ਨਹਿ ਸਚੇ।
ਯਾ ਬਿਧਿ ਮੈ ਨਿਜ ਰਚਨਾ ਸਾਰੀ। ਗਈ ਨਿਕੰਮੀ ਜਬੈ ਨਿਹਾਰੀ।
ਤਬ ਮੈਂ ਨਿਸਚੈ ਐਸੋ ਕੀਨਾ। ਭੋ ਮਨ ਤੂੰ ਠਗਨ ਠਗ ਲੀਨਾ।

ਸੁਸਾਇਟੀ ਦੇ ਜਿੰਮੇਵਾਰਾਂ ਨੂੰ ਉਪਰੋਕਤ ਠੱਗਾਂ ਦਾ ਸਰਟੀਫਿਕੇਟ ਦੇ ਕੇ ਅੱਗੋਂ ਉਨ੍ਹਾਂ ਬਾਰੇ ਵਿਸ਼ੇਸ਼ ਜਾਣਕਾਰੀ ਦੇਂਦੇ ਹੋਏ ਲਿਖਦੇ ਹਨ:

ਨਾਮ ਸਿੰਘ ਯਹ ਦਿਲ ਕੇ ਚੋਰ। ਠੱਗੀ ਕਰਤ ਮਿਸ਼ਟ ਬਨ ਘੋਰ।
ਪੰਥ ਸੇਵਾ ਕੀ ਲੈ ਕਰ ਆੜ। ਜੇਬਾਂ ਖੀਸੇ ਲੇਵਤ ਝਾੜ।
ਪੰਥਕ ਸੇਵਾ ਸ਼ੋਰ ਮਚਾਤੇ। ਇਸ ਬਿਧਿ ਠਗ ਕਰ ਲੋਕਾਂ ਖਾਤੇ।

(ਰਿਪਦੁਮਨ ਪ੍ਰਕਾਸ਼ ਪੰਨਾ ੯ ਤੋਂ ੧੩)

ਪਟਿਆਲਾ ਤੇ ਨਾਭਾ ਦੇ ਮਹਾਰਾਜਿਆਂ ਵਿੱਚ ਸੁਲ੍ਹਾ ਕਰਵਾਉਣੀ

ਅੰਗ੍ਰੇਜ਼ ਸਰਕਾਰ ਦੀ ਕੁਟਲ ਨੀਤੀ ਦੇ ਕਾਰਨ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਅਤੇ ਮਹਾਰਾਜਾ ਰਿਪੁਦਮਨ ਸਿੰਘ ਜੀ ਨਾਭਾ ਵਿਚਕਾਰ ਕਈ ਪੱਖਾਂ ਤੋਂ ਝਗੜੇ ਬਖੇੜੇ ਖੜੇ ਕੀਤੇ ਗਏ। ਪੰਥਕ-ਪ੍ਰੇਮੀਆਂ ਨੇ ਇਸ ਨੂੰ ਬਹੁਤ ਬੁਰਾ ਮਹਿਸੂਸ ਕੀਤਾ। ਉਸ ਸਮੇਂ ਪੰਥ ਦੀਆਂ ਦੋ ਮਹਾਨ ਧਾਰਮਕ ਹਸਤੀਆਂ ਸਨ, ਗਿ: ਗਿਆਨ ਸਿੰਘ ਜੀ ਅਤੇ ਭਾਈ ਅਰਜਨ ਸਿੰਘ ਜੀ ਬਾਗੜੀਆਂ। ਇਨ੍ਹਾਂ ਨੂੰ ਸੰਗਤਾਂ ਨੇ ਪ੍ਰੇਰਿਆ ਤਾਂ ਇਨ੍ਹਾਂ ਦੋ ਮਹਾਨ ਸ਼ਖ਼ਸੀਅਤਾਂ ਦੇ ਯਤਨਾਂ ਦਾ ਸਦਕਾ ਦੋਹਾਂ ਮਹਾਰਾਜਿਆਂ 'ਚ ਏਕਤਾ ਹੋ ਗਈ। ਦੋਹਾਂ ਨੂੰ ਇਕੱਠਿਆਂ ਕਰਕੇ ਇਕ ਦੂਜੇ ਦੇ ਚਰਨੀਂ ਝੁਕਾਇਆ ਤੇ ਇਕੱਠੇ ਬਿਠਾ ਕੇ ਪ੍ਰਸ਼ਾਦ ਛਕਾਇਆ।

ਆਸ ਦੀ ਕਿਰਨ

ਖਾਲਸਾ ਟ੍ਰੈਕਟ ਸੁਸਾਇਟੀ ਦੇ ਵਿਸਾਹਘਾਤ ਦੇ ਅੰਧਕਾਰ ਤੋਂ ਬਾਦ ਉਸ ਸਮੇਂ ਗਿਆਨੀ ਜੀ ਦੇ ਅੰਦਰ ਆਸ ਦੀ ਕਿਰਨ ਚਮਕੀ, ਜਦ ਭਾਈ ਅਰਜਨ ਸਿੰਘ ਜੀ ਬਾਗੜੀਆਂ ਦੀ ਪ੍ਰੇਰਨਾ ਦਾ ਸਦਕਾ ਮਹਾਰਾਜਾ ਪਟਿਆਲਾ ਨੇ ਗਿ: ਜੀ ਦੀਆਂ ਪੁਸਤਕਾਂ ਛਾਪਣ ਲਈ ਇਕ ਲੱਖ ਸੈਂਤੀ ਹਜ਼ਾਰ ਰੁਪਏ ਪ੍ਰਵਾਨ ਕੀਤੇ। ਭੁਪਿੰਦਰਾ ਸਟੇਟ ਪ੍ਰੈਸ ਪਟਿਆਲਾ 'ਚ **'ਇਤਿਹਾਸ ਰਿਆਸਤ ਬਾਗੜੀਆਂ'**, **'ਭੁਪਿੰਦਰਾਨ'** ਤੇ **'ਰਿਪੁਦਮਨ ਪ੍ਰਕਾਸ਼'** ਅਤੇ ਗੁਰੂ ਖਾਲਸਾ ਪ੍ਰੈਸ ਅੰਮ੍ਰਿਤਸਰ ਵਿਚ **'ਤਵਾਰੀਖ ਅੰਮ੍ਰਿਤਸਰ'** ਤੇ **'ਗੁਰਧਾਮ ਸੰਗ੍ਰਹਿ'** ਪੁਸਤਕਾਂ ਛਪੀਆਂ। ਉਪਰੰਤ ਅੰਗਰੇਜ਼ਾਂ ਦੇ ਹੱਥ-ਠੋਕੇ ਤੇ ਪ੍ਰਸਿੱਧ ਸਾਜ਼ਸ਼ੀ ਰਿਆਸਤ ਪਟਿਆਲਾ ਦੇ ਮੁੱਖ ਮੰਤਰੀ ਸਰ ਦਯਾ ਕਿਸ਼ਨ ਕੌਲ ਅਤੇ ਸ੍ਰ: ਚਰਨ ਸਿੰਘ ਸ਼ਹੀਦ ਦੀ ਮਿਲੀ-ਭੁਗਤ ਨਾਲ ਗਿਆਨੀ ਗਿਆਨ ਸਿੰਘ ਜੀ ਰਚਿਤ ਪੁਸਤਕਾਂ ਛਾਪਣੀਆਂ ਬੰਦ ਕਰਕੇ ਗਿਆਨੀ ਜੀ ਅੰਦਰ ਚਮਕੀ ਆਸ ਦੀ ਕਿਰਨ ਵੀ ਬੁਝਾ ਦਿੱਤੀ ਗਈ।

੯੯ ਸਾਲ ਦੀ ਬ੍ਰਿਧ ਉਮਰ ਵਿਚ ਗਿਆਨੀ ਜੀ ਸੰਗ੍ਰਹਣੀ ਦੇ ਰੋਗ ਨਾਲ ਸਖਤ ਬੀਮਾਰ ਹੋ ਗਏ। ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੇ ਨਾਭੇ ਸਰਕਾਰੀ ਕੋਠੀ 'ਚ ਰੱਖ ਕੇ ਤੇ ਦਿੱਲੀ ਤੋਂ ਪ੍ਰਸਿੱਧ ਡਾਕਟਰ ਬੁਲਵਾ ਕੇ ਇਲਾਜ ਕਰਵਾਇਆ ਤੇ ਹਰ ਪ੍ਰਕਾਰ ਦੀ ਸੇਵਾ ਵੀ ਕਰਦੇ ਰਹੇ ਪਰ ਕਰਤਾਰ ਦੇ ਹੁਕਮ ਅਨੁਸਾਰ ੨੪ ਸਤੰਬਰ, ੧੯੨੧ ਈ: ਮੁਤਾਬਕ ੯ ਅੱਸੂ ੧੯੭੮ ਬਿ: ਨੂੰ ਗਿਆਨੀ ਜੀ ਗੁਰਪੁਰੀ ਜਾ ਬਿਰਾਜੇ।

ਗਿਆਨੀ ਗਿਆਨ ਸਿੰਘ ਜੀ ਵਿਦਵਾਨਾਂ ਦੀਆਂ ਨਜ਼ਰਾਂ ਵਿੱਚ

੧. ਗਿਆਨੀ ਲਾਲ ਸਿੰਘ, ਡਾਇਰੈਕਟਰ ਜਨਰਲ ਭਾਸ਼ਾ ਵਿਭਾਗ, ਪੰਜਾਬ

ਮਾਲਵੇ ਦੇ ਅਮੋਲਕ ਰਤਨਾਂ ਵਿਚੋਂ ਪ੍ਰਸਿੱਧ ਇਤਿਹਾਸਕਾਰ ਗਿ: ਗਿਆਨ ਸਿੰਘ ਜੀ ਦਾ ਨਾਮ ਸੂਰਜ ਵਾਂਗ ਚਮਕ ਰਿਹਾ ਹੈ। ਪੰਜਾਬ ਦਾ ਇਤਿਹਾਸ ਲਿਖਣ ਲਈ ਜਿਤਨੀ ਘਾਲ ਉਨ੍ਹਾਂ ਨੇ ਘਾਲੀ ਹੈ, ਉਹ ਅਜੇ ਤੱਕ ਕਿਸੇ ਹੋਰ ਇਕੱਲੇ ਇਕ ਲੇਖਕ ਦੇ ਹਿੱਸੇ ਨਹੀਂ ਆਈ।

੨. ਡਾ: ਗੰਡਾ ਸਿੰਘ, ਪ੍ਰਸਿੱਧ ਖੋਜੀ ਇਤਿਹਾਸਕਾਰ

ਭਾਈ ਗਿਆਨ ਸਿੰਘ ਦੇ ਗ੍ਰੰਥਾਂ ਤੋਂ ਬਗੈਰ ਪੂਰਨ ਸਿੱਖ ਇਤਿਹਾਸ ਸਬੰਧੀ ਸਿੱਖਾਂ ਪਾਸ ਹੈ ਕੀ? ਉਨ੍ਹਾਂ ਦੇ ਗ੍ਰੰਥਾਂ ਨੇ ਸਿੰਘ ਸਭਾ ਲਹਿਰ ਦੇ ਆਰੰਭ ਵਿਚ ਜੋ ਕੰਮ ਕੀਤਾ ਤੇ ਜੋ ਹਾਲੇ ਤੱਕ ਕਰ ਰਹੇ ਹਨ, ਉਹ ਆਪਣੀ ਮਿਸਾਲ ਆਪ ਹੀ ਹਨ। ਹਾਲੇ ਤੱਕ ਵੀ ਸਿੱਖ ਕੌਮ ਵਿਚ

ਇਸ ਨੁਕਤੇ ਤੋਂ ਕੋਈ ਲਿਖਾਰੀ ਗਿ: ਗਿਆਨ ਸਿੰਘ ਦਾ ਮੁਕਾਬਲਾ ਨਹੀਂ ਕਰ ਸਕਿਆ।

੩. ਪ੍ਰੋ. ਪਿਆਰਾ ਸਿੰਘ 'ਪਦਮ'

ਨਵੀਨ ਪੰਜਾਬੀ ਗੱਦ ਦੇ ਮੋਢੀ ਉਸਰਈਆਂ ਵਿਚੋਂ ਗਿਆਨੀ ਗਿਆਨ ਸਿੰਘ ਵਿਸ਼ੇਸ਼ ਤੌਰ 'ਤੇ ਵਰਨਣਯੋਗ ਤੇ ਸ਼੍ਰੋਮਣੀ ਹਨ, ਜਿਨ੍ਹਾਂ ਪੰਜਾਬ ਦਾ ਚਾਰ ਪੰਜ ਸੌ ਵਰ੍ਹਿਆਂ ਦਾ ਇਤਿਹਾਸ ਲਿਖਦਿਆਂ ਪੰਜਾਬੀ ਜ਼ਬਾਨ ਤੇ ਪੰਜਾਬੀਆਂ ਦੀ ਚੋਖੀ ਸੇਵਾ ਕੀਤੀ।

੪. ਸ੍ਰ: ਕਿਰਪਾਲ ਸਿੰਘ 'ਕਸੇਲ'

ਉਹ (ਗਿਆਨੀ ਗਿਆਨ ਸਿੰਘ) ਪੰਜਾਬੀ ਭਾਸ਼ਾ ਦੇ ਮਹਾਨ ਕਵੀ ਅਤੇ ਸਿਰਮੌਰ ਗੱਦਕਾਰ ਸਨ। ਉਨ੍ਹਾਂ ਦੀਆਂ ਪੁਸਤਕਾਂ ਗਿਆਨ ਤੇ ਕਾਵਿ ਕਲਾ ਦਾ ਅਤੁੱਟ ਭੰਡਾਰ ਹਨ।

ਨੋਟ:- ਗਿਆਨੀ ਗਿਆਨ ਸਿੰਘ ਜੀ ਦੇ ਜੀਵਨ, ਰਚਨਾਵਾਂ ਤੇ ਕਾਵਿ ਕਲਾ ਸਬੰਧੀ ਵਿਸਥਾਰ ਸਹਿਤ ਵਾਕਫੀ ਲਈ ਪੜ੍ਹੋ ਲੇਖਕ ਵਲੋਂ ਲਿਖੀ ਪੁਸਤਕ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦੀ ਪ੍ਰਸਤਾਵਨਾ ।

-ਸੰਪਾਦਕ

ਪ੍ਰੋ. ਗੁਰਮੁਖ ਸਿੰਘ ਜੀ

ਲਹਿਰਾਂ ਜਿਉਂਦੀਆਂ ਕੌਮਾਂ ਦਾ ਇਤਿਹਾਸ ਹੋਇਆ ਕਰਦੀਆਂ ਹਨ। ਹਰ ਲਹਿਰ ਪਿੱਛੇ ਕਿਸੇ ਨਾ ਕਿਸੇ ਰੂਹਾਨੀ ਮਹਾਂਪੁਰਸ਼ ਦਾ ਹੱਥ ਜ਼ਰੂਰ ਹੁੰਦਾ ਹੈ, ਜਿਸ ਨੇ ਆਪਣਾ ਸਮੁੱਚਾ ਜੀਵਨ ਮਿਥੇ ਹੋਏ ਉਚੇ ਉਦੇਸ਼ ਦੀ ਪ੍ਰਾਪਤੀ ਲਈ ਸਮਰਪਿਤ ਕਰ ਦਿੱਤਾ ਹੁੰਦਾ ਹੈ। ਐਸੇ ਹੀ ਸਨ – ਪ੍ਰੋ. ਗੁਰਮੁਖ ਸਿੰਘ ਜੀ, ਜਿਨ੍ਹਾਂ ਸਮਾਜ ਵਿਚ ਫੈਲੀਆਂ ਬੁਰਾਈਆਂ ਅਤੇ ਕੁਰੀਤੀਆਂ ਨੂੰ ਦੂਰ ਕਰਨ ਲਈ ਸਿੱਖਾਂ ਦੇ ਮਨਾਂ ਅੰਦਰ ਇਕ ਨਵੀਂ ਚੇਤਨਾ ਪੈਦਾ ਕੀਤੀ। ਇਹੋ ਚੇਤਨਾ ਬਾਅਦ ਵਿਚ 'ਸਿੰਘ ਸਭਾ ਲਹਿਰ' ਵਜੋਂ ਸਿੱਖ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਵਿਚ ਅੰਕਤ ਹੋਈ।

ਪ੍ਰੋ. ਗੁਰਮੁਖ ਸਿੰਘ ਦੇ ਜੀਵਨ 'ਤੇ ਸਰਸਰੀ ਨਜ਼ਰ ਮਾਰਿਆਂ ਇਹ ਗੱਲ ਭਲੀ-ਭਾਂਤ ਉਜਾਗਰ ਹੁੰਦੀ ਹੈ ਕਿ ਉਨ੍ਹਾਂ ਦਾ ਸਮੁੱਚਾ ਜੀਵਨ ਸੰਘਰਸ਼ਮਈ ਘਟਨਾਵਾਂ ਨਾਲ ਭਰਪੂਰ ਸੀ। ਗਰੀਬੀ ਦੀ ਹਾਲਤ ਦੇ ਨਾਲ-ਨਾਲ, ਆਪ ਨੂੰ ਸਾਰੀ ਉਮਰ, ਬ੍ਰਾਹਮਣੀ ਕੁਰੀਤੀਆਂ ਨੂੰ ਸਿੱਖੀ ਅਸੂਲਾਂ ਵਜੋਂ ਪ੍ਰਚਾਰਨ ਵਾਲੇ ਮਹੰਤਾਂ ਦੇ ਵਿਰੋਧ ਦਾ ਸ਼ਿਕਾਰ ਵੀ ਹੋਣਾ ਪਿਆ। ਪਰ ਇਸ ਦੇ ਬਾਵਜੂਦ ਉਨ੍ਹਾਂ ਨੇ ਦ੍ਰਿੜ੍ਹਤਾ, ਸੱਚਾਈ ਅਤੇ ਉੱਚੇ-ਸੁੱਚੇ ਕਿਰਦਾਰ ਦੇ ਬਲਬੂਤੇ ਸਿੱਖ ਵਿਰੋਧੀ ਪ੍ਰਚਾਰ ਦਾ ਡਟ ਕੇ ਮੁਕਾਬਲਾ ਕੀਤਾ। ਉਨ੍ਹਾਂ ਦਾ ਸਿੱਖੀ ਪ੍ਰਤੀ ਡੂੰਘਾ ਸਨੇਹ ਸੀ ਅਤੇ ਗੁਰਮਤਿ ਸਿਧਾਂਤਾਂ ਪ੍ਰਤੀ ਉਨ੍ਹਾਂ ਦਾ ਨਜ਼ਰੀਆ ਬੜਾ ਹੀ ਸਪੱਸ਼ਟ ਤੇ ਵਿਵੇਕਸ਼ੀਲ ਸੀ।

ਪ੍ਰੋ. ਗੁਰਮੁਖ ਸਿੰਘ ਦਾ ਜਨਮ ੧੫ ਅਪ੍ਰੈਲ ੧੮੪੯ ਈਸਵੀ ਨੂੰ ਕਪੂਰਥਲਾ ਵਿਖੇ ਇਕ ਗਰੀਬ ਪਰਿਵਾਰ ਵਿਚ ਹੋਇਆ। ਆਪ ਦੇ ਪਿਤਾ ਸ੍ਰ: ਬਸਾਵਾ ਸਿੰਘ ਪਹਿਲਾਂ ਜ਼ਿਲ੍ਹਾ ਗੁਜਰਾਂਵਾਲਾ (ਹੁਣ ਪਾਕਿਸਤਾਨ) ਦੇ ਪਿੰਡ ਚੰਧੜ ਦੇ ਵਸਨੀਕ ਸਨ। ਪਰਿਵਾਰ ਦਾ ਗੁਜ਼ਾਰਾ ਖੇਤੀਬਾੜੀ ਤੋਂ ਨਾ ਹੁੰਦਾ ਦੇਖ, ਉਹ ਮਹਾਰਾਜਾ ਸ਼ੇਰ ਸਿੰਘ ਦੇ ਪਾਸ ਲਾਹੌਰ ਵਿਖੇ ਰਸੋਈਏ ਵਜੋਂ ਭਰਤੀ ਹੋ ਗਏ। ਮਹਾਰਾਜਾ ਸ਼ੇਰ ਸਿੰਘ ਦੇ ਕਤਲ ਉਪਰੰਤ ਉਹ ਰਾਜਾ ਨਿਹਾਲ ਸਿੰਘ ਪਾਸ ਕਪੂਰਥਲੇ ਆ ਗਏ। ਰਾਜਾ ਨਿਹਾਲ ਸਿੰਘ ਦੀ ਮੌਤ ਤੋਂ ਬਾਅਦ ਸ੍ਰ: ਬਸਾਵਾ ਸਿੰਘ ਪਹਿਲਾਂ ਰਾਜਾ ਰਣਧੀਰ ਸਿੰਘ ਪਾਸ ਰਹੇ ਅਤੇ ਫਿਰ ਕੰਵਰ ਬਿਕਰਮ ਸਿੰਘ ਦੀ ਸੇਵਾ ਵਿਚ ਲੱਗ ਗਏ। ਇਥੇ ਹੀ ਪ੍ਰੋ. ਗੁਰਮੁਖ ਸਿੰਘ ਦਾ ਜਨਮ ਹੋਇਆ।

ਕੰਵਰ ਬਿਕਰਮ ਸਿੰਘ ਖੁਦ ਧਾਰਮਿਕ, ਵਿਦਿਅਕ ਅਤੇ ਸਾਹਿਤਕ ਰੁਚੀਆਂ ਦੇ ਮਾਲਕ ਗੁਰਸਿੱਖ ਜਿਊੜੇ ਸਨ। ਉਨ੍ਹਾਂ ਦੀ ਸਰਪ੍ਰਸਤੀ ਹੇਠ ਹੀ ਭਾਈ ਗੁਰਮੁਖ ਸਿੰਘ ਦੀ ਪਾਲਣਾ-ਪੋਸਣਾ ਹੋਈ ਅਤੇ ਕੰਵਰ ਸਾਹਿਬ ਨੇ ਭਾਈ ਗੁਰਮੁਖ ਸਿੰਘ ਦੀ ਸਿਖਿਆ ਵਿਚ ਵੀ

ਵਿਸ਼ੇਸ਼ ਰੁਚੀ ਦਿਖਾਈ। ਭਾਈ ਗੁਰਮੁਖ ਸਿੰਘ ਨੇ ਮੈਟ੍ਰਿਕ ਤਕ ਦੀ ਸਿਖਿਆ ਕਪੂਰਥਲੇ ਤੋਂ ਪ੍ਰਾਪਤ ਕੀਤੀ ਅਤੇ ਫਿਰ ਗੌਰਮਿੰਟ ਕਾਲਜ, ਲਾਹੌਰ ਤੋਂ ਬੀ. ਏ. ਦੀ ਡਿਗਰੀ ਹਾਸਲ ਕੀਤੀ। ਕੰਵਰ ਸਾਹਿਬ ਵਲੋਂ ਇਨ੍ਹਾਂ ਨੂੰ ਕਾਨੂੰਨ ਪੜ੍ਹਨ ਦੀ ਪ੍ਰੇਰਣਾ ਹੋਈ ਪਰ ਇਨ੍ਹਾਂ ਹਾਮੀ ਨਾ ਭਰੀ। ਚਿਤਰਕਲਾ ਦਾ ਸ਼ੌਕ ਹੋਣ ਕਰਕੇ, ਇਕ ਵਾਰ ਭਾਈ ਗੁਰਮੁਖ ਸਿੰਘ ਨੇ ਮਹਿਕਮਾ ਤਾਲੀਮ ਦੇ ਇਕ ਉੱਚ ਅਧਿਕਾਰੀ ਮਿਸਟਰ ਸੀ. ਪੀਅਰਸਨ ਦਾ ਚਿਤਰ ਬਣਾ ਕੇ ਉਸ ਨੂੰ ਭੇਂਟ ਕੀਤਾ ਤਾਂ ਉਸ ਨੇ ਭਾਈ ਸਾਹਿਬ ਨੂੰ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਰੁੜਕੀ ਭੇਜਣ ਦੀ ਸਿਫ਼ਾਰਿਸ਼ ਕੀਤੀ, ਪਰ ਇਨ੍ਹਾਂ ਕੋਈ ਰੁਚੀ ਨਾ ਦਿਖਾਈ। ਦਰਅਸਲ ਭਾਈ ਗੁਰਮੁਖ ਸਿੰਘ ਦੀ ਇਸ ਉਪਰਾਮਤਾ ਦਾ ਕਾਰਨ, ਉਨ੍ਹਾਂ ਦੇ ਮਨ ਵਿਚ ਸਮਾਜ ਵਿਚ ਪ੍ਰਚਲਤ ਕੁਰੀਤੀਆਂ ਨੂੰ ਦੂਰ ਕਰਨ ਦੀ ਤੀਬਰ ਇੱਛਾ ਸੀ।

ਸਮਾਜ ਵਿਚੋਂ ਬੁਰਾਈਆਂ ਅਤੇ ਕੁਰੀਤੀਆਂ ਨੂੰ ਦੂਰ ਕਰਕੇ, ਗੁਰਮਤਿ ਸਿਧਾਂਤਾਂ ਨੂੰ ਖਾਲਸ ਰੂਪ 'ਚ ਪ੍ਰਚਾਰਨ ਲਈ 'ਸਿੰਘ ਸਭਾ' ਨਾਉਂ ਦੀ ਜਥੇਬੰਦੀ ੧੮੭੩ ਈਸਵੀ ਵਿਚ ਅੰਮ੍ਰਿਤਸਰ ਵਿਖੇ ਸਥਾਪਤ ਹੋਈ ਸੀ ਅਤੇ ਕੰਵਰ ਬਿਕਰਮ ਸਿੰਘ ਇਸ ਦੇ ਮੁਖੀਆਂ ਵਿਚੋਂ ਸਨ। ਕਾਲਜ ਪੜ੍ਹਦਿਆਂ ਭਾਈ ਗੁਰਮੁਖ ਸਿੰਘ ਵੀ ਕੰਵਰ ਸਾਹਿਬ ਦੇ ਨਾਲ 'ਸਿੰਘ ਸਭਾ ਅੰਮ੍ਰਿਤਸਰ' ਦੀਆਂ ਇਕੱਤਰਤਾਵਾਂ ਵਿਚ ਜਾਂਦੇ ਰਹਿੰਦੇ ਸਨ। ਇਥੋਂ ਹੀ ਉਨ੍ਹਾਂ ਦੇ ਮਨ ਵਿਚ ਬੁਰਾਈਆਂ ਤੇ ਕੁਰੀਤੀਆਂ ਨੂੰ ਦੂਰ ਕਰਨ ਦੀ ਚੇਟਕ ਲੱਗੀ ਸੀ।

੧੮੭੭ ਈਸਵੀ ਵਿਚ ਭਾਈ ਗੁਰਮੁਖ ਸਿੰਘ ਜੀ ਦੀ ਓਰੀਐਂਟਲ ਕਾਲਜ, ਲਾਹੌਰ ਦੇ ਹਿੰਦੀ ਵਿਭਾਗ ਵਿਚ ਸੈਕਿੰਡ ਟੀਚਰ ਵਜੋਂ ਨਿਯੁਕਤੀ ਹੋਈ। ਇਥੇ ਹੀ ਉਹ ੧੮੮੧ ਈਸਵੀ ਵਿਚ ਅਸਿਸਟੈਂਟ ਪ੍ਰੋਫੈਸਰ ਅਤੇ ੧੮੮੭ ਵਿਚ Alexandera Reader ਵਜੋਂ ਨਿਯੁਕਤ ਹੋਏ। ਅਸਿਸਟੈਂਟ ਪ੍ਰੋਫੈਸਰ ਬਣਨ ਤੋਂ ਹੀ ਭਾਈ ਸਾਹਿਬ ਦੇ ਨਾਂ ਨਾਲ ਪ੍ਰੋਫੈਸਰ ਸ਼ਬਦ ਲਿਖਿਆ-ਬੋਲਿਆ ਜਾਣ ਲੱਗ ਪਿਆ। ਕਾਲਜ ਦੀ ਡਿਊਟੀ ਉਪਰੰਤ ਪ੍ਰੋ. ਗੁਰਮੁਖ ਸਿੰਘ ਨੂੰ ਜੋ ਵੀ ਵਿਹਲਾ ਸਮਾਂ ਮਿਲਦਾ, ਉਸ ਨੂੰ ਉਹ ਸਿੰਘ ਸਭਾ ਦੀਆਂ ਸਰਗਰਮੀਆਂ ਵਿਚ ਲਾਉਂਦੇ।

ਸਿੰਘ ਸਭਾ ਅੰਮ੍ਰਿਤਸਰ ਦੇ ਮੋਹਰੀ, ਵੱਖ-ਵੱਖ ਵਿਚਾਰਾਂ ਦੇ ਧਾਰਨੀ ਹੋਣ ਕਾਰਨ ਪ੍ਰਚਾਰਕ ਸਰਗਰਮੀਆਂ ਮੱਧਮ ਸਨ। ਸੋ ਸਿੰਘ ਸਭਾ ਅੰਮ੍ਰਿਤਸਰ ਦੇ ਢਿਲੜਪੁਣੇ ਨੂੰ ਭਾਂਪ ਕੇ ਇਨ੍ਹਾਂ ਨੇ ਭਾਈ ਹਰਸਾ ਸਿੰਘ ਜਿਹੇ ਸੱਜਣਾਂ ਦੇ ਸਹਿਯੋਗ ਨਾਲ ੨ ਨਵੰਬਰ ੧੮੭੯ ਈਸਵੀ ਨੂੰ 'ਸਿੰਘ ਸਭਾ ਲਾਹੌਰ' ਦੀ ਸਥਾਪਨਾ ਕੀਤੀ। ਦੀਵਾਨ ਬੂਟਾ ਸਿੰਘ ਨੂੰ ਪ੍ਰਧਾਨ ਅਤੇ ਪ੍ਰੋ. ਗੁਰਮੁਖ ਸਿੰਘ ਨੂੰ ਸਕੱਤਰ ਬਣਾਇਆ ਗਿਆ। ਸਭਾ ਦੇ ਦੋ ਵੱਡੇ ਉਦੇਸ਼ ਇਹ ਨਿਰਧਾਰਤ ਕੀਤੇ ਗਏ —

੧. ਧਰਮ ਪ੍ਰਚਾਰ : ਗੁਰਬਾਣੀ ਪੜ੍ਹਨਾ-ਪੜ੍ਹਾਉਣਾ, ਕੀਰਤਨ ਤੇ ਸਿਮਰਨ ਕਰਨਾ, ਗੁਰਬਾਣੀ ਨੂੰ ਛਪਵਾ ਕੇ ਵੰਡਣਾ।

੨. ਵਿਦਿਆ ਪ੍ਰਸਾਰ : ਪੰਜਾਬੀ ਬੋਲੀ ਦੀ ਉੱਨਤੀ ਲਈ ਗੁਰਮੁਖੀ ਅੱਖਰਾਂ ਵਿਚ ਅਖਬਾਰਾਂ-ਰਸਾਲੇ ਛਾਪਣਾ ਅਤੇ ਗੁਰਮੁਖੀ ਵਿਦਿਆ ਲਈ ਸਕੂਲਾਂ ਦੀ ਸਥਾਪਨਾ ਕਰਨੀ।

ਪ੍ਰੋ. ਗੁਰਮੁਖ ਸਿੰਘ ਜੀ ਪੰਜਾਬੀ ਦੇ ਮੋਢੀ ਪੱਤਰਕਾਰ ਹੋਏ ਹਨ, ਜਿਨ੍ਹਾਂ ਨੇ ਪ੍ਰਚਾਰ ਦੇ ਉਦੇਸ਼ ਨੂੰ ਮੁੱਖ ਰਖਦਿਆਂ 'ਗੁਰਮੁਖੀ', 'ਖਾਲਸਾ ਅਖਬਾਰ', 'ਵਿਦਿਯਾਰਕ', 'ਸੁਧਾਰਕ' ਨਾਂ ਦੀਆਂ ਪਤ੍ਰਿਕਾਵਾਂ ਪ੍ਰਕਾਸ਼ਤ ਕਰਨ ਦਾ ਉਪਰਾਲਾ ਕੀਤਾ। ਉਨ੍ਹਾਂ ਬਹੁਤ ਸਾਰੇ ਵਿਦਵਾਨਾਂ ਨੂੰ ਸਿੱਖੀ ਅਤੇ ਪੰਜਾਬੀ ਬੋਲੀ ਨਾਲ ਜੋੜਿਆ। ਗਿਆਨੀ ਦਿੱਤ ਸਿੰਘ, ਭਾਈ ਜਵਾਹਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਮਿਸਟਰ ਐਮ. ਏ. ਮੈਕਾਲਫ ਆਦਿ ਅਜਿਹੇ ਪ੍ਰਮੁੱਖ ਵਿਦਵਾਨਾਂ ਵਿਚੋਂ ਹਨ। ਪ੍ਰੋ. ਗੁਰਮੁਖ ਸਿੰਘ ਦੀ ਪ੍ਰੇਰਣਾ ਸਦਕਾ ਹੀ ਗਿਆਨੀ ਦਿੱਤ ਸਿੰਘ ਓਰੀਐਂਟਲ ਕਾਲਜ ਲਾਹੌਰ ਤੋਂ ਗਿਆਨੀ ਪਾਸ ਕਰਕੇਇਸੇ ਕਾਲਜ ਵਿਚ ਗੁਰਮੁਖੀ ਦੇ ਸੈਕਿੰਡ ਟੀਚਰ ਨਿਯੁਕਤ ਹੋਏ। ੧੮੮੬ ਈਸਵੀ ਵਿਚ 'ਖਾਲਸਾ ਅਖਬਾਰ' ਪ੍ਰੋ. ਗੁਰਮੁਖ ਸਿੰਘ ਦੀ ਸੰਪਾਦਨਾ ਹੇਠ ਸ਼ੁਰੂ ਹੋਇਆ। ਕੁਝ ਸਮੇਂ ਪਿਛੋਂ ਇਸ ਦੀ ਸੰਪਾਦਨਾ ਗਿਆਨੀ ਦਿੱਤ ਸਿੰਘ ਨੂੰ ਸੌਂਪ ਦਿੱਤੀ ਗਈ। ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਜਵਾਹਰ ਸਿੰਘ ਤੇ ਭਾਈ ਮਈਆ ਸਿੰਘ ਚਹੁੰਆਂ ਜਣਿਆਂ ਦੀ ਆਪਸੀ ਸਾਂਝ ਤੇ ਅਪਣੱਤ ਇੰਨੀ ਡੂੰਘੀ ਸੀ ਕਿ ਵਿਰੋਧੀ ਇਨ੍ਹਾਂ ਨੂੰ 'ਚੰਡਾਲ ਚੌਕੜੀ' ਕਿਹਾ ਕਰਦੇ ਸਨ।

ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਚਿੰਤਤ ਕੁਝ ਪੰਥ-ਹਿਤੈਸ਼ੀਆਂ ਨੇ ਅੰਮ੍ਰਿਤਸਰ ਅਤੇ ਲਾਹੌਰ ਦੋਹਾਂ ਸਿੰਘ ਸਭਾਵਾਂ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਨ ਲਈ ਪ੍ਰੇਰਿਆ। ਸਿੱਟੇ ਵਜੋਂ ੧੧ ਅਪ੍ਰੈਲ ੧੮੮੦ ਈਸਵੀ ਨੂੰ ਸ੍ਰੀ ਗੁਰੂ ਸਿੰਘ ਸਭਾ (ਜਨਰਲ) ਅੰਮ੍ਰਿਤਸਰ ਦੀ ਸਥਾਪਨਾ ਹੋਈ, ਜਿਸ ਵਿਚ ਸਿੰਘ ਸਭਾ ਲਾਹੌਰ ਦੀ ਤਰਫੋਂ ਪ੍ਰੋ. ਗੁਰਮੁਖ ਸਿੰਘ, ਭਾਈ ਹਰਸਾ ਸਿੰਘ, ਗਿਆਨੀ ਦਿੱਤ ਸਿੰਘ ਜਿਹੇ ਸੱਜਣ ਸ਼ਾਮਲ ਹੋਏ ਪਰ ਅਫਸੋਸਨਾਕ ਗੱਲ ਇਹ ਹੋਈ ਕਿ ਇਸ ਇਕੱਤਰਤਾ ਤੋਂ ਬਾਅਦ ਜਨਰਲ ਸਭਾ ਨੇ ਕੋਈ ਸਰਗਰਮੀ ਨਾ ਦਿਖਾਈ। ਸੋ ਵੱਖ-ਵੱਖ ਸਿੰਘ ਸਭਾਵਾਂ ਦੇ ਕਾਰਜ ਨੂੰ ਵਧੇਰੇ ਸੁਚਾਰੂ ਬਣਾਉਣ ਹਿਤ ਪੰਥ-ਦਰਦੀਆਂ ਨੇ ਇਕ ਹੋਰ ਹੰਭਲਾ ਮਾਰਿਆ ਅਤੇ ੧੧ ਅਪ੍ਰੈਲ ੧੮੮੩ ਈਸਵੀ ਨੂੰ ਇਕ ਨਵੀਂ ਜਥੇਬੰਦੀ 'ਖਾਲਸਾ ਦੀਵਾਨ, ਅੰਮ੍ਰਿਤਸਰ' ਦੀ ਨੀਂਹ ਰੱਖੀ ਗਈ। ਪ੍ਰੋ. ਗੁਰਮੁਖ ਸਿੰਘ ਇਸ ਦੇ ਸਕੱਤਰ ਬਣਾਏ ਗਏ। ਭਾਵੇਂ ਸਿੰਘ ਸਭਾਵਾਂ ਨੂੰ ਜਥੇਬੰਦ ਕਰਨ ਦਾ ਉਪਰਾਲਾ ਪ੍ਰੋ. ਗੁਰਮੁਖ ਸਿੰਘ ਨੇ ਕੀਤਾ ਸੀ, ਪਰ ਵੱਡੇ ਅਹੁਦਿਆਂ 'ਤੇ ਅੰਮ੍ਰਿਤਸਰੀ ਧੜਾ ਕਾਬਜ਼ ਹੋ ਗਿਆ ਸੀ। ਇਸ ਧੜੇ ਦੇ ਆਗੂ ਬ੍ਰਾਹਮਣੀ ਪ੍ਰਭਾਵ ਅਧੀਨ ਜਾਤ-ਪਾਤ, ਊਚ-ਨੀਚ, ਮੂਰਤੀ-ਪੂਜਾ ਆਦਿ ਵਿਚ ਵਿਸ਼ਵਾਸ ਰਖਦੇ ਸਨ। ਅੰਮ੍ਰਿਤਸਰੀ ਧੜੇ ਦੇ ਆਗੂ ਰਾਜਾ ਬਿਕਰਮ ਸਿੰਘ ਫਰੀਦਕੋਟ ਅਤੇ ਬਾਬਾ ਖੇਮ ਸਿੰਘ ਬੇਦੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਗੱਦੀ ਲਾ ਕੇ ਬੈਠਦੇ ਸਨ, ਜਦ ਕਿ ਪ੍ਰੋ. ਗੁਰਮੁਖ ਸਿੰਘ ਅਤੇ ਉਹਨਾਂ ਦੇ ਸਹਿਯੋਗੀ ਇਸ ਦੀ ਵਿਰੋਧਤਾ ਕਰਦੇ ਸਨ। ਸਿਧਾਂਤਕ ਵਖਰੇਵੇਂ ਕਾਰਨ ਅੰਮ੍ਰਿਤਸਰੀ ਧੜਾ ਖਾਲਸਾ ਦੀਵਾਨ ਦੇ ਉਦੇਸ਼ਾਂ ਦੀ ਪੂਰਤੀ ਲਈ ਅੜਿੱਕਾ ਬਣਿਆ ਹੋਇਆ ਸੀ। ਇਸ ਦੇ ਫਲਸਰੂਪ ੧੧ ਅਪ੍ਰੈਲ ੧੮੮੬ ਈਸਵੀ ਨੂੰ 'ਖਾਲਸਾ ਦੀਵਾਨ, ਲਾਹੌਰ' ਦੀ ਸਥਾਪਨਾ ਹੋਈ। ਮਹਾਰਾਜਾ ਹੀਰਾ ਸਿੰਘ ਨਾਭਾ ਇਸ ਦੇ ਸਰਪ੍ਰਸਤ, ਸ: ਅਤਰ ਸਿੰਘ ਭਦੌੜ ਪ੍ਰਧਾਨ ਅਤੇ ਪ੍ਰੋ. ਗੁਰਮੁਖ ਸਿੰਘ ਸਕੱਤਰ ਨਿਯਤ ਕੀਤੇ ਗਏ। ਲਗਭਗ ੩੦ ਸਿੰਘ ਸਭਾਵਾਂ ਨੇ ਆਪਣੇ ਆਪ ਨੂੰ ਖਾਲਸਾ ਦੀਵਾਨ, ਅੰਮ੍ਰਿਤਸਰ ਤੋਂ ਅਲਹਿਦਾ ਕਰਕੇ ਖਾਲਸਾ ਦੀਵਾਨ, ਲਾਹੌਰ ਨਾਲ ਜੋੜ ਲਿਆ।

ਹੁਣ ਪ੍ਰੋ. ਗੁਰਮੁਖ ਸਿੰਘ ਅਜ਼ਾਦ ਹੋ ਕੇ, ਇਕਾਗਰਤਾ ਨਾਲ ਸਿੱਖੀ ਦੇ ਪ੍ਰਚਾਰ, ਸਿੱਖ ਇਤਿਹਾਸ ਦੀ ਖੋਜ-ਪੜਤਾਲ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੰਮ ਕਰਨ ਲੱਗੇ। ਖਾਲਸਾ ਦੀਵਾਨ, ਲਾਹੌਰ ਦੀਆਂ ਸਰਗਰਮੀਆਂ ਖਾਲਸਾ ਦੀਵਾਨ, ਅੰਮ੍ਰਿਤਸਰ ਦੇ ਮੁਖੀਆਂ ਦੀਆਂ ਅੱਖਾਂ ਵਿਚ ਰੜਕਣ ਲੱਗੀਆਂ ਕਿਉਂਕਿ ਖਾਲਸਾ ਦੀਵਾਨ, ਲਾਹੌਰ ਵਲੋਂ ਜਾਤ-ਪਾਤ, ਊਚ-ਨੀਚ, ਛੂਤ-ਛਾਤ, ਮੂਰਤੀ-ਪੂਜਾ, ਦੇਹਧਾਰੀ ਗੁਰੂਆਂ 'ਦਾ ਜ਼ੋਰਦਾਰ ਖੰਡਨ ਕੀਤਾ ਜਾਂਦਾ ਸੀ। ਅੰਮ੍ਰਿਤਸਰੀ ਧੜੇ ਦੇ ਆਗੂ ਇਨ੍ਹਾਂ ਸਾਰੀਆਂ ਕੁਰੀਤੀਆਂ ਦੇ ਆਪ ਸ਼ਿਕਾਰ ਸਨ। ਇਸ ਲਈ ਉਹ ਲਾਹੌਰ ਧੜੇ ਵਲੋਂ ਕੀਤੇ ਜਾਂਦੇ ਗੁਰਮਤਿ ਪ੍ਰਚਾਰ ਨੂੰ ਠੱਲ੍ਹ ਪਾਉਣ ਲਈ ਮੌਕੇ ਦੀ ਤਾਕ ਵਿਚ ਸਨ। ਇਸੇ ਦੌਰਾਨ ਮਾਸਕ ਪੱਤਰ 'ਸੁਧਾਰਾਰਕ' ਦੇ ਇਕ ਅੰਕ ਵਿਚ ਪ੍ਰੋ. ਗੁਰਮੁਖ ਸਿੰਘ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪੁਜਾਰੀਆਂ ਵਲੋਂ ਕੀਤੀਆਂ ਜਾਂਦੀਆਂ ਕੁਰੀਤੀਆਂ ਅਤੇ ਮੂਰਤੀ ਪੂਜਾ ਦੀ ਕਰੜੀ ਨਿਖੇਧੀ ਕਰਦਿਆਂ, ਸ੍ਰੀ ਦਰਬਾਰ ਸਾਹਿਬ ਵਿਖੇ ਗੁਰਮਤਿ ਮਰਿਯਾਦਾ ਦੀ ਬਹਾਲੀ ਲਈ ਸਿੱਖ ਸੰਗਤਾਂ ਨੂੰ ਪੁਰਜ਼ੋਰ ਅਪੀਲ ਕੀਤੀ। ਅੰਮ੍ਰਿਤਸਰ ਧੜੇ ਨੇ ਇਸ ਨੂੰ ਸਿੱਖੀ ਵਿਰੋਧੀ ਜਤਨ ਗਰਦਾਨ ਕੇ ਇਸ ਵਿਰੁੱਧ ਵਾਵੇਲਾ ਖੜਾ ਕਰ ਦਿੱਤਾ। ਪ੍ਰੋ. ਗੁਰਮੁਖ ਸਿੰਘ ਦੇ ਖਿਲਾਫ ਬੇਤੁਕੇ ਦੋਸ਼ ਲਾ ਕੇ ਉਸ ਨੂੰ ਸਿੱਖ ਵਿਰੋਧੀ ਦੱਸਿਆ ਗਿਆ ਅਤੇ ਅਖੀਰ ੧੮ ਮਾਰਚ ੧੮੮੭ ਈਸਵੀ ਨੂੰ ਸ੍ਰੀ ਅਕਾਲ ਤਖ਼ਤ ਅਤੇ ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀਆਂ ਤੋਂ ਪ੍ਰੋ. ਗੁਰਮੁਖ ਸਿੰਘ ਨੂੰ ਖਾਲਸਾ ਪੰਥ ਵਿਚੋਂ ਛੇਕਣ ਦਾ ਐਲਾਨ ਕਰਵਾ ਦਿੱਤਾ।* ਪਰ ਸਿੱਖਾਂ ਨੂੰ ਬ੍ਰਾਹਮਣਵਾਦ ਦੇ ਭਰਮ ਜਾਲ ਵਿਚੋਂ ਕੱਢਣ ਵਾਲਾ ਕਾਫਲਾ ਹੁਣ ਤਕ ਕਾਫੀ ਲੰਬਾ ਹੋ ਚੁੱਕਾ ਸੀ। ਇਸੇ ਸਾਲ ਵਿਸਾਖੀ ਦੇ ਜੋੜ ਮੇਲੇ 'ਤੇ ਲਾਹੌਰ, ਪਟਿਆਲਾ, ਜਲੰਧਰ, ਲੁਧਿਆਣਾ, ਤਰਨ ਤਾਰਨ, ਅੰਬਾਲਾ, ਭਿੰਡਰ ਆਦਿ ੧੯ ਸਿੰਘ ਸਭਾਵਾਂ ਨੇ ਸਮੂਹਿਕ ਰੂਪ 'ਚ ਅੰਮ੍ਰਿਤਸਰੀ ਧੜੇ ਦੀ ਇਸ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ। ਪ੍ਰੋ. ਗੁਰਮੁਖ ਸਿੰਘ ਨੇ ਵੀ ਅੰਮ੍ਰਿਤਸਰੀ ਧੜੇ ਵਲੋਂ ਕੀਤੀ ਜਾ ਰਹੀ ਵਿਰੋਧਤਾ ਤੋਂ ਬੇਪਰਵਾਹ ਹੋ ਕੇ ਖਾਲਸਾ ਦੀਵਾਨ ਲਾਹੌਰ ਦੀਆਂ ਧਾਰਮਿਕ, ਸਮਾਜਕ ਤੇ ਵਿਦਿਅਕ ਸਰਗਰਮੀਆਂ ਪਹਿਲਾਂ ਨਾਲੋਂ ਵੀ ਤੇਜ਼ ਕਰ ਦਿੱਤੀਆਂ।

ਪੰਜਾਬ ਵਿਚ ਇਸ ਸਮੇਂ ਵਿਦਿਅਕ ਲਹਿਰ ਵੀ ਜ਼ੋਰਾਂ 'ਤੇ ਸੀ। ਪੰਜਾਬੀ ਬੋਲੀ ਤੇ ਸਾਹਿਤ ਦੇ ਵਿਕਾਸ ਲਈ ਪ੍ਰੋ. ਗੁਰਮੁਖ ਸਿੰਘ ਦੇ ਜਤਨਾਂ ਨਾਲ ਲਾਹੌਰ ਵਿਖੇ 'ਪੰਜਾਬੀ ਪ੍ਰਚਾਰਨੀ ਸਭਾ' ੧੮੮੨ ਵਿਚ ਸਥਾਪਤ ਹੋ ਚੁੱਕੀ ਸੀ। ਉਨ੍ਹਾਂ ਦੇ ਉਪਰਾਲੇ ਸਦਕਾ ਹੀ ਓਰੀਐਂਟਲ ਕਾਲਜ ਵਿਚ ਪੰਜਾਬੀ ਵੀ ਪੜ੍ਹਾਈ ਜਾਣ ਲੱਗ ਪਈ ਸੀ। ਪ੍ਰੋ. ਗੁਰਮੁਖ ਸਿੰਘ ੧੮੯੦ ਈਸਵੀ ਨੂੰ ਬਣਾਈ ਗਈ ਮੁਢਲੀ 'ਖਾਲਸਾ ਕਾਲਜ ਅਸਥਾਪਨ ਕਮੇਟੀ' ਦੇ ਰੂਹੇ-ਰਵਾਂ ਸਨ। ਭਾਵੇਂ ਪੁਜਾਰੀਆਂ ਵਲੋਂ ਸਿੱਖ ਸੰਗਤਾਂ ਨੂੰ ਭੜਕਾਇਆ ਗਿਆ ਕਿ ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ 'ਤਨਖਾਹੀਏ' ਹੋਣ ਕਾਰਨ, ਉਨ੍ਹਾਂ ਨੂੰ ਖਾਲਸਾ ਕਾਲਜ

---

*ਇਥੇ ਇਹ ਵਰਣਨ ਯੋਗ ਹੈ ਕਿ ਸਤੰਬਰ ੧੯੯੫ ਵਿਚ ਅੰਮ੍ਰਿਤਸਰ ਵਿਖੇ ਹੋਏ 'ਵਿਸ਼ਵ ਸਿੱਖ ਸੰਮੇਲਨ' ਦੌਰਾਨ ਪ੍ਰੋ. ਗੁਰਮੁਖ ਸਿੰਘ ਜੀ ਦੀਆਂ ਪੰਥਕ-ਸੇਵਾਵਾਂ ਦੀ ਭਰਪੂਰ ਸ਼ਲਾਘਾ ਕਰਦਿਆਂ, ਪੰਥਕ ਪਰਿਵਾਰ ਨਾਲ ਉਨ੍ਹਾਂ ਦੇ ਅਟੁੱਟ ਰਿਸ਼ਤੇ ਨੂੰ ਪੂਰੀ ਸ਼ਿੱਦਤ ਪ੍ਰਵਾਨ ਕੀਤਾ ਗਿਆ ਹੈ।

ਲਈ ਚੰਦਾ ਨਾ ਦਿੱਤਾ ਜਾਵੇ ਪਰ ਅਸਲੀਅਤ ਤੋਂ ਜਾਣੂੰ ਹੋਣ ਕਾਰਨ ਸਿੱਖ ਸੰਗਤਾਂ 'ਤੇ ਇਸ ਦਾ ਕੋਈ ਅਸਰ ਨਾ ਹੋਇਆ। ਅਖੀਰ ਪ੍ਰੋ: ਗੁਰਮੁਖ ਸਿੰਘ ਜਿਹੇ ਪੰਥ-ਸੇਵਕਾਂ ਦੇ ਅਣਥੱਕ ਜਤਨਾਂ ਦੇ ਸਿੱਟੇ ਵਜੋਂ ੫ ਮਾਰਚ ੧੮੯੨ ਈਸਵੀ ਨੂੰ ਅੰਮ੍ਰਿਤਸਰ ਵਿਖੇ ਖਾਲਸਾ ਕਾਲਜ ਦੀ ਨੀਂਹ ਰੱਖੀ ਗਈ। ਇਸ ਤੋਂ ਇਲਾਵਾ ਉਨ੍ਹਾਂ ਬੰਦ ਹੋ ਚੁਕੇ 'ਖਾਲਸਾ ਅਖ਼ਬਾਰ' ਨੂੰ ਗਿਆਨੀ ਦਿੱਤ ਸਿੰਘ ਦੀ ਸੰਪਾਦਨਾ ਹੇਠ, ਪਹਿਲੀ ਮਈ ੧੮੯੪ ਤੋਂ ਮੁੜ ਪ੍ਰਕਾਸ਼ਤ ਕਰਵਾਇਆ ਅਤੇ ਜੁਲਾਈ ੧੮੯੫ ਵਿਚ 'ਖਾਲਸਾ ਪ੍ਰੈਸ' ਨੂੰ ਨਵੇਂ ਸਿਰਿਓਂ ਚਾਲੂ ਕਰਾਇਆ। ਪ੍ਰੋ. ਗੁਰਮੁਖ ਸਿੰਘ ਨੇ 'ਖਾਲਸਾ ਧਰਮ ਉਪਦੇਸ਼' ਅਤੇ 'ਲਾਸਾਨੀ ਕਰਾਮਾਤ' ਮੌਲਿਕ ਰਚਨਾਵਾਂ ਤੋਂ ਬਿਨਾਂ ਕਈ ਅਨੁਵਾਦਿਤ ਪੁਸਤਕਾਂ ਵੀ ਲਿਖੀਆਂ ਹਨ, ਜਿਵੇਂ — ਇੰਗਲੈਂਡ ਦਾ ਇਤਿਹਾਸ, ਜੋਤਸ਼ ਵਿਗਿਆਨ, ਤ੍ਰਿਕੋਨ ਮਿਤੀ, ਰਾਜਨੀਤਕ-ਅਰਥ ਵਿਗਿਆਨ, ਗੁਰਬਰਸ ਅਥਵਾ ਸੰਕ੍ਰਾਂਤੀ ਪੱਤਰ। ਇਸ ਤੋਂ ਇਲਾਵਾ ਅਖਬਾਰੀ ਨਿਬੰਧਾਂ, ਭੂਮਿਕਾਵਾਂ ਦੇ ਰੂਪ ਵਿਚ ਵੀ ਉਨ੍ਹਾਂ ਦੀ ਰਚਨਾ ਬਾਰੇ ਵਿਦਵਾਨਾਂ ਨੇ ਜ਼ਿਕਰ ਕੀਤਾ ਹੈ।

੧੦ ਜੂਨ ੧੮੯੬ ਈਸਵੀ ਨੂੰ ਖਾਲਸਾ ਦੀਵਾਨ ਲਾਹੌਰ ਦੇ ਪ੍ਰਧਾਨ ਸ੍ਰ. ਅਤਰ ਸਿੰਘ ਭਦੌੜ ਦੇ ਅਕਾਲ-ਚਲਾਣੇ ਉਪਰੰਤ ਜਥੇਬੰਦੀ ਦਾ ਸਾਰਾ ਕਾਰਜ-ਭਾਰ ਪ੍ਰੋ. ਗੁਰਮੁਖ ਸਿੰਘ ਦੇ ਮੋਢਿਆਂ 'ਤੇ ਆਣ ਪਿਆ। ਦਿਨ-ਰਾਤ ਕੰਮ ਕਰਨ ਕਰਕੇ ਇਨ੍ਹਾਂ ਦੀ ਸਿਹਤ ਖਰਾਬ ਰਹਿਣ ਲੱਗੀ ਅਤੇ ਮਾਇਕ ਹਾਲਤ ਵੀ ਬਹੁਤ ਜ਼ਿਆਦਾ ਵਿਗੜ ਗਈ ਪਰ ਫਿਰ ਵੀ ਪ੍ਰੋ. ਗੁਰਮੁਖ ਸਿੰਘ ਦੁਖਾਂ-ਤਕਲੀਫਾਂ ਤੋਂ ਬੇਪਰਵਾਹ ਹੋ ਕੇ ਪੰਥਕ ਸੇਵਾ ਵਿਚ ਜੁਟੇ ਰਹੇ। ਸਤੰਬਰ ੧੮੯੮ ਈਸਵੀ ਵਿਚ ਆਪ ਮਹਾਰਾਜਾ ਧੌਲਪੁਰ ਤੋਂ ਚੰਦਾ ਲੈਣ ਲਈ ਚਾਇਲ ਵਿਖੇ ਗਏ ਤਾਂ ਵਾਪਸੀ 'ਤੇ ਸਿਹਤ ਦੀ ਖਰਾਬੀ ਕਾਰਨ ਕੰਡਾ ਘਾਟ (ਜ਼ਿਲ੍ਹਾ ਸ਼ਿਮਲਾ) ਵਿਖੇ ਠਹਿਰ ਗਏ। ੨੩ ਸਤੰਬਰ ਦੀ ਰਾਤ ਤਕ ਕੰਮ ਕਰਦੇ ਰਹੇ। ਅਗਲੇ ਦਿਨ ਭਾਵ ੨੪ ਸਤੰਬਰ ੧੮੯੮ ਨੂੰ ਅੰਬਾਲੇ ਜਾਣ ਦਾ ਵਿਚਾਰ ਸੀ ਪਰ ਰਾਤੀਂ ਦਿਲ ਦੀ ਹਰਕਤ ਬੰਦ ਹੋ ਜਾਣ ਕਾਰਨ ਸੁੱਤੇ ਪਏ ਹੀ ਅਕਾਲ-ਚਲਾਣਾ ਕਰ ਗਏ।

ਸਿੱਖ ਪੰਥ ਦੇ ਇਸ ਅਣਥੱਕ ਸੇਵਾਦਾਰ ਅਤੇ ਸੱਚੇ-ਸੁੱਚੇ ਗੁਰਸਿੱਖ ਦਾ ਬੇਵਕਤ ਅਕਾਲ-ਚਲਾਣਾ, ਪੰਥ-ਦਰਦੀਆਂ ਲਈ ਅਸਹਿ ਸੱਟ ਅਤੇ ਨਾ ਪੂਰਾ ਹੋਣ ਵਾਲਾ ਘਾਟਾ ਸਾਬਤ ਹੋਇਆ। ਉਹ ਜਿਥੇ ਨਿਮਰਤਾ ਦੇ ਪੁੰਜ ਅਤੇ ਸੰਤੁਲਤ ਸੋਚ ਦੇ ਮਾਲਕ ਸਨ, ਉਥੇ ਇਕ ਸੁਯੋਗ ਅਧਿਆਪਕ, ਪੰਜਾਬੀ ਭਾਸ਼ਾ ਦੇ ਸੁਹਿਰਦ ਹਿਤੈਸ਼ੀ, ਇਤਿਹਾਸ ਦੇ ਬੇਬਾਕ ਖੋਜੀ ਅਤੇ ਅਣਥੱਕ ਪ੍ਰਚਾਰਕ ਸਨ। ਉਨ੍ਹਾਂ ਨੇ ਸਿੱਖੀ ਅਤੇ ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਲਈ ਬੇਮਿਸਾਲ ਘਾਲਣਾ ਘਾਲੀ। ਸਿੱਖ ਪੰਥ ਵਿਚ ਧਾਰਮਿਕ, ਵਿਦਿਅਕ ਅਤੇ ਸਮਾਜਕ ਸੁਧਾਰ ਲਿਆਉਣ ਵਾਲੀ ਇਕ ਜਬਰਦਸਤ ਲਹਿਰ "ਸਿੰਘ ਸਭਾ ਲਹਿਰ" ਪ੍ਰੋ. ਗੁਰਮੁਖ ਸਿੰਘ ਜਿਹੇ 'ਗੁਰਮੁਖੀ' ਜਿਊੜਿਆਂ ਦੀ ਮਿਹਨਤ ਦਾ ਫਲ ਹੀ ਕਿਹਾ ਜਾ ਸਕਦਾ ਹੈ। ਇਤਿਹਾਸ ਗਵਾਹ ਹੈ ਕਿ ਬਾਅਦ ਵਿਚ ਪ੍ਰਗਟ ਹੋਈਆਂ ਲਹਿਰਾਂ, ਜਿਵੇਂ ਚੀਫ਼ ਖਾਲਸਾ ਦੀਵਾਨ ਦੀ ਵਿਦਿਅਕ ਲਹਿਰ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਅਤੇ ਅਕਾਲੀ ਲਹਿਰ ਦੀਆਂ ਜੜ੍ਹਾਂ "ਸਿੰਘ ਸਭਾ ਲਹਿਰ" ਵਿਚ ਹੀ ਲੱਗੀਆਂ ਹੋਈਆਂ ਹਨ। ਨਿਰਸੰਦੇਹ ਪ੍ਰੋ. ਗੁਰਮੁਖ ਸਿੰਘ ਜਿਹੇ

ਗੁਰਸਿੱਖਾਂ ਦੀਆਂ ਘਾਲਣਾਵਾਂ ਹਮੇਸ਼ਾਂ ਲਈ ਪੰਥ-ਦਰਦੀਆਂ ਨੂੰ ਗੁਰਮਤਿ ਪ੍ਰਚਾਰ ਲਈ ਹਿੰਮਤ, ਲਗਨ ਤੇ ਉਤਸ਼ਾਹ ਬਖਸ਼ਦੀਆਂ ਰਹਿਣਗੀਆਂ !

ਸਹਾਇਕ ਪੁਸਤਕਾਂ

੧. ਡਾ: ਗੁਰਦੇਵ ਸਿੰਘ ਸਿੱਧੂ, ਪ੍ਰੋ: ਗੁਰਮੁਖ ਸਿੰਘ : ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੮੯।

੨. ਡਾ. ਜਗਜੀਤ ਸਿੰਘ, ਸਿੰਘ ਸਭਾ ਲਹਿਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਜੁਲਾਈ ੧੯੭੪।

੩. ਸਿੰਘ ਸਭਾ ਲਹਿਰ, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ।

੪. ਸਮਸ਼ੇਰ ਸਿੰਘ ਅਸ਼ੋਕ, "ਸਿੰਘ ਸਭਾ ਲਹਿਰ ਤੇ ਭਾਈ ਗੁਰਮੁਖ ਸਿੰਘ" 'ਗੁਰਮਤਿ ਪ੍ਰਕਾਸ਼' ਜੁਲਾਈ ੧੯੭੩।

ਗਿਆਨੀ ਦਿੱਤ ਸਿੰਘ ਜੀ

ਗਿਆਨੀ ਦਿੱਤ ਸਿੰਘ ਦਾ ਜਨਮ ੨੧ ਅਪਰੈਲ, ੧੮੫੨ ਈ. ਅਨੰਦਪੁਰ ਕਲੋੜ, ਰਿਆਸਤ ਪਟਿਆਲਾ ਵਿਖੇ ਭਾਈ ਦੀਵਾਨ ਸਿੰਘ ਦੇ ਘਰ ਹੋਇਆ। ਗਿਆਨੀ ਜੀ ਬਚਪਨ ਤੋਂ ਹੀ ਤੀਖਣ ਸੂਝ-ਬੂਝ ਦੇ ਮਾਲਕ ਸਨ। ਤੀਖਣ ਬੁਧੀ ਦੇਖ ਕੇ ਪਿਤਾ ਜੀ ਨੇ ਪਿੰਡ ਤਿਉੜ ਜ਼ਿਲ੍ਹਾ ਅੰਬਾਲਾ ਦੇ ਮਹਾਤਮਾ ਗੁਰਬਖਸ਼ ਸਿੰਘ, ਜੋ ਗੁਲਾਬ-ਦਾਸੀ ਕਹਾਉਂਦਾ ਸੀ, ਪਾਸ ਗੁਰਬਾਣੀ ਅਧਿਐਨ ਲਈ ਭੇਜ ਦਿੱਤਾ। ਆਪ ਦੀ ਉਮਰ ਉਸ ਸਮੇਂ ਦਸ ਸਾਲ ਸੀ। ਆਪ ਜੀ ਨੇ ਡੇਰਿਆਂ ਦੀ ਵਿਦਿਆ ਪ੍ਰਣਾਲੀ ਅਨੁਸਾਰ ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ, ਭਾਈ ਗੁਰਦਾਸ ਦੀਆਂ ਵਾਰਾਂ ਆਦਿ ਦਾ ਅਧਿਐਨ ਕੀਤਾ। ਇਥੇ ਲਗਭਗ ਛੇ ਸਾਲ ਰਹੇ। ਇਸ ਸਮੇਂ ਅੰਦਰ ਹੀ ਉਰਦੂ, ਪੰਜਾਬੀ, ਪਿੰਗਲ, ਵਿਆਕਰਣ, ਵੇਦਾਂਤ ਅਤੇ ਰਾਜਨੀਤੀ ਦੇ ਗ੍ਰੰਥਾਂ ਦਾ ਅਧਿਐਨ ਕੀਤਾ। ੧੭-੧੮ ਸਾਲ ਦੀ ਉਮਰ ਵਿਚ ਹੀ ਆਪ ਜੀ ਨੇ ਡੇਰੇ ਵਿਚ ਮਾਨ-ਪ੍ਰਤਿਸ਼ਠਾ ਪ੍ਰਾਪਤ ਕਰ ਲਈ ਸੀ।

ਸਿੱਖਾਂ ਦੀ ਹਾਲਤ ਉਸ ਸਮੇਂ ਬਹੁਤ ਚੰਗੀ ਨਹੀਂ ਸੀ। ਡੋਗਰਿਆਂ ਤੇ ਕੁਝ ਸਿੱਖਾਂ ਦੀ ਗਦਾਰੀ ਕਾਰਨ ੧੮੪੯ ਈ. ਵਿੱਚ ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਵੱਡੇ ਵੱਡੇ ਈਸਾਈ ਪਾਦਰੀ ਪੰਜਾਬ ਵਿਚ ਪ੍ਰਚਾਰ ਹਿਤ ਆ ਰਹੇ ਸਨ। ਮੌਕਾ-ਪ੍ਰਸਤ ਬਣੇ ਸਿੱਖ ਦੁਬਾਰਾ ਹਿੰਦੂ ਬਣਦੇ ਜਾ ਰਹੇ ਸਨ। ਸਿੱਖ ਅੰਗਰੇਜ਼ ਫੌਜ ਵਿਚ ਭਰਤੀ ਹੋਣ ਲਗ ਪਏ ਸਨ। ਅੰਗਰੇਜ਼ਾਂ ਦੀ ਵੀ ਚਾਲ ਸੀ ਕਿ ਸਿੱਖ ਇਕੱਠੇ ਨਾ ਹੋਣ। ਨਾਮਧਾਰੀ ਲਹਿਰ ਨੇ ਅੰਗਰੇਜ਼ਾਂ ਦੇ ਜ਼ੁਲਮ ਵਿਰੁੱਧ ਅਵਾਜ਼ ਉਠਾਈ ਪਰ ਈਸਾਈ ਪ੍ਰਚਾਰ ਦਾ ਮੁਕਾਬਲਾ ਨਾ ਕਰ ਸਕੀ।

ਆਰੀਆ ਸਮਾਜੀ ਸੁਆਮੀ ਦਯਾ ਨੰਦ ਨੇ ਸਾਰੇ ਭਾਰਤ ਦਾ ਦੌਰਾ ਕੀਤਾ ਪ੍ਰੰਤੂ ਪੂਰੀ ਕਾਮਯਾਬੀ ਪੰਜਾਬ ਵਿਚ ਸਿੱਖਾਂ ਦੇ ਸਹਿਯੋਗ ਨਾਲ ਹੋਈ ਕਿਉਂਕਿ ਸਿੱਖ ਵੀ ਮੂਰਤੀ ਪੂਜਕ ਨਹੀਂ ਸਨ। ਗੁਲਾਬ ਦਾਸੀਏ ਆਰੀਆ ਸਮਾਜੀਆਂ ਦੇ ਪ੍ਰਭਾਵ ਅਧੀਨ ਹੋਣ ਕਰਕੇ ਗਿਆਨੀ ਜੀ ਨੂੰ ਉਨ੍ਹਾਂ ਵਲੋਂ ਕੰਮ ਕਰਨਾ ਪਿਆ।

ਪ੍ਰੋ. ਗੁਰਮੁਖ ਸਿੰਘ ਲਾਹੌਰ ਓਰੀਐਂਟਲ ਕਾਲਜ ਵਿਖੇ ਪੜ੍ਹਾਉਂਦੇ ਸਨ। ਗਿਆਨੀ ਜੀ ਦੀ ਉਨ੍ਹਾਂ ਨਾਲ ਭੇਂਟ ਹੋਈ। ਪ੍ਰੋ. ਸਾਹਿਬ ਦੀ ਪ੍ਰੇਰਨਾ ਦਾ ਸਦਕਾ ਉਨ੍ਹਾਂ ਨੇ ਗਿਆਨੀ ਦੀ ਪ੍ਰੀਖਿਆ ਪਾਸ ਕਰ ਲਈ ਅਤੇ ਕਾਲਜ ਵਿਚ ਹੀ ਗੁਰਮਤਿ ਸਿਧਾਂਤਾਂ ਉਤੇ ਲੈਕਚਰ ਦੇਣੇ ਸ਼ੁਰੂ ਕੀਤੇ। ਸਮਾਂ ਪਾ ਕੇ ਕਾਲਜ ਵਿਚ ਹੀ ਧਾਰਮਕ ਪ੍ਰੋਫੈਸਰ ਦੀ ਡਿਊਟੀ ਲਗ ਗਈ। ਦੋ

ਕੁ ਸਾਲਾਂ ਅੰਦਰ ਹੀ ਆਪ ਦੀ ਵਿਦਵਤਾ ਦੀਆਂ ਧੁੰਮਾਂ ਪੈ ਗਈਆਂ। ਆਰੀਆ ਸਮਾਜੀ ਵੀ ਆਪਣੇ ਪ੍ਰਚਾਰ ਵਿਚ ਲਗੇ ਹੋਏ ਸਨ। ਉਨ੍ਹਾਂ ਦਾ ਸਿਧਾਂਤ ਅਕਾਲ ਪੁਰਖ ਦੀ ਬਜਾਏ ਕੁਦਰਤ ਤਕ ਹੀ ਸੀਮਤ ਸੀ। ਮੁੰਡਨ ਸੰਸਕਾਰ ਦੇ ਪੱਕੇ ਹਾਮੀ ਸਨ। ਸੁਆਮੀ ਦਯਾ ਨੰਦ ਆਪਣੇ ਆਪ ਨੂੰ ਬਹੁਤ ਵੱਡਾ ਵਿਦਵਾਨ ਸਮਝਦਾ ਸੀ। ਉਸਨੇ ਆਪਣੀ ਪੁਸਤਕ 'ਸਤਿਆਰਥ ਪ੍ਰਕਾਸ਼' ਵਿਚ ਸਾਰੇ ਧਰਮਾਂ ਅਤੇ ਧਾਰਮਕ ਨੇਤਾਵਾਂ ਉਤੇ ਟਿੱਪਣੀ ਕਰਦਿਆਂ ਕਈ ਥਾਈਂ ਬੜੀ ਇਤਰਾਜ਼ਯੋਗ ਭਾਸ਼ਾ ਵਰਤੀ ਹੈ। ਉਸ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਅਨਪੜ੍ਹ ਕਿਹਾ ਹੈ। ਦੂਰ-ਅੰਦੇਸ਼ ਸਿੱਖ ਉਸ ਦੇ ਪ੍ਰਚਾਰ ਨੂੰ ਸਿੱਖੀ ਲਈ ਮਾਰੂ ਸਮਝਦੇ ਸਨ। ਦਯਾ ਨੰਦ ਨੇ ਇਸਲਾਮ ਦੇ ਖਿਲਾਫ ਲਿਖਿਆ ਤਾਂ ਮੁਸਲਮਾਨਾਂ ਨੇ ਚਾਰ ਆਰੀਆ ਸਮਾਜੀ ਕਤਲ ਕਰ ਦਿਤੇ।

ਨਾਮਧਾਰੀ ਲਹਿਰ ਦੇ ਹੋਂਦ ਵਿਚ ਆਉਣ ਨਾਲ ਇਕ ਹੋਰ ਸਮੱਸਿਆ ਸਾਹਮਣੇ ਆਈ ਜਿਵੇਂ ਕਿ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਬਾਦ ਗੁਰਗੱਦੀ ਨੂੰ ਸ਼ਖ਼ਸੀ ਰੂਪ ਵਿਚ ਜਾਰੀ ਮੰਨਦੇ ਹਨ। ਨਿਰੰਕਾਰੀ ਲਹਿਰ ਵਿਚ ਵੀ ਆਪਣੇ ਆਪ ਅਵਤਾਰਵਾਦ ਦੀਆਂ ਕੁਝ ਖਾਮੀਆਂ ਆਉਣ ਲਗ ਪਈਆਂ ਸਨ। ਤੀਸਰਾ, ਆਰੀਆ ਸਮਾਜ ਦਾ ਵੀ ਸਿੱਖਾਂ ਨਾਲ ਬੁਨਿਆਦੀ ਅਸੂਲਾਂ ਵਿਚ ਮਤਭੇਦ ਸੀ। ਇਸੇ ਤਰ੍ਹਾਂ ਗੁਰੂ ਅੰਸ਼ ਵੀ ਆਪਣੀ ਪੂਜਾ-ਪ੍ਰਤਿਸ਼ਠਾ ਕਾਇਮ ਰੱਖਣ ਲਈ ਆਪਣਾ ਪ੍ਰਚਾਰ ਕਰ ਰਹੇ ਸਨ। ਸਿੱਖਾਂ ਦੀਆਂ ਕਮਜ਼ੋਰੀਆਂ ਕਾਰਨ ਈਸਾਈ ਪਾਦਰੀਆਂ ਨੇ ਫਾਇਦਾ ਉਠਾਇਆ। ਉਨ੍ਹਾਂ ਦੀਆਂ ਗਤੀਵਿਧੀਆਂ ਦੇ ਫਲਸਰੂਪ ਮਿਸ਼ਨ ਸਕੂਲ ਅੰਮ੍ਰਿਤਸਰ ਵਿਖੇ ਚਾਰ ਸਿੱਖ ਲੜਕੇ ਈਸਾਈ ਬਣਨ ਲਈ ਤਿਆਰ ਹੋ ਗਏ ਸਨ। ਬੜੀ ਕੋਸ਼ਿਸ਼ ਨਾਲ ਉਨ੍ਹਾਂ ਨੂੰ ਪਤਿਤ ਹੋਣ ਤੋਂ ਬਚਾਇਆ ਗਿਆ। ਇਸ ਘਟਨਾ ਨੇ ਸਿੱਖ ਲਹਿਰ ਨੂੰ ਟੁੰਬਿਆ ਅਤੇ ਚੇਤੰਨ ਕਰ ਦਿਤਾ ਕਿ ਜੇਕਰ ਇਹ ਮਾਰੂ ਹਮਲੇ ਨਾ ਰੋਕੇ ਤਾਂ ਭਿਆਨਕ ਸਿੱਟੇ ਨਿਕਲ ਸਕਦੇ ਹਨ।

੧੮੭੪ ਈ. ਵਿਚ ਸਿੱਖ ਮੁਖੀਆਂ ਵੱਲੋਂ ਅੰਮ੍ਰਿਤਸਰ ਸਿੰਘ ਸਭਾ ਕਾਇਮ ਹੋਈ। ਗਿ: ਦਿੱਤ ਸਿੰਘ ਦੇ ਸਿੱਖੀ ਵਿਚ ਪੂਰਨ ਤੌਰ 'ਤੇ ਆਉਣ ਨਾਲ ਗੁਲਾਬਦਾਸੀਆਂ ਨੇ ਉਨ੍ਹਾਂ ਦੇ ਖਿਲਾਫ ਪ੍ਰਚਾਰ ਕੀਤਾ। ਗਿਆਨੀ ਜੀ 'ਤੇ ਗੁਰੂ ਬਣਨ ਦਾ ਇਲਜ਼ਾਮ ਲਾਇਆ। ਗਿਆਨੀ ਜੀ ਨੇ ਇਸਦਾ ਉੱਤਰ ਬੜੀ ਦ੍ਰਿੜ੍ਹਤਾ ਨਾਲ ਦਿਤਾ ਤੇ ਕਿਹਾ ਕਿ ਮੈਂ ਪਹਿਲਾਂ ਤੋਂ ਕਬਰਾਂ ਪੂਜਣ ਦੇ ਖਿਲਾਫ ਸੀ।

ਆਰੀਆ ਸਮਾਜੀਆਂ ਦੇ ਪ੍ਰਚਾਰ ਕਾਰਨ ਸਿੱਖ ਧੜਾ-ਧੜ ਪਤਿਤ ਹੋ ਰਹੇ ਸਨ। ਸਿੰਘ ਸਭਾ ਲਹਿਰ ਨੇ ਕੌਮ ਨੂੰ ਨਵੇਂ ਸਿਰਿਓਂ ਸੰਗਠਤ ਕਰਨ ਦਾ ਯਤਨ ਕੀਤਾ। ਗਿਆਨੀ ਦਿੱਤ ਸਿੰਘ ਜੀ ਨੇ ਆਰੀਆ ਸਮਾਜੀਆਂ ਨਾਲ ਟੱਕਰ ਲਈ ਅਤੇ ਉਨ੍ਹਾਂ ਦੇ ਪ੍ਰਚਾਰ ਨੂੰ, ਜੋ ਗੁਮਰਾਹ ਕਰਨ ਵਾਲਾ ਸੀ, ਹਾਰ ਦਿੱਤੀ। ਗਿਆਨੀ ਜੀ ਨੇ ਸੁਆਮੀ ਦਯਾ ਨੰਦ ਨਾਲ ਸਮੇਂ-ਸਮੇਂ ਤਿੰਨ ਵਾਰੀ ਤਕੜੀ ਬਹਿਸ ਕੀਤੀ ਤੇ ਹਾਰ ਦਿੱਤੀ। ਇਸ 'ਤੇ ਆਰੀਆ ਸਮਾਜੀਆਂ ਨੇ ਗਿਆਨੀ ਦਿੱਤ ਸਿੰਘ ਨੂੰ ਆਰੀਆ ਸਮਾਜੀਆਂ ਦਾ ਹੀ ਬਾਗੀ ਪੁਰਸ਼ ਆਖਿਆ।

ਅੰਮ੍ਰਿਤਸਰ ਦੀ ਸਿੰਘ ਸਭਾ ਜੋ ੧੮੭੪ ਈ. ਵਿਚ ਬਣੀ ਸੀ, ਢਿੱਲੀ ਪੈ ਗਈ। ਲਾਹੌਰ

ਦੀ ਸਿੰਘ ਸਭਾ ਕੰਮ ਕਰ ਰਹੀ ਸੀ। ੧੮੭੯ ਈ. ਵਿੱਚ ਲਾਹੌਰ ਵਿਖੇ ਲਾਹੌਰ ਸਿੰਘ ਸਭਾ ਬਣਾ ਲਈ। ੧੮੮੦ ਈ. ਵਿਚ ਲਾਹੌਰ ਤੋਂ ਗੁਰਮੁਖੀ ਦਾ ਪਹਿਲਾ ਅਖ਼ਬਾਰ 'ਖਾਲਸਾ ਅਖ਼ਬਾਰ' ਦੇ ਨਾਮ ਹੇਠ ਕੱਢਿਆ ਗਿਆ। ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਵਲੋਂ ਸਿੱਖੀ ਪ੍ਰਤੀ ਮਜ਼ਮੂਨ ਛਪਣੇ ਸ਼ੁਰੂ ਹੋਏ। ਨਤੀਜੇ ਵਜੋਂ ਹਰ ਸ਼ਹਿਰ ਵਿਖੇ ਸਿੰਘ ਸਭਾਵਾਂ ਬਣਨੀਆਂ ਸ਼ੁਰੂ ਹੋਈਆਂ। ਇਨ੍ਹਾਂ ਸਿੰਘ ਸਭਾਵਾਂ ਦੇ ਮੁੱਖ ਮੰਤਵ ਸਿੱਖੀ ਅਸੂਲਾਂ ਦਾ ਪ੍ਰਚਾਰ ਕਰਨਾ ਸੀ ਅਤੇ ਜਾਤ-ਪਾਤ ਦੇ ਖਿਲਾਫ ਅਵਾਜ ਉਠਾਣੀ ਸੀ। ਸਿੱਖੀ ਦੀ ਇਸ ਲਹਿਰ ਨਾਲ ਸੁਆਮੀ ਦਯਾ ਨੰਦ ਨੂੰ ਬੜਾ ਧੱਕਾ ਲੱਗਾ। ਪਹਿਲਾਂ ਉਹ ਆਪਣੇ ਭਾਸ਼ਨ ਸਿੱਖ ਅਸਥਾਨਾਂ 'ਤੇ ਕਰਦਾ ਸੀ ਪਰ ਹੁਣ ਸਿੱਖਾਂ ਦੀ ਸ਼ਕਲ ਤੋਂ ਵੀ ਡਰਦਾ ਸੀ।

ਸਿੰਘ ਸਭਾ ਲਹਿਰ ਦੇ ਪ੍ਰਚਾਰ ਵਿਚ ਸਿੱਖ ਪੁਜਾਰੀਆਂ ਦੀਆਂ ਵਧੀਕੀਆਂ ਵੀ ਨੰਗੀਆਂ ਕੀਤੀਆਂ ਜਾਂਦੀਆਂ ਸਨ। ਇਸੇ ਕਾਰਨ ਉਨ੍ਹਾਂ ਨੇ ਗਿਆਨੀ ਜੀ ਦੇ ਭਾਸ਼ਨਾਂ 'ਤੇ ਗੁਰਦੁਆਰਿਆਂ ਵਿਚ ਬੰਧਸ਼ ਲਾ ਦਿੱਤੀ। ਇਸੇ ਲਹਿਰ ਦੇ ਪ੍ਰਭਾਵ ਅਧੀਨ ਬਾਬਾ ਖੇਮ ਸਿੰਘ ਬੇਦੀ ਦੀ ਮਾਨ-ਪ੍ਰਤਿਸ਼ਠਾ ਘਟਣ ਲਗੀ। ਲਾਹੌਰ ਸਿੰਘ ਸਭਾ ਨੇ ਸਮਾਂ ਪਾ ਕੇ 'ਚੀਫ ਖਾਲਸਾ ਦੀਵਾਨ' ਬਣਾ ਲਿਆ। ਸਿੱਖੀ ਪ੍ਰਚਾਰ ਦੀਆਂ ਗਤੀ-ਵਿਧੀਆਂ ਤੇਜ ਹੋ ਗਈਆਂ। ਅਛੂਤ ਉਧਾਰ, ਅਨੰਦ ਵਿਆਹ, ਖੰਡੇ-ਬਾਟੇ ਦਾ ਅੰਮ੍ਰਿਤ ਛਕਣ 'ਤੇ ਜ਼ੋਰ ਦਿਤਾ ਜਾਣ ਲੱਗਾ। ਲਾਹੌਰ ਵਿਚ ਪ੍ਰੈਸ ਖੋਲ੍ਹ ਦਿਤਾ। 'ਖਾਲਸਾ ਅਖ਼ਬਾਰ' ਵਿਚ ਸਿੱਖ ਪੁਜਾਰੀਆਂ ਦੀਆਂ ਵਧੀਕੀਆਂ ਵਿਰੁੱਧ ਅਤੇ ਗੁਰੂ-ਡੰਮ੍ਹ ਦੇ ਖਿਲਾਫ ਲੇਖ ਬੇਦੀ "ਸਾਹਿਬਜਾਦਿਆਂ" ਨੂੰ ਸਤਾਉਣ ਲਗੇ। ਸਿੱਖ ਮਹਾਰਾਜੇ ਅੰਦਰ ਗਤੀ ਗੁਰੂ-ਡੰਮ੍ਹ ਦੇ ਖਿਲਾਫ ਸਨ, ਪ੍ਰੰਤੂ ਬਾਹਰੋਂ ਕੁਝ ਨਹੀਂ ਸਨ ਕਹਿੰਦੇ।

ਮਹਾਰਾਜਾ ਫਰੀਦਕੋਟ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਵਾਉਣਾ ਚਾਹਿਆ ਤੇ ਵਿਦਵਾਨਾਂ ਦਾ ਇਕੱਠ ਕੀਤਾ। ਇਸ ਵਿੱਚ ਪ੍ਰੋ. ਗੁਰਮੁਖ ਸਿੰਘ ਵੀ ਸ਼ਾਮਲ ਹੋਏ। ਬਾਕੀ ਸਾਰੇ ਵਿਦਵਾਨ ਸਨਾਤਨੀ ਵਿਚਾਰਾਂ ਦੇ ਹਾਮੀ ਸਨ। ਪ੍ਰੋ. ਸਾਹਿਬ ਦਾ ਵਿਚਾਰ ਸੀ ਕਿ ਸਨਾਤਨੀ ਵਿਚਾਰਾਂ ਦੇ ਵਿਦਵਾਨ ਟੀਕੇ ਨਾਲ ਇਨਸਾਫ ਨਹੀਂ ਕਰ ਸਕਦੇ। ੧੮੮੬ ਈ. ਵਿਚ ਕੰਵਰ ਬਿਕਰਮ ਸਿੰਘ ਅਕਾਲ-ਚਲਾਣਾ ਕਰ ਗਏ। ਬਾਬਾ ਖੇਮ ਸਿੰਘ ਬੇਦੀ ਨੇ ਮੀਟਿੰਗ ਬੁਲਾਈ ਤੇ ਅੰਮ੍ਰਿਤਸਰ ਦੇ ਪੁਜਾਰੀਆਂ ਨੇ ਉਨ੍ਹਾਂ ਦਾ ਸਾਥ ਦਿਤਾ। ਮਤਾ ਪਾਸ ਹੋ ਗਿਆ ਕਿ ਪ੍ਰੋ. ਗੁਰਮੁਖ ਸਿੰਘ ਨੂੰ ਸਿੱਖੀ ਤੋਂ ਛੇਕ ਦਿਤਾ ਜਾਏ।

੧੭ ਅਗਸਤ, ੧੮੮੭ ਨੂੰ ਅਕਾਲ ਤਖਤ, ਦਰਬਾਰ ਸਾਹਿਬ, ਬਾਬਾ ਅਟੱਲ, ਝੰਡਾ ਬੁੰਗਾ ਤੇ ਸ਼ਹੀਦ ਗੰਜ ਦੇ ਪੁਜਾਰੀਆਂ ਦੇ ਦਸਖਤਾਂ ਹੇਠ ਇਕ ਹੁਕਮਨਾਮਾ ਜਾਰੀ ਹੋਇਆ ਜਿਸ ਦੁਆਰਾ ਪ੍ਰੋ. ਗੁਰਮੁਖ ਸਿੰਘ ਨੂੰ ਸਿੱਖੀ ਤੋਂ ਛੇਕ ਦਿੱਤਾ। ਇਸ ਵਧੀਕੀ ਨੂੰ ਗਿਆਨੀ ਦਿੱਤ ਸਿੰਘ ਨੇ ਸਟੇਜਾਂ ਰਾਹੀਂ ਤੇ ਅਖ਼ਬਾਰਾਂ ਰਾਹੀਂ ਉਭਾਰਿਆ ਤੇ ਅਖੌਤੀ ਹੁਕਮਨਾਮੇ ਦੀ ਮੁਖ਼ਾਲਫਤ ਕੀਤੀ। ਗੁਰੂ-ਡੰਮ ਦੇ ਹਾਮੀਆਂ ਹੋਰ ਸਰਦਾਰਾਂ ਨੂੰ ਵੀ ਭੰਡਿਆ। ਇਕ ਨਾਟਕ ਲਿਖਿਆ ਤੇ ਖੇਡਿਆ। ਇਸਦੇ ਪਾਤਰ ਸਾਰੇ ਵਿਰੋਧੀ ਧੜਿਆਂ ਦੀ ਪ੍ਰਤੀਨਿਧਤਾ ਕਰਦੇ ਸਨ। ਇਸ ਨਾਟਕ ਦੇ ਦਿਖਾਉਣ ਉਪਰੰਤ ਬੇਦੀ ਪਰਿਵਾਰ, ਮਹੰਤ ਸੁਮੇਰ ਸਿੰਘ ਪਟਨੇ ਵਾਲੇ ਤੇ ਬਾਬਾ ਖੇਮ ਸਿੰਘ ਬੇਦੀ ਨੇ ਉਦੈ ਸਿੰਘ ਬੇਦੀ ਨੂੰ ਅੱਗੇ ਲਾਇਆ ਤੇ ਗਿਆਨੀ ਦਿੱਤ ਸਿੰਘ ਦੇ ਵਿਰੁਧ ਮੁਕੱਦਮਾ ਕਰ ਦਿਤਾ, ਜਿਸ ਨਾਲ ਲਾਹੌਰ ਪ੍ਰੈਸ ਤੇ ਅਖ਼ਬਾਰ ਦੋਵੇਂ ਬੰਦ ਹੋ ਗਏ।

ਤਿੰਨੇ ਤਾਕਤਾਂ ਆਰੀਆ ਸਮਾਜੀ, ਗੁਲਾਬਦਾਸੀਏ ਅਤੇ ਗੁਰੂ-ਅੰਸ ਗਿਆਨੀ ਜੀ ਦੇ ਖਿਲਾਫ਼ ਹੋ ਗਈਆਂ। ਮੁਕੱਦਮੇ ਵਿਚ ਪ੍ਰੋ. ਗੁਰਮੁਖ ਸਿੰਘ ਨੇ ਮਦਦ ਕੀਤੀ। ਅਖੀਰ ਫੈਸਲੇ ਵਿਚ ੫੧ ਰੁਪਏ ਜੁਰਮਾਨਾ ਹੋਇਆ ਤੇ ਉਹ ਵੀ ਅਪੀਲ ਕਰਕੇ ਮਾਫ ਕਰਵਾ ਲਿਆ। ਮੁੜ ਉਸੇ ਤਰ੍ਹਾਂ ਪ੍ਰਚਾਰ ਸ਼ੁਰੂ ਹੋਇਆ। ਉਸ ਸਮੇਂ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚ ਬੁੱਤ ਰੱਖੇ ਹੋਏ ਸਨ। ਮੂਰਤੀ ਪੂਜਾ ਹੁੰਦੀ ਸੀ। ਛੂਤ-ਛਾਤ ਦਾ ਭੇਦ ਕੀਤਾ ਜਾਂਦਾ ਸੀ। ਅਛੂਤਾਂ ਦੀ ਅਰਦਾਸ ਨਹੀਂ ਸੀ ਹੁੰਦੀ। ਗਿਆਨੀ ਦਿੱਤ ਸਿੰਘ ਨੇ ਪ੍ਰੈਸ ਤੇ ਅਖ਼ਬਾਰ ਮੁੜ ਚਾਲੂ ਕਰਕੇ ਗੁਰਮਤਿ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ, ਗੁਰਮਤਿ ਵਿਚਾਰ ਦੇ ਵਿਰੋਧੀਆਂ ਨੂੰ ਤਨਖਾਹੀਏ ਤੇ ਕੁਰਹਿਤੀਏ ਕਹਿਣਾ ਸ਼ੁਰੂ ਕੀਤਾ। ਲਿਤਾੜੇ ਤੇ ਪਿਛਾੜੇ ਲੋਕਾਂ ਅੰਦਰ ਜਾਗਰਤੀ ਲਿਆਂਦੀ। ਅਕਾਲੀ ਲਹਿਰ ਦਾ ਮੁੱਢ ਬੱਝਣਾ ਸ਼ੁਰੂ ਹੋਇਆ।

ਅੰਮ੍ਰਿਤਸਰ ਤੇ ਲਾਹੌਰ ਦੀਆਂ ਸਿੰਘ ਸਭਾਵਾਂ ਹੁਣ ਇਕ ਸਨ। ਵਿਦਿਅਕ ਸੰਸਥਾ ਬਾਰੇ ਸੋਚ ਹੋਣ ਲੱਗੀ ਤਾਂ ਕਿ ਸਿੱਖ ਸਭਿਆਚਾਰ ਦਾ ਪ੍ਰਸਾਰ ਹੋਵੇ। ਜ਼ਰੂਰੀ ਵੀ ਸੀ ਕਿ ਸਿੱਖ ਬੱਚਿਆਂ ਨੂੰ ਆਪਣੇ ਵਿਰਸੇ ਤੋਂ ਜਾਣੂੰ ਕਰਵਾਇਆ ਜਾਵੇ।

ਲਾਰੰਸ ਹਾਲ ਵਿਚ ਸਿੱਖ ਬੁੱਧੀਜੀਵੀਆਂ ਤੇ ਸਰਮਾਏਦਾਰਾਂ ਦਾ ਭਾਰੀ ਇਕੱਠ ਹੋਇਆ, ਵਿਚਾਰ ਹੋਇਆ ਕਿ ਕਾਲਜ ਖੋਲ੍ਹਿਆ ਜਾਵੇ। ਕਾਲਜ ਦੀ ਸਥਾਪਨਾ ਲਈ ਕਮੇਟੀ ਬਣੀ, ਜਿਸਦੇ ਚੇਅਰਮੈਨ ਬਾਬਾ ਖੇਮ ਸਿੰਘ ਬੇਦੀ ਥਾਪੇ ਜੋ ਸਿੰਘ ਸਭਾ ਲਾਹੌਰ ਵਾਲਿਆਂ ਦੇ ਵਿਰੁੱਧ ਸਨ ਤੇ ਸਕੱਤਰ ਲਾਹੌਰ ਤੋਂ ਲਏ ਗਏ ਪਰ ਆਪਸੀ ਮਤਭੇਦ ਹੋਣ ਕਰਕੇ ਗੱਲ ਸਿਰੇ ਨਾ ਚੜ੍ਹੀ।

੨੦ ਫਰਵਰੀ, ੧੮੯੦ ਨੂੰ ਉਚੇਚੀ ਇਕੱਤਰਤਾ ਬੁਲਾਈ ਗਈ, ਜਿਸਦੇ ਪ੍ਰਧਾਨ ਸਰ ਅਤਰ ਸਿੰਘ ਭਦੌੜ ਵਾਲੇ ਥਾਪੇ ਗਏ। ਕਾਲਜ ਦੀ ਗੱਲ ਚੱਲੀ। ਫਿਰ ਮੱਤਭੇਦ ਹੋ ਗਿਆ ਕਿ ਕਾਲਜ ਅੰਮ੍ਰਿਤਸਰ ਖੁਲ੍ਹੇ ਜਾਂ ਲਾਹੌਰ? ਸਰਦਾਰ ਦਿਆਲ ਸਿੰਘ ਮਜੀਠੀਆਂ ਲੱਖਾਂ ਰੁਪਏ ਇਸ ਸੰਸਥਾ ਨੂੰ ਦੇਣਾ ਚਾਹੁੰਦਾ ਸੀ, ਇਸ ਸ਼ਰਤ 'ਤੇ ਕਿ ਕਾਲਜ ਦਾ ਨਾਂ ਦਿਆਲ ਸਿੰਘ ਮਜੀਠੀਆਂ ਕਾਲਜ ਹੋਵੇ। ਗਿਆਨੀ ਦਿੱਤ ਸਿੰਘ ਜੀ ਤੇ ਪ੍ਰੋ: ਗੁਰਮੁਖ ਸਿੰਘ ਅੜ ਗਏ ਕਿ ਕਾਲਜ ਦਾ ਨਾਂ ਖਾਲਸਾ ਕਾਲਜ ਹੋਵੇਗਾ। ਇਸ ਮੌਕੇ ਦਾ ਫਾਇਦਾ ਆਰੀਆ ਸਮਾਜੀ ਉਠਾ ਗਏ। ਉਨ੍ਹਾਂ ਲਾਹੌਰ ਵਿਚ ਦਿਆਲ ਸਿੰਘ ਮਜੀਠੀਆਂ ਦੇ ਨਾਂ 'ਤੇ ਕਾਲਜ ਖੋਲ੍ਹ ਦਿਤਾ।

ਇਧਰ ਗਿਆਨੀ ਦਿੱਤ ਸਿੰਘ ਤੇ ਪ੍ਰੋ. ਗੁਰਮੁਖ ਸਿੰਘ ਖਾਲਸਾ ਕਾਲਜ ਦੀ ਤਿਆਰੀ ਕਰਨ ਲਗ ਪਏ। ਲੱਖਾਂ ਰੁਪਏ ਇਕੱਠੇ ਹੋ ਗਏ। ੫ ਮਾਰਚ, ੧੮੯੨ ਨੂੰ ਪੰਜਾਬ ਦੇ ਗਵਰਨਰ ਸਰ ਜੇਮਜ਼ ਬ੍ਰਾਡਵੁਡ ਲਾਇਲ ਨੇ ਅੰਮ੍ਰਿਤਸਰ ਤੋਂ ਲਾਹੌਰ ਜਾਣ ਵਾਲੀ ਜਰਨੈਲੀ ਸੜਕ 'ਤੇ ਇਸ ਕਾਲਜ ਦਾ ਨੀਂਹ-ਪੱਥਰ ਰੱਖ ਦਿਤਾ। ੨੨ ਅਕਤੂਬਰ, ੧੮੯੩ ਵਿਚ ਹਾਈ ਸਕੂਲ ਦੀ ਸ਼ਕਲ ਵਿਚ ਕਾਲਜ ਦੀ ਅਰੰਭਕ ਰਸਮ ਅਦਾ ਕੀਤੀ।

ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਪੁਜਾਰੀ ਦੁਰਕਾਰਦੇ ਸਨ, ਜਿਸ ਕਾਰਨ ਉਹ ਈਸਾਈ ਮੱਤ ਵੱਲ ਪਰੇਰੇ ਜਾਂਦੇ ਸਨ। ਗਿਆਨੀ ਦਿੱਤ ਸਿੰਘ ਨੇ ਜ਼ਬਰਦਸਤ ਕਦਮ ਉਠਾਇਆ। ਉਨ੍ਹਾਂ ਪਛੜੀਆਂ ਸ਼੍ਰੇਣੀਆਂ ਨੂੰ ਸਿੱਖੀ ਵੱਲ ਪ੍ਰੇਰਤ ਕਰਨਾ ਸ਼ੁਰੂ ਕੀਤਾ। ਅਕਾਲੀ ਲਹਿਰ ਮਜ਼ਬੂਤ ਹੁੰਦੀ ਗਈ ਤੇ ਪੁਜਾਰੀ ਸ਼੍ਰੇਣੀ ਦਾ ਖਾਤਮਾ ਹੋ ਗਿਆ।

ਗਿਆਨੀ ਦਿੱਤ ਸਿੰਘ ਨੇ ਸਮਾਜਕ ਕੁਰੀਤੀਆਂ ਵਿਰੁੱਧ ਲੈਕਚਰ ਦਿਤੇ। ਲੇਖਾਂ ਤੇ ਕਵਿਤਾਵਾਂ ਰਾਹੀਂ ਪ੍ਰਚਾਰ ਕੀਤਾ। ਗਿਆਨੀ ਜੀ ਫੌਜ ਵਿਚ ਵੀ ਸਿੱਖਾਂ ਨੂੰ ਗੁਰਮਤਿ ਦੀ ਜਾਣਕਾਰੀ ਦਿੰਦੇ ਰਹੇ। ੧੯੧੯-੧੯੨੫ ਅਕਾਲੀ ਲਹਿਰ ਵਿਚ ਜੋ ਹਿੱਸਾ ਫੌਜੀਆਂ ਨੇ ਪਾਇਆ, ਉਹ ਗਿਆਨੀ ਦਿੱਤ ਸਿੰਘ ਜੀ ਦੇ ਹੀ ਪ੍ਰਚਾਰ ਦਾ ਸਿੱਟਾ ਸੀ। ਗਿਆਨੀ ਜੀ ਦੇ ਪ੍ਰਚਾਰ ਦਾ ਸਿੱਟਾ ਸੀ ਕਿ ਕਾਫੀ ਹਿੰਦੂ ਵੀ ਸਿੱਖੀ ਵਿਚ ਆ ਗਏ।

ਲਾਹੌਰ ਖਾਲਸਾ ਦੀਵਾਨ ਦੀ ਜਿੰਦ ਜਾਨ ਸਰ ਅਤਰ ਸਿੰਘ ਭਦੌੜ ਦਾ ੧੮੯੫ ਈ. ਵਿਚ ਅਕਾਲ-ਚਲਾਣਾ ਹੋ ਗਿਆ। ੧੮੯੬ ਈ. ਵਿਚ ਪ੍ਰੋ. ਗੁਰਮੁਖ ਸਿੰਘ ਵੀ ਅਕਾਲ-ਚਲਾਣਾ ਕਰ ਗਏ। ਹਾਲਾਤ ਖਰਾਬ ਹੁੰਦੇ ਗਏ। ੧੯੦੧ ਈ. ਵਿਚ ਅਖ਼ਬਾਰ ਵੀ ਬੰਦ ਹੋ ਗਿਆ, ੬ ਸਤੰਬਰ, ੧੯੦੬ ਗਿਆਨੀ ਦਿੱਤ ਸਿੰਘ ਵੀ ਅਕਾਲ-ਚਲਾਣਾ ਕਰ ਗਏ। ਉਨ੍ਹਾਂ ਦੀ ਮੌਤ ਨਾਲ ਸਿੱਖ ਕੌਮ ਨੂੰ ਇਕ ਬਹੁਤ ਵੱਡਾ ਧੱਕਾ ਲੱਗਾ।

ਗਿਆਨੀ ਦਿੱਤ ਸਿੰਘ ਦੀਆਂ ਰਚਨਾਵਾਂ ਬਹੁਪੱਖੀ ਹਨ। ਸ੍ਰੀ ਗੁਰੂ ਨਾਨਕ ਸਾਹਿਬ, **ਸ੍ਰੀ ਗੁਰੂ ਅਮਰਦਾਸ ਸਾਹਿਬ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿ ਰਾਇ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ, ਭਾਰਤ ਮੰਗਲ, ਕਲਗੀਧਰ ਉਪਕਾਰ** ਆਦਿ ਤੋਂ ਇਲਾਵਾ ਇਤਿਹਾਸਕ ਪੱਖ ਤੋਂ **ਸਿੰਘਣੀਆਂ ਦਾ ਸਿਦਕ, ਭਾਈ ਤਾਰਾ ਸਿੰਘ ਦੀ ਸ਼ਹੀਦੀ, ਸਿੱਖ ਬੱਚੇ ਦੀ ਸ਼ਹੀਦੀ** ਆਦਿ ਪੁਸਤਕਾਂ ਲਿਖੀਆਂ। ਭਾਈ ਸੁਬੇਗ ਸਿੰਘ ਦੀ ਸ਼ਹੀਦੀ, ਮੀਰਾ ਕੋਟੀਏ ਮਹਿਤਾਬ ਸਿੰਘ ਦੀ ਸ਼ਹੀਦੀ, ਭਾਈ ਤਾਰੂ ਸਿੰਘ ਦੀ ਸ਼ਹੀਦੀ ਅਤੇ ਭਾਈ ਬੋਤਾ ਸਿੰਘ ਦੀ ਸ਼ਹੀਦੀ ਬਾਰੇ ਵੀ ਪੁਸਤਕਾਂ ਲਿਖੀਆਂ।

ਇਸ ਤੋਂ ਇਲਾਵਾ **ਪਲਟਨ ੧੫ ਦੀ ਬਹਾਦਰੀ, ਪੰਥ ਸੁਧਾਰ ਬਿਨੈ ਪੱਤਰ, ਦੰਭ ਬਿਦਾਰਨ, ਦੁਰਗਾ ਪ੍ਰਬੋਧ, ਨਕਲੀ ਸਿੱਖ ਪ੍ਰਬੋਧ, ਹਮ ਹਿੰਦੂ ਨਹੀਂ, ਆਰਤੀ ਖੰਡਨ, ਅੰਮ੍ਰਿਤ ਵਧਾਈ, ਭਗਤ ਮੰਗਲ, ਖਾਲਸਾ ਧਰਮ ਸੰਸਕਾਰ ਵਿਧੀ, ਪੰਥ ਤੇ ਵਾਰ, ਬਿਨੈ ਪੱਤਰ, ਸੁਲਤਾਨ ਪੁਆੜਾ, ਰਾਜ ਪ੍ਰਬੋਧ, ਸਮੱਸਿਆ ਪੂਰਤੀ, ਖਾਲਸਾ ਪੱਤਰ, ਨਵਾਂ ਨਕਲੀ ਸਿੱਖ ਪ੍ਰਬੋਧ, ਰਾਜ ਪ੍ਰਬੋਧ, ਸਾਧੂ ਦਯਾ ਨੰਦ ਨਾਲ ਸੰਵਾਦ, ਡਰਪੋਕ ਸਿੰਘ** ਆਦਿ ਕੋਈ ੩੦ ਪੁਸਤਕਾਂ ਲਿਖੀਆਂ।

ਗਿਆਨੀ ਜੀ ਦੀ ਸ਼ਖ਼ਸੀਅਤ ਵਿਚ ਕਈ ਪੱਖ ਉਘੜ ਕੇ ਸਾਹਮਣੇ ਆਉਂਦੇ ਹਨ। ਉਨ੍ਹਾਂ ਨੇ ਕੌਮ ਲਈ ਜੋ ਕੰਮ ਕੀਤਾ, ਉਹ ਬੜਾ ਹੀ ਅਸਰ-ਭਰਪੂਰ ਸੀ। ਗਿਆਨੀ ਜੀ ਨੇ ਔਖੇ ਸਮੇਂ ਵਿਚ ਕੌਮ ਦੀ ਸੇਵਾ ਕੀਤੀ।

ਗਿਆਨੀ ਜੀ ਤੀਖਣ ਬੁੱਧੀ ਦੇ ਮਾਲਕ, ਹਾਜ਼ਰ-ਜੁਆਬ ਤੇ ਵਿਦਵਾਨ ਸਨ। ਉਹ ਦੂਰ-ਅੰਦੇਸ਼ ਸਨ। ਸਿੱਖੀ ਦੀ ਨਿਘਰਦੀ ਹਾਲਤ ਨੂੰ ਦੇਖ ਕੇ ਇਸ ਦੇ ਸੁਧਾਰ ਲਈ ਰਾਤ-ਦਿਨ ਕੰਮ ਕੀਤਾ। ਕੌਮ ਨੂੰ ਗੁਰਬਾਣੀ ਦੇ ਲੜ ਲਾ ਦਿੱਤਾ। ਗੁਰਮਤਿ ਰਹਿਣੀ 'ਤੇ ਡੱਟ ਕੇ ਪਹਿਰਾ ਦਿਤਾ।

ਗਿਆਨੀ ਜੀ ਸੱਚੀ ਗੱਲ ਮੂੰਹ 'ਤੇ ਕਹਿ ਦਿੰਦੇ ਸਨ। ਬਾਬਾ ਖੇਮ ਸਿੰਘ ਬੇਦੀ, ਤੇ ਮਹੰਤ ਸੁਮੇਰ ਸਿੰਘ ਉਸ ਵਕਤ ਦੀਆਂ ਉੱਘੀਆਂ ਹਸਤੀਆਂ ਸਨ। ਆਪ ਉਨ੍ਹਾਂ ਦੇ ਗੁਰੂ-ਡੰਮ ਦੇ ਵਿਚਾਰ ਖਿਲਾਫ ਡਟ ਗਏ। ਗੁਰਦੁਆਰਿਆਂ ਦੇ ਪੁਜਾਰੀਆਂ ਤੋਂ ਡਰੇ ਨਹੀਂ, ਉਨ੍ਹਾਂ

ਦੀ ਵਧੀਕੀਆਂ ਵਿਰੁੱਧ ਖੁਲ੍ਹ ਕੇ ਪ੍ਰਚਾਰ ਕੀਤਾ।

ਆਪ ਇਕ ਚੰਗੇ ਮਿੱਤਰ ਸਨ। ਸਮੇਂ ਦੇ ਖੁਦਗਰਜ਼ ਪੁਜਾਰੀਆਂ ਵਲੋਂ ਉਨ੍ਹਾਂ ਵਿਰੁੱਧ ਹੁਕਮਨਾਮਾ ਕੱਢਿਆ ਗਿਆ ਪ੍ਰੰਤੂ ਉਹ ਡਰੇ ਨਹੀਂ। ਮਹੰਤਾਂ ਵਿਰੁੱਧ ਡਟ ਕੇ ਪ੍ਰਚਾਰ ਕੀਤਾ। ਪ੍ਰੋ. ਗੁਰਮੁਖ ਸਿੰਘ ਨਾਲ ਅਖੀਰ ਤਕ ਮਿੱਤਰਤਾ ਨਿਭਾਈ। ਆਪ ਜੀ ਨੂੰ ਗੁਰਬਾਣੀ 'ਤੇ ਪੂਰਨ ਸ਼ਰਧਾ ਸੀ। ਦ੍ਰਿੜ ਇਰਾਦੇ ਵਾਲਾ ਸਭ ਕੁਝ ਹਾਰ ਕੇ ਵੀ ਦਿਲ ਨਹੀਂ ਹਾਰਦਾ। ਆਪ ਨੇ ਮੁਕੱਦਮੇ ਲੜੇ, ਗਰੀਬੀ ਕੱਟੀ, ਮੁਸੀਬਤਾਂ ਝਲੀਆਂ ਪ੍ਰੰਤੂ ਦਿਲ ਨਹੀਂ ਹਾਰਿਆ।

ਗਿਆਨੀ ਜੀ ਇਕ ਚੰਗੇ ਸੁਧਾਰਕ ਸਨ। ਅਨਮਤੀਆਂ, ਕਰਮ ਕਾਂਡੀਆਂ ਤੇ ਕੁਰੀਤੀਆਂ ਕਰਨ ਵਾਲਿਆਂ ਦੇ ਸਖਤ ਵਿਰੁੱਧ ਸਨ। ਆਪ ਨੇ ਅੰਮ੍ਰਿਤ ਪ੍ਰਚਾਰ ਤੇ ਅਨੰਦ ਵਿਆਹ ਦਾ ਪ੍ਰਚਾਰ ਕੀਤਾ। ਪਛੜੀਆਂ ਸ਼੍ਰੇਣੀਆਂ ਨੂੰ ਸਿੱਖੀ ਦੇ ਲੜ ਲਾ ਕੇ ਸਿੱਖੀ ਵਿਚ ਵਾਧਾ ਕੀਤਾ।

ਗਿਆਨੀ ਜੀ ਨੇ ਔਖੇ ਸਮਿਆਂ ਅੰਦਰ ਸਿੱਖੀ ਦੀਆਂ ਜੜ੍ਹਾਂ ਮਜਬੂਤ ਕੀਤੀਆਂ, ਜਦ ਕਿ ਪ੍ਰਚਾਰ ਦੇ ਸਾਧਨ ਇਤਨੇ ਸੁਖਾਵੇਂ ਨਹੀਂ ਸਨ ਤੇ ਵਿਰੋਧੀ ਤਾਕਤਾਂ ਵੀ ਬੜੀਆਂ ਡੱਟੀਆਂ ਹੋਈਆਂ ਸਨ। ਉਨ੍ਹਾਂ ਵਲੋਂ ਕੀਤੀ ਕੌਮ ਸੇਵਾ ਹਮੇਸ਼ਾਂ ਲਈ ਸਤਿਕਾਰੀ ਜਾਂਦੀ ਰਹੇਗੀ।

ਭਾਈ ਕਾਨ੍ਹ ਸਿੰਘ ਜੀ ਨਾਭਾ

ਸ਼ਖ਼ਸੀਅਤਾਂ, ਕਿਸੇ ਜਾਤ, ਖੇਤਰ, ਦੇਸ਼, ਕੌਮ ਦਾ ਅਮੁੱਲਾ ਵਿਰਸਾ ਹੁੰਦੀਆਂ ਹਨ। ਸ਼ਖ਼ਸੀਅਤਾਂ ਦੀ ਕਿਸੇ ਕਾਲ, ਕਿਸੇ ਦੇਸ਼ ਵਿੱਚ ਕਦੇ ਅਣਹੋਂਦ ਨਹੀਂ ਹੋਈ, ਕਦੇ ਥੁੜ੍ਹ ਨਹੀਂ ਆਈ। ਕੁਝ ਵਿਚਿਤ੍ਰ ਸ਼ਖ਼ਸੀਅਤਾਂ ਆਪਣੇ ਕਾਲ ਅਤੇ ਦੇਸ਼ ਤੋਂ ਬੇ-ਨਿਆਜ਼ ਹੱਦਾਂ-ਬੰਨਿਆਂ ਤੋਂ ਪਾਰ ਆਪਣੀ ਖੁਸ਼ਬੋਈ ਸਾਂਝੀ ਕਰ ਲੈਂਦੀਆਂ ਹਨ ਤੇ ਇੰਞ ਬਹੁਦੇਸ਼ੀ ਪ੍ਰਸਿੱਧੀ ਦੀਆਂ ਮਾਲਿਕ ਬਣ ਬਹਿੰਦੀਆਂ ਹਨ ਅਤੇ ਕੁਝ ਉਸ ਤੋਂ ਵੀ ਅਗੇਰੇ-ਰਾਸ਼ਟਰੀ ਜਾਂ ਦੁਨੀਆਂ ਭਰ ਵਿੱਚ ਉੱਘੀਆਂ ਹੁੰਦੀਆਂ ਹਨ। ਭਾਈ ਕਾਨ੍ਹ ਸਿੰਘ ਜੀ ਨਾਭਾ ਪੰਜਾਬ ਦਾ ਉਹ ਮਹਾਨ ਸਪੂਤ ਸੀ ਜਿਸਨੇ ਆਪਣੇ ਗੁਣਾਂ ਕਾਰਨ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕੀਤੀ। ਭਾਈ ਕਾਨ੍ਹ ਸਿੰਘ ਜੀ ਦੀ ਸ਼ਖ਼ਸੀਅਤ ਵਿੱਚ ਬਹੁਤ ਸਾਰੇ ਤੱਤ ਆਪਣੇ ਜੋਬਨ ਵਿੱਚ ਵਿਆਪਕ ਦਿਖਾਈ ਦਿੰਦੇ ਹਨ। ਕਿਧਰੇ ਕੋਈ ਕਾਣ ਨਹੀਂ ਨਜ਼ਰ ਆਉਂਦੀ। ਸਿੱਖੀ ਦੇ ਪਰਿਵੇਸ਼ ਵਿੱਚ ਭਾਈ ਕਾਨ੍ਹ ਸਿੰਘ ਨੂੰ ਉਹੀ ਥਾਂ ਦੇਣੀ ਬਣਦੀ ਹੈ, ਜੋ ਇਸਲਾਮੀ ਪਰਿਵੇਸ਼ ਵਿੱਚ ਅਤੇ ਪਾਕਿਸਤਾਨ ਦੇ ਸਬੰਧ ਵਿਚ ਡਾ: ਇਕਬਾਲ ਨੂੰ ਦਿੱਤੀ ਜਾਂਦੀ ਹੈ। ਦੋਹਾਂ ਵਿੱਚ ਇਕ ਸਾਂਝ ਹੋਰ ਵੀ ਹੈ ਕਿ ਇਹ ਦੋਵੇਂ ਆਪਣੇ ਧਰਮ ਨਾਲ ਡੂੰਘਾ ਮੋਹ ਰੱਖਦੇ ਸਨ। ਦੋਵੇਂ ਆਪਣੇ ਪਰਿਵਾਰਾਂ ਵਿੱਚ, ਨਵੀਂ ਵਿਦਿਆ ਨਾਲ, ਸੱਜਰੇ ਪਰ ਡੂੰਘੇ ਜੁੜੇ ਹੋਏ ਹਨ। ਦੋਹਾਂ ਵਿੱਚ ਯੂਰਪੀਨਾਂ ਦੇ ਮੇਲ-ਜੋਲ ਨੇ ਨਵੇਂ ਨਵੇਕਲੇ ਚਿੰਤਨ ਨੂੰ ਹਲੂਣਾ ਦਿੱਤਾ ਸੀ। ਦੋਹਾਂ ਦੇ ਨਵੇਂ ਚਿੰਤਨ ਨੂੰ ਪੁਰਾਣ-ਪੰਥੀਆਂ ਨੇ ਸਮਝਣ ਦਾ ਯਤਨ ਘੱਟ ਕੀਤਾ ਅਤੇ ਬੇ-ਸਮਝੀ ਨਾਲ ਉਲਝਾਉਣ ਦਾ ਬਾਨ੍ਹਣੂੰ ਵਧੇਰੇ ਬੰਨ੍ਹਿਆ।

...ਥੋੜ੍ਹੇ ਹੀ ਦਿਨ ਪਹਿਲਾਂ, ਦੋਹਾਂ ਵਿਦਵਾਨਾਂ, ਇਕਬਾਲ ਅਤੇ ਭਾਈ ਕਾਨ੍ਹ ਸਿੰਘ ਦੇ ਭਾਈਚਾਰਿਆਂ...ਹੱਥੋਂ ਰਾਜ-ਤੇਜ ਗੁਆਚਿਆ ਸੀ ਅਤੇ ਦੋਵੇਂ ਧਿਰਾਂ ਆਪਣੇ ਗੁਆਚਦੇ ਭਵਿੱਖ ਦੀ ਭਾਲ ਵਿਚ ਮਣੀਓਂ ਖੁੱਥੇ ਸੱਪ ਵਾਂਗ ਲੂੰਹਦੀਆਂ ਫਿਰ ਰਹੀਆਂ ਸਨ। ਇਕਬਾਲ ਕਹਿੰਦਾ ਸੀ :

ਮਜ਼ਹਬ ਨਹੀਂ ਸਿਖਾਤਾ ਆਪਿਸ ਮੇਂ ਬੈਰ ਰਖਨਾ,
ਹਿੰਦੀ ਹੈਂ ਹਮ ਵਤਨ ਹੈ ਹਿੰਦੋਸਤਾਂ ਹਮਾਰਾ।

ਭਾਈ ਕਾਨ੍ਹ ਸਿੰਘ ਵੀ ਲਗ-ਪਗ ਉਸੇ ਹੀ ਸਮੇਂ ਵਿੱਚ, ਆਪਣੀ ਰਚਨਾ 'ਹਮ ਹਿੰਦੂ ਨਹੀਂ' ਵਿੱਚ ਕਹਿੰਦੇ ਹਨ:

"... ਆਪ ਨੂੰ ਕੇਵਲ ਇਹੋ ਜਾਨਣਾ ਯੋਗ ਹੈ ਕਿ ਸਿੱਖ ਧਰਮ ਹਿੰਦੂ ਆਦਿਕ

ਧਰਮਾਂ ਤੋਂ ਭਿੰਨ ਹੈ...ਕੇਸ਼ਬ ਚੰਦ੍ਰ ਸੇਨ ਨੇ ਆਖਿਆ :

"...ਸਿੱਖ ਧਰਮ ਹਿੰਦੂ ਧਰਮ ਸੇ ਪੈਦਾ ਹੂਆ ਥਾ, ਅਬ ਹਿੰਦੂ ਧਰਮ ਇਸ ਧਰਮ ਕੋ ਨਿਗਲ ਰਹਾ ਹੈ"।

ਤਦ ਕੋਈ ਉਂਗਲ ਨਹੀਂ ਉੱਠੀ, ਪਰ ਕਾਨ੍ਹ ਸਿੰਘ ਨੇ ਲਿਖਿਆ: **...ਕੌਮ ਕੋਈ ਭੀ ਸੰਸਾਰ ਪਰ ਸੁਤੰਤਰ ਹੋਏ ਬਿਨਾਂ ਪੂਰੀ ਉੱਨਤੀ ਨਹੀਂ ਕਰ ਸਕਦੀ। ਜਦ ਤੋੜੀ ਕੋਈ ਕੌਮ ਕਿਸੇ ਕੌਮ ਦੀ ਸ਼ਾਖ ਬਣ ਕੇ ਰਹੀ ਹੈ, ਤਦ ਤੋੜੀ ਗੁਲਾਮੀ ਦੀ ਦਸ਼ਾ ਵਿੱਚ ਰਹੀ ਹੈ। ਔਰ ਵਾਧੇ ਦੇ ਥਾਂਉ ਘਾਟਾ ਹੁੰਦਾ ਰਹਿਆ ਹੈ। ਅਸੀਂ ਤਜਰਬੇ ਨਾਲ ਵੇਖਿਆ ਹੈ ਕਿ ਹਿੰਦੂ ਕੌਮ ਨਾਲ ਇਕ ਮਿਕ ਹੋਣ ਕਰਕੇ ਸਿੱਖਾਂ ਦੀ ਭਾਰੀ ਹਾਨੀ ਹੋਈ ਹੈ ਔਰ ਨਿਤ ਹੋ ਰਹੀ ਹੈ।**...ਤਦ ਅਨੇਕ ਵਿਰੋਧ-ਵਾਦੀ ਝੱਖੜ ਝੁਲੇ।

ਭਾਈ ਕਾਨ੍ਹ ਸਿੰਘ ਦੇ ਵਡੇਰਿਆਂ ਦੀਆਂ ਚਾਰ ਪੀੜ੍ਹੀਆਂ ਅਤੇ ਉਸ ਦਾ ਆਪਣਾ ਸਾਰਾ ਜੀਵਨ ਹੀ ਕਿਸੇ ਨਾ ਕਿਸੇ ਰੂਪ ਵਿਚ ਲਾਹੌਰ ਅਤੇ ਨਾਭੇ ਦੇ ਰਾਜ-ਪਰਿਵਾਰਾਂ ਨਾਲ ਜੁੜਿਆ ਰਿਹਾ। ਦਰਬਾਰ-ਦਾਰੀ ਉਨ੍ਹਾਂ ਦੇ ਸੁਭਾਅ ਦਾ ਅੰਗ ਬਣ ਚੁਕੀ ਸੀ। ਇਸ ਦਾ ਇਕ ਪ੍ਰਭਾਵ ਰੁਚੀਆਂ ਅਤੇ ਪ੍ਰਵਿਰਤੀਆਂ ਦਾ ਵਿਕਾਸ ਹੋਣਾ ਸੁਭਾਵਕ ਸੀ, ਜਿਸ ਨਾਲ ਤਬੀਅਤ ਵਿਚ ਨਫਾਸਤ ਅਤੇ ਸੰਜਮ ਦਾ ਰਚਾਉ ਕੁਦਰਤੀ ਸੀ। ਫਰਜ਼ਸ਼ਨਾਸੀ ਅਤੇ ਨਿਰਣੇ ਲੈਣ ਦੀ ਸਮਰੱਥਾ ਦੂਜੀ ਪ੍ਰਾਪਤੀ ਕਹੀ ਜਾਵੇਗੀ। ਉਦਾਰਤਾ ਤੀਜੀ। ਅਹਿਲਕਾਰੀ ਦੇ ਇਨ੍ਹਾਂ ਗੁਣਾਂ ਕਾਰਣ ਹੀ ਉਨ੍ਹਾਂ ਦੇ ਭਰਾ, ਭਾਈ ਸਾਹਿਬ ਨੂੰ ਜਮਾਂਦਰੂ ਸ਼ਹਿਜ਼ਾਦਾ ਆਖਦੇ ਸਨ।

ਦ੍ਰਿੜ ਫੈਸਲੇ ਕਰ ਸਕਣ ਦੀ ਸਮਰੱਥਾ ਨੌਜਵਾਨ ਕਾਨ੍ਹ ਸਿੰਘ ਵਿੱਚ, ਫਾਰਸੀ ਸਿੱਖਣ ਦੇ ਮਾਮਲੇ ਵਿਚ ਦੇਖੀ ਗਈ। ਇਸ ਫੈਸਲੇ ਵਿੱਚ ਹਠ ਅਤੇ ਦਲੀਲ ਦਾ ਪ੍ਰਭਾਵ ਸੰਤੁਲਿਤ ਸੀ। ਦਲੀਲ ਦਾ ਰੂਪ ਵੇਖਣ ਵਾਲਾ ਹੈ: ਇਕ ਪ੍ਰਪੰਚੀ ਸਿੱਖ ਨੇ ਸਾਖੀ ਵਿਚ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਹੁਕਮ ਦਿੰਦੇ ਹਨ ਕਿ ਮੇਰਾ ਸਿੱਖ ਫਾਰਸੀ ਨਾ ਪੜ੍ਹੇ ਪਰ ਉਸ ਨੇ ਇਹ ਨਹੀਂ ਸੋਚਿਆ ਕਿ ਜ਼ਫਰਨਾਮਾ ਦੇ ਕਰਤਾ, ਭਾਈ ਨੰਦ ਲਾਲ ਜੀ ਕਵਿਤਾ ਨੂੰ ਸਨਮਾਨ ਦੇਣ ਵਾਲੇ ਕਲਗੀਧਰ ਸ੍ਵਾਮੀ ਜੇ ਅਰਬੀ ਫਾਰਸੀ ਨੂੰ ਮਲੇਛ ਭਾਸ਼ਾ ਮੰਨਦੇ, ਤਾਂ ਖਾਲਸਾ, ਫਤਹ, ਦੇਗ਼, ਤੇਗ਼ ਅਤੇ ਦਸਤਾਰ ਆਦਿਕ ਸ਼ਬਦ ਕਦੀ ਨਾ ਵਰਤਦੇ।

ਭਾਈ ਕਾਨ੍ਹ ਸਿੰਘ ਦਾ ਜਨਮ ੧੮੬੧ ਈ: ਵਿੱਚ ਹੋਇਆ। ਉਨ੍ਹਾਂ ਦਾ ਲਾਲਨ-ਪਾਲਨ ਬੜੇ ਚਾਵਾਂ-ਮਲ੍ਹਾਰਾਂ ਵਿੱਚ ਹੋਇਆ। ਇਹ ਨਿੱਘ ਅਤੇ ਨੇਹੁੰ ਵੱਡੇ ਪੁੱਤਰ ਅਤੇ ਪਹਿਲੇ ਬੱਚੇ ਦੀ ਸ਼ਾਨ ਦੇ ਅਨੁਕੂਲ ਹੋਇਆ। ਬਚਪਨ ਵਿੱਚ ਹੀ ਉਨ੍ਹਾਂ ਨੂੰ ਚੌਦਾਂ-ਵਿਦਿਆ-ਨਿਧਾਨ ਬਣਾਉਣ ਦਾ ਸੰਕਲਪ ਸਾਮ੍ਹਣੇ ਪ੍ਰਤੀਤ ਹੁੰਦਾ ਸੀ। ਸ਼ਾਇਦ ਕੁਦਰਤ ਮਾਪਿਆਂ ਨੂੰ ਉਲਾਰ ਦੇ ਕੇ ਬਾਲਕ ਕਾਨ੍ਹ ਸਿੰਘ ਦੇ ਭਵਿੱਖ ਦੇ ਵਿਕਾਸ ਦੀ ਰੇਖਾ ਗੂਹੜੀ ਕਰ ਰਹੀ ਸੀ। ਉਨ੍ਹੀਂ ਦਿਨੀਂ ਅੱਜ ਵਾਲੀ ਵਿਦਿਆ ਪ੍ਰਣਾਲੀ ਦੇ ਸਕੂਲ ਨਹੀਂ ਸੀ। ਜੇ ਸਕੂਲ ਹੁੰਦੇ, ਤਦ ਵੀ ਰਾਜ-ਦਰਬਾਰ ਵਿੱਚ ਮੰਨੇ-ਪ੍ਰਮੰਨੇ ਪਰਿਵਾਰ ਦੀ ਸੰਤਾਨ ਹੋਣ ਦੇ ਨਾਤੇ, ਉਨ੍ਹਾਂ ਨੂੰ ਅਜਿਹੇ ਕਿਸੇ ਸਕੂਲ ਵਿੱਚ ਭੇਜਿਆ ਹੀ ਨਹੀਂ ਜਾਣਾ ਸੀ। ਕਾਨ੍ਹ ਸਿੰਘ ਲਈ ਸ੍ਰੇਸ਼ਟ ਤੋਂ ਸ੍ਰੇਸ਼ਟ ਉਸਤਾਦ ਭਾਲੇ ਗਏ।

ਉਨ੍ਹਾਂ ਦੀ ਵਿਦਿਆ ਦਾ ਮੁੱਢ ਗੁਰਬਾਣੀ ਸਿਖਾਉਣ ਤੋਂ ਕੀਤਾ ਗਿਆ। ਉਪਰੰਤ -ਸੰਸਕ੍ਰਿਤ, ਜੋਤਿਸ਼, ਵਿਆਕਰਣ ਆਦਿ, ਤੇ ਫਿਰ ਤੈਰਨਾ, ਘੋੜੇ ਦੀ ਸਵਾਰੀ, ਸੰਗੀਤ, ਕਾਵਿ-ਸ਼ਾਸਤਰ ਵੀ ਸਿਖਾਏ ਗਏ। ਫਾਰਸੀ ਸਿੱਖਣ ਦੀ ਭੁੱਖ ਉਨ੍ਹਾਂ ਨੂੰ ਦਿੱਲੀ ਅਤੇ ਲਖਨਊ ਲੈ ਗਈ। ਵਾਪਿਸ ਪਰਤ ਕੇ ਉਨ੍ਹਾਂ ਨੇ ਲਾਹੌਰ ਵਿੱਚ ਗੁ: ਡੇਹਰਾ ਸਾਹਿਬ ਦੇ ਭਾਈ ਸੰਤ ਸਿੰਘ ਪਾਸੋਂ ਜ਼ਫਰਨਾਮਾ ਅਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ ਦਾ ਪਰੰਪਰਾਗਤ ਵਿਧੀ ਅਨੁਸਾਰ ਅਧਿਐਨ ਕੀਤਾ ਤੇ ਚਿਕਿਤਸਾ ਆਦਿ ਵੀ ਸਿੱਖੇ। ਕਾਵਿ ਸ਼ਾਸਤਰ ਦਾ ਅਧਿਐਨ ਉਨ੍ਹਾਂ ਨੇ ਕਵੀ ਗਵਾਲ ਪਾਸੋਂ ਕੀਤਾ ਸੀ ਅਤੇ ਸੰਗੀਤ ਦਾ ਅਭਿਆਸ ਸੰਤ ਗੱਜਾ ਸਿੰਘ ਜੀ ਪਾਸੋਂ ਕੀਤਾ। ਇਹ ਭਾਰਤ ਦੇ ਚੋਣਵੇਂ ਤਾਊਸ ਦੇ ਮਾਹਿਰ ਹੋਏ ਹਨ।

ਰਹਿਣੀ-ਬਹਿਣੀ ਅਤੇ ਸਾਥ-ਸੰਗਤ ਦੇ ਪੱਖੋਂ ਭਾਈ ਕਾਨ੍ਹ ਸਿੰਘ ਜੀ ਦੀ ਜਵਾਨੀ ਦਾ ਯੁੱਗ ਬੇਦਾਗ ਹੀ ਨਹੀਂ, ਸਪੱਸ਼ਟ ਰੂਪ ਵਿੱਚ ਉੱਜਲ ਰਿਹਾ। ਸੰਗੀਤ ਦੀ ਸਿਖਿਆ ਨੇ ਉਸ ਨੂੰ ਜੀਵਨ ਦੀ ਲੈਅ ਅਤੇ ਗਤੀ ਸਮਤੋਲ ਰੱਖਣ ਦੀ ਜਾਚ ਸਿਖਾ ਦਿੱਤੀ ਸੀ ਅਤੇ ਦਰਬਾਰੀ ਵਾਤਾਵਰਨ ਦੀ ਪਕੜ ਨੇ ਜੀਵਨ ਦੇ ਨਕਸ਼ਾਂ ਨੂੰ ਸੁਆਰਨ-ਨਿਖਾਰਨ ਦਾ ਚੱਜ-ਆਚਾਰ ਸਮਝਾ ਦਿੱਤਾ ਸੀ। ਜ਼ਿੰਦਗੀ ਵਿੱਚ ਕਿਧਰੇ ਕਿਸੇ ਥੁੜ ਤੇ ਕਿਸੇ ਚਿੰਤਾ ਦਾ ਦਖਲ ਨਹੀਂ ਸੀ। ਪਰਿਵਾਰਕ ਜੀਵਨ ਵਿੱਚ ਦੋ ਜੀਵਨ-ਸਾਥਣਾਂ ਦਾ ਵਿਛੋੜਾ ਹੀ ਸਭ ਤੋਂ ਵੱਡੀ ਚੋਟ ਬਣ ਕੇ ਵਾਪਰਿਆ ਸੀ। ਘਰ ਵਿੱਚਲਾ ਵਾਤਾਵਰਣ ਹਰ ਪੱਖੋਂ ਸੁਖਾਵਾਂ ਅਤੇ ਸੁਹਾਵਾ ਬਣਿਆ ਰਿਹਾ। ਛੋਟੇ ਭਾਈ ਆਗਿਆਕਾਰ ਰਹੇ।

ਭਾਈ ਕਾਨ੍ਹ ਸਿੰਘ ਵਿੱਚ ਆਜ਼ਾਦ ਜੀਣ, ਆਜ਼ਾਦ ਰਹਿਣ ਅਤੇ ਆਜ਼ਾਦ ਸੋਚਣ ਦੀ ਭੁੱਖ ਜ਼ਿੰਦਗੀ ਭਰ ਬਲਵਾਨ ਰਹੀ। 'ਹਮ ਹਿੰਦੂ ਨਹੀਂ' ਦੀ ਰਚਨਾ ਨੇ ਇੱਕ ਝੱਖੜ ਜਗਾ ਦਿੱਤਾ ਸੀ। ਝੂਠ, ਫਰੇਬ, ਛਲ ਗੱਲ ਕੀ ਕੋਈ ਹੱਥਕੰਡਾ ਅਜਿਹਾ ਬਾਕੀ ਨਹੀਂ ਰਿਹਾ, ਜੋ ਵਿਰੋਧੀਆਂ ਵੱਲੋਂ ਅਜ਼ਮਾਇਆ ਨਾ ਗਿਆ ਹੋਵੇ। ਮਹਾਰਾਜਾ ਹੀਰਾ ਸਿੰਘ ਜਿਹਾ ਸਿਆਣਾ ਸ਼ਾਸਕ ਵੀ ਇਨ੍ਹਾਂ ਛਲ-ਕ੍ਰਿਆਵਾਂ ਦੇ ਪ੍ਰਭਾਵ ਅੱਗੇ ਥਿੜਕਣ ਤੋਂ ਨਹੀਂ ਬਚ ਸਕਿਆ ਸੀ। ਭਾਈ ਕਾਨ੍ਹ ਸਿੰਘ ਜੀ ਨੂੰ ਨੌਕਰੀ ਤੋਂ ਵੱਖਰਾ ਕਰਨਾ ਹੀ ਉਸ ਦੇ ਡੋਲਣ ਦਾ ਪ੍ਰਮਾਣ ਸੀ। ਇਸ ਮੌਕੇ ਵੀ ਕਾਨ੍ਹ ਸਿੰਘ ਨਿਧੜਕ, ਨਿਡਰ ਅਤੇ ਅਡੋਲ ਸਿੱਧ ਹੋਇਆ। ਭਾਵੇਂ ਉਨ੍ਹਾਂ ਨੂੰ ਨੌਕਰੀ ਤੋਂ ਜਵਾਬ ਮਿਲ ਗਿਆ ਪਰ ਉਹ ਝੁਕੇ ਜਾਂ ਪਛਤਾਏ ਨਹੀਂ। ਇਵੇਂ ਹੀ, ਮਈ, ੧੯੦੫ ਵਿੱਚ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ (ਜੋ ਭਾਈ ਕਾਨ੍ਹ ਸਿੰਘ ਦਾ ਨਿੱਜੀ ਮਿੱਤਰ ਵੀ ਸੀ) ਦਰਬਾਰ ਸਾਹਿਬ ਵਿੱਚੋਂ ਮੂਰਤੀਆਂ ਹਟਾਏ ਜਾਣ ਦੇ ਮਾਮਲੇ ਬਾਰੇ ਲਿਖਿਆ ਵਧਾਈ ਦਾ ਖਤ ਬਖੇੜੇ ਦਾ ਕਾਰਨ ਬਣਿਆ। ਤਦ ਮਹਾਰਾਜਾ ਹੀਰਾ ਸਿੰਘ ਇੱਕ ਵਾਰੀ ਮੁੜ ਠੱਗਾਂ ਦੇ ਹੱਥਾਂ ਵਿੱਚ ਖੇਲ ਗਿਆ। ਭਾਈ ਕਾਨ੍ਹ ਸਿੰਘ ਨੂੰ ਦੋਬਾਰਾ ਨੌਕਰੀ ਤੋਂ ਵੱਖ ਕਰ ਦਿੱਤਾ ਗਿਆ। ਤਦ ਵੀ ਉਹ ਸ਼ਾਂਤ ਰਿਹਾ। ਮਹਾਰਾਜਾ ਰਿਪੁਦਮਨ ਸਿੰਘ ਨੇ ੧੯੧੧ ਈ. ਵਿੱਚ ਜਦੋਂ ਭਾਈ ਕਾਨ੍ਹ ਸਿੰਘ ਨੂੰ ਸਾਰੀ ਉਮਰ ਦੀ ਆਦਤ ਅਨੁਸਾਰ ਪਹਾੜਾਂ ਵਿੱਚ ਗਰਮੀਆਂ ਕੱਟਣ ਦੀ ਆਗਿਆ ਨਾ ਦਿੱਤੀ, ਤਦ ਉਸ ਨੇ ਆਪਣੀ ਨੌਕਰੀ ਨੂੰ ਠੋਕਰ ਮਾਰ ਕੇ ਚਲੇ ਜਾਣਾ ਉਚਿਤ ਸਮਝਿਆ। ਯਾਦ ਰਹੇ ਇਹ ਮਹਾਰਾਜਾ, ਭਾਈ ਕਾਨ੍ਹ ਸਿੰਘ ਦਾ ਸਭ ਤੋਂ ਬੜਾ ਪ੍ਰਸ਼ੰਸਕ ਸੀ ਕਿਉਂਕਿ ਮਹਾਰਾਜਾ ਰਿਪੁਦਮਨ ਸਿੰਘ ਜਿਸ ਸਮੇਂ ਕੇਵਲ ਚਾਰ ਸਾਲ

ਦਾ ਬਾਲਕ ਸੀ, ਉਸ ਸਮੇਂ ਤੋਂ ਭਾਈ ਕਾਨ੍ਹ ਸਿੰਘ ਜੀ ਦੀ ਨਿਗਰਾਨੀ ਵਿੱਚ ਪੜ੍ਹਦਾ, ਪਲਦਾ ਰਿਹਾ ਸੀ। ਉਸਤਾਦੀ-ਸ਼ਾਗਿਰਦੀ ਦਾ ਇਹ ਦੌਰ ਪੰਜ ਵਰ੍ਹੇ ਚੱਲਿਆ। ਇਸ ਅਹੁਦੇ ਤੋਂ ਵਿਹਲਿਆਂ ਹੋਣ 'ਤੇ ਭਾਈ ਕਾਨ੍ਹ ਸਿੰਘ ਨੂੰ ਮਹਾਰਾਜਾ ਹੀਰਾ ਸਿੰਘ ਨੇ ਆਪਣਾ ਨਿੱਜੀ ਸਕੱਤਰ ਥਾਪ ਲਿਆ। ਇਕ ਵਾਰੀ ਹੋਰ ਕਾਨ੍ਹ ਸਿੰਘ ਨੂੰ ਮਹਾਰਾਜਾ ਰਿਪੁਦਮਨ ਸਿੰਘ ਵੱਲੋਂ ਆਪਣੀ ਦੂਸਰੀ ਰਾਣੀ ਸਰੋਜਨੀ ਦੇਵੀ ਨੂੰ ਸੰਸਕ੍ਰਿਤ ਪੜ੍ਹਾਉਣ ਦੀ ਜ਼ੁਮੇਵਾਰੀ ੧੯੨੨ ਈ. ਵਿੱਚ ਸੌਂਪੀ ਗਈ। ਇਹ ਭਾਈ ਕਾਨ੍ਹ ਸਿੰਘ ਦੇ ਮਹਾਰਾਜਾ ਇਤਬਾਰੀ ਹੋਣ ਦਾ ਇਕ ਹੋਰ ਪ੍ਰਮਾਣ ਹੈ। ਇਸ ਬਾਰ ਨੌਕਰੀ ਛੱਡ ਜਾਣ ਨਾਲ ਭਾਈ ਕਾਨ੍ਹ ਸਿੰਘ ਨੇ **ਗੁਰ ਸ਼ਬਦ ਰਤਨਾਕਰ ਮਹਾਨ ਕੋਸ਼** ਲਿਖਣ ਦਾ ਕੰਮ ਅਰੰਭ ਲਿਆ। ਇਸ ਤੋਂ ਭਾਈ ਸਾਹਿਬ ਦੇ ਆਜ਼ਾਦ ਰਹਿਣ, ਆਜ਼ਾਦ ਸੋਚਣ ਦਾ ਮੋਹ ਉਜਾਗਰ ਹੁੰਦਾ ਹੈ। ਇਹ ਵੀ ਧਿਆਨ ਦੇਣ ਵਾਲੀ ਗੱਲ ਹੈ ਕਿ ਇਸ ਕੋਸ਼ ਦੀ ਰਚਨਾ ਭਾਈ ਕਾਨ੍ਹ ਸਿੰਘ ਦਾ ਕਾਰਨਾਮਾ ਸਿੱਧ ਹੋ ਸਕੀ, ਜੋ ਉਨ੍ਹਾਂ ਦੀ ੨੮ ਸਾਲਾਂ ਦੀ ਨਿਰੰਤਰ ਮਿਹਨਤ ਦਾ ਸਿੱਟਾ ਹੈ।

ਭਾਈ ਕਾਨ੍ਹ ਸਿੰਘ ਨੇ ਇੱਕ ਸ਼ਰਾਰਤੀ ਬੰਦੇ ਨੂੰ ਮਹਾਰਾਜਾ ਹੀਰਾ ਸਿੰਘ ਦੀ ਅਰਦਲ ਵਿੱਚ ਰਖਵਾ ਦਿੱਤਾ। ਕੁਝ ਦਿਨਾਂ ਪਿੱਛੋਂ ਉਸ ਨੇ ਮਹਾਰਾਜੇ ਪਾਸ ਭਾਈ ਕਾਨ੍ਹ ਸਿੰਘ ਦੀਆਂ ਵੱਢਵੀਆਂ ਕਰਨੀਆਂ ਆਰੰਭ ਦਿੱਤੀਆਂ। ਮਹਾਰਾਜਾ ਸਭ ਕੁਝ ਜਾਣਦਾ ਸੀ। ਆਖਿਰ ਤੰਗ ਆ ਕੇ ਉਸ ਨਫ਼ਰ ਨੂੰ ਨੌਕਰੀ ਤੋਂ ਹਟਾ ਦਿੱਤਾ। ਭਾਈ ਕਾਨ੍ਹ ਸਿੰਘ ਨੇ ਮੁੜ ਉਸ ਦੀ ਸਿਫਾਰਿਸ਼ ਕੀਤੀ ਅਤੇ ਮਹਾਰਾਜੇ ਨੇ ਮੁੜ ਉਸ ਨੂੰ ਰੱਖ ਲਿਆ। ਇਸ ਵਾਰੀ ਉਸ ਨੇ ਮੁੜ ਨਵੀਆਂ ਸ਼ਿਕਾਇਤਾਂ ਘੜਨੀਆਂ ਆਰੰਭ ਲਈਆਂ, ਤਦ ਮੁੜ ਨੌਕਰੀ ਵਿੱਚੋਂ ਕੱਢਿਆ ਗਿਆ। ਇਸੇ ਤਰ੍ਹਾਂ ਤਿੰਨ ਵਾਰੀ ਮਹਾਰਾਜੇ ਨੇ ਰੱਖਿਆ ਅਤੇ ਕੱਢਿਆ। ਭਾਈ ਸਾਹਿਬ ਇਹੋ ਕਹਿੰਦੇ ਰਹੇ ਕਿ ਇਹ ਸ਼ਖ਼ਸ ਲੋੜਵੰਦ ਹੈ।

ਭਾਈ ਸਾਹਿਬ ਦਾ ਇਕ ਅਰਦਲੀ ਬੀਮਾਰ ਹੋ ਗਿਆ, ਕੁਝ ਦਿਨ ਨੌਕਰੀ ਨਿਭਾਉਣ ਨਾ ਆ ਸਕਿਆ, ਤਦ ਭਾਈ ਸਾਹਿਬ ਆਪ ਉਸ ਦੀ ਖ਼ਬਰ ਨੂੰ ਗਏ। ਉਸ ਦੇ ਘਰ ਦੀ ਤੰਗੀ-ਤੁਰਸ਼ੀ ਦੇਖ ਕੇ ਮਨ ਭਰ ਆਇਆ। ਆਪਣੇ ਖਰਚੇ ਨਾਲ ਉਸਦੀ ਦਵਾ-ਦਾਰੂ ਦਾ ਹੀ ਪ੍ਰਬੰਧ ਨਹੀਂ ਕੀਤਾ, ਸਗੋਂ ਇਕ ਸੇਵਾਦਾਰ ਵੀ ਉਸ ਦੀ ਸਹਾਇਤਾ ਲਈ ਭੇਜਿਆ ਅਤੇ ਜਦੋਂ ਤਕ ਉਹ ਠੀਕ ਨਾ ਹੋ ਗਿਆ, ਉਸ ਦੀ ਪਰਵਰਿਸ਼ ਕਰਦੇ-ਕਰਵਾਉਂਦੇ ਰਹੇ। ਉਹ ਵੀ ਅੰਤਲੇ ਦਿਨ ਤਕ ਭਾਈ ਸਾਹਿਬ ਦੀ ਸੇਵਾ ਤਨੋਂ-ਮਨੋਂ ਕਰਦਾ ਰਿਹਾ। ਉਹ ਬੜੇ ਸ਼ਾਹ-ਖਰਚ ਅਤੇ ਦਿਆਲੂ ਸਨ ਪਰ ਫ਼ਜ਼ੂਲ ਖਰਚੀ ਇਕ ਪੈਸੇ ਦੀ ਬਰਦਾਸ਼ਤ ਨਹੀਂ ਕਰਦੇ ਸਨ। ਹਿਸਾਬ ਪੈਸੇ-ਪੈਸੇ ਦਾ ਪੂਰਾ ਰੱਖਦੇ ਸਨ।

ਉੱਦਮ ਭਾਈ ਸਾਹਿਬ ਦੇ ਸੁਭਾਅ ਦਾ ਖਾਸ ਗੁਣ ਸੀ। ਨਾਭਾ ਦਰਬਾਰ ਦੇ ਜ਼ਬਤ ਹੋਏ ਇਲਾਕੇ ਬਹਾਲ ਕਰਵਾਉਣ ਦਾ ਮੁਕੱਦਮਾ, ਜੋ ਦੋ ਪੁਸ਼ਤਾਂ ਤੋਂ ਲਟਕਦਾ ਆ ਰਿਹਾ ਸੀ, ਆਪ ਨੇ ਉਸ ਦੀ ਪੈਰਵੀ ਇਸ ਲਗਨ ਨਾਲ ਕੀਤੀ ਕਿ ਗਵਰਨਰ ਜਨਰਲ ਦੇ ਏਜੰਟ ਕਰਨਲ ਡਨਲਪ ਸਮਿੱਥ ਨੇ ਮਹਾਰਾਜੇ ਨੂੰ ਲਿਖਿਆ:

> "ਮੇਰੇ ਮਨ ਵਿੱਚ ਸ੍ਰ: ਕਾਨ੍ਹ ਸਿੰਘ ਦਾ ਉਚੇ ਦਰਜੇ ਦਾ ਆਦਰ ਰਿਹਾ ਹੈ। ਮੈਨੂੰ ਫੂਲਕੀਆਂ ਰਿਆਸਤਾਂ ਵਿੱਚੋਂ ਕਿਸੇ ਦਾ ਹੋਰ ਕੋਈ ਅਹਿਲਕਾਰ

ਅਜਿਹਾ ਕਦੇ ਨਹੀਂ ਮਿਲਿਆ, ਜਿਸ ਨੇ ਆਪਣੇ ਰਾਜੇ ਅਤੇ ਰਿਆਸਤ ਦੋਹਾਂ ਦੇ ਹਿਤਾਂ ਦੀ ਰਾਖੀ ਏਨੀ ਵਫ਼ਾਦਾਰੀ ਨਾਲ ਕੀਤੀ ਹੋਵੇ।" ਗੱਲ ਕੀ, ਉਹ ਇਕ ਆਦਰਸ਼ ਸੁਆਮੀ-ਭਗਤ ਸਨ।

ਕੁਝ ਹਿੰਮਤੀ ਸਰਦਾਰਾਂ ਰਲ ਕੇ ਅੰਮ੍ਰਿਤਸਰ ਵਿੱਚ ਖਾਲਸਾ ਕਾਲਜ ਕਾਇਮ ਕਰ ਲਿਆ ਪਰ ਛੇਤੀ ਹੀ ਉੱਦਮ ਦੀ ਘਾਟ ਅਤੇ ਆਪਸੀ ਖਹਿਬੜ ਦੀ 'ਕਿਰਪਾ' ਨਾਲ ਕਾਲਜ ਦੀ ਆਰਥਕ-ਸਥਿਤੀ ਸੰਤੁਲਿਤ ਨਾ ਰਹਿ ਸਕੀ ਤੇ ਡਾਵਾਂ-ਡੋਲ ਹੋ ਗਈ। ਉਸ ਸਮੇਂ ਮਹਾਰਾਜਾ ਹੀਰਾ ਸਿੰਘ ਦੀ ਅਗਵਾਈ ਵਿੱਚ ਇੱਕ ਜਲਸਾ ਹੋਇਆ ਅਤੇ ਭਾਈ ਸਾਹਿਬ ਨੇ ਉਸ ਦੀ ਕਾਰਵਾਈ ਐਸੇ ਸੁਚੱਜੇ ਢੰਗ ਨਾਲ ਨਿਭਾਈ ਕਿ ਕਾਲਜ ਨੂੰ ਉਚਿਤ ਸਰਪ੍ਰਸਤੀ ਹਾਸਿਲ ਹੋ ਗਈ ਅਤੇ ਇਹ ਸੰਸਥਾ ਪਿਛਲੇ ਦਿਨੀਂ ਆਪਣੀ ਸ਼ਤਾਬਦੀ ਮਨਾ ਸਕਣ ਵਿੱਚ ਸਫਲ ਹੋ ਸਕੀ ਹੈ। ਮੁੜ ਕਦੇ ਇਸ ਕਾਲਜ ਨੂੰ ਕਿਸੇ ਪ੍ਰਕਾਰ ਆਰਥਕ ਤੰਗੀ ਦਾ ਮੂੰਹ ਨਹੀਂ ਦੇਖਣਾ ਪਿਆ।

ਭਾਈ ਕਾਨ੍ਹ ਸਿੰਘ ਦਾ ਸੁਭਾਅ ਇਕ 'ਉੱਤਮ ਦਰਸ਼ਕ' ਦਾ ਸੁਭਾਅ ਸੀ। ਉੱਤਮ ਦਰਸ਼ਕ ਉਹ ਹੁੰਦਾ ਹੈ, ਜੋ ਕਿਸੇ ਥਾਂ ਕਿਸੇ ਵਸਤੂ ਨੂੰ ਅੱਖਾਂ ਨਾਲ ਹੀ ਵੇਖ ਕੇ ਕੇਵਲ ਆਨੰਦ ਹੀ ਨਾ ਮਾਣੇ, ਉਸ ਥਾਂ, ਉਸ ਸ਼ੈ ਵਿਚਲੇ ਗੁਣ-ਦੋਸ਼ਾਂ ਨੂੰ ਵੀ ਪਛਾਣੇ ਅਤੇ ਉਨ੍ਹਾਂ ਗੁਣ-ਦੋਸ਼ਾਂ ਦੀ ਜਾਣਕਾਰੀ ਰਾਹੀਂ ਕੁਝ ਸਿੱਖਿਆ ਵੀ ਪ੍ਰਾਪਤ ਕਰੇ। ਏਟਨ ਦੇ ਜੁਆਲਾ-ਮੁਖੀ ਨੂੰ ਦੇਖ ਕੇ ਆਪ ਨੇ ਘਰ ਭੇਜੇ ਖਤ ਵਿਚ ਲਿਖਿਆ ਸੀ :

ਇਸ ਪਹਾੜ ਨੂੰ ਸਮੁੰਦਰ ਵਿੱਚ ਰਹਿ ਕੇ ਭੀ ਅੱਗ ਲੱਗੀ ਹੋਈ ਹੈ, ਜਿਵੇਂ ਕੋਈ ਆਦਮੀ ਸਤਸੰਗ ਵਿੱਚ ਰਹਿ ਕੇ, ਅਠ ਪਹਿਰ ਕਥਾ ਕੀਰਤਨ ਕਰਦੇ ਅਤੇ ਸੁਣਦੇ ਭੀ ਆਪਣੇ ਮਨ ਦੀ ਵਿਕਾਰ-ਅਗਨੀ ਨੂੰ ਨਹੀਂ ਬੁਝਾ ਸਕਦੇ ਬਲਕਿ ਮਨ ਦੀ ਇੱਛਾ ਕ੍ਰੋਧ-ਅਗਨੀ ਨੂੰ ਇਤਨੀ ਭੜਕਾ ਦਿੰਦੀ ਹੈ ਕਿ ਜੇ ਕੋਈ ਉੱਠ ਕੇ ਨਮਸਕਾਰ ਨਾ ਕਰੇ ਜਾਂ ਪੈਂਦ ਬਿਠਾ ਲਵੇ ਤਾਂ ਲਾਲ ਨੇਤ੍ਰ ਕਰਕੇ ਕੁਬਚਨ ਰੂਪੀ ਧੂੰਆਂ ਮੁਖ ਤੋਂ ਉਗਲਣ ਲਗਦੇ ਹਨ।

ਭਾਈ ਕਾਨ੍ਹ ਸਿੰਘ ਦੇ ਵਿਅੰਗ-ਬਾਣਾਂ ਦੀ ਇਹ ਵਰਖਾ ਘਰੇਲੂ ਪ੍ਰਯੋਗ ਲਈ ਆਤਮ-ਗਲਾਨੀ ਅਥਵਾ ਕਿਸੇ ਹੀਨ ਭਾਵਨਾ ਦਾ ਪ੍ਰਤਿਕਰਮ ਨਹੀਂ ਸੀ। ਉਸ ਸਭ ਦੇ ਹਿਤ ਦੀ ਸੋਚਦੇ, ਸਭ ਦੇ ਹੀ ਕਾਰਜਾਂ ਬਾਰੇ ਆਪਣੀ ਸੁਤੰਤਰ ਰਾਇ ਰੱਖਦੇ ਸਨ, ਜਿੱਥੇ ਉਹ ਲੰਡਨ ਦੇ ਕੁੱਤਿਆਂ ਵਿੱਚ ਉੱਤਮ ਸ਼ਿਸ਼ਟਾਚਾਰ ਦਾ ਜ਼ਿਕਰ ਕਰਦੇ ਹਨ, ਉਸ ਦੇਸ਼ ਵਿੱਚ ਵੀ ਜੇਬ-ਕਤਰਿਆਂ ਦੀ ਮੌਜੂਦਗੀ ਉਨ੍ਹਾਂ ਨੂੰ ਪੂਰੀ ਤਰ੍ਹਾਂ ਚੋਭੜਦੀ ਹੈ। ਉਹ ਚਿੜੀਆ-ਘਰ ਦੇ ਹਾਥੀਆਂ ਅਤੇ ਊਠਾਂ ਦੀ ਦੁਰਦਸ਼ਾ ਤੋਂ ਵੀ ਮੋਨ ਨਹੀਂ ਰਹਿ ਸਕੇ। ਇਹ ਗੱਲ ਉਨ੍ਹਾਂ ਨੂੰ ਇੱਕ ਸਭਿਅ ਸਮਾਜ ਦੇ ਕਿਰਦਾਰ ਉੱਪਰ ਭੈੜਾ ਧੱਬਾ ਪ੍ਰਤੀਤ ਹੋਈ ਹੈ, ਜਿਸ ਦੀ ਉਹ ਪ੍ਰਸ਼ੰਸਾ ਨਹੀਂ ਕਰ ਸਕੇ।

ਭਾਈ ਕਾਨ੍ਹ ਸਿੰਘ ਜਿੱਥੇ ਇੱਕ ਸੂਝਵਾਨ ਪੁਰਖ ਸਨ, ਉਹ ਇੱਕ ਰਾਜਸੀ ਅਹਿਲਕਾਰ ਵੀ ਸਨ। ਉਨ੍ਹਾਂ ਦੀ ਸ਼ਰਧਾ ਦੇ ਪਾਤਰ ਰਾਜੇ ਦੀ ਸ਼ਖ਼ਸੀਅਤ ਤੋਂ ਅਗੇਰੇ ਰਾਜ ਘਰਾਣੇ ਦੀ ਮਾਨ-ਮਰਿਆਦਾ ਨਾਲ ਵੀ ਜੁੜੀ ਸੀ। ਵਤਨ ਦਾ ਸੰਕਲਪ ਜੇਕਰ ਉਨ੍ਹਾਂ ਨੂੰ ਭਾਰਤ ਦੀ

ਮਰਿਆਦਾ ਲਈ ਪੀੜਿਤ ਕਰਦਾ ਸੀ ਤਾਂ ਉਹ ਆਪਣੀ ਜੰਮਣ-ਭੂਮੀ ਦੀ ਮਾਨ-ਮਰਿਆਦਾ ਤੋਂ ਵੀ ਲਾਪਰਵਾਹ ਨਹੀਂ ਸੀ ਹੋ ਸਕਦੇ। ਆਪਣੇ ਜੀਵਨ ਦੇ ਅੰਤਲੇ ਦਿਨ ਵੀ ਉਹ ਸਮੇਂ ਦੇ ਏਜੰਟ ਗਵਰਨਰ ਜਨਰਲ ਨਾਲ ਆਪਣੀ ਚਿੰਤਾ ਰਾਜ-ਘਰਾਣੇ ਦੇ ਕੋਟ-ਆਫ-ਆਰਮਜ਼ ਵਿਚਲੀ ਭਾਵਨਾਤਮਕ ਪੰਗਤੀ ਵਿੱਚ ਅਕਾਰਨ ਦੀ ਤਬਦੀਲੀ ਸਹਾਰਨ ਨੂੰ ਤਿਆਰ ਨਹੀਂ ਸਨ। ਰਿਆਸਤਾਂ ਦੇ ਖਾਤਮੇ ਨੇ ਅੱਜ ਇਹ ਮਸਲਾ 'ਵਾਧੂ' ਕਰ ਦਿਤਾ ਹੈ।

ਬਤੌਰ ਲੇਖਕ ਉਹ ਜੋ ਕੁਝ ਲਿਖਦੇ ਰਹੇ, ਉਹ ਉਨ੍ਹਾਂ ਦੀ ਆਪਣੀ ਵਿਉਂਤ ਅਨੁਸਾਰ ਸੀ। ਸਮੇਂ ਦੇ ਫੈਸ਼ਨ ਨਾਲ ਉਨ੍ਹਾਂ ਨੇ ਕਦੇ ਕੁਝ ਨਹੀਂ ਸੀ ਲਿਖਿਆ। ਇੱਕ ਵਿਚਿਤਰ ਗੱਲ ਇਹ ਹੈ ਕਿ ਉਨ੍ਹਾਂ ਦੀ ਪਹਿਲੀ ਰਚਨਾ ਤੋਂ ਅੰਤਲੀ ਰਚਨਾ ਤਕ ਇੱਕ ਨਿਰੰਤਰ ਚਿੰਤਨ-ਧਾਰਾ ਸਿੱਖ ਸਾਹਿੱਤ ਦੀ ਉੱਨਤੀ ਵੱਲ ਗਤੀਮਾਨ ਹੈ। ਪਹਿਲੀਆਂ ਰਚਨਾਵਾਂ ਅਗਲੀਆਂ ਰਚਨਾਵਾਂ ਦੀਆਂ ਪੂਰਕ ਸਿੱਧ ਹੋਈਆਂ। ਅੱਜ ਦਾ ਕੋਈ ਸਿੱਖ-ਚਿੰਤਕ ਉਨ੍ਹਾਂ ਦੇ ਰਚੇ ਗੁਰਮਤਿ ਮਾਰਤੰਡ ਅਤੇ ਮਹਾਨ ਕੋਸ਼ (ਗੁਰ ਸ਼ਬਦ ਰਤਨਾਕਰ) ਨੂੰ ਵਰਤੇ ਬਿਨਾਂ ਆਪਣੀ ਗੱਲ ਪੂਰੀ ਕਰਨ ਵਿੱਚ ਸਮਰੱਥ ਨਹੀਂ।

ਉਨ੍ਹਾਂ ਦੀ ਜ਼ਾਤੀ ਜ਼ਿੰਦਗੀ ਇੱਕ ਆਦਰਸ਼ ਵਿਦਵਾਨ ਦੀ ਜ਼ਿੰਦਗੀ ਰਹੀ। ਉਹ ਕਦੇ ਕਿਸੇ ਲੋਭ-ਲਾਲਚ, ਕਿਸੇ ਅਹੁਦੇ ਜਾਂ ਸਨਮਾਨ ਲਈ ਆਪਣੇ ਰਾਹ ਤੋਂ ਨਹੀਂ ਉੱਖੜੇ। ਗ੍ਰੰਥ ਰਚਨਾ ਉਨ੍ਹਾਂ ਲਈ ਇਕ ਕੁਰਬਾਨੀ, ਨਿਰੰਤਰ ਕੁਰਬਾਨੀ ਦਾ ਮਾਰਗ ਰਹੀ। ਕਿਸੇ ਕਦਮ 'ਤੇ ਵੀ ਉਨ੍ਹਾਂ ਨੇ ਆਪਣੀਆਂ ਲਿਖਤਾਂ ਤੋਂ ਕੋਈ ਲਾਭ ਨਹੀਂ ਉਠਾਇਆ। ਪਹਿਲੀਆਂ ਕੁਝ ਰਚਨਾਵਾਂ ਰਿਆਸਤ ਨਾਭਾ ਦੇ ਆਰਥਕ ਸਹਿਯੋਗ ਨਾਲ ਛਪੀਆਂ ਤਾਂ ਅੰਤਿਮ ਰਚਨਾ ਪਟਿਆਲਾ ਰਾਜ ਵੱਲੋਂ ਛਾਪੀ ਅਤੇ ਵੇਚੀ ਜਾਂਦੀ ਰਹੀ। ਭਾਈ ਕਾਨ੍ਹ ਸਿੰਘ ਹੁਰਾਂ ਦਾ ਆਪਣਾ ਕੋਈ ਪ੍ਰਕਾਸ਼ਨ ਕੇਂਦਰ ਨਾ ਬਣਿਆ, ਨਾ ਕਿਸੇ ਪੁਸਤਕ ਦੀ ਵਿਕਰੀ ਤੋਂ ਕੋਈ ਆਰਥਕ ਲਾਭ ਹੀ ਉਨ੍ਹਾਂ ਨੂੰ ਪ੍ਰਾਪਤ ਹੋਇਆ।

ਭਾਈ ਕਾਨ੍ਹ ਸਿੰਘ ਦਾ ਜੀਵਨ ਘੜੀ ਵਾਂਗ ਸਦਾ ਨਿਯਮਤ ਟੋਰ ਟੁਰਨ ਦਾ ਆਦੀ ਸੀ। ਉਨ੍ਹਾਂ ਦਾ ਕੰਮ ਕਰਨ ਦਾ ਵੇਲਾ, ਖਾਣਾ ਖਾਣ ਦਾ ਵੇਲਾ, ਸੌਣ, ਜਾਗਣ ਅਤੇ ਸੈਰ ਕਰਨ ਦਾ ਵੇਲਾ, ਸਭ ਦੇ ਸਭ ਨਿਸ਼ਚਿਤ ਸਨ, ਕਦੇ ਉਨ੍ਹਾਂ ਵਿਚ ਫਰਕ ਆਉਣ ਦਾ ਮੌਕਾ ਉਨ੍ਹਾਂ ਨਹੀਂ ਉਪਜਣ ਦਿੱਤਾ। ਉਨ੍ਹਾਂ ਦੀ ਸਤਿਗੁਰੂ ਅੱਗੇ ਸਦਾ ਇਹੋ ਅਰਦਾਸ ਰਹਿੰਦੀ ਸੀ ਕਿ ਜਦੋਂ ਉਸ ਦਾ ਅੰਤ ਸਮਾਂ ਆਵੇ ਤਾਂ ਉਸ ਨੂੰ ਅੱਡੀਆਂ ਨਾ ਰਗੜਣੀਆਂ ਪੈਣ। ਕਿਹਾ ਜਾਂਦਾ ਹੈ ਕਿ ਗੁਰੂ ਆਪਣੇ ਸਿੱਖ ਦੀ ਹਰ ਬੇਨਤੀ ਮੰਨ ਲੈਂਦਾ ਹੈ, ਉਨ੍ਹਾਂ ਦੀ ਬੇਨਤੀ ਵੀ ਮੰਨੀ ਗਈ ਸੀ।

ਭਾਈ ਵੀਰ ਸਿੰਘ ਜੀ

ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ, ਭਾਈ ਵੀਰ ਸਿੰਘ ਦਾ ਜਨਮ ੫ ਦਸੰਬਰ, ੧੮੭੨ ਈ: ਨੂੰ ਇਕ ਸਨਮਾਨਿਤ ਸਿੱਖ ਪਰਿਵਾਰ ਵਿੱਚ ਹੋਇਆ। ਭਾਈ ਸਾਹਿਬ ਦੇ ਪਿਤਾ ਡਾ: ਚਰਨ ਸਿੰਘ ਅਤੇ ਨਾਨਾ ਗਿਆਨੀ ਹਜ਼ਾਰਾ ਸਿੰਘ ਜੀ ਸਿੰਘ ਸਭਾ ਲਹਿਰ ਦੇ ਆਗੂਆਂ ਵਿਚੋਂ ਸਨ। ਡਾ: ਚਰਨ ਸਿੰਘ ਹਿੰਦੀ ਤੇ ਬ੍ਰਿਜ ਭਾਸ਼ਾ ਦੇ ਵਿਦਵਾਨ ਲਿਖਾਰੀ ਅਤੇ ਅੰਗਰੇਜ਼ੀ-ਫਾਰਸੀ ਭਾਸ਼ਾ ਦੇ ਚੰਗੇ ਵਾਕਫ਼ਕਾਰ ਸਨ। ਗਿਆਨੀ ਹਜ਼ਾਰਾ ਸਿੰਘ ਵੀ ਸਥਾਪਤ ਅਨੁਵਾਦਕ ਤੇ ਕਵੀ ਸਨ, ਜਿਨ੍ਹਾਂ ਨੇ ਉਰਦੂ-ਫਾਰਸੀ ਦੀਆਂ ਬਹੁਤ ਸਾਰੀਆਂ ਪੁਸਤਕਾਂ ਦਾ ਅਨੁਵਾਦ ਮਾਤ-ਭਾਸ਼ਾ ਵਿਚ ਕੀਤਾ। ਗਿਆਨੀ ਹਜ਼ਾਰਾ ਸਿੰਘ ਨੇ ਵਿਸ਼ਵ ਪ੍ਰਸਿੱਧ ਪੁਸਤਕਾਂ 'ਗੁਲਸਤਾਂ' ਤੇ 'ਬੋਸਤਾਂ' ਦਾ ਪੰਜਾਬੀ ਕਾਵਿ ਰੂਪ ਵਿਚ ਅਨੁਵਾਦ ਵੀ ਕੀਤਾ। ਭਾਈ ਸਾਹਿਬ ਦਾ ਬਚਪਨ ਗਿਆਨੀ ਹਜ਼ਾਰਾ ਸਿੰਘ ਪਾਸ ਹੀ ਬੀਤਿਆ। ਇਕ ਦਿਨ ਗਿਆਨੀ ਜੀ ਕਿਸੇ ਪੁਸਤਕ ਦਾ ਅਨੁਵਾਦ ਕਰ ਰਹੇ ਸਨ ਤਾਂ ਭਾਈ ਵੀਰ ਸਿੰਘ ਨੇ ਉਨ੍ਹਾਂ ਨੂੰ ਕਿਹਾ, "ਤੁਸੀਂ ਲੋਕਾਂ ਦੀਆਂ ਰਚਨਾਵਾਂ ਦਾ ਉਲੱਥਾ ਕਰਦੇ ਰਹਿੰਦੇ ਹੋ, ਆਪਣੀ ਕੋਈ ਨਵੀਂ ਰਚਨਾ ਕਿਉਂ ਨਹੀਂ ਕਰ ਲੈਂਦੇ?" ਗਿਆਨੀ ਜੀ ਨੇ ਸਹਿਜ ਸੁਭਾ ਕਿਹਾ, **"ਬਰਖ਼ੁਰਦਾਰ, ਮੈਂ ਤਾਂ ਨਹੀਂ ਕਰ ਸਕਿਆ ਪਰ ਤੂੰ ਜ਼ਰੂਰ ਕਰੇਂਗਾ।"** ਸਮੇਂ ਦੇ ਬੀਤਣ ਨਾਲ ਗਿਆਨੀ ਜੀ ਦਾ ਇਹ ਵਾਕ ਇਨ-ਬਿਨ ਪੂਰਾ ਹੋਇਆ।

ਇਸ ਤਰ੍ਹਾਂ ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਦਾ ਵਿਕਾਸ ਧਾਰਮਿਕ ਵਾਤਾਵਰਨ ਤੇ ਵਿਦਵਾਨਾਂ ਦੀ ਸੰਗਤ ਵਿੱਚ ਹੋਇਆ। ਭਾਈ ਸਾਹਿਬ ਨੂੰ ਸਮੇਂ ਅਨੁਸਾਰੀ ਵਿਦਿਆ ਦਿਵਾਉਣ ਦਾ ਪ੍ਰਬੰਧ ਕੀਤਾ ਗਿਆ। ਉਰਦੂ-ਫਾਰਸੀ ਦੀ ਜਾਣਕਾਰੀ ਇਕ ਮੁੱਲਾਂ ਪਾਸੋਂ ਪ੍ਰਾਪਤ ਕਰ, ਪੰਜਾਬੀ ਭਾਸ਼ਾ ਦਾ ਗਿਆਨ, ਗਿਆਨੀ ਹਰਭਜਨ ਸਿੰਘ ਹੁਰਾਂ ਪਾਸੋਂ ਹਾਸਲ ਕੀਤਾ। ਅੱਠ ਸਾਲ ਦੀ ਉਮਰ ਵਿਚ ਭਾਈ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਮੁਕੰਮਲ ਕੀਤਾ। ੧੮੯੧ ਈ: ਵਿਚ ਚਰਚ ਮਿਸ਼ਨ ਸਕੂਲ ਅੰਮ੍ਰਿਤਸਰ 'ਚੋਂ ਐਂਟਰੈਂਸ ਦਾ ਇਮਤਿਹਾਨ ਜ਼ਿਲ੍ਹੇ ਭਰ ਵਿਚੋਂ ਅੱਵਲ ਰਹਿ ਪਾਸ ਕੀਤਾ। ਅਜੇ ਭਾਈ ਸਾਹਿਬ ਸਕੂਲੀ ਵਿਦਿਆ ਹੀ ਪ੍ਰਾਪਤ ਕਰ ਰਹੇ ਸਨ ਕਿ ਇਨ੍ਹਾਂ ਦਾ ਵਿਆਹ ੧੮੮੯ ਈ: ਵਿੱਚ ਸ੍ਰ: ਨਰਾਇਣ ਸਿੰਘ ਦੀ ਸਪੁੱਤਰੀ ਬੀਬੀ ਚਤਰ ਕੌਰ ਨਾਲ ਕਰ ਦਿੱਤਾ ਗਿਆ। ਦਸਵੀਂ ਜਮਾਤ ਕਰ ਲੈਣ ਤੇ ਮਾਤਾ-ਪਿਤਾ ਨੂੰ ਇਨ੍ਹਾਂ ਦੇ ਰੋਜ਼ਗਾਰ ਦਾ ਫ਼ਿਕਰ ਹੋਇਆ। ਦੋ-ਤਿੰਨ ਥਾਵਾਂ ਤੋਂ ਨੌਕਰੀ ਦੇ ਸੱਦਾ-ਪੱਤਰ ਵੀ ਪ੍ਰਾਪਤ ਹੋਏ ਪਰ ਭਾਈ ਸਾਹਿਬ ਅਜ਼ਾਦ ਤਬੀਅਤ ਦੇ ਮਾਲਕ ਸਨ, ਸੋ ਕਿਸੇ ਦੀ ਨੌਕਰੀ ਕਰਨੀ ਮੁਨਾਸਬ ਨਾ ਸਮਝੀ ਤੇ ਸ੍ਰ: ਵਜੀਰ ਸਿੰਘ ਨਾਲ ਮਿਲ ਕੇ

ਅੰਮ੍ਰਿਤਸਰ ਵਿੱਚ ਹੀ 'ਵਜੀਰ ਹਿੰਦ ਪ੍ਰੈਸ' ਲਗਵਾ ਲਿਆ। ਪਹਿਲਾਂ ਇਕ ਪੱਥਰ ਛਿਪਾਈ ਲਈ ਕਿਰਾਏ 'ਤੇ ਲਿਆ ਗਿਆ। ਭਾਈ ਵੀਰ ਸਿੰਘ ਹੁਰਾਂ ਨੇ ਆਪਣੀ ਲਗਨ, ਸਖਤ ਮਿਹਨਤ, ਸਿਦਕ ਦਿਲੀ ਸਦਕਾ ਪ੍ਰੈਸ ਨੂੰ ਇਨ੍ਹਾਂ ਕਾਮਯਾਬ ਕੀਤਾ ਕਿ ਦੂਰੋਂ-ਦੂਰੋਂ ਇਸ ਪ੍ਰੈਸ ਨੂੰ ਲੋਕ ਦੇਖਣ ਆਉਣ ਲਗੇ।

੧੮੯੦ ਈ: ਭਾਈ ਵੀਰ ਸਿੰਘ ਨੇ **'ਖਾਲਸਾ ਸਮਾਚਾਰ'** ਨਾਂ ਦਾ ਹਫ਼ਤਾਵਾਰੀ ਅਖ਼ਬਾਰ ਜਾਰੀ ਕੀਤਾ ਜੋ ਨਿਰੰਤਰ ਜਾਰੀ ਹੈ। ੧੮੯੩ ਈ: ਵਿੱਚ **ਖਾਲਸਾ ਟ੍ਰੈਕਟ ਸੁਸਾਇਟੀ** ਦੀ ਨੀਂਹ ਰੱਖੀ ਗਈ ਜਿਸ ਨੇ ਮਾਸਿਕ ਪਰਚਾ **'ਨਿਰਗੁਣੀਆਰਾ'** ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ ਜੋ ਇਕ ਸ਼ਤਾਬਦੀ ਪੂਰੀ ਕਰ ਚੁੱਕਾ ਹੈ। ਸ਼ਾਇਦ ਪੰਜਾਬੀ ਦਾ ਇਹ ਪਹਿਲਾ ਮਾਸਿਕ ਪਰਚਾ ਹੈ ਜੋ ਨਿਰਵਿਘਨ ਪ੍ਰਕਾਸ਼ਤ ਹੋ ਰਿਹਾ ਹੈ ਭਾਵੇਂ ਕਿ ਇਸ ਵਿੱਚ ਕੋਈ ਨਵੀਨਤਾ ਨਹੀਂ ਆਈ ਅਤੇ ਬਾਰ-ਬਾਰ ਭਾਈ ਵੀਰ ਸਿੰਘ ਦੇ ਲੇਖਾਂ ਨੂੰ ਹੀ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ।

ਭਾਈ ਵੀਰ ਸਿੰਘ, ਸਿੰਘ ਸਭਾ ਲਹਿਰ ਦੇ ਪੈਦਾ ਕੀਤੇ ਵਿਦਵਾਨਾਂ-ਸਾਹਿਤਕਾਰਾਂ ਵਿਚੋਂ ਸਿਰਮੌਰ ਹਨ। ਸਿੰਘ ਸਭਾ ਲਹਿਰ ਦਾ ਜਨਮ, ਸਿੱਖ ਸਮਾਜ ਵਿੱਚ ਆਈਆਂ ਸਿਧਾਂਤਕ ਕਮਜ਼ੋਰੀਆਂ ਤੇ ਅਮਲੀ ਗਿਰਾਵਟ ਤੋਂ ਹੋਇਆ। ਸਿੱਖ ਸਮਾਜ ਵਿੱਚ ਬ੍ਰਾਹਮਣਵਾਦ ਪੂਰੀ ਤਰ੍ਹਾਂ ਛਾਇਆ ਹੋਇਆ ਸੀ। ਜਿਨ੍ਹਾਂ ਵਹਿਮਾਂ-ਭਰਮਾਂ, ਭੇਖਾਂ-ਪਾਖੰਡਾਂ, ਰਸਮਾਂ-ਰਿਵਾਜ਼ਾਂ ਤੋਂ ਗੁਰਮਤਿ ਵਿਚਾਰਧਾਰਾ ਨੇ ਵਰਜਿਆ ਸੀ, ਉਹ ਫਿਰ ਪੂਰੀ ਤਰ੍ਹਾਂ ਸਿੱਖ ਜੀਵਨ-ਜਾਚ ਵਿਚ ਘਰ ਕਰ ਚੁੱਕੀਆਂ ਸਨ। ਆਪ ਜੀ ਨੇ ਕੌਮ ਨੂੰ ਜਾਗ੍ਰਿਤ ਕਰਨ ਤੇ ਆਪਣੇ ਅਮੀਰ ਵਿਰਸੇ ਤੋਂ ਜਾਣੂ ਕਰਵਾਉਣ ਲਈ ਦੋ ਆਦਰਸ਼ ਨੀਯਤ ਕੀਤੇ — ਪਹਿਲਾ **ਵਿਦਿਆ ਦਾ ਪ੍ਰਚਾਰ-ਪ੍ਰਸਾਰ ਤੇ ਦੂਸਰਾ ਮਾਂ ਬੋਲੀ ਵਿੱਚ ਸਾਹਿਤ ਸਿਰਜਣਾ**, ਤਾਂ ਜੋ 'ਬੋਲੀ ਅਵਰ ਤੁਮਾਰੀ' ਤੋਂ ਨਿਜਾਤ ਪ੍ਰਾਪਤ ਹੋ ਸਕੇ। ਪਹਿਲੇ ਆਦਰਸ਼ ਨੂੰ ਪ੍ਰਾਪਤ ਕਰਨ ਲਈ **ਐਜੂਕੇਸ਼ਨ ਕਮੇਟੀ** ਦਾ ਗਠਨ ਕੀਤਾ ਗਿਆ। ਇਸ ਕਮੇਟੀ ਨੂੰ ਸਫਲ ਕਰਨ ਲਈ ਭਾਈ ਵੀਰ ਸਿੰਘ ਨੇ ਆਪਣੇ ਸਾਰੇ ਨਿੱਜੀ ਰੁਝੇਵਿਆਂ ਦਾ ਤਿਆਗ ਕਰ, ਦਿਨ-ਰਾਤ ਇਕ ਕਰ ਦਿਤਾ। ਇਸ ਕਮੇਟੀ ਦੀ ਸਫਲਤਾ ਦਾ ਅੰਦਾਜ਼ਾ ਚੀਫ਼ ਖਾਲਸਾ ਦੀਵਾਨ ਵਲੋਂ ਚਲਾਈਆਂ ਜਾ ਰਹੀਆਂ ਵਿਦਿਅਕ ਸੰਸਥਾਵਾਂ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਸ ਕਮੇਟੀ ਨੂੰ ਇਥੋਂ ਤਕ ਪਹੁੰਚਾਣ ਪਿਛੇ ਭਾਈ ਸਾਹਿਬ ਦਾ ਹੀ ਹੱਥ ਸੀ।

ਕੌਮ ਨੂੰ ਜਾਗ੍ਰਤ ਕਰਨ ਤੇ ਆਪਣੇ ਅਮੀਰ ਵਿਰਸੇ ਨਾਲ ਜੋੜਨ ਲਈ ਭਾਈ ਸਾਹਿਬ ਨੇ ਸਾਰਾ ਜੀਵਨ ਸਾਹਿਤ ਸਿਰਜਣਾ ਹਿਤ ਲਗਾ ਦਿੱਤਾ। **ਹਮੇਸ਼ਾਂ ਹਾਰੀਆਂ ਹੋਈਆਂ ਕੌਮਾਂ ਤੇ ਬੁਜ਼ਦਿਲ ਹੋ ਚੁੱਕੇ ਲੋਕਾਂ ਨੂੰ ਅਮੀਰ ਸਾਹਿਤ ਨੇ ਨਵ-ਜੀਵਨ ਪ੍ਰਦਾਨ ਕੀਤਾ।** ਭਾਈ ਸਾਹਿਬ ਦੀਆਂ ਸਾਹਿਤਕ ਕਿਰਤਾਂ ਨੇ ਇਸ ਕਾਰਜ ਨੂੰ ਕਰਨ ਲਈ ਭਰਪੂਰ ਹਿੱਸਾ ਪਾਇਆ। ਭਾਈ ਸਾਹਿਬ ਦੀਆਂ ਸਾਹਿਤਕ ਕਿਰਤਾਂ ਦੀ ਵਰਗ-ਵੰਡ ਇਸ ਤਰ੍ਹਾਂ ਕਰ ਸਕਦੇ ਹਾਂ :

ਜੀਵਨੀ ਰੂਪ

੧) ਗੁਰੂ ਨਾਨਕ ਚਮਤਕਾਰ (ਦੋ ਭਾਗ)

੨) ਅਸ਼ਟ ਗੁਰ ਚਮਤਕਾਰ

੩) ਕਲਗੀਧਰ ਚਮਤਕਾਰ

ਕਵਿਤਾ ਰੂਪ

੧) ਲਹਿਰਾਂ ਦੇ ਹਾਰ

੨) ਬਿਜਲੀਆਂ ਦੇ ਹਾਰ

੩) ਕੰਬਦੀ ਕਲਾਈ

੪) ਮੇਰੇ ਸਾਈਆਂ ਜੀਓ

ਨਾਵਲ ਰੂਪ

੧) ਸੁੰਦਰੀ

੨) ਬਿਜੈ ਸਿੰਘ

੩) ਸਤਵੰਤ ਕੌਰ

੪) ਬਾਬਾ ਨੌਧ ਸਿੰਘ

ਖੋਜ ਤੇ ਵਿਆਖਿਆ

੧) ਸ੍ਰੀ ਗੁਰੂ ਗ੍ਰੰਥ ਕੋਸ਼

੨) ਸੰਥਿਆ ਪੋਥੀਆਂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

੩) ਗੁਰ ਪ੍ਰਤਾਪ ਸੂਰਜ ਗ੍ਰੰਥ

ਸੰਪਾਦਨ

੧) ਪੁਰਾਤਨ ਜਨਮ ਸਾਖੀ

੨) ਭਾਈ ਗੁਰਦਾਸ ਵਾਰਾਂ, ਕਬਿੱਤ-ਸਵੱਯੇ

ਟ੍ਰੈਕਟ ਰਚਨਾ

੧੮੯੧ ਤੋਂ ੧੯੫੭ ਤਕ ਲਗਭਗ ੨੦੦ ਟ੍ਰੈਕਟਾਂ ਦੀ ਰਚਨਾ।

ਭਾਈ ਵੀਰ ਸਿੰਘ ਬਹੁਤ ਸਾਰੀਆਂ ਪੰਥਕ ਸੰਸਥਾਵਾਂ ਦੇ ਸੰਸਥਾਪਕ, ਸੰਚਾਲਕ ਤੇ ਮੈਂਬਰ ਸਨ ਜਿਨ੍ਹਾਂ ਵਿਚੋਂ ਪ੍ਰਮੁੱਖ **ਖਾਲਸਾ ਟ੍ਰੈਕਟ ਸੁਸਾਇਟੀ** (੧੮੯੩), **ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ** (੧੯੦੧), **ਸੈਂਟਰਲ ਖਾਲਸਾ ਯਤੀਮਖਾਨਾ** (੧੯੦੪), **ਸਿੱਖ ਐਜੂਕੇਸ਼ਨ ਕਮੇਟੀ ਤੇ ਸੈਂਟਰਲ ਖਾਲਸਾ ਪ੍ਰਚਾਰਕ ਵਿਦਿਆਲਾ ਤਰਨਤਾਰਨ** (੧੯੦੮) **ਗੁਰਦੁਆਰਾ ਹੇਮਕੁੰਟ ਟ੍ਰਸਟ** (੧੯੨੯), **ਸੈਂਟਰਲ ਸੂਰਮਾ ਸਿੰਘ ਆਸ਼ਰਮ** (੧੯੩੫), **ਫਰੀ ਹੋਮਿਓਪੈਥਿਕ ਹਸਪਤਾਲ** (੧੯੪੩) ਆਦਿ ਪੰਥਕ ਸੰਸਥਾਵਾਂ ਖਾਲਸਾ ਕਾਲਜ ਨੂੰ ਅੰਮ੍ਰਿਤਸਰ ਪੰਥਕ ਪ੍ਰਬੰਧ ਵਿੱਚ ਲਿਆਉਣ ਤੇ **ਪੰਜਾਬ ਐਂਡ ਸਿੰਧ ਬੈਂਕ** ਅਰੰਭ ਕਰਨ ਵਿੱਚ ਪ੍ਰਮੁੱਖ ਹੱਥ ਭਾਈ ਸਾਹਿਬ ਦਾ ਹੀ ਸੀ।

ਆਪ ਜੀ ਦੀ ਕਲਮੀ ਸੇਵਾ ਅਥਵਾ ਸਾਹਿਤਕ ਕਿਰਤਾਂ ਨੂੰ ਪੰਜਾਬੀਆਂ ਅਤੇ ਪੰਜਾਬੀ-ਪ੍ਰੇਮੀਆਂ ਨੇ ਭਰਪੂਰ ਹੁੰਗਾਰਾ ਦਿੱਤਾ। ਬਹੁਤ ਸਾਰੀਆਂ ਲਿਖਤਾਂ ਦਾ ਹਿੰਦੀ ਤੇ ਅੰਗਰੇਜ਼ੀ 'ਚ ਉਲੱਥਾ ਹੋਇਆ। ਲਹਿਰਾਂ ਦੇ ਹਾਰ ਤੇ ਕੁਝ ਹੋਰ ਕਵਿਤਾਵਾਂ ਦਾ ਅੰਗਰੇਜ਼ੀ ਵਿਚ ਅਨੁਵਾਦ

ਪ੍ਰਸਿੱਧ ਦਾਰਸ਼ਨਿਕ ਕਵੀ ਪ੍ਰੋ: ਪੂਰਨ ਸਿੰਘ ਨੇ ਕੀਤਾ। *ਮੇਰੇ ਸਾਈਆਂ ਜੀਓ* ਨੂੰ ਸਾਹਿਤ ਅਕਾਦਮੀ ਦਾ ਸਨਮਾਨ ਪ੍ਰਾਪਤ ਹੋਇਆ। ੧੯੪੯ ਈ: ਵਿੱਚ ਪੰਜਾਬੀ ਯੂਨੀ. ਵੱਲੋਂ ਭਾਈ ਵੀਰ ਸਿੰਘ ਨੂੰ ਉਨ੍ਹਾਂ ਦੀਆਂ ਸਾਹਿਤਕ ਕਿਰਤਾਂ ਦੇ ਸਤਿਕਾਰ ਵਜੋਂ '**ਡਾਕਟਰ ਆਫ਼ ਓਰੀਐਂਟਲ ਲਿਟਰੇਚਰ**' ਦੀ ਡਿਗਰੀ ਪ੍ਰਦਾਨ ਕੀਤੀ ਗਈ। ੧੯੫੨ ਈ. ਵਿੱਚ ਬੰਬਈ ਵਿੱਚ ਹੋਈ ਸਰਬ ਹਿੰਦ ਸਿੱਖ ਵਿਦਿਅਕ ਕਾਨਫਰੰਸ ਸਮੇਂ ਇਨ੍ਹਾਂ ਨੂੰ '**ਅਭਿਨੰਦਨ ਗ੍ਰੰਥ**' ਭੇਂਟ ਕੀਤਾ ਗਿਆ। ਏਸੇ ਹੀ ਸਾਲ ਇਨ੍ਹਾਂ ਨੂੰ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਸਰਕਾਰੀ ਤੌਰ 'ਤੇ ਮੈਂਬਰ ਨਾਮਜ਼ਦ ਕੀਤਾ ਗਿਆ। ੧੯੫੬ ਈ. ਵਿੱਚ ਗਣਰਾਜ ਦਿਵਸ 'ਤੇ ਭਾਰਤ ਸਰਕਾਰ ਵੱਲੋਂ ਭਾਈ ਵੀਰ ਸਿੰਘ ਜੀ ਨੂੰ "**ਪਦਮ ਭੂਸ਼ਨ**" ਦੇ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।

ਜੂਨ, ੧੯੫੭ ਈ. ਦੇ ਪਹਿਲੇ ਹਫਤੇ ਭਾਈ ਸਾਹਿਬ ਨੂੰ ਬੁਖਾਰ ਹੋ ਗਿਆ, ਜੋ ਲਗਾਤਾਰ ਜਾਰੀ ਰਿਹਾ ਤੇ ਓੜਕ ਜਾਨ-ਲੇਵਾ ਸਾਬਤ ਹੋਇਆ। ਸਿਹਤ ਦਿਨੋਂ-ਦਿਨ ਕਮਜ਼ੋਰ ਹੁੰਦੀ ਗਈ ਪਰ ਆਲਸ-ਸੁਸਤੀ ਜੀਵਨ ਭਰ ਇਨ੍ਹਾਂ ਦੇ ਨੇੜੇ ਨਹੀਂ ਸੀ ਲੱਗੇ। ਡਾਕਟਰਾਂ, ਮਿੱਤਰਾਂ, ਸੱਜਣਾਂ, ਸਨੇਹੀਆਂ ਨੇ ਆਪ ਨੂੰ ਮੁਕੰਮਲ ਅਰਾਮ ਕਰਨ ਦੀ ਸਲਾਹ ਦਿਤੀ ਪਰ ਜਿਹੜੇ ਲੋਕਾਂ ਨੂੰ "ਇਹ" ਉਪਦੇਸ਼ ਕਰਦੇ ਹੋਣ ਉਹ ਆਪ ਕਿਵੇਂ ਅਰਾਮ ਕਰ ਸਕਦੇ ਹਨ !

ਸੀਨੇ ਖਿਚ ਜਿਨ੍ਹਾਂ ਨੇ ਖਾਧੀ, ਉਹ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ? ਉਹ ਦਿਨੇ ਰਾਤ ਪਏ ਵਹਿੰਦੇ।

ਅੰਤ ੧੦ ਜੂਨ, ੧੯੫੭ ਈ: ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਪਿਤਾਮਾ, ਕਾਦਰ ਦੀ ਕੁਦਰਤ ਦਾ ਪ੍ਰੀਤਵਾਨ ਇਹ ਕਵੀ ਸਭ ਨੂੰ ਸਦਾ ਲਈ ਅਲਵਿਦਾ ਕਹਿ ਗਿਆ ਪਰ ਆਪਣੀਆਂ ਸਾਹਿਤਕ ਕਿਰਤਾਂ ਸਦਕਾ ਹਮੇਸ਼ਾਂ-ਹਮੇਸ਼ਾਂ ਲਈ ਅਮਰ ਹੋ ਗਿਆ।

ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਚੁੰਬਕੀ ਸ਼ਕਤੀ ਰੱਖਦੀ ਸੀ। ਉਨ੍ਹਾਂ ਲਈ ਕੋਈ ਮੇਰ-ਤੇਰ ਨਹੀਂ ਸੀ, ਜਿਸ ਨੂੰ ਵੀ ਉਹ ਮਿਲੇ, ਉਸ ਨੂੰ ਹੀ ਆਪਣਾ ਬਣਾ ਲਿਆ। ਕੌਮੀ ਜਾਗ੍ਰਤੀ ਲਿਆਉਣ, ਮਾਂ ਬੋਲੀ ਨੂੰ ਸਤਿਕਾਰ ਦਿਵਾਉਣ ਤੇ ਧਰਮ ਪ੍ਰਚਾਰ-ਪ੍ਰਸਾਰ ਹਿਤ ਜੋ ਹਿੱਸਾ ਭਾਈ ਸਾਹਿਬ ਨੇ ਪਾਇਆ ਉਹ ਇਕ ਲੇਖ ਵਿੱਚ ਲਿਖ ਸਕਣਾ ਅਸੰਭਵ ਹੈ। ਬਹੁਤ ਸਾਰੇ ਵਿਅਕਤੀ ਉਨ੍ਹਾਂ ਦੇ ਜੀਵਨ ਤੇ ਰਹਿਣੀ-ਬਹਿਣੀ ਤੋਂ ਪ੍ਰਭਾਵਿਤ ਹੋ '**ਨਾਨਕ ਨਿਰਮਲ ਪੰਥ**' ਦੇ ਪਾਂਧੀ ਬਣੇ। ਭਾਈ ਵੀਰ ਸਿੰਘ ਦੀ "ਸ਼ਖ਼ਸੀਅਤ" ਅਤੇ 'ਸਾਹਿਤ' ਤੋਂ ਪ੍ਰਭਾਵਿਤ ਦੋ 'ਸ਼ਖ਼ਸੀਅਤਾਂ' ਦੀ ਉਦਾਹਰਣ ਨਾਲ ਇਸ ਲੇਖ ਨੂੰ ਅਸੀਂ ਪੂਰਾ ਕਰਦੇ ਹਾਂ :

ਪਹਿਲੀ ਸ਼ਖ਼ਸੀਅਤ ਹਨ, ਮਾਸਟਰ ਤਾਰਾ ਸਿੰਘ ਜੋ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵਜੋਂ ਸਿੱਖ ਕੌਮ ਦੀ ਲੱਗਭੱਗ ੪੦ ਸਾਲ ਅਗਵਾਈ ਕਰਦੇ ਰਹੇ ਜੋ ਪਹਿਲਾਂ ਸਿੱਖੀ ਸਰੂਪ ਵਿੱਚ ਨਹੀਂ ਸਨ। ਜਦ ਉਨ੍ਹਾਂ ਭਾਈ ਵੀਰ ਸਿੰਘ ਦੀ ਪਹਿਲੀ ਗਲਪ ਰਚਨਾ "ਸੁੰਦਰੀ" ਪੜ੍ਹੀ ਤਾਂ ਉਹ ਏਨੇ ਪ੍ਰਭਾਵਿਤ ਹੋਏ ਕਿ ਸਿੱਖੀ ਸਰੂਪ ਧਾਰਨ ਕਰ ਲਿਆ।

ਦੂਸਰੀ ਉਦਾਹਰਣ ਪ੍ਰਸਿੱਧ ਦਾਰਸ਼ਨਿਕ, ਲੇਖਕ, ਕਵੀ ਪ੍ਰੋ. ਪੂਰਨ ਸਿੰਘ ਦੀ ਹੈ।

ਪ੍ਰੋ. ਪੂਰਨ ਸਿੰਘ ਉੱਚ ਵਿਦਿਆ ਦੀ ਪ੍ਰਾਪਤੀ ਹਿਤ ਜਪਾਨ ਗਏ ਜਿਥੇ ਆਪਣੇ ਅਮੋਲ ਵਿਰਸੇ "ਸਿੱਖੀ" ਤੋਂ ਵੀ ਦੂਰ ਹੋ ਸੰਨਿਆਸ ਧਾਰਣ ਕਰ ਲਿਆ। ਦੇਸ਼ ਪਰਤਣ 'ਤੇ ਭਾਈ ਵੀਰ ਸਿੰਘ ਦੀ ਸੰਗਤ ਦਾ ਹੀ ਚਮਤਕਾਰ ਸੀ ਕਿ ਫਿਰ ਗੁਰਸਿੱਖ ਸਜ ਗਏ।

ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਤੇ ਸਾਹਿਤਕ ਪ੍ਰਤਿਭਾ ਨੂੰ ਡਾ: ਰਤਨ ਸਿੰਘ ਜੱਗੀ ਨੇ ਵੀਹਵੀਂ ਸਦੀ ਦਾ ਭਾਈ ਗੁਰਦਾਸ ਕਿਹਾ ਹੈ। ਭਾਵੇਂ ਕਿ ਇਹ ਮੁਕਾਬਲਾ ਕਰਨਾ ਠੀਕ ਨਹੀਂ ਪਰ ਅਸੀਂ ਕਹਿ ਸਕਦੇ ਹਾਂ ਕਿ ਭਾਈ ਗੁਰਦਾਸ ਜੀ ਤੋਂ ਪਿਛੋਂ ਭਾਈ ਵੀਰ ਸਿੰਘ ਦਾ ਹੀ ਨਾਮ ਆਉਂਦਾ ਹੈ।

ਪ੍ਰੋ. ਪੂਰਨ ਸਿੰਘ ਜੀ

ਪ੍ਰੋ. ਪੂਰਨ ਸਿੰਘ ਪੰਜਾਬੀ ਸਾਹਿੱਤ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਹਸਤਾਖਰ ਹਨ। ਇਸ ਪ੍ਰਤਿਭਾਸ਼ੀਲ ਚਿੰਤਕ, ਕਵੀ ਤੇ ਗੱਦਕਾਰ ਦੀ ਉੱਘੀ ਤੇ ਵਿਲੱਖਣ ਸ਼ਖ਼ਸੀਅਤ ਦੀ ਸਮੁੱਚੇ ਆਧੁਨਿਕ ਪੰਜਾਬੀ ਸਾਹਿੱਤ ਉੱਪਰ ਇਕ ਅਮਿਟ ਛਾਪ ਲਗ ਚੁਕੀ ਹੈ।

ਜਦੋਂ ੧੮੮੧ ਈ. ਨੂੰ ਭਾਰਤੀ ਕੌਮੀ ਕਾਂਗਰਸ ਦਾ ਜਨਮ ਹੋਇਆ, ਜਿਸ ਦਾ ਗੌਰਵਮਈ ਇਤਿਹਾਸ, ਦੇਸ਼ ਦੇ ਸੁਤੰਤਰਤਾ ਸੰਗ੍ਰਾਮ ਤੇ ਰਾਸ਼ਟਰੀ ਪ੍ਰੇਮ ਦਾ ਉੱਘੜਵਾਂ ਇਤਿਹਾਸ ਹੈ, ਠੀਕ ਉਸੇ ਵਰ੍ਹੇ ੧੭ ਫਰਵਰੀ, ਦੇ ਸੁਭਾਗੇ ਦਿਹਾੜੇ ਸ੍ਰ: ਕਰਤਾਰ ਸਿੰਘ ਤੇ ਮਾਤਾ ਪਰਮਾ ਦੇਵੀ ਦੇ ਗ੍ਰਹਿ ਵਿਖੇ ਐਬਟਾਬਾਦ ਜ਼ਿਲ੍ਹੇ (ਪਾਕਿਸਤਾਨ) ਦੇ ਇਕ ਛੋਟੇ ਜਿਹੇ ਪਿੰਡ ਸਲਹੱਡ ਵਿਚ, ਸੁੰਦਰ ਨਕਸ਼ਾਂ ਵਾਲੇ ਬਾਲਕ ਦਾ ਜਨਮ ਹੋਇਆ, ਜਿਸ ਨੂੰ ਜਨਮ ਤੋਂ ਹੀ, ਨਿਰੰਕਾਰ ਨੇ ਮਹਾਨ ਭਾਵੀ ਤੇ ਤੇਜੱਸਵੀ ਸ਼ਖ਼ਸੀਅਤ ਦਾ ਰੂਪ ਬਖ਼ਸ਼, ਮਹਾਨ ਚਿੰਤਕ, ਉੱਘੇ ਲੇਖਕ ਤੇ ਅਨੁਭਵੀ ਕਵੀ ਦੀ ਪ੍ਰਤਿਭਾ ਨੂੰ ਸਾਕਾਰ ਕਰ ਦਿੱਤਾ ਸੀ। ਉਨ੍ਹਾਂ ਨੇ ਪੂਰਬੀ ਤੇ ਪੱਛਮੀ, ਪ੍ਰਾਚੀਨ ਤੇ ਆਧੁਨਿਕ, ਅਰਸ਼ੀ ਤੇ ਫਰਸ਼ੀ, ਗਿਆਨ-ਵਿਗਿਆਨ, ਕਲਾ ਤੇ ਸੰਸਕ੍ਰਿਤੀ ਨੂੰ ਇੱਕੋ ਨਿਰਮਲ ਤੱਕਣੀ ਨਾਲ ਘੋਖ ਲਿਆ ਸੀ।

ਐਬਟਾਬਾਦ ਦੇ ਆਲੇ-ਦੁਆਲੇ ਦੀ ਇਹੀ ਉਹ ਪਵਿੱਤਰ ਧਰਤੀ ਹੈ, ਜਿਥੇ ਗੰਧਾਰਾ ਕਲਾ ਤੇ ਸੰਸਕ੍ਰਿਤੀ ਨੇ ਸਿਖਰਾਂ ਨੂੰ ਛੂਹਿਆ ਸੀ, ਜਿੱਥੇ ਤਕਸ਼ਿਲਾ ਦੇ ਵਿਸ਼ਵ-ਵਿਦਿਆਲੇ ਵਿਚ ਪੂਰਬ ਤੇ ਪੱਛਮ ਦੇ ਚਿੰਤਨ ਨੇ ਗਿਆਨ ਨਾਲ ਦਸਤਪੰਜਾ ਲੈ, ਇਕ ਦੂਜੇ ਨੂੰ ਕਲਾਵੇ ਵਿਚ ਲੈ ਕੇ ਦੋਹਾਂ ਧਰਾਤਲਾਂ ਦੇ ਕੋਮਲ ਦਿਲਾਂ ਨੂੰ ਇਕ ਮਣਕੇ ਵਿਚ ਪਰੋ ਦਿੱਤਾ ਸੀ।

ਅੰਗ੍ਰੇਜ਼ੀ ਦੇ ਪ੍ਰਸਿੱਧ ਵਿਦਵਾਨ ਰੁਡਿਆਰ ਕਿਪਲਿੰਗ ਅਨੁਸਾਰ "ਪੂਰਬ ਪੂਰਬ ਹੈ ਤੇ ਪੱਛਮ ਪੱਛਮ। ਇਹ ਦੋਵੇਂ ਕਦੇ ਨਹੀਂ ਮਿਲ ਸਕਦੇ," ਪਰ ਪ੍ਰੋ: ਪੂਰਨ ਸਿੰਘ ਨੇ ਉਸ ਦੀ ਇਸ ਅਵਾਜ਼ ਨੂੰ ਸੁਣ ਕੇ ਆਖ ਦਿੱਤਾ ਸੀ **"ਤੇਰੀ ਵੰਗਾਰ ਮੈਨੂੰ ਪਰਵਾਨ ਹੈ। ਤੈਨੂੰ ਦੋਹਾਂ ਸਿਰਿਆਂ ਨੂੰ ਮੇਲ ਕੇ ਦੱਸਾਂਗਾ ਕਿ ਪੂਰਬ ਤੇ ਪੱਛਮ ਵਿਚ ਕੋਈ ਅੰਤਰ ਨਹੀਂ, ਮਾਨਵਤਾ ਵਿਚ ਕੋਈ ਭੇਦ ਨਹੀਂ, ਉਹ ਅਖੰਡ ਹੈ।"**

ਪੂਰਨ ਸਿੰਘ ਹਵੇਲੀਆਂ ਪਿੰਡ ਦੇ ਮੌਲਵੀ ਕੋਲੋਂ ਪੜ੍ਹੇ। ਗੁਰਦੁਆਰੇ ਦੇ ਭਾਈ ਬੇਲਾ ਸਿੰਘ ਕੋਲੋਂ ਗੁਰਮੁਖੀ ਅੱਖਰਾਂ ਦਾ ਗਿਆਨ ਹਾਸਿਲ ਕੀਤਾ, ਫੇਰ ਹਰੀਪੁਰ ਦੇ ਐੱਮ. ਬੀ. ਸਕੂਲ ਵਿਚੋਂ ਉਨ੍ਹਾਂ ਨੇ ਮਿਡਲ ਪਾਸ ਕੀਤਾ। ਏਥੋਂ ਦਾ ਮੁਖੀ ਈਸਾਈ ਸੀ। ਇਉਂ ਉਨ੍ਹਾਂ ਆਪਣੇ ਤਿੰਨਾਂ ਅਧਿਆਪਕਾਂ ਪਾਸੋਂ ਅਚੇਤ ਹੀ ਤਿੰਨਾਂ ਸੰਸਕ੍ਰਿਤੀਆਂ ਦਾ ਸਹਿਜੇ ਹੀ ਸਵਾਦ

ਮਾਣ ਲਿਆ ਸੀ। ਰਾਵਲਪਿੰਡੀ ਤੋਂ ਮੈਟ੍ਰਿਕ ਪਾਸ ਕੀਤੀ, ਏਥੇ ਉਨ੍ਹਾਂ ਦੇ ਸੰਵੇਦਨਸ਼ੀਲ ਮਨ ਉਪਰ ਇਕ ਘਟਨਾ ਸਦਾ ਲਈ ਉੱਕਰੀ ਗਈ। ਉਨ੍ਹਾਂ ਨੇ ਇਸਤਰੀ ਜਾਤੀ ਉੱਤੇ ਸਦੀਆਂ ਤੋਂ ਹੋ ਰਹੇ ਜ਼ੁਲਮ ਦੀ ਨੰਗੀ ਤਸਵੀਰ ਤੱਕੀ ਤੇ ਉਹ ਵੀ ਆਪਣੇ ਪਰਿਵਾਰ 'ਚੋਂ। ਉਨ੍ਹਾਂ ਦੀ ਵੱਡੀ ਭੈਣ, ਜਬਰ ਦਾ ਸ਼ਿਕਾਰ ਹੋ ਕੇ ਗੁਰਪੁਰੀ ਸਿਧਾਰ ਗਈ। ਸੂਖਮ-ਦਿਲ ਪੂਰਨ ਇਸਤ੍ਰੀ ਜਾਤੀ ਦੀ ਹਮਦਰਦੀ ਵਿਚ ਦ੍ਰਵ ਗਿਆ ਤੇ ਉਸ ਨੂੰ ਹਰੇਕ ਇਸਤ੍ਰੀ ਦਾ ਚਿਹਰਾ ਬੜਾ ਹੀ ਮਾਸੂਮ, ਨਾਜ਼ੁਕ ਤੇ ਮਜ਼ਲੂਮ ਨਜ਼ਰੀਂ ਆਇਆ।

ਪੂਰਨ ਸਿੰਘ ਵਿਚ ਪਠਾਣੀ ਧਰਤ 'ਤੇ ਵਿਚਰਦਿਆਂ ਪਠਾਣਾਂ ਵਰਗੀ ਨਿਡਰ ਸੁਤੰਤਰਤਾ ਪ੍ਰਵੇਸ਼ ਕਰ ਗਈ ਸੀ। ਉਨ੍ਹਾਂ ਨੂੰ ਮਾਂ ਦਾ ਦਿਲ ਸਾਗਰਾਂ ਜਿੱਡਾ ਵਿਸ਼ਾਲ ਦਿੱਸ ਆਇਆ। ਹਰ ਮਾਂ ਆਪਣੇ ਬੱਚੇ ਦੀ ਹੀ ਨਹੀਂ, ਸਗੋਂ ਸੰਸਾਰ ਦੇ ਸਭ ਬੱਚਿਆਂ ਦੀ ਸਾਂਝੀ ਖੈਰ ਮੰਗਦੀ ਹੈ।

੧੮੯੯ ਈ. ਵਿਚ ਉਨ੍ਹਾਂ ਨੇ ਇੰਟਰ ਪਾਸ ਕੀਤਾ। ਪੂਰਨ ਸਿੰਘ ਇਕ ਬੰਨੇ ਸੰਸਕ੍ਰਿਤ ਪੜ੍ਹਦੇ ਸਨ ਤੇ ਦੂਜੇ ਬੰਨੇ ਸਾਇੰਸ। ਉਹ ਅਸਾਧਾਰਣ ਬੁੱਧੀ ਦੇ ਮਾਲਿਕ ਸਨ, ਜਿਸ ਕਰਕੇ ਉਨ੍ਹਾਂ ਨੂੰ ਪਰਯੋਗਿਕ ਰਸਾਇਣ ਵਿਗਿਆਨ ਦੀ ਉਚੇਰੀ ਪੜ੍ਹਾਈ ਲਈ ਜਾਪਾਨ ਦੇ ਟੋਕੀਓ ਵਿਸ਼ਵ-ਵਿਦਿਆਲੇ ਲਈ ਚੁਣਿਆ ਗਿਆ। ਏਥੇ ਹੀ ਉਨ੍ਹਾਂ ਦਾ ਮੇਲ ਜਗਤ ਪ੍ਰਸਿੱਧ ਸਕਾਲਰ ਸਵਾਮੀ ਰਾਮ ਤੀਰਥ ਨਾਲ ਹੋਇਆ, ਜਿਨ੍ਹਾਂ ਦੇ ਪ੍ਰਭਾਵ ਅਧੀਨ ਉਹ ਵੇਦਾਂਤੀ ਬਣ ਗਏ।

ਪ੍ਰੋ: ਪੂਰਨ ਸਿੰਘ ਕੇਵਲ ਵਿਗਿਆਨ ਦੇ ਜ਼ਿਗਿਆਸੂ ਹੀ ਨਹੀਂ ਸਨ, ਉਹ ਵਿਸ਼ਵ ਗਿਆਨ, ਚਿੰਤਨ, ਧਰਮ, ਸਾਹਿੱਤ ਤੇ ਕਲਾ ਦਾ ਪਾਠਕ ਤੇ ਪਾਰਖੂ ਬਣ ਗਏ। ਦੇਸ਼ ਭਗਤਾਂ ਨਾਲ ਉਨ੍ਹਾਂ ਦਾ ਸਿੱਧਾ ਸੰਪਰਕ ਸੀ। ਮੁੱਖ ਯੂਨੀਵਰਸਿਟੀਆਂ ਨਾਲ ਉਸ ਦੀ ਅਮਿਟ ਸਾਂਝ ਸਥਾਪਤ ਹੋ ਚੁਕੀ ਸੀ।

ਸਵਾਮੀ ਰਾਮ ਤੀਰਥ ਦਾ ਵੇਦਾਂਤ-ਦਰਸ਼ਨ ਪ੍ਰੋ: ਪੂਰਨ ਸਿੰਘ ਦੇ ਧੁਰ ਅੰਦਰ ਸੀ। ਦੂਜੇ ਬੰਨੇ ਉਨ੍ਹਾਂ ਵਿਚ ਬੋਧੀ-ਭਿਕਸ਼ੂਆਂ ਵਾਲੇ ਨਿਰਵਾਣ-ਸਿਧਾਂਤ ਦੀ ਚੇਤੰਨਤਾ ਸੀ, ਜਿਸ ਨੂੰ ਸਵਾਮੀ ਜੀ ਦੀ ਮਹਾਨ ਆਤਮਾ ਨੇ ਵੇਦਾਂਤੀ-ਸਾਧੂ ਵਿਚ ਤਬਦੀਲ ਕਰ ਦਿੱਤਾ ਸੀ। ਪੰਜਾਬ ਤੋਂ ਉਹ ਇਕ ਸਿੱਖ ਗਭਰੂ ਦੇ ਰੂਪ ਵਿਚ ਜਾਪਾਨ ਪੁੱਜੇ ਸੀ ਪਰ ਉਥੋਂ ਉਹ ਘੋਨ ਮੋਨ ਹੋ ਕੇ ਤੇ ਗੇਰੂ ਬਸਤਰਾਂ ਵਾਲਾ ਸੰਨਿਆਸੀ ਬਣ ਕੇ ੧੯੦੩ ਈ. ਵਿਚ ਪੰਜਾਬ ਪਰਤੇ ਅਤੇ ਘਰਦਿਆਂ ਨੇ ਇਸ ਤਬਦੀਲੀ 'ਤੇ ਹੈਰਾਨੀ ਤੇ ਚਿੰਤਾ ਪ੍ਰਗਟ ਕੀਤੀ।

੧੯੦੪ ਈ. ਵਿਚ ਪ੍ਰੋ. ਪੂਰਨ ਸਿੰਘ ਨੇ ਗ੍ਰਹਿਸਤੀ ਜੀਵਨ ਧਾਰਨ ਕੀਤਾ। ਉਹ ਇਕ ਅਮੋੜ ਤੇ ਸਿਰੜੀ ਖੋਜੀ ਤੇ ਵਿਗਿਆਨੀ, ਅਨੁਭਵੀ ਸ਼ਾਇਰ, ਭਾਸ਼ਨਕਾਰ, ਪੱਤਰਕਾਰ ਅਤੇ ਸਮਾਜ ਸੁਧਾਰਕ ਸਨ। ਨਿਰਸੰਦੇਹ ਉਹ ਇਕ ਬਹੁਪੱਖੀ ਸਾਹਿੱਤਕਾਰ ਸਨ। ਉਨ੍ਹਾਂ ਦਾ ਜੀਵਨ ਇਕ ਆਦਰਸ਼ਕ ਜੀਵਨ ਸੀ। ਉਹ ਮਾਇਆਵਾਦੀ ਵਿਅਕਤੀ ਨਹੀਂ ਸਨ। ਉਹ ਤਾਂ ਨਿਰਲੇਪ ਕਿਸਮ ਦਾ ਇਕ ਸੁਤੰਤਰ ਸੋਚਣੀ ਦੇ ਜੀਊੜੇ ਸਨ। ਉਹ ਠੀਕਰੀਆਂ ਦੀ ਪੂਜਾ ਨਾਲੋਂ ਰੱਬ ਦੇ ਬੰਦਿਆਂ ਦੀ ਪੂਜਾ ਦੇ ਸ਼ੈਦਾਈ ਸਨ। ਅਕਾਸ਼ੀ ਮੰਡਲਾਂ ਵਿਚ ਵਿਚਰਨ ਵਾਲੇ, ਗਰਜ਼ਾਂ ਦੀਆਂ ਤੰਗ ਵਲਗਣਾਂ ਵਿਚ ਕਿੰਨਾ

ਕੁ ਚਿਰ ਕੈਦ ਰਹਿ ਸਕਦੇ ਹਨ!

ਜਦੋਂ ਉਨ੍ਹਾਂ ਅੰਗ੍ਰੇਜ਼ੀ ਭਾਸ਼ਾ ਵਿਚ Thundering Dawn ਦਾ ਪੱਤਰ ਜਾਰੀ ਕੀਤਾ ਤਾਂ ਉਸੇ ਵਰ੍ਹੇ ਉਨ੍ਹਾਂ ਨੂੰ ਵਿਕਟੋਰੀਆ ਡਾਇਮੰਡ ਜੁਬਲੀ ਹਿੰਦੂ ਟੈਕਨੀਕਲ ਇੰਸਟੀਚਿਊਟ ਦਾ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ।

ਉਹ ਏਨੇ ਜਜ਼ਬਾਤੀ ਤੇ ਭਾਵੁਕ ਸਨ ਕਿ ਘਰ ਵਿਚ ਕਿਸੇ ਸੰਨਿਆਸੀ ਦਾ ਅਪਮਾਨ ਬਰਦਾਸ਼ਤ ਨਹੀਂ ਸੀ ਕਰ ਸਕਦੇ ਅਤੇ ਘਰ ਦੇ ਭਾਂਡੇ ਤਕ ਭੰਨ ਦਿੰਦੇ, ਪਰ ਦੂਜੇ ਪਾਸੇ ਕੋਮਲਚਿਤ ਏਨੇ ਕਿ ਕਿਸੇ ਸ਼ਿਕਾਰੀ ਕੋਲੋਂ ਟੋਕਰੀ ਤੇ ਜਾਲੀ ਵਿਚ ਫਾਹੀਆਂ ਚਿੜੀਆਂ ਨੂੰ ਆਜ਼ਾਦ ਕਰਵਾਉਣ ਲਈ ੩੦ ਰੁਪਏ ਦੇ ਕੇ ਇਕ ਅਗੰਮੀ ਖੁਸ਼ੀ ਅਨੁਭਵ ਕਰਦੇ।

ਕਦੇ ਉਨ੍ਹਾਂ ਦਾ ਮੇਲ ਪ੍ਰਸਿੱਧ ਗਾਇਕ ਵਿਸ਼ਨੂੰ ਦਿਗੰਬਰ ਨਾਲ ਹੁੰਦਾ ਹੈ, ਤਾਂ ਕਦੀ ਵਿਸ਼ਵ-ਵਿਆਪੀ ਉਰਦੂ ਸ਼ਾਇਰ ਡਾ: ਇਕਬਾਲ ਨਾਲ, ਤੇ ਕਦੀ ਕਿਸੇ ਵਿਗਿਆਨੀ ਨਾਲ ਤੇ ਕਦੀ ਡਾ. ਖ਼ੁਦਾਦਾਦ ਅਤੇ ਕਦੀ ਪੰਡਿਤ ਹਰਦਿਆਲ ਐਮ. ਏ. ਨਾਲ ! ਇਹ ਸਾਰੇ ਮਹਾਨ ਵਿਅਕਤੀ ਪੂਰਨ ਸਿੰਘ ਦਾ ਹਾਰਦਿਕ ਸਤਿਕਾਰ ਕਰਦੇ ਸਨ।

੧੯੧੨ ਈ. ਵਿਚ ਪ੍ਰੋ. ਪੂਰਨ ਸਿੰਘ ਦਾ ਸਹਿਵਨ ਹੀ ਮੇਲ ਪੰਜਾਬੀ ਦੇ ਅਧਿਆਤਮਕ ਕਵੀ ਭਾਈ ਵੀਰ ਸਿੰਘ ਜੀ ਨਾਲ ਹੋਇਆ। ਉਨ੍ਹਾਂ ਦੀ ਪ੍ਰੇਰਨਾ ਨਾਲ ਪ੍ਰੋ. ਪੂਰਨ ਸਿੰਘ ਜੀ ਮੁੜ ਸਿੱਖੀ ਜਾਮੇ ਵਿਚ ਆ ਗਏ ਤੇ ਉਨ੍ਹਾਂ ਨੇ ਗੁਰਮਤੀ ਸਹਿਜ ਜੀਵਨ ਦਾ ਟਿਕਾਉ ਵਾਲਾ ਮਹਾ-ਆਨੰਦ ਹਾਸਿਲ ਕੀਤਾ। ਏਥੇ ਸਹੀ ਅਰਥਾਂ ਵਿਚ ਪ੍ਰੋ. ਪੂਰਨ ਸਿੰਘ 'ਪੂਰਨ' ਵੀ ਬਣ ਗਏ ਅਤੇ 'ਸਿੰਘ' ਵੀ। ਇਹ ਦੋਵੇਂ ਵਿਸ਼ੇਸ਼ਣ ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਦੇ ਅਨਿੱਖੜ ਅੱਖਰ ਹਨ।

ਪ੍ਰੋ. ਪੂਰਨ ਸਿੰਘ ਵਰਗੀ ਮਹਾਨ ਤੇ ਲਾਸਾਨੀ ਸ਼ਖ਼ਸੀਅਤ ਕਿਸੇ ਤੋਂ ਪ੍ਰੇਰਣਾ ਤਾਂ ਲੈ ਸਕਦੀ ਸੀ ਪਰ ਕਿਸੇ ਦੀ ਪਿਛਲੱਗ ਨਹੀਂ ਸੀ ਬਣ ਸਕਦੀ। ਭਾਈ ਵੀਰ ਸਿੰਘ ਕੇਵਲ ਇਕ ਪੂਰਵੀ ਲੇਖਕ (Oriental Writer) ਸਨ ਪਰ ਪ੍ਰੋ. ਪੂਰਨ ਸਿੰਘ ਦਾ ਸੋਚਣ-ਢੰਗ ਨਿਰੋਲ ਨਿੱਜੀ ਸੀ ਅਤੇ ਪ੍ਰਗਟਾ ਢੰਗ ਅਸਲੋਂ ਆਧੁਨਿਕ। ਸ਼ੈਲੀ ਇਕ ਦਮ ਨਵੀਨ ਤੇ ਜਗਤ-ਵਿਆਪੀ ਸੀ। ਉਨ੍ਹਾਂ ਦੇ ਅਧਿਐਨ ਦਾ ਖੇਤਰ ਬਹੁਤ ਮੋਕਲਾ ਤੇ ਵਿਸ਼ਾਲ ਸੀ ਤੇ ਪੱਛਮੀ ਸਾਹਿੱਤ-ਦਰਸ਼ਨ ਦਾ ਬੋਧ ਅਮੁੱਕ ਸੀ। ਪ੍ਰੋ. ਪੂਰਨ ਸਿੰਘ ਅੰਗ੍ਰੇਜ਼ੀ, ਹਿੰਦੀ, ਪੰਜਾਬੀ ਭਾਸ਼ਾਵਾਂ ਦੇ ਲੇਖਕ ਸਨ। ਪੰਜਾਬੀ ਭਾਸ਼ਾ ਵਿਚ ਉਨ੍ਹਾਂ ਨੇ 'ਖੁਲ੍ਹੇ ਲੇਖ', 'ਖੁਲ੍ਹੇ ਮੈਦਾਨ', 'ਖੁਲ੍ਹੇ ਘੁੰਡ' ਤੇ 'ਖੁਲ੍ਹੇ ਅਸਮਾਨੀ ਰੰਗ' ਆਦਿ ਪੁਸਤਕਾਂ ਖੁਲ੍ਹੇ, ਆਜ਼ਾਦ ਸੈਲਾਨੀ ਛੰਦ ਵਿਚ ਲਿਖ ਕੇ ਇਕ ਨਵੀਂ ਨਵੇਕਲੀ ਤੇ ਵਿਲੱਖਣ ਲੀਹ ਤੋਰੀ। ਇਸ ਮਹਿਕਾਂ ਖਿਲਾਰਣ ਵਾਲੀ ਅਨੁਭਵੀ ਸ਼ਖ਼ਸੀਅਤ ਦੀਆਂ ਰਚੀਆਂ ਹੋਰ ਪੁਸਤਕਾਂ ਇਸ ਪ੍ਰਕਾਰ ਹਨ : ਦਸ ਗੁਰੂ ਜੋਤ, ਰੂਹ ਦੇ ਜਾਏ ਲੋਕ, ਪੂਰਬੀ ਕਾਵਿ ਦੀ ਆਤਮਾ, ਚਰਨ ਕਮਲ, ਸਵਾਮੀ ਰਾਮ ਤੀਰਥ ਦਾ ਜੀਵਨ ਬਿਰ੍ਰਾਂਤ, ਗਦ-ਕਾਵਿ ਦੀਆਂ ਸਤ ਖਾਰੀਆਂ, ਅਣਪਰੋਏ ਮਣਕੇ, ਆਪੇ ਨਾਲ ਗੁਜ਼ਾਰੀ ਇਕ ਦੁਪਹਿਰ, ਜਗਦੀਆਂ ਜੋਤਾਂ ਤੇ ਤ੍ਰਿੰਞਣ ਦੀਆਂ ਸਖੀਆਂ ਆਦਿ। ਇਨ੍ਹਾਂ ਉਕਤ ਰਚਨਾਵਾਂ ਵਿਚ ਉਹ ਇਸ ਪਦਾਰਥਕ ਜਗਤ ਤੇ ਮਿੱਟੀ ਘੱਟੇ ਤੋਂ ਸਦਾ ਅਛੋਹ ਤੇ ਨਿਰਮਲ ਹਨ। ਇਨ੍ਹਾਂ ਵਿਚ ਸਮੇਂ ਦੀ ਆਤਮਾ ਦਾ ਚਿਤਰ ਵੀ ਮੌਜੂਦ ਹੈ ਪਰ ਸਭ ਤੋਂ ਵਧੇਰੇ

ਸਰਬ-ਸਮਿਆਂ ਦਾ ਚਰਿੱਤਰ ਸੁਭਾਇਮਾਨ ਹੈ ਤੇ ਇਹ ਸਾਡੇ ਸਾਹਿੱਤ-ਜਗਤ ਦਾ ਅਮੀਰ, ਅਖੁੱਟ ਤੇ ਜਿਊਂਦਾ-ਜਾਗਦਾ ਵਿਰਸਾ ਹੈ।

ਪ੍ਰੋ. ਪੂਰਨ ਸਿੰਘ ਜੀ ਦੀ ਰਚਨਾ ਦਾ ਘੇਰਾ ਬੜਾ ਵਿਸ਼ਾਲ ਹੈ। ਕਵਿਤਾ ਵਿਚ ਉਹ ਇਕ ਨਵੀਂ ਧਾਰਾ ਦੇ ਮੋਢੀ ਤੇ ਸਿਰਜਕ ਹਨ ਅਤੇ ਵਾਰਤਕ ਵਿਚ ਪਹਿਲੇ ਅਨੋਖੇ, ਨਿਵੇਕਲੇ ਤੇ ਵਿਲੱਖਣ ਨਿਬੰਧਕਾਰ ! ਗਦ-ਪਦ ਤੋਂ ਇਲਾਵਾ ਪ੍ਰੋ. ਪੂਰਨ ਸਿੰਘ ਨੇ ਉਲੱਥਾਕਾਰੀ ਵਿਚ ਭੀ ਨਿੱਗਰ-ਕਾਰਜ ਨੇਪਰੇ ਚਾੜ੍ਹ ਕੇ ਨਵੇਂ ਪੂਰਨੇ ਪਾਏ ਹਨ। ***The spirit of Oriental Poetry*** ਪੁਸਤਕ ਉਪਰ ਵਿਚਾਰ ਕਰਦਿਆਂ, ਪ੍ਰੋ: ਕਿਰਪਾਲ ਸਿੰਘ ਕਸੇਲ ਲਿਖਦਾ ਹੈ :

> *ਇਹ ਇੱਕੋ ਪੁਸਤਕ ਹੀ ਪ੍ਰੋ. ਪੂਰਨ ਸਿੰਘ ਦੀ ਲਾਜਵਾਬ ਸਾਹਿੱਤਕ ਚੇਤੰਨਤਾ ਦੀ ਸਾਖੀ ਭਰਦੀ ਹੈ ਤੇ ਉਸ ਨੂੰ ਮੌਲਿਕ, ਸਾਹਿੱਤਕ ਚਿੰਤਕ ਦੇ ਤੌਰ 'ਤੇ ਸਦਾ ਲਈ ਸਥਾਪਤ ਕਰ ਦਿੰਦੀ ਹੈ, ਜਿੰਨੇ ਉੱਚੇ ਖਿਆਲ ਇਸ ਵਿਚ ਦੱਸੇ ਗਏ ਹਨ, ਉਨੀ ਹੀ ਸੁੰਦਰ ਸ਼ੈਲੀ ਦਾ ਪ੍ਰਯੋਗ ਕੀਤਾ ਗਿਆ ਹੈ।*

ਉਪਰੋਕਤ ਪੁਸਤਕ ਵਿਚ ਜੈ ਦੇਵ ਦੀ ਜਗਤ-ਪ੍ਰਸਿੱਧ ਰਚਨਾ 'ਗੀਤ ਗੋਬਿੰਦ' ਦਾ ਵੀ ਅਨੁਵਾਦ ਹੈ। ਇੰਜ ਇਹ ਬਹੁਤ ਵੱਡਾ ਲਾਲਾਂ, ਮੋਤੀਆਂ ਦਾ ਕੀਮਤੀ ਖਜ਼ਾਨਾ ਤੇ ਸੁੰਦਰ ਪੁਸ਼ਪ ਬਾਗ ਹੈ। ਤ੍ਰਿੰਞਣ ਦੀਆਂ ਸਖੀਆਂ ਵਿਚਲੀ ਸਾਰੀ ਕਵਿਤਾ ਨੂੰ ਇਸ ਅਨੁਭਵੀ ਕਵੀ ਨੇ 'ਸਿੱਖ ਕਵਿਤਾ' ਆਖਿਆ ਹੈ। ਇਸ ਵਿਚ ਜਿੱਥੇ ਰਾਜ-ਹੰਸ, ਕੋਇਲ, ਚਾਤ੍ਰਿਕ ਤੇ ਪਾਰਸ ਰਾਹੀਂ ਜੀਵਨ ਦੇ ਉੱਚੇ ਆਦਰਸ਼ਾਂ ਨੂੰ 'ਪ੍ਰਤੀਕਮਈ' ਢੰਗ ਨਾਲ ਖੋਲ੍ਹਿਆ ਹੈ, ਉੱਥੇ 'ਇਸਤ੍ਰੀ' ਨਾਂ ਦੀ ਲੰਮੇਰੀ ਕਵਿਤਾ ਵਿਚ ਪੰਜਾਬ ਤੇ ਪੋਠੋਹਾਰ ਤੇ ਸਭਿਆਚਾਰਕ ਦ੍ਰਿਸ਼ ਦ੍ਰਿਸ਼ਟੀਗੋਚਰ ਕੀਤੇ ਹਨ। ਬਾਕੀ ਦੀਆਂ ਕਵਿਤਾਵਾਂ ਵਿਚ 'ਸਿੱਖ ਅਧਿਆਤਮਵਾਦ' ਦੇ ਨਵੇਂ ਰੂਪ ਦੇ ਖੁਲ੍ਹੇ ਦੀਦਾਰੇ ਕਰਵਾਏ ਹਨ। 'ਚਰਨ ਕਮਲਾਂ ਉੱਤੇ' ਨਾਂ ਦੀ ਲੰਮੀ ਕਵਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਗੰਮੀ ਦਰਸ਼ਨਾਂ ਦੀ ਸਿੱਕ ਵਿਚ ਉਲੀਕੀ ਗਈ ਹੈ।

'ਗਦ ਕਾਵਿ ਦੀਆਂ ਸੱਤ ਖਾਰੀਆਂ' ਬਹੁਪੱਖੀ ਵਿਸ਼ਿਆਂ ਨਾਲ ਸਬੰਧਿਤ ਤੇ ਅਧਿਆਤਮਕ ਅਗੰਮੀ ਮੰਡਲਾਂ ਵਿਚ ਵਿਚਰਨ ਤੇ ਲੈ ਜਾਵਣ ਵਾਲੀ ਯਾਦਗਾਰੀ ਰਚਨਾ ਹੈ। ਇਸ ਪੁਸਤਕ ਦੇ ਇਕ ਭਾਗ ਵਿਚ ਤਾਂ ਸਮੂਹ ਕਵੀਆਂ ਸਾਹਿੱਤਕਾਰਾਂ, ਭਗਤਾਂ ਤੇ ਪ੍ਰੇਮੀਆਂ ਦਾ ਸਤਿਸੰਗ ਲੱਗਾ ਹੋਇਆ ਹੈ। ਦੂਜੇ ਭਾਗ ਵਿੱਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਣੀਆਲੇ ਤੀਰਾਂ ਦੀਆਂ ਸੁਨਹਿਰੀ ਅਣੀਆਂ ਤੇ ਨੋਕਾਂ ਦੀ ਝਲਕਾਰ ਤੇ ਕਲਗ਼ੀ ਦੇ ਪ੍ਰਕਾਸ਼ ਦੀ ਲਿਸ਼ਕਦੀ ਲਿਸ਼ਕਾਰ ਹੈ।

ਪ੍ਰੋ. ਪੂਰਨ ਸਿੰਘ ਦੇ ਪੈਰਾਂ ਵਿਚ ਭ੍ਰਮਣ-ਚੱਕਰ ਸੀ। ਉਹ ਕਦੀ ਵੀ ਇਕ ਥਾਂ ਨਹੀਂ ਸਨ ਟਿਕ ਸਕਦੇ। ੧੯੧੮ ਈ. ਵਿਚ ਪਟਿਆਲੇ, ੧੯੧੯-੨੩ ਈ. ਤਕ ਗਵਾਲੀਅਰ ਰਿਆਸਤ ਵਿਚ, ਅਤੇ ੧੯੨੬ ਈ. ਵਿਚ ਕਸ਼ਮੀਰ ਦੇ ਮਹਾਰਾਜਾ ਪਾਸ ਨੌਕਰੀ ਕੀਤੀ। ਜਿੱਥੇ ਉਨ੍ਹਾਂ ਨੂੰ ਮਾਹੌਲ ਰਾਸ ਨਾ ਆਉਂਦਾ, ਉਥੋਂ ਉਹ ਅਛੋਪਲੇ ਜਿਹੇ ਟਿੱਭ ਜਾਂਦੇ। ਉਹ ਇਕ ਅਬੁੱਝ ਲਾਟ ਤੇ ਸੁਤੰਤਰ ਰੂਹ ਦੇ ਸਵਾਮੀ ਸਨ, ਜੋ ਕਿਸੇ ਦੀ ਅਧੀਨਗੀ ਕਬੂਲਣ ਲਈ ਹਰਗਿਜ਼ ਤਿਆਰ ਨਹੀਂ ਸਨ। ਨਿਰਵਾਣ-ਮੁਕਤੀ ਪ੍ਰਾਪਤ ਕਰ ਚੁੱਕੀ ਸੱਚੀ ਸੁਚੀ

ਆਤਮਾ ਤੇ ਫੁੱਲਾਂ ਦੀ ਸੁਗੰਧ ਕਿੰਜ ਮਸਨੂਈ ਦੁਨਿਆਵੀ ਕੈਦ ਦੀ ਚਾਰਦੀਵਾਰੀ ਵਿਚ ਬੰਨ੍ਹੀ ਰਹਿ ਸਕਦੀ ਹੈ!

੧੯੨੬ ਈ. ਵਿਚ ਚੱਕ ਨੰ: ੭੩/੧੯ ਸ਼ੇਖੂਪੁਰਾ (ਪਕਿਸਤਾਨ) ਵਿਚ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ੧੫ ਮੁਰੱਬੇ, ਰੋਸ਼ਾ ਘਾਹ ਉਗਾਉਣ ਲਈ ਦਿੱਤੇ ਪਰ ਅਚਾਨਕ ਹੜ੍ਹ, ਪਰਿਸ਼ਰਮ ਤੇ ਮਿਹਨਤ ਨਾਲ ਲਗਾਏ ਰੋਸ਼ਾ ਘਾਹ ਨੂੰ ਰੋੜ੍ਹ ਕੇ ਲੈ ਗਏ ਪਰ ਜਿਹੜਾ ਸਾਹਿੱਤਕ ਤੇ ਕਾਵਿਕ-ਹੜ੍ਹ ਪ੍ਰੋ: ਪੂਰਨ ਸਿੰਘ ਦੇ ਧੁਰ ਅੰਦਰ ਤਕ ਰਮਿਆ ਹੋਇਆ ਸੀ, ਉਸ ਨੂੰ ਭਲਾ ਕਿਹੜੀ ਸ਼ਕਤੀ ਰੋੜ੍ਹ ਸਕਦੀ ਸੀ!! ਕੇਵਲ ਲਿਖੀਆਂ ਪੁਸਤਕਾਂ ਤੇ ਖਰੜਿਆਂ ਦਾ ਟਰੰਕ ਆਪਣੇ ਕੋਲ ਸਾਂਭਦਿਆਂ ਇਕ ਉੱਚੀ ਥਾਂ ਬੈਠ ਕੇ, ਰੱਬ ਦਾ ਸ਼ੁਕਰ ਅਲਾਉਣ ਲੱਗੇ:

ਭਲਾ ਹੋਇਆ ਮੇਰਾ ਚਰਖਾ ਟੁੱਟਾ
ਜਿੰਦ ਅਜ਼ਾਬੋਂ ਛੁੱਟੀ!

ਬਾਰ ਦੇ ਜੰਗਲਾਂ ਵਿਚ ਉਨ੍ਹਾਂ ਨੂੰ ਤਪਦਿਕ ਦੇ ਰੋਗ ਨੇ ਅਜਿਹਾ ਗ੍ਰਸਿਆ ਕਿ ਇਲਾਜ ਵਾਸਤੇ ਉਨ੍ਹਾਂ ਨੂੰ ਡੇਹਰਾਦੂਨ (ਯੂ: ਪੀ:) ਵਿਚ ਲਿਆਂਦਾ ਗਿਆ, ਜਿੱਥੇ ਇਹ ਪੁਰਾਣੇ ਪੰਜਾਬ ਨੂੰ, ਪੁਰਾਣੀ ਸੰਸਕ੍ਰਿਤੀ ਨੂੰ ਹਾਕਾਂ ਮਾਰਨ ਵਾਲਾ, ਮਸਤ ਮੌਲਾ, ਜਜ਼ਬਾਤੀ ਤੇ ਅਨੁਭਵੀ, ਨਿਸ਼ਕਪਟ ਅਤੇ ਅਲਬੇਲੀ ਰੂਹ ਵਾਲਾ ਸ਼ਾਇਰ ੩੧ ਮਾਰਚ, ੧੯੩੧ ਨੂੰ ਇਸ ਨਾਸ਼ਵਾਨ ਸੰਸਾਰ ਨੂੰ ਆਪਣੀ ਅੰਤਿਮ ਫਤਿਹ ਬੁਲਾ ਕੇ ਪਰਮ-ਆਤਮਾ ਵਿਚ ਅਭੇਦ ਹੋ ਗਿਆ।

ਸ੍ਰ: ਤੇਜਾ ਸਿੰਘ ਜੀ ਸੁਮੰਦਰੀ

ਹਜ਼ਾਰੋਂ ਸਾਲ ਨਰਗਸ ਅਪਨੀ ਬੇਨੂਰੀ ਪੇ ਰੋਤੀ ਹੈ।
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

(ਡਾ. ਇਕਬਾਲ)

ਸ੍ਰ: ਤੇਜਾ ਸਿੰਘ ਜੀ ਬੜੇ ਗਹਿਰ ਗੰਭੀਰ, ਦੂਰ-ਦਰਸ਼ੀ, ਬਾ-ਵਕਾਰ, ਮਿੱਠ ਬੋਲੜੇ, ਸਹੀ ਸੋਚਣੀ ਦੇ ਅਧਿਕਾਰੀ, ਠੀਕ ਅਰਥਾਂ ਵਿਚ ਕਥਨੀ ਤੇ ਕਰਨੀ ਦੇ ਪੂਰਨ ਗੁਰਸਿੱਖ ਸਨ, ਜਿਨ੍ਹਾਂ ਆਪਣੀ ਸਾਰੀ ਉਮਰ ਸਿੱਖ ਕੌਮ ਤੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਨਿਛਾਵਰ ਕਰ ਦਿੱਤੀ।

ਤੇਜਾ ਸਿੰਘ ਸਮੁੰਦਰੀ ਦਾ ਜਨਮ ੧੮੮੧ ਨੂੰ ਅੰਮ੍ਰਿਤਸਰ ਦੀ ਪੱਟੀ ਤਹਿਸੀਲ ਦੇ ਪਿੰਡ **'ਰਾਏ ਕਾ ਬੁਰਜ'** ਵਿਚ ਰਿਸਾਲਦਾਰ ਮੇਜਰ ਸ੍ਰ: ਦੇਵਾ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਇਹ ਨਗਰ ਤਰਨਤਾਰਨ ਤੋਂ ਦੱਖਣ ਵੱਲ ਸਥਿਤ ਹੈ। ਇਸ ਪਿੰਡ ਦਾ ਮੁਢਲਾ ਤੇ ਅਸਲੀ ਨਾਂ **'ਰਾਏਪੁਰ ਬਲੀਮੇਂ'** ਸੀ। ਜਦੋਂ ਅੰਗ੍ਰੇਜ਼ਾਂ ਨੇ ਬਾਰ ਦਾ ਇਲਾਕਾ ਵਸਾਇਆ ਤਾਂ ਸ੍ਰ: ਦੇਵਾ ਸਿੰਘ ਨੂੰ ਫ਼ੌਜੀ ਸੇਵਾ ਬਦਲੇ, ਜ਼ਿਲ੍ਹਾ ਲਾਇਲਪੁਰ (ਫ਼ੈਸਲਾਬਾਦ) ਤਹਿਸੀਲ ਸਮੁੰਦਰੀ, ਚੱਕ ਨੰਬਰ ੧੪੦, ਗੋਗੇਰਾ ਬ੍ਰਾਂਚ ਵਿਚ ੫ ਮੁਰੱਬੇ ਮਿਲੇ ਤੇ ਪਰਿਵਾਰ ਸਮੇਤ ਉਥੇ ਜਾ ਵਸੇ।

ਤੇਜਾ ਸਿੰਘ ਅਜੇ ਬਾਲਕ ਹੀ ਸਨ ਜਦੋਂ ਉਨ੍ਹਾਂ ਦੇ ਪਿਤਾ ਜੀ ਉਨ੍ਹਾਂ ਨੂੰ ਆਪਣੇ ਨਾਲ ਬਾਹਰ ਫ਼ੌਜ ਵਿਚ ਲੈ ਗਏ। ਉਨ੍ਹਾਂ ਦੇ ਭਾਗਾਂ ਵਿਚ ਕੇਵਲ ਪੰਜ ਜਮਾਤਾਂ ਹੀ ਲਿਖੀਆਂ ਸਨ। ਕਿਸੇ ਖਾਸ ਮਜਬੂਰੀ ਅਧੀਨ ਉਨ੍ਹਾਂ ਨੂੰ ਸਕੂਲੋਂ ਹਟਾ ਲਿਆ ਗਿਆ ਪਰ ਸ਼ੁਰੂ ਤੋਂ ਹੀ ਉਨ੍ਹਾਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਡੂੰਘਾ ਪਿਆਰ ਸੀ। ਨਿਤਨੇਮ ਦੀਆਂ ਬਾਣੀਆਂ ਤੋਂ ਇਲਾਵਾ ਸੁਖਮਨੀ ਸਾਹਿਬ, ਅਨੰਦ ਸਾਹਿਬ ਤੇ ਆਸਾ ਦੀ ਵਾਰ ਕੰਠ ਸਨ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਹੁਤ ਚੰਗੇ ਪਾਠੀ ਵੀ ਸਨ।

ਬਚਪਨ ਤੋਂ ਹੀ ਸ੍ਰ: ਤੇਜਾ ਸਿੰਘ ਬਚਨ ਦੇ ਪੂਰੇ ਤੇ ਕਥਨੀ ਦੇ ਸੂਰੇ ਸਨ। ਜਿਸ ਕਿਸੇ ਨਾਲ ਉਹ ਕੋਈ ਇਕਰਾਰ ਕਰਦੇ, ਉਸ ਨੂੰ ਤੋੜ ਚੜ੍ਹਾ ਕੇ ਉਨ੍ਹਾਂ ਨੂੰ ਇਕ ਆਤਮਕ ਸਕੂਨ ਹਾਸਿਲ ਹੁੰਦਾ। ਲੋੜਵੰਦਾਂ, ਅਨਾਥਾਂ, ਬੇਸਹਾਰਿਆਂ ਅਤੇ ਗ਼ਰੀਬਾਂ ਦੀ ਯਥਾ ਯੋਗ ਸਹਾਇਤਾ ਕਰਦੇ। ਸੇਵਾ, ਸਿਮਰਨ ਦਾ ਚਾਉ ਉਨ੍ਹਾਂ ਦੇ ਹਿਰਦੇ ਵਿਚ ਸਦਾ ਹੀ ਠਾਠਾਂ ਮਾਰਦਾ। ਤੇਜਾ ਸਿੰਘ ਦੇ ਜੀਵਨ ਦੀ ਇਕ ਵਿਸ਼ੇਸ਼ ਘਟਨਾ ਇਸ ਪ੍ਰਥਾਏ ਬਿਆਨੀ ਜਾ ਸਕਦੀ ਹੈ। ਇਕ ਵਾਰੀ ਪਿੰਡ ਦੀ ਇਕ ਮਾਈ ਰਾਧਾ ਕੋਲ ਤਕਾਵੀ ਤਾਰਨ ਜੋਗੇ ਪੈਸੇ ਨਹੀਂ ਸਨ ਤੇ ਜਿੰਨਾ ਚਿਰ ਤੀਕ ਉਹ ਤਕਾਵੀ ਦੀ ਰਕਮ ਨਹੀਂ ਸੀ ਤਾਰ ਸਕਦੀ, ਉਨਾ ਚਿਰ ਤੱਕ ਉਸ ਨੂੰ

ਜ਼ਮੀਨ ਦੀ ਮਾਲਕੀ ਨਹੀਂ ਸੀ ਮਿਲ ਸਕਦੀ। ਸੋ, ਤੇਜਾ ਸਿੰਘ ਨੇ ਹਮਦਰਦੀ ਵਜੋਂ ਬਣਦੀ ਰਕਮ, ਆਪਣੇ ਕੋਲੋਂ ਹੀ ਤਾਰ ਦਿੱਤੀ। ਇਸ 'ਤੇ ਮਾਈ ਬਹੁਤ ਹੀ ਜ਼ਿਆਦਾ ਪ੍ਰਸੰਨ ਹੋਈ ਅਤੇ ਉਸ ਮਾਈ ਨੇ ਤੇਜਾ ਸਿੰਘ ਨੂੰ ਆਪਣਾ 'ਧਰਮ ਦਾ ਪੁੱਤਰ' ਬਣਾ ਲਿਆ।

ਆਪ ਆਪਣੇ ਇਲਾਕੇ ਵਿਚ ਲੋਕ-ਸੁਧਾਰਕ ਸਰਗਰਮੀਆਂ ਤੇ ਵਿਦਿਅਕ ਸੇਵਾਵਾਂ ਕਾਰਣ ਮੁੱਢ ਤੋਂ ਹੀ ਪ੍ਰਸਿੱਧ ਸਨ। ਅਕਾਲੀ ਲਹਿਰ ਦੇ ਹਰੇਕ ਮੋਰਚੇ ਵਿਚ ਆਪ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ। ਪੰਥ ਜਿਹੜੀ ਵੀ ਜ਼ਿੰਮੇਂਵਾਰੀ ਸੌਂਪਦਾ, ਉਹ ਉਸ ਨੂੰ ਤਨ, ਮਨ, ਧਨ ਲਾ ਕੇ ਸਿਰੇ ਚਾੜ੍ਹ ਕੇ ਅਤਿ ਪ੍ਰਸੰਨ ਹੁੰਦੇ। 'ਗੁਰੂ ਕੇ ਬਾਗ' ਦਾ ਐਸਾ ਮੋਰਚਾ ਸੀ, ਜਿਸ ਨੂੰ ਇਨ੍ਹਾਂ ਨੇ ਅਜਿਹੀ ਸੂਝ-ਬੂਝ ਤੇ ਸਿਆਣਪ ਨਾਲ ਅਗਵਾਈ ਦਿੜ੍ਹੀ ਕਿ ਕੀ ਦੋਸਤ ਤੇ ਦੁਸ਼ਮਣ, ਕੀ ਸਰਕਾਰ ਤੇ ਅਕਾਲੀ ਨੇਤਾ ਸਾਰੇ ਆਪ ਦੀ ਸਿਆਣਪ ਦਾ ਲੋਹਾ ਮੰਨਦੇ ਸਨ।

ਪ੍ਰੋ: ਰੁਚੀ ਰਾਮ ਸਾਹਨੀ, ਤੇਜਾ ਸਿੰਘ ਦੀ ਸਿੱਖ ਇਤਿਹਾਸ ਦੀ ਵਾਕਫੀ ਸਬੰਧੀ ਆਪਣੀ ਪ੍ਰਸਿੱਧ ਪੁਸਤਕ ***Struggle for Reform in Sikh Shrines*** ਵਿਚ ਇੰਜ ਲਿਖਦਾ ਹੈ:

ਸ੍ਰ: ਤੇਜਾ ਸਿੰਘ ਸਮੁੰਦਰੀ ਸੱਚਮੁਚ ਹੀ ਬੜਾ ਕਮਾਲ ਦਾ ਬੰਦਾ ਸੀ, ਸਧਾਰਣ ਸ਼ਬਦਾਂ ਵਿਚ ਗੱਲ ਕੀਤਿਆਂ, ਉਹ ਪੜ੍ਹਿਆ ਲਿਖਿਆ ਬੰਦਾ ਨਹੀਂ ਸੀ-ਪਰ ਉਹ ਸਿੱਖ ਇਤਿਹਾਸ ਅਤੇ ਸਿੱਖ ਧਰਮ ਬਾਰੇ ਸਭ ਕੁਝ ਜਾਣਦਾ ਸੀ। ਮੈਂ ਉਸ ਨੂੰ ਜਦੋਂ ਕਦੇ ਗੱਲ ਕਰਦਿਆਂ ਸੁਣਿਆ, ਉਹ ਮੈਨੂੰ ਸਿੱਖ ਇਤਿਹਾਸ ਦੀ ਬੜੀ ਬਾਰੀਕ ਸੂਝ ਰੱਖਣ ਵਾਲਾ ਵਿਅਕਤੀ ਦਿਸ ਆਇਆ। ਉਸ ਦਾ ਸਿੱਖ ਇਤਿਹਾਸ ਦੇ ਉਸ ਕਾਲ ਦਾ ਗਿਆਨ ਤਾਂ ਬੜਾ ਅਦਭੁਤ ਸੀ, ਜਿਸ ਨੇ ਉਸ ਦੇ ਸਿੱਖ-ਨਿਸਚੇ ਤੇ ਆਚਰਣ ਨੂੰ ਅਮਲ ਦੀ ਕੁਠਾਲੀ ਵਿਚ ਢਾਲ ਕੇ ਕੰਚਨ ਵਰਗਾ ਬਣਾ ਦਿੱਤਾ ਸੀ। ਸਮੁੰਦਰੀ ਸਾਹਿਬ ਦੀ ਸਭ ਤੋਂ ਵੱਡੀ ਇੱਛਾ ਖਾਲਸੇ ਨੂੰ ਉਸ ਸਮੇਂ ਉੱਚੇ ਆਦਰਸ਼ਾਂ ਤੇ ਰਵਾਇਤਾਂ ਅਨੁਸਾਰ ਜੀਵਨ ਬਤੀਤ ਕਰਦੇ ਵੇਖਣਾ ਸੀ*

ਸ੍ਰ: ਤੇਜਾ ਸਿੰਘ ਦਾ ਨਾਉਂ ਕੇਵਲ ਇਸ ਕਰਕੇ ਉੱਘਾ ਨਹੀਂ ਸੀ ਕਿ ਉਹ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਮੋਹਰੀਆਂ ਵਿਚੋਂ ਸਨ, ਸਗੋਂ ਇਸ ਲਈ ਵੀ ਪ੍ਰਸਿੱਧ ਹੈ ਕਿ ਉਨ੍ਹਾਂ ਦੀ ਸ਼ਖ਼ਸੀਅਤ ਅਦੁੱਤੀ ਸੀ। ਉਨ੍ਹਾਂ ਦੇ ਕੋਮਲ ਹਿਰਦੇ ਵਿਚ ਪ੍ਰੇਮ, ਸੱਚ ਤੇ ਪਿਆਰ, ਗੁਰਬਾਣੀ ਲਈ ਅਪਾਰ ਸ਼ਰਧਾ, ਗੰਭੀਰਤਾ ਤੇ ਦ੍ਰਿੜਤਾ ਦਾ ਅਮੁੱਕ ਸੋਮਾ ਠਾਠਾਂ ਮਾਰਦਾ ਪਿਆ ਸੀ। ਬਾਬਾ ਖੜਕ ਸਿੰਘ ਤੋਂ ਪਿਛੋਂ ਉਸ ਵੇਲੇ ਕੋਈ ਹੋਰ ਰਾਜਸੀ ਲੀਡਰ ਤੇਜਾ ਸਿੰਘ ਦੇ ਹਾਣ ਦਾ ਨਹੀਂ ਸੀ।

ਜਦੋਂ ਪੰਜਾਬੀ ਦੇ ਪ੍ਰਸਿੱਧ ਖੋਜੀ ਵਿਦਵਾਨ ਡਾ. ਪਿਆਰ ਸਿੰਘ, ਪ੍ਰਿੰ: ਬਾਵਾ ਹਰਕਿਸ਼ਨ ਸਿੰਘ ਪਾਸ, ਸ੍ਰ: ਤੇਜਾ ਸਿੰਘ ਸਮੁੰਦਰੀ ਬਾਰੇ ਜਾਣਕਾਰੀ ਹਾਸਿਲ ਕਰਨ ਲਈ ਗਏ ਤਾਂ ਬਾਵਾ ਜੀ ਨੇ ਸੌ ਦੀ ਇਕੋ ਗੱਲ ਆਖੀ : **In short, Teja Singh was the flower of the Akali Movement.**

੧੯੨੩-੨੫ ਦਰਮਿਆਨ, ਪੰਜਾਬ ਵਿਚ ਹਰ ਧਰਮ ਦੇ ਲੋਕੀਂ ਇਹ ਕਹਿੰਦੇ ਸੁਣੇ ਗਏ ਕਿ ਮਹਾਤਮਾ ਗਾਂਧੀ ਦੀ ਸ਼ਾਂਤਮਈ ਲਹਿਰ ਨੂੰ ਜੇ ਕਿਸੇ ਫੁੱਲਾਂ ਦਾ ਸਿਹਰਾ ਬੱਧਾ ਹੈ ਤਾਂ

ਪੰਨਾ ੯੭

ਉਹ ਕੇਵਲ ਸਿੱਖ ਹੀ ਹਨ, ਜਿਨ੍ਹਾਂ **ਗੁਰੂ ਕੇ ਬਾਗ ਅਤੇ ਜੈਤੋ ਦੇ ਮੋਰਚਿਆਂ ਸਮੇਂ ਸ਼ਾਂਤ ਰਹਿਣ ਦੀ ਇਕ ਵਿਲੱਖਣ ਮਿਸਾਲ ਪੇਸ਼ ਕਰਕੇ, ਸੰਸਾਰ ਨੂੰ ਹੈਰਾਨੀ ਵਿਚ ਪਾ ਦਿੱਤਾ।** ਸਹੀ ਅਰਥਾਂ ਵਿਚ ਗੁਰੂ ਕੇ ਬਾਗ ਦੇ ਮੋਰਚੇ ਦੇ ਮੁੱਖ ਨਾਇਕ-ਸੰਚਾਲਕ ਸ੍ਰ: ਤੇਜਾ ਸਿੰਘ ਸਮੁੰਦਰੀ ਹੀ ਸਨ, ਜਿਨ੍ਹਾਂ ਦੇ ਉੱਦਮ, ਧੀਰਜ, ਸਹਿਨਸ਼ੀਲਤਾ, ਅਣਥੱਕ ਤੇ ਨਿਸ਼ਕਾਮ ਸੇਵਾ ਨੇ ਇਕ ਲਾਸਾਨੀ ਸਿਹਰਾ ਕੌਮ ਦੇ ਸਿਰ ਬੱਧਾ।

ਚੰਗੇ ਲੀਡਰਾਂ ਵਾਂਗ ਸਮੁੰਦਰੀ ਸਾਹਿਬ ਬੜੀ ਬਾਰੀਕ ਤੇ ਪਾਰਦਰਸ਼ੀ ਦ੍ਰਿਸ਼ਟੀ ਦੇ ਮਾਲਿਕ ਸਨ। ਉਹਦੀ ਪਾਰਖੂ ਅੱਖ, ਚੰਗੇ ਮਾੜੇ ਬੰਦੇ ਦੀ ਝੱਟ ਪਛਾਣ ਕਰ ਲੈਂਦੀ ਸੀ। ਸੱਚੀ ਸੁੱਚੀ ਤੇ ਸਾਫ ਸਪੱਸ਼ਟ ਗੱਲ ਕਰਨ ਦਾ ਉਨ੍ਹਾਂ ਦਾ ਮੁੱਢੋਂ ਹੀ ਸੁਭਾਅ ਸੀ। ਉਨ੍ਹਾਂ ਨੂੰ ਕਿਸੇ ਦੀ ਕਦੀ ਪਰਵਾਹ ਨਹੀਂ ਸੀ ਤੇ ਨਾ ਉਹ ਹੀ ਲਿਹਾਜ਼ਦਾਰੀ ਦਾ ਕੋਈ ਪਾਸਕੂ ਰਖਦੇ ਸਨ।

ਅਕਾਲੀ ਲਹਿਰ ਦੇ ਅਣਥੱਕ ਜਰਨੈਲ ਸ੍ਰ: ਤੇਜਾ ਸਿੰਘ ਸਮੁੰਦਰੀ ਨਿਡਰ, ਬੇਬਾਕ ਤੇ ਕੁਰਬਾਨੀ ਦੇ ਪੁਤਲੇ ਸਨ। ਉਨ੍ਹਾਂ ਨੂੰ ਕਿਸੇ ਦਾ ਡਰ ਭੈ ਨਹੀਂ ਸੀ, ਘਰ ਵਲੋਂ ਉੱਕਾ ਈ ਨਿਸਚਿੰਤ ਸਨ। ਧਰਮ ਤੇ ਪੰਥ, ਦੇਸ਼ ਤੇ ਕੌਮ ਦੇ ਜਿਸ ਸੁਚੱਜੇ ਕਾਰਜ ਵਿਚ ਆਪ ਲੱਗ ਜਾਂਦੇ, ਉਸ ਲਈ ਉਹ ਨਿਰਸੰਦੇਹ ਤਨ, ਮਨ, ਧਨ ਨਾਲ ਸੇਵਾ ਵਿਚ ਜੁਟ ਜਾਂਦੇ। ਆਪ ਦੇ ਸਵੱਛ ਤੇ ਕੋਮਲ ਹਿਰਦੇ ਵਿਚ ਇਹ ਲਗਨ ਸੀ ਕਿ ਸਿੱਖ ਧਰਮ ਤੇ ਸਮਾਜ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਕੇ ਸਿੱਖਾਂ ਨੂੰ ਆਦਰਸ਼ਕ ਜੀਵਨ ਲਈ ਤਤਪਰ ਕੀਤਾ ਜਾਵੇ, ਜਿਸ ਦੀ ਮਿਸਾਲ ਸ਼ਾਇਦ ਹੋਰ ਕਿਧਰੇ ਨਾ ਮਿਲ ਸਕੇ। ਉਹ ਦਸਵੰਧ ਤੇ ਚੜ੍ਹਾਵੇ ਦੀ ਦੌਲਤ ਨੂੰ ਵਿਦਿਆ ਦੇ ਫੈਲਾਓ, ਅਛੂਤਾਂ ਸੁਧਾਰ ਤੇ ਮਾਨਵ-ਜਾਤੀ ਦੇ ਕਲਿਆਣ ਹਿਤ ਵਰਤਣ ਦੇ ਸਦੈਵ ਚਾਹਵਾਨ ਸਨ।

'ਗੁਰੂ ਕੇ ਬਾਗ' ਦੇ ਮੋਰਚੇ ਵਿਚ ਕੈਦ ਹੋਣ ਵਾਲੇ ਕੈਦੀਆਂ ਦੇ ਜੁਰਮਾਨੇ ਤਾਰਨ ਅਤੇ ਉਨ੍ਹਾਂ ਦੇ ਟੱਬਰਾਂ ਦੀ ਸਹਾਇਤਾ ਕਰਨ ਲਈ ਜਦੋਂ ਵੀ ਕੋਈ ਫੰਡ ਇਕੱਠਾ ਕਰਨਾ ਹੁੰਦਾ ਤਾਂ ਆਪ ਵਧ ਚੜ੍ਹ ਕੇ ਯੋਗਦਾਨ ਪਾਉਂਦੇ। 'ਅਕਾਲੀ' ਅਖ਼ਬਾਰ ਨੂੰ ਜੀਵਿਤ ਰੱਖਣ ਲਈ ਆਪ ਨੇ ਆਪਣੇ ਵਲੋਂ ਚਾਲੀ ਹਜ਼ਾਰ ਰੁਪਏ ਦੀ ਜ਼ਮਾਨਤ, ਜੋ ਉਹਨੀਂ ਦਿਨੀਂ ਇਕ ਬਹੁਤ ਵੱਡੀ ਰਕਮ ਆਪਣੇ ਇਕ ਮੁਰੱਬੇ ਦਾ ਨੰਬਰ ਦੇ ਕੇ ਪੂਰੀ ਕੀਤੀ। ਵਿਦਿਅਕ ਆਸ਼ਰਮਾਂ ਦੀ ਕੀਤੀ ਜਾਣ ਵਾਲੀ ਸਹਾਇਤਾ ਵੀ ਉਨ੍ਹਾਂ ਦੇ ਵੱਡਦਾਨੀ-ਸੁਭਾਅ ਨੂੰ ਉਜਾਗਰ ਕਰਦੀ ਹੈ। ਖਾਲਸਾ ਹਾਈ ਸਕੂਲ, ਲਾਇਲਪੁਰ, ਖਾਲਸਾ. ਹਾਈ. ਸਕੂਲ. ਸਰਹਾਲੀ ਤੇ ਚੱਕ ਨੰ: ੧੪੦ ਵਾਲੇ ਸਕੂਲ ਦਾ ਸਾਰਾ ਖਰਚਾ ਆਪ ਆਪਣੇ ਪੱਲਿਓਂ ਕਰਦੇ ਸਨ।

ਗੁਰਦੁਆਰਾ ਖਡੂਰ ਸਾਹਿਬ ਉੱਤੇ ਕਬਜ਼ਾ ਲੈਣ ਵੇਲੇ ਇਹ ਸੰਦੇਹ ਭਾਸਦਾ ਸੀ ਕਿ ਸ੍ਰੀ ਨਨਕਾਣਾ ਸਾਹਿਬ ਵਰਗਾ ਖੂਨ-ਖਰਾਬਾ ਨਾ ਹੋ ਜਾਵੇ। ਉਸ ਵਕਤ ਕਬਜ਼ਾ ਲੈਣ ਵਾਲੇ ਸਿੰਘਾਂ ਨਾਲ ਆਪ ਵੀ ਸਨ। ਆਪ ਨੇ ਖਡੂਰ ਸਾਹਿਬ ਦੇ ਬਾਵਿਆਂ ਨਾਲ, ਇਸ ਔਖੇ ਮਸਲੇ ਨੂੰ ਅਜਿਹੇ ਸ਼ਾਂਤਮਈ ਢੰਗ ਨਾਲ ਸੁਲਝਾਇਆ, ਜਿਸ 'ਤੇ ਸਾਰੇ ਅਕਾਲੀ ਅਸ਼-ਅਸ਼ ਕਰ ਉਠੇ ਜਿਸ ਕਰਕੇ ਆਪ ਸਿੱਖ ਜਗਤ ਵਿਚ ਹੋਰ ਵੀ ਵਧੇਰੇ ਸਲਾਹੁਣਯੋਗ ਅਤੇ ਸਤਿਕਾਰਿਤ ਵਿਅਕਤੀ ਹੋ ਨਿਬੜੇ।

ਆਪ ਵਿਚ ਸਹਿਨਸ਼ੀਲਤਾ, ਦਿਆਨਤਦਾਰੀ, ਨਿਸ਼ਕਾਮ ਸੇਵਾ ਤੇ ਗੰਭੀਰਤਾ ਵੀ

ਲੋਹੜੇ ਦੀ ਸੀ। ਆਪ ਜੀ ਦਾ ਹਾਜ਼ਮਾ ਇਤਨਾ ਵਿਸ਼ਾਲ ਸੀ ਕਿ ਵੱਡੀ ਤੋਂ ਵੱਡੀ ਗੱਲ ਨੂੰ ਹਜ਼ਮ ਕਰਨ ਵਾਲੇ ਵਿਅਕਤੀ ਸਨ।

ਏਨੇ ਹਰਮਨਪਿਆਰੇ ਤੇ ਮੰਨੇ-ਪ੍ਰਮੰਨੇ ਨੇਤਾ ਹੋਣ ਦੇ ਅਤੇ ਬਾਵਜੂਦ 'ਗੁਰੂ ਕੇ ਬਾਗ' ਵਰਗੀ ਵੱਡੀ ਜਿੱਤ ਅਤੇ ਖਡੂਰ ਸਾਹਿਬ ਗੁਰਦੁਆਰੇ ਦੀ ਪਹਾੜ ਜਿੱਡੀ ਸਮੱਸਿਆ ਦਾ ਸਾਮਧਾਨ ਕਰਨ ਦੇ, ਆਪ ਨਿਰਮਾਣਤਾ ਦੇ ਪੁੰਜ ਸਨ। ਕਮਾਲ ਇਹ ਹੈ ਕਿ ਕੁਰਬਾਨੀ ਆਪ ਕਰਦੇ ਸਨ ਪਰ ਵਡਿਆਈ ਆਪਣੇ ਦੂਜੇ ਸਾਥੀਆਂ ਨੂੰ ਬਖ਼ਸ਼ ਦੇਂਦੇ ਸਨ। ਜਦੋਂ ਸੈਂਟ੍ਰਲ ਸਿੱਖ ਲੀਗ ਦੀ ਪ੍ਰਧਾਨਗੀ ਸੰਭਾਲਣ ਦੀ ਗੱਲ ਚੱਲੀ ਤਾਂ ਆਪ ਨੇ ਪ੍ਰਧਾਨ ਬਣਨ ਤੋਂ ਸਾਫ ਇਨਕਾਰ ਕਰ ਦਿੱਤਾ, ਸਗੋਂ ਇਹ ਆਖਿਆ ਕਿ ਇਹ ਮਾਣ ਸਤਿਕਾਰ ਬੇਤਾਜ ਬਾਦਸ਼ਾਹ ਸ੍ਰ: ਖੜਕ ਸਿੰਘ ਜੀ ਨੂੰ ਸੌਂਪਿਆ ਜਾਏ, ਉਹੀ ਇਸ ਦੇ ਯੋਗ ਪਾਤਰ ਹਨ। ਆਪ ਅਜਿਹੇ ਨਿਰਮਾਣ ਤੇ ਨਿਸ਼ਕਾਮ ਸੇਵਕ ਸਨ ਕਿ ਜਿੱਥੇ ਕਿਤੇ ਪ੍ਰਸੰਸਾ ਤੇ ਮਾਨ-ਸਨਮਾਨ ਦਾ ਪ੍ਰਸ਼ਨ ਉਠਦਾ, ਆਪ ਉਥੋਂ ਖਿਸਕ ਜਾਂਦੇ।

ਸ੍ਰ: ਤੇਜਾ ਸਿੰਘ ਸਮੁੰਦਰੀ ਜ਼ਲੀਲਕੁਨ ਸਰਕਾਰੀ ਸ਼ਰਤਾਂ ਨੂੰ ਜੁੱਤੀ ਦੀ ਨੋਕ ਨਾਲ ਠੁਕਰਾਉਣ ਵਾਲੇ ਅਕਾਲੀ ਲੀਡਰਾਂ ਦੇ ਆਗੂ ਸਨ। ਹੋਲੀ ਦੀਆਂ ਮਿਥੀਆਂ ਸ਼ਰਤਾਂ ਨੂੰ ਮੰਨ ਕੇ ਰਿਹਾ ਹੋਣਾ ਆਪ ਬੜੀ ਭਾਰੀ ਜ਼ਿੱਲਤ ਖਿਆਲ ਕਰਦੇ ਸਨ। ਅਣਖੀ ਸੂਰਮੇ ਤੇ ਆਪਾ-ਤਿਆਗ ਦੀ ਅਮਰ ਮੂਰਤੀ ਸ੍ਰ: ਤੇਜਾ ਸਿੰਘ ਸਮੁੰਦਰੀ ਦੇ ਮੁਕਾਬਲੇ ਅੱਜ ਦੇ ਇਸ ਪਦਾਰਥਵਾਦੀ ਯੁੱਗ ਵਿਚ ਕੌਣ ਹੈ ਜੋ ਏਨੀ ਕੁਰਬਾਨੀ ਕਰ ਸਕੇ? ਸਾਨੂੰ ਇਸ ਮਹਾਨ ਆਤਮਾ ਕੋਲੋਂ ਸਿੱਖਣਾ ਚਾਹੀਦਾ ਹੈ ਕਿ ਕੌਮ ਦੀ ਨਿਸ਼ਕਾਮ ਸੇਵਾ ਕਿੰਜ ਕਰੀਦੀ ਹੈ ਤੇ ਇਹ ਵੀ ਕਿ ਆਪਾ ਤਿਆਗ ਕਿਸ ਚੀਜ਼ ਦਾ ਨਾਂ ਹੈ; ਬੰਸ ਨਿਛਾਵਰ ਕਿਸ ਨੂੰ ਕਹਿੰਦੇ ਹਨ ਤੇ ਸਿੱਖੀ ਆਦਰਸ਼ ਕੀ ਹੈ!! ਮਾ: ਤਾਰਾ ਸਿੰਘ ਨੇ ਸਮੁੰਦਰੀ ਨੂੰ **"ਪੂਰਨ ਸਿੱਖ"** ਆਖਿਆ ਸੀ। ਅਸੀਂ ਉਨ੍ਹਾਂ ਨੂੰ **"ਸੰਤ ਸਿਪਾਹੀ"** ਆਖਣ ਵਿਚ ਮਾਣ ਮਹਿਸੂਸ ਕਰਾਂਗੇ !

ਉਨ੍ਹਾਂ ਦਾ ਨਿੱਜੀ ਆਚਰਣ ਕੰਚਨ ਵਰਗਾ ਸ਼ੁੱਧ ਸੀ। ਕੋਈ ਵਿਅਕਤੀ ਵੀ ਉਨ੍ਹਾਂ ਵੱਲ ਉਂਗਲ ਕਰਨ ਦੀ ਜੁਰਅਤ ਨਹੀਂ ਕਰ ਸਕਦਾ ਸੀ। ਆਪ ੫੫ ਸਾਲ ਦੀ ਉਮਰ ਵਿਚ ੧੭ ਜੁਲਾਈ, ੧੯੨੬ ਨੂੰ ਸੈਂਟ੍ਰਲ ਜੇਲ੍ਹ ਲਾਹੌਰ ਵਿਚ ਅਕਾਲ-ਚਲਾਣਾ ਕਰ ਗਏ। ਲਾਹੌਰ ਅਤੇ ਅੰਮ੍ਰਿਤਸਰ ਵਿਚ ਉਨ੍ਹਾਂ ਦੇ ਮਾਤਮੀ ਜਲੂਸ ਵਿੱਚ ਲੱਖਾਂ ਹੀ ਲੋਕ ਸ਼ਾਮਿਲ ਹੋਏ। ਕਿਹੜੀ ਅੱਖ ਸੀ, ਜਿਹੜੀ ਉਨ੍ਹਾਂ ਦੀ ਯਾਦ ਵਿਚ ਸਿੱਲ੍ਹੀ ਨਾ ਹੋਈ ਹੋਵੇ !

ਅੱਜ ਦਰਬਾਰ ਸਾਹਿਬ ਕੰਪਲੈਕਸ ਵਿਚ ਸ੍ਰ: ਤੇਜਾ ਸਿੰਘ ਸਮੁੰਦਰੀ ਦੀ ਯਾਦ ਵਿਚ ਵਿਸ਼ਾਲ ਸ਼ਾਨਦਾਰ ਇਮਾਰਤ ਸੁਭਾਇਮਾਨ ਹੈ, ਜਿਸ ਦਾ ਨਾਂ ਹੈ ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ। ਇਹ ਸੀ ਸਮੁੱਚੀ ਸਿੱਖ ਕੌਮ ਵੱਲੋਂ ਉਨ੍ਹਾਂ ਨੂੰ ਸੱਚੀ-ਸੁੱਚੀ ਸ਼ਰਧਾਂਜਲੀ, ਜਿਸ ਨੂੰ ਵੇਖ ਕੇ ਹਰ ਬਸ਼ਰ ਦਾ ਸਿਰ ਮਾਣ ਨਾਲ ਉੱਚਾ ਹੁੰਦਾ ਹੈ।

ਅਕਾਲੀ ਕੌਰ ਸਿੰਘ ਜੀ ਨਿਹੰਗ

ਜਿਸ ਸ਼ਖ਼ਸੀਅਤ ਬਾਰੇ ਅਸੀਂ ਉਲੇਖ ਪੇਸ਼ ਕਰ ਰਹੇ ਹਾਂ ਉਸ ਦੇ ਨਾਮ ਨਾਲ ਲਗਦੇ ਸਾਰੇ ਅੱਖਰ ਆਪਣੇ ਆਪ ਵਿੱਚ ਸਿੱਕੇ-ਬਧ ਮਹੱਤਵ ਰਖਦੇ ਹਨ। 'ਅਕਾਲੀ' ਦਾ ਰਹੱਸ ਅਕਾਲੀ ਫੌਜ (ਸ਼ਹੀਦੀ ਫੌਜ) ਤੋਂ ਹੁੰਦਾ ਹੋਇਆ ਅਕਾਲੀ ਫੂਲਾ ਸਿੰਘ ਦੀ ਅਜ਼ਮਤ ਭਰੀ ਰਹਿਣੀ-ਬਹਿਣੀ ਤਕ ਖਾਲਸਾ ਰਾਜ ਸਮੇਂ ਪੁੱਜ ਚੁਕਾ ਸੀ। ਅੰਗਰੇਜ ਕਾਲ ਦੇ ਅੰਤਮ ਛਿੰਨਾਂ ਅਤੇ ਹਿੰਦੁਸਤਾਨੀਆਂ ਦੇ ਵਰਤਮਾਨ ਰਾਜ-ਕਾਲ ਦੇ ਪਹਿਲੋਂ ਪਹਿਲ ਦੇ ਸਵਾਸਾਂ ਦੋ ਵਰ੍ਹਿਆਂ (੧੯੫੨-੫੩ ਈ.) ਤਕ 'ਅਕਾਲੀ' ਰਹਿਣੀ ਬਹਿਣੀ ਦੀ ਸੰਤ-ਸਿਪਾਹੀ ਵਰਗੀ ਅਤੇ ਰਹੱਸਾਤਮਕ ਪ੍ਰਾਪਤੀਆਂ ਭਰਪੂਰ ਅਜ਼ਮਤ ਦੀ ਉਦਾਹਰਣ ਸਿਰਫ ਅਕਾਲੀ ਕੌਰ ਸਿੰਘ ਨੂੰ ਹੀ ਮੰਨਿਆ ਜਾਂਦਾ ਸੀ। ਉਨ੍ਹਾਂ ਤੋਂ ਉਪਰੰਤ 'ਅਕਾਲੀ' ਦੀ ਅਜ਼ਮਤ ਦੀ ਜੀਵਨ-ਜਾਚ ਅਤੇ ਇਲਾਹੀ ਮੰਡਲਾਂ ਦੀ ਅਨੁਭਵੀ ਬਖਸ਼ਿਸ ਦੁਰਲੱਭ ਹੋ ਗਈ ਅਤੇ 'ਅਕਾਲੀ' ਲਫ਼ਜ਼ ਉਵੇਂ ਹੀ (ਕਰਨੀ ਕਥਨੀ ਕਰਕੇ) ਨਿਵਾਣ ਵੱਲ ਤੁਰ ਗਿਆ ਜਿਵੇਂ ਕਿਸੇ ਸਮੇਂ ਦਾ ਗਾਂਧੀਵਾਦੀ ਸ਼ਬਦ 'ਹਰੀ ਜਨ' ਨਿਵਾਣ ਲਈ ਤੁਰ ਗਿਆ। 'ਕੌਰ' ਦੀ ਸ਼ਾਬਦਿਕ ਬਣਤਰ ਇਸਤ੍ਰੀ ਲਿੰਗ ਦਾ ਆਭਾਸ ਦਿੰਦੀ ਹੈ ਪਰ ਵਾਸਤਵ ਵਿਚ ਇਸ ਦੀ ਬਣਤ 'ਕੰਵਰ' ਦੀ ਨਿਕਟਤਾ ਵਾਲੀ ਹੈ।

'ਸਿੰਘ' ਦੀ ਅਜ਼ਮਤ ਨੂੰ ਅਕਾਲੀ ਜੀ ਨੇ ਜੀਵਨ ਪ੍ਰਯੰਤ ਜਾਨ ਤੋਂ ਵੱਧ ਪਿਆਰਾ ਰਖਿਆ। ਸ੍ਰੀ ਸਾਹਿਬ ਧਾਰਨ ਕਰੀ ਰੱਖਣਾ 'ਸਿੰਘ' ਦੀ ਅਜ਼ਮਤ ਦਾ ਅੰਗ-ਸੰਗੀ ਰੁਤਬਾ ਚਿੰਨ੍ਹ ਹੈ, (ਭਜਨ ਬੰਦਗੀ ਦੀ ਪ੍ਰਪਕਤਾ ਸਹਿਤ)।

'ਨਿਹੰਗ' ਦੇ ਰੂਪ ਵਿੱਚ ਅਕਾਲੀ ਜੀ ਬੁੱਢਾ ਦਲ ਦੇ ਸਦੱਸਯ ਰਹੇ ਅਤੇ 'ਨਿਹੰਗਪੁਣੇ' ਦੀ ਸਰਵੋਤਮ ਉਦਾਹਰਣ ਬਣ ਕੇ ਇਸ ਸਦੀ ਵਿੱਚ ਵਿਚਰੇ। ਇਸ ਗੱਲ ਨੂੰ ਭਾਈ ਕਾਨ੍ਹ ਸਿੰਘ 'ਨਾਭਾ' ਨੇ ਵੀ ਮਹਾਨ ਕੋਸ਼ ਵਿੱਚ ਨਾਨਕ-ਪੰਥੀਆਂ ਦੀਆਂ ਪ੍ਰਤਿਨਿਧ ਤਸਵੀਰਾਂ ਦੇਣ ਸਮੇਂ, ਨਿਹੰਗ ਵਜੋਂ ਅਕਾਲੀ ਜੀ ਦੀ ਤਸਵੀਰ ਸ਼ਾਮਲ ਕਰਕੇ ਨਿਰਧਾਰਿਤ ਕਰ ਦਿਤਾ ਸੀ। ਦਸਮ ਪਿਤਾ ਦੇ ਬਖਸ਼ੇ ਹੋਏ 'ਨਿਹੰਗੀ' ਬਾਣੇ ਨੂੰ ਧਾਰਨ ਕਰਨ ਤੋਂ ਪਹਿਲਾਂ ਆਪ ਦਾ ਪਿਛੋਕੜ ਇਸ ਪ੍ਰਕਾਰ ਹੈ :

ਲਗਭਗ ੧੮੮੬ ਦੇ ਕਰੀਬ ਪਿੰਡ ਚਕਾਰ (ਮੁਜ਼ੱਫਰਾਬਾਦ, ਕਸ਼ਮੀਰ) ਦੇ ਉਸ ਘਰਾਣੇ ਵਿੱਚ ਜਨਮ ਲਿਆ, ਜਿਸ ਘਰਾਣੇ ਦੇ ਦੋ ਬਜ਼ੁਰਗ (ਸਹਜਧਾਰੀ) ਸ੍ਰੀ ਨਗਰ ਕਸ਼ਮੀਰ ਦੀ ਰੈਨਾਵੜੀ ਬਸਤੀ ਤੋਂ (ਹੋਰ ਨਾਨਕ ਪੰਥੀਆਂ, ਭਾਵ ਬ੍ਰਹਮ ਦਾਸ ਦੀ ਔਲਾਦ ਭਾਈ ਕ੍ਰਿਪਾ ਰਾਮ ਆਦਿ ਨਾਲ) ਕਸ਼ਮੀਰੀ ਪੰਡਤਾਂ ਦੀ ਸੰਗਤ ਨਾਲ ਸ੍ਰੀ ਅਨੰਦਪੁਰ ਪੁੱਜੇ

ਸਨ। ਇਨ੍ਹਾਂ ਦੋ ਬਜ਼ੁਰਗਾਂ ਦੇ ਨਾਮ ਸਨ, ਭਾਈ ਤ੍ਰਿਲੋਕੀ ਨਾਥ ਰੈਨਾ ਤੇ ਇਨ੍ਹਾਂ ਦੇ ਪੁੱਤਰ ਭਾਈ ਅਮੋਲਕ ਚੰਦ ਰੈਨਾ। ਇਸ ਘਰਾਣੇ ਦੇ ਉਪਰੋਕਤ ਜੀਵਨਕਾਰਾਂ ਨੇ ਦਸਮ ਪਿਤਾ ਤੋਂ ਅੰਮ੍ਰਿਤ ਛਕ ਕੇ 'ਸਿੰਘ' ਪਦਵੀਆਂ ਪਾਈਆਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜਨਮੇ ਭਾਈ ਮਹਾਂ ਸਿੰਘ ਦੇ ਘਰ ਉਪਰੋਕਤ ਮਿਤੀ ਨੂੰ ਪਹਿਲਾ ਬੱਚਾ ਅਕਾਲੀ ਕੌਰ ਸਿੰਘ (ਜਿਨ੍ਹਾਂ ਦਾ ਪਰਿਵਾਰਕ ਨਾਮਕਰਣ ਪੂਰਨ ਸਿੰਘ ਦੇ ਰੂਪ ਵਿਚ ਹੋਇਆ ਸੀ) ਜਨਮਿਆ। ਇਨ੍ਹਾਂ ਦੇ ਪਿਤਾ ਇਲਾਕੇ ਦੇ ਉਚ ਕੋਟੀ ਦੇ ਪਰਉਪਕਾਰੀ ਤੇ ਨਾਮ-ਬਾਣੀ ਦੇ ਰਸੀਏ ਦੇ ਰੂਪ ਵਿੱਚ ਜਾਣੇ ਜਾਂਦੇ ਸਨ।

ਨੌਜਵਾਨੀ ਦੀ ਕਾਮਵਾਸਨਾ ਦੀ ਅੰਨ੍ਹੇਰੀ ਦੀ ਥਾਂ ਗੁਰਬਾਣੀ ਚਾਨਣ ਦੀਆਂ ਰਮਜ਼ ਭਰੀਆਂ ਤਰੰਗਾਂ ਅਕਾਲੀ ਜੀ ਦੀ ਸੂਹਲ ਸੁਬਕ ਜਵਾਨੀ ਨੂੰ ਖਿਡਾਉਂਦੀਆਂ ਰਹਿੰਦੀਆਂ ਸਨ। ਮਾਤਾ ਪਿਤਾ ਨੇ ਜਵਾਨ ਤੇ ਜੇਠੇ ਪੁੱਤਰ ਦੇ ਵਿਆਹ ਦੀਆਂ ਤਿਆਰੀਆਂ ਭਾਈਚਾਰੇ ਤੇ ਦੁਨੀਆਂਦਾਰੀ ਵਿੱਚ ਮਾਣ-ਮਰਿਆਦਾ ਖੱਟਣ ਲਈ ਜ਼ੋਰ ਸ਼ੋਰ ਨਾਲ ਕਰਨੀਆਂ ਅਰੰਭੀਆਂ। ਦੁਨੀਆਂਦਾਰੀ ਦੀ ਜਿੱਲ੍ਹਣ ਵਿੱਚ ਫਸਣ ਤੋਂ ਬੇਨਿਆਜ਼ "ਪੂਰਨ ਸਿੰਘ" ਚੁੱਪ ਚੁਪੀਤੇ ਸ੍ਰੀ ਪੰਜਾ ਸਾਹਿਬ 'ਹਰਨ' ਹੋ ਗਏ (ਨੱਸ ਤੁਰੇ)। ਜਿੰਨੀ ਵਾਰੀ ਉਹ ਦੁਨੀਆਂਦਾਰੀ ਦੀ ਇਸ ਵਿਆਹ ਲਗਾਮ ਤੋਂ ਛੁਟਕਾਰਾ ਲੈਣ ਨੱਸ ਤੁਰਦੇ, ਉਨੀ ਵਾਰੀ ਰਸੂਖ ਵਾਲੇ ਤੇ 'ਚੋਧਰੀ' ਕਹਾਉਂਦੇ ਪਿਤਾ, ਸੀ. ਆਈ. ਡੀ. ਦੀ ਸਹਾਇਤਾ ਨਾਲ ਪਕੜਵਾ ਲਿਆਂਦੇ। ਆਖਰ ਮਾਂ-ਬਾਪ ਦੀ ਜ਼ਿਦ ਨੂੰ ਸੰਤੁਸ਼ਟ ਕਰਨ ਲਈ ਨਿਸਚਿਤ ਥਾਂ ਉਪਰ ਲਾਵਾਂ ਕਰਵਾਈਆਂ ਪਰ ਡੋਲਾ ਘਰ ਆਉਂਦਿਆਂ ਹੀ ਸ਼ਾਮ ਨੂੰ ਘਰੋਂ ਨੱਸ ਤੁਰੇ; ਪਿੰਡ ਦੇ ਨਿਕਟ ਵਗਦੇ ਦਰਿਆ ਦੇ ਪੁਲ ਉਪਰ ਵਿਆਹ ਦੇ ਕਪੜੇ ਉਤਾਰ ਸੁੱਟੇ (ਤਾਂ ਜੋ ਇਹ ਅਨੁਮਾਨ ਹੋਵੇ ਕਿ ਮੁੰਡਾ ਦਰਿਆ ਵਿਚ ਕੁੱਦ ਗਿਆ ਹੈ।) ਪ੍ਰਸਿੱਧ ਸੰਤ ਬਾਬਾ ਮਹਾਂ ਸਿੰਘ ਬੇਦੀ ਦੇ ਡੇਰੇ ਸੁਨੇਹਾ ਰਖ ਕੇ ਤਾਕੀਦ ਕੀਤੀ ਕਿ ਮਾਤਾ ਪਿਤਾ ਨੂੰ ਨਾ ਦੱਸਿਆ ਜਾਵੇ। ਇਸ ਤੋਂ ਬਾਅਦ ਐਸੇ ਫਰਾਰ ਹੋਏ (ਉਚੇਰੇ ਕਾਰਜ ਨਮਿਤ) ਕਿ ਪਿਤਾ ਮਾਤਾ ਦੇ ਗੁਜ਼ਰ ਜਾਣ ਦੀ ਖ਼ਬਰ ਸਾਰ ਤੋਂ ਬੇ-ਨਿਆਜ਼ ਹੋ ਗਏ। ਜਾਂਦੀ ਵਾਰੀ ਜੋ ਚਿੱਠੀ ਰਖ ਆਏ ਸਨ (ਸੰਤਾਂ ਕੋਲ) ਉਸ ਦਾ ਲਹਿਜ਼ਾ ਇਸ ਪ੍ਰਕਾਰ ਸੀ, "ਆਪ ਜੀ ਨੇ ਮਾਂ-ਬਾਪ ਦੇ ਮੋਹ ਵਸ ਜਿਸ ਬੀਬੀ ਨੂੰ ਮੇਰੇ ਲੜ ਲਾਇਆ ਸੀ, ਹੁਣ ਉਹ ਤੁਹਾਡੀ ਨੂੰਹ ਹੋ ਕੇ ਤੁਹਾਡੇ ਪਾਸ ਹੈ। ਮੈਂ ਤੁਹਾਡੀ ਜ਼ਿਦ ਪੂਰੀ ਕੀਤੀ ਹੈ। ਹੁਣ ਇਸ ਨੂੰਹ ਨੂੰ ਸਾਡੇ ਛੋਟੇ ਵੀਰ ਦੇ ਸਪੁਰਦ ਕਰ ਦੇਣਾ, ਇਸ ਵਿੱਚ ਸਭ ਦਾ ਭਲਾ ਹੈ।" ਸੋ, ਇਉਂ ਹੀ ਹੋਇਆ। ਫਿਰ ਆਪ ਜੀ ਅੰਦਰ ਐਸਾ ਪਰਿਵਰਤਨ ਆਇਆ ਕਿ ਹਜ਼ੂਰ ਸਾਹਿਬ ਜਾ ਪੁੱਜੇ ਜਿਥੇ ਨਿਹੰਗ ਸਿੰਘੀ ਬਾਣਾ ਧਾਰਨ ਕਰਕੇ ਬੇ-ਫਿਕਰ ਹੋ ਗਏ, ਕੋਈ ਵੀ 'ਸੀ. ਆਈ. ਡੀ.' ਹੁਣ ਉਨ੍ਹਾਂ ਨੂੰ ਫੜ ਨਹੀਂ ਸੀ ਸਕਦੀ।

ਜੀਵਨ ਪਰ 'ਨਿਹੰਗੀ' ਬਾਣੇ ਸਹਿਤ ਪੰਥ ਦੀਆਂ ਸਾਰੀਆਂ ਸਫਾਵਾਂ ਵਿੱਚ ਪ੍ਰਤਿਸ਼ਠਤ ਰਹੇ। ਵਿਦਿਆ, ਸਾਧਨਾ ਅਤੇ ਜਪ-ਤਪ ਦੀ ਇਹੋ ਜਿਹੀ ਕਮਾਈ ਕੀਤੀ ਕਿ 'ਬਬੇਕੀ' ਪ੍ਰਚਲਨ ਦਾ ਰੁਤਬਾ ਪ੍ਰਾਪਤ ਹੋ ਗਿਆ। ਭਾਰਤ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ 'ਆਸਾਮ, ਬੰਗਾਲ, ਦੱਖਣ, ਉੱਤਰ, ਪੱਛਮ ਤੇ ਭਾਰਤ ਤੋਂ ਬਾਹਰਲੇ ਗੁਰਦੁਆਰਿਆਂ (ਕਾਬਲ, ਬਰਮਾ) ਦੀ ਸੇਵਾ-ਸੰਭਾਲ ਤੇ ਸਿੱਖੀ ਪ੍ਰਚਾਰ (ਅੰਮ੍ਰਿਤ ਸੰਚਾਰ) ਦੀ ਨਿਸ਼ਕਾਮ ਸੇਵਾ ਕਰਦੇ

ਰਹੇ। ਕਦੇ ਵੀ ਕੋਈ ਡੇਰਾ ਕਾਇਮ ਨਹੀਂ ਕੀਤਾ। ਗੁਰਦੁਆਰਿਆਂ ਨੂੰ ਹੀ ਆਪਣਾ ਟਿਕਾਣਾ ਜਾਣਿਆ। ਤਾਂਹੀਓਂ ਆਖਰੀ ਸੁਆਸ ਗੁਰਦੁਆਰਾ ਦੂਖ ਨਿਵਾਰਨ ਪਟਿਆਲੇ ਹੀ ਤਿਆਗੇ, ਜਿਥੇ ੨੩ ਜਨਵਰੀ, ੧੯੫੩ ਨੂੰ ਆਪ ਦੇ ਦਸਹਿਰੇ ਦਾ ਭੋਗ ਪਿਆ।

ਸਿੱਖ ਰਾਜ ਘਰਾਣਿਆਂ, ਸਿੱਖ ਜਨਤਾ, ਸਿੱਖ ਸੰਸਥਾਵਾਂ ਅਤੇ ਗੈਰ-ਸਿੱਖ ਅਧਿਕਾਰੀਆਂ ਵਿਚ ਅਕਾਲੀ ਜੀ ਦਾ ਇੰਨਾ ਮਾਣ-ਸਤਿਕਾਰ ਸੀ ਕਿ ਪੰਥਕ ਮਸਲਿਆਂ ਸਬੰਧੀ ਉਨ੍ਹਾਂ ਵੱਲੋਂ ਦਿਤੇ ਗਏ ਨਿਰਣਿਆਂ ਨੂੰ ਅੰਤਮ ਸਮਝਿਆ ਜਾਂਦਾ ਸੀ। ਸਿੱਖ-ਮਰਿਆਦਾ ਸਬੰਧੀ ਅਕਾਲੀ ਜੀ ਵੱਲੋਂ ਦਿਤੇ ਫੈਸਲਿਆਂ ਨੂੰ ਅੰਗ੍ਰੇਜ਼ ਸਰਕਾਰ ਭਰੋਸੇਯੋਗ ਸਮਝਦੀ ਸੀ। ਅਕਾਲੀ ਜੀ ਅਕਾਲ ਤਖ਼ਤ ਦੀ ਮਰਿਆਦਾ ਦੇ ਪਾਬੰਦ ਸਨ। ਜਨ ਸਾਧਾਰਨ ਅਤੇ ਸੰਤ-ਬਾਬਿਆਂ ਤੋਂ ਲੈ ਕੇ ਨਿਹੰਗ ਸਿੰਘ ਤਕ ਆਪ ਦੇ ਬੋਲ-ਬਚਨ ਨੂੰ ਪੂਰਾ ਮਾਣ ਪ੍ਰਾਪਤ ਸੀ। ਇਹ ਬੋਲ ਅਤਿਅੰਤ ਵਜ਼ਨਦਾਰ ਹੁੰਦੇ ਸਨ।

ਅਕਾਲੀ ਜੀ ਨੇ ਪਸ਼ੌਰ ਦੇ ਮਹਾਨ ਵਿਦਵਾਨ ਗਿਆਨੀ ਬਾਘ ਸਿੰਘ ਪਾਸੋਂ ਗੁਰਮਤਿ ਦਸਮ ਗ੍ਰੰਥ, ਭਾਈ ਗੁਰਦਾਸ ਆਦਿ ਦੀ ਟਕਸਾਲੀ ਵਿਦਿਆ ਪ੍ਰਾਪਤ ਕੀਤੀ ਸੀ। ਇਸ ਵਿਦਵਾਨ ਸੂਰਮਾ ਸਿੰਘ ਗਿਆਨੀ ਬਾਘ ਸਿੰਘ ਪਾਸੋਂ ਉਸ ਸਮੇਂ ਨਾਨਕ ਸਿੰਘ ਨਾਵਲਿਸਟ ਵੀ ਵਿਦਿਆ ਪ੍ਰਾਪਤ ਕਰਦੇ ਸਨ ਅਤੇ ਮਹਾਨ ਸਿਆਸਤਦਾਨ ਗਿਆਨੀ ਸ਼ੇਰ ਸਿੰਘ (ਜੋ ਸੂਰਮਾ ਸਿੰਘ ਤੇ ਅਕਾਲੀ ਦਲ ਦੇ ਪ੍ਰਚਲਨ ਦੇ ਮੋਢੀਆਂ ਵਿਚੋਂ ਸਨ) ਵੀ ਇਨ੍ਹਾਂ ਦੇ ਹੀ ਪੜ੍ਹਾਏ ਸਨ।

ਅਕਾਲੀ ਜੀ ਨੇ ਕਸ਼ਮੀਰ ਦੇ ਇਕ ਪੱਛੜੇ ਇਲਾਕੇ (ਚਕਾਰ ਪਹਾੜ) ਵਿਚ ਗੁਰੂ ਨਾਨਕ ਆਸ਼੍ਰਮ ਨਾਂ ਦੀ ਵਿਦਿਅਕ ਸੰਸਥਾ ਖੋਲ੍ਹੀ ਸੀ, ਜਿਸ ਵਿੱਚ ਬੋਰਡਿੰਗ ਅਤੇ ਵਿਦਿਆ ਦਾ ਮੁਫਤ ਪ੍ਰਬੰਧ ਸੀ। ਕਈ ਲੱਖ ਦੀ ਇਹ ਸੰਸਥਾ ੧੯੪੭ ਵਿਚ ਉਜੜ ਗਈ।

ਅਕਾਲੀ ਜੀ ਖੁਦ ਵਿਦਵਾਨ ਸਨ ਅਤੇ ਵਿਦਵਾਨਾਂ ਨਾਲ ਸੰਪਰਕ ਰਖੀ ਰਖਦੇ ਸਨ। ੧੯੨੫-੨੬ ਦੇ ਫੁਲਵਾੜੀ ਦੇ ਸਿੱਖ ਇਤਿਹਾਸ ਅੰਕ ਵਿੱਚ ਆਪ ਦੇ ਲੇਖ ਇਸ ਦਾ ਸਭ ਤੋਂ ਵੱਡਾ ਪ੍ਰਮਾਣ ਹਨ। ਆਪ ਨੇ ਰਟਨ ਕਰਕੇ ਪਹਿਲੀ ਵਾਰ ਦੁਰਲੱਭ ਲਿਖਤਾਂ ਤੇ ਵਸਤਾਂ ਲੱਭ ਕੇ ਸਿੱਖ ਅਵਾਮ ਤਕ ਪਹੁੰਚਾਈਆਂ :

੧. ਸ੍ਰੀ ਗੁਰ ਸੋਭਾ:- ਇਹ ਸੈਨਾਪਤਿ ਦਾ 'ਗੁਰੂ ਦਰਬਾਰ' ਦਾ ਅੱਖੀਂ ਵੇਖਿਆ ਹਾਲ ਬਿਆਨ ਕਰਦਾ ਹੈ ਤੇ ਆਪ ਨੇ ਉੱਚੇ ਮੁੱਲ ਉਪਰ ਖਰੀਦ ਕੇ ਪਹਿਲੀ ਵਾਰ ਪ੍ਰਕਾਸ਼ਿਤ ਕੀਤਾ (੧੯੨੫ ਈ.)।

੨. ਵਾਰਾਂ ਭਾਈ ਗੁਰਦਾਸ (ਤੁਕ ਤਤਕਰਾ):- ਵਾਰਾਂ ਅਤੇ ਕਬਿਤ ਸਵਈਆਂ ਦਾ ਤੁਕ ਤਤਕਰਾ ਪਹਿਲੀ ਵਾਰੀ ਤਿਆਰ ਕਰਕੇ ੧੯੨੯ ਈ. ਵਿਚ ਅਵਾਮ ਤਕ ਪਹੁੰਚਾਇਆ।

੩. ਸ੍ਰੀ ਗੁਰ ਸ਼ਬਦ ਰਤਨ ਪ੍ਰਕਾਸ਼ (ਤੁਕ ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ):- ਇਹ ਮਹਾਨ ਸੰਦਰਭ-ਰਚਨਾ ਵੀਹ ਵਰ੍ਹਿਆਂ ਦੀ ਲਗਨ ਤੇ ਘਾਲ ਤੋਂ ਉਪਰੰਤ ੧੯੨੩ ਈ. ਵਿੱਚ ਪ੍ਰਕਾਸ਼ਿਤ ਹੋਈ। ਭਾਸ਼ਾ ਵਿਭਾਗ ਅੱਗੋਂ ਛਾਪਦਾ ਆ ਰਿਹਾ ਹੈ।

੪. ਇਸਤ੍ਰੀ ਸੰਕਟ ਮੋਚਨ :- ਭਾਰਤ ਦੀ ਇਸਤ੍ਰੀ ਜਾਤਿ ਦੇ ਉਥਾਨ ਲਈ ਵਧੀਆ ਉਪਰਾਲਾ ਹੈ, ਜਿਸ ਵਿੱਚ ਦੁਨੀਆਂ ਦੇ ਮਹਾਨ ਗ੍ਰੰਥਾਂ ਵਿਚੋਂ ਬਹੁਤ ਹੀ ਭਰੋਸੇਯੋਗ ਤੇ ਪ੍ਰਮਾਣਿਕ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ 'ਇਸਤ੍ਰੀ ਜਾਤਿ' ਮਰਦ ਦੇ ਐਨ ਬਰਾਬਰ

ਵਿਚਰਨ ਵਾਲੀ ਹਕੀਕਤ ਹੈ ਪਰ ਇਸ ਦੀ ਮੰਦਹਾਲੀ ਦਾ ਕਾਰਨ ਮਰਦ ਦੀ ਹਠਧਰਮੀ ਤੇ ਅਗਿਆਨਤਾ ਹੈ। ਅਜੋਕੇ ਉਲਾਰ-ਪਰਕ ਮਨੋਵਿਗਿਆਨ (Abnormal psychology) ਦੇ ਜਗਿਆਸੂ ਇਸ ਪੁਸਤਕ ਨੂੰ ਇਕ ਤਕੜੀ ਖੋਜ ਜਾਣਨਗੇ।

੫. ਪ੍ਰਮਾਣਿਕ ਨਿਤਨੇਮ ਗੁਟਕਾ :- ਅਤਿਅੰਤ ਟਕਸਾਲੀ ਬਿਰਤੀ ਤੋਂ ਅਤੇ ਸੁੰਦਰ ਰੂਪ ਵਿੱਚ ਪ੍ਰਕਾਸ਼ਿਤ ਰਚਨਾ, ਜੋ ਹੁਣ ਦੁਰਲੱਭ ਹੈ। (੧੯੨੭ ਈ:)

੬. ਹਜ਼ੂਰੀ ਸਾਥੀ:- ਹਜ਼ੂਰ ਸਾਹਿਬ (ਨਾਂਦੇੜ) ਅਤੇ ਉਥੋਂ ਦੇ ਸੇਵਕ ਬਾਬਿਆਂ "ਨਿਹੰਗਾਂ" ਦਾ ਸੰਖੇਪ ਇਤਿਹਾਸ, ਜਿਸ ਵਿੱਚ ਬਹੁਤ ਮਹੱਤਵਪੂਰਨ ਇਤਿਹਾਸਕ ਤੱਥ ਮੌਜੂਦ ਹਨ। ਸ਼ਾਇਦ ਦੱਖਣ ਦੇ ਨਿਹੰਗ ਸਿੰਘਾਂ ਬਾਰੇ ਇਹ ਪਹਿਲੀ ਤੇ ਆਖਰੀ ਰਚਨਾ ਹੈ।

੭. ਬੁਧਿਬਾਰਧ ਹਿਤ-ਉਪਦੇਸ਼ ਰਤਨਾਕਰ (ਕਾਵਿ):- ਪੰਚਤੰਤ੍ਰ ਦਾ ਗੁਰਮੁਖੀ ਕਰਣ, ਹੈ ਪਰ ਪ੍ਰਕਾਸ਼ਨ ਦੁਰਲੱਭ ਹੈ।

ਇਸ ਦੇ ਇਲਾਵਾ ਸੈਂਕੜੇ ਲੇਖ-ਉਲੇਖ ਹਨ ਜੋ ਉਨ੍ਹਾਂ ਨੇ ਕਸ਼ਮੀਰ ਦੀ ਧਰਤੀ ਦੇ ਪਹਿਲੇ ਪ੍ਰਕਾਸ਼ਨ ਪਤ੍ਰ (periodical) 'ਕਸ਼ਮੀਰ ਸਿੱਖ ਸਮਾਚਾਰ' ਲਈ ਲਿਖੇ ਸਨ। ਬਹੁਤ ਵੱਡੀ ਲਾਇਬਰੇਰੀ ਸੀ, ਜੋ ਚਕਾਰ ਵਿਖੇ ਹੀ ਸਾੜ ਦਿੱਤੀ ਗਈ।

ਅੰਮ੍ਰਿਤ ਪ੍ਰਚਾਰ-ਸੰਚਾਰ:- ਹਰ ਪੰਥਕ ਇਕੱਠ ਵਿਚ ਅੰਮ੍ਰਿਤ-ਸੰਚਾਰ ਇਕ ਅਨਿਖੜਵੇਂ ਅੰਗ ਦੇ ਰੂਪ ਵਿਚ ਪਨਪਦਾ ਆ ਰਿਹਾ ਹੈ। ੧੯੫੩ ਈ. ਤਕ ਲਗ-ਭਗ ਹਰ ਅਜਿਹੇ ਇਕੱਠ ਵਿੱਚ ਅੰਮ੍ਰਿਤ-ਸੰਚਾਰ ਜਥੇ ਦਾ ਸਿਰਮੌਰ ਅਕਾਲੀ ਕੌਰ ਸਿੰਘ ਨੂੰ ਸੁਤੇ ਹੀ ਮੰਨ ਲਿਆ ਜਾਂਦਾ ਰਿਹਾ ਹੈ।

ਭਾਰਤ ਦੇ ਹਰ ਗੁਰਦੁਆਰੇ ਅਤੇ ਪ੍ਰਾਂਤਾਂ ਦੇ ਦੂਰ-ਦਰਾਜ਼ ਦੇ ਗੁਰਧਾਮਾਂ ਉਪਰ ਪੁੱਜ ਕੇ ਸਿੱਖ-ਸੰਗਤਾਂ ਦੀ ਖ਼ਬਰ-ਸਾਰ ਲੈਣਾ ਤੇ ਅੰਮ੍ਰਿਤ ਛਕਾਉਣਾ ਅਕਾਲੀ ਜੀ ਦੇ ਹਿੱਸੇ ਆਇਆ। ਅਸਾਮ, ਬਿਹਾਰ, ਬੰਗਾਲ ਨੇਪਾਲ, ਯੂ. ਪੀ., ਪੰਜਾਬ, ਕਸ਼ਮੀਰ, ਦੱਖਣ, ਕਾਬਲ ਆਦਿ ਅਸਥਾਨਾਂ ਉਪਰ ਵੱਸਣ ਵਾਲੇ ਸਿੱਖ ਪਰਿਵਾਰਾਂ ਅੰਦਰ ਅਜੇ ਤਕ ਉਸ 'ਨਿਹੰਗ ਸਿੰਘ' ਦੀ ਯਾਦ ਕਾਇਮ ਹੈ, ਜਿਸ ਨੇ ਉਨ੍ਹਾਂ ਨੂੰ ਬਜ਼ੁਰਗਾਂ ਦੀ ਖ਼ਬਰ-ਸਾਰ ਲਈ ਤੇ ਗੁਰੂ ਵਾਲੇ ਬਣਾਇਆ।

ਰਾਜ-ਘਰਾਣਿਆਂ ਤੇ ਸਰਦੇ ਪੁਜਦਿਆਂ ਨੂੰ ਸਿੱਖੀ ਪਿਆਰ ਨਾਲ ਜੋੜਨਾ:- ਇਹ ਗੱਲ ਵਿਰਲਿਆਂ ਨੂੰ ਹੀ ਪਤਾ ਹੈ ਕਿ ਸਿੱਖੀ ਪਿਆਰ ਲਈ ਕੁਝ ਕੁ ਰਾਜੇ-ਰਾਣਿਆਂ ਤੇ ਸਰਦਾਰਾਂ ਨੂੰ ਕੁਰਬਾਨੀ ਦੇਣੀ ਪਈ ਪਰ ਬਹੁਤੇ ਰਾਜੇ ਰਾਣੇ ਤੇ ਸਰਦਾਰ ਇਸ ਗੁਰਸਿੱਖੀ ਪਿਆਰ ਤੋਂ ਸੱਖਣੇ ਰਹੇ। ੧੯੪੭ ਈ. ਤੋਂ ਪਹਿਲਾਂ ਮਹਾਰਾਜਾ ਫਰੀਦਕੋਟ, ਮਹਾਰਾਜਾ ਨਾਭਾ, ਮਹਾਰਾਜਾ ਹੀਰਾ ਸਿੰਘ ਅਤੇ ਮਹਾਰਾਜਾ ਪਟਿਆਲਾ (ਮਹਾਰਾਜਾ ਯਾਦਵਿੰਦਰ ਸਿੰਘ) ਇਸ ਪਿਆਰ ਲਈ ਪ੍ਰਸਿੱਧ ਸਨ। ਜਿਨ੍ਹਾਂ ਰਾਜੇ ਰਾਣਿਆਂ ਨੇ ਇਕ ਦਮ ਅੰਗ੍ਰੇਜ਼ੀ ਪ੍ਰਭਾਵ ਅਧੀਨ ਸਿੱਖੀ ਸਰੂਪ ਨੂੰ ਤਿਆਗ ਕੇ ਈਸਾਈਅਤ ਪ੍ਰਵਾਨ ਕਰ ਲਈ, ਉਨ੍ਹਾਂ ਦੀ ਲਿਸਟ ਬੜੀ ਲੰਮੀ ਹੈ। ਜੇਕਰ ਕੁਝ ਮਹਾਨ ਤਪੱਸਵੀ (ਸੰਤ ਬਾਬਾ ਅਤਰ ਸਿੰਘ, ਗਿਆਨੀ ਬਚਨ ਸਿੰਘ, ਭਾਈ ਅਰਜਨ ਸਿੰਘ ਬਾਗੜੀਆਂ, ਭਾਈ ਅਰਦੁਮਨ ਸਿੰਘ ਬਾਗੜੀਆਂ, ਭਾਈ ਕਾਨ੍ਹ ਸਿੰਘ ਨਾਭਾ, ਭਾਈ ਵੀਰ ਸਿੰਘ, ਅਕਾਲੀ ਕੌਰ ਸਿੰਘ ਨਿਹੰਗ ਆਦਿ) ਇਨ੍ਹਾਂ ਰਾਜ ਘਰਾਣਿਆਂ ਤੇ ਕ੍ਰੋੜ-ਪਤੀਆਂ ਤੇ ਅੰਦਰ ਸੁਹਿਰਦਤਾ ਨਾ ਜਗਾਉਂਦੇ ਤਾਂ ਬਚਿਆ-ਖੁਚਿਆ ਸਿੱਖੀ ਪਿਆਰ ਵੀ

ਖੁਲ੍ਹ-ਖਲਾਸਪਨ ਵਿੱਚ ਪਰਿਵਰਤਿੱਤ ਹੋ ਜਾਂਦਾ। ਅਕਾਲੀ ਜੀ ਨੇ ਮਹਾਰਾਜਾ ਭੁਪਿੰਦਰ ਸਿੰਘ ਵੱਲੋਂ ਸਤਾਏ ਆਪਣੇ ਇਕ ਦੀਵਾਨ ਦੀਆਂ ਦੋ ਬੱਚੀਆਂ ਨੂੰ (ਉਨ੍ਹਾਂ ਦੀ ਜਲਾਵਤਨੀ ਦੌਰਾਨ ਤੇ ਮੌਤ ਤੋਂ ਉਪਰੰਤ) ਧਰਮ ਦੀਆਂ ਧੀਆਂ ਬਣਾ ਕੇ ਪਾਲਿਆ ਤੇ ਵਿਆਹਿਆ, ਜਿਨ੍ਹਾਂ ਵਿੱਚ ਇਕ ਸ੍ਰ: ਅਤਰ ਸਿੰਘ ਖਾਲਸਾ ਹੋਟਲ ਸ੍ਰੀਨਗਰ ਨਾਲ ਵਿਆਹੇ ਜਾਣ ਤੋਂ ਉਪਰੰਤ ਪ੍ਰਸਿੱਧ ਸੁਧਾਰਕ ਬੀਬੀ ਭਾਗਵੰਤ ਕੌਰ ਦੇ ਰੂਪ ਵਿਚ ਪ੍ਰਸਿੱਧੀ ਨੂੰ ਪ੍ਰਾਪਤ ਹੋਈ ਅਤੇ ੧੯੪੭ ਈ. ਤੋਂ ਪਹਿਲਾਂ ਅਤੇ ਬਾਅਦ ਦੇ ਸਮੇਂ 'ਪਾਕਿਸਤਾਨ ਵਿੱਚ ਰਹਿ ਚੁਕੀਆਂ' ਅਬਲਾ ਇਸਤਰੀਆਂ (ਸਿੱਖ ਹਿੰਦੂ ਆਦਿ) ਨੂੰ ਖੁਦ ਜਾ ਕੇ ਭਾਲਣਾ, ਪਤਿਤਾਂ ਨੂੰ ਮੁੜ ਗੁਰਸਿੱਖੀ ਵਿਚ ਲਿਆਉਣ ਦਾ ਪਿਆਰ-ਮਰਹਮ ਦੇਣਾ, ਬੱਚਿਆਂ ਨੂੰ ਯਤੀਮਖਾਨਿਆਂ, ਸ਼ਰਨਾਰਥੀ ਕੈਂਪਾਂ, ਕਾਰਖਾਨਿਆਂ ਵਿੱਚ ਟਿਕਾਣੇ-ਰੁਜ਼ਗਾਰ ਦਿਵਾਉਣੇ, ਜ਼ਮੀਨਾਂ-ਮਕਾਨ ਦਿਵਾਣੇ ਆਦਿ ਪਰਉਪਕਾਰ ਅਕਾਲੀ ਜੀ ਦੇ ਅਥਾਹ ਲਗਨ ਪ੍ਰੇਮ ਨਾਲ ਜੁੜਿਆ ਰਿਹਾ।

ਜੇਕਰ ਅਕਾਲੀ ਜੀ ਨੇ ਮਹਾਰਾਜਾ ਯਾਦਵਿੰਦਰ ਸਿੰਘ ਅਤੇ ਮਹਾਰਾਜਾ ਨਾਭਾ ਨੂੰ ਇਸ ਤਰ੍ਹਾਂ ਦਾ ਪ੍ਰਭਾਵ ਪਾਇਆ ਕਿ "ਕਸ਼ਮੀਰ ਨੂੰ ਸਿਰਫ ਖਾਲਸਾ ਰਾਜ ਸਮੇਂ ਹੀ ਕਾਬਲੀ ਗੁਲਾਮੀ ਤੋਂ ਆਜ਼ਾਦੀ ਮਿਲੀ ਜਦੋਂ ਕਿ ਮਹਾਰਾਜਾ ਨੇ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰੀ ਇਕ ਮੁਕੰਮਲ ਸੂਬਾ ਬਣਾ ਦਿੱਤਾ। ਉਥੇ ਸਿਰਫ ਸਿੱਖ ਮਾਰੇ ਜਾ ਰਹੇ ਹਨ, ਪੰਡਤ ਬੋਦੀਆਂ ਕਟ ਕੇ ਮੁਸਲਮਾਨਾਂ ਦੇ ਘਰਾਂ ਵਿਚ ਜਾਨ ਬਚਾ ਬੈਠੇ ਹਨ, ਸਿੱਖ ਸੀਸ ਕਟਵਾ ਦੇਵੇਗਾ ਪਰ ਕੇਸ ਨਹੀਂ ਕਟਵਾਏਗਾ, ਸੋ ਇਲਾਕਾ ਅਤੇ ਖੂਨ ਸਿਰਫ ਸਾਡਾ ਤੁਹਾਡਾ ਹੀ ਜ਼ਾਇਆ ਹੋ ਰਿਹਾ ਹੈ।" ਫਸਟ ਪਟਿਆਲਾ ਤੇ ਨਾਭਾ ਦੀਆਂ ਫੌਜਾਂ ਨੇ ਕਸ਼ਮੀਰ ਨੂੰ ਮੁਕਤ ਕਰਾਇਆ ਤਾਂ ਸਿਰਫ ਅਕਾਲੀ ਜੀ ਦੇ ਪ੍ਰੇਮ ਪਿਆਰ ਸਦਕੇ !

ਇਹੋ ਜਿਹੀ ਮਜ਼ਬੂਤ ਰਾਇ ਅਤੇ ਸਰਵ ਸਤਿਕਾਰ ਦੇ ਹੱਕਦਾਰ ਪੰਥ ਵਿੱਚ ਕਦੀ ਕਦੀ ਹੀ ਪੈਦਾ ਹੁੰਦੇ ਹਨ।

ਸੰਤ ਅਤਰ ਸਿੰਘ ਜੀ

ਜਗਤ ਦੀ ਕਾਰ ਨੂੰ ਸਹੀ ਰਸਤੇ ਉਤੇ ਚਲਦਿਆਂ ਰੱਖਣ ਲਈ ਸਦਾ ਸਲਾਮਤਿ ਨਿਰੰਕਾਰ ਸਮੇਂ ਸਮੇਂ ਸਿਰ ਮਹਾਂਪੁਰਖਾਂ ਨੂੰ ਭੇਜਦਾ ਰਹਿੰਦਾ ਹੈ ਤਾਂ ਜੋ ਦੁਨਿਆਵੀ ਲੋਕਾਂ ਦਾ ਮਾਰਗ ਦਰਸ਼ਨ ਹੋ ਸਕੇ ਅਤੇ ਸੱਚ ਤੇ ਹੱਕ ਦੀ ਜੋਤ ਜਗਦੀ ਰਹੇ, ਅਸੀਂ ਜੀਉੜੇ ਉਸ ਅਕਾਲ ਪੁਰਖ ਨਾਲ ਜੁੜੇ ਰਹੀਏ ਅਤੇ ਸੰਸਾਰ ਵਿੱਚ ਪ੍ਰੇਮ ਅਤੇ ਸ਼ਾਂਤੀ ਬਣੀ ਰਹੇ। ਆਪਣੇ ਇਸ ਕਾਰਜ ਦੀ ਪੂਰਤੀ ਲਈ ਅਕਾਲ ਪੁਰਖ ਦੇ ਘੱਲੇ ਹੋਏ ਮਹਾਂਪੁਰਖਾਂ ਵਿੱਚੋਂ ਹੀ ਸੰਤ ਅਤਰ ਸਿੰਘ ਜੀ (ਮਸਤੂਆਣੇ ਵਾਲੇ) ਹੋਏ ਹਨ।

ਆਪ ਦਾ ਜਨਮ ਸੰਮਤ ਬਿਕ੍ਰਮੀ ੧੯੨੪ ਚੇਤਰ ਸੁਦੀ ਏਕਮ (੨੮ ਮਾਰਚ, ੧੮੬੭ ਈ:) ਨੂੰ ਬਾਬਾ ਕਰਮ ਸਿੰਘ ਜੀ ਦੇ ਘਰ ਮਾਤਾ ਭੋਲੀ ਕੌਰ ਜੀ ਦੀ ਕੁੱਖੋਂ ਪਿੰਡ ਚੀਮਾਂ ਵਿਖੇ ਹੋਇਆ। ਇਹ ਪਿੰਡ ਸੁਨਾਮ ਬਠਿੰਡਾ ਸੜਕ ਉਤੇ ਸੁਨਾਮ ਤੋਂ ੯ ਮੀਲ ਉਤੇ ਸਥਿਤ ਹੈ। ਸੰਤ ਜੀ ਦਾ ਜਨਮ ਉਦੋਂ ਹੋਇਆ ਜਦੋਂ ਭਾਰਤ ਅੰਗਰੇਜ਼ਾਂ ਦੀ ਗੁਲਾਮੀ ਵਿੱਚ ਪੂਰੀ ਤਰ੍ਹਾਂ ਜਕੜਿਆ ਹੋਇਆ ਸੀ। ਲੋਕਾਂ ਦੇ ਸਵੈਮਾਨ ਨੂੰ ਕੁਚਲਿਆ ਜਾ ਰਿਹਾ ਸੀ। ਸੱਚ ਅਤੇ ਹੱਕ ਦੀ ਬੋਲੀ ਬੋਲਣ ਵਾਲੇ ਰਾਜ ਦੇ ਦੁਸ਼ਮਣ ਸਮਝੇ ਜਾਂਦੇ ਸਨ। ਰਾਜ ਸ਼ਕਤੀ ਤੋਂ ਡਰਦੇ ਬਹੁਤ ਸਾਰੇ ਲੋਕੀਂ ਆਪਣੇ ਧਰਮ ਤੋਂ ਵੀ ਮੁਨਕਰ ਹੋ ਰਹੇ ਸਨ। ਆਪ ਨੇ ਇਸ ਸਥਿਤੀ ਵਿਚ ਲੋਕਾਂ ਨੂੰ ਧਰਮ ਦਾ ਰਸਤਾ ਦਿਖਾਇਆ। ਮਨੁੱਖੀ ਵਿਕਾਸ ਲਈ ਗਿਆਨ ਦੀ ਮਹੱਤਤਾ ਨੂੰ ਦ੍ਰਿੜਾਇਆ ਤੇ ਬਹੁਤ ਸਾਰੀਆਂ ਵਿਦਿਅਕ ਅਤੇ ਧਾਰਮਿਕ ਸੰਸਥਾਵਾਂ ਸਥਾਪਿਤ ਕੀਤੀਆਂ।

ਸੰਮਤ ੧੯੪੦ ਬਿਕ੍ਰਮੀ ਵਿੱਚ ਆਪ, ਕਰਤਾਰ ਦੇ ਅਗੰਮੀ ਹੁਕਮ ਵਿੱਚ, ਫੌਜ ਵਿੱਚ ਭਰਤੀ ਹੋ ਗਏ। ਉਥੇ ਹੀ ਬਾਬਾ ਜੋਲ ਸਿੰਘ ਜੀ ਰਾਹੀਂ ਪੰਜਾਂ ਪਿਆਰਿਆਂ ਪਾਸੋਂ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ। ਸੰਮਤ ੧੯੪੫ ਬਿਕ੍ਰਮੀ ਵਿੱਚ ਫੌਜ ਵਿਚੋਂ ਰਿਜ਼ਰਵ ਛੁੱਟੀ ਲੈ ਲਈ ਅਤੇ ਨਾਮ ਸਿਮਰਨ ਵਿੱਚ ਲੀਨ ਹੋ ਗਏ ਅਤੇ ਫੇਰ ਫੌਜ ਤੋਂ ਪੱਕੇ ਤੌਰ 'ਤੇ ਛੁੱਟੀ ਲੈ ਕੇ ਆਪ ਜੀ ਨਾਮ ਸਿਮਰਨ, ਪੰਥ ਅਤੇ ਸਮਾਜ ਦੀ ਸੇਵਾ ਵਿੱਚ ਜੁੱਟ ਗਏ।

ਹਜ਼ੂਰ ਸਾਹਿਬ ਤਕਰੀਬਨ ਦੋ ਸਾਲ, ਅਟੁੱਟ ਨਾਮ ਸਿਮਰਨ ਅਭਿਆਸ ਦੀ ਕਮਾਈ ਕੀਤੀ, ਗੁਰ-ਸ਼ਬਦ ਦੀ ਅਰਾਧਨਾ ਕੀਤੀ ਅਤੇ ਜਪੁਜੀ ਸਾਹਿਬ ਦੇ ਬੇਅੰਤ ਪਾਠ ਕੀਤੇ। ਨਗੀਨਾ ਘਾਟ ਸਾਰੀ ਸਾਰੀ ਰਾਤ ਇੱਕ ਪੱਥਰ ਦੀ ਕੋਠੜੀ ਵਿੱਚ ਸਿਮਰਨ ਅਭਿਆਸ ਕਰਦੇ ਅਤੇ ਲੋੜ ਅਨੁਸਾਰ ਬਿਰਾਜਦੇ। ਹਜ਼ੂਰ ਸਾਹਿਬ ਤੋਂ ਸੰਤ ਜੀ ਪੈਦਲ ਹੀ ਜੰਗਲਾਂ ਵਿੱਚ ਦੀ ਹੁੰਦੇ ਹੋਏ ਹਰਦੁਆਰ ਅਤੇ ਰਿਸ਼ੀਕੇਸ਼ ਆਏ ਅਤੇ ਇੱਕ ਸਾਲ ਅਟੁੱਟ ਨਾਮ ਅਭਿਆਸ ਕੀਤਾ। ਇਥੋਂ ਸੰਤ ਜੀ ਪੈਦਲ ਹੀ ਪਾਉਂਟਾ ਸਾਹਿਬ, ਬੜੂ, ਸ੍ਰੀ ਅਨੰਦਪੁਰ ਸਾਹਿਬ ਅਤੇ ਗੁਰਦਾਸਪੁਰ

ਹੁੰਦੇ ਹੋਏ ਸਿਆਲਕੋਟ ਪੁੱਜੇ। ਪਿੰਡ ਕਨੋਹਾ ਵਿਖੇ ਇਕ ਇਕਾਂਤ ਥਾਂ ਵੇਖ ਇਥੇ ਪਹਿਲਾਂ ੮੦ ਦਿਨ, ਫੇਰ ਛੇ ਮਹੀਨੇ, ਉਪਰੰਤ ਇਕ ਸਾਲ ਅਤੁਟ ਸਿਮਰਨ ਕੀਤਾ। ਇਸ ਪਿਛੋਂ ਆਪ ਥਾਂ ਥਾਂ ਜਾ ਕੇ ਨਾਮ ਸਿਮਰਨ ਵੀ ਕਰਦੇ ਅਤੇ ਲੋਕਾਂ ਵਿੱਚ ਗੁਰੂ ਨਾਨਕ ਮਿਸ਼ਨ ਦਾ ਪ੍ਰਚਾਰ ਵੀ ਕਰਦੇ। ਸਿੱਖ ਜਗਤ ਵਿੱਚ ਆਪ ਪਹਿਲੇ ਮਹਾਂਪੁਰਸ਼ ਹੋਏ ਹਨ, ਜਿਨ੍ਹਾਂ ਨੂੰ ਸਿੱਖ ਸੰਗਤ ਵਲੋਂ 'ਸੰਤ' ਦੀ ਪਦਵੀ ਦਿੱਤੀ ਗਈ।

ਸਿੱਖ ਜਗਤ ਵਿੱਚ ਸੰਤ ਅਤਰ ਸਿੰਘ ਜੀ ਨੇ ਵਿਦਿਆ ਪ੍ਰਾਪਤੀ 'ਤੇ ਬਹੁਤ ਜ਼ੋਰ ਦਿੱਤਾ। ਆਪਣੇ ਲਗ-ਭੱਗ ੬੧ ਸਾਲਾਂ ਦੇ ਜੀਵਨ ਵਿੱਚ ਉਨ੍ਹਾਂ ਅਨੇਕਾਂ ਸਕੂਲਾਂ ਅਤੇ ਕਾਲਜਾਂ ਦੀ ਨੀਂਹ ਰਖੀ। ਵਿਦਿਆ ਦੇ ਸੰਚਾਰ ਪ੍ਰਤੀ ਉਹ ਐਨੇ ਇੱਛਕ ਸਨ ਕਿ ਹਰ ਸਾਲ ਸਿੱਖ ਐਜੂਕੇਸ਼ਨ ਕਾਨਫਰੰਸ ਦੀ ਅਗਵਾਈ ਕਰਦੇ ਰਹੇ। ਉਨ੍ਹਾਂ ਸਮੇਂ ਦੀ ਵਿਦਿਅਕ ਲਹਿਰ ਵਿੱਚ ਵਡਮੁੱਲਾ ਹਿੱਸਾ ਪਾਇਆ। **ਉਨ੍ਹਾਂ ਦੁਨਿਆਵੀ ਵਿਦਿਆ ਦੇ ਨਾਲ-ਨਾਲ ਆਤਮਕ ਵਿਦਿਆ ਦਾ ਸਬੰਧ ਵੀ ਦ੍ਰਿੜਾਇਆ।**

ਜਦ ਬਨਾਰਸ ਹਿੰਦੂ ਯੂਨੀਵਰਸਿਟੀ ਖੋਲ੍ਹਣ ਦੀ ਵਿਉਂਤ ਘੜੀ ਗਈ ਤਾਂ ਹਿੰਦੂ ਸਮਾਜ ਦੇ ਵਿਦਵਾਨਾਂ ਦੇ ਵੱਡੇ ਇਕੱਠ ਨੇ ਬਨਾਰਸ ਹਿੰਦੂ ਯੂਨੀਵਰਸਿਟੀ ਦਾ ਨੀਂਹ-ਪੱਥਰ ਰੱਖਣ ਲਈ ਵੱਖ-ਵੱਖ ਵਿਦਵਾਨਾਂ ਮਹਾਂਪੁਰਖਾਂ ਦੇ ਨਾਵਾਂ 'ਤੇ ਵਿਚਾਰ ਕੀਤੀ। ਓੜਕ **ਪ੍ਰਸਿੱਧ ਰਾਜਨੀਤਿਕ ਤੇ ਵਿਦਵਾਨ ਪੰਡਤ ਮਦਨ ਮੋਹਨ ਮਾਲਵੀਆ ਨੇ ਸੰਤ ਅਤਰ ਸਿੰਘ ਜੀ ਦੇ ਨਾਂ ਦੀ ਸਿਫਾਰਸ਼ ਕੀਤੀ। ਸੰਤ ਜੀ ਦੀ ਮਨੁੱਖਤਾ ਪ੍ਰਤੀ ਅਤੇ ਵਿਦਿਅਕ ਦੇਣ ਨੂੰ ਵੇਖਦਿਆਂ ਸਾਰਿਆਂ ਨੇ ਇੱਕ-ਮੱਤ ਹੋ ਕੇ ਸੰਤ ਜੀ ਦਾ ਨਾਮ ਪ੍ਰਵਾਨ ਕੀਤਾ।** ਪੰਡਤ ਮਦਨ ਮੋਹਨ ਮਾਲਵੀਆ ਉਚੇਚੇ ਤੌਰ 'ਤੇ ਮਸਤੂਆਣੇ ਆਏ ਅਤੇ ਸੰਤ ਜੀ ਨੂੰ ਬੇਨਤੀ ਕੀਤੀ। ਸੰਨ ੧੯੧੪ ਈ. ਦੇ ਅਖੀਰਲੇ ਦਿਨਾਂ ਵਿੱਚ ਨਾਭਾ ਸਟੇਟ ਦੇ ਮਹਾਰਾਜਾ ਰਿਪੁਦਮਨ ਸਿੰਘ ਦੇ ਉੱਦਮ ਸਦਕਾ ਸੰਗਰੂਰ ਤੋਂ ਬਨਾਰਸ ਲਈ ਇਕ ਵਿਸ਼ੇਸ਼ ਗੱਡੀ ਰਾਹੀਂ ਸੰਤ ਜੀ ਬਨਾਰਸ ਪੁੱਜੇ। ਸਟੇਸ਼ਨ 'ਤੇ ਉਸ ਵੇਲੇ ਰਾਜਿਆਂ ਮਹਾਰਾਜਿਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕਾਂ ਨੇ ਸੰਤ ਜੀ ਦਾ ਸੁਆਗਤ ਕੀਤਾ। ਨੀਂਹ-ਪੱਥਰ ਰੱਖਣ ਸਮੇਂ ਪੰਡਤ ਮਦਨ ਮੋਹਨ ਮਾਲਵੀਆ ਨੇ ਜ਼ੋਰ ਦੇ ਕੇ ਕਿਹਾ ਕਿ **ਹਰ ਹਿੰਦੂ ਘਰ ਵਿਚੋਂ ਇੱਕ ਬੱਚੇ ਨੂੰ ਸਿੰਘ ਸਜਾਓ।** ਸ਼ਬਦ ਕੀਰਤਨ ਅਤੇ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਦੀ ਗੂੰਜ ਵਿੱਚ ਗਿਆਰਾਂ ਸੋਨੇ ਦੀਆਂ ਇੱਟਾਂ ਰੱਖ ਕੇ ਸੰਤ ਅਤਰ ਸਿੰਘ ਜੀ ਨੇ ਨੀਂਹ-ਪੱਥਰ ਰੱਖਣ ਦੀ ਰਸਮ ਅਦਾ ਕੀਤੀ। ਇਸ ਘਟਨਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਦੇਸ਼ ਭਰ ਦੇ ਲੋਕਾਂ ਦੇ ਦਿਲਾਂ ਵਿੱਚ ਸੰਤ ਅਤਰ ਸਿੰਘ ਜੀ ਪ੍ਰਤੀ ਅਥਾਹ ਸ਼ਰਧਾ, ਪਿਆਰ ਅਤੇ ਸਤਿਕਾਰ ਸੀ। ਸੰਤ ਜੀ ਇਕ ਹਫਤਾ ਬਨਾਰਸ ਟਿਕੇ ਅਤੇ ਉਥੇ ਸਵੇਰੇ ਸ਼ਾਮ ਕੀਰਤਨ ਦੇ ਦੀਵਾਨ ਸੱਜਦੇ ਰਹੇ।

ਸੰਤ ਅਤਰ ਸਿੰਘ ਜੀ ਨੇ ਸਾਰੇ ਪੰਜਾਬ, ਸਿੰਧ ਅਤੇ ਭਾਰਤ ਦੇ ਹੋਰ ਸੂਬਿਆਂ ਵਿੱਚ ਨਾਮ ਬਾਣੀ ਦਾ ਅਤੁੱਟ ਪ੍ਰਵਾਹ ਚਲਾਇਆ ਅਤੇ ਲਗਭੱਗ ੧੪ ਲੱਖ ਜੀਵਾਂ ਨੂੰ ਅੰਮ੍ਰਿਤ-ਪਾਨ ਕਰਾ ਗੁਰੂ ਕਲਗੀਆਂ ਵਾਲੇ ਦੇ ਜਹਾਜ ਚੜ੍ਹਾਇਆ। ਪੰਥ ਦੇ ਕਈ ਉੱਘੇ ਵਿਅਕਤੀਆਂ ਜਿਵੇਂ ਕਿ ਮਾਸਟਰ ਤਾਰਾ ਸਿੰਘ, ਡਾ: ਭਾਈ ਜੋਧ ਸਿੰਘ, ਭਾਈ ਹਰਕਿਸ਼ਨ ਸਿੰਘ, ਮਲਕ ਮੋਹਨ ਸਿੰਘ, ਸਾਬਕਾ ਰਾਜਦੂਤ ਮਲਕ ਹਰਦਿੱਤ ਸਿੰਘ ਅਤੇ ਸਿੱਖ ਰਿਆਸਤਾਂ ਦੇ ਰਾਜੇ ਮਹਾਰਾਜਿਆਂ

ਆਦਿ ਨੇ ਵੀ ਸੰਤ ਜੀ ਦੇ ਰਾਹੀਂ ਹੀ ਅੰਮ੍ਰਿਤ ਛਕਿਆ।

ਖਾਲਸਾ ਕਾਲਜ ਦੇ ਪ੍ਰਿੰਸੀਪਲ ਸ੍ਰ: ਨਿਰੰਜਨ ਸਿੰਘ ਜੀ ਮਹਿਤਾ ਸੰਤਾਂ ਦੇ ਸੰਪਰਕ ਵਿੱਚ ਆਏ ਅਤੇ ਸੰਤਾਂ ਦੇ ਮਿਸ਼ਨ ਨੂੰ ਅੱਗੇ ਤੋਰਿਆ। ਆਪ ਜੀ ਸੰਤ ਤੇਜਾ ਸਿੰਘ ਦੇ ਨਾਮ ਨਾਲ ਜਗਤ ਵਿੱਚ ਪ੍ਰਸਿੱਧ ਹੋਏ। ਸੰਤ ਅਤਰ ਸਿੰਘ ਜੀ ਮੰਨਦੇ ਸਨ ਕਿ **ਗੁਰੂ ਨਾਨਕ ਦੇਵ ਜੀ ਦੀ ਬ੍ਰਹਮ ਵਿਦਿਆ ਦੇ ਨਾਲ ਪੱਛਮੀ ਵਿਦਿਆ ਦਾ ਮੇਲ ਹੋਣਾ ਜ਼ਰੂਰੀ ਹੈ; ਤਾਂ ਹੀ ਕੌਮ ਆਪਣੇ ਪੈਰਾਂ ਉਤੇ ਖੜੀ ਹੋ ਸਕਦੀ ਹੈ।**

ਬ੍ਰਹਮ ਗਿਆਨ ਦੇ ਉਪਦੇਸ਼ਾਂ ਦੀ ਚਰਚਾ ਕਰਦਿਆਂ ਹੋਇਆਂ ਇਕ ਦਿਨ ਸੰਤ ਜੀ ਨੇ ਇਕ ਖਾਸ ਰੰਗ ਵਿੱਚ ਭਾਈ ਤੇਜਾ ਸਿੰਘ (ਸੰਤ) ਨੂੰ ਕਿਹਾ, "ਤੁਸੀਂ ਬੜੇ ਇਮਤਿਹਾਨ ਪਾਸ ਕੀਤੇ ਹਨ, ਪਰ ਬ੍ਰਹਮ ਗਿਆਨ (ਵਿਦਿਆ) ਦਾ ਇਮਤਿਹਾਨ ਉਸ ਦਿਨ ਪਾਸ ਹੁੰਦਾ ਹੈ, ਜਦ ਪਿਛੋਂ ਆ ਕੇ ਕੋਈ ਲੱਤ ਮਾਰੇ ਤੇ ਇਹ ਉਧਰ ਧਿਆਨ ਵੀ ਨਾ ਕਰੇ ਜਾਂ ਕੋਈ ਸਾਹਮਣੇ ਆ ਕੇ ਆਖੇ, 'ਤੂੰ ਬੜਾ ਕੰਜਰ ਹੈਂ" ਅੱਗੋਂ ਇਹ ਹੱਥ ਜੋੜ ਕੇ ਆਖੇ, 'ਬੜੀ ਕਿਰਪਾ ਕੀਤੀ, ਦੱਸ ਦਿੱਤਾ।' ਨਿਮਰਤਾ ਹੀ ਸਫਲ-ਸੁਹੇਲੇ ਜੀਵਨ ਦੀ ਕੁੰਜੀ ਹੈ। ਉਨ੍ਹਾਂ ਭਾਈ ਤੇਜਾ ਸਿੰਘ ਨੂੰ ਅਮਰੀਕਾ, ਇੰਗਲੈਂਡ ਯੂਨੀਵਰਸਿਟੀਆਂ ਵਿਖੇ ਵਿਦਿਆ ਪ੍ਰਾਪਤ ਕਰਨ ਲਈ ਭੇਜਿਆ। ਆਪ ਜੀ ਨੇ ਹਾਰਵਰਡ ਯੂਨੀਵਰਸਿਟੀ ਅਮਰੀਕਾ ਤੋਂ ਐਮ. ਏ. ਦੀ ਡਿਗਰੀ ਪ੍ਰਾਪਤ ਕੀਤੀ। ਇਸ ਤਰ੍ਹਾਂ ਸੰਤ ਤੇਜਾ ਸਿੰਘ ਜੀ ਨੇ ਨਿਰਾ ਭਾਰਤ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ, ਗੁਰੂ ਨਾਨਕ ਮਿਸ਼ਨ ਦਾ ਚਾਨਣ ਬਿਖੇਰਿਆ।

ਸੰਤ ਜੀ ਸਿੱਧੀਆਂ ਧਾਰਨਾਂ ਨਾਲ ਸ਼ਬਦ ਪੜ੍ਹਦੇ ਅਤੇ ਪੜ੍ਹਾਉਂਦੇ। **ਸ਼ਬਦ ਕੀਰਤਨ ਹੁੰਦਿਆਂ ਸਾਰੀ ਸੰਗਤ ਨਾਲ ਬੈਠਦੇ ਤੇ ਕੋਈ ਵੱਖਰਾ ਆਸਣ ਨਹੀਂ ਸਨ ਲਾਉਂਦੇ। ਸੰਤ ਜੀ ਨੇ ਖਾਲਸਾ ਪੰਥ ਤੋਂ ਵੱਖ ਹੋ ਕੇ ਕੋਈ ਅੱਡ ਪਰੰਪਰਾ ਨਹੀਂ ਚਲਾਈ ਸਗੋਂ ਉਨ੍ਹਾਂ ਸਭਨਾਂ ਨੂੰ ਸਾਂਝੀਵਾਲਤਾ ਤੇ ਏਕੇ ਦਾ ਸੁਨੇਹਾ ਦਿੱਤਾ। ਆਪ ਕਿਹਾ ਕਰਦੇ ਸਨ ਕਿ ਸਾਡੀ ਸ਼ਾਨ ਗੁਰਾਂ ਦੀ ਸ਼ਾਨ ਦੇ ਤਨਿਕ ਮਾਤਰ ਵੀ ਨਹੀਂ ਹੈ।** ਆਪ ਨੇ ਸਾਰਿਆਂ ਨੂੰ ਇਕੱਠੇ ਰਹਿਣ ਦੀ ਜਾਚ ਦੱਸੀ। ਆਪ ਨੇ ਸਾਰੀ ਮਾਨਵਤਾ ਨੂੰ ਬਿਨਾਂ ਕਿਸੇ ਜਾਤ-ਪਾਤ ਜਾਂ ਰੂਪ ਰੰਗ ਦੇ ਵਿਤਕਰੇ ਤੋਂ ਗੁਰੂ ਨਾਨਕ ਦਾ ਉਪਦੇਸ਼ ਦ੍ਰਿੜ੍ਹਾਇਆ ਅਤੇ ਨਾਮ ਜਪਾਇਆ। **ਉਹ ਆਖਦੇ ਸਨ ਨਿਤਨੇਮ ਹਰ ਰੋਜ਼ ਕਰਨਾ ਚਾਹੀਦਾ ਹੈ। ਨਿਤਨੇਮ ਸਿੱਖੀ ਦੀ ਪੂੰਜੀ ਹੈ, ਦੌਲਤ ਅਤੇ ਜਾਇਦਾਦ ਹੈ।**

ਲੈਕਚਰ ਕਰਨ ਸਬੰਧੀ ਸੰਤ ਜੀ ਕਿਹਾ ਕਰਦੇ ਸਨ **ਜਿਸ ਦਾ ਜੀਅ ਲੈਕਚਰ ਕਰਨ ਨੂੰ ਕਰੇ, ਉਹ ਲੈਕਚਰ ਨਾ ਕਰੇ ਅਤੇ ਜਿਸ ਦਾ ਜੀਅ ਨਾ ਕਰੇ, ਉਹ ਕਰੇ।** ਜਿਸ ਦਾ ਜੀਅ ਲੈਕਚਰ ਕਰਨ ਨੂੰ ਕਰਦਾ ਹੈ, ਉਸ ਦਾ ਆਧਾਰ ਆਪਣੀ ਹਉਮੈ, ਦਲੀਲ ਅਤੇ ਚਤੁਰਾਈ 'ਤੇ ਹੁੰਦਾ ਹੈ ਅਤੇ ਜਿਸ ਦੀ ਜੀਅ ਨਹੀਂ ਕਰਦਾ, ਉਸ ਦੇ ਸਤਿਗੁਰੂ ਆਪ ਵਾਲੀ ਹੁੰਦੇ ਹਨ ਅਤੇ ਅੰਤਰ-ਆਤਮੇ 'ਚੋਂ ਸਹਿਜ ਸੁਭਾਇ ਸ਼ਬਦ ਨਿਕਲਦੇ ਹਨ।

ਸੰਤ ਅਤਰ ਸਿੰਘ ਜੀ ਨੇ ਗੁਰਦੁਆਰਿਆਂ ਅਤੇ ਸਰੋਵਰਾਂ ਦੀ ਉਸਾਰੀ ਵਿੱਚ ਵੀ ਉੱਘਾ ਯੋਗਦਾਨ ਪਾਇਆ। ਉਨ੍ਹਾਂ ਗੁਰੂ ਸਾਗਰ ਮਸਤੂਆਣੇ ਦੀ ਉਸਾਰੀ ਕਰਵਾਈ। ਇਥੇ ਹੀ ਵਿਦਿਆ ਲਈ ਸਕੂਲ ਅਤੇ ਕਾਲਜ ਚਲਾਇਆ, ਜੋ ਇਸ ਸਮੇਂ ਸਿੱਖੀ ਅਤੇ ਵਿਦਿਆ ਦਾ

ਮਹਾਨ ਕੇਂਦਰ ਹੈ। ਇਸ ਤਰ੍ਹਾਂ ਸੰਤ ਜੀ ਨੇ ਦਮਦਮੇ ਸਾਹਿਬ ਸਰੋਵਰ ਅਤੇ ਅਸਥਾਨ ਦੀ ਵੀ ਮਹਾਨ ਸੇਵਾ ਕਰਵਾਈ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ- **ਮੇਰੇ ਜਿਹੇ ਤੁਛ ਬੁੱਧ ਵਾਲੇ ਇਨਸਾਨ ਲਈ ਸੰਤ ਅਤਰ ਸਿੰਘ ਜੀ ਦੀ ਮਹਾਨਤਾ ਦਰਸਾਉਣੀ ਬੜੀ ਔਖੀ ਹੈ। ਉਹ ਗੁਣਾਂ ਦੇ ਖਜ਼ਾਨੇ ਹਨ, ਸੱਚੇ-ਸੁੱਚੇ ਸੰਤ ਹਨ ਅਤੇ ਖਾਲਸਾ ਪੰਥ ਦੇ ਅਨਮੋਲ ਹੀਰੇ ਹਨ।**

ਮਾਸਟਰ ਤਾਰਾ ਸਿੰਘ ਜੀ ਲਿਖਦੇ ਹਨ- **ਸੰਤ ਅਤਰ ਸਿੰਘ ਨੂੰ ਮਿਲਣ ਉਪਰੰਤ ਮੇਰੇ ਜੀਵਨ ਵਿੱਚ ਇੱਕ ਜਬਰਦਸਤ ਮੋੜ ਆਇਆ ਹੈ।**

ਜਾਰਜ ਪੰਚਮ ਦੇ ਵੱਡੇ ਦਿੱਲੀ ਦਰਬਾਰ (੧੯੧੧ ਈਸਵੀ) ਦੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ, ਦਰਬਾਰ ਦੇ ਨਿਯਤ ਸਮੇਂ ਤੋਂ ਇਕ ਦਿਨ ਪਹਿਲਾਂ ਸਿੱਖ ਰਾਜਿਆਂ ਮਹਾਰਾਜਿਆਂ ਵੱਲੋਂ ਹਾਥੀਆਂ ਦਾ ਬੜਾ ਸ਼ਾਨਦਾਰ ਜਲੂਸ ਨਿਕਲਿਆ। ਸੰਤ ਜੀ ਜੀਂਦ ਦਰਬਾਰ ਵਲੋਂ ਇਸ ਜਲੂਸ ਵਿੱਚ ਸ਼ਾਮਿਲ ਹੋਏ। ਲਾਲ ਕਿਲ੍ਹੇ ਵਿੱਚ ਜਾਣ ਸਮੇਂ ਸੰਗਤਾਂ ਦੇ ਬੇਨਤੀ ਕਰਨ 'ਤੇ ਸੰਤ ਜੀ ਮਹਾਰਾਜ ਨੇ ਅਦੁੱਤੀ ਇਲਾਹੀ ਰੰਗ ਵਿੱਚ ਇਹ ਸ਼ਬਦ ਪੜ੍ਹੇ :-

— "ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥੧॥ ਰਹਾਉ॥
ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ ਪਰ ਛਾਜਾ॥
ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ॥੧॥
ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਹਦ ਬਾਜਾ॥
ਕਹਿ ਕਬੀਰ ਸੰਸਾ ਭ੍ਰਮੁ ਚੂਕੋ ਧ੍ਰੂ ਪ੍ਰਹਿਲਾਦ ਨਿਵਾਜਾ॥੨॥ (ਪੰਨਾ ੮੫੬)
— ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ॥
ਸਤਿਗੁਰਿ ਤੁਮਰੇ ਕਾਜ ਸਵਾਰੇ॥ ਰਹਾਉ॥" (ਪੰਨਾ ੨੦੧)

ਜਾਰਜ ਪੰਚਮ ਉਨ੍ਹਾਂ ਦੀ ਰੂਹਾਨੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਵੱਲ ਖਿੱਚਿਆ ਗਿਆ ਅਤੇ ਸੰਤ ਜੀ ਵੱਲ ਇਸ਼ਾਰਾ ਕਰਕੇ ਪੁੱਛਿਆ ਕਿ ਇਹ ਕੌਣ ਹਨ? ਦੱਸਿਆ ਗਿਆ ਕਿ ਇਹ ਖਾਲਸਾ ਪੰਥ ਦੇ ਸ਼੍ਰੋਮਣੀ ਸੰਤ (Lord Bishop and the greatest Saint among Sikhs) ਅਤਰ ਸਿੰਘ ਜੀ ਮਹਾਰਾਜ ਹਨ। ਫੇਰ ਇਕ ਪਾਦਰੀ ਨੇ ਸੰਤ ਜੀ ਮਹਾਰਾਜ ਵੱਲ ਤੱਕ ਕੇ ਕਿਹਾ ਕਿ ਇਹੋ ਜਿਹਾ ਚਿਹਰਾ ਮੈਂ ਅੱਜ ਤੱਕ ਕਿਧਰੇ ਨਹੀਂ ਵੇਖਿਆ। ਏਸ ਸਰੀਰ ਵਿਚ ਖਾਸ ਰੱਬੀ ਤਾਕਤ ਹੈ। ਜੇ ਏਨੀ ਤਾਕਤ ਵਾਲਾ ਸਰੀਰ ਸਾਡੇ ਵਿੱਚ ਹੁੰਦਾ ਤਾਂ ਅਸੀਂ ਸਾਰੀ ਦੁਨੀਆਂ ਨੂੰ ਈਸਾਈ ਬਣਾ ਲੈਂਦੇ!

੧੯੨੬ ਈਸਵੀ ਵਿੱਚ ਅਕਾਲ-ਚਲਾਣੇ ਤੋਂ ਪਹਿਲਾਂ ਸੰਤ ਜੀ ਸਿਬਿਆ ਸਰਦਾਰ ਗੋਬਿੰਦਰ ਸਿੰਘ ਦੀ ਕੋਠੀ ਬਿਰਾਜਮਾਨ ਸਨ। ਉਥੇ ਕਈ ਸੱਜਣ ਪਹੁੰਚੇ ਅਤੇ ਦੁੱਖ ਭਰੇ ਹਿਰਦਿਆਂ ਨਾਲ ਬੇਨਤੀ ਕੀਤੀ, **"ਸੰਤ ਜੀ, ਧੜੇਬੰਦੀ ਨੇ ਪੰਥ ਦੀ ਇੱਜ਼ਤ 'ਤੇ ਪਾਣੀ ਫੇਰ ਦਿੱਤਾ ਹੈ। ਕੋਈ ਉਪਾਉ ਦੱਸੋ, ਅਸੀਂ ਇਕੱਠੇ ਹੋ ਜਾਈਏ।"**

ਸੰਤ ਜੀ ਨੇ ਫੁਰਮਾਇਆ, "ਗੁਰਮੁਖੋ, ਸਾਰੇ ਧੜਿਆਂ ਦੇ ਮੁਖੀ ਸੱਜਣ

ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋ ਕੇ ਕੀਰਤਨ ਕਰਿਆ ਕਰਨ। ਗੁਰੂ ਕਾ ਸ਼ਬਦ ਮੇਲ ਕਰਾ ਦੇਵੇਗਾ।"

ਇਹ ਸੁਣ ਗੁਰਮੁਖ ਸੱਜਣਾਂ ਨੇ ਨਿਮਰਤਾ ਸਹਿਤ ਬੇਨਤੀ ਕੀਤੀ, "ਮਹਾਰਾਜ ਜੀ ਇਹ ਬੜਾ ਲੰਬਾ ਕੰਮ ਹੈ। ਹੋਰ ਕੋਈ ਅਮਲੀ ਉਪਾਉ ਦੱਸੋ। ਇਹ ਬਚਨ ਸੁਣ ਕੇ ਸੰਤ ਜੀ ਆਪਣੇ ਜਲਾਲ ਵਿਚ ਆ ਗਏ ਅਤੇ ਆਖਿਆ,

"ਖ਼ਾਲਸਾ ਜੀ, ਦੁੱਧ ਵੀ ਤੁਹਾਡਾ ਤੇ ਖੰਡ ਵੀ ਤੁਹਾਡੀ; ਅਸੀਂ ਤਾਂ ਉਂਗਲ ਫੇਰਨ ਹੀ ਜਾਣਦੇ ਹਾਂ, ਪਰ ਜਿਸ ਸਮੇਂ ਤੁਸੀਂ ਇਕੱਤਰ ਹੋ ਕੇ ਬਗੈਰ ਲਿਹਾਜ਼ ਦੇ ਪੰਜ ਗੁਰਸਿੱਖ (ਰਹਿਣੀ ਰਹੇ ਸੋਈ ਸਿਖ ਮੇਰਾ। ਉਹ ਸਾਹਿਬ ਮੈਂ ਉਸ ਕਾ ਚੇਰਾ।। ਆਪਣੇ ਆਗੂ ਚੁਣ ਲਵੋਗੇ ਅਤੇ ਨਾਲ ਇਕ ਗੁਰਮੁਖ ਸਾਖੀ (ਗੁੰਥੀ) ਬਣਾ ਦਿਉਗੇ, ਜਿਸ ਕੰਮ ਨੂੰ ਗੁਰੂ ਕੀ ਤਾਬਿਆ ਗੁਰਮਤਾ ਕਰਕੇ ਹੱਥ ਪਾਵੋਗੇ, ਫਤਹਿ ਹੋਵੇਗਾ। ਪਰ ਇਹ ਨਾ ਹੋਵੇ ਕਿ ਅੱਜ ਕੋਠੇ ਚਾੜ੍ਹ ਦਿੱਤਾ ਤੇ ਕੱਲ੍ਹ ਪੌੜੀ ਖਿੱਚ ਲਈ। ਜਦ ਤੱਕ ਇਹ ਪ੍ਰੇਮੀ ਜਿਉਂਦੇ ਰਹਿਣ ਤੇ ਸਿੱਖ ਰਹਿਤ-ਮਰਿਯਾਦਾ ਵਿੱਚ ਪੱਕੇ ਰਹਿਣ, ਤਦ ਤੱਕ ਪੰਥ ਇਨ੍ਹਾਂ ਦੀ ਆਗਿਆ ਵਿਚ ਰਹੇਗਾ।"

ਸੰਤ ਅਤਰ ਸਿੰਘ ਜੀ ਮਹਾਰਾਜ ਦੇ ਇਹ ਸ਼ੁਭ ਬਚਨ ਅਜੇ ਤੀਕਰ ਜਮ੍ਹਾਂ ਹਨ।

"ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ।।

(ਪੰਨਾ- ੧੨੦੪)

ਸੰਤ ਜੀ ਹਰ ਸਮੇਂ ਨਾਮ ਵਿੱਚ ਲੀਨ ਰਹਿੰਦੇ। ਆਪ ਨੇ ਸਾਰੀ ਮਾਨਵਤਾ ਨੂੰ ਬਿਨਾਂ ਕਿਸੇ ਜਾਤ-ਪਾਤ ਜਾਂ ਰੂਪ-ਰੰਗ ਦੇ ਵਿਤਕਰੇ ਤੋਂ ਗੁਰੂ ਨਾਨਕ ਦਾ ਉਪਦੇਸ਼ ਦ੍ਰਿੜ੍ਹਾਇਆ ਅਤੇ ਨਾਮ ਜਪਾਇਆ। ਆਪ ਜੀ ਫਰਵਰੀ, ੧੯੨੭ ਨੂੰ ਸੰਗਰੂਰ ਵਿਖੇ ਗੁਰਪੁਰੀ ਪਿਆਨਾ ਕਰ ਗਏ, ਪਰ ਆਪ ਜੀ ਆਪਣੇ ਪਿੱਛੇ ਉਹ ਨਿਸ਼ਕਾਮ ਸੇਵਾ, ਸਚਿਆਰੇ ਜੀਵਨ, ਆਤਮਕ ਤੇ ਵਿਗਿਆਨਕ ਵਿਦਿਆ ਦਾ ਐਸਾ ਕਾਫਲਾ ਛੱਡ ਗਏ ਹਨ ਜੋ ਅੱਜ ਵੀ ਨਿਰੰਤਰ ਕਾਰਜਸ਼ੀਲ ਹੈ।

❀❀❀

ਭਾਈ ਰਣਧੀਰ ਸਿੰਘ ਜੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਮਹਾਨ ਗੌਰਵ-ਮਈ, ਗਹਿਰ-ਗੰਭੀਰ, ਦੀਨ-ਦੁਨੀਆਂ ਦੇ ਗੁਣਾਂ ਨਾਲ ਭਰਪੂਰ, ਵਰਤਮਾਨ ਸਮੇਂ ਦੀ ਅਦੁੱਤੀ, ਅਨੁਭਵੀ, ਅਸਚਰਜ ਅਤੇ ਇਨਕਲਾਬੀ ਸ਼ਖ਼ਸੀਅਤ ਸਨ। ਐਸਾ ਇਨਸਾਨ ਭਾਈ ਗੁਰਦਾਸ ਦੇ ਸ਼ਬਦਾਂ ਵਿਚ ਸੰਸਾਰ ਤੇ ਕਰਤਾਰ ਦੀ ਕਿਰਪਾ ਨਾਲ ਕਦੇ ਕਦਾਈਂ ਹੀ 'ਗੁਰਮੁਖਿ ਪਰਉਪਕਾਰੀ ਵਿਰਲਾ ਆਇਆ' ਹੈ ਅਤੇ ਇਹ ਗੁਰਮੁਖਿ ਸੇਵਾ, ਸਿਮਰਨ-ਸਿੱਖੀ ਦਾ ਰਾਹ ਦ੍ਰਿੜ੍ਹਾ, 'ਮਜਲਸ ਕਰਿ ਹੈਰਾਣੁ ਉਠਿ ਸਿਧਾਇਆ।' ਉਸ ਗੁਰਮੁਖਿ ਪਿਆਰੇ ਨੇ ਕੇਵਲ ਆਪਣੇ ਸਮਕਾਲੀ ਹਾਲਾਤ ਨੂੰ ਹੀ ਪ੍ਰਭਾਵਤ ਨਹੀਂ ਕੀਤਾ, ਸਗੋਂ ਅੱਜ ਦੇ ਅਨੇਕਾਂ ਖਰੇ ਖਿਆਲਾਤ ਵਾਲੇ ਸਾਧਾਰਣ ਤੇ ਜੁਝਾਰੂ ਜੋਧਿਆਂ ਉਤੇ ਉਹ ਆਪਣੀ ਲੇਖਣੀ ਤੇ ਜੀਵਨੀ ਰਾਹੀਂ ਅਸਰ-ਅੰਦਾਜ਼ ਹੋ ਰਿਹਾ ਹੈ। ਇਥੇ ਹੀ ਬੱਸ ਨਹੀਂ, ਉਹ ਗੁਰਮੁਖਿ ਪਿਆਰਾ, ਆਉਣ ਵਾਲੀਆਂ ਨਸਲਾਂ ਨੂੰ ਸਦੀਵ ਕਾਲ ਲਈ ਚਾਨਣ-ਮੁਨਾਰਾ ਬਣ ਕੇ ਪ੍ਰੇਰਤ ਅਤੇ ਉਤਸ਼ਾਹਤ ਕਰਦਾ ਰਹੇਗਾ।

ਆਪ ਦਾ ਜਨਮ ੭ ਜੁਲਾਈ, ੧੮੭੮ ਨੂੰ ਐਤਵਾਰ ਨੂੰ ਮਾਲਵੇ ਦੇ ਪਿੰਡ ਨਾਰੰਗਵਾਲ ਵਿਚ ਹੋਇਆ। ਮਾਤਾ-ਪਿਤਾ ਧਰਮੀ ਅਤੇ ਉਦਮੀ ਜੀਵਨ ਵਾਲੇ ਸਨ। ਸਕੂਲੀ ਸਿਖਿਆ ਦੇ ਦੌਰਾਨ ਸਿੱਖੀ ਦੀ ਲਾਗ ਅਤੇ ਗੁਰਬਾਣੀ ਦੀ ਜਾਗ ਬਿਲਕੁਲ ਨਹੀਂ ਲੱਗੀ; ਭਾਵੇਂ ਹਿਰਦਾ ਆਪ ਦਾ ਸੰਵੇਦਨਸ਼ੀਲ, ਦ੍ਰਵੀ-ਭੂਤ ਹੋਣ ਵਾਲਾ ਅਤੇ ਹੋਰ ਦੈਵੀ ਗੁਣਾਂ ਦਯਾ, ਖਿਮਾ, ਹਮਦਰਦੀ ਅਤੇ ਸਰਬੱਤ ਦੇ ਸਾਂਝੇ ਹਿਤ ਨਾਲ ਭਰਪੂਰ ਸੀ। ਕਾਲਜ ਦੀ ਪੜ੍ਹਾਈ ਲਈ ਆਪ ਨੂੰ ਲਾਹੌਰ ਭੇਜਿਆ ਗਿਆ। ਆਪ ਬੜੇ ਬਾਅਦਬ ਤੇ ਆਗਿਆਕਾਰੀ ਬੇਟੇ ਸਨ। ਪਿਤਾ ਜੀ ਨੇ ਲਿਖਿਆ ਕਿ ਜੇ ਤੈਂ ਸਫਲ ਹੋਣਾ ਹੈ ਤਾਂ ਸਵੇਰੇ ਜਪੁਜੀ ਸਾਹਿਬ ਤੇ ਸ਼ਾਮ ਨੂੰ ਰਹਿਰਾਸਿ ਸਾਹਿਬ ਦਾ ਪਾਠ ਜ਼ਰੂਰ ਕਰਿਆ ਕਰ। ਪਿਤਾ ਦੇ ਇਸ ਪੱਤ੍ਰ ਨੇ ਪੁੱਤਰ ਨੂੰ ਐਸਾ ਵੈਰਾਗ ਤੇ ਪਿਆਰ ਉਪਜਾਇਆ ਬਾਣੀ ਰਾਹੀਂ ਕਿ ਅਵਰ ਸਭ ਤਿਆਗ, ਬਾਣੀ ਦੇ ਹੀ ਆਸ਼ਕ ਹੋ ਗਏ। ਏਸੇ ਦੌਰਾਨ ਇਕੇਰਾਂ ਇਕ ਕਰਾਮਾਤੀ ਸਾਧੂ ਨਾਲ ਆਪ ਦਾ ਮੇਲ ਹੋ ਗਿਆ। ਆਪ ਉਸ ਨੂੰ ਪਹੁਤਾ ਫਕੀਰ ਸਮਝ ਕੇ ਉਸ ਉਤੇ ਲੱਟੂ ਹੋ ਗਏ, ਉਸ ਦੇ ਮਗਰ ਮਗਰ ਘੁੰਮਦੇ ਰਹੇ, ਪ੍ਰੰਤੂ ਜਦੋਂ ਉਸ ਨੂੰ ਤੰਬਾਕੂ ਦੀ ਚਿਲਮ ਦੇ ਸੂਟੇ ਲਾਂਦਿਆਂ ਵੇਖਿਆ ਤਾਂ ਯਕ ਦਮ ਹੀ ਉਸ ਦੀਆਂ ਕਰਾਮਾਤਾਂ ਤੇ ਖਿੱਚਾਂ ਦੇ ਬਾਵਜੂਦ ਉਸ ਵੱਲੋਂ ਮੂੰਹ ਮੋੜ ਲਿਆ। ਹੁਣ ਭਾਈ ਸਾਹਿਬ ਦਾ ਪਿਆਰ ਜਪੁਜੀ ਤੇ ਰਹਿਰਾਸਿ ਸਾਹਿਬ ਦੀ ਬਾਣੀ ਤਕ ਹੀ ਸੀਮਿਤ ਨਹੀਂ ਸੀ ਰਿਹਾ, ਹੋਰ ਬਾਣੀ ਖਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬਾਈ ਵਾਰਾਂ ਅਤੇ ਭਗਤ ਬਾਣੀ ਦਾ ਪਾਠ ਵੀ ਜਾਰੀ ਰਖਦੇ ਸਨ। ਜਿਸ ਦਿਨ ਫਕੀਰ ਦਾ ਤਿਆਗ ਕੀਤਾ,

ਅਗਲੇ ਦਿਨ ਜਦੋਂ ਸਵੇਰ ਨੂੰ ਭਾਈ ਤਾਰੂ ਸਿੰਘ ਸ਼ਹੀਦ ਦੇ ਅਸਥਾਨ 'ਤੇ ਅੰਦਰ ਜਾਣ ਲੱਗੇ ਤਾਂ ਇਕ ਬਿਰਧ-ਬਾਬੇ ਨੇ ਇਉਂ ਅਸੀਸ ਦਿਤੀ ਤੇ ਹਿਦਾਇਤ ਕੀਤੀ:-

"ਜਾਹ ! ਤੇਰੇ ਉਤੇ ਗੁਰੂ ਕੀਆਂ ਖੁਸ਼ੀਆਂ ਹਨ। ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰ। ਇਹੀ ਸੱਚੇ ਗੁਰੂ ਕਲਜੁਗ ਦੇ ਹਨ। ਨਿਤ ਉਠ, ਪਹਿਲਾਂ ਇਨ੍ਹਾਂ ਦਾ ਹੀ ਦਰਸ਼ਨ-ਪਾਠ ਕੀਤਾ ਕਰ।"

ਇਨ੍ਹਾਂ ਬਚਨਾਂ ਉਪਰੰਤ ਉਹ ਗੁਪਤ ਹੋ ਗਏ, ਬਜ਼ੁਰਗ ਦੇ ਬਚਨ ਭਾਈ ਸਾਹਿਬ ਨੇ ਪੱਲੇ ਬੰਨ੍ਹ ਲਏ। ਉਸ ਦਿਨ ਤੋਂ ਰੋਜ਼-ਬ-ਰੋਜ਼ ਨੇਮ ਤੇ ਪ੍ਰੇਮ ਨਾਲ ਗੁਰੂ ਜੀ ਦੇ ਦਰਸ਼ਨ ਪਰਸਨ ਅਰੰਭ ਦਿਤੇ। ਭਾਵੇਂ ਪਰਮਾਰਥ ਦੀ ਲਾਗ ਲੱਗ ਗਈ ਸੀ, ਪਰ ਪੜ੍ਹਾਈ ਵਲੋਂ ਵੀ ਅਵੇਸਲੇ ਨਹੀਂ ਸਨ। ੧੯੦੦ ਈ: ਵਿਚ ਬੀ. ਏ. ਪਾਸ ਕਰ ਲਈ। ਉਪਰੰਤ ਆਪਣੇ ਘਰ ਆ ਗਏ। ਇਨ੍ਹਾਂ ਦਿਨਾਂ ਵਿਚ ਇਨ੍ਹਾਂ ਦੇ ਪਿਤਾ ਜੀ ਸਖ਼ਤ ਬੀਮਾਰ ਹੋ ਗਏ। ਲੁਧਿਆਣੇ ਦੇ ਇਕ ਹਸਪਤਾਲ ਵਿਚ ਦਾਖਲ ਹੋਏ। ਚਲਦੇ ਦਵਾ-ਦਾਰੂ ਦੇ ਬਾਵਜੂਦ ਹਾਲਤ ਬਹੁਤ ਵਿਗੜ ਗਈ। ਇਥੋਂ ਤਕ ਕਿ ਮਰਣ ਕੰਢੇ ਪੁੱਜ ਗਏ। ਸੇਵਾ ਲਈ ਕੋਈ ਹੋਰ ਸੱਜਣ ਜਾਂ ਸਬੰਧੀ ਉਥੇ ਨਹੀਂ ਸੀ। ਭਾਈ ਸਾਹਿਬ ਜੀ ਨੂੰ ਗੁਰਬਾਣੀ ਦੀ ਸ਼ਫ਼ਾ-ਬਖ਼ਸ਼ ਤਾਕਤ 'ਤੇ ਵਿਸ਼ਵਾਸ ਉਪਜ ਆਇਆ। ਸ੍ਰੀ ਜਪੁਜੀ ਸਾਹਿਬ ਦੇ ਪਾਠ, ਮਨ ਹੀ ਮਨ ਵਿਚ ਅਰੰਭੇ ਦਿਤੇ। ਕੁਝ ਪਾਠਾਂ ਦੇ ਉਪਰੰਤ ਸੁਰਤੀ 'ਮੰਨੈ' ਦੀ ਪਹਿਲੀ ਪਉੜੀ ਵਿਚ ਅਟਕ ਗਈ। ਪਾਠ, ਅਗਾਂਹ ਤੁਰੇ ਹੀ ਨਾ। ਇਸ ਪਾਠ ਦੀ ਕਰਾਮਾਤ ਇਹ ਵਾਪਰੀ ਕਿ ਭਾਈ ਸਾਹਿਬ ਖੁਦ, ਜੋ ਉਸ ਵੇਲੇ ਬੁਖਾਰ ਨਾਲ ਗ੍ਰਸੇ ਸਨ ਅਤੇ ਉਨ੍ਹਾਂ ਦੇ ਪਿਤਾ ਜੋ ਬਿਸਤਰੇ ਮਰਗ 'ਤੇ ਸਨ, ਅਰੋਗ ਤੇ ਨੌਂ-ਬਰ-ਨੌਂ ਹੋ ਗਏ। ਆਪ ਦਾ ਸਿਦਕ ਤੇ ਵਿਸ਼ਵਾਸ ਹੋਰ ਦ੍ਰਿੜ੍ਹ ਹੋ ਗਿਆ।

੧੯੦੨ ਈ. ਵਿਚ, ਪੰਜਾਬ ਵਿਚ ਪਲੇਗ ਫੈਲਣ ਸਮੇਂ, ਭਾਈ ਸਾਹਿਬ ਨੂੰ ਨਾਇਬ ਤਸੀਲਦਾਰ ਬਣਾ ਕੇ, ਇਕ ਅੰਗ੍ਰੇਜ਼ ਡਾਕਟਰ ਨਾਲ ਉਸਦੇ ਨਿਜੀ ਸਹਾਇਕ ਵਜੋਂ ਡਿਊਟੀ ਲਾ ਦਿੱਤੀ ਗਈ। ਉਸ ਡਾਕਟਰ ਨਾਲ ਜਿੰਨਾ ਅਮਲਾ-ਫੈਲਾ ਸੀ, ਸਾਰੇ ਦਾ ਸਾਰਾ ਹੇਰਾ-ਫੇਰੀ ਤੇ ਰਿਸ਼ਵਤ ਦਾ ਸ਼ਿਕਾਰ ਸੀ। ਆਪ ਜੀ ਨੇ ਆਉਂਦੇ ਸਾਰ ਉਨ੍ਹਾਂ ਦਾ ਹਲਵਾ-ਮੰਡਾ ਬੰਦ ਕਰ ਦਿਤਾ ਤਾਂ ਉਲਟਾ ਉਸ ਅਮਲੇ ਨੇ ਡਾਕਟਰ ਪਾਸ ਸ਼ਿਕਾਇਤ ਪੁਚਾਈ ਕਿ ਤੁਹਾਡਾ ਨਵਾਂ ਸਹਾਇਕ ਸਾਨੂੰ ਨਜਾਇਜ਼ ਤੰਗ ਕਰਦਾ ਹੈ। ਭਾਈ ਸਾਹਿਬ ਨੇ ਐਸੇ ਪਾਜ ਉਘੇੜੇ ਪਾਜੀਆਂ ਦੇ ਕਿ ਲੈਣੇ ਦੇ ਦੇਣੇ ਪੈ ਗਏ। ਭਾਈ ਸਾਹਿਬ ਦੀ ਸਚਿਆਈ ਦਾ ਸਿੱਕਾ ਪੱਕੀ ਤਰ੍ਹਾਂ ਡਾਕਟਰ ਦੇ ਦਿਲ 'ਤੇ ਬੈਠ ਗਿਆ। ਏਸ ਸਰਵਿਸ ਦੇ ਸਮੇਂ ਵਿਚ, ਅੰਗ੍ਰੇਜ਼ ਡਾਕਟਰ, ਜੋ ਭਾਈ ਸਾਹਿਬ ਨਾਲ ਧਾਰਮਿਕ ਵਿਚਾਰਾਂ ਕਰਨ ਲੱਗ ਪਿਆ ਸੀ, ਸਿੱਖਾਂ ਦੇ ਇਸ ਅਕੀਦੇ ਨਾਲ ਸਹਿਮਤ ਹੋ ਗਿਆ ਕਿ ਸਿੱਖਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ, ਬੁੱਤ-ਪ੍ਰਸਤੀ ਨਹੀਂ ਬਲਕਿ ਰੱਬ-ਪ੍ਰਸਤੀ ਹੈ। ਬਾਅਦ ਵਿਚ ਅੰਗ੍ਰੇਜ਼-ਡਾਕਟਰ ਨਾਲ ਹੋਈ ਗੋਸ਼ਟੀ ਭਾਈ ਸਾਹਿਬ ਨੇ ਇਕ ਪੁਸਤਕ ਦੀ ਸ਼ਕਲ ਵਿਚ ਅੰਕਿਤ ਕਰ ਦਿੱਤੀ, ਜਿਸ ਦਾ ਨਾਂ ਹੈ : ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ?

ਜਦ ਭਾਈ ਸਾਹਿਬ ਨੇ ਦੇਖਿਆ ਕਿ ਅੰਗ੍ਰੇਜ਼ ਹਕੂਮਤ ਦੀ ਸਾਰੀ ਮਸ਼ੀਨਰੀ ਹੀ ਵਿਗੜੀ ਹੋਈ ਹੈ ਅਤੇ ਸਰਕਾਰੀ ਸਰਵਿਸ ਵਿਚ ਖਲਕਿ-ਖੁਦਾ ਦੀ ਸੇਵਾ ਵਾਲੀ ਮਿਸ਼ਨਰੀ ਸਪਿਰਟ

ਕਾਇਮ ਨਹੀਂ ਰਹਿ ਸਕਦੀ ਤਾਂ ਆਪ ਨੇ ਨੌਕਰੀ ਤੋਂ ਤਿਆਗ-ਪੱਤ੍ਰ ਦੇ ਦਿਤਾ।

ਭਾਈ ਸਾਹਿਬ ਦੇ ਹਿਰਦੇ ਅੰਦਰ ਖੰਡੇ-ਬਾਟੇ ਦਾ ਅੰਮ੍ਰਿਤ ਛਕਣ ਦੀ ਪਿਆਸ ਪੈਦਾ ਹੋ ਚੁੱਕੀ ਸੀ ਅਤੇ ੧੪ ਜੂਨ, ੧੯੦੩ ਨੂੰ ਫਲੌਰ ਦੇ ਨੇੜੇ ਇਕ ਪਿੰਡ ਬਕਾ ਪੁਰ ਵਿਚ ਅੰਮ੍ਰਿਤ-ਸੰਚਾਰ ਸਮਾਗਮ ਵਿਚ ਆਪ ਨੇ ਅੰਮ੍ਰਿਤ-ਪਾਨ ਕਰ ਲਿਆ। ਇਸ ਦੇ ਨਾਲ ਹੀ ਆਪ ਦਾ ਜਿਵੇਂ ਨਵਾਂ ਜਨਮ ਹੋ ਗਿਆ ਹੋਵੇ ! ਆਪ ਦੀ ਕਾਇਆ-ਕਲਪ ਹੋ ਗਈ!! ਗੁਰਬਾਣੀ ਆਪ ਦਾ ਸਮੁੱਚਾ ਜੀਵਨ-ਆਧਾਰ ਹੀ ਬਣ ਗਈ। ਦਿਨ-ਰਾਤ ਗੁਰਬਾਣੀ ਦੀ ਹੀ ਲਟਕ ਲੱਗੀ ਰਹੇ, ਪ੍ਰੰਤੂ ਨਾਮ ਦੀ ਦ੍ਰਿੜ੍ਹਤਾ ਨਹੀਂ ਹੋਈ। ਅਗਲੇ ਹੀ ਸਾਲ ਭਾਵ ੧੯੦੪ ਈ. ਵਿਚ ਇਕ ਵਿਸ਼ੇਸ਼ ਚਮਤਕਾਰ ਵਾਪਰਿਆ ਅਤੇ ਆਪ ਨੇ ਸਰਬ-ਲੋਹ ਬਿਬੇਕ ਧਾਰਨ ਕਰ ਲਿਆ। ਇਸੇ ਹੀ ਸਾਲ ਲੋਕਲ-ਸੰਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆਪ ਨੂੰ ਹੁਕਮ ਦੇ ਕੇ ਐਬਟਾਬਾਦ ਹੈੱਡ-ਕਲਰਕ ਦੀ ਨੌਕਰੀ 'ਤੇ ਜਾਣ ਲਈ ਰਜ਼ਾਮੰਦ ਕਰ ਲਿਆ। ਇਥੇ ਇਕ ਅਸਚਰਜ ਕੌਤਕ ਰਾਹੀਂ ਸੱਚੇ ਪਾਤਸ਼ਾਹ ਨੇ ਆਪ ਨੂੰ ਨਾਮ ਦ੍ਰਿੜ੍ਹ ਕਰਾ ਦਿਤਾ। ਇਥੇ ਹੀ ਆਪ ਨੇ ਦੋ ਸ੍ਰੀ ਅਖੰਡ-ਪਾਠ ਨਵੰਬਰ, ੧੯੦੪ ਤੇ ਜਨਵਰੀ, ੧੯੦੫ ਵਿਚ ਇਕੋ ਚੌਂਕੜੇ ਵਿਚ ਸੁਣੇ। ਆਪ ਨੂੰ ਨੌਕਰੀ ਛੱਡ ਕੇ ਘਰ ਆ ਜਾਣ ਦੀ ਪ੍ਰੇਰਨਾ ਹੋਈ ਅਤੇ ਉਸ ਉਪਰੰਤ ਉਹ ਪਰਤ ਆਏ। ਪਿਤਾ ਜੀ ਅਤੇ ਸੱਜਣਾਂ-ਸਬੰਧੀਆਂ ਦੀ ਪ੍ਰੇਰਨਾ ਨਾਲ ਆਪ ਇਕ ਵਾਰ ਇਕ ਈਸਾਈ ਮਿਸ਼ਨਰੀ ਸਕੂਲ ਵਿੱਚ ਅਧਿਆਪਕ ਦੀ ਸੇਵਾ 'ਤੇ ਆਣ ਲੱਗੇ ਪਰ ਤੀਜੇ ਦਿਨ ਹੀ ਉਹ ਸੇਵਾ ਛੱਡਣੀ ਪਈ। ਅਸਲ ਵਿਚ ਸਕੂਲ-ਪ੍ਰਬੰਧਕਾਂ ਨੇ ਸਮਝਿਆ ਕਿ ਇਹ ਅਧਿਆਪਕ ਤਾਂ ਸਾਰੇ ਸਕੂਲ ਨੂੰ ਹੀ ਸਿੱਖ ਬਣਾ ਦੇਵੇਗਾ। ਫੇਰ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਸੁਭਾਗ ਪ੍ਰਾਪਤ ਹੋਇਆ ਕਿ ਸ੍ਰ: ਸ਼ਾਮ ਸਿੰਘ ਅਟਾਰੀ ਵਾਲੇ ਦੇ ਪੋਤਰੇ ਸ੍ਰ: ਹਰਬੰਸ ਸਿੰਘ ਦੀ ਪ੍ਰੇਰਨਾ ਨਾਲ, ਕੁਝ ਸਮਾਂ ਆਪ ਜੀ ਇਥੋਂ ਦੇ ਹੋਸਟਲ ਸੁਪ੍ਰਿੰਟੈਂਡੈਂਟ ਰਹੇ।

ਜਦੋਂ ੧੯੧੪ ਈ. ਦੇ ਸ਼ੁਰੂ ਸ਼ੁਰੂ ਵਿਚ ਅੰਗ੍ਰੇਜ਼ ਸਰਕਾਰ ਨੇ, ਕੁਝ ਰਈਸ ਸਿੱਖ ਸਰਦਾਰਾਂ ਨੂੰ ਆਪਣੇ ਹੱਥ ਲੈ ਕੇ, ਗੁਰਦੁਆਰਾ ਸ੍ਰੀ ਰਕਾਬਗੰਜ ਦੀ ਕੰਧ, ਸੜਕ ਨੂੰ ਸਿੱਧਾ ਕਰਨ ਦੇ ਬਹਾਨੇ ਗਿਰਾ ਦਿਤੀ, ਉਸ ਸਮੇਂ ਭਾਈ ਸਾਹਿਬ ਨੇ ਸਿੱਖ ਸੰਗਤਾਂ ਵਿਚ ਜਾਗ੍ਰਤੀ ਪੈਦਾ ਕਰਨ ਲਈ ਵਧ-ਚੜ੍ਹ ਕੇ ਹਿੱਸਾ ਲਿਆ। ਅੰਤ ਅੰਗ੍ਰੇਜ਼ ਸਰਕਾਰ ਨੂੰ ਮੂੰਹ ਦੀ ਖਾਣੀ ਪਈ ਤੇ ਕੰਧ ਬਣਾਉਣੀ ਪਈ।

ਇਨ੍ਹੀਂ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਸਹਿਤ ਇਤਿਹਾਸਕ ਗੁਰਦੁਆਰਿਆਂ ਉਤੇ ਆਚਰਣਹੀਨ ਮਹੰਤਾਂ ਦਾ ਕਬਜ਼ਾ ਸੀ। ਉਨ੍ਹਾਂ ਵੱਲੋਂ ਮਨ-ਆਈਆਂ, ਇਖਲਾਕੋਂ ਗਿਰੀਆਂ ਕਾਰਵਾਈਆਂ ਹੁੰਦੀਆਂ ਸਨ। ਭਾਈ ਸਾਹਿਬ ਨੇ ਆਪਣੀ ਅਤੇ ਆਪਣੇ ਸਾਥੀਆਂ ਦੀ ਜਾਨ ਜੋਖਮ ਵਿਚ ਪਾ ਕੇ ਇਨ੍ਹਾਂ ਮਨਮੱਤੀਆਂ ਬਦ-ਚਲਨ ਮਹੰਤਾਂ ਨੂੰ ਸੋਧ ਕੇ ਕੁਝ ਕੁ ਗੁਰਦੁਆਰਿਆਂ ਉਤੇ ਪੰਥਕ ਕਬਜ਼ੇ ਕਰਵਾਏ।

ਭਾਈ ਸਾਹਿਬ ਹਰ ਤਰ੍ਹਾਂ ਦੀ ਗੁਲਾਮੀ ਦੇ ਕੱਟੜ ਵਿਰੋਧੀ ਸਨ। ਦੇਸ਼ ਦੀ ਆਜ਼ਾਦੀ ਦੀ ਖਾਤਰ ਆਪ ਨੇ ਗ਼ਦਰੀ ਬਾਬਿਆਂ ਦਾ ਪੂਰਾ ਸਾਥ ਦਿੱਤਾ। ਕਰਤਾਰ ਸਿੰਘ ਸਰਾਭਾ ਨਾਲ ਮਿਲ ਕੇ ਬਣਾਏ ਪ੍ਰੋਗਰਾਮ ਅਨੁਸਾਰ ੧੯ ਫਰਵਰੀ ਦੀ ਸ਼ਾਮ ਨੂੰ ਆਪਣੇ ਸੱਠ ਸਾਥੀਆਂ ਸਹਿਤ ਫੀਰੋਜ਼ਪੁਰ ਛਾਉਣੀ ਬਗਾਵਤ ਕਰਨ ਲਈ ਪੁੱਜ ਗਏ। ਉਥੇ ਪਤਾ ਲੱਗਾ ਕਿ ਕਿਸੇ ਮੁਖਬਰ

ਰਾਹੀਂ ਉਨ੍ਹਾਂ ਦੀ ਸਕੀਮ ਦਾ ਭਾਂਡਾਂ ਭੱਜ ਗਿਆ ਹੈ। ਸੋ ਆਪ ਜੀ ਤੇ ਸਾਰੇ ਸਾਥੀ ਘਰੋ ਘਰੀ ਪਰਤ ਆਏ। ਅੰਗ੍ਰੇਜ਼ ਸਰਕਾਰ ਖ਼ਬਰਦਾਰ ਹੋ ਗਈ ਸੀ ਤੇ ਉਸ ਨੇ ਇਹਤਿਆਤੀ ਕਦਮ ਉਠਾ ਲਏ ਸਨ। ਗ਼ਦਰੀ ਬਾਬਿਆਂ ਤੇ ਦੇਸ਼-ਭਗਤਾਂ ਦੀ ਫੜੋ-ਫੜੀ ਸ਼ੁਰੂ ਹੋ ਗਈ। ਭਾਈ ਸਾਹਿਬ ਵੀ ੯ ਮਈ, ੧੯੧੫ ਨੂੰ ਨਾਭੇ ਵਿਚ, ਜਿਥੇ ਉਹ ਆਪਣੇ ਪਿਤਾ ਸ੍ਰ: ਨੱਥਾ ਸਿੰਘ (ਜੋ ਉਥੇ ਹਾਈ ਕੋਰਟ ਦੇ ਜੱਜ ਸਨ) ਪਾਸ ਠਹਿਰੇ ਹੋਏ ਸਨ, ਫੜੇ ਗਏ। ਮੁਕੱਦਮਾ ਚੱਲਿਆ ਤੇ ੩੦ ਮਾਰਚ, ੧੯੧੬ ਨੂੰ ਦੂਜੇ ਸਾਜਸ਼ ਕੇਸ, ਲਾਹੌਰ ਅਨੁਸਾਰ ਉਮਰ ਕੈਦ ਅਤੇ ਜਾਇਦਾਦ ਜ਼ਬਤੀ ਦਾ ਫੈਸਲਾ ਸੁਣਾਇਆ ਗਿਆ। ਇਸ ਦੌਰਾਨ ਪੁਲੀਸ ਅਫਸਰਾਂ ਨਾਲ ਜੋ ਭਾਈ ਸਾਹਿਬ ਦੀ ਗੱਲ-ਬਾਤ ਹੋਈ, ਉਹ ਬੜੀ ਰੌਚਕ ਤੇ ਪ੍ਰਭਾਵਸ਼ਾਲੀ ਹੈ। ਇਹ, ਭਾਈ ਸਾਹਿਬ ਦੇ ਆਪਣੇ ਸ਼ਬਦਾਂ ਵਿਚ ਲਿਖੀ ਪੁਸਤਕ 'ਜੇਲ੍ਹ-ਚਿੱਠੀਆਂ' ਵਿਚੋਂ ਪੜ੍ਹੀ ਜਾ ਸਕਦੀ ਹੈ। ਜੇਲ੍ਹ ਵਿਚਲੇ ਕਸ਼ਟਾਂ ਅਤੇ ਸਰਕਾਰੀ ਜ਼ੁਲਮਾਂ ਦੀ ਕਹਾਣੀ, ਭਾਈ ਸਾਹਿਬ ਦੀ ਆਪਣੀ, ਦਿਲ-ਹਿਲਾਣੀ, ਦਰਦ-ਰੰਵਾਣੀ, ਵਾਕਫ਼ੀਅਤ-ਵਧਾਣੀ ਅਤੇ ਸਿੱਖੀ-ਸਮਝਾਣੀ ਹੈ। ਇਕ ਵਾਰੀ ਤਾਂ ਭਾਈ ਸਾਹਿਬ ਨੂੰ, ਨਾਗਪੁਰ ਜੇਲ੍ਹ ਅੰਦਰ, ਲੱਤਾਂ-ਬਾਹਾਂ ਜੂੜ-ਜਕੜ ਕੇ, ਦੰਦ-ਦਾੜ੍ਹਾਂ ਤੋੜ ਕੇ, ਧੱਕੇ ਨਾਲ ਦੁੱਧ ਉਨ੍ਹਾਂ ਨੇ ਅੰਦਰ ਘਲਿਆ ਗਿਆ। ਇਸ ਘਟਨਾ ਬਾਰੇ ਦੋ ਚਾਰ ਸਤਰਾਂ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ "ਡੇਢ ਘੰਟਾ ਘੁਲਣ ਪਿਛੋਂ ਹਾਰ ਹੰਭ ਕੇ ਥੋੜ੍ਹਾ ਦੁੱਧ ਅੰਦਰ ਚਾੜ੍ਹ ਕੇ ਤੁਰਨ ਲਗੇ ਹੀ ਸੀ ਕਿ ਦੁੱਧ ਅੰਦਰੋਂ ਉੱਛਲ ਕੇ ਸਭ ਬਾਹਰ ਜਾ ਪਿਆ। ਕਾਲਜੇ ਨੇ ਕਬੂਲਿਆ ਨਾ। ਇਸ 'ਪਰ ਮੇਰੀ ਦਾੜ੍ਹੀ ਖਿੱਚੀ ਗਈ ਤੇ ਕੇਸ ਪੁੱਟੇ ਗਏ ਅਤੇ ਲੱਤਾਂ ਮੁੱਕੀਆਂ ਦੀ ਮਾਰ ਨਾਲ ਅਧ-ਮੋਇਆ ਕਰ ਕੇ ਮੈਨੂੰ ਸਿੱਟ ਗਏ। ਦੂਜੇ ਦਿਨ ਫੇਰ ਆ ਕੇ ਦਾਲ ਦਾ ਪਾਣੀ ਅੰਦਰ ਲੰਘਾਇਆ। ਤੀਜੇ ਦਿਨ ਕੁੱਠਾ, ਗਊ-ਮਾਸ ਦਾ ਅਰਕ ਤੇ ਬਿਖਿਆ (ਤਮਾਕੂ) ਆਦਿਕ ਲਿਆ ਕੇ ਅੱਗੇ ਰਖਿਆ ਗਿਆ ਕਿ ਰੋਟੀ ਖਾਓ, ਨਹੀਂ ਤਾਂ ਇਹ ਚੀਜ਼ਾਂ ਤੈਨੂੰ ਮੱਲੋ-ਮੱਲੀ ਖੁਆਈਆਂ ਜਾਣਗੀਆਂ ਤੇ ਤੇਰੇ ਕੇਸ ਕੱਟੇ ਜਾਣਗੇ ਤੇ ਤੈਨੂੰ ਪਾਗਲਖਾਨੇ ਭੇਜਿਆ ਜਾਊ।।"

ਇਸੇ ਤਰ੍ਹਾਂ ਇਕ ਵੇਰ ਮੁਲਤਾਨ ਜੇਲ੍ਹ ਵਿਚ ਆਪ ਜੀ ਨੂੰ ਕੁਝ ਦਿਨ ਅੰਨ-ਜਲ ਬਿਨਾਂ ਬਿਤਾਉਣੇ ਪਏ।

ਸ਼੍ਰੋ. ਗੁ. ਪ੍ਰ. ਕਮੇਟੀ ਅੰਮ੍ਰਿਤਸਰ ਨੇ ਭਾਈ ਸਾਹਿਬ ਤੇ ਹੋਰ ਜੇਲ੍ਹੀਂ ਬੈਠੇ ਸਿੰਘਾਂ ਦੀ ਹਮਦਰਦੀ ਵਿੱਚ ਸਿੱਖ ਜਗਤ ਨੂੰ ਅਪੀਲ ਕੀਤੀ ਕਿ ੧ ਫਰਵਰੀ, ੧੯੨੩ ਨੂੰ ਅਰਦਾਸ ਦਿਵਸ ਮਨਾਇਆ ਜਾਵੇ। ੧੪ ਸਾਲ ਤੋਂ ਉਪਰ ਦਾ ਕੋਈ ਸਿੱਖ ਸਵੇਰ ਤੋਂ ਰਹਿਰਾਸਿ ਤਕ ਅੰਨ-ਜਲ ਅੰਗੀਕਾਰ ਨਾ ਕਰੇ। ਭਾਈ ਸਾਹਿਬ ਨੂੰ ਇਸ ਅਰਦਾਸ ਰਾਹੀਂ ਬਹੁਤ ਰੂਹਾਨੀ ਸਹਾਇਤਾ ਮਿਲੀ ਅਤੇ ਆਪ ਨੇ ਗੁਰੂ-ਪੰਥ ਤੇ ਕਮੇਟੀ ਦਾ ਧੰਨਵਾਦ ਕੀਤਾ। ਆਖਿਰ ੪-੧੦-੧੯੨੩ ਨੂੰ ਭਾਈ ਸਾਹਿਬ ਨੂੰ ਰਿਹਾ ਕਰ ਦਿੱਤਾ ਗਿਆ।

ਤਖ਼ਤ ਸਾਹਿਬਾਨ ਵਲੋਂ ਆਪ ਜੀ ਰਾਹੀਂ ਜੇਲ੍ਹਾਂ ਵਿਚ ਘਾਲੀ ਘਾਲ ਦੀ ਪ੍ਰਸੰਸਾ ਕੀਤੀ ਗਈ ਅਤੇ ਸਿਰੋਪਾਉ ਤੇ ਹੁਕਮਨਾਮੇ ਰਾਹੀਂ ਆਪ ਜੀ ਨੂੰ ਨਿਵਾਜਿਆ ਗਿਆ। ਪ੍ਰਸਿੱਧ ਗੁਰਧਾਮਾਂ ਦੇ ਨੀਂਹ-ਪੱਥਰ ਰਖਣ ਲਈ ਆਪ ਜੀ ਨੂੰ ਪੰਜਾਂ ਪਿਆਰਿਆਂ ਵਿਚ ਸ਼ਾਮਲ ਕੀਤਾ ਗਿਆ।

ਰਿਹਾਈ ਤੋਂ ਬਾਅਦ ਆਪ ਤੀਹ ਸਾਲ ਛੇ ਮਹੀਨੇ ਸਰੀਰਕ ਰੂਪ ਵਿਚ ਸੰਗਤਾਂ ਦੇ ਨਾਲ ਨਾਲ ਵਿਚਰਦੇ ਰਹੇ। ਸੰਗਤਾਂ ਦੇ ਲਾਲੇ ਗੋਲੇ ਬਣੇ ਰਹੇ। ਅਖੰਡ-ਕੀਰਤਨਾਂ, ਅਖੰਡ-ਪਾਠਾਂ ਅਤੇ ਅੰਮ੍ਰਿਤ-ਸੰਚਾਰ ਦੇ ਸਮਾਗਮ ਰਚ ਰਚ ਕੇ ਗੁਰਮਤਿ ਦਾ ਪ੍ਰਕਾਸ਼, ਪ੍ਰਚਾਰ ਅਤੇ ਪਸਾਰ ਕੀਤਾ। ਕਈ ਘੰਟੇ ਲਗਾਤਾਰ ਕੀਰਤਨ ਕਰਦੇ ਸੁਣਦੇ, ਅਕਦੇ-ਥਕਦੇ ਨਹੀਂ ਸਨ। ਭੁੱਖ, ਨੀਂਦ, ਖਾਣਾ, ਸੌਣਾ ਸਭ ਵਿਸਰ ਜਾਂਦੇ ਸਨ। ਸੰਗਤਾਂ ਨਾਲ ਪੰਡਾਲ ਭਰੇ ਰਹਿੰਦੇ ਸਨ। ਅਖੰਡ-ਪਾਠ ਦੇ ਦੌਰਾਨ ਕੀਰਤਨ-ਸਮਾਗਮ ਨਹੀਂ ਰਖਦੇ ਸਨ।

ਅਖੰਡ-ਪਾਠ ਸੁਣਨ ਲਈ ਵੀ ਸੰਗਤਾਂ ਵਿਚ ਉਤਸ਼ਾਹ, ਉਮਾਹ ਤੇ ਸ਼ਰਧਾ ਹੁੰਦੀ ਸੀ। ਅੰਮ੍ਰਿਤ-ਸੰਚਾਰ ਸਮਾਗਮਾਂ ਵਿਚ ਪੰਜਾਂ ਪਿਆਰਿਆਂ ਵਿਚ ਆਪ ਤਾਂ ਸ਼ਾਮਲ ਨਹੀਂ ਸੀ ਹੁੰਦੇ, ਪਰ ਬਾਊ ਮੱਲ ਸਿੰਘ ਜੀ ਹੁਰਾਂ ਨੂੰ, ਜੋ ਇਕ ਕਮਾਲ ਦੀ ਰੂਹ ਸਨ, ਇਨ੍ਹਾਂ ਸਮਾਗਮਾਂ ਦੀ ਸੇਵਾ ਸਹਿਜ-ਸੁਭਾ ਵਿਚ ਸੌਂਪੀ ਹੋਈ ਸੀ।

ਆਪ ਦਾ ਰਚਿਆ ਗੁਰਮਤਿ ਸਾਹਿਤ ਪੰਥ ਨੂੰ ਇਕ ਮਹਾਨ ਦੇਣ ਹੈ। ਆਪ ਦੀ ਮਹਾਨ ਸ਼ਖ਼ਸੀਅਤ ਆਪ ਦਵਾਰਾ ਰਚੇ ਸਾਹਿਤ ਵਿਚ ਉਮਲ ਉਮਲ ਕੇ ਟਪਕਦੀ ਹੈ। ਹਰ ਪੁਸਤਕ, ਗੁਰਮਤਿ ਦੇ ਕਿਸੇ ਨ ਕਿਸੇ ਸਿਧਾਂਤ ਉਤੇ ਗੁਰਬਾਣੀ ਰਾਹੀਂ ਨਵੀਨ ਰੋਸ਼ਨੀ ਪਾ ਕੇ, ਭਰਮ-ਭੁਲੇਖੇ ਹਟਾ ਕੇ, ਉਸ ਦਾ ਸਿੱਕਾ ਸਾਡੇ ਮਨਾਂ 'ਤੇ ਬਿਠਾ ਦੇਂਦੀ ਹੈ। ਸਿੱਖ ਇਤਿਹਾਸ ਵਿਚ ਕਿਸੇ ਸਿਮਰਨ-ਸਰੂਪ ਹੋਈ ਸ਼ਖ਼ਸੀਅਤ ਨੇ ਏਨਾ ਬਹੁ-ਪੱਖੀ ਧਾਰਮਿਕ ਸਾਹਿਤ ਨਹੀਂ ਰਚਿਆ। **ਗੁਰਬਾਣੀ ਦਾ ਮੁੱਖ ਹੀ ਨਹੀਂ, ਸਗੋਂ ਇਕੋ ਇਕ ਵਿਸ਼ਾ ਨਾਮ ਹੀ ਹੈ; ਬਾਕੀ ਸਾਰੀ ਰਹਿਤ-ਮਰਿਆਦਾ ਨਾਮ ਦੇ ਅਧੀਨ ਅਤੇ ਨਾਮ-ਮਾਰਗ ਦੀ ਸਹਾਇਕ ਹੈ। ਇਸੇ ਤਰ੍ਹਾਂ ਭਾਈ ਸਾਹਿਬ ਦਾ ਲਿਖਿਆ ਅੱਖਰ ਅੱਖਰ ਨਾਮ-ਕੇਂਦਰ ਦੇ ਦੁਆਲੇ ਹੀ ਘੁੰਮਦਾ ਹੈ। ਏਨਾ ਨਵੇਕਲਾ, ਨਿਰਾਲਾ, ਉਜਾਲਾ ਤੇ ਬਾਲਾ (ਉੱਚਾ) ਅਸਥਾਨ ਰਖਦੇ ਹੋਏ ਵੀ ਉਹ ਸਾਡੇ ਵਿਚ ਸਾਡੇ 'ਭਾਈ' ਬਣ ਕੇ ਹੀ ਰਹੇ।** ਬਾਣੀ ਤੇ ਬਾਣੇ ਦੀ ਮੁਸ਼ਤਾਕ, ਇਹ ਮਹਾਨ ਮਨਮੋਹਣੀ ਸੂਰਤ ੧੬ ਅਪ੍ਰੈਲ, ੧੯੬੧ ਨੂੰ ਸਾਥੋਂ ਸਰੀਰਕ ਤੌਰ 'ਤੇ ਸਦਾ ਲਈ ਵਿਦਾ ਹੋ ਗਈ।

ਭਾਈ ਸਾਹਿਬ ਰਚਿਤ ਕੁਝ ਚੋਣਵੀਆਂ ਪੁਸਤਕਾਂ ਇਹ ਹਨ:-

੧. ਜੇਲ੍ਹ ਚਿੱਠੀਆਂ-ਕੀ ਹਨ? ਭਾਈ ਸਾਹਿਬ ਵੱਲੋਂ ਪਰਮਾਰਥ ਦੇ ਪੰਧ ਪੈਣ ਲਈ ਗੁਰਮੁਖਿ ਸਤਿਸੰਗੀਆਂ ਨੂੰ ਦਿੱਤੇ ਸੱਦਾ-ਪੱਤ੍ਰ ਹਨ।

੨. ਰੰਗਲੇ ਸੱਜਣ-ਕੀ ਹਨ? ਪਰਮਾਰਥ ਦਾ ਪੰਧ ਪੂਰਾ ਕਰਕੇ ਮਨਜ਼ਲੇ ਮਕਸੂਦ 'ਪੁਰ ਪਹੁੰਚ ਪਏ ਪਹਿਲਵਾਨੜੇ ਹਨ। ਉਨ੍ਹਾਂ ਪ੍ਰਤੀ ਸ਼ਰਧਾਂਜਲੀ ਹੈ।

੩. ਕਰਮ ਫ਼ਿਲਾਸਫ਼ੀ-ਕੀ ਹੈ? ਜ਼ਿੰਦਗੀ ਦੇ ਰਣ-ਖੇਤਰ ਤੋਂ ਹੰਭੇ, ਹੁਟੇ, ਹਾਰੇ ਹਥਿਆਰ ਸੁੱਟਣਹਾਰੇ ਸੈਨਕ ਨੂੰ ਮੁੜ ਸਾਵਧਾਨ ਕਰਨ ਦਾ ਸਾਧਨ ਹੈ।

੪. ਗੁਰਮਤਿ ਬਿਬੇਕ-ਕੀ ਹੈ? ਗੁਰਮੁਖਿ ਗਾਡੀ ਰਾਹ 'ਤੇ ਚਲਣਹਾਰੇ ਦੀ ਰਹਿਣੀ-ਬਹਿਣੀ ਪ੍ਰਗਟਾਉਣ ਵਾਲੀ ਗਾਈਡ ਹੈ।

੫. ਅਣਡਿਠੀ ਦੁਨੀਆਂ-ਕੀ ਹੈ? ਦਿੱਸਦੀ ਦੁਨੀਆਂ ਤੋਂ ਪਰੇ 'ਪਰ ਦੁਨੀਆ 'ਤੇ

ਚਾਨਣ ਪਾਉਣ ਹਾਰੀ ਲਾਈਟ ਹੈ।

੬. ਗੁਰਮਤਿ ਨਾਮ ਅਭਿਆਸ ਕਮਾਈ–ਕੀ ਹੈ? ਨਾਮ-ਅਭਿਆਸ ਦੀ ਲੋੜ ਤੇ ਜੁਗਤੀ ਦਾ ਅਹਿਸਾਸ ਕਰਾਉਣਹਾਰ ਦਵਾਈ ਹੈ।

੭. ਕਥਾ ਕੀਰਤਨ–ਕੀ ਹੈ? ਕਥਾ ਕੀਰਤਨ ਦੀਆਂ ਰਮਜ਼ਾਂ ਦੀਆਂ ਦਰਸਾਉਂਦੀ ਕੁੰਜੀ ਹੈ।

੮. ਸਿੰਘਾਂ ਦਾ ਪੰਥ ਨਿਰਾਲਾ–ਕੀ ਹੈ? ਬਿਪਰਨ ਪ੍ਰੀਤ-ਰੀਤ ਤਿਆਗ ਕੇ ਗੁਰੂ-ਘਰ ਦਾ ਅਪਨਾਇਆ ਦਰਸਾਇਆ ਰਸਤਾ ਹੈ।

੯. ਜੋਤਿ ਵਿਗਾਸ (ਮਹਾਂ ਕਾਵਿ)–ਕੀ ਹੈ? ਸਾਹਿਬ ਤੁਠੇ, ਭਾਈ ਸਾਹਿਬ ਰਾਹੀਂ, ਪ੍ਰਾਪਤ ਹੋਇਆ ਗੁਰਮਤਿ ਗੁਣਾਂ ਦਾ ਗੁਲਦਸਤਾ ਹੈ।

ਸ੍ਰ: ਸੇਵਾ ਸਿੰਘ ਜੀ ਠੀਕਰੀਵਾਲਾ

ਸ੍ਰ: ਸੇਵਾ ਸਿੰਘ ਦਾ ਜਨਮ ੧੮੮੨ ਈ: ਵਿਚ, ਜ਼ਿਲ੍ਹਾ ਸੰਗਰੂਰ ਦੇ ਮਸ਼ਹੂਰ ਪਿੰਡ ਠੀਕਰੀਵਾਲਾ ਵਿਖੇ ਸ੍ਰ: ਦੇਵਾ ਸਿੰਘ ਦੇ ਘਰ ਹੋਇਆ। ਪਿੰਡ ਠੀਕਰੀਵਾਲਾ ਭਾਵੇਂ ਅੱਜ-ਕਲ੍ਹ ਤਾਂ ਸ੍ਰ: ਸੇਵਾ ਸਿੰਘ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਹੈ, ਪਰੰਤੂ ਇਸ ਦੀ ਇਤਿਹਾਸਕ ਮਹੱਤਤਾ ਪਹਿਲਾਂ ਵੀ ਕਾਇਮ ਸੀ। ਨਵਾਬ ਕਪੂਰ ਸਿੰਘ ਇਸ ਪਿੰਡ ਵਿੱਚ ਵੱਖ-ਵੱਖ ਸਮਿਆਂ 'ਤੇ ਤਿੰਨ ਵਾਰ ਆਏ ਸਨ। ਉਸ ਵੇਲੇ ਬਾਬਾ ਆਲਾ ਸਿੰਘ ਪਟਿਆਲਾ-ਪਤੀ ਦੀ ਰਿਹਾਇਸ਼ ਬਰਨਾਲਾ ਵਿਖੇ ਹੀ ਸੀ। ਨਵਾਬ ਕਪੂਰ ਸਿੰਘ ਅਤੇ ਬਾਬਾ ਆਲਾ ਸਿੰਘ ਦੀ ਪਹਿਲੀ ਮੀਟਿੰਗ ਠੀਕਰੀਵਾਲ ਵਿਖੇ ਹੀ ਹੋਈ ਸੀ। ਮੰਨਿਆ ਜਾਂਦਾ ਹੈ ਕਿ ਨਵਾਬ ਕਪੂਰ ਸਿੰਘ ਦੀ ਯਾਦ ਵਿਚ ਪਿੰਡ 'ਚ ਇਕ ਖੂਹ ਕਾਇਮ ਹੈ। ਕਹਿੰਦੇ ਹਨ ਕਿ ਉਥੇ ਲੱਗਿਆ ਨਿੰਮ ਦਾ ਰੁੱਖ ਵੀ, ਉਨ੍ਹਾਂ ਵੇਲਿਆਂ ਦੀ ਯਾਦ ਦਾ ਹੀ ਚਿੰਨ੍ਹ ਹੈ। ਇਸ ਸਥਾਨ 'ਤੇ ਗੁਰਦੁਆਰਾ ਸ੍ਰ: ਸੇਵਾ ਸਿੰਘ ਨੇ ਆਪ ਬਣਵਾਇਆ ਸੀ। ਇਸੇ ਥਾਂ 'ਤੇ ਇਕ ਸਕੂਲ ਦੀ ਸਥਾਪਨਾ ਵੀ ਸਰਦਾਰ ਠੀਕਰੀਵਾਲਾ ਨੇ ਹੀ ਕੀਤੀ ਸੀ। ਪਿਛੋਂ ਇਸ ਸਕੂਲ ਨੂੰ ਸਰਕਾਰੀ ਪ੍ਰਬੰਧ ਵਿਚ ਲੈ ਲਿਆ ਗਿਆ ਸੀ।

ਸ੍ਰ: ਸੇਵਾ ਸਿੰਘ ਠੀਕਰੀਵਾਲਾ ਦਾ ਸਮਾਂ ੧੮੮੨ ਤੋਂ ੧੯੩੫ ਈ. ਤੱਕ ਦਾ ਹੈ। ਇਨ੍ਹਾਂ ਪੜ ਵਰ੍ਹਿਆਂ ਦੇ ਤੱਥ ਪੁਸਤਕ ਰੂਪ ਵਿਚ ਸ੍ਰ: ਉਜਾਗਰ ਸਿੰਘ ਭੌਰਾ, ਸ੍ਰ: ਜਗਜੀਤ ਸਿੰਘ ਔਲਖ ਅਤੇ ਪ੍ਰਿੰ. ਗੁਰਚਰਨ ਸਿੰਘ ਨੇ ਕ੍ਰਮਵਾਰ "ਸਰਦਾਰ ਸੇਵਾ ਸਿੰਘ ਠੀਕਰੀਵਾਲੇ ਦਾ ਕੌਮੀ ਜੀਵਨ" "ਇਕ ਜੀਵਨ ਇਕ ਇਤਿਹਾਸ" ਅਤੇ "ਜੀਵਨੀ ਸਰਦਾਰ ਸੇਵਾ ਸਿੰਘ ਠੀਕਰੀਵਾਲਾ" ਵਿਚ ਦੇ ਦਿਤੇ ਹਨ। ਮੈਂ ਇਨ੍ਹਾਂ ਤੱਥਾਂ ਨੂੰ ਦੁਹਰਾਉਣ ਤੋਂ ਗੁਰੇਜ਼ ਕਰਾਂਗਾ ਪਰ ਇਨ੍ਹਾਂ ਤੱਥਾਂ ਵਿਚ ਲੁਪਤ ਸੰਕੇਤਾਂ ਦਾ ਪ੍ਰਸੰਗ ਸਥਾਪਨ ਕਰਨ ਦਾ ਯਤਨ ਕਰਾਂਗਾ। ਕਾਰਣ ਇਹ ਹੈ ਕਿ ਤੱਥਾਂ ਦਾ ਇਤਿਹਾਸਕ ਪ੍ਰਸੰਗ, ਜੋਧਿਆਂ, ਆਸ਼ਕਾਂ ਅਤੇ ਸ਼ਹੀਦਾਂ ਨਾਲ ਬਹੁਤੀ ਵਾਰ ਨਿਆਂ ਨਹੀਂ ਕਰਦਾ। ਇਹ ਸਾਰੇ ਲੋਕ ਕਿਸੇ ਇਕ ਜ਼ਮਾਨੇ ਜਾਂ ਸਮੇਂ ਦੀ ਕੈਦ ਬਰਦਾਸ਼ਤ ਨਹੀਂ ਕਰਦੇ ਅਤੇ ਨਾ ਹੀ ਇਨ੍ਹਾਂ ਨਾਲ ਨਿਸ਼ਚਿਤ ਚੌਖਟੇ ਵਿਚ ਨਿਆਂ ਕੀਤਾ ਜਾ ਸਕਦਾ ਹੈ। ਹਰ ਕਿਸਮ ਦੀ ਕੈਦ ਦੇ ਕਰਤਾਰੀ ਵਿਰੋਧ ਦਾ ਪ੍ਰਤੀਨਿਧਤਵ ਇਹੀ ਲੋਕ ਕਰਦੇ ਰਹੇ ਹਨ ਅਤੇ ਕਰਦੇ ਰਹਿਣਗੇ। ਇਸ ਤਰ੍ਹਾਂ ਇਹ ਲੋਕ ਸਰਬ ਸਮਿਆਂ ਦੇ ਸਤਿ ਨੂੰ ਚਿੰਨ੍ਹਾਂ ਅਤੇ ਬਿੰਬਾਂ ਰਾਹੀ ਸੰਭਾਲ ਕੇ ਰਖਦੇ ਹਨ ਅਤੇ ਇਸਦੇ ਪ੍ਰਸੰਗ-ਸਥਾਪਨ ਦੀ ਉਡੀਕ ਕਰਦੇ ਹਨ। ਕਥਨ ਦਾ ਭਾਵ ਇਹ ਕਿ ਮਹਾਰਾਜਾ ਭੂਪਿੰਦਰ ਸਿੰਘ ਸਰਕਾਰੀ ਹਉਮੈ ਦਾ ਜਦ ਕਿ ਸੇਵਾ ਸਿੰਘ ਠੀਕਰੀਵਾਲਾ ਧਾਰਮਿਕ ਸਹਿਜ ਅਤੇ ਸਮਾਜਕ ਸੰਤੁਲਨ ਦਾ ਪ੍ਰਤੀਨਿਧ ਜਾਂ ਬਿੰਬ ਹੈ। ਇਹ ਦੋਵੇਂ ਇਸ ਪਖੋਂ ਨਿਸ਼ਚਤ ਤੌਰ 'ਤੇ

ਸਮਾਨਾਂਤਰਤਾ ਵਿਚ ਹਨ। ਦੋਵੇਂ ਪੰਜ ਭੂਤਕ ਸਰੀਰ ਦੇ ਮਾਲਕ ਹੋਣ ਅਤੇ ਸਮਕਾਲੀ ਹੋਣ ਦੇ ਬਾਵਜੂਦ ਇਕੋ ਦਿਸ਼ਾ ਵੱਲ ਵੱਖ-ਵੱਖ ਰਸਤਿਆਂ ਰਾਹੀਂ ਤੁਰੇ ਜਾ ਰਹੇ ਹਨ। ਦਿਸ਼ਾ ਆਪਣਾ ਆਪਣਾ ਸੱਚ ਹੰਢਾਉਣ ਦੀ ਹੈ। ਅੱਜ ਦੀ ਅਜਿਹੀ ਸਥਿਤੀ ਵਿਚ ਤੱਥ ਭਾਵੇਂ ਅੱਡ ਅੱਡ ਹੋਣ ਪਰ ਸਤਿ ਇਹੀ ਹੋਵੇਗਾ। ਬਾਣੀ ਵਿਚ ਇਸੇ ਨੂੰ "ਹਉਮੈ ਨਾਵੈ ਨਾਲਿ ਵਿਰੋਧੁ ਹੈ" ਵਜੋਂ ਪ੍ਰਵਾਨ ਕੀਤਾ ਹੋਇਆ ਮੰਨਿਆ ਜਾ ਸਕਦਾ ਹੈ। ਤੱਥ ਸੀਮਾ ਵਿੱਚ ਹਨ ਅਤੇ ਤੱਥਾਂ ਰਾਹੀਂ ਸਾਧਾਰਨ ਸ਼ਖ਼ਸੀਅਤ ਨਹੀਂ ਸੀ। ਉਨ੍ਹਾਂ ਕੋਲ ਸਮਾਜਕ ਰਜੇਵਾਂ ਸੀ ਕਿਉਂਕਿ ਉਹ ਰੱਜੇ ਪੁੱਜੇ ਘਰ ਦਾ ਮਾਲਕ ਸੀ, ਇਕ ਰਈਸ ਬਾਪ ਦਾ ਹੋਣਹਾਰ ਪੁੱਤਰ। ਉਸ ਕੋਲ ਬੁੱਧ ਵਰਗਾ ਤਿਆਗ ਸੀ ਕਿਉਂਕਿ ਉਸ ਨੂੰ ਸੁਖ ਅਤੇ ਮੁਸਾਹਬੀ (ਸੋਹਬਤ ਵਿਚ ਰਹਿਣ ਵਾਲਾ) ਦੀ ਥਾਂ ਫਕੀਰੀ ਤੇ ਸੰਘਰਸ਼ ਪਸੰਦ ਸਨ। ਉਸ ਨੂੰ ਸਿੱਖ ਵਾਲਾ ਸਹਿਜ ਪ੍ਰਾਪਤ ਸੀ ਕਿਉਂਕਿ ਉਹ ਉਤੇਜਿਤ ਅਤੇ ਉਲਾਰ ਨਹੀਂ ਹੁੰਦਾ ਸੀ। ਇਹ ਸਾਰੇ ਤੱਥ ਹਨ ਪਰ ਇਨ੍ਹਾਂ ਤੱਥਾਂ ਦਾ ਗੋਹਜ ਕੇਵਲ ਬਿੰਬਾਂ ਜਾਂ ਚਿੰਨ੍ਹਾਂ ਰਾਹੀਂ ਹੀ ਪ੍ਰਗਟਾਇਆ ਜਾ ਸਕਦਾ ਹੈ। ਇਸੇ ਲਈ ਠੀਕਰੀਵਾਲਾ ਸਰਦਾਰ ਸਭਨਾਂ ਵਿਚੋਂ ਹੋ ਕੇ ਵੀ ਸਭਨਾਂ ਨਾਲੋਂ ਵੱਖਰਾ ਸੀ।

ਸਰਦਾਰ ਸੇਵਾ ਸਿੰਘ ਠੀਕਰੀਵਾਲਾ ਦਾ ਸਮਾਂ ਭਾਰਤ ਦੇ ਪ੍ਰਸੰਗ ਵਿਚ ਆਮ ਕਰਕੇ ਅਤੇ ਪੰਜਾਬ ਦੇ ਪ੍ਰਸੰਗ ਵਿਚ ਖਾਸ ਕਰਕੇ ਮਹੱਤਵਪੂਰਨ ਹੈ। ਭਾਰਤ ਵਿਚ ਅਜ਼ਾਦੀ ਦੀ ਜੰਗ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਲੜੀ ਜਾ ਰਹੀ ਸੀ। ਮਹਾਤਮਾ ਗਾਂਧੀ ਨੇ ਇਸ ਯੁੱਧ ਨੀਤੀ ਵਾਸਤੇ ਸਮਨਵੈ-ਜੁਗਤਿ ਅਪਨਾਈ ਹੋਈ ਸੀ। ਕਥਨ ਦਾ ਭਾਵ ਇਹ ਹੈ ਕਿ ਜਿਥੋਂ ਜੋ ਚੰਗਾ ਲਗਿਆ ਅਤੇ ਜਿਸ ਦੀ ਜਦੋਂ ਲੋੜ ਪਈ ਉਸ ਨੂੰ ਮਨਮਰਜ਼ੀ ਨਾਲ ਵਰਤ ਲਿਆ। ਇਹ ਚਾਣਕੀਆ ਨੀਤੀ ਨਾਲੋਂ ਵੀ ਵੱਧ ਕੰਮ-ਕੱਢੂ ਤੇ ਡੰਗ-ਟਪਾਊ ਨੀਤੀ ਹੈ। ਇਸ ਨੀਤੀ ਤੇ ਤਹਿਤ ਮਹਾਤਮਾ ਗਾਂਧੀ ਰਿਆਸਤੀ ਰਾਜਿਆਂ ਨਾਲ ਬਿਲਕੁਲ ਨਹੀਂ ਸੀ ਵਿਗਾੜਦਾ ਪਰ ਸਿੱਖ ਮੁਹਾਵਰੇ ਵਿਚ ਵੇਖ ਕੇ ਅਣਡਿੱਠ ਵੀ ਨਹੀਂ ਕਰ ਰਿਹਾ ਸੀ। ਜੋ ਕੋਈ ਅੰਗ੍ਰੇਜ਼ਾਂ ਦੇ ਵਿਰੁੱਧ ਸੰਦ ਵਾਂਗ ਵਰਤਿਆ ਜਾ ਸਕਦਾ ਸੀ, ਉਸ ਨਾਲ ਉਹ ਨਹੀਂ ਵਿਗਾੜਦਾ ਸੀ ਪਰ ਮੌਕਾ ਆਏ 'ਤੇ ਵਸਾਹ ਕੇ ਮਾਰਨ ਲਈ ਤਿਆਰ ਸੀ। ਪਰ ਇਸ ਸਾਰੇ ਕੁਝ ਵਾਸਤੇ ਉਹ ਕੋਈ ਕੀਮਤ ਦੇਣ ਲਈ ਤਿਆਰ ਨਹੀਂ ਸੀ। ਨਤੀਜਿਆਂ ਨੂੰ ਧਿਆਨ ਵਿਚ ਰੱਖ ਕੇ ਇਸ ਬਾਣੀਆ-ਸਿਆਸਤ ਨੂੰ ਸਫਲ ਕਿਹਾ ਜਾ ਸਕਦਾ ਹੈ ਪਰੰਤੂ ਨੈਤਿਕ-ਅਮਲ ਦੀ ਦ੍ਰਿਸ਼ਟੀ ਤੋਂ ਇਹ ਮੌਕਾ ਪ੍ਰਸਤੀ ਹੈ, ਧੋਖਾ ਅਤੇ ਵਕਤੀ ਪ੍ਰਾਪਤੀ ਹੈ। ਦੂਜੇ ਪਾਸੇ ਗੁਰੂ ਦਾ ਸਿੱਖ ਸੇਵਾ ਸਿੰਘ, ਆਪਣੇ ਸਹਿਜ ਅਤੇ ਸਿਰੜ ਨਾਲ ਜਿਵੇਂ ਮਹਾਰਾਜਾ ਭੂਪਿੰਦਰ ਸਿੰਘ ਅਤੇ ਅੰਗ੍ਰੇਜ਼ਾਂ ਨੂੰ ਹਾਰ ਵੱਲ ਧੱਕੀ ਜਾ ਰਿਹਾ ਸੀ, ਉਸ ਦੇ ਸਾਹਮਣੇ ਮਹਾਤਮਾ ਗਾਂਧੀ ਦੀ ਅਹਿੰਸਾ ਸ਼ਰਮਸਾਰ ਹੋ ਸਕਦੀ ਹੈ। ਸ਼ਰਤ ਇਹ ਹੈ ਕਿ ਇਸ ਦਾ ਦਿਆਨਤਦਾਰੀ ਨਾਲ ਪ੍ਰਸੰਗ ਸਥਾਪਨ ਕੀਤਾ ਜਾਵੇ। ਇਸ ਸੰਘਰਸ਼ ਵਿਚ ਠੀਕਰੀਵਾਲਾ ਸਰਦਾਰ ਇਕੱਲਾ ਨਹੀਂ ਸੀ, ਉਸ ਨਾਲ ਸਿੱਖ ਲੀਡਰਾਂ ਵਿਚੋਂ ਬਾਬਾ ਖੜਕ ਸਿੰਘ ਅਤੇ ਮਾਸਟਰ ਤਾਰਾ ਸਿੰਘ ਸਨ। ਪਹੁੰਚੀਆਂ ਹੋਈਆਂ ਰੂਹਾਂ ਵਿਚੋਂ ਸੰਤ ਅਤਰ ਸਿੰਘ ਜੀ ਸਨ। ਵਿਦਵਾਨਾਂ ਵਿਚੋਂ ਪ੍ਰਿੰਸੀਪਲ ਤੇਜਾ ਸਿੰਘ, ਬਾਬਾ ਪ੍ਰੇਮ ਸਿੰਘ ਹੋਤੀ, ਡਾ ਗੰਡਾ ਸਿੰਘ ਅਤੇ ਪ੍ਰੋ: ਸਾਹਿਬ ਸਿੰਘ ਸਨ, ਸਾਥੀਆਂ ਵਿਚੋਂ ਅਨੇਕ ਉਹ ਸੂਰਬੀਰ ਸਨ ਜਿਨ੍ਹਾਂ ਨੇ ਜਨ-ਸੇਵਾ ਅਤੇ ਮਾਨਵ-ਸਨਮਾਨ ਦਾ ਸਿਦਕ

ਸਿਰਾਂ ਨਾਲ ਨਿਭਾਇਆ। ਏਸੇ ਲਈ ਮੈਂ ਇਸ ਸਮੇਂ ਨੂੰ ਜਨ-ਜਾਗ੍ਰਣ ਦਾ ਸਮਾਂ ਕਹਿਣਾ ਚਾਹੁੰਦਾ ਹਾਂ।

ਸਿੱਖ ਇਤਿਹਾਸ ਦੀ ਸ਼ਹੀਦੀ ਪਰੰਪਰਾ ਵਿਚ ਠੀਕਰੀਵਾਲਾ ਸਰਦਾਰ ਨ ਪਹਿਲੇ ਸਨ ਅਤੇ ਨ ਹੀ ਆਖਰੀ ਸਗੋਂ ਸਿੱਖ ਸ਼ਹੀਦਾਂ ਦੀ ਤਾਂ ਇਕ ਨਿਰੰਤਰ ਪਰੰਪਰਾ ਹੈ ਅਤੇ ਸਿੱਖ ਇਤਿਹਾਸ ਵਿਚੋਂ ਇਸ ਦੀ ਪੁਸ਼ਟੀ ਹੋ ਜਾਂਦੀ ਹੈ। ਇਸ ਦੇ ਸਿਧਾਂਤਕ ਆਧਾਰ ਕਾਇਮ ਹਨ। **ਸ਼ਹੀਦੀ ਪੰਜ ਭੂਤਕ ਸਰੀਰ ਦਾ ਖਤਮ ਹੋ ਜਾਣਾ ਨਹੀਂ ਹੈ ਸਗੋਂ ਸ਼ਹੀਦੀ ਤਾਂ ਸਿੱਖੀ ਸਿਦਕ ਦੀ ਸਦੀਵ ਅਤੇ ਸਦਾ-ਸਜਰੀ ਗਵਾਹੀ ਹੈ। ਸ਼ਹੀਦ ਤਾਂ ਮੌਤ ਨੂੰ ਹਰਾਉਂਦਾ ਹੈ। ਸ਼ਹੀਦ ਮੌਤ 'ਤੇ ਸਰਦਾਰੀ ਕਰਨ ਦੀ ਯੋਗਤਾ ਨੂੰ ਪ੍ਰਾਪਤ ਕਰ ਲੈਂਦਾ ਹੈ। ਸ਼ਹੀਦੀ, ਸਾਧਨਾਂ ਦਾ ਅਮਲੀ ਪ੍ਰਕਾਸ਼ਮਾਨ ਹੋਣ ਕਰਕੇ, ਨਿਰਭੈ ਅਤੇ ਨਿਰਵੈਰ ਦੀ ਸਮਸੁਰਤਾ ਹੈ। ਸ਼ਹੀਦੀ ਵਿਚ ਕੁਝ ਵੀ ਨੁਮਾਇਸ਼ੀ ਜਾਂ ਬੇਸੁਰਾ ਨਹੀਂ ਹੁੰਦਾ। ਸ਼ਹੀਦੀ ਤਾਂ ਸੰਗੀਤਾਮਕਤਾ ਹੈ।** ਸ਼ਹੀਦੀ ਤਾਂ ਮਿਹਰ ਦੇ ਮੀਂਹ ਵਾਂਗ ਸਹਜ ਅਤੇ ਸਜਰੇ ਸਰੋਕਾਰਾਂ ਨੂੰ ਤਰੋਤਾਜ਼ਾ ਕਰ ਦੇਂਦੀ ਹੈ। ਸ਼ਹੀਦੀ ਤਾਂ ਸਦ-ਜੀਵਨ ਹੈ। ਸ਼ਹੀਦੀ ਦੇ ਇਸ ਗੁਰਮਤਿ ਪ੍ਰਸੰਗ ਵਿੱਚ ਸੇਵਾ ਸਿੰਘ ਠੀਕਰੀਵਾਲਾ ਨੂੰ ਪਰਵਾਨਤ ਸਥਾਨ ਪ੍ਰਾਪਤ ਹੈ। ਉਨ੍ਹਾਂ ਦੀ ਮਾਨਸਿਕਤਾ ਨੂੰ ਗੁਰ-ਸਿਖਿਆ ਨੇ ਗ੍ਰਹਿਣਸ਼ੀਲ ਕੋਮਲਤਾ ਤੋਂ ਪਹਿਰੇਦਾਰੀ ਦ੍ਰਿੜ੍ਹਤਾ ਤਕ ਪ੍ਰਕਾਸ਼ ਦਿਤਾ ਸੀ। ਉਹ ਗੁਰੂ ਦੇ ਸੱਚੇ ਸਿੱਖ ਵਾਂਗ ਚੇਤੰਨ ਹੁੰਦਿਆਂ ਚੁੱਪ ਰਹਿਣ ਨੂੰ ਪਾਪ ਸਮਝਦੇ ਸਨ। ਇਸ ਭਾਵਨਾ ਦਾ ਪਰਚਾਰਕ ਹੋਣ ਦੀ ਥਾਂ, ਠੀਕਰੀਵਾਲਾ ਸਰਦਾਰ ਇਸ ਭਾਵਨਾ ਦੀ ਕਰਮ-ਭੂਮੀ ਹੋ ਗਏ ਸਨ। ਪਰਚਾਰਕ ਹੁੰਦੇ ਤਾਂ ਲੀਡਰੀ ਤਕ ਰਹਿ ਜਾਂਦੇ। ਕਰਮ ਭੂਮੀ ਵਿਚੋਂ ਇੰਦ੍ਰਿਆਵੀ ਦਖ਼ਲ ਮਨਫੀ ਹੁੰਦਾ ਹੈ। ਉਹ ਆਪਣੇ ਕਰਤੱਵ ਸਥਾਨ ਤਕ ਆਪ ਚਲ ਕੇ ਜਾਂਦੇ ਸਨ। ਉਨ੍ਹਾਂ ਦਾ ਆਦਰਸ਼ ਸਤਿ ਪ੍ਰਕਾਸ਼ਨ ਸੀ। ਉਹ ਕੈਦ ਅਤੇ ਸੁਤੰਤ੍ਰਤਾ ਦੋਹਾਂ ਹਾਲਤਾਂ ਵਿਚ ਆਪਣੇ ਆਦਰਸ਼ ਨੂੰ ਅੱਖੋਂ ਓਹਲੇ ਨਹੀਂ ਕਰਦੇ ਸਨ। ਸੰਤ ਅਤਰ ਸਿੰਘ ਜੀ ਇਸ ਗੁਹਜ ਸੰਕੇਤ ਨੂੰ ਸਮਝਦੇ ਸਨ ਅਤੇ ਵਿਦਿਅਕ ਅਦਾਰਾ ਮਸਤੂਆਣਾ (ਸੰਗਰੂਰ) ਦਾ ਉਨ੍ਹਾਂ ਨੂੰ ਪ੍ਰਧਾਨ ਆਪ ਨਿਯੁਕਤ ਕੀਤਾ ਸੀ। ਇਸ ਮਾਨਤਾ ਸਾਹਮਣੇ, ਮਹਾਰਾਜੇ ਦਾ ਪ੍ਰਸਾਵਿਤ ਲਾਲਚ ਤੁੱਛ ਸੀ। ਇੰਨੀ ਗੱਲ ਭੂਪਿੰਦਰ ਸਿੰਘ ਮਹਾਰਾਜੇ ਵਾਸਤੇ ਗੁਹਜ ਸੀ ਕਿਉਂਕਿ ਉਹ ਤੱਥਾਂ ਦੀ ਸੀਮਾਂ ਨੂੰ ਪਾਰ ਨਹੀਂ ਸੀ ਕਰ ਸਕਦਾ ਸੀ। ਮਹਾਰਾਜਾ ਇਸ ਓਹਲੇ ਵਿਚੋਂ ਉਲਾਰ ਹੋ ਗਿਆ ਸੀ ਪਰ ਇਸ ਦਾ ਠੀਕਰੀਵਾਲਾ ਸਰਦਾਰ 'ਤੇ ਕੋਈ ਅਸਰ ਨਹੀਂ ਹੁੰਦਾ ਸੀ। ਇਹ ਉਨ੍ਹਾਂ ਦੀ ਜਿੱਤ ਤੇ ਬਿੰਬ ਦੀ ਧਰਾਤਲ ਹੈ।

ਠੀਕਰੀਵਾਲਾ ਸਰਦਾਰ ਨੂੰ ਸਮਕਾਲੀ ਸੰਸਥਾਵਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਦਲ, ਸਿੱਖ ਲੀਗ, ਪੰਜਾਬ ਸਟੇਟਸ ਦੀਵਾਨ, ਪੰਜਾਬ ਸਟੇਟਸ ਸ਼੍ਰੋਮਣੀ ਦਰਬਾਰ, ਮਾਲਵਾ ਪ੍ਰਤੀਨਿੱਧ ਖਾਲਸਾ ਦੀਵਾਨ, ਪਰਜਾ ਸੰਕਟ ਹਰਨ ਕਮੇਟੀ, ਪੰਜਾਬ ਰਿਆਸਤੀ ਪਰਜਾ ਮੰਡਲ, ਇੰਡੀਅਨ ਸਟੇਟਸ ਪੀਪਲਜ਼ ਕਾਨਫਰੰਸ ਅਤੇ ਆਲ ਇੰਡੀਆ ਕਾਂਗਰਸ ਦਾ ਕੋਈ ਬੰਧਨ ਨਹੀਂ ਸੀ। ਸਾਰੇ ਉਨ੍ਹਾਂ ਦੇ ਨਾਲ ਸਨ ਅਤੇ ਉਹ ਵੀ ਕਿਸੇ ਦੇ ਵਿਰੁੱਧ ਨਹੀਂ ਸਨ ਪਰ ਉਨ੍ਹਾਂ ਨੂੰ ਕਿਸੇ ਇਕ ਦੀ ਮੁਥਾਜੀ ਜਾਂ ਕੈਦ ਨਹੀਂ ਸੀ– ਸੋ ਉਹ ਇਨ੍ਹਾਂ ਸਭ ਨਾਲ ਵੀ ਸਨ ਪਰ ਸਭ ਤੋਂ ਸੁਤੰਤਰ ਵੀ । ਹਰ ਉਹ ਸੰਸਥਾ ਜੋ ਜਨਤਕ-ਚੇਤਨ ਪ੍ਰਕਾਸ਼ ਦਾ ਮਾਧਿਅਮ ਬਣ

ਸਕਦੇ ਸਨ, ਉਸ ਦਾ ਉਨ੍ਹਾਂ ਨੇ ਸਾਥ ਦਿਤਾ। **ਉਨ੍ਹਾਂ ਨੂੰ ਸਪੱਸ਼ਟਤਾ ਸੀ ਕਿ ਅਗਿਆਨ ਵਿਚ ਜੀਵਿਆ ਜੀਵਨ ਨਿਹਫਲ ਹੈ, ਪਸ਼ੂਪਨ ਹੈ।** ਰਿਆਸਤੀ ਪਰਜਾ ਦੋਹਰੇ ਜ਼ੁਲਮ ਦੀ ਸ਼ਿਕਾਰ ਸੀ। ਜਨਤਾ ਦਾ ਤੁਰਤ ਵਾਸਤਾ ਰਿਆਸਤੀ ਰਾਜਿਆਂ ਨਾਲ ਸੀ ਪਰੰਤੂ ਸਿਆਸੀ-ਸ਼ੋਸ਼ਣ ਦੇ ਸੂਤ੍ਰਧਾਰ ਅੰਗ੍ਰੇਜ਼ ਸਨ। ਇਸ ਵਿਚੋਂ ਨਿਕਲਣ ਵਾਸਤੇ ਵਿਦਿਅਕ ਸੰਸਥਾਵਾਂ ਅਤੇ ਸਿਆਸੀ ਚੇਤਨਾ ਦੀ ਲੋੜ ਸੀ। ਠੀਕਰੀਵਾਲਾ ਸਰਦਾਰ ਨੇ ਦੋਹਾਂ ਦਾ ਬੀੜਾ ਚੁਕਿਆ। ਇਸ ਪੱਖ ਨੂੰ ਪੱਕੇ ਤੌਰ 'ਤੇ ਉਜਾਗਰ ਕਰਨ ਲਈ ਉਨ੍ਹਾਂ ਨੇ ਅਖ਼ਬਾਰਾਂ ਵੀ ਕਢੀਆਂ, ਕਢਵਾਈਆਂ। ਇਸ ਸਾਰੇ ਕੁਝ ਵਾਸਤੇ ਉਨ੍ਹਾਂ ਨੂੰ ਹਮੇਸ਼ਾਂ ਰਮਤੇ ਰਹਿਣਾ ਪੈਂਦਾ ਸੀ ਅਤੇ ਤਕਰੀਬਨ ਸਾਰਾ ਜੀਵਨ ਉਨ੍ਹਾਂ ਨੇ ਘਰੋਂ ਬਾਹਰ ਹੀ ਗੁਜ਼ਾਰਿਆ, ਘਰ ਨਾਲੋਂ ਉਹ ਜੇਲ੍ਹ ਵਿਚ ਵੱਧ ਸਮਾਂ ਰਹੇ। ਜਬਰ ਨਾਲ ਜੂਝਣ ਦੀ ਉਦਾਹਰਣ ਪੈਦਾ ਕਰਕੇ ਉਨ੍ਹਾਂ ਨੇ ਜਨਤਕ ਸਾਹਸ ਪੈਦਾ ਕੀਤਾ। ਜਿਥੇ ਲੋੜ ਹੁੰਦੀ ਉਥੇ ਉਹ ਆਪ ਚੱਲ ਕੇ ਜਾਂਦੇ। ਉਹ ਬਹੁਤ ਘੱਟ ਬੋਲਦੇ ਸਨ **ਪਰ ਉਨ੍ਹਾਂ ਨੇ ਆਪਣੇ ਵਿਵਹਾਰ ਨਾਲ ਇਹ ਸਾਬਤ ਕਰ ਦਿਤਾ ਸੀ ਕਿ ਕੋਈ ਕਿਸੇ ਨੂੰ ਲੈ ਕੇ ਨਹੀਂ ਦੇਂਦਾ ਅਤੇ ਨਾ ਹੀ ਇਸ ਤਰ੍ਹਾਂ ਮਿਲਿਆ ਸਾਂਭਿਆ ਜਾ ਸਕਦਾ ਹੈ। ਮਿਲਦਾ ਉਸ ਨੂੰ ਹੈ ਜੋ ਲੈਣ ਦੇ ਕਾਬਲ ਹੁੰਦਾ ਹੈ ਅਤੇ ਇਸ ਤਰ੍ਹਾਂ ਆਪ ਪ੍ਰਾਪਤ ਕੀਤਾ ਹੀ ਪੱਲੇ ਰਹਿੰਦਾ ਹੈ। ਸਿੱਖ ਨੂੰ ਗੁਰੂ ਨੇ ਇਸ ਤਰ੍ਹਾਂ ਹੀ ਤਿਆਰ ਕੀਤਾ ਅਤੇ ਸ੍ਰ: ਸੇਵਾ ਸਿੰਘ ਆਪ ਇਸੇ ਤਰ੍ਹਾਂ ਜੀਵੇ ਅਤੇ ਹੋਰਨਾਂ ਨੂੰ ਵੀ ਇਸੇ ਤਰ੍ਹਾਂ ਜਿਊਣ ਦੀ ਜਾਚ ਸਿਖਾਈ।**

ਸ੍ਰ: ਸੇਵਾ ਸਿੰਘ ਠੀਕਰੀਵਾਲਾ ਦੀਆਂ ਜੜ੍ਹਾਂ ਉਸ ਜਾਗ੍ਰਿਤੀ ਪ੍ਰਸੰਗ ਵਿਚ ਹਨ, ਜਿਸ ਦੀ ਪ੍ਰਤੀਨਿਧਤਾ ਸਿਖ ਦ੍ਰਿਸ਼ਟੀਕੋਣ ਤੋਂ ਸਿੰਘ ਸਭਾ ਲਹਿਰ ਨੇ ਕੀਤੀ। ਹਰ ਹਾਲ ਵਿਚ ਸਰਦਾਰ ਜੀ ਨੇ ਗੁਰੂ ਦਾ ਸਿੱਖ ਹੋਣ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਦਾ ਅੰਤ ਸੁਰਖਰੂ-ਸਿੱਖ ਵਜੋਂ ਹੀ ਹੋਇਆ। ਮਹਾਰਾਜਾ ਭੂਪਿੰਦਰ ਸਿੰਘ ਦੇ ਵਿਰੋਧ ਵਿਚ ਖਲੋਤਿਆਂ ਉਨ੍ਹਾਂ ਨੇ ਨਾਭਾਪਤੀ ਮਹਾਰਾਜਾ ਰਿਪੁਦਮਨ ਸਿੰਘ ਦੀ ਰੱਜ ਕੇ ਮਦਦ ਕੀਤੀ। ਵਿਰੋਧ ਅਤੇ ਮਦਦ ਦੀਆਂ ਦੋਹਾਂ ਹੀ ਹਾਲਤਾਂ ਵਿਚ ਉਹ ਅੰਗ੍ਰੇਜ਼ ਦੇ ਖਿਲਾਫ ਲੜ ਰਹੇ ਸਨ ਕਿਉਂਕਿ ਅੰਗ੍ਰੇਜ਼, ਭਾਰਤ ਨੂੰ ਗੁਲਾਮੀ ਵੱਲ ਧਕ ਰਹੇ ਸਨ। ਮਾਨਵ ਸੇਵਾ ਅਤੇ ਸਮਾਜ ਸੁਧਾਰ ਨੂੰ ਉਨ੍ਹਾਂ ਨੇ ਵੱਡੀ ਲੜਾਈ ਵਿੱਚ ਵੀ ਅੱਖੋਂ ਓਹਲੇ ਨਹੀਂ ਹੋਣ ਦਿਤਾ। ਸ਼ਖ਼ਸੀ ਰਾਜ ਦੇ ਉਹ ਵਿਰੋਧੀ ਨਹੀਂ ਸਨ ਕਿਉਂਕਿ ਮਹਾਰਾਜਾ ਰਿਪੁਦਮਨ ਸਿੰਘ ਦੀ ਉਹ ਮਦਦ ਕਰ ਰਹੇ ਸਨ। ਮਹਾਰਾਜਾ ਭੂਪਿੰਦਰ ਸਿੰਘ ਦੀ ਹਉਮੈ ਨੂੰ ਉਨ੍ਹਾਂ ਨੇ ਨਮੋ ਨਹੀਂ ਕੀਤੀ ਅਤੇ ਇਸ ਦੀ ਕੀਮਤ ਉਨ੍ਹਾਂ ਨੂੰ ਉਮਰ ਭਰ ਕਸ਼ਟ ਸਹਿ ਕੇ ਦੇਣੀ ਪਈ। ਉਨ੍ਹਾਂ ਨੂੰ ਡੁਲਾਉਣ ਦੇ ਬਹੁਤ ਯਤਨ ਕੀਤੇ ਗਏ। ਪਰ ਉਨ੍ਹਾਂ ਦੇ ਸਿਦਕ ਵਿਚ ਨਾ ਉਲਾਰ ਪੈਦਾ ਹੋਇਆ ਅਤੇ ਨਾ ਹੀ ਤ੍ਰੇੜ ਆਈ। ਉਨ੍ਹਾਂ ਦੀਆਂ ਕਾਨਫਰੰਸਾਂ ਵਿਚ ਝਗੜੇ ਕਰਵਾਏ ਗਏ ਅਤੇ ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਕਸ਼ਟਾਂ ਵਿਚੋਂ ਲੰਘਾਇਆ ਗਿਆ ਪਰ ਉਹ ਅਡੋਲ ਰਹੇ। ਉਨ੍ਹਾਂ ਦੀ ਇਸ ਅਡੋਲ ਬਿਰਤੀ ਨੇ ਮਹਾਰਾਜਾ ਭੂਪਿੰਦਰ ਸਿੰਘ ਵਰਗੇ ਧੱਕੜ ਮਹਾਰਾਜੇ ਦੇ ਦਿਲ ਵਿਚ ਹੀਨ ਭਾਵਨਾ ਦੇ ਬੀਜ ਪਾ ਦਿਤੇ। ਮਹਾਰਾਜੇ ਨੂੰ ਅਕਾਲੀਆਂ ਅਤੇ ਕਾਲੀ ਪੱਗ ਨਾਲ ਚਿੜ੍ਹ ਹੋ ਗਈ ਸੀ ਅਤੇ ਉਹ ਹਰ ਹਾਲਤ ਵਿਚ ਅਕਾਲੀਆਂ ਨੂੰ ਹਾਰਿਆਂ ਹੋਇਆ ਵੇਖਣ ਦਾ ਇੱਛਕ ਰਿਹਾ। ਮਹਾਰਾਜੇ ਦੀ ਇਹ ਇੱਛਾ ਜਿਉਂਦੇ ਜੀਅ ਪੂਰੀ ਨਾ ਹੋਈ। ਮਾਲਵੇ ਵਿਚ ਸ੍ਰ: ਸੇਵਾ ਸਿੰਘ ਅਕਾਲੀਆਂ ਦੇ ਪਹਿਲੇ

ਸਥਾਪਤ ਤੇ ਸਤਿਕਾਰਤ ਲੀਡਰ ਸਨ ਅਤੇ ਅਕਾਲੀ ਦਲ ਦੇ ਮੁਢਲੇ ਵਰ੍ਹਿਆਂ ਵਿਚ (੧੯੨੧ ਈਸਵੀ ਨੂੰ) ਉਹ ਮੀਤ ਪ੍ਰਧਾਨ ਹੋ ਗਏ ਸਨ। ਇਸ ਦੇ ਬਾਵਜੂਦ ਠੀਕਰੀਵਾਲਾ ਸਰਦਾਰ ਨੂੰ ਪਦਵੀਆਂ ਦਾ ਕੋਈ ਮੋਹ ਨਹੀਂ ਸੀ। ਪਦਵੀਆਂ ਨਾਲੋਂ ਵੱਧ ਉਹ ਆਪਣੀ ਸੇਵਾ ਭਾਵਨਾ ਕਰਕੇ ਜਾਣੇ ਜਾਂਦੇ ਸਨ। ਉਹ ਸਨਾਤਨੀ ਅਰਥਾਂ ਵਿਚ ਅਕਾਲੀ ਸਨ। **ਅਹੁਦਿਆਂ ਨੂੰ ਉਹ ਗੁਰੂ-ਮਿਹਰ ਸਮਝਦੇ ਸਨ ਅਤੇ ਸੇਵਾ ਕਰਨ ਨੂੰ ਆਪਣਾ ਧਰਮ ਸਮਝਦੇ ਸਨ। ਉਨ੍ਹਾਂ ਨੇ ਧਰਮ ਨਿਭਾਇਆ ਅਤੇ ਸਾਂਝੇ ਲੀਡਰ ਵਜੋਂ ਸਥਾਪਤ ਹੋਏ।**

ਸ੍ਰ: ਸੇਵਾ ਸਿੰਘ ਦਾ ਜੀਵਨ ਗੁਰਬਾਣੀ ਦੇ ਰੰਗ ਵਿਚ ਰੰਗਿਆ ਹੋਇਆ ਸੀ। ਉਨ੍ਹਾਂ ਦੀ ਸਿਆਸਤ ਨੂੰ ਸਿੱਖ ਕੌਮ ਦੇ ਪਰਿਪੇਖ ਵਿਚ ਹੀ ਵੇਖਿਆ ਜਾ ਸਕਦਾ ਹੈ। ਉਨ੍ਹਾਂ ਦੇ ਯੋਗਦਾਨ ਦੇ ਆਧਾਰ 'ਤੇ ਅਕਾਲੀ ਦੀ ਵਿਆਖਿਆ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ **"ਬਾਣੀ ਦੇ ਰੰਗ ਵਿਚ ਰੰਗਿਆ ਹੋਇਆ ਅਤੇ ਸਿੱਖ ਇਤਿਹਾਸ ਦੀ ਸ਼ਾਨ ਨੂੰ ਵਧਾਉਣ ਵਾਲਾ ਨਿਰਲੇਪ ਪੰਥਕ ਸੇਵਾਦਾਰ ਅਕਾਲੀ ਹੈ।"** ਇਸ ਭਾਵਨਾ ਦੇ ਵਿਰੁੱਧ ਜਾਂਦੀ ਸਿਆਸਤ ਦੇ ਧਾਰਨੀ ਸਿੱਖ ਨੂੰ ਅਕਾਲੀ ਨਹੀਂ ਆਖਿਆ ਜਾ ਸਕਦਾ। ਸ੍ਰ: ਸੇਵਾ ਸਿੰਘ ਰੀਸ ਕਰਨ ਯੋਗ ਅਕਾਲੀ ਸੀ। ਇਸੇ ਕਰਕੇ ਅੱਜ ਵੀ ਉਨ੍ਹਾਂ ਦੀ ਅਕਾਲੀ ਪ੍ਰਸੰਗਕਤਾ ਕਾਇਮ ਹੈ। ਉਨ੍ਹਾਂ ਨੇ ਉਹੀ ਕਦਮ ਚੁਕਿਆ, ਜਿਸ ਵਸਤੇ ਉਹ ਧੁਰ ਅੰਦਰ ਤੱਕ ਸਹਿਮਤ ਹੁੰਦੇ ਸਨ ਅਤੇ ਇਕ ਵਾਰ ਚੁਕਿਆ ਕਦਮ ਉਨ੍ਹਾਂ ਨੇ ਕਦੇ ਵਾਪਸ ਨਹੀਂ ਧਰਿਆ ਸੀ। ਜੇ ਉਨ੍ਹਾਂ ਦੀ ਅੰਤਮ ਗ੍ਰਿਫਤਾਰੀ, ਜੋ ੨੪ ਅਗਸਤ, ੧੯੩੩ ਈਸਵੀ ਨੂੰ ਹੋਈ, ਨੂੰ ਧਿਆਨ ਵਿਚ ਰਖ ਲਈਏ ਤਾਂ ਪਤਾ ਲਗ ਜਾਵੇਗਾ ਕਿ ਇਸ ਗ੍ਰਿਫਤਾਰੀ ਦੀ ਉਨ੍ਹਾਂ ਨੂੰ ਉਡੀਕ ਹੀ ਸੀ। ਉਨ੍ਹਾਂ ਨੂੰ ਇਹ ਵੀ ਸਪੱਸ਼ਟ ਸੀ ਕਿ ਮਹਾਰਾਜਾ ਉਨ੍ਹਾਂ ਦੀ ਸਿਆਸੀ ਹੱਤਿਆ ਕਰਨਾ ਚਾਹੁੰਦਾ ਹੈ। ਏਸੇ ਲਈ ਉਨ੍ਹਾਂ ਨੇ ਨਾ ਕੋਈ ਬਿਆਨ ਦਿੱਤਾ ਅਤੇ ਨਾ ਹੀ ਲਾਏ ਗਏ ਝੂਠੇ ਦੂਸ਼ਣਾਂ ਤੋਂ ਬਚਣ ਦੀ ਕੋਸ਼ਿਸ਼ ਕੀਤੀ। ਸਪੱਸ਼ਟ ਹੈ ਕਿ ਉਨ੍ਹਾਂ ਨੇ ਜ਼ੁਲਮ ਦੇ ਧੱਬਿਆਂ ਨੂੰ ਆਪਣੇ ਲਹੂ ਨਾਲ ਧੋਣ ਦਾ ਮਨ ਬਣਾ ਲਿਆ ਸੀ। ਜਨਵਰੀ, ੧੯੩੪ ਈਸਵੀ ਵਿਚ ਉਨ੍ਹਾਂ ਨੂੰ ਇਕ-ਪਾਸੜ ਢੰਗ ਨਾਲ ਕੈਦ ਤੇ ਜੁਰਮਾਨਾ ਕੀਤਾ ਗਿਆ ਸੀ। ਜੇਲ੍ਹ ਦੇ ਅਫਸਰਾਂ ਦੇ ਵਤੀਰੇ ਵਿਰੁੱਧ ਉਨ੍ਹਾਂ ਨੇ ਅਪ੍ਰੈਲ, ੧੯੩੪ ਈਸਵੀ ਵਿੱਚ ਭੁੱਖ ਹੜਤਾਲ ਆਰੰਭ ਕਰ ਦਿਤੀ ਸੀ। ਨੌਂ ਮਹੀਨੇ ਤਕ ਉਹ ਭੁਖ ਹੜਤਾਲ 'ਤੇ ਰਹੇ। ੨੦ ਜਨਵਰੀ, ੧੯੩੫ ਈਸਵੀ ਨੂੰ ਸਵੇਰੇ ਡੇਢ ਵਜੇ ਰਾਜਿੰਦਰਾ ਹਸਪਤਾਲ ਵਿੱਚ ਉਨ੍ਹਾਂ ਨੇ ਪ੍ਰਾਣ ਤਿਆਗ ਦਿਤੇ। ਇਸ ਸਾਰੇ ਸਮੇਂ ਵਿੱਚ ਕਿਸੇ ਵੀ ਜੇਲ੍ਹ-ਅਧਿਕਾਰੀ ਨੇ ਇੰਤਹਾਈ ਉਤੇਜਨਾ ਦੇ ਬਾਵਜੂਦ, ਉਨ੍ਹਾਂ ਨੂੰ ਵਿਚਲਿਤ, ਗੁੱਸੇ ਵਿੱਚ ਜਾਂ ਢਹਿੰਦੀ ਕਲਾ ਵਿੱਚ ਨਹੀਂ ਵੇਖਿਆ ਸੀ। ਅਜਿਹੇ ਵਿਅਕਤੀ ਦੀ ਲਾਸ਼ ਵੀ ਵਾਰਸਾਂ ਨੂੰ ਨਹੀਂ ਦਿਤੀ ਗਈ ਸੀ ਅਤੇ ਸਰਕਾਰ ਨੇ ਕਾਹਲੀ ਵਿੱਚ ਆਪ ਹੀ ਸਸਕਾਰ ਕਰ ਦਿਤਾ ਸੀ। ਅਸਥੀਆਂ ਤੱਕ ਦੇਣ ਤੇ ਟਾਲ ਮਟੋਲ ਕਰ ਦਿਤੀ ਗਈ ਸੀ। ਮਹਾਰਾਜਾ ਭੂਪਿੰਦਰ ਸਿੰਘ ਦੀ ਮੌਤ ਤੋਂ ਪਿਛੋਂ ੧੯੩੮ ਈ. ਵਿਚ ਮਹਾਰਾਜਾ ਯਾਦਵਿੰਦਰ ਸਿੰਘ ਨੇ ਉਨ੍ਹਾਂ ਦੀਆਂ ਸਰਕਾਰੀ ਪਹਿਰੇ ਵਿੱਚ ਸੰਭਾਲੀਆਂ ਅਸਥੀਆਂ ਵਾਰਸਾਂ ਨੂੰ ਦਿਤੀਆਂ ਸਨ। ਇਹ ਅਜੀਬ ਗੱਲ ਹੈ ਕਿ ਸ੍ਰ: ਸੇਵਾ ਸਿੰਘ ਦੀਆਂ ਅਸਥੀਆਂ ਮਹਾਰਾਜਾ ਭੂਪਿੰਦਰ ਸਿੰਘ ਤੋਂ ਪਿਛੋਂ ਜਲ-ਪ੍ਰਵਾਹ ਕੀਤੀਆਂ ਗਈਆਂ ਸਨ। ਸ੍ਰ: ਸੇਵਾ ਸਿੰਘ ਦੀ ਯਾਦ ਵਿੱਚ ਠੀਕਰੀਵਾਲ ਵਿਖੇ ਸਾਲਾਨਾ ਦਿਨ ਮਨਾਇਆ ਜਾਂਦਾ ਹੈ, ਜਿਸ ਨੂੰ

ਸਭਾ ਕਹਿੰਦੇ ਹਨ। ਉਨ੍ਹਾਂ ਦਾ ਬੁੱਤ ਪਟਿਆਲੇ ਮਾਲ ਰੋਡ 'ਤੇ ਸਿੰਘ ਸਭਾ ਗੁਰਦੁਆਰੇ ਕੋਲ ਸਥਾਪਤ ਹੈ। ਉਨ੍ਹਾਂ ਨੂੰ ਸ਼ਹੀਦ ਦਾ ਰੁਤਬਾ ਪ੍ਰਾਪਤ ਹੈ। ਇਸਦੇ ਮੁਕਾਬਲੇ 'ਤੇ ਸ੍ਰ: ਸੇਵਾ ਸਿੰਘ ਨੂੰ ਸ਼ਹੀਦ ਕਰਨ ਵਾਲਿਆਂ ਨੂੰ ਕੋਈ ਅਜਿਹਾ ਸਤਿਕਾਰ ਪ੍ਰਾਪਤ ਨਹੀਂ ਹੈ। ਇਨ੍ਹਾਂ ਸੰਕੇਤਾਂ ਨਾਲ ਸਤਿ ਦੀ ਭਲੀ-ਭਾਂਤ ਸਥਾਪਤੀ ਕੀਤੀ ਜਾ ਸਕਦੀ ਹੈ। ਇਸ ਲੇਖ ਦਾ ਇਹੀ ਪ੍ਰਯੋਜਨ ਹੈ। ਇਸ ਸ਼ਰਧਾਂਜਲੀ ਨੁਮਾ ਲੇਖ ਦਾ ਅੰਤ ਮੈਂ ਉਨ੍ਹਾਂ ਦੇ ਬੁੱਤ 'ਤੇ ਪੱਕੇ ਤੌਰ 'ਤੇ ਉਕਰੀ ਹੋਈ ਜਾਣਕਾਰੀ ਨਾਲ ਕਰਦਾ ਹਾਂ। ਇਹ ਜਾਣਕਾਰੀ ਪ੍ਰਿੰ: ਗੁਰਚਰਨ ਸਿੰਘ ਦੀ ਪੁਸਤਕ "ਜੀਵਨੀ ਸਰਦਾਰ ਸੇਵਾ ਸਿੰਘ ਠੀਕਰੀਵਾਲਾ" ਦੇ ਪੰਨਾ ੧੨੪ ਤੋਂ ੧੨੬ ਵਿਚੋਂ ਲਈ ਹੋਈ ਹੈ।

ਸਰਦਾਰ ਸੇਵਾ ਸਿੰਘ ਠੀਕਰੀਵਾਲਾ ਦੇ ਬੁੱਤ 'ਤੇ ਉਕਰੇ ਅੱਖਰਾਂ ਦਾ ਪਹਿਲਾ ਪਾਸਾ :

ਆਜ਼ਾਦੀ ਦੇ ਚਾਨਣ ਮੁਨਾਰੇ ਆਹ ਖੜੇ ਹਨ। ਅਮਰ ਸ਼ਹੀਦ ਸਰਦਾਰ ਸੇਵਾ ਸਿੰਘ ਜੀ ਠੀਕਰੀਵਾਲਾ। ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਐਗਜ਼ੈਕਟਿਵ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬ ਰਿਆਸਤੀ ਪਰਜਾ-ਮੰਡਲ ਦੇ ਪ੍ਰੈਜ਼ੀਡੈਂਟ, ਅਕਾਲ ਕਾਲਜ ਗੁਰਸਾਗਰ ਕੌਂਸਲ ਮਸਤੂਆਣਾ ਦੇ ਪ੍ਰਧਾਨ, ਵਰਕਿੰਗ ਮੈਂਬਰ ਆਲ ਇੰਡੀਆ ਪੀਪਲਜ਼ ਕਾਨਫਰੰਸ, ਪ੍ਰਧਾਨ ਮਾਲਵਾ ਪ੍ਰਤੀਨਿਧ ਖਾਲਸਾ ਦੀਵਾਨ, ਪ੍ਰਧਾਨ, ਅਕਾਲੀ ਜੱਥਾ ਰਿਆਸਤ ਪਟਿਆਲਾ, ਰੋਜ਼ਾਨਾ 'ਕੌਮੀ ਦਰਦ' ਅੰਮ੍ਰਿਤਸਰ, ਵੀਕਲੀ, 'ਰਿਆਸਤੀ ਦੁਨੀਆਂ' ਲਾਹੌਰ ਤੇ 'ਦੇਸ਼-ਦਰਦੀ', ਅੰਮ੍ਰਿਤਸਰ, ਅਖ਼ਬਾਰਾਂ ਦੇ ਜਨਮ ਦਾਤਾ। ਸਿੱਖ ਪੰਥ ਦੇ ਮਹਾਨ ਲੀਡਰ ੧੯ ਜਨਵਰੀ, ੧੯੩੫ ਨੂੰ ਪਟਿਆਲਾ ਜੇਲ੍ਹ ਅੰਦਰ ਸ਼ਹੀਦ ਕੀਤੇ ਗਏ।

ਮੇਲੇ ਲਗਦੇ ਰਹਿਣਗੇ ਸਦਾ ਏਥੇ,
ਸੇਵਾ ਸਿੰਘ, 'ਸ਼ਹੀਦ' ਦੀ ਯਾਦ ਦੇ ਵਿਚ।

ਦੂਜਾ ਪਾਸਾ :

੨੬ ਜਨਵਰੀ, ੧੯੨੯ ਈ. (ਕਾਂਗਰਸ ਦਾ ਪ੍ਰਸਿੱਧ ਲਾਹੌਰ ਸੈਸ਼ਨ ਦਸੰਬਰ, ੧੯੨੯ ਈ. ਦੇ ਅੰਤ ਵਿੱਚ ਹੋਇਆ ਸੀ, ਇਹ ਕਾਨਫਰੰਸ ੨੭ ਜਨਵਰੀ, ੧੯੩੦ ਈ. ਨੂੰ ਹੋਈ; ੧੯੨੯ ਈ. ਨੂੰ ਨਹੀਂ) ਦਾ ਲਾਹੌਰ ਸੈਸ਼ਨ ਖਤਮ ਹੋਣ ਪਿੱਛੋਂ ੨੭ ਜਨਵਰੀ ਨੂੰ ਪੰਜਾਬ ਰਿਆਸਤੀ ਪਰਜਾ-ਮੰਡਲ ਦੀ ਪਹਿਲੀ ਕਾਨਫਰੰਸ ਬਰੈਡਲਾ ਹਾਲ ਲਾਹੌਰ ਵਿਚ ਕੀਤੀ ਗਈ, ਜਿਸ ਦੇ ਸਵਾਗਤੀ ਪ੍ਰਧਾਨ ਸਰਦਾਰ ਜੀ ਸਨ।

ਉਸ ਸਮੇਂ ਪਰਜਾ ਦੇ ਭਾਰੀ ਇਕੱਠ ਨੇ ਸਰਦਾਰ ਜੀ ਦੀ ਪ੍ਰਧਾਨਗੀ ਹੇਠਾਂ ਬਿਨਾਂ ਮੁਆਵਜ਼ੇ ਵਿਸਵੇਦਾਰੀ ਖਤਮ ਕਰਨ ਦਾ ਫੈਸਲਾ ਕਰਕੇ ਮੁਜ਼ਾਰਾ ਕਮੇਟੀ ਕਾਇਮ ਕੀਤੀ, ਜਿਸ ਦੀ ਅਗਵਾਈ ਹੇਠ ਘੋਲ ਸ਼ੁਰੂ ਹੋਇਆ। ਨਗਰ ਨਿਵਾਸੀ, ਇਲਾਕੇ ਦੀ ਜਨਤਾ ਅਤੇ ਸਮੂੰਹ ਸਿੱਖ ਸੰਗਤਾਂ ਨੇ ਗੁਰਦੁਆਰਾ ਠੀਕਰੀਵਾਲਾ ਸਰਦਾਰ ਜੀ ਦੀ ਅਮਿਟ ਯਾਦਗਾਰ ਕਾਇਮ ਕਰ ਦਿਤੀ ਹੈ।

੧੯੧੨ ਈ. ਤੋਂ ਸਰਦਾਰ ਜੀ ਦੇ ਹੱਥੀਂ ਸ਼ੁਰੂ ਕੀਤਾ ਗੁਰੂ ਕਾ ਲੰਗਰ, ਗੁਰਦੁਆਰਾ ਕਮੇਟੀ ਤੇ ਗ੍ਰਾਮ-ਪੰਚਾਇਤ ਦੇ ਪ੍ਰਬੰਧ ਹੇਠ ੨੪ ਘੰਟੇ ਅਟੱਲ ਚਲ ਰਿਹਾ ਹੈ। ੧੯ ਜਨਵਰੀ ਨੂੰ ਸਰਦਾਰ ਜੀ ਦੀ ਸ਼ਹੀਦੀ ਯਾਦ ਸਮੇਂ ਗੁਰਦੁਆਰਾ ਕਮੇਟੀ ਤੇ ਗ੍ਰਾਮ-ਪੰਚਾਇਤ ਦੇ ਪ੍ਰਬੰਧ

ਵਿੱਚ ਹਰ ਸਾਲ ਪਿਛੋਂ ਠੀਕਰੀਵਾਲੇ ਵਿਚ ਭਾਰੀ ਸ਼ਹੀਦੀ ਮੇਲਾ ਕੀਤਾ ਜਾਂਦਾ ਹੈ।

ਬੋਲ ਜਿਸਦਾ ਹਰ ਗਿਆ ਸੋ ਮਰ ਗਿਆ।

ਬਚਨ ਤੇ 'ਭੌਰਾ' ਜਿੰਦ ਵਾਰੀ ਤਰ ਗਿਆ।

ਤੀਜਾ ਪਾਸਾ : ਅਮਰ ਸ਼ਹੀਦ ਸਰਦਾਰ ਸੇਵਾ ਸਿੰਘ ਜੀ ਦਾ ਰਾਜਨੀਤਕ ਜੀਵਨ

ਸਰਦਾਰ ਜੀ ਦਾ ਜਨਮ ੧੮੮੨ ਈ: ਵਿਚ ਦਿਨ ਬੁਧਵਾਰ ਨੂੰ ਸੁਬ੍ਹਾ ੧ ਵੱਜ ਕੇ ੪੫ ਮਿੰਟ 'ਤੇ ਮਾਤਾ ਹਰ ਕੌਰ ਦੀ ਕੁੱਖੋਂ ਹੋਇਆ। ਆਪ ਦੇ ਪਿਤਾ ਸਰਦਾਰ ਦੇਵਾ ਸਿੰਘ ਜੀ ਫੂਲ ਕੀ ਰਿਆਸਤਾਂ ਵਿਚ ਉਚੇ ਰਈਸ ਮੰਨੇ ਜਾਂਦੇ ਸਨ।

ਸਰਦਾਰ ਜੀ ਨੂੰ ੧੯੧੧ ਈ. ਵਿਚ ਸਿੰਘ ਸਭਾ ਲਹਿਰ ਦਾ ਪ੍ਰੇਮ ਜਾਗਿਆ। ਪਹਿਲਾ ਦੀਵਾਨ ਠੀਕਰੀਵਾਲੇ ਵਿੱਚ ਕਰ ਕੇ ਅੰਮ੍ਰਿਤ ਪ੍ਰਚਾਰ ਦਾ ਰੌ ਚਲਾਇਆ ਤੇ ਪਿੰਡ ਸੁਧਾਰ ਦੀਆਂ ਸਰਗਰਮੀਆਂ ਤੇਜ਼ ਕੀਤੀਆਂ।

੧੯੧੨ ਈ. ਵਿੱਚ ਆਪ ਨੇ ਗੁਰਦੁਆਰਾ ਠੀਕਰੀਵਾਲਾ ਦਾ ਨੀਂਹ-ਪੱਥਰ ਰਖਿਆ। ਦੇਸਾਂ-ਪ੍ਰਦੇਸਾਂ ਦੇ ਰਈਸਾਂ ਅਤੇ ਦਾਨੀਆਂ ਪਾਸੋਂ ਲੱਖਾਂ ਰੁਪਏ ਦੀ ਉਗਰਾਹੀ ਕਰ ਕੇ ਲਗਾਤਾਰ ਪੰਜ ਸਾਲ ਸੇਵਾ ਮੁਕੰਮਲ ਕੀਤੀ।

੨੧ ਫਰਵਰੀ, ੧੯੨੧ ਈ. ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਖ਼ਬਰ ਸੁਣ ਕੇ ਪੰਥਕ ਸੇਵਾ ਦੇ ਮੈਦਾਨ ਵਿਚ ਕੁੱਦ ਪਏ। ਆਪ ਦੀ ਪ੍ਰਧਾਨਗੀ ਹੇਠਾਂ ਅਕਾਲੀ ਜੱਥਾ ਰਿਆਸਤ ਪਟਿਆਲਾ ਕਾਇਮ ਕਰਕੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧ ਜੋੜ ਕੇ ਗੁਰਦੁਆਰਾ ਸੁਧਾਰ ਲਹਿਰ ਲਈ ਕੁਰਬਾਨੀਆਂ ਦਿੱਤੀਆਂ।

੧੭ ਜੁਲਾਈ, ੧੯੨੭ ਈ. ਨੂੰ ਕੁਠਾਲਾ ਸ਼ਹੀਦੀ ਸਾਕੇ ਦੀ ਖ਼ਬਰ ਸੁਣ ਕੇ ਪੰਥਕ ਸੇਵਾ ਦੇ ਮੈਦਾਨ ਵਿਚ ਕੁੱਦ ਪਏ, ਪੰਜਾਬ ਰਿਆਸਤੀ ਪਰਜਾ-ਮੰਡਲ ਕਾਇਮ ਕਰ ਕੇ ਰਜਵਾੜਾਸ਼ਾਹੀ ਖਾਤਮੇ ਲਈ ਘੋਲ ਸ਼ੁਰੂ ਕੀਤਾ।

ਚੌਥਾ ਪਾਸਾ :

ਪਰਜਾ ਮੰਡਲ ਲਹਿਰ ਦੇ ਜਨਮ-ਦਾਤਾ ਸ਼ਹੀਦ ਸਰਦਾਰ ਸੇਵਾ ਸਿੰਘ ਜੀ ਦੀ ਅਜ਼ਾਦੀ ਘੋਲ ਦੇ ਲੰਬੇ ਸਮੇਂ ਦੀ ਜੇਲ੍ਹ ਯਾਤਰਾ।

੧. ੧੯੨੩ ਈ. ਵਿਚ ਸ਼ਾਹੀ ਕਿਲ੍ਹਾ ਲਾਹੌਰ, ਅਕਾਲੀ ਲੀਡਰਾਂ ਤੇ ਮੁਕੱਦਮਾ ਬਗਾਵਤ ਵਿਚ ਤਿੰਨ ਸਾਲ ਨਜ਼ਰਬੰਦੀ।

੨. ੧੯੨੬ ਈ. ਬਾਗੀ ਹੋਣ ਦੇ ਜੁਰਮ ਵਿਚ, ਪਟਿਆਲਾ ਜੇਲ੍ਹ ਵਿਚ ਨਜ਼ਰਬੰਦ ਸਾਢੇ ਤਿੰਨ ਸਾਲ।

੩. ੧੯੩੦ ਈ. ਬਗਾਵਤ ਦੇ ਜੁਰਮ ਵਿਚ ਕੈਦ ੬ ਸਾਲ ਪਟਿਆਲਾ ਜੇਲ੍ਹ। ਚਾਰ ਮਹੀਨੇ ਪਿਛੋਂ ਰਿਹਾਈ।

੪. ੧੯੩੧ ਈ. ਸੰਗਰੂਰ, ਸਤਿਆਗ੍ਰਹੀ ੪ ਮਹੀਨੇ ਜੇਲ੍ਹ ਨਜ਼ਰਬੰਦ।

੫. ੧੯੩੨ ਈ. ਮਲੇਰ ਕੋਟਲਾ ਮੋਰਚਾ ਨਜ਼ਰਬੰਦੀ ੩ ਮਹੀਨੇ।

੬. ੧੯੩੩ ਪਟਿਆਲਾ ਹਦਾਇਤਾਂ ਦੀ ਖ਼ਿਲਾਫ਼ ਵਰਜ਼ੀ ਦੇ ਬਾਗੀਆਨਾ ਜੁਰਮ ਵਿਚ

੮ ਸਾਲ ਕੈਦ, ਦਸ ਹਜ਼ਾਰ ਰੁਪਿਆ ਜੁਰਮਾਨਾ।

ਨੋਟ:–

ਉਕਤ ਕੈਦ ਵਿਚੋਂ ਹਾਲਾਂ ਡੇਢ ਸਾਲ ਹੀ ਕਟੀ ਸੀ, ੯ ਮਹੀਨੇ ਦੀ ਲੰਬੀ ਤੇ ਕਰੜੀ ਭੁੱਖ ਹੜਤਾਲ ਵਿਚ ਪਟਿਆਲਾ ਸੈਂਟਰਲ ਜੇਲ੍ਹ ਦੇ ਘਿਆਰ-ਹਾਤੇ ਦੀ ਹਨ੍ਹੇਰੀ ਕੋਠੜੀ ਅੰਦਰ ਅਨੇਕਾਂ ਤਸੀਹਿਆਂ ਤੇ ਕਸ਼ਟਾਂ ਨਾਲ ੨੦ ਜਨਵਰੀ, ੧੯੩੫ ਨੂੰ ਤੜਕੇ ਡੇਢ ਵਜੇ ਅਕਾਲ ਚਲਾਣਾ ਕਰ ਗਏ।

ਦੀਨਾ ਹਿੱਤ ਲੜ ਮਰਨ ਦੀ ਕਰ ਸਰਦਾਰ ਤਕੀਦ।
ਜ਼ੁਲਮ ਭਮੱਕੜ ਬਣ ਗਏ ਸੇਵਾ ਸਿੰਘ 'ਸ਼ਹੀਦ'।

ਸ਼ਹੀਦੀ ਦਾ ਪ੍ਰਭਾਵ ਤੇ ਪ੍ਰਸੰਗ ਕਿਸੇ ਇਕ ਸਮੇਂ ਨਾਲ ਜੁੜਿਆ ਹੋਇਆ ਹੋਣ ਦੇ ਬਾਵਜੂਦ ਵੀ ਵਕਤੀ ਨਹੀਂ ਹੁੰਦਾ। ਸ੍ਰ: ਸੇਵਾ ਸਿੰਘ ਦੀ ਸ਼ਹੀਦੀ, ਸਿੱਖੀ ਸਿਦਕ ਦੇ ਕੇਸਾਂ ਸੁਆਸਾਂ ਨਾਲ ਨਿਭ ਜਾਣ ਦੀ ਸ਼ਾਹਦੀ ਹੋਣ ਕਰਕੇ, ਉਨ੍ਹਾਂ ਨੂੰ ਸ਼ਹੀਦ ਅਤੇ ਮੁਰੀਦ ਹੋਣ ਦਾ ਅਧਿਕਾਰੀ ਸਾਬਤ ਕਰਦੀ ਹੈ।

❄❄❄

ਮਹਾਰਾਜਾ ਰਿਪੁਦਮਨ ਸਿੰਘ ਜੀ

ਕੋਈ ਸਮਾਂ ਸੀ ਜਦੋਂ ਪੰਜਾਂ ਦਰਿਆਵਾਂ ਵਾਲੀ ਸਾਰੀ ਧਰਤੀ, ਪੰਜਾਬ 'ਤੇ ਸਿੱਖ ਕੌਮ ਦਾ ਰਾਜ ਸੀ ਅਤੇ ਇਸ ਰਾਜ ਦੀ ਬਾਕੀ ਸਾਰੇ ਹਿੰਦੁਸਤਾਨ, ਅਫ਼ਗਾਨਿਸਤਾਨ ਤੇ ਇੰਗਲਸਤਾਨ ਤਕ ਧਾਂਕ ਜੰਮੀ ਹੋਈ ਸੀ; ਪਰ ਅੱਜ ਉਹ ਨਾ ਪੰਜਾਂ ਦਰਿਆਵਾਂ ਵਾਲਾ ਪੰਜਾਬ ਹੈ, ਤੇ ਨਾ ਹੀ ਸਿੱਖ ਰਾਜ। ਪੰਜਾਬ, ਪੰਜਾਂ ਦਰਿਆਵਾਂ ਵਾਲਾ ਨਾ ਸਹੀ, ਦੋ ਦਰਿਆਵਾਂ ਵਾਲਾ (ਪੂਰਬੀ) ਤੇ ਤਿੰਨ ਦਰਿਆਵਾਂ ਵਾਲਾ (ਪੱਛਮੀ), ਦੋ ਟੋਟੇ ਹੋ ਕੇ, ਆਪਣੇ ਆਪ ਨੂੰ ਕਾਇਮ ਤਾਂ ਰੱਖ ਸਕਿਆ ਹੈ ਪਰ ਸਿੱਖ ਰਾਜ ਦਾ ਨਾਮ ਤਾਂ ਇਤਿਹਾਸ ਦੇ ਪੰਨਿਆਂ 'ਤੇ ਹੀ ਰਹਿ ਗਿਆ ਹੈ। ਉਹ ਰਾਜ, ਜਿਸ ਦੇ ਘੋੜੇ, ਇਕ ਪਾਸੇ ਜਮਨਾ ਤੇ ਦੂਜੇ ਪਾਸੇ ਅਟਕ ਦਰਿਆਵਾਂ ਦਾ ਪਾਣੀ ਪੀਂਦੇ ਸਨ, ਅਸਲ ਵਿੱਚ ਤਾਂ ਸ਼ੇਰਿ-ਪੰਜਾਬ, ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਣ ਨਾਲ ਹੀ ਸਮਾਪਤ ਹੋ ਗਿਆ ਸੀ, ਫਿਰ ਭੀ ਦਸ ਵਰ੍ਹੇ ਉਸ ਦੀ 'ਮੜ੍ਹੀ' ਰਾਜ ਕਰ ਗਈ। ਉਸ ਤੋਂ ਪਿੱਛੋਂ ਕਈ ਛੋਟੀਆਂ, ਵੱਡੀਆਂ ਰਿਆਸਤਾਂ ਦੇ ਰੂਪ ਵਿੱਚ ਇਕ ਸਦੀ ਤਕ ਸਿੱਖ ਰਾਜ ਦਾ ਨਾਮ ਵਰਤਿਆ ਜਾਂਦਾ ਰਿਹਾ। ਇਸ ਸਮੇਂ ਵਿਚ ਕਈ, ਬਹੁਤ ਛੋਟੀਆਂ, ਰਿਆਸਤਾਂ ਖ਼ਤਮ ਹੋ ਗਈਆਂ ਪਰ ਛੇ ਸਿੱਖ ਰਿਆਸਤਾਂ ਕਾਇਮ ਰਹੀਆਂ। ਪੈਪਸੂ ਦੇ ਵਜੂਦ ਵਿੱਚ ਆਉਣ ਨਾਲ ਉਹਨਾਂ ਛੇ ਰਿਆਸਤਾਂ ਦਾ ਭੀ ਅੰਤ ਹੋ ਗਿਆ। ਸਿੱਖਾਂ ਦੇ ਦਿਲ ਪਰਚਾਵੇ ਲਈ ਭਾਵੇਂ ਚੋਟੀ ਦੇ ਕਈ ਕਾਂਗਰਸੀ ਆਗੂਆਂ ਨੇ ਪੈਪਸੂ ਨੂੰ 'ਸਿੱਖ ਹੋਮ ਲੈਂਡ' ਭੀ ਆਖਿਆ ਪਰ ਉਨ੍ਹਾਂ ਨੂੰ ਪਤਾ ਸੀ ਕਿ ਇਹ ਅਖੌਤੀ ਸਿੱਖ ਹੋਮ ਲੈਂਡ ਭੀ ਬਹੁਤ ਚਿਰ ਨਹੀਂ ਰਹਿ ਸਕਦਾ। ਇਸ ਸਬੰਧ ਵਿੱਚ, ਉਸ ਸਮੇਂ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ੧੪ ਸਤੰਬਰ, ੧੯੪੯ ਨੂੰ ਫਰੀਦਕੋਟ ਦੇ ਸਟੇਡੀਅਮ ਵਿੱਚ ਇਕ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਇਹ ਭਵਿੱਖਬਾਣੀ ਕੀਤੀ ਸੀ:

"ਅਬ ਯਿਹ ਪੈਪਸੂ ਬਨ ਗਿਆ ਹੈ। ਪੈਪਸੂ ਏਕ ਗੋਲੀ ਸੀ ਹੋਤੀ ਹੈ ਜੋ ਚੰਦ ਮਿੰਟ ਮੂੰਹ ਮੇਂ ਰਹਿ ਕਰ ਘੁਲ ਮਿਲ ਜਾਤੀ ਹੈ। ਅਬ ਦੇਖੇਂਗੇ ਯਿਹ ਪੈਪਸੂ ਕਿਤਨੀ ਦੇਰ ਰਹਿਤਾ ਹੈ।"

ਪੰਡਿਤ ਜੀ ਦੀ ਭਵਿੱਖਬਾਣੀ ਠੀਕ ਸਾਬਤ ਹੋਈ ਤੇ ਇਹ ਅਖੌਤੀ 'ਸਿੱਖ ਹੋਮ ਲੈਂਡ' (ਪੈਪਸੂ) ਦਸ ਸਾਲ ਤੋਂ ਪਹਿਲਾਂ ਹੀ ਪੰਜਾਬ ਵਿੱਚ ਘੁਲ ਮਿਲ ਗਿਆ। ਹੁਣ ਸਵਾਲ ਉਠਦਾ ਹੈ ਹਰ ਚੰਗੀ ਮੰਦੀ ਸ਼ਕਲ ਦੇ ਸਿੱਖ ਰਾਜ ਦਾ, ਅਜੇਹਾ ਅੰਤ ਕਿਉਂ ਹੁੰਦਾ ਰਿਹਾ? ਇਸ ਸਵਾਲ ਦਾ ਉੱਤਰ ਸਾਨੂੰ ਸਿੱਖ ਮਿਸਲਾਂ ਦੇ ਸਮੇਂ ਤੋਂ ਪੈਪਸੂ ਦੇ ਅੰਤ ਤਕ ਦੇ ਇਤਿਹਾਸ ਦਾ ਅਧਿਐਨ ਕਰਨ ਪਿੱਛੋਂ ਇਹੋ, ਇਕੋ ਹੀ ਮਿਲਦਾ ਹੈ ਤੇ ਉਹ ਹੈ ਦੂਜਿਆਂ ਦੇ ਹੱਥਾਂ ਵਿਚ ਖੇਡ ਕੇ, ਆਪਸੀ ਫੁੱਟ ਦਾ ਸ਼ਿਕਾਰ ਹੋ ਜਾਣਾ।

ਇਸੇ ਘਰੇਗੀ ਫੁੱਟ ਨੇ ਹੀ ਰਾਜ-ਗੱਦੀ ਤੋਂ ਵੱਖ ਕਰ ਕੇ, ਵਤਨੋਂ ਬੇਵਤਨ ਕੀਤਾ, ਨਾਭਾ ਨਰੇਸ਼, ਮਹਾਰਾਜਾ ਰਿਪਦੁਮਨ ਸਿੰਘ (ਪਿੱਛੋਂ ਬਣੇ ਗੁਰਚਰਨ ਸਿੰਘ) ਜੀ ਨੂੰ, ਜਿਨ੍ਹਾਂ ਦਾ ਸੰਖੇਪ ਜੀਵਨ ਇਸ ਪ੍ਰਕਾਰ ਹੈ :

ਆਪ ਦਾ ਜਨਮ ਨਾਭੇ ਦੇ ਹੀਰਾ ਮਹਿਲ ਵਿਖੇ ੪ ਮਾਰਚ, ੧੮੮੩ ਨੂੰ ਹੋਇਆ। ਆਪ ਦੇ ਪਿਤਾ, ਮਹਾਰਾਜਾ ਹੀਰਾ ਸਿੰਘ (੧੮੪੩-੧੯੧੧) ਅਤੇ ਮਾਤਾ, ਰਾਣੀ ਜਸਮੇਰ ਕੌਰ ਸਪੁੱਤਰੀ ਸਰਦਾਰ ਅਣੋਖ ਸਿੰਘ ਲੌਂਗੋਵਾਲੀਆ, ਬੜੇ ਧਰਮੀ ਸਨ। ਆਪ ਦੀ ਸਿੱਖਿਆ, ਪ੍ਰਸਿੱਧ ਵਿਦਵਾਨ ਤੇ ਖੋਜੀ ਭਾਈ ਕਾਨ੍ਹ ਸਿੰਘ ਜੀ ਨਾਭਾ ਦੀ ਨਿਗਰਾਨੀ ਵਿੱਚ ਹੋਈ ਅਤੇ ਮਸਤੂਆਣੇ ਵਾਲੇ ਮਹਾਂਪੁਰਸ਼ ਸੰਤ ਅਤਰ ਸਿੰਘ ਜੀ ਆਦਿ ਧਰਮੀ ਹਸਤੀਆਂ ਦੀ ਸੰਗਤ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ, ਜਿਸ ਕਰਕੇ ਆਪ 'ਤੇ ਸਿੱਖ ਧਰਮ, ਗੁਰਬਾਣੀ ਤੇ ਸਿੱਖ ਇਤਿਹਾਸ ਦਾ ਡੂੰਘਾ ਪ੍ਰਭਾਵ ਸੀ। **ਆਪ ਆਮ ਰਾਜਿਆਂ ਵਾਂਗ ਸਰੀਰ ਦੀ ਸਜਾਵਟ ਲਈ ਭੜਕੀਲਾ ਲਿਬਾਸ ਜਾਂ ਹੀਰੇ ਜਵਾਹਰਾਤ ਜੜਾਊ ਗਹਿਣੇ ਨਹੀਂ ਸਨ ਪਹਿਨਦੇ। ਪੁਸ਼ਾਕ ਸਾਦਾ ਤੇ ਦਾੜ੍ਹਾ ਭੀ ਖੁਲ੍ਹਾ ਰਖਦੇ ਅਤੇ ਦਸਵੰਧ ਭੀ ਕੱਢਦੇ ਸਨ।** ਧਰਮ ਦੇ ਪ੍ਰਭਾਵ ਹੇਠ ਹੀ, ਆਪ ਨੇ ਆਪਣੀ ਭੈਣ ਦੀ ਸ਼ਾਦੀ ਸਮੇਂ ਰਾਣਾ ਧੌਲਪੁਰ ਨਾਲ ਆਏ ਜਾਂਞੀਆਂ ਨੂੰ ਹੁੱਕੇ ਦੀ ਖੁਲ੍ਹੀ ਵਰਤੋਂ ਕਰਦਿਆਂ ਦੇਖ ਕੇ ਆਪਣੇ ਪਿਤਾ ਪਾਸ ਤਿੱਖਾ ਰੋਸ ਪ੍ਰਗਟ ਕੀਤਾ ਸੀ। ਆਪ ਸ਼ਰਾਬ ਨਹੀਂ ਸਨ ਪੀਂਦੇ ਅਤੇ ਨਸ਼ਿਆਂ ਦੇ ਸਖਤ ਵਿਰੋਧੀ ਸਨ।

ਆਪ ਦੀ ਪਹਿਲੀ ਸ਼ਾਦੀ ਸੰਨ ੧੯੦੧ ਵਿੱਚ ਸਰਦਾਰ ਗੁਰਦਿਆਲ ਸਿੰਘ ਮਾਨ ਦੀ ਸਪੁੱਤਰੀ ਬੀਬੀ ਜਗਦੀਸ਼ ਕੌਰ ਨਾਲ ਹੋਈ ਜਿਸ ਤੋਂ ੧੯੦੭ ਈ. ਵਿੱਚ ਇਕ ਰਾਜ ਕੁਮਾਰੀ, ਅੰਮ੍ਰਿਤ ਕੌਰ ਨੇ ਜਨਮ ਲਿਆ। ਇਸ ਦੀ ਸ਼ਾਦੀ ਕਲਸੀਆ ਦੇ ਰਾਜ ਰਵੀ ਸ਼ੇਰ ਸਿੰਘ ਨਾਲ ਹੋਈ। ਫਿਰ ੧੯੧੮ ਈ. ਵਿੱਚ ਮੇਜਰ ਪ੍ਰੇਮ ਸਿੰਘ ਰਾਏ ਪੁਰੀਏ ਦੀ ਸਪੁੱਤਰੀ ਬੀਬੀ ਸਰੋਜਨੀ ਦੇਵੀ ਨਾਲ ਹੋਈ ਜਿਸ ਨੇ ਟਿੱਕਾ ਪ੍ਰਤਾਪ ਸਿੰਘ ਨੂੰ ਜਨਮ ਦਿੱਤਾ।

ਸੰਨ ੧੯੦੬ ਤੋਂ ੧੯੦੮ ਈ. ਤਕ ਟਿੱਕਾ ਰਿਪਦੁਮਨ ਸਿੰਘ ਜੀ ਗਵਰਨਰ ਜਨਰਲ (ਵਾਇਸਰਾਏ) ਦੀ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਰਹੇ। ਇਸ ਸਮੇਂ ਵਿੱਚ ਆਪ ਨੇ ਸਿੱਖ ਧਰਮ ਦੀ ਸੇਵਾ ਹਿਤ *'ਅਨੰਦ ਮੈਰੇਜ ਬਿਲ'*, ਜਿਸ ਅਨੁਸਾਰ ਸਿੱਖ ਰੀਤੀ ਅਨੁਸਾਰ ਕੀਤੇ ਗਏ ਅਨੰਦ ਕਾਰਜ ਨੂੰ ਕਾਨੂੰਨੀ ਪ੍ਰਵਾਨਗੀ ਪ੍ਰਾਪਤ ਹੋਵੇ, ਤਿਆਰ ਕਰਵਾਇਆ, ਜੋ ਪਿੱਛੋਂ ਐਕਟ ਬਣ ਗਿਆ। ਕੌਂਸਲ ਦੇ ਮੈਂਬਰ ਹੁੰਦਿਆਂ ਆਪ ਨੇ ਸਰਕਾਰੀ ਮੈਂਬਰਾਂ ਦੀ ਹਮਾਇਤ ਕਰਨ ਦੀ ਥਾਂ ਨੈਸ਼ਨਲਿਸਟ ਮੈਂਬਰਾਂ ਜੀ. ਕੇ. ਗੋਖਲੇ, ਆਰ. ਬੀ. ਘੋਸ਼., ਪੰਡਿਤ ਮਦਨ ਮੋਹਨ ਮਾਲਵੀਆ ਆਦਿ ਦਾ ਸਾਥ ਦਿੱਤਾ, ਜਿਸ ਕਰਕੇ ਆਪ ਹਿੰਦ ਸਰਕਾਰ ਦੀਆਂ ਅੱਖਾਂ ਵਿਚ ਰੜਕਣ ਲੱਗੇ।

ਆਪ ਦੇ ਦਿਲ ਵਿੱਚ ਦੇਸ਼ ਦੀ ਆਜ਼ਾਦੀ ਲਈ ਤੜਪ ਤੇ ਅੰਗ੍ਰੇਜ਼ੀ ਸਰਕਾਰ ਦੀ ਗੁਲਾਮੀ ਵਿਰੁੱਧ ਭਾਰੀ ਘਿਰਣਾ ਸੀ। ਆਪਣੇ ਪਿਤਾ, ਮਹਾਰਾਜਾ ਹੀਰਾ ਸਿੰਘ ਜੀ, ਦੇ **ਅਕਾਲ-ਚਲਾਣੇ ਪਿੱਛੋਂ ਜਨਵਰੀ, ੧੯੧੨ ਵਿਚ, ਰਾਜ-ਗੱਦੀ ਸੰਭਾਲਣ ਸਮੇਂ ਭੀ, ਬਣ ਚੁੱਕੇ ਰਿਵਾਜ ਦੇ ਉਲਟ, ਕਿਸੇ ਅੰਗ੍ਰੇਜ਼ ਅਧਿਕਾਰੀ ਦੇ ਹੱਥੋਂ ਤਾਜਪੋਸ਼ੀ ਦੀ ਰਸਮ ਕਰਵਾਉਣ ਦੀ ਥਾਂ ਸਿੱਖ ਰੀਤੀ ਨੂੰ ਅਪਣਾਇਆ, ਜਿਸ ਕਰਕੇ ਅੰਗ੍ਰੇਜ਼ ਸਰਕਾਰ ਆਪ**

ਨੂੰ ਬਾਗੀ ਸਮਝਣ ਲੱਗ ਪਈ।

ਆਪ ਵਿਰੁੱਧ ੧੯੧੪-੧੫ ਈ. ਦੇ ਗਦਰੀ ਦੇਸ਼-ਭਗਤਾਂ ਨਾਲ ਹਮਦਰਦੀ ਰੱਖਣ ਦੀਆਂ ਰਿਪੋਟਾਂ ਭੀ ਸਰਕਾਰ ਪਾਸ ਪਹੁੰਚੀਆਂ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ਸਰਕਾਰ ਅਕਾਲੀਆਂ ਦੇ ਵਿਰੁੱਧ ਸੀ। ਨਨਕਾਣਾ ਸਾਹਿਬ ਦੇ ਸਾਕੇ ਦੇ ਸ਼ਹੀਦਾਂ ਦੀ ਯਾਦ ਵਿੱਚ ੫ ਅਪ੍ਰੈਲ, ੧੯੨੧ ਦੇ ਦਿਨ ਲਈ ਸ਼੍ਰੋਮਣੀ ਕਮੇਟੀ ਵੱਲੋਂ, ਸਿੱਖ ਸੰਗਤਾਂ ਨੂੰ ਸੀਸ 'ਤੇ ਕਾਲੇ ਰੰਗ ਦੇ ਦਸਤਾਰੇ ਜਾਂ ਦੁਪੱਟੇ ਸਜਾਉਣ ਅਤੇ ਥਾਂ-ਥਾਂ ਦੀਵਾਨ ਕੀਤੇ ਜਾਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਪਾਏ ਜਾਣ ਦੀ, ਅਪੀਲ ਕੀਤੀ ਗਈ। ਸਿੱਖ ਮਹਾਰਾਜਿਆਂ ਵਿੱਚੋਂ ਸ਼ਾਇਦ ਇੱਕੋ ਮਹਾਰਾਜਾ ਰਿਪੁਦਮਨ ਸਿੰਘ ਜੀ ਹੀ ਸਨ, ਜਿਨ੍ਹਾਂ ਨੇ ਇਸ ਅਪੀਲ 'ਤੇ ਅਮਲ ਕਰਦਿਆਂ ਆਪਣੇ ਸੀਸ 'ਤੇ ਕਾਲੀ ਦਸਤਾਰ ਸਜਾਈ ਅਤੇ ਹੇਠ ਲਿਖਿਆ ਸਰਕਾਰੀ ਫੁਰਮਾਨ ਜਾਰੀ ਕੀਤਾ :

ਪੇਸ਼ ਗਾਹ ਖਾਸ ਤੋਂ ਹੁਕਮ ਹੋਯਾ ਹੈ ਕਿ ਚੂੰਕਿ ੫ ਅਪ੍ਰੈਲ ੧੯੨੧ ਦਾ ਦਿਨ ਸਿੱਖਾਂ ਦੀ ਕੁਰਬਾਨੀ ਦੀ ਯਾਦ ਵਿੱਚ, ਜੋ ਨਨਕਾਣਾ ਸਾਹਿਬ ਵਿੱਚ ਸ਼ਹੀਦ ਹੋ ਗਏ ਹਨ, ਮਾਤਮ ਦਿਨ ਮਨਾਯਾ ਜਾਣਾ ਨੀਯਤ ਹੋ ਚੁਕਾ ਹੈ, ਏਸ ਲਈ ਰਿਆਸਤ ਵਿੱਚ ਏਸ ਦਿਨ ਕੁਲ ਦਫ਼ਤਰ ਬੰਦ ਰਹਿਣ ਅਰ ਤੋਪ ਦਾ ਚਲਣਾ ਤੇ ਘੜਿਆਲ ਦਾ ਵੱਜਣਾ ਬੰਦ ਰਹੇ, ਜੈਸਾ ਕਿ ਹੜਤਾਲ ਦੇ ਸਮਿਆਂ 'ਤੇ ਹੁੰਦਾ ਹੈ।

ਹਿੰਦ ਸਰਕਾਰ ਸ਼੍ਰੋਮਣੀ ਕਮੇਟੀ ਤੋਂ ਬਹੁਤ ਔਖੀ ਸੀ ਤੇ ਮਹਾਰਾਜਾ ਦੇ ਭੀ ਪਹਿਲਾਂ ਤੋਂ ਹੀ ਵਿਰੁੱਧ ਸੀ, ਪਰ ਉਹ ਸਿੱਧਾ ਵਾਰ ਕਰਨ ਦੀ ਥਾਂ ਮੌਕੇ ਦੀ ਉਡੀਕ ਕਰ ਰਹੀ ਸੀ, ਜੋ ਉਸ ਨੂੰ ਨਾਭਾ ਤੇ ਪਟਿਆਲਾ ਦੇ ਮਹਾਰਾਜਿਆਂ ਦੇ ਘਰੋਗੀ ਝਗੜੇ ਵਿੱਚੋਂ ਮਿਲ ਗਿਆ। ਦੋਵੇਂ ਮਹਾਰਾਜੇ ਇੱਕੋ ਹੀ ਖ਼ਾਨਦਾਨ ਬਾਬਾ ਫੂਲ ਦੇ ਵੰਸ਼ ਵਿੱਚੋਂ ਸਨ ਅਤੇ ਸਿੱਖ ਪੰਥ ਦਾ ਅੰਗ ਸਨ। ਸ਼੍ਰੋਮਣੀ ਕਮੇਟੀ ਦੇ ਹੋਰ ਬਾਰਸੂਖ ਸੱਜਣਾਂ ਨੇ ਝਗੜੇ ਨੂੰ ਮੁਕਾਉਣ ਦਾ ਯਤਨ ਕੀਤਾ ਪਰ ਸਰਕਾਰ ਨੇ ਦੋਹਾਂ ਦੇ ਅਹਿਲਕਾਰਾਂ ਨੂੰ ਅੰਦਰ-ਖਾਤੇ ਆਪਣੇ ਨਾਲ ਗੰਢ ਲਿਆ। ਉਨ੍ਹਾਂ ਨੇ ਦੋਹਾਂ ਵਿਚਕਾਰ ਪਾੜ ਇਤਨਾ ਵਧਾਇਆ ਕਿ ਇਕ ਦੂਜੇ ਦੇ ਲਹੂ ਦੇ ਤਿਹਾਏ ਹੋ ਗਏ। ਪਟਿਆਲਾ ਨਰੇਸ਼ ਮਹਾਰਾਜਾ ਭੁਪਿੰਦਰ ਸਿੰਘ ਵਲੋਂ, ਮਹਾਰਾਜਾ ਨਾਭਾ ਵਿਰੁੱਧ ਕਈ ਸੰਗੀਨ ਦੋਸ਼ ਲਾ ਕੇ ਹਿੰਦ ਸਰਕਾਰ ਪਾਸ ਦਖ਼ਲ ਦੇਣ ਲਈ ਦਰਖ਼ਾਸਤ ਕੀਤੀ ਗਈ। ਸਰਕਾਰੀ ਏਜੰਟਾਂ ਨੇ ਚਤਰਾਈ ਨਾਲ ਮਹਾਰਾਜਾ ਨਾਭਾ ਨੂੰ ਸਰਕਾਰ ਪਾਸੋਂ ਫੈਸਲਾ ਕਰਵਾ ਲੈਣਾ ਮਨਾ ਲਿਆ। ਸੰਨ ੧੯੨੨ ਦੇ ਅਖੀਰ ਵਿੱਚ ਅਲਾਹਾਬਾਦ ਹਾਈ ਕੋਰਟ ਦੇ ਇਕ ਜੱਜ ਨੇ ਪੜਤਾਲ ਕਰ ਕੇ ਮਹਾਰਾਜਾ ਨਾਭਾ ਦੇ ਵਿਰੁੱਧ ਫ਼ੈਸਲਾ ਦਿੱਤਾ। ਜੁਲਾਈ, ੧੯੨੩ ਵਿੱਚ ਮਹਾਰਾਜਾ ਸਾਹਿਬ 'ਤੇ ਦਬਾਅ ਪਾ ਕੇ ਗੱਦੀ ਛੱਡ ਕੇ ਗੁਜ਼ਾਰਾ ਲੈ ਲੈਣ ਦੀ ਲਿਖਤ ਲੈ ਲਈ। ਮਹਾਰਾਜਾ ਨਾਭਾ ਨੂੰ ਤਿੰਨ ਲੱਖ ਰੁਪਏ ਸਾਲਾਨਾ ਗੁਜ਼ਾਰਾ ਦੇ ਕੇ ਦੇਹਰਾਦੂਨ ਭੇਜ ਦਿੱਤਾ ਤੇ ਰਿਆਸਤ ਦੇ ਪ੍ਰਬੰਧ ਵਾਸਤੇ ਇਕ ਅੰਗ੍ਰੇਜ਼ ਐਡਮਨਿਸਟ੍ਰੇਟਰ (ਪ੍ਰਬੰਧਕ) ਦੀ ਨਿਯੁਕਤੀ ਕਰ ਦਿੱਤੀ।

ਸਰਕਾਰ ਦੀ ਇਸ ਕਾਰਵਾਈ ਨਾਲ ਸਿੱਖ ਪੰਥ ਵਿੱਚ ਭਾਰੀ ਰੋਸ ਫੈਲ ਗਿਆ ਤੇ ਸ਼੍ਰੋਮਣੀ ਕਮੇਟੀ ਨੇ ਮਹਾਰਾਜਾ ਸਾਹਿਬ ਨਾਲ ਹਮਦਰਦੀ ਤੇ ਉਨ੍ਹਾਂ ਨੂੰ ਮੁੜ ਨਾਭੇ ਦੀ ਗੱਦੀ ਦੀ

ਪ੍ਰਾਪਤੀ ਲਈ ਪਾਠ ਤੇ ਅਰਦਾਸੇ ਕੀਤੇ ਗਏ। ਜੈਤੋ ਵਿਖੇ ਹੋ ਰਹੇ ਇੱਕ ਦੀਵਾਨ ਵਿੱਚ ੨੭ ਅਗਸਤ, ੧੯੨੩ ਨੂੰ ਮਹਾਰਾਜ ਦੀ ਤਾਬਿਆ ਬੈਠੇ ਗ੍ਰੰਥੀ ਸਿੰਘ ਨੂੰ ਗ੍ਰਿਫਤਾਰ ਕਰ ਲਿਆ, ਫਿਰ ੧੪ ਸਤੰਬਰ, ੧੯੨੩ ਨੂੰ ਗੁਰਦੁਆਰਾ ਗੰਗਸਰ ਅੰਦਰ ਹੋ ਰਹੇ ਅਖੰਡ ਪਾਠ ਨੂੰ ਖੰਡਤ ਕਰ ਦਿੱਤਾ ਗਿਆ, ਜਿਸ ਦੇ ਫਲਸਰੂਪ ੧੪ ਸਤੰਬਰ, ੧੯੨੩ ਤੋਂ ਬਕਾਇਦਾ, ਅਕਾਲੀ ਲਹਿਰ ਦਾ ਸਭ ਤੋਂ ਵੱਡਾ, ਜੈਤੋ ਦਾ ਮੋਰਚਾ ਸ਼ੁਰੂ ਹੋ ਗਿਆ।

ਪੰਜ ਸਾਲ ਦੇ ਲਗਭਗ ਮਹਾਰਾਜਾ ਸਾਹਿਬ ਦੇਹਰਾਦੂਨ ਰਹੇ। ਇਸ ਸਮੇਂ ਵਿੱਚ ਇੱਕ ਵਾਰੀ ਹਜ਼ੂਰ ਸਾਹਿਬ ਦੀ ਯਾਤਰਾ ਲਈ ਭੀ ਗਏ ਤੇ ਉਥੇ ਦੋਬਾਰਾ ਅੰਮ੍ਰਿਤ ਛਕ ਕੇ ਰਿਪਦੁਮਨ ਸਿੰਘ ਨਾਮ ਨੂੰ ਬਦਲ ਕੇ ਆਪਣਾ ਨਾਮ ਗੁਰਚਰਨ ਸਿੰਘ ਰੱਖ ਲਿਆ। ਇਸ ਪਿੱਛੋਂ ਆਪਣੇ ਦਸਵੰਧ ਦੀ ਰਕਮ ਭੀ ਹਜ਼ੂਰ ਸਾਹਿਬ ਭੇਜਦੇ ਰਹੇ।

ਦੇਹਰਾਦੂਨ ਵਿਖੇ ਆਪ ਪਾਸ ਰਾਜਸੀ ਆਗੂ ਭੀ ਪਹੁੰਚਦੇ ਰਹਿੰਦੇ ਸਨ। ਹਿੰਦੁਸਤਾਨ ਦਾ ਕੌਮੀ ਪ੍ਰੈਸ ਭੀ ਆਪ ਦੀ ਹਮਾਇਤ ਕਰਦਾ ਸੀ। ਸਰਕਾਰ ਦਾ ਖੁਫੀਆ ਪੁਲਿਸ ਮਹਿਕਮਾ ਆਪ ਦੀਆਂ ਸਰਗਰਮੀਆਂ ਵਿਰੁੱਧ ਰਿਪੋਰਟਾਂ ਭੇਜਦਾ ਰਹਿੰਦਾ ਸੀ, ਜਿਸ ਕਰਕੇ ਆਪ ਨੂੰ ਪੰਜਾਬ ਤੋਂ ਦੂਰ-ਦੁਰਾਡੇ ਭੇਜਣ ਦਾ ਫੈਸਲਾ ਕੀਤਾ ਗਿਆ। ਬਹਾਨਾ ਇਹ ਬਣਾਇਆ ਕਿ ਸਰਕਾਰੀ ਆਗਿਆ ਤੋਂ ਬਿਨਾਂ ਆਪ ਦੇਹਰਾਦੂਨ ਤੋਂ ਬਾਹਰ ਚਲੇ ਗਏ ਸਨ ਤੇ ਸਰਕਾਰ ਨਾਲ ਹੋਈਆਂ ਸ਼ਰਤਾਂ ਦੀ ਇਨ੍ਹਾਂ ਨੇ ਉਲੰਘਣਾ ਕੀਤੀ ਹੈ। ਸੰਨ ੧੯੨੮ ਵਿੱਚ ਆਪ ਨੂੰ ਦੇਹਰਾਦੂਨ ਦੀ ਥਾਂ ਮਦਰਾਸ ਦੇ ਇਲਾਕੇ ਵਿੱਚ ਕੋਡਾਈ ਕਨਾਲ ਦੇ ਇਕ ਪਹਾੜੀ ਅਸਥਾਨ 'ਤੇ ਬਦਲ ਦਿੱਤਾ ਗਿਆ ਤਾਂ ਕਿ ਪੰਜਾਬ ਤੇ ਦਿੱਲੀ ਆਦਿ ਦੇ ਕੌਮੀ ਆਗੂਆਂ ਨਾਲ ਮੇਲ-ਜੋਲ ਬੰਦ ਕਰ ਦਿੱਤਾ ਜਾਵੇ। ਗੁਜ਼ਾਰੇ ਦੀ ਰਕਮ ਭੀ ਤਿੰਨ ਲੱਖ ਸਾਲਾਨਾ ਤੋਂ ਘਟਾ ਕੇ ਇੱਕ ਲੱਖ ਵੀਹ ਹਜ਼ਾਰ ਰੁਪਏ ਸਾਲਾਨਾ ਕਰ ਦਿੱਤੀ ਤੇ ਮਹਾਰਾਜਾ ਦਾ ਪਦ ਭੀ ਖੋਹ ਲਿਆ ਗਿਆ। ਫਿਰ ਭੀ ਆਪ ਨਿਵੇਂ ਨਹੀਂ।

ਸਰਦਾਰ ਨਿਰੰਜਨ ਸਿੰਘ 'ਤਾਲਬ' ਆਪ ਨਾਲ ਦੇਹਰਾਦੂਨ ਤੇ ਫਿਰ ਕੋਡਾਈ ਕਨਾਲ ਭੀ ਰਹੇ ਸਨ ਤੇ ਪਿਛੋਂ ਕਲਕੱਤੇ ਰਿਹਾਇਸ਼ ਰੱਖ ਕੇ ਉੱਥੋਂ ਪੰਜਾਬੀ ਦਾ ਰੋਜ਼ਾਨਾ ਅਖ਼ਬਾਰ "ਦੇਸ਼ ਦਰਪਨ" ਚਲਾ ਰਹੇ ਸਨ। ਸੰਨ ੧੯੩੮ ਦੇ ਮਈ ਮਹੀਨੇ ਵਿਚ ਮੈਂ ਉਨ੍ਹਾਂ ਨੂੰ ਉੱਥੇ ਮਿਲਿਆ ਸਾਂ। ਮਹਾਰਾਜਾ ਸਾਹਿਬ ਨਾਭਾ ਦੀਆਂ ਗੱਲਾਂ ਦੱਸਦਿਆਂ ਉਨ੍ਹਾਂ ਨੂੰ ਅਣਖੀਲੇ ਸੁਭਾਅ ਬਾਰੇ ਉਨ੍ਹਾਂ ਦੋ ਗੱਲਾਂ ਦੱਸੀਆਂ ਸਨ। ਪਹਿਲੀ ਇਹ ਕਿ ਮਦਰਾਸ ਦਾ, ਲਿਬਰਲ ਖਿਆਲਾਂ ਵਾਲਾ, ਇਕ ਆਗੂ ਇਸ ਯਤਨ ਵਿੱਚ ਸੀ ਕਿ ਵਾਇਸਰਾਏ ਨਾਲ ਸੰਪਰਕ ਪੈਦਾ ਕਰ ਕੇ ਮਹਾਰਾਜਾ ਸਾਹਿਬ ਨੂੰ ਵਾਪਸ ਨਾਭੇ ਭੇਜਿਆ ਜਾਵੇ। ਉਸਦੇ ਕਹਿਣ 'ਤੇ ਆਪ ਦਿੱਲੀ ਪਹੁੰਚੇ। ਅਗਲੇ ਦਿਨ ਉਰਦੂ ਦੇ ਰਿਆਸਤ ਅਖ਼ਬਾਰ ਦੇ ਐਡੀਟਰ ਨੇ ਇਹ ਖ਼ਬਰ ਛਾਪ ਦਿੱਤੀ ਕਿ ਮਹਾਰਾਜਾ ਨਾਭਾ ਵਾਇਸਰਾਏ ਪਾਸੋਂ ਮਾਫ਼ੀ ਮੰਗਣ ਵਾਸਤੇ ਦਿੱਲੀ ਆਏ ਹਨ। ਮਹਾਰਾਜਾ ਸਾਹਿਬ ਨੇ ਪ੍ਰੈਸ ਕਾਨਫ਼ਰੰਸ ਬੁਲਾਈ ਤੇ ਬਿਆਨ ਦਿੱਤਾ ਕਿ ਮੈਂ ਕੋਈ ਮਾਫ਼ੀ ਮੂਫ਼ੀ ਮੰਗਣ ਨਹੀਂ ਆਇਆ ਤੇ ਨਾ ਹੀ ਮੇਰੇ ਵਤੀਰੇ ਵਿਚ ਕੋਈ ਬਦਲੀ ਆਈ ਹੈ। ਇਸ ਬਿਆਨ ਤੋਂ ਵਾਇਸਰਾਏ ਸਖ਼ਤ ਨਾਰਾਜ਼ ਹੋਇਆ, ਉਸਨੇ ਮਹਾਰਾਜਗੀ ਪਦ ਜ਼ਬਤ ਕਰ ਲਏ ਜਾਣ ਤੇ ਗੁਜ਼ਾਰਾ ਘਟਾ ਕੇ ਕੋਡਾਈ ਕਨਾਲ ਭੇਜੇ ਜਾਣ ਦਾ ਹੁਕਮ ਚਾੜ੍ਹ ਦਿੱਤਾ। ਦੂਜੀ ਗੱਲ ਇਹ ਸੀ

ਕਿ ਮਹਾਰਾਜਾ ਪਟਿਆਲਾ ਨੇ ਇਕ ਬੇਦੀ ਸਾਹਿਬਜ਼ਾਦੇ ਨੂੰ ਇਹ ਚਿੱਠੀ ਦੇ ਕੇ ਕੋਡਾਈ ਕਨਾਲ ਭੇਜਿਆ ਕਿ ਜੇ ਚਾਹੋ, ਤਾਂ ਮੈਂ ਅਜੇ ਭੀ ਤੁਹਾਨੂੰ ਨਾਭੇ ਦੀ ਗੱਦੀ 'ਤੇ ਮੁੜ ਬਠਾ ਸਕਦਾ ਹਾਂ। ਮਹਾਰਾਜਾ ਸਾਹਿਬ ਨੇ ਚਿੱਠੀ ਨੂੰ ਪਾੜ ਕੇ ਪੁਰਜਾ-ਪੁਰਜਾ ਕਰਦਿਆਂ ਆਖਿਆ ਕਿ ਨਾਭੇ ਦਾ ਤਾਂ ਕੀ, ਉਸ ਦੇ ਰਾਹੀਂ ਜੇ ਸਾਰੇ ਹਿੰਦੁਸਤਾਨ ਦਾ ਭੀ ਰਾਜ ਮਿਲਦਾ ਹੋਵੇ ਤਾਂ ਮੈਂ ਉਸ 'ਤੇ ਭੀ ਪੇਸ਼ਾਬ ਦੀ ਧਾਰ ਮਾਰ ਦਿਆਂਗਾ।

ਮਹਾਰਾਜਾ ਸਾਹਿਬ ਦੇ ਅਜਿਹੇ ਅਣਖੀਲੇ ਹਠੀ ਸੁਭਾਅ ਤੇ ਸਿੱਖੀ ਸਿਦਕ ਨੂੰ ਦੇਖਦਿਆਂ ਪੁਰਾਣੇ ਲੋਕਾਂ ਦਾ ਇਹ ਨਿਸਚਾ ਠੀਕ ਹੀ ਸਿੱਧ ਹੁੰਦਾ ਹੈ ਕਿ ਮਨੁੱਖ 'ਤੇ ਨਾਨਕਾ ਲਹੂ ਤੇ ਨਾਨਕੀ ਧਰਤੀ ਭੀ ਅਸਰ ਕਰਦੀ ਹੈ। ਮਹਾਰਾਜਾ ਸਾਹਿਬ ਦਾ ਨਾਨਕਾ ਪਿੰਡ, ਲੌਂਗੋਵਾਲ, ਉਸੇ ਧਰਤੀ ਦੇ ਬਿਲਕੁਲ ਨਾਲ ਲਗਵਾਂ ਹੈ, ਜਿਸ ਉੱਪਰ ਕੈਬੋਵਾਲ ਦਾ ਥੇਹ ਸਥਿਤ ਹੈ, ਜੋ ਕਦੇ ਹੁਣ ਵਾਲੇ ਲੌਂਗੋਵਾਲ ਵਾਂਗ ਵਸਦਾ-ਰਸਦਾ ਉਹ ਪਿੰਡ ਸੀ, ਜਿਸ ਵਿੱਚ ਸ਼ਹੀਦ, ਭਾਈ ਮਨੀ ਸਿੰਘ ਜੀ ਨੇ ਜਨਮ ਲਿਆ।

ਆਪ ਚਾਹੁੰਦੇ ਸਨ ਕਿ ਟਿੱਕਾ ਪ੍ਰਤਾਪ ਸਿੰਘ ਜੀ ਦੀ ਸਿੱਖਿਆ ਦਾ ਪ੍ਰਬੰਧ ਸਿੱਖੀ ਵਾਤਾਵਰਣ ਵਿਚ ਹੋਵੇ ਪਰ ਸਰਕਾਰ ਨੇ ਟਿੱਕਾ ਅਤੇ ਉਨ੍ਹਾਂ ਦੀ ਮਾਤਾ ਨੂੰ ਦੇਹਰਾਦੂਨ ਹੀ ਰੱਖ ਲਿਆ ਸੀ। ਆਪ ਦਾ ਦਿਲ ਵਧੇਰੇ ਦੁਖੀ ਕਰਨ ਲਈ ਉਨ੍ਹਾਂ ਨੂੰ ਉੱਚ ਵਿੱਦਿਆ ਪ੍ਰਾਪਤੀ ਲਈ ਮਾਤਾ ਸਮੇਤ ਇੰਗਲੈਂਡ ਭੇਜ ਦਿੱਤਾ। ਉੱਥੇ ਜਾ ਕੇ ਉਹ ਸਿੱਖੀ ਤੋਂ ਭੀ ਦੂਰ ਚਲੇ ਗਏ। ਪੰਥ, ਪੰਜਾਬ ਤੇ ਪਰਿਵਾਰ ਤੋਂ ਦੂਰ ਰੱਖ ਕੇ ਸਰਕਾਰ ਨੇ ਉਨ੍ਹਾਂ ਨੂੰ ਸਰੀਰਕ ਤੇ ਮਾਨਸਕ ਕਸ਼ਟ ਤਾਂ ਬਹੁਤ ਦਿੱਤੇ ਪਰ **ਉਨ੍ਹਾਂ ਦੀ ਅਣਖ ਨੂੰ ਨਿਵਾ ਨ ਸਕੀ।** ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਦੇ ਦਿਲ ਵਿਚ ਬੜੀ ਤੜਪ ਸੀ ਪਰ ਦੇਸ਼ ਆਜ਼ਾਦ ਹੋਣ ਤੋਂ ਚਾਰ ਕੁ ਸਾਲ ਪਹਿਲਾਂ ਹੀ ਇਹ ਮਹਾਨ ਦੇਸ਼ ਭਗਤ, ਹਠੀ ਤੇ ਅਣਖੀਲਾ ਮਹਾਰਾਜਾ, ੧੯੪੩ ਈ. ਵਿਚ ਕੋਡਾਈ ਕਰਨਾਲ ਵਿਖੇ ਅੱਖਾਂ ਮੀਟ ਗਿਆ ਤੇ ਇਤਿਹਾਸ ਵਿਚ ਆਪਣਾ ਨਾਮ ਅਮਰ ਕਰ ਗਿਆ।

❋❋❋

ਭਾਈ ਜੋਧ ਸਿੰਘ ਜੀ

ਜ਼ਿਲ੍ਹਾ ਰਾਵਲਪਿੰਡੀ (ਹੁਣ ਪਾਕਿਸਤਾਨ) ਦੀ ਤਹਿਸੀਲ ਗੁੱਜਰਖਾਨ ਦੇ ਪਿੰਡ ਘੁੰਘਰੀਲਾ ਵਿੱਚ ਬਖਸ਼ੀ ਰਾਮ ਸਿੰਘ ਦੇ ਘਰ ੩੧ ਮਈ, ੧੮੮੨ ਨੂੰ ਇਕ ਬਾਲਕ ਨੇ ਜਨਮ ਲਿਆ, ਜਿਸ ਨੂੰ ਉਸ ਦੇ ਪਿਤਾ ਨੇ **'ਰਣਧੀਰ ਸਿੰਘ'** ਕਹਿ ਕੇ ਬੁਲਾਣਾ ਪਸੰਦ ਕੀਤਾ, ਪਰ ਖ਼ਾਨਦਾਨ ਦੇ ਕਿਸੇ ਹੋਰ ਬਜ਼ੁਰਗ ਨੇ ਪਿਤਾ ਦੇ ਦਿੱਤੇ ਨਾਂ ਨਾਲੋਂ 'ਰਛਪਾਲ ਸਿੰਘ' ਨੂੰ ਤਰਜੀਹ ਦਿੱਤੀ। ਇਹ ਦੋਵੇਂ ਨਾਂ ਉਸ ਦੀ ਦਾਦੀ ਲਈ ਬੁਲਾਣੇ ਔਖੇ ਸਨ। ਇਸ ਲਈ ਉਸ ਬਾਲਕ ਨੂੰ 'ਸੰਤਾ ਸਿੰਘ' ਕਹਿਣਾ ਸ਼ੁਰੂ ਕਰ ਦਿੱਤਾ। ਇਹੀ ਬਾਲਕ ਪਿੱਛੋਂ ਅੰਮ੍ਰਿਤ ਛਕ ਕੇ ਜੋਧ ਸਿੰਘ ਬਣਿਆ।

ਬਾਲਕ ਸੰਤਾ ਸਿੰਘ ਹਾਲੀ ਦੋ ਵਰ੍ਹਿਆਂ ਦਾ ਹੀ ਸੀ ਕਿ ਉਸ ਦਾ ਪਿਤਾ ਅੱਖਾਂ ਮੀਟ ਗਿਆ। ਇਸ ਪਿੱਛੋਂ ਇਸ ਹੋਣਹਾਰ ਬਾਲਕ ਦੀ ਪਾਲਣਾ ਇਸ ਦੇ ਦਾਦਾ ਤੇਜਾ ਸਿੰਘ ਨੇ ਕੀਤੀ। ਬਾਲਕ ਸੰਤਾ ਸਿੰਘ ਨੇ ਮੁੱਢਲੀ ਤਾਲੀਮ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਹਾਸਲ ਕੀਤੀ ਤੇ ਦਸਵੀਂ ਜਮਾਤ ਰਾਵਲਪਿੰਡੀ ਦੇ ਮਿਸ਼ਨ ਹਾਈ ਸਕੂਲ ਤੋਂ ਪਾਸ ਕੀਤੀ। ਦੋਹਾਂ ਥਾਵਾਂ 'ਤੇ ਆਪਣੀ ਜਮਾਤ ਵਿੱਚ ਅੱਵਲ ਰਹਿਣ 'ਤੇ ਉਸ ਨੂੰ ਅਗਲੀ ਪੜ੍ਹਾਈ ਲਈ ਸਰਕਾਰੀ ਵਜ਼ੀਫਾ ਮਿਲਦਾ ਰਿਹਾ। ਬਾਰ੍ਹਵੀਂ ਜਮਾਤ ਦੀ ਪੜ੍ਹਾਈ ਉਸ ਮਿਸ਼ਨ (ਗਾਰਡਨ) ਕਾਲਜ ਰਾਵਲਪਿੰਡੀ ਵਿੱਚ ਮੁਕਾਈ ਤੇ ਫਿਰ ਉਪਜੀਵਕਾ ਦੀ ਫ਼ਿਕਰ ਵਿਚ ਇਧਰ-ਉਧਰ ਨੌਕਰੀ ਕਰਨ ਲੱਗਾ।

ਘਰ ਵਿੱਚ ਸਿੱਖੀ ਸ਼ੁਰੂ ਤੋਂ ਹੀ ਚਲੀ ਆਈ ਸੀ ਤੇ ਯੁਵਕ ਅਵਸਥਾ ਵਿੱਚ ਹੀ ਇਹ ਧਾਰਮਿਕ ਵਿਦਿਆ ਹਰ ਪਾਸਿਓਂ ਗ੍ਰਹਿਣ ਕਰਦੇ ਰਹਿੰਦੇ ਸਨ। ਇਸ ਪ੍ਰਭਾਵ ਅਧੀਨ ਇਨ੍ਹਾਂ ਦਸਵੀਂ ਦੀ ਪੜ੍ਹਾਈ ਸਮੇਂ ਹੀ ਅੰਮ੍ਰਿਤ-ਪਾਨ ਕਰ ਲਿਆ ਅਤੇ ਪੁਰਾਣੇ ਸਾਰੇ ਨਾਂ ਤਿਆਗ ਕੇ "ਜੋਧ ਸਿੰਘ" ਬਣ ਗਏ। ਉਨ੍ਹਾਂ ਦਿਨਾਂ ਵਿਚ ਸਿੰਘ ਸਭਾ ਲਹਿਰ ਆਪਣੇ ਜ਼ੋਰਾਂ 'ਤੇ ਸੀ, ਜੋ ਸਿੱਖਾਂ ਨੂੰ ਬਾਰ ਬਾਰ-**ਚੇਤੇ ਕਰਵਾ ਰਹੀ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜ ਕੇ ਸਿੱਖ ਪੰਥ ਨੂੰ ਇਕ ਨਵੀਂ ਪਛਾਣ ਦਿੱਤੀ ਹੈ ਤੇ ਜ਼ਾਤ ਦੇ ਸਾਰੇ ਭੇਦ-ਭਾਵ ਮਿਟਾ ਦਿੱਤੇ ਹਨ। ਸਿੱਟੇ ਵਜੋਂ, ਸਿੰਘ ਸਭਾ ਦੇ ਪ੍ਰਚਾਰ ਅਧੀਨ ਬਹੁਤੇ ਸਿੱਖਾਂ ਨੇ ਆਪਣੇ ਨਾਵਾਂ ਨਾਲ ਗੋਤ ਲਿਖਣੀ ਛੱਡ ਦਿੱਤੀ।** (ਭਾਵੇਂ ਕਿ ਜ਼ਾਤ-ਪਾਤ ਅਜੇ ਵੀ ਸਿੱਖਾਂ ਵਿਚੋਂ ਪੂਰੀ ਤਰ੍ਹਾਂ ਜਾ ਨਹੀਂ ਸਕੀ) ਇਸ ਦੀ ਥਾਂ, ਨਾਂ ਦੇ ਪਿੱਛੇ ਪਿੰਡ ਦਾ ਨਾਂ ਲਿਖਣ ਦੀ ਪਿਰਤ ਚਲ ਗਈ। ਇਸ ਪ੍ਰਭਾਵ ਅਧੀਨ ਅੰਮ੍ਰਿਤ-ਪਾਨ ਕਰਕੇ ਜੋਧ ਸਿੰਘ ਨੇ ਨਾ ਤਾਂ ਆਪਣੇ ਨਾਂ ਤੋਂ ਪਹਿਲਾ ਅਖੌਤੀ ਆਦਰ-ਸੂਚਕ ਪਦ 'ਬਖਸ਼ੀ' ਵਰਤਿਆ, ਨਾ ਆਪਣੀ ਖਤ੍ਰੀ ਜ਼ਾਤ (ਲਾਂਬਾ) ਦਾ ਪ੍ਰਗਟਾਵਾ ਕੀਤਾ, ਆਪਣੇ ਨਾਂ ਨਾਲ ਕੇਵਲ "ਭਾਈ" ਪਦ ਜੋੜ ਕੇ ਆਪਣੀ ਸਿੱਖੀ-ਭਾਵਨਾ ਦਾ ਸਬੂਤ

ਦਿੱਤਾ। ਹੋਰ ਤਾਂ ਹੋਰ ਪਿੱਛੋਂ ਮਿਲੇ ਸਨਮਾਨ ਸੂਚਕ ਖਿਤਾਬ 'ਸਰਦਾਰ ਸਾਹਿਬ' ਤੇ 'ਪਦਮ ਭੂਸ਼ਣ' ਵੀ ਉਨ੍ਹਾਂ ਦੇ ਨਾਂ ਦਾ ਅੰਗ ਨਾ ਬਣ ਸਕੇ।

ਘਰ ਵਿੱਚ ਗਰੀਬੀ ਹੋਣ ਕਾਰਨ ਆਪ ਨੂੰ ਐਫ. ਏ. ਪਾਸ ਕਰਕੇ ਛੋਟੀਆਂ-ਮੋਟੀਆਂ ਕਈ ਨੌਕਰੀਆਂ ਕਰਨੀਆਂ ਪਈਆਂ ਪਰੰਤੂ ਇਹ ਇਨ੍ਹਾਂ ਦੀ ਤਬੀਅਤ ਨੂੰ ਰਾਸ ਨ ਆਈਆਂ। ੧੯੦੨ ਈ: ਵਿੱਚ ਜਦੋਂ ਸਰਦਾਰ ਸੁੰਦਰ ਸਿੰਘ ਮਜੀਠੀਆ ਨੂੰ ਆਪਣੇ ਸਪੁੱਤਰਾਂ ਲਈ ਟਿਊਟਰ ਦੀ ਲੋੜ ਭਾਸੀ ਤਾਂ ਇਹ ਤੇਜਾ ਸਿੰਘ ਮੇਂਡਣ ਵਾਲੇ ਦੀ ਸਿਫ਼ਾਰਿਸ਼ 'ਤੇ ੬ ਜੂਨ, ੧੯੦੨ ਨੂੰ ਅੰਮ੍ਰਿਤਸਰ ਪਹੁੰਚੇ। ਇਸੇ ਨੌਕਰੀ ਦੌਰਾਨ ਇਨ੍ਹਾਂ ਪਹਿਲਾਂ ੧੯੦੪ ਈ: ਵਿੱਚ ਬੀ. ਏ. ਤੇ ਮਗਰੋਂ ੧੯੦੬ ਈ: ਵਿੱਚ ਐਮ. ਏ. ਪਾਸ ਕੀਤੀ।

ਨੌਜਵਾਨ ਜੋਧ ਸਿੰਘ ਦੇ ਸਿੱਖੀ ਜੀਵਨ ਨੂੰ ਦੇਖ ਕੇ ਤੇ ਉੱਚੇ ਆਚਰਨ ਨੂੰ ਵਾਚ ਕੇ ਖ਼ਾਲਸਾ ਕਾਲਜ, ਅੰਮ੍ਰਿਤਸਰ, ਦੀ ਪ੍ਰਬੰਧਕੀ ਕਮੇਟੀ ਨੇ ਇਨ੍ਹਾਂ ਨੂੰ ਧਾਰਮਿਕ ਸਿਖਿਆ ਦਾ ਪ੍ਰੋਫ਼ੈਸਰ ਲਗਾ ਦਿੱਤਾ। ਇਸ ਨੌਕਰੀ ਨਾਲ ਇਨਸਾਫ਼ ਕਰਨ ਲਈ ਆਪ ਨੇ ਗਿਆਨੀ ਬਿਬੇਕਾ ਸਿੰਘ ਤੇ ਅੰਮ੍ਰਿਤਸਰ ਵਿੱਚ ਮੌਜੂਦ ਹੋਰ ਸੰਪ੍ਰਦਾਈ ਟਕਸਾਲਾਂ ਤੋਂ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਨ ਦਾ ਕੋਈ ਮੌਕਾ ਨਾ ਗਵਾਇਆ। ਥੋੜ੍ਹੇ ਹੀ ਸਮੇਂ ਵਿੱਚ ਇਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ, ਦਸਮ ਗ੍ਰੰਥ ਤੇ ਹੋਰਨਾਂ ਧਾਰਮਿਕ ਗ੍ਰੰਥਾਂ ਉਪਰ ਪੂਰਣ ਵਸੀਕਾਰ ਪ੍ਰਾਪਤ ਹੋ ਗਿਆ। ਇਨ੍ਹਾਂ ਇਸ ਵਿੱਚ ਵਾਧਾ ਇਹ ਕੀਤਾ ਕਿ ਕਥਾ ਦਾ ਸੰਪ੍ਰਦਾਈ ਢੰਗ ਤਿਆਗ ਕੇ ਉਸ ਨੂੰ ਆਧੁਨਿਕ ਅਥਵਾ ਵਿਗਿਆਨਕ ਲੀਹਾਂ 'ਤੇ ਢਾਲਿਆ। ਚੀਫ਼ ਖ਼ਾਲਸਾ ਦੀਵਾਨ ਵਲੋਂ ਜਦੋਂ ਵਿਦਿਅਕ ਕਾਨਫ਼ਰੰਸਾਂ ਦਾ ਸਿਲਸਿਲਾ ਸ਼ੁਰੂ ਹੋਇਆ ਤਾਂ ਇਨ੍ਹਾਂ ਕਾਨਫ਼ਰੰਸਾਂ ਦੇ ਧਾਰਮਿਕ ਸਮਾਗਮਾਂ ਵਿੱਚ ਆਪ ਦੀ ਕਥਾ ਸੁਣਨ ਲਈ ਲੋਕ ਦੂਰੋਂ ਦੂਰੋਂ ਹੁਮ-ਹੁਮਾ ਕੇ ਪਹੁੰਚਦੇ।

ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਇਮਾਰਤ ਦੀ ਉਸਾਰੀ ਪ੍ਰਸਿੱਧ ਇੰਜੀਨੀਅਰ ਸਰਦਾਰ ਧਰਮ ਸਿੰਘ ਗਰਜਾਖੀਆ ਸੇਵਾ-ਭਾਵ ਨਾਲ ਕਰ ਰਹੇ ਸਨ। ਉਸਾਰੀ ਕਮੇਟੀ ਦੇ ਇਕ ਅੰਗ੍ਰੇਜ਼ ਮੈਂਬਰ, ਮੇਜਰ ਹਿੱਲ, ਨੇ ਇਸ ਸੇਵਾ-ਭਾਵ ਨੂੰ "ਵਾਹਯਾਤ" ਕਹਿ ਕੇ ਸਿੱਖਾਂ ਦੇ ਦਿਲਾਂ ਨੂੰ ਦੁਖਾ ਦਿੱਤਾ। ਧਾਰਮਿਕ ਪ੍ਰੋਫ਼ੈਸਰ ਹੋਣ ਕਾਰਣ ਇਸ ਤਹਰੀਕ ਵਿਚ ਭਾਈ ਜੋਧ ਸਿੰਘ ਨੂੰ ਵੀ ਕੁੱਦਣਾ ਪਿਆ, ਜਿਸ ਨਾਲ ਇਹ ਅੰਗ੍ਰੇਜ਼ਾਂ ਦੀਆਂ ਅੱਖਾਂ ਵਿੱਚ ਖਟਕਣ ਲਗ ਪਏ। ਇਸ ਪਿੱਛੋਂ ਇਕ ਹਾਦਸੇ ਵਿੱਚ ਇਨ੍ਹਾਂ ਦੀ ਬੱਘੀ ਡਿਪਟੀ ਕਮਿਸ਼ਨਰ, ਲਮਸਡਨ ਦੀ ਬੱਘੀ ਨਾਲ ਟਕਰਾ ਗਈ, ਜਿਸ ਨੂੰ ਲਮਸਡਨ ਨੇ ਆਪਣੇ ਮਾਰੇ ਜਾਣ ਦੀ ਸਜ਼ਿਸ਼ ਕਿਹਾ। ਇਨ੍ਹਾਂ ਦਿਨਾਂ ਵਿੱਚ ਹੀ ਹਿੰਦੁਸਤਾਨ ਦਾ ਮਹਾਨ ਆਗੂ ਗੋਪਾਲ ਕ੍ਰਿਸ਼ਨ ਗੋਖਲੇ ਅੰਮ੍ਰਿਤਸਰ ਯਾਤਰਾ 'ਤੇ ਆਇਆ। ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਉਸ ਦੀ ਗੱਡੀ ਆਪ ਖਿੱਚ ਕੇ ਉਸ ਪ੍ਰਤੀ ਆਪਣੀ ਅਕੀਦਤ ਦਾ ਪ੍ਰਗਟਾਵਾ ਕੀਤਾ। ਇਸ ਘਟਨਾ ਵਿੱਚ ਭਾਈ ਜੋਧ ਸਿੰਘ ਵੀ ਵਿਦਿਆਰਥੀਆਂ ਨਾਲ ਰਹੇ। ਭਾਈ ਸਾਹਿਬ ਦੀਆਂ ਇਨ੍ਹਾਂ ਸਰਗਰਮੀਆਂ ਤੋਂ ਭੈ-ਭੀਤ ਹੋ ਕੇ ਉਸ ਸਮੇਂ ਦੇ ਅੰਗ੍ਰੇਜ਼ ਪ੍ਰਿੰਸੀਪਲ ਮਿਸਟਰ ਰਾਈਟ ਨੇ ਇਨ੍ਹਾਂ ਨੂੰ ਨੌਕਰੀ ਤੋਂ ਕੱਢਣ ਦੀ ਧਮਕੀ ਦਿੱਤੀ। ਆਪ ਨੇ ਉਸ ਵੇਲੇ ਅਸਤੀਫ਼ਾ ਲਿਖ ਦਿੱਤਾ ਤੇ ਇੰਝ ਪਹਿਲੀ ਜੂਨ, ੧੯੧੩ ਨੂੰ ਆਪ ਖ਼ਾਲਸਾ ਕਾਲਜ ਦੀ ਨੌਕਰੀ ਛੱਡ ਕੇ ਘਰ ਆ ਗਏ ਤੇ ਲਗਭਗ ਗਿਆਰਾਂ ਸਾਲ ਇਧਰ-ਉਧਰ

ਲਗ ਕੇ ਆਪਣੇ ਜੀਵਨ ਦਾ ਨਿਰਬਾਹ ਕਰਦੇ ਰਹੇ। ਪਰੰਤੂ ਜਿੱਥੇ ਵੀ ਆਪ ਰਹੇ, ਆਪ ਨੇ ਆਪਣੇ ਰੋਸ਼ਨ ਦਿਮਾਗ ਤੇ ਗੁਰ-ਸਿੱਖ ਰਹਿਣੀ ਦਾ ਪ੍ਰਭਾਵ ਛੱਡਿਆ। ੨੪ ਮਈ, ੧੯੨੫ ਨੂੰ ਆਪ ਨੂੰ ਖ਼ਾਲਸਾ ਕਾਲਜ ਵਿਚ ਦੋਬਾਰਾ ਪ੍ਰੋਫੈਸਰ ਲੈ ਲਿਆ ਗਿਆ। ਪੜ੍ਹਾਈ ਕਰਵਾਉਣ ਵਾਲੇ ਸਟਾਫ਼ ਨੂੰ ਰਾਜਨੀਤੀ ਤੋਂ ਦੂਰ ਰੱਖਣ ਲਈ ਕਾਲਜ ਦੀ ਪ੍ਰਬੰਧਕੀ ਕਮੇਟੀ ਨੇ ਇਸ ਸਮੇਂ ਇਹ ਫ਼ੈਸਲਾ ਕਰ ਦਿੱਤਾ ਕਿ ਕੋਈ ਵੀ ਕਾਲਜ ਸਟਾਫ਼ ਦਾ ਮੈਂਬਰ ਰਾਜਨੀਤੀ ਵਿਚ ਹਿੱਸਾ ਨਹੀਂ ਲਏਗਾ। ਇਸ ਲਈ ਭਾਈ ਜੋਧ ਸਿੰਘ ਨੇ ਆਪਣਾ ਉਦੇਸ਼ ਹੁਣ ਧਰਮ-ਸਿਖਿਆ ਤੇ ਵਿਦਿਆ ਦਾ ਪਾਸਾਰ ਬਣਾ ਲਿਆ। ਪਰੰਤੂ ਖ਼ਾਲਸਾ ਕਾਲਜ ਕਮੇਟੀ ਦੇ ਪ੍ਰਧਾਨ ਦੀ ਪਦਵੀ ਉੱਤੇ ਸਰ ਸੁੰਦਰ ਸਿੰਘ ਮਜੀਠੀਆ ਦੇ ਹੋਣ ਕਾਰਨ ਇਨ੍ਹਾਂ ਨੂੰ ਕਈ ਵਾਰ ਰਾਜਨੀਤਕ ਧੂਹ-ਘਸੀਟ ਵਿਚ ਆਉਣ 'ਤੇ ਮਜ਼ਬੂਰ ਹੋਣਾ ਪਿਆ।

ਇਸ ਸ਼ਤਾਬਦੀ ਦੇ ਦੂਜੇ ਦਹਾਕੇ ਵਿਚ ਚਲੀ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਵਿਚ ਦਿੱਤੀਆਂ ਕੁਰਬਾਨੀਆਂ ਪਿੱਛੋਂ ਜਦੋਂ ੧੯੨੪ ਵਿਚ ਅੰਗ੍ਰੇਜ਼ ਸਰਕਾਰ ਨੇ ਗੁਰਦੁਆਰਾ ਐਕਟ ਬਨਾਉਣ ਦਾ ਨਿਰਣਾ ਲੈ ਲਿਆ ਤਾਂ ਉਨ੍ਹਾਂ ਆਪਣਾ ਮੂੰਹ ਰੱਖਣ ਲਈ ਇਹ ਸ਼ਰਤ ਨਾਲ ਲਾ ਦਿੱਤੀ ਕਿ ਸ਼੍ਰੋਮਣੀ ਕਮੇਟੀ ਦੇ ਆਗੂ ਸਰਕਾਰ ਵਲੋਂ ਬਣਾਏ ਗਏ ਕਾਨੂੰਨ ਦੇ ਪਾਬੰਦ ਰਹਿਣਗੇ। ਭਾਈ ਜੋਧ ਸਿੰਘ ਨੂੰ ਇਸ ਸ਼ਰਤ ਦਾ ਪਤਾ ਸਰ ਫਜ਼ਲਿ ਹੁਸੈਨ ਨੇ ਪਹਿਲਾਂ ਹੀ ਦੇ ਦਿੱਤਾ। ਇਸ 'ਤੇ ਭਾਈ ਜੋਧ ਸਿੰਘ ਨੇ ਜੇਲ੍ਹੋਂ ਬਾਹਰ ਆਗੂਆਂ ਨੂੰ ਇਹ ਰਾਏ ਦਿੱਤੀ ਕਿ ਤੁਸੀਂ ਪਹਿਲਾਂ ਹੀ ਐਲਾਨ ਕਰ ਦਿਓ ਕਿ ਇਹ ਕਾਨੂੰਨ ਜਿਹੜਾ ਸਾਡੀ ਮਰਜ਼ੀ ਤੇ ਮੰਗ ਅਨੁਸਾਰ ਬਣ ਰਿਹਾ ਹੈ, ਅਸੀਂ ਇਸ ਨੂੰ ਅਮਲ ਵਿਚ ਲਿਆਉਣ ਲਈ ਵਚਨਬਧ ਹੋਵਾਂਗੇ। ਨੀਤੀ ਇਹ ਠੀਕ ਸੀ ਪਰ ਸਿੱਖਾਂ ਨੇ ਇਸ ਰਾਇ ਨੂੰ ਆਪਣੀ ਈਨ ਮੰਨਣ ਦਾ ਸਵਾਲ ਜਾਣ ਕੇ ਰੱਦ ਕਰ ਦਿੱਤਾ। ਇਸ ਦਾ ਸਿੱਟਾ ਇਹ ਨਿਕਲਿਆ ਕਿ ਪੰਥ ਪਹਿਲੀ ਵਾਰ ਦੋ ਫਾੜ ਹੋ ਗਿਆ।

ਪ੍ਰਿੰਸੀਪਲ ਸ੍ਰ: ਬਿਸ਼ਨ ਸਿੰਘ ਦੇ ਰਿਟਾਇਰ ਹੋਣ 'ਤੇ ਖ਼ਾਲਸਾ ਕਾਲਜ ਦੀ ਪ੍ਰਬੰਧਕੀ ਕਮੇਟੀ ਨੇ ਭਾਈ ਜੋਧ ਸਿੰਘ ਨੂੰ ੧੪ ਜੂਨ, ੧੯੩੬ ਤੋਂ ਕਾਲਜ ਦਾ ਪ੍ਰਿੰਸੀਪਲ ਨਿਯੁਕਤ ਕਰ ਦਿੱਤਾ। ਪ੍ਰੋਫੈਸਰੀ ਅਤੇ ਪ੍ਰਿੰਸੀਪਲ ਦੀ ਅਵਧੀ ਸਮੇਂ ਆਪ ਨੇ ਸਿੱਖ ਅਧਿਆਪਕਾਂ ਦੇ ਮੁਫ਼ਾਦ ਦੀ ਹੀ ਰੱਖਿਆ ਨਹੀਂ ਕੀਤੀ, ਪੰਜਾਬੀ ਨੂੰ ਗਿਆਨੀ, ਬੁਧਿਮਾਨੀ, ਵਿਦਵਾਨੀ ਅਤੇ ਇਖ਼ਤਿਆਰੀ ਮਜ਼ਮੂਨ ਵਜੋਂ ਜਾਰੀ ਕਰਵਾਉਣ ਦਾ ਸਿਹਰਾ ਵੀ ਆਪਣੇ ਸਿਰ ਲਿਆ। ਹਿਸਟਰੀ ਅਤੇ ਜੁਗਰਾਫ਼ੀਆ ਵਿਚ ਉਰਦੂ ਦੇ ਨਾਲ ਪੰਜਾਬੀ ਤੇ ਹਿੰਦੀ ਨੂੰ ਮਾਣ ਦਿਵਾਉਣ ਦਾ ਕੰਮ ਵੀ ਆਪ ਨੇ ਹੀ ਸਿਰੇ ਚੜ੍ਹਾਇਆ। ਖ਼ਾਲਸਾ ਕਾਲਜ ਵਿਚ ਪਹਿਲਾਂ ਪ੍ਰੋਫੈਸਰੀ ਸਮੇਂ ਤੇ ਮਗਰੋਂ ਪ੍ਰਿੰਸੀਪਲੀ ਦੀ ਅਵਧੀ ਵਿੱਚ ਇਨ੍ਹਾਂ ਨੇ ਸਰਗਰਮ ਸਿਆਸਤ ਵਿੱਚ ਭਾਵੇਂ ਹਿੱਸਾ ਨਾ ਲਿਆ, ਪਰੰਤੂ ਆਪਣੇ ਢੰਗ ਨਾਲ ਇਹ ਪੰਥ ਦੇ ਕੰਮ ਆਉਂਦੇ ਰਹੇ। ਇਸ ਸਮੇਂ ਇਨ੍ਹਾਂ ਜੈਤੋ ਵਿਚ ਖੰਡਿਤ ਪਾਠ ਨੂੰ ਮੁੜ ਚਾਲੂ ਕਰਵਾ ਕੇ ਸਰਕਾਰ ਤੇ ਅਕਾਲੀਆਂ ਵਿਚ ਸੁਲਹ ਕਰਵਾ ਦਿੱਤੀ। ਮਹਾਰਾਜਾ ਪਟਿਆਲਾ ਨਾਲ ਚਲ ਰਹੇ ਮਾਸਟਰ ਤਾਰਾ ਸਿੰਘ ਦੇ ਝਗੜੇ ਨੂੰ ਵੀ ਆਪ ਨੇ ਹੀ ਸੁਲਝਾਇਆ। ਓਦੋਂ ਤੋਂ ਪਿੱਛੋਂ ਵੀ ਹਰੇਕ ਅਹਿਮ ਮਸਲੇ 'ਤੇ ਵਿਚਾਰ ਕਰਨ ਲਈ ਜੋ ਡੈਪੂਟੇਸ਼ਨ ਬਣੇ, ਉਨ੍ਹਾਂ ਵਿਚ ਆਪ ਨੂੰ ਅਵੱਸ਼ ਲਿਆ ਗਿਆ। ਇੰਜ ਇਨ੍ਹਾਂ ਦਾ ਸਥਾਨ ਸਿੱਖ ਜਗਤ ਵਿਚ ਸਦਾ ਉੱਚਾ ਬਣਿਆ ਰਿਹਾ।

ਫਰਵਰੀ, ੧੯੫੨ ਵਿਚ ਖ਼ਾਲਸਾ ਕਾਲਜ ਦੀ ਪ੍ਰਿੰਸੀਪਲੀ ਤੋਂ ਰਿਟਾਇਰ ਹੋਣ ਪਿੱਛੋਂ ਆਪ ੪੯੬, ਮਾਡਲ ਟਾਊਨ, ਲੁਧਿਆਣਾ ਵਿਚ ਜਾ ਵੱਸੇ। ਇਥੇ ਵੀ ਆਪ ਨੇ ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਸਿਖਿਆ ਦੀਆਂ ਸਮੱਸਿਆਵਾਂ ਵਿਚ ਹਿੱਸਾ ਲੈਣਾ ਜਾਰੀ ਰੱਖਿਆ। ਸੰਨ ੧੯੫੪ ਵਿਚ ਆਪ ਦੇ ਤੇ ਡਾ: ਸ਼ੇਰ ਸਿੰਘ ਦੇ ਉੱਦਮ ਨਾਲ ਪੰਜਾਬੀ ਸਾਹਿੱਤ ਅਕਾਡਮੀ ਦੀ ਲੁਧਿਆਣੇ, ਪੰਜਾਬ ਤੇ ਕੇਂਦਰੀ ਸ਼ਹਿਰ ਵਿਚ ਬੁਨਿਆਦ ਰੱਖੀ ਗਈ। ਇਹ ਅੱਜ ਆਪਣੇ ਵਿਸ਼ੇਸ਼ ਭਵਨ ਨਾਲ ਪੰਜਾਬੀ ਸਰਗਰਮੀਆਂ ਦਾ ਮਹੱਤਵਪੂਰਨ ਕੇਂਦਰ ਬਣੀ ਹੋਈ ਹੈ।

ਦੇਸ਼ ਦੀ ਵੰਡ ਪਿੱਛੋਂ ਤਾਕਤ ਦੇ ਨਸ਼ੇ ਨਾਲ ਸਰਸ਼ਾਰ ਭਾਰਤ ਦੀ ਨਵੀਂ ਸਰਕਾਰ ਸਿੱਖਾਂ ਨਾਲ ਕੀਤੇ ਆਪਣੇ ਸਾਰੇ ਵਾਇਦੇ ਭੁੱਲ ਗਈ ਤੇ ਹਿੰਦੂ ਬਹੁ-ਗਿਣਤੀ, ਜਿਸ ਵਿਚ ਜ਼ੋਰ **ਵਿਖਾਵੇ ਦੇ ਰਾਸ਼ਟਰਵਾਦੀ ਆਰੀਆ ਸਮਾਜੀਆਂ ਦਾ ਸੀ, ਆਪਣੇ ਅਸਲੀ ਰੰਗ ਵਿਚ ਪ੍ਰਗਟ ਹੋ ਗਈ। ਉਨ੍ਹਾਂ ਹਰ ਪੜਾਅ 'ਤੇ ਪੰਜਾਬੀ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਅਤੇ ਸਿੱਖ ਭਾਵਨਾਵਾਂ ਦਬਾਉਣ ਦੀ ਗਲਤ ਨੀਤੀ ਇਖ਼ਤਿਆਰ ਕੀਤੀ ਰਖੀ।** ਜੂਨ, ੧੯੪੯ ਵਿੱਚ ਪੰਜਾਬ ਸਰਕਾਰ ਨੇ ਇਸ ਮਤਲਬ ਦੀ ਇਕ ਗਸ਼ਤੀ ਚਿੱਠੀ ਜਾਰੀ ਕੀਤੀ ਕਿ ਮੁੱਢਲੀਆਂ ਜਮਾਤਾਂ ਵਿਚ ਬੱਚੇ ਦੀ ਪੜ੍ਹਾਈ ਦਾ ਮਾਧਿਅਮ ਮਾਤ-ਭਾਸ਼ਾ ਹੋਵੇਗਾ ਅਤੇ ਪਹਿਲੀਆਂ ਜਮਾਤਾਂ ਵਿਚ ਦੇਵਨਾਗਰੀ ਜਾਂ ਗੁਰਮੁਖੀ ਕੋਈ ਇਕ ਲਿਪੀ ਵਰਤਣ ਦੀ ਖੁਲ੍ਹ ਹੋਵੇਗੀ। ਤੀਸਰੀ ਜਮਾਤ ਵਿਚ ਦੇਵਨਾਗਰੀ ਪੜ੍ਹਨ ਵਾਲੇ ਗੁਰਮੁਖੀ ਵੀ ਸਿਖਣਗੇ ਤੇ ਗੁਰਮੁਖੀ ਪੜ੍ਹਨ ਵਾਲੇ ਹਿੰਦੀ ਨਾਲ ਆਪਣੀ ਵਾਕਫੀਅਤ ਪੈਦਾ ਕਰਨਗੇ। ਪਰੰਤੂ, ਇਹ ਬੜਾ ਨਿਆਇਪੂਰਕ ਫ਼ੈਸਲਾ ਜਲੰਧਰ ਤੇ ਲੁਧਿਆਣਾ ਆਦਿ ਮਿਊਂਸਪਲ ਕਮੇਟੀਆਂ ਨੇ ਠੁਕਰਾ ਦਿੱਤਾ।

੯ ਜੂਨ, ੧੯੪੯ ਨੂੰ ਪੰਜਾਬ ਯੂਨੀਵਰਸਿਟੀ ਦੀ ਕਮਬਾਈਂਡ ਫੈਕਲਟੀ ਦੀ ਮੀਟਿੰਗ ਨੇ ਜਿਸ ਵਿੱਚੋਂ ਸਾਰੇ ਸਿੱਖ ਮੈਂਬਰ ਮੀਟਿੰਗ ਛੱਡ ਕੇ ਬਾਹਰ ਚਲੇ ਆਏ, ਹਿੰਦੀ ਅਤੇ ਪੰਜਾਬੀ ਦੋਹਾਂ ਨੂੰ ਸਿਖਿਆ ਦਾ ਮਾਧਿਅਮ ਬਣਾ ਦਿੱਤਾ ਤੇ ਪੰਜਾਬੀ ਨੂੰ ਗੁਰਮੁਖੀ ਲਿਪੀ ਨਾਲ ਜੋੜ ਕੇ ਤੇ ਹਿੰਦੀ ਨੂੰ ਦੇਵਨਾਗਰੀ ਲਿਪੀ ਨਾਲ ਜੋੜ ਕੇ ਸਥਿਤੀ ਨੂੰ ਹੋਰ ਵਿਗਾੜ ਦਿੱਤਾ। ਇਸ ਫੈਸਲੇ ਨਾਲ ਤੇ ਮਰਦਮਸ਼ੁਮਾਰੀ ਸਮੇਂ ਪੰਜਾਬੀ ਵੱਲੋਂ ਵਿਖਾਈ ਬਦ-ਨੀਤੀ ਤੇ ਫਲਸਰੂਪ ਪੰਜਾਬ ਦੇ ਰਾਜਨੀਤਕ ਖੇਤਰ ਵਿੱਚ ਪੰਜਾਬੀ ਸੂਬੇ ਲਈ ਅੰਦੋਲਨ ਸ਼ੁਰੂ ਹੋਇਆ ਤੇ ਪ੍ਰੈਸ ਵਿਚ ਇਕ ਜਾਂ ਦੂਜੀ ਭਾਸ਼ਾ— ਲਿਪੀ ਦੇ ਵਿਰੁੱਧ ਕਲਮੀ ਜੰਗ ਛਿੜੀ, ਜਿਸ ਨੂੰ ਆਪਣੀਆਂ ਦਲੀਲਾਂ ਨਾਲ ਭਾਈ ਸਾਹਿਬ ਸਦਾ ਹੀ ਕਟਦੇ ਰਹੇ। ਪੰਜਾਬੀ ਲਿਖਣ ਲਈ ਦੇਵਨਾਗਰੀ ਲਿਪੀ ਦੀ ਮੰਗ ਕਰਨ ਵਾਲਿਆਂ ਨੂੰ ਆਪ ਨੇ ਇਹ ਕਹਿ ਕੇ ਸਦਾ ਠੱਪੀ ਰਖਿਆ ਕਿ ਉਪਰੋਕਤ ਕਮੇਟੀ ਵਿਚ ਪੰਜਾਬੀ ਨਾਲ ਗੁਰਮੁਖੀ ਤੁਸਾਂ ਹੀ ਜੋੜ ਕੇ ਇਸ ਮੰਗ ਦਾ ਫਾਤਿਹਾ ਪੜ੍ਹ ਦਿੱਤਾ ਸੀ। ਲਿਪੀ ਦੇ ਮਾਮਲੇ 'ਤੇ ੧੯੫੭ ਵਿਚ ਹੋਈ ਪੰਜਾਬੀ ਸਾਹਿੱਤ ਅਕਾਡਮੀ ਦੀ ਮੀਟਿੰਗ ਦੇ ਸਵਾਗਤੀ ਭਾਸ਼ਣ ਵਿਚ ਪੰਡਿਤ ਨਹਿਰੂ ਦੇ ਇਕ ਕਥਨ ਨੂੰ ਆਧਾਰ ਬਣਾ ਕੇ ਆਪ ਨੇ ਇਸ ਗੱਲ ਦਾ ਦੋ ਟੂਕ ਫੈਸਲਾ ਕਰ ਦਿੱਤਾ ਕਿ ਪੰਜਾਬੀ ਦੇਵਨਾਗਰੀ ਲਿਪੀ ਅਪਨਾ ਕੇ ਆਪਣੀ ਪਛਾਣ ਗਵਾ ਬੈਠੇਗੀ।

੩੦ ਜੂਨ, ੧੯੫੯ ਨੂੰ ਭਾਈ ਸਾਹਿਬ ਨੂੰ ਹਿੰਦੂਆਂ ਅਤੇ ਸਿੱਖਾਂ ਵਿੱਚ ਸਦ-ਭਾਵਨਾ

ਪੈਦਾ ਕਰਨ ਲਈ ਦੋ ਮੈਂਬਰੀ ਕਮਿਸ਼ਨ ਦਾ ਮੈਂਬਰ ਥਾਪਿਆ ਗਿਆ। ਇਸ ਪਿੱਛੋਂ ਵੀ ਆਪ ਭਾਵੁਕ ਏਕਤਾ (emotional integration) ਕੌਂਸਲ ਦੇ ਮੈਂਬਰ ਬਣੇ ਰਹੇ।

੨੭ ਜੂਨ, ੧੯੬੨ ਨੂੰ ਆਪ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਪਹਿਲਾ ਕੁਲਪਤੀ ਨਿਯੁਕਤ ਕੀਤਾ ਗਿਆ, ਜਿਸ ਤੋਂ ਆਪ ਅਪ੍ਰੈਲ, ੧੯੬੫ ਵਿਚ ਸੇਵਾ ਮੁਕਤ ਹੋ ਕੇ ਲੁਧਿਆਣੇ ਆਪਣੇ ਘਰ ਆ ਵੱਸੇ। ਇੱਥੇ ਹੀ ਇਨ੍ਹਾਂ ਵਿਦਿਅਕ ਮਾਮਲਿਆਂ, ਵਿਸ਼ੇਸ਼ ਕਰਕੇ ਸ੍ਰ: ਗੁਰਬਚਨ ਸਿੰਘ 'ਤਾਲਿਬ' ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ੍ਰੇਜ਼ੀ ਵਿਚ ਅਨੁਵਾਦ ਦੀ ਸੋਧ-ਸੁਧਾਈ ਵਿੱਚ ਮਹੱਤਵਪੂਰਨ ਹਿੱਸਾ ਪਾਇਆ।

ਭਾਈ ਸਾਹਿਬ ੯੯ ਸਾਲ ਤੇ ਲਗਭਗ ੭ ਮਹੀਨੇ ਲੰਮੀ ਆਯੂ ਭੋਗ ਕੇ ੪ ਦਸੰਬਰ, ੧੯੮੧ ਨੂੰ ਤੜਕੇ ਸਤਿਗੁਰੂ ਦੇ ਚਰਨਾਂ ਵਿਚ ਜਾ ਬਿਰਾਜੇ। ਭਾਈ ਸਾਹਿਬ ਦੀ ਸ਼ਖ਼ਸੀਅਤ ਨੂੰ ਜੇ ਥੋੜ੍ਹੇ ਜਿਹੇ ਸ਼ਬਦਾਂ ਵਿਚ ਬਿਆਨ ਕਰਨਾ ਹੋਵੇ ਤਾਂ ਅਸੀਂ ਕਹਾਂਗੇ ਕਿ ਉਹ ਸੰਤੁਲਿਤ ਸੁਭਾ ਵਾਲੇ ਵਿਅਕਤੀ ਸਨ। ਧਰਮ ਉਪਰ ਪੂਰਣ ਨਿਸ਼ਠਾ ਸੀ, ਪਰੰਤੂ ਬਿਬੇਕ ਨੂੰ ਕਦੇ ਹੱਥੋਂ ਨਹੀਂ ਛੱਡਦੇ ਸਨ। ਦੋਸਤੀ ਤੇ ਦੁਸ਼ਮਨੀ ਪਾਲਣ ਵਿਚ ਉਹ ਸਦਾ ਹੀ ਸੰਤੁਲਨ ਕਾਇਮ ਰੱਖਦੇ ਸਨ। ਯਤਨ ਕਿਸੇ ਨੂੰ ਨੁਕਸਾਨ ਪਹੁੰਚਾਉਣ ਦਾ ਨਹੀਂ ਸੀ ਹੁੰਦਾ, ਅਗਲੇ ਨੂੰ ਭੁੱਲ ਦਾ ਅਹਿਸਾਸ ਕਰਵਾ ਕੇ ਸਿੱਧੇ ਰਸਤੇ ਲਿਆਉਣ ਦੀ ਚਾਹ ਹੁੰਦੀ ਸੀ। ਹਿਸਾਬ (Mathematics) ਉਨ੍ਹਾਂ ਕੇਵਲ ਪੜ੍ਹਿਆ ਹੀ ਨਹੀਂ, ਸਗੋਂ ਜੀਵਨ ਵਿਚ ਵੀ ਵਸਾਇਆ ਹੋਇਆ ਸੀ। ਜੀਵਨ ਦਾ ਵਿਹਾਰ ਇੰਨਾ ਬਾਕਾਇਦਾ ਹੁੰਦਾ ਸੀ ਕਿ ਉਨ੍ਹਾਂ ਦੀ ਰੋਜ਼ਾਨਾ ਜੀਵਨ-ਕਿਰਿਆ ਨੂੰ ਜਾਣਨ ਵਾਲਾ ਦ੍ਰਿੜ੍ਹ ਭਾਂਤ ਕਹਿ ਸਕਦਾ ਸੀ ਕਿ ਇਸ ਵੇਲੇ ਭਾਈ ਸਾਹਿਬ ਖਾਣਾ ਖਾ ਰਹੇ ਹੋਣਗੇ, ਇਸ ਵੇਲੇ ਇਸ਼ਨਾਨ ਕਰ ਰਹੇ ਹੋਣਗੇ ਤੇ ਇਸ ਵਕਤ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੇ ਵਾਕ ਲੈ ਰਹੇ ਹੋਣਗੇ। ਅਜਿਹਾ ਨਿਯਮਿਤ ਜੀਵਨ ਸੀ ਉਨ੍ਹਾਂ ਦਾ !

ਬਾਵਜੂਦ ਅਨੇਕ ਰੁਝੇਵਿਆਂ ਦੇ ਉਹ ਆਪਣੇ ਪਿੱਛੇ ਲਗਭਗ ਪੰਝੀ ਕਿਤਾਬਾਂ ਛੱਡ ਗਏ ਹਨ, ਜਿਨ੍ਹਾਂ ਦਾ ਸਬੰਧ ਸਿੱਖ ਜੀਵਨ ਜਾਚ ਤੇ ਸਿੱਖ ਧਰਮ ਦੀ ਵਿਚਾਰਧਾਰਾ ਨਾਲ ਹੈ।

ਪ੍ਰਿੰਸੀਪਲ ਤੇਜਾ ਸਿੰਘ ਜੀ

ਪ੍ਰਿੰਸੀਪਲ ਤੇਜਾ ਸਿੰਘ ਬਹੁ-ਪੱਖੀ ਗਿਆਨ ਦੇ ਮਾਲਕ ਸਨ। ਆਪ ਇਕ ਸਫਲ ਅਧਿਆਪਕ, ਮੰਨੇ ਪ੍ਰਮੰਨੇ ਵਿਦਵਾਨ, ਬਹੁ-ਭਾਸ਼ੀ ਲੇਖਕ, ਇਕ ਡੂੰਘੇ ਚਿੰਤਕ, ਧਰਮ ਦੇ ਪ੍ਰਚਾਰਕ ਤੇ ਸਮਾਜ ਸੁਧਾਰਕ ਸਨ। ਆਪ ਦੀ ਸ਼ਖ਼ਸੀਅਤ ਐਸੀ ਮਨ-ਮੋਹਣੀ ਸੀ ਕਿ ਜੋ ਭੀ ਆਪ ਨਾਲ ਕੁਝ ਚਿਰ ਚੰਗੀ ਤਰ੍ਹਾਂ ਮਿਲਦਾ ਉਹ ਫਿਰ ਆਪ ਨਾਲ ਜੁੜਿਆ ਹੀ ਰਹਿੰਦਾ। ਆਪ ਦਾ ਜੀਵਨ ਸ਼ੁਰੂ ਤੋਂ ਅਖ਼ੀਰ ਤਕ ਘੋਲ-ਭਰਪੂਰ, ਮਿਹਨਤ ਤੇ ਮੁਸ਼ੱਕਤ ਵਾਲਾ ਜੀਵਨ ਸੀ। ਆਪ ਦੀਆਂ ਵੱਖ-ਵੱਖ ਖੇਤਰਾਂ ਵਿਚ ਕੀਤੀਆਂ ਪ੍ਰਾਪਤੀਆਂ ਐਸੀਆਂ ਹਨ, ਜਿਨ੍ਹਾਂ ਉਪਰ ਪੰਜਾਬੀ, ਖਾਸ ਤੌਰ 'ਤੇ ਸਿੱਖ ਬਹੁਤ ਮਾਣ ਕਰ ਸਕਦੇ ਹਨ।

ਇਕ ਸਾਧਾਰਣ ਜਿਹੇ ਗ਼ਰੀਬ ਘਰ ਵਿਚ ਜਨਮ ਲੈ ਕੇ, ਆਪ ਨੇ ਪ੍ਰਭੂ 'ਤੇ ਭਰੋਸਾ ਰੱਖਦੇ ਹੋਏ ਅਤੇ ਕਰੜੀ ਮਿਹਨਤ ਨਾਲ ਨਾ ਕੇਵਲ ਅਕਾਦਮਿਕ ਤੌਰ 'ਤੇ ਹੀ ਉੱਚੀਆਂ ਪ੍ਰਾਪਤੀਆਂ ਕੀਤੀਆਂ, ਸਗੋਂ ਪੰਜਾਬੀ ਸਾਹਿਤ ਖਾਸ ਤੌਰ 'ਤੇ ਗੁਰਮਤਿ ਸਾਹਿਤ ਦੇ ਮੰਡਲਾਂ ਵਿਚ ਵੀ ਆਪ ਇਕ ਰੋਸ਼ਨ ਸਿਤਾਰੇ ਵਾਂਗ ਚਮਕੇ।

ਪ੍ਰਿੰਸੀਪਲ ਤੇਜਾ ਸਿੰਘ ਦਾ ਜਨਮ ਭਾਈ ਭਲਾਕਰ ਸਿੰਘ ਦੇ ਘਰ ਮਾਤਾ ਸੁਰੱਸਤੀ ਦੀ ਕੁੱਖੋਂ ੨ ਜੂਨ, ੧੮੯੩ ਨੂੰ ਪਿੰਡ ਅਡਿਆਲਾ, ਜ਼ਿਲ੍ਹਾ ਰਾਵਲਪਿੰਡੀ ਵਿਚ ਹੋਇਆ, ਜੋ ਕਿ ਹੁਣ ਪਾਕਿਸਤਾਨ ਵਿਚ ਹੈ। ਆਪ ਦਾ ਪਹਿਲਾ ਨਾਮ ਤੇਜ ਰਾਮ ਸੀ। ੧੮੯੮ ਈ. ਵਿਚ ਅੰਮ੍ਰਿਤ ਛਕ ਕੇ ਤੇਜਾ ਸਿੰਘ ਬਣ ਗਏ। ਪਿਤਾ ਨੇ ਕੁਝ ਪੜ੍ਹਾਈ ਘਰ ਹੀ ਕਰਵਾ ਦਿਤੀ ਅਤੇ ੧੮੯੯ ਈ. ਵਿਚ ਪ੍ਰਾਇਮਰੀ ਸਕੂਲ ਢੱਲਾ ਵਿਚ ਦੂਜੀ ਜਮਾਤੇ ਦਾਖ਼ਲ ਹੋਏ। ੧੯੦੮ ਈ: ਵਿਚ ਜਦ ਮਿਡਲ ਪਾਸ ਕੀਤਾ ਤਾਂ ਵਜ਼ੀਫੇ ਦੇ ਇਮਤਿਹਾਨ ਵਿਚ ਅੱਵਲ ਰਹਿ ਕੇ ਵਜ਼ੀਫਾ ਪ੍ਰਾਪਤ ਕੀਤਾ। ੧੯੧੦ ਈ. ਵਿਚ ਦਸਵੀਂ ਪਾਸ ਕੀਤੀ। ਪ੍ਰਿੰਸੀਪਲ ਤੇਜਾ ਸਿੰਘ ਆਪਣੀ ਸ੍ਵੈ ਜੀਵਨੀ, *ਆਰਸੀ* ਵਿਚ ਲਿਖਦੇ ਹਨ ਕਿ ਦਸਵੀਂ ਪਾਸ ਕਰਨ ਤਕ ਜਿਨ੍ਹਾਂ ਸੁਘੜ ਅਧਿਆਪਕਾਂ ਨੇ ਮੇਰੇ ਮਨ 'ਤੇ ਬਹੁਤ ਅਸਰ ਪਾਇਆ, ਉਹ ਸਨ ਭਾਈ ਨਿਹਾਲ ਸਿੰਘ, ਭਾਈ ਰਾਮ ਚੰਦ ਸੋਟੀਆਂ ਵਾਲੇ ਅਤੇ ਮੌਲਵੀ ਕਲੀ ਮੁੱਲਾਂ। ਦੋਹਾਂ ਭਾਈ ਸਾਹਿਬਾਂ ਪਾਸੋਂ ਆਪ ਨੇ ਗੁਰਮੁਖੀ ਚੰਗੀ ਤਰ੍ਹਾਂ ਸਿਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਅਰੰਭ ਕਰ ਦਿਤਾ। ਗੁਰਬਾਣੀ ਦਾ ਅਧਿਐਨ ਅੰਤ ਤਕ ਕਰਦੇ ਰਹੇ। ਮੌਲਵੀ ਜੀ ਪਾਸੋਂ ਆਪ ਨੇ ਉਰਦੂ ਤੇ ਫ਼ਾਰਸੀ ਦੀ ਪੜ੍ਹਾਈ ਕੀਤੀ।

੧੯੧੨ ਈ. ਵਿਚ ਐਫ. ਏ. ਪਾਸ ਕਰਕੇ ਆਪ ਸੰਤ ਸਿੰਘ ਸੁੱਖਾ ਸਿੰਘ ਸਕੂਲ,

ਅੰਮ੍ਰਿਤਸਰ ਵਿਚ ਮੁਖ ਅਧਿਆਪਕ ਲਗੇ। ਫਿਰ ਇਤਿਹਾਸ ਤੇ ਹਿਸਾਬ ਨਾਲ ਬੀ. ਏ. ਪਾਸ ਕਰਕੇ ੧੯੧੪ ਈ. ਵਿਚ ਮਾਡਰਨ ਕਾਲਜ, ਰਾਵਲਪਿੰਡੀ ਵਿਚ ਅੰਗ੍ਰੇਜ਼ੀ ਤੇ ਇਤਿਹਾਸ ਦੇ ਪ੍ਰੋਫੈਸਰ ਲਗੇ ਤੇ ਫਿਰ ਆਪ ਨੇ ਐਮ. ਏ. ਪਾਸ ਕਰ ਲਈ।

੧੯੧੯ ਈ. ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਅੰਗ੍ਰੇਜ਼ੀ, ਇਤਿਹਾਸ ਦੇ ਧਾਰਮਿਕ ਸਿਖਿਆ ਦੇ ਪ੍ਰੋਫੈਸਰ ਥਾਪੇ ਗਏ। ੧੯੪੫ ਈ. ਵਿਚ ਆਪ ਖਾਲਸਾ ਕਾਲਜ ਬੰਬਈ ਦੇ ਪ੍ਰਿੰਸੀਪਲ ਬਣੇ। ੧੯੪੮ ਈ. ਵਿਚ ਪੰਜਾਬ ਯੂਨੀਵਰਸਿਟੀ ਦੇ ਪ੍ਰਕਾਸ਼ਨ ਵਿਭਾਗ ਦੇ ਸਕੱਤਰ ਲੱਗੇ। ੧੯੪੯ ਈ. ਵਿਚ ਮਹਿੰਦਰਾ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਲਗੇ।

੧੯੫੬ ਈ. ਵਿਚ ਪੈਪਸੂ ਸਰਕਾਰ ਵਲੋਂ ਆਪ ਨੂੰ ਅਭਿਨੰਦਨ ਗ੍ਰੰਥ ਦੇ ਕੇ ਸਨਮਾਨਿਆ ਗਿਆ।

ਪ੍ਰਿੰਸੀਪਲ ਤੇਜਾ ਸਿੰਘ ਜਦੋਂ ਪੜ੍ਹਾਂਦੇ ਤਾਂ ਆਪਣੇ ਵਿਦਿਆਰਥੀਆਂ ਨੂੰ ਕੀਲ ਕੇ ਰਖ ਲੈਂਦੇ। ਸਿੱਖ ਮੱਤ ਪੜ੍ਹਾ ਰਹੇ ਹੁੰਦੇ ਤਾਂ ਅੰਗ੍ਰੇਜ਼ੀ ਸਾਹਿਤ ਅਤੇ ਗੈਰ-ਸਿੱਖ ਵਿਦਵਾਨਾਂ ਦੇ ਹਵਾਲੇ ਵੀ ਦੇਂਦੇ ਪਰ ਸਿੱਖੀ ਤੇ ਗੁਰਮਤਿ ਦੀ ਵਡਿਆਈ ਨੂੰ ਕਾਇਮ ਕਰਦੇ ਹੋਏ ਭਲੀ ਭਾਂਤ ਉਜਾਗਰ ਕਰਦੇ। ਜੇ ਅੰਗ੍ਰੇਜ਼ੀ ਸਾਹਿਤ ਦਾ ਅਧਿਐਨ ਕਰਾ ਰਹੇ ਹੁੰਦੇ ਤਾਂ ਕਈ ਵਾਰੀ ਧਰਮ ਤੇ ਨੈਤਿਕਤਾ ਦੀਆਂ ਗੱਲਾਂ ਛੇੜ ਲੈਂਦੇ। ਧਰਮ ਬਾਰੇ ਵਿਸ਼ਾਲ ਰੂਪ ਵਿਚ ਕਹਿੰਦੇ ਸਿੱਖ ਧਰਮ ਵਿਚੋਂ ਇੰਜ ਹਵਾਲੇ ਦੇਂਦੇ ਕਿ ਸੁਣਨ ਵਾਲਿਆਂ 'ਤੇ ਸਿੱਖ ਮੱਤ ਦੇ ਗੁਣਾਂ ਦਾ ਪ੍ਰਭਾਵ ਪੈ ਜਾਂਦਾ।

ਡਾ: ਤਾਰਨ ਸਿੰਘ ਦੇ ਸ਼ਬਦਾਂ ਵਿਚ, *"ਆਪ ਦੀ ਪ੍ਰਤਿਭਾ ਬਹੁ-ਪੱਖੀ ਤੇ ਵਿਸ਼ਾਲਤਾ ਵਾਲੀ ਸੀ, ਕਲਪਨਾ ਸ਼ਕਤੀ ਦੂਰ-ਦਰਸ਼ੀ ਸੀ, ਰੋਮਾਂਚਿਕ ਸੋਚਣੀ ਨਾਲ ਵਿਆਖਿਆ ਵਿਚ ਅਗੰਮੀ ਉਡਾਰੀਆਂ ਲਾ ਸਕਦੇ ਸਨ।"* 'ਜਪੁਜੀ ਸਾਹਿਬ' ਤੇ 'ਆਸਾ ਦੀ ਵਾਰ' ਦੇ ਟੀਕਿਆਂ ਨਾਲ ਆਪ ਨੇ ਟੀਕਾਕਾਰੀ ਦਾ ਕੰਮ ਅਰੰਭਿਆ। ਫਿਰ ਇਨ੍ਹਾਂ ਬਾਣੀਆਂ ਅਤੇ ਸੁਖਮਨੀ ਸਾਹਿਬ ਦੇ ਵਿਆਖਿਆ ਸਹਿਤ ਅੰਗ੍ਰੇਜ਼ੀ ਵਿਚ ਉਲੱਥੇ ਵੀ ਕੀਤੇ। ਆਪ ਨੇ ਆਪਣੀ ਯੋਗਤਾ ਅਤੇ ਪ੍ਰਤਿਭਾ ਦੀ ਭਰਪੂਰ ਵਰਤੋਂ ਕਰਕੇ ਚਾਰ ਜਿਲਦਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜੋ ਸ਼ਬਦਾਰਥ ਤਿਆਰ ਕੀਤਾ, ਉਹ ਹੁਣ ਤਕ ਇਕ ਸਿਖਰੀ ਰਚਨਾ ਹੈ ਤੇ ਆਪਣੇ ਖੇਤਰ ਵਿਚ ਲਾਸਾਨੀ ਹੈ। ਇਹ 'ਸ਼ਬਦਾਰਥ' ਪਹਿਲਾਂ ਗੁਰ ਸੇਵਕ ਸਭਾ ਵਲੋਂ ਛਪਿਆ, (ਹੁਣ ਸਿੱਖਾਂ ਦੀ ਸਿਰਮੌਰ ਜਥੇਬੰਦੀ ਸ਼੍ਰੋ. ਗੁ. ਪ੍ਰ. ਕਮੇਟੀ ਇਸ ਦੇ ਪ੍ਰਕਾਸ਼ਨ ਦੀ ਸੇਵਾ ਕਰ ਰਹੀ ਹੈ, ਜਿਸ ਦੇ ਹੋਰ ਮੈਂਬਰ ਬਾਵਾ ਹਰਕਿਸ਼ਨ ਸਿੰਘ ਤੇ ਪ੍ਰੋ. ਨਰੈਣ ਸਿੰਘ ਸਨ। ਪਰ ਇਸ ਰਚਨਾ ਵਿਚ ਪ੍ਰਮੁਖ ਹਿੱਸਾ ਪ੍ਰਿੰਸੀਪਲ ਤੇਜਾ ਸਿੰਘ ਦਾ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੋਰ ਕੋਈ ਕੋਸ਼, ਪ੍ਰਯਾਯ ਜਾਂ ਟੀਕਾ ਇਸ ਪੱਧਰ ਦਾ ਨਹੀਂ, ਜੋ ਸ਼ਬਦਾਰਥ ਦਾ ਹੈ। ਇਸ ਵਿਚ ਕੇਵਲ ਸ਼ਬਦੀ ਅਰਥ ਜਾਂ ਪਦ-ਅਰਥ ਹੀ ਨਹੀਂ ਹਨ, ਸਗੋਂ ਹਜ਼ਾਰਾਂ ਕਠਨ ਪਦਿਆਂ ਅਤੇ ਬਾਣੀਆਂ ਦੇ ਕੇਂਦਰੀ ਖ਼ਿਆਲ, ਭਾਵ ਤੇ ਭਾਵਰਥ ਵੀ ਦਿੱਤੇ ਹਨ। ਲੰਮੀਆਂ ਬਾਣੀਆਂ, ਪੌਰਾਣਿਕ ਸੰਕੇਤਾਂ ਅਤੇ ਸਿਧਾਂਤਕ ਸ਼ਬਦਾਂ ਸਬੰਧੀ ਉੱਚੇ ਪੱਧਰ ਦੀਆਂ, ਖੋਜ-ਭਰਪੂਰ ਤੇ ਲਾਭਦਾਇਕ ਟੂਕਾਂ ਵੀ ਹਨ।

ਪ੍ਰਿੰਸੀਪਲ ਤੇਜਾ ਸਿੰਘ ਜੀ ਦੀ ਗੁਰਮਤਿ ਵਿਆਖਿਆ ਨੇ ਇਕ ਨਵੀਂ ਲੀਹ ਤੋਰੀ ਹੈ। ਉਨ੍ਹਾਂ ਨੇ ਉਦਾਸੀ, ਨਿਰਮਲਾ, ਗਿਆਨੀ ਤੇ ਸਿੰਘ ਸਭਾਈ ਵਿਆਖਿਆ ਦਾ ਬਹੁਤ ਸੁੰਦਰ

ਸੁਮੇਲ ਕਰ ਵਿਖਾਇਆ ਹੈ। ਉਹ ਇਨ੍ਹਾਂ ਰੂੜੀਆਂ ਤੋਂ ਤੱਥ ਪ੍ਰਾਪਤ ਕਰਕੇ ਇਨ੍ਹਾਂ ਤੋਂ ਭਿੰਨ ਵੀ ਹਨ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵਿਚ ਆਪ ਨੇ ਬੜੀ ਲਗਨ ਨਾਲ ਕੰਮ ਕੀਤਾ। ਆਪ ਨੂੰ ਜੇਲ੍ਹ ਯਾਤਰਾ ਵੀ ਕਰਨੀ ਪਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਾਂ ਵਿਚ ਵੀ ਆਪ ਸਦਾ ਸਹਾਇਕ ਰਹੇ। ਸਿੱਖ ਸੰਸਥਾਵਾਂ ਨਾਲ ਹਿੱਤ ਰਖਦੇ ਹੋਏ ਆਪ ਨੇ ਜੋ ਕਾਰਜ ਕੀਤੇ, ਉਨ੍ਹਾਂ ਵਿਚ ਬਾਵਾ ਹਰਕਿਸ਼ਨ ਸਿੰਘ ਆਪ ਦੇ ਸਾਥੀ ਵੀ ਸਨ ਅਤੇ ਮਿੱਤਰ ਵੀ।

ਪੰਜਾਬ ਐਜੂਕੇਸ਼ਨ ਸਰਵਿਸ ਵਲੋਂ ਆਪ ਨੂੰ ਪੇਸ਼ਕਸ਼ ਆਈ ਤਾਂ ਪ੍ਰਿੰਸੀਪਲ ਤੇਜਾ ਸਿੰਘ ਨੇ ਬਾਵਾ ਜੀ ਨਾਲ ਸਲਾਹ ਕੀਤੀ। ਭਾਵੇਂ ਤਨਖ਼ਾਹ ਤੇ ਰੁਤਬਾ ਵੱਧ ਹੋਣੇ ਸਨ ਪਰ ਉਨ੍ਹਾਂ ਨੂੰ ਇਹ ਖ਼ਿਆਲ ਆਇਆ ਕਿ ਅਸੀਂ ਖਾਲਸਾ ਕਾਲਜ ਅਤੇ ਦਰਬਾਰ ਸਾਹਿਬ ਦੇ ਇੰਤਜ਼ਾਮ ਵਿਚੋਂ ਸਰਕਾਰੀ ਦਾਬਾ ਕੱਢਣਾ ਹੈ। ਜੇ ਸਰਕਾਰੀ ਨੌਕਰੀ ਕਰ ਲਈ ਤਾਂ ਦੇਸ਼ ਦੀ ਕਿਸੇ ਸੇਵਾ ਹਿੱਸਾ ਨਹੀਂ ਲੈ ਸਕਾਂਗੇ। ਇਹੋ ਜਿਹੇ ਵਿਚਾਰਾਂ ਕਾਰਨ ਆਪ ਨੇ ਸਰਕਾਰੀ ਨੌਕਰੀ ਦਾ ਸੱਦਾ ਠੁਕਰਾ ਦਿੱਤਾ।

ਜਦੋਂ ਅਕਾਲੀ ਲਹਿਰ ਚਲ ਪਈ ਤਾਂ ਥਾਂ-ਥਾਂ ਸ੍ਰੀ ਦਰਬਾਰ ਸਾਹਿਬ ਦੀ ਆਜ਼ਾਦੀ ਲਈ ਮਤੇ ਸੋਧੇ ਗਏ। ਅੰਗ੍ਰੇਜ਼ ਸਰਕਾਰ ਟਾਲ-ਮਟੋਲ ਕਰ ਰਹੀ ਸੀ। ਸਿੱਖ ਜਨਤਾ ਸੰਤੁਸ਼ਟ ਨਹੀਂ ਸੀ। ਕੁਦਰਤ ਵੱਲੋਂ ਸਰਕਾਰ ਨੇ ਆਪਣੇ ਆਪ ਬਾਨ੍ਹਣੂ ਬੱਝਣ ਲਗੇ। ੧੨ ਅਕਤੂਬਰ, ੧੯੨੦ ਨੂੰ ਅੰਮ੍ਰਿਤਸਰ ਦੀ ਖਾਲਸਾ ਬਰਾਦਰੀ ਨੇ ਆਪਣਾ ਸਾਲਾਨਾ ਦੀਵਾਨ ਜਲ੍ਹਿਆਂ ਵਾਲੇ ਬਾਗ਼ ਵਿਚ ਰਖਿਆ ਅਤੇ ਐਲਾਨ ਕੀਤਾ ਕਿ ਉਥੇ ਨੀਵੀਆਂ ਅਖਵਾਉਣ ਵਾਲੀਆਂ ਜਾਤੀਆਂ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਅੰਮ੍ਰਿਤ ਛਕਾ ਕੇ ਅਭੇਦ ਵਰਤਾਇਆ ਜਾਇਗਾ, ਬਾਅਦ ਵਿਚ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਾਏ ਜਾਣਗੇ। ਇਸ ਦੇ ਉਲਟ ਦਰਬਾਰ ਸਾਹਿਬ ਦੇ ਪੁਜਾਰੀਆਂ ਵੱਲੋਂ ਢੰਡੋਰਾ ਫਿਰਾਇਆ ਗਿਆ ਕਿ ਉਸ ਦੀਵਾਨ ਵਿਚ ਕੋਈ ਸਿੱਖ ਨਾ ਜਾਵੇ। ਜਿਨ੍ਹਾਂ ਰਾਗੀਆਂ ਤੇ ਪ੍ਰਚਾਰਕਾਂ ਨੇ ਦੀਵਾਨ ਵਿਚ ਆਉਣਾ ਮੰਨਿਆ ਸੀ, ਉਹ ਵੀ ਕਤਰਾ ਗਏ। ਜਦ ਪ੍ਰਿੰਸੀਪਲ ਤੇਜਾ ਸਿੰਘ ਤੇ ਬਾਵਾ ਹਰਿਕਿਸ਼ਨ ਸਿੰਘ ਨੂੰ ਪਤਾ ਲੱਗਾ ਤਾਂ ਉਹ ਕਾਲਜ ਵਿਚ ਛੁੱਟੀ ਕਰਵਾ ਕੇ ਆਪਣੇ ਸਾਥੀ ਪ੍ਰੋਫੈਸਰਾਂ ਤੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਜਲ੍ਹਿਆਂ ਵਾਲੇ ਬਾਗ ਵਿਚ ਦੀਵਾਨ ਵਿਚ ਹਾਜ਼ਰ ਹੋ ਗਏ। ਅੰਮ੍ਰਿਤ-ਸੰਚਾਰ ਹੋਇਆ। ਅੰਮ੍ਰਿਤ ਛਕਣ ਵਾਲਿਆਂ ਨੂੰ ਦੂਜੇ ਦਿਨ ਹਰਿਮੰਦਰ ਸਾਹਿਬ ਲਿਜਾ ਕੇ ਅਭੇਦ ਵਰਤਾਉਣ ਖ਼ਾਤਰ ਉਨ੍ਹਾਂ ਵਲੋਂ ਕੜਾਹ ਪ੍ਰਸ਼ਾਦ ਦੇ ਕੌਲੇ ਭੇਟ ਕੀਤੇ ਗਏ। ਸੰਗਤ ਕੌਲੇ ਰਖ ਕੇ ਬੈਠ ਗਈ ਪਰ ਪੁਜਾਰੀ ਕਿਸੇ ਕੌਲ 'ਤੇ ਨਾ ਆਉਣ ਤੇ ਨਾ ਹੀ ਅਰਦਾਸ ਕਰਨ। ਇਸ ਮੌਕੇ 'ਤੇ ਪ੍ਰਿੰਸੀਪਲ ਤੇਜਾ ਸਿੰਘ ਤੇ ਬਾਵਾ ਹਰਿਕਿਸ਼ਨ ਸਿੰਘ ਕੁਝ ਕੁ ਸਿੱਖ ਆਗੂਆਂ ਨਾਲ ਉਥੇ ਹੀ ਸਨ। ਅੰਤ ਬਾਵਾ ਜੀ ਆਪ ਅਰਦਾਸ ਕਰਨ ਲਈ ਖੜੇ ਹੋ ਗਏ। ਇਤਨੇ ਵਿਚ ਭਾਈ ਕਰਤਾਰ ਸਿੰਘ ਝੱਬਰ ਤੇ ਭਾਈ ਤੇਜਾ ਸਿੰਘ ਚੂਹੜਕਾਣਾ ਵਾਲੇ ਅੰਦਰ ਆ ਗਏ। ਉਹਨਾਂ ਜ਼ੋਰ ਦਿੱਤਾ ਕਿ ਅਰਦਾਸ ਪੁਜਾਰੀਆਂ ਕੋਲੋਂ ਹੀ ਕਰਾਉਣੀ ਹੈ। ਝਗੜਾ ਨਿਪਟਦਾ ਨਾ ਵੇਖ ਕੇ ਸਲਾਹ ਬਣੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਾਕ ਲਿਆ ਜਾਵੇ। ਮੁੱਖ-ਗ੍ਰੰਥੀ ਭਾਈ ਗੁਰਬਚਨ ਸਿੰਘ ਜੀ ਨੇ ਹੁਕਮ ਲਿਆ ਜੋ ਇਉਂ ਸੀ :

ਸੋਰਠਿ ਮ: ੩ ਦੁਤੁਕੀ

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ।।

(ਪੰਨਾ-੬੩੮)

ਇਸ ਮਹਾਂ-ਵਾਕ ਦੇ ਉਚਾਰਣ ਹੋਣ ਸਾਰ ਸੰਗਤਾਂ ਉੱਪਰ ਸਨਾਟਾ ਛਾ ਗਿਆ। ਹਰੇਕ ਦੀਆਂ ਅੱਖਾਂ ਧੰਨਵਾਦ ਤੇ ਖੁਸ਼ੀ ਦੇ ਵਿਚੋਂ ਅਥਰੂ ਕਿਰਨ ਲਗ ਪਏ,। ਮੁੱਖ-ਗ੍ਰੰਥੀ ਸਾਹਿਬ ਨੇ ਅਰਦਾਸ ਕੀਤੀ ਤੇ ਸਭ ਤੋਂ ਪਹਿਲਾਂ ਪ੍ਰਸ਼ਾਦਿ ਲੈ ਕੇ ਛਕਿਆ। ਇੰਜ ਗੁਰਮਤਿ ਦੀ ਫ਼ਤਿਹ ਹੋਈ। ਇਹ ਵੇਖ ਕੇ ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਤਖ਼ਤ ਸਾਹਿਬ ਤੋਂ ਭੱਜ ਗਏ।

ਪੁਜਾਰੀਆਂ ਨੇ ਡਿਪਟੀ ਕਮਿਸ਼ਨਰ ਪਾਸ ਸ਼ਿਕਾਇਤ ਕੀਤੀ। ਉਸਨੇ ਇਕ ਪਾਸਿਓਂ ਪੁਜਾਰੀਆਂ ਨੂੰ ਅਤੇ ਦੂਜੇ ਪਾਸੇ ਪ੍ਰਿੰਸੀਪਲ ਤੇਜਾ ਸਿੰਘ, ਬਾਵਾ ਜੀ ਨੂੰ ਅਤੇ ਸੱਤਾਂ ਹੋਰਨਾਂ ਨੂੰ ਬੁਲਾਵਾ ਭੇਜਿਆ। ਪ੍ਰਿੰਸੀਪਲ ਤੇਜਾ ਸਿੰਘ ਤੇ ਬਾਵਾ ਜੀ ਤਾਂ ਪੁੱਜ ਗਏ ਅਤੇ ਨਾਲ ਕੁਝ ਹੋਰ ਸਾਥੀ ਵੀ, ਪਰ ਪੁਜਾਰੀ ਨਾ ਆਏ। ਇੰਜ ਸਹਿਜੇ ਸਹਿਜੇ ਦਰਬਾਰ ਸਾਹਿਬ ਦਾ ਪ੍ਰਬੰਧ ਪੰਥ ਦੇ ਹਵਾਲੇ ਕੀਤਾ ਗਿਆ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਢ ਸੀ। ਜਿਤਨੀਆਂ ਭੀ ਛੋਟੀਆਂ-ਵੱਡੀਆਂ ਕਮੇਟੀਆਂ ਬਣੀਆਂ ਇਨ੍ਹਾਂ ਸਾਰੀਆਂ ਕਮੇਟੀਆਂ ਵਿਚ ਪ੍ਰਿੰਸੀਪਲ ਤੇਜਾ ਸਿੰਘ ਸ਼ਾਮਲ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਦ **ਸਿੱਖ ਰਹਿਤ ਮਰਯਾਦਾ** ਦਾ ਖਰੜਾ ਤਿਆਰ ਕੀਤਾ ਗਿਆ ਤਾਂ ਉਸ ਵਿਚ ਆਪ ਨੇ ਭਰਪੂਰ ਹਿੱਸਾ ਪਾਇਆ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਆਪ ਦੇ ਸਾਹਮਣੇ ਸ਼ੁਰੂ ਹੋਈ, ਜਿਸ ਵਿਚ ਆਪ ਦਾ ਚੋਖਾ ਯੋਗਦਾਨ ਸੀ। ਆਪ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਬੰਧੀ ਇਕ ਪੁਸਤਕ ਲਿਖੀ ਜਿਸ ਦੇ ਨਵੇਂ ਐਡੀਸ਼ਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਪੇ ਹਨ। ਸ਼੍ਰੋਮਣੀ ਕਮੇਟੀ ਵੱਲੋਂ *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ* ਦੀਆਂ ਵੀ ਕਈ ਐਡੀਸ਼ਨਾਂ ਛਪੀਆਂ ਹਨ। ਪ੍ਰਿੰਸੀਪਲ ਸਾਹਿਬ ਨੇ ਅਨੇਕਾਂ ਪੁਸਤਕਾਂ ਤੇ ਟ੍ਰੈਕਟ ਪੰਜਾਬੀ, ਅੰਗ੍ਰੇਜ਼ੀ, ਉਰਦੂ ਤੇ ਹਿੰਦੀ ਵਿਚ ਲਿਖੇ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਆਪ ਵੱਲੋਂ ਕਈ ਇੰਦਰਾਜ ਬੜੇ ਸ਼ਲਾਘਾਯੋਗ ਹਨ। ਇਸ ਕੋਸ਼ ਦੀ ਭੂਮਿਕਾ ਵੀ ਪ੍ਰਿੰਸੀਪਲ ਤੇਜਾ ਸਿੰਘ ਨੇ ਹੀ ਲਿਖੀ। ਆਪ ਨੇ ਕਈ ਨਵੇਂ ਲਿਖਾਰੀਆਂ ਨੂੰ ਉਨ੍ਹਾਂ ਦੀਆਂ ਪੁਸਤਕਾਂ ਦੀਆਂ ਭੂਮਿਕਾਂ ਲਿਖ ਕੇ ਉਤਸ਼ਾਹਿਤ ਵੀ ਕੀਤਾ।

ਪ੍ਰਿੰਸੀਪਲ ਤੇਜਾ ਸਿੰਘ ਦੀਆਂ ਆਪਣੀਆਂ ਕੁਝ ਪੁਸਤਕਾਂ ਦੀਆਂ ਅਨੇਕਾਂ ਐਡੀਸ਼ਨਾਂ ਛਪੀਆਂ ਹਨ। ਆਪ ਦੀਆਂ ਅੰਗ੍ਰੇਜ਼ੀ ਦੀਆਂ ਕੁਝ ਬਹੁਤ ਪ੍ਰਸਿੱਧ ਪੁਸਤਕਾਂ ਹਨ :

Sikhism: Its ideals and Institutions, Essays in Sikhism, Growth of Responsibility in Sikhism, High Roads of the Sikhs

ਪ੍ਰੋ. ਗੰਡਾ ਸਿੰਘ ਨਾਲ ਰਲ ਕੇ ਆਪ ਨੇ **A short History of the Sikhs** ਲਿਖੀ। ਇਸ ਦਾ ਪੰਜਾਬੀ ਅਨੁਵਾਦ ਹੁਣ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ ਹੋਇਆ ਹੈ।

ਪ੍ਰਿੰਸੀਪਲ ਤੇਜਾ ਸਿੰਘ ਨੇ ਕੁਝ ਇਕ ਵਾਰੀ ਸਰਬ ਧਰਮ ਸੰਮੇਲਨਾਂ ਵਿਚ ਹਿੱਸਾ ਲਿਆ। ਰਾਮਾ ਕ੍ਰਿਸ਼ਨਾ ਸੌ ਸਾਲਾ ਕਮੇਟੀ ਵੱਲੋਂ ਜੋ ਚਾਰ ਵੱਡੀਆਂ ਸੰਚੀਆਂ *Cultural*

Heritage of India, ਨਾਮ ਦੀਆਂ ਮਸ਼ਹੂਰ ਪੁਸਤਕਾਂ ਛਪੀਆਂ, ਉਨ੍ਹਾਂ ਵਿਚ ਦੋ ਸਿੱਖ ਵਿਦਵਾਨਾਂ ਵੱਲੋਂ ਸਿੱਖ ਧਰਮ ਬਾਰੇ ਲੇਖ ਛਾਪੇ ਗਏ। ਇਕ ਸਨ ਪ੍ਰਿੰਸੀਪਲ ਤੇਜਾ ਸਿੰਘ ਤੇ ਦੂਸਰੇ ਸ੍ਰ: ਗੁਰਮੁਖ ਨਿਹਾਲ ਸਿੰਘ, ਜੋ ਉਸ ਵੇਲੇ ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਪ੍ਰੋਫੈਸਰ ਸਨ।

ਪ੍ਰਿੰਸੀਪਲ ਤੇਜਾ ਸਿੰਘ ਆਖ਼ਰੀ ਉਮਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਕਰ ਰਹੇ ਸਨ। ਉਨ੍ਹਾਂ ਨੇ ਮਾਝ ਰਾਗ ਤਕ ਉਲੱਥਾ ਕੀਤਾ ਪਰ ਜੀਵਨ ਨੇ ਸਾਥ ਨਾ ਦਿੱਤਾ, ਇਸ ਲਈ ਉਹ ਇਹ ਕਾਰਜ ਮੁਕੰਮਲ ਨਾ ਕਰ ਸਕੇ। ਆਪ ਦਾ ਕੀਤਾ ਹੋਇਆ ਇਹ ਅਨੁਵਾਦ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤਾ ਹੈ।

ਭਾਈ ਹੀਰਾ ਸਿੰਘ ਜੀ ਰਾਗੀ

ਭਾਈ ਹੀਰਾ ਸਿੰਘ ਅਜੇਹੇ ਅਨੇਕਾਂ ਲਿਸ਼ਕਦੇ ਪਹਿਲੂਆਂ ਵਾਲੇ ਹੀਰੇ ਸਨ, ਜਿਨ੍ਹਾਂ ਦੇ ਜੀਵਨ ਦੇ ਕਿਸੇ ਪਹਿਲੂ ਨੂੰ ਵੀ ਦੇਖਿਆ ਜਾਵੇ ਤਾਂ ਉਧਰੋਂ ਹੀ ਪੂਰੇ ਸੂਰੇ ਨਜ਼ਰ ਪੈਂਦੇ ਹਨ। ਉਹਨਾਂ ਦੇ ਜੀਵਨ ਦੇ ਹਾਲਾਤ ਜਿਉਂ-ਜਿਉਂ ਮੈਂ ਵਾਚਦਾ ਗਿਆ, ਸੰਚਿਤ ਕੀਤੀ ਸੈਂਚੀ ਅਤੇ ਰੀਪੋਰਟ ਵਿਚ ਦੇਖਦਾ ਗਿਆ, ਮੇਰਾ ਅੰਦਰਲਾ ਸ਼ਰਧਾ ਦੇ ਰੰਗ ਨਾਲ ਭਰ ਕੇ ਅੱਖਾਂ ਥੀਂ ਵਗਦਾ ਰਿਹਾ। ਮੁੜ-ਮੁੜ ਖਿਆਲ ਉਭਰਦੇ ਰਹੇ, ਅਜੇਹਾ ਲਾਸਾਨੀ ਪੰਥ ਸੇਵਕ, ਅਜੇਹਾ ਨਿਰਮਾਣ ਪ੍ਰਚਾਰਕ, ਅਜੇਹਾ ਨਿਰਲੋਭ ਕੀਰਤਨੀਆਂ, ਅਦਭੁਤ ਵਿਆਖਿਆਕਾਰ ਕੀ ਸਿੱਖ ਪੰਥ ਵਿਚ ਏਸ ਸਦੀ ਕੋਈ ਹੋਰ ਵੀ ਹੋਇਆ ਹੈ? ਜਿੰਨੇ ਗੁਣ ਭਾਈ ਹੀਰਾ ਸਿੰਘ ਜੀ ਵਿਚ ਸਨ, ਏਨੇ ਕਿਸੇ ਹੋਰ ਵਿਚ ਹੋਣ ਤਦ ਵੀ ਉਸ ਉਪਰ ਉਂਗਲੀ ਟਿਕਾਈ ਜਾ ਸਕੇ? ਏਨੇ ਸੁੰਦਰ ਗੁਣਾਂ 'ਤੇ ਰਸਭਿੰਨੀਆਂ ਸੁਗੰਧੀਆਂ ਦਾ ਗੁਲਦਸਤਾ ਕਿਸੇ ਇਕ ਵਿਅਕਤੀ ਦੇ ਰੂਪ ਵਿਚ ਬੱਝਿਆ ਹੋਵੇ, ਤਦ ਹੀ ਕਿਸੇ ਦਾ ਜ਼ਿਕਰ ਕੀਤਾ ਜਾ ਸਕੇ?' ਇਹ ਉਪਰੋਕਤ ਵੀਚਾਰ *ਸਿੰਘ ਸਭਾ ਪਤ੍ਰਿਕਾ* ਦੇ *ਭਾਈ ਹੀਰਾ ਸਿੰਘ ਅੰਕ* (ਨਵੰਬਰ ੧੯੭੯) ਵਿਚ ਪ੍ਰਸਿੱਧ ਵਿਦਵਾਨ ਗਿਆਨੀ ਗੁਰਦਿੱਤ ਸਿੰਘ ਜੀ ਦੇ ਹਨ। ਇਸੇ ਸੰਦਰਭ ਵਿਚ ਡਾ: ਬਲਬੀਰ ਸਿੰਘ ਨੇ ਇਕ ਥਾਂ ਲਿਖਿਆ ਹੈ, ਕਿ ਭਾਈ ਮਰਦਾਨਾ ਰਬਾਬੀ ਨਹੀਂ, ਰਬਾਬ ਸੀ। ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਭਾਈ ਹੀਰਾ ਸਿੰਘ ਕੀਰਤਨੀਆਂ ਨਹੀਂ, ਕੀਰਤਨ ਹੀ ਸੀ।

ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਦਾ ਜਨਮ ਸੰਨ ੧੮੭੯ ਈ: ਵਿਚ ਇਕ ਪਛੜੇ ਤੇ ਮੁਸਲਮਾਨੀ ਇਲਾਕੇ ਦੇ ਪਿੰਡ ਫਿਰੂਕਾ (ਪਾਕਿਸਤਾਨ) ਵਿਖੇ ਭਾਈ ਭਾਗ ਸਿੰਘ ਦੇ ਗ੍ਰਿਹ ਮਾਤਾ ਸਤ ਭਿਰਾਈ ਜੀ ਦੀ ਕੁਖੋਂ ਹੋਇਆ। ਆਪਣੇ ਸੁਭਾਅ ਤੇ ਸੰਤ-ਰੂਪ ਮਾਤਾ ਦੇ ਸ਼ੁਭ ਗੁਣ ਗ੍ਰਹਿਣ ਕਰਦਿਆਂ ਅਤੇ ਆਪਣੇ ਗੁਰਮੁਖ ਦਾਦਾ ਭਾਈ ਜੀਵਨ ਸਿੰਘ ਦੀ ਗੋਦੀ ਵਿਚ ਗੁਰਬਾਣੀ ਸੁਣਦਿਆਂ ਤੇ ਪੜ੍ਹਦਿਆਂ ਇਹ ਬਾਲਕ ਵੱਡਾ ਹੋਇਆ। ਫਿਰ ਗੁਰਮਤਿ ਦੇ ਵਿਦਵਾਨ ਭਾਈ ਮਾਹਣਾ ਸਿੰਘ ਜੀ ਤੋਂ ਗੁਰਬਾਣੀ ਤੇ ਗੁਰ-ਇਤਿਹਾਸ ਦੀ ਸਿਖਿਆ ਪ੍ਰਾਪਤ ਕਰਕੇ ਤੇ ਸੰਗੀਤ ਆਪਣੇ ਪਿਤਾ ਤੋਂ ਵਿਰਸੇ ਵਿਚ ਲੈ ਕੇ ਯੁਵਕ ਅਵਸਥਾ ਵਿਚ ਸ੍ਰੀ ਅੰਮ੍ਰਿਤਸਰ ਗੁਰੂ ਰਾਮਦਾਸ ਜੀ ਦੇ ਦਰਬਾਰ ਪੁੱਜੇ। ਇਥੇ ਸੇਵਾ ਸਿਮਰਨ ਦੇ ਨਾਲ ਸ੍ਰ: ਅਤਰ ਸਿੰਘ ਜੀ ਦੀ ਸ਼ੁਭ ਸੰਗਤ 'ਚੋਂ ਨਾਮ ਦੀ ਰੰਗਣ ਚੜ੍ਹੀ ਹੈ ਤੇ ਸਤਿਸੰਗ ਪ੍ਰਾਪਤ ਹੋਇਆ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ, ਜਿਸ ਨੇ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ। ਇਹਨਾਂ ਸਾਰਿਆਂ ਵਿਅਕਤੀਆਂ ਦਾ ਪ੍ਰਭਾਵ ਭਾਈ ਹੀਰਾ ਸਿੰਘ ਦੀ ਸ਼ਖ਼ਸੀਅਤ ਦੇ ਵਿਕਾਸ 'ਪਰ ਪੈਣਾ ਸੁਭਾਵਿਕ ਸੀ।

੧੯੯੭-੯੮ ਈ: ਵਿਚ ਜਦੋਂ ਭਾਈ ਹੀਰਾ ਸਿੰਘ ਨੇ ਕੀਰਤਨ ਕਰਨਾ ਅਰੰਭ ਕੀਤਾ ਸੀ, ਲਾਊਡ ਸਪੀਕਰ ਦਾ ਯੁੱਗ ਨਹੀਂ ਸੀ। ਭਾਈ ਸਾਹਿਬ ਦੇ ਕੀਰਤਨਾਂ ਵਿਚ ਹਾਜ਼ਰੀ ਕਾਫੀ ਹੁੰਦੀ। ਸੰਗਤਾਂ ਨੀਯਤ ਸਮੇਂ ਤੋਂ ਪਹਿਲਾਂ ਆ ਜੁੜਦੀਆਂ ਤਾਂ ਜੋ ਅੱਗੇ ਜਗ੍ਹਾ ਲੱਭ ਸਕੇ।

ਭਾਈ ਤੇਜਾ ਸਿੰਘ ਜੀ ਕੋਹਲੀ ਨੇ *ਗੁਰਮਤਿ ਪ੍ਰਕਾਸ਼* (ਮਾਰਚ ੧੯੬੪) ਵਿਚ ਲਿਖਿਆ ਸੀ, 'ਇਹ ਗੱਲ ਨਿਰਸੰਦੇਹ ਹੈ ਕਿ ਇਕ ਵਾਰੀ ਵੀ ਜਿਸ ਸ਼ਖ਼ਸ ਨੇ ਭਾਈ ਹੀਰਾ ਸਿੰਘ ਜੀ ਦਾ ਕੀਰਤਨ ਤੇ ਵਿਆਖਿਆ ਸੁਣੀ ਤੇ ਉਨ੍ਹਾਂ ਦੇ ਗੁਰੂ-ਚਰਨਾਂ ਨਾਲ ਜੁੜੇ ਮਨ ਅਤੇ ਗੁਰਬਾਣੀ ਨਾਲ ਅੰਦਰੋਂ-ਬਾਹਰੋਂ ਫੁੱਟ-ਫੁੱਟ ਪੈਂਦੇ ਪ੍ਰੇਮ ਦੀ ਦਸ਼ਾ ਵੇਖੀ, ਉਹ ਪਹਿਲਾਂ ਵਰਗਾ ਨਾ ਰਹਿ ਸਕਦਾ। ਉਹ ਬਦਲ ਜਾਂਦਾ। ਉਹ ਸਚਾਈ, ਧਰਮ ਅਤੇ ਵਧੀਆ ਇਨਸਾਨੀਅਤ ਦੀ ਲੋਚਾ ਵਿਚ ਤੜਪ ਉੱਠਦਾ।'

ਭਾਈ ਹੀਰਾ ਸਿੰਘ ਜਿਸ ਸ਼ਹਿਰ ਵਿਚ ਜਾਂਦੇ ਉਥੇ ਹਿੰਦੂ-ਮੁਸਲਮਾਨ-ਸਿੱਖ-ਈਸਾਈ ਸਾਰੇ ਹੀ ਉਹਨਾਂ ਦਾ ਅੰਮ੍ਰਿਤਮਈ ਕੀਰਤਨ ਸੁਣਨ ਲਈ ਆਉਂਦੇ। ਇਕ ਵਾਰੀ ਆਪ ਗਵਾਲੀਅਰ ਵਿਚ ਕੀਰਤਨ ਕਰ ਰਹੇ ਸਨ। ਉਹਨਾਂ ਦੀ ਸੁਰੀਲੀ ਅਤੇ ਰਸੀਲੀ ਆਵਾਜ਼ ਤੋਂ ਧੁਰ ਦੀ ਬਾਣੀ ਦੇ ਬੋਲ ਇਕ ਮੁਸਲਮਾਨ 'ਹਾਜੀ ਮੁਹੰਮਦ ਮਸਕੀਨ' ਨੇ ਸੁਣੇ। ਉਸ ਦਾ ਹਿਰਦਾ ਤੜਪ ਉਠਿਆ ਤੇ ਉਹ ਆਪ ਦੇ ਕੋਲ ਆਇਆ। ਉਸ ਨੇ ਕਿਹਾ, 'ਮੈਂ ਜੀਵਨ ਦੇ ਪੰਜਾਹ ਸਾਲ ਮੱਕੇ ਮਦੀਨੇ ਵਿਚ ਰਿਹਾਂ ਹਾਂ। ਮੇਰੀ ਉਮਰ ਇਸ ਸਮੇਂ ਸੱਤਰ ਸਾਲ ਦੀ ਹੈ। ਮੈਂ ਮੱਕੇ ਵਿਚ ਬੈਠ ਕੇ, ਮਨ ਨੂੰ ਖੁਦਾਵੰਦ ਕਰੀਮ ਦੇ ਚਰਨੀਂ ਜੋੜ ਕੇ ਨੌਂ ਮਣ, ਚੌਂਦਾਂ ਸੇਰ ਚੰਦਨ ਵਿਚੋਂ, ਇਕ ਲੱਖ ਪੰਜਤਾਲੀ ਹਜ਼ਾਰ ਵਾਲਾਂ ਤੋਂ ਬਰੀਕ ਤਾਰਾਂ ਤਿਆਰ ਕਰਕੇ ਇਕ ਚੰਦਨ ਦਾ ਚੌਰ ਤਿਆਰ ਕੀਤਾ ਹੈ। ਇਸ ਨੂੰ ਤਿਆਰ ਕਰਨ ਵਿਚ ਪੰਜ ਸਾਲ ਸੱਤ ਮਹੀਨੇ ਲੱਗੇ ਹਨ। ਇਹ ਮੈਂ ਕਿਸੇ ਪਵਿੱਤਰ ਸਥਾਨ 'ਤੇ ਭੇਟਾ ਕਰਨਾ ਚਾਹੁੰਦਾ ਹਾਂ। ਮੈਨੂੰ ਆਪ ਦਾ ਕੀਰਤਨ ਸੁਣ ਕੇ ਬੜਾ ਆਨੰਦ ਆਇਆ ਹੈ। ਭਾਈ ਸਾਹਿਬ ਦੀ ਪ੍ਰੇਰਨਾ ਸਦਕਾ ਉਸ ਨੇ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ ਅਤੇ 'ਚੰਦਨ ਦਾ ਚੌਰ' ਬੜੇ ਪਿਆਰ ਅਤੇ ਅਦਬ ਨਾਲ ਭੇਟਾ ਕੀਤਾ। ਜਿਸ ਚੰਦਨ ਦੇ ਚੌਰ ਦੇ ਅਸੀਂ ਤੋਸ਼ਾਖਾਨਾ ਸ੍ਰੀ ਦਰਬਾਰ ਸਾਹਿਬ ਵਿਚ ਦਰਸ਼ਨ ਕਰਦੇ ਹਾਂ, ਉਸਨੂੰ 'ਹਾਜ਼ੀ ਮੁਹੰਮਦ ਮਸਕੀਨ' ਨੇ ਹੀ ਭੇਟ ਕੀਤਾ ਸੀ। ਅਜਿਹੀਆਂ ਹੋਰ ਵੀ ਬਹੁਤ ਘਟਨਾਵਾਂ ਭਾਈ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਹਨ, ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਸਾਡਾ ਮਨ ਉਨ੍ਹਾਂ ਪ੍ਰਤੀ ਸ਼ਰਧਾ ਨਾਲ ਝੁਕ ਜਾਂਦਾ ਹੈ।

ਭਾਈ ਸਾਹਿਬ ਨੇ ਜੀਵਨ ਭਰ ਨਿਰੋਲ ਗੁਰਮਤਿ ਦਾ ਪ੍ਰਚਾਰ ਕੀਤਾ। ਆਪਣੀ ਜਾਦੂ-ਬਿਆਨੀ ਨਾਲ ਹਜ਼ਾਰਾਂ ਮਨੁੱਖਾਂ ਕੋਲੋਂ ਨਸ਼ਿਆਂ ਅਤੇ ਹੋਰ ਕੁਰੀਤੀਆਂ ਦਾ ਤਿਆਗ ਕਰਵਾਇਆ। ਗੁਰ-ਮਰਿਯਾਦਾ ਅਨੁਸਾਰ ਅਨੰਦ ਕਾਰਜ ਦੀ ਰਸਮ ਨੂੰ ਪ੍ਰਚਲਤ ਕੀਤਾ। ਗੁਰਦੁਆਰਿਆਂ ਦੇ ਪ੍ਰਬੰਧ ਸੁਧਾਰ ਨਮਿੱਤ ਦਿਲ ਹਿਲਾ ਦੇਣ ਵਾਲੀ ਵਿਆਖਿਆ ਨਾਲ ਸੁੱਤੀ ਕੌਮ ਨੂੰ ਜਗਾਇਆ। ਬੇਅੰਤ ਹੀ ਭਟਕੇ ਹੋਇਆਂ ਨੂੰ ਗੁਰਮਤਿ ਮਾਰਗ ਦੇ ਪਾਂਧੀ ਬਣਾਇਆ ਅਤੇ ਸਿੰਘ ਸਜਾਇਆ। ਇਹ ਠੀਕ ਹੈ ਕਿ ਜਦ ਆਪ ਕੀਰਤਨ ਕਰਦੇ ਸਨ ਤਾਂ ਲੱਛਮੀ ਮੀਂਹ ਦੀ ਤਰ੍ਹਾਂ ਵਰਸਦੀ ਸੀ, ਪਰ ਆਪ ਦਾ ਯਤਨ ਹੁੰਦਾ ਸੀ ਕਿ ਜੋ ਵੀ ਮਾਇਆ ਆਵੇ,

ਉਹ ਵੱਧ ਤੋਂ ਵੱਧ ਪੰਥਕ ਕਾਰਜਾਂ ਵਿਚ ਖਰਚ ਹੋਵੇ। ਸਹੀ ਅਰਥਾਂ ਵਿਚ ਉਹ ਮਾਇਆ ਤੋਂ ਨਿਰਲੇਪ ਰਹਿੰਦੇ ਸਨ। ਭਾਈ ਜੋਧ ਸਿੰਘ ਜੀ ਪ੍ਰਿੰਸੀਪਲ ਨੇ ਲਿਖਿਆ ਹੈ ਕਿ **'ਉਨ੍ਹਾਂ ਦਾ ਮੁੱਖ ਪ੍ਰਯੋਜਨ ਪ੍ਰਚਾਰ ਸੀ, ਨਾ ਕਿ ਮਾਇਆ ਇਕੱਤਰ ਕਰਨਾ।** ਇਸ ਲਈ ਉਹ ਇਤਨੇ ਕਾਮਯਾਬ ਪ੍ਰਚਾਰਕ ਸਨ।

ਪ੍ਰਸਿੱਧ ਹਿਸਟੋਰੀਅਨ ਬਾਬਾ ਪ੍ਰੇਮ ਸਿੰਘ ਹੁਰਾਂ ਲਿਖਿਆ ਸੀ, 'ਭਾਈ ਸਾਹਿਬ ਕੇਵਲ ਰਾਗੀ ਨਹੀਂ ਸਨ, ਸਗੋਂ ਰਾਗੀ ਹੋਣ ਦੇ ਨਾਲ ਨਾਲ, ਉਚ ਪੰਥਕ ਉੱਨਤੀ ਦੇ ਸਾਰੇ ਕੰਮਾਂ ਦੀ ਰੂਹ ਸਨ। ਵਿਦਿਅਕ, ਧਾਰਮਿਕ ਅਤੇ ਸੁਧਾਰਕ ਆਦਿ ਐਸੀ ਕੋਈ ਲਹਿਰ ਨਹੀਂ ਸੀ ਜਿਸ ਵਿਚ ਭਾਈ ਹੀਰਾ ਸਿੰਘ ਜੀ ਨੇ ਤਨ ਮਨ ਧਨ ਕਰਕੇ ਵੱਧ ਤੋਂ ਵੱਧ ਹਿੱਸਾ ਨਾ ਲਿਆ ਹੋਵੇ।' ਸਿੰਘ ਸਭਾ ਲਹਿਰ ਦੇ ਆਪ ਸਰਗਰਮ ਮੈਂਬਰ ਸਨ। ਚੀਫ ਖਾਲਸਾ ਦੀਵਾਨ ਦੀ ਸਥਾਪਨਾ ਅਤੇ ਸਿੱਖ ਐਜੂਕੇਸ਼ਨ ਕਾਨਫਰੰਸ ਦੀ ਸਥਾਪਨਾ ਕਰਨ ਵਾਲਿਆਂ ਵਿਚ ਆਪ ਇਕ ਮੋਢੀ ਸਨ। ਕਾਨਫਰੰਸਾਂ ਵਿਚ ਅਪੀਲ ਦੀ ਸੇਵਾ ਆਪ ਦੇ ਹਿੱਸੇ ਆਉਂਦੀ ਸੀ। ਆਪ ਦੀ ਅਪੀਲ ਵਿਚ ਇੰਨੀ ਸ਼ਕਤੀ ਹੁੰਦੀ ਸੀ ਕਿ ਸੰਗਤਾਂ ਦੀਆਂ ਜੇਬਾਂ ਵਿਚੋਂ ਰੁਪਏ ਉਛਲ ਕੇ ਬਾਹਰ ਆ ਪੈਂਦੇ ਸਨ। ਆਪਣੇ ਵਾਜੇ 'ਤੇ ਆਈ ਮਾਇਆ ਵੀ ਉਥੇ ਹੀ ਦੇ ਦਿੰਦੇ ਸਨ। ਗਿਆਨੀ ਗੁਰਮੁਖ ਸਿੰਘ 'ਮੁਸਾਫਿਰ' ਅਨੁਸਾਰ ਪ੍ਰਚਾਰ ਸਬੰਧੀ ਜੋ ਰਸ ਭਾਈ ਹੀਰਾ ਸਿੰਘ ਜੀ ਦੀ ਕਥਨੀ ਵਿਚ ਸੀ, ਉਸ ਦੀ ਮਿਸਾਲ ਉਹ ਆਪ ਹੀ ਸਨ।

ਭਾਈ ਹੀਰਾ ਸਿੰਘ ਜੀ ਦਾ ਜੀਵਨ ਕਰੜੀ ਘਾਲ ਦਾ ਜੀਵਨ ਸੀ। ਹਰ ਇਕ ਦੀਵਾਨ ਸਮਾਗਮ ਤੇ ਭਾਈ ਸਾਹਿਬ ਦੀ ਹਾਜ਼ਰੀ ਜ਼ਰੂਰੀ ਸਮਝੀ ਜਾਂਦੀ ਸੀ। ਇਤਨੇ ਸਮਾਗਮਾਂ ਵਿਚ ਘਾਲ ਭਰੀ ਜ਼ਿੰਦਗੀ ਲਗਾਤਾਰ ਪੰਝੀ-ਛੱਬੀ ਵਰ੍ਹੇ ਚਲਦੀ ਰਹੀ ਜਿਸ ਨੂੰ ਆਪ ਦਾ ਸਰੀਰ ਬਰਦਾਸ਼ਤ ਨਾ ਕਰ ਸਕਿਆ ਤੇ ਆਪ ਰੋਗ-ਗ੍ਰਸਤ ਹੋ ਗਏ। ਆਪ ਦੀਆਂ ਆਂਦਰਾਂ ਵਿਚ ਕੈਂਸਰ ਹੋ ਗਿਆ ਜਿਸਦਾ ਪਤਾ ੧੯੨੪ ਈ: ਵਿਚ ਚਲਿਆ ਪਰ ਸੰਗਤਾਂ ਦਾ ਹੁਕਮ ਮੰਨ ਕੇ ਆਪ ਸਮਾਗਮਾਂ ਵਿਚ ਫਿਰ ਵੀ ਪੁੱਜਦੇ ਰਹੇ। ਅੰਤ ੧੯੨੫ ਈ: ਵਿਚ ਆਪ ਬਹੁਤ ਕਮਜ਼ੋਰ ਹੋ ਗਏ। ਦੂਰ ਦੂਰ ਤਕ ਗੁਰਮਤਿ ਦਾ ਪ੍ਰਕਾਸ਼ ਕਰਨ ਵਾਲਾ ਇਹ ਚੰਦਰਮਾ ੨ ਸਤੰਬਰ, ੧੯੨੬ ਨੂੰ ਡੇਹਰਾਦੂਨ ਦੀ ਧਰਤੀ ਤੇ ਸਦਾ ਲਈ ਅਲੋਪ ਹੋ ਗਿਆ। ਭਾਵੇਂ ਸਰੀਰ ਕਰਕੇ ਅੱਜ ਸਾਡੇ ਦਰਮਿਆਨ ਨਹੀਂ ਪਰ ਉਹਨਾਂ ਦੇ ਜੀਵਨ ਪ੍ਰਤੀ ਇਤਿਹਾਸਕ ਦਸਤਾਵੇਜ਼ ਉਸ ਚੰਦਰਮਾ ਦੀਆਂ ਰਿਸ਼ਮਾਂ ਨੂੰ ਸਾਂਭੀ ਬੈਠੇ ਹਨ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਮਾਰਗ-ਦਰਸ਼ਕ ਸਾਬਤ ਹੋਣਗੇ। ਭਾਈ ਸਾਹਿਬ ਦੇ ਅਕਾਲ-ਚਲਾਣੇ ਤੇ ਪ੍ਰੋ: ਪੂਰਨ ਸਿੰਘ ਦਾ ਕਵੀ ਹਿਰਦਾ ਦਿਲ ਚੀਰਵੀਂ ਆਵਾਜ਼ ਵਿਚ ਬੋਲ ਉਠਿਆ:-

ਕੋਇਲ ਵਾਂਗ ਕੂਕਿਆ ਤੂੰ
ਅਤੇ ਤੂੰ ਭਰਾਵਾ ਦੱਸਿਆ
ਮਨੁੱਖ ਹੋਣਾ ਬੱਸ ਮਿੱਠੀ ਆਵਾਜ਼ ਹੈ
ਸਿੱਖ ਹੋਣਾ ਚੁੱਪ ਹੋਣਾ ਕੰਬ ਖਲੋਣਾ
ਪੱਥਰ ਮੋਮ ਕਰਨੇ ਆਵਾਜ਼ ਨਾਲ

ਦਿਲ ਛੁਪਾਣਾ ਆਪਣਾ ਤੇ ਦਿਲ ਹਿਲਾਣਾ ਸੰਸਾਰ ਦਾ
ਰਹਿਣਾ ਨਿਮਾਣਾ
ਪਰ ਸਦਾ ਉਠਾਣਾ ਝੰਡਾ ਅਕਾਲੀ ਸਰਕਾਰ ਦਾ
ਕੀਰਤਨ ਤੇਰਾ ਚੀਰਦੀ ਦਿਲ ਦੀ ਅਕਲ
ਵਸਾਂਦੀ ਬੀਆਬਾਨ ਨੂੰ
ਜਾਂਦੀ ਅਨੰਤ ਨੂੰ ਗਾਉਂਦੀ ਨਾਉਂ ਅਰਸ਼ੀ ਸਰਕਾਰ ਦਾ।

ਇਸੇ ਤਰ੍ਹਾਂ ਆਪ ਦੇ ਅਕਾਲ-ਚਲਾਣੇ 'ਪਰ ਖਾਲਸਾ ਸਮਾਚਾਰ (੯ ਸਤੰਬਰ, ੧੯੨੬) ਦੇ ਮੁੱਖ ਲੇਖ ਦੇ ਇਹ ਸ਼ਬਦ ਵਰਣਨਯੋਗ ਹਨ।

"ਇਸ ਗੱਲ ਵਿਚ ਰੱਤੀ ਜਿੰਨੀ ਵੀ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਪਿਛਲੇ ਪੰਝੀ ਸਾਲਾਂ ਵਿਚ ਆਪਣੀਆਂ ਤਕਰੀਰਾਂ ਨਾਲ ਜਿੰਨੀਆਂ ਰੂਹਾਂ ਨੂੰ ਨਾਸਤਿਕਤਾ, ਅਸ਼ਰਧਕਤਾ ਤੇ ਵਿਸ਼ੇ-ਵਿਕਾਰਾਂ ਦੇ ਗੜ੍ਹ ਵਿਚੋਂ ਕੱਢ ਕੇ ਸ਼ੁੱਧ ਤੇ ਪਵਿੱਤਰ ਬਣਾ, ਗੁਰੂ-ਗੋਦੀ ਵਿਚ ਇਸ ਇਕੱਲੇ ਜਰਨੈਲ ਨੇ ਬਿਠਾਇਆ, ਘੱਟੋ ਘੱਟ ਕੰਮ ਇਸ ਸਮੇਂ ਵਿਚ ਕਿਸੇ ਇਕ ਆਦਮੀ ਨੇ ਨਹੀਂ ਕੀਤਾ।"

ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲਿਆਂ ਨੇ ਭਾਈ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਫੁਰਮਾਇਆ ਸੀ, **"ਭਾਈ ਹੀਰਾ ਸਿੰਘ ਰੇਸ਼ਮ ਦਾ ਕੀੜਾ ਸੀ ਜੋ ਰੇਸ਼ਮ ਕੱਢਦਾ ਕੱਢਦਾ ਆਪ ਬੱਸ ਹੋ ਗਿਆ।"** ਗੱਲ ਤਾਂ ਉਮਰਾਂ ਦੇ ਫਾਸਲਿਆਂ ਦੀ ਹੈ। ਸਾਡੀ ਪੀੜ੍ਹੀ ਦੇ ਸਰੋਤਿਆਂ ਨੂੰ ਭਾਈ ਸਾਹਿਬ ਦਾ ਕੀਰਤਨ ਸ੍ਰਵਣ ਕਰਨ ਦਾ ਮੌਕਾ ਨਹੀਂ ਮਿਲਿਆ। ਕਾਸ਼! ਵਰਤਮਾਨ ਸਮੇਂ ਵਾਂਗ ਉਦੋਂ ਵੀ ਕੋਈ ਕੀਰਤਨ ਰੀਕਾਰਡ ਕਰਨ ਦਾ ਪ੍ਰਬੰਧ ਹੁੰਦਾ !

ਮਾਸਟਰ ਤਾਰਾ ਸਿੰਘ ਜੀ

ਪੰਥ ਰਤਨ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਦੀ ਸਰਬਾਂਗੀ ਸ਼ਖ਼ਸੀਅਤ ਬਾਰੇ ਲਿਖਣ ਲੱਗਿਆਂ ਸਾਧਾਰਨ ਮਨੁੱਖੀ ਬੁੱਧੀ ਦੁਚਿਤੀ ਹੋ ਜਾਂਦੀ ਹੈ ਕਿ ਉਹਨਾਂ ਦੇ ਜੀਵਨ ਦੇ ਕਿਹੜੇ ਪੱਖ ਨੂੰ ਪਹਿਲੇ ਦਰਸਾਇਆ ਜਾਵੇ।

ਮਾਸਟਰ ਤਾਰਾ ਸਿੰਘ ਜੀ ਆਪਣੀ ਘਾਲਣਾ ਸਿਆਣਪ, ਪੰਥਕ ਸੂਝ-ਬੂਝ, ਧਾਰਮਿਕ ਜੀਵਨ, ਕੁਰਬਾਨੀ ਤੇ ਤਪ-ਤਿਆਗ ਦੇ ਆਸਰੇ ੫੦ ਸਾਲ ਖਾਲਸਾ ਪੰਥ ਦੇ ਦਿਲ-ਦਿਮਾਗ ਉਤੇ ਛਾਏ ਰਹੇ। ਹਰ ਦੋਸਤ, ਦੁਸ਼ਮਣ, ਵਿਦਵਾਨ, ਫਿਲਾਸਫਰ, ਹਿੰਦੂ, ਸਿੱਖ, ਮੁਸਲਮਾਨ ਉਹਨਾਂ ਦੀ ਦੂਰਦਰਸ਼ੀ, ਸੂਝ-ਬੂਝ, ਇਮਾਨਦਾਰੀ, ਦਲੇਰੀ, ਦਲੀਲ, ਸਚਾਈ, ਹੌਸਲਾ ਤੇ ਮਿੱਤਰਤਾ ਦੀ ਦਾਦ ਦਿੰਦਾ ਸੀ।

ਮਾਸਟਰ ਤਾਰਾ ਸਿੰਘ ਜੀ ਦਾ ਜਨਮ ਤੇ ਵਿਕਾਸ ਉਸ ਸਮੇਂ ਵਿਚ ਹੋਇਆ, ਜਦੋਂ ਸਿੱਖ ਰਾਜ ਨੂੰ ਖਤਮ ਹੋਇਆ ਬਹੁਤ ਸਮਾਂ ਨਹੀਂ ਸੀ ਹੋਇਆ। ਸਿੱਖ ਰਾਜ ਦੇ ਸਮੇਂ ਦੇ ਟਾਵੇਂ ਟਾਵੇਂ ਬੁੱਢੇ ਜੀਉਂਦੇ ਸਨ ਤੇ ਸੱਥਾਂ ਵਿਚ ਸਿੱਖ ਰਾਜ ਦੀ ਚੜ੍ਹਦੀ ਕਲਾ ਦੀਆਂ ਤੇ ਅੰਤਮ ਲੜਾਈਆਂ ਤੇ ਅੰਗਰੇਜ਼ੀ ਗੁਲਾਮੀ ਦੀਆਂ ਗੱਲਾਂ ਆਮ ਲੋਕਾਂ ਦਾ ਵਿਸ਼ਾ ਹੁੰਦੀਆਂ ਸਨ।

ਅੰਗਰੇਜ਼ ਨੇ ਸਿੱਖ ਫੌਜੀਆਂ ਵਿਚ ਸੂਰਬੀਰਤਾ, ਜ਼ਬਤ ਤੇ ਹੌਂਸਲੇ ਦੀਆਂ ਸਿੱਖੀ ਰਵਾਇਤਾਂ ਤੋਂ ਪ੍ਰਭਾਵਤ ਹੋ ਕੇ ਫੌਜਾਂ ਵਿਚ ਸਿੱਖੀ ਰਹਿਤ ਤੇ ਸਿੱਖੀ ਚਲਣ ਨੂੰ ਇਕ ਅਨਿੱਖੜਵਾਂ ਅੰਗ ਬਣਾ ਦਿੱਤਾ ਸੀ। ਫੌਜੀਆਂ ਦੀ ਜਾਗਰਤੀ ਤੇ ਸੂਝ-ਬੂਝ ਸਦਕਾ ਹੀ ਸਿੰਘ ਸਭਾ ਲਹਿਰ ਹੋਂਦ ਵਿਚ ਆਈ, ਜਿਸ ਨੇ ਕਈ ਵਿਦਵਾਨ ਹੋਂਦ ਵਿਚ ਲਿਆਂਦੇ, ਜਿਹਨਾਂ ਵਿਚੋਂ ਮਾਸਟਰ ਤਾਰਾ ਸਿੰਘ ਜੀ ਖਾਲਸਾ ਕਾਲਜ ਅੰਮ੍ਰਿਤਸਰ ਦਾ ਇਕ ਕੀਮਤੀ ਰਤਨ ਸੀ।

ਕਾਲਜ ਦੀ ਪੜ੍ਹਾਈ ਉਪਰੰਤ ਕੁਝ ਸਮਾਂ ਸਕੂਲ ਦੀ ਹੈੱਡ ਮਾਸਟਰੀ ਕੀਤੀ ਤੇ ਫਿਰ ਲਾਇਲਪੁਰ ਖਾਲਸਾ ਸਕੂਲ ਵਿਚ ਸੇਵਾ ਭਾਵ ਨਾਲ ਬ੍ਰਾਏ ਨਾਮ ਤਨਖਾਹ ਲੈ ਕੇ ਹੈੱਡ ਮਾਸਟਰੀ ਕਰਦੇ ਰਹੇ। ਇਸੇ ਤਿਆਗ ਨੇ ਮਾਸਟਰ ਤਾਰਾ ਸਿੰਘ ਜੀ ਦਾ ਪੰਥ ਵਿਚ ਸਤਿਕਾਰ ਪੈਦਾ ਕੀਤਾ। ਚੂੰਕਿ ਲਾਇਲਪੁਰ ਰਿਟਾਇਰਡ ਫੌਜੀਆਂ ਨੂੰ ਮੁਰੱਬੇ ਮਿਲੇ ਹੋਏ ਸਨ ਤੇ ਰਿਟਾਇਰਡ ਫੌਜੀ ਹੀ ਸਿੱਖਾਂ ਵਿਚ ਧਾਰਮਿਕ ਸਮਾਜਿਕ ਸੁਧਾਰ ਲਿਆ ਕੇ ਸਿੱਖਾਂ ਨੂੰ ਬ੍ਰਾਹਮਣੀ ਕਰਮ-ਕਾਂਡਾਂ ਵਿਚੋਂ ਕੱਢਣ ਦੇ ਮੁਦਈ ਸਨ, ਇਸ ਲਈ ਲਾਇਲਪੁਰ ਇਕ ਪ੍ਰਕਾਰ ਨਾਲ ਸਿੱਖ ਸੋਝੀਵਾਨਾਂ ਦਾ ਕੇਂਦਰ ਗਿਣਿਆ ਜਾਂਦਾ ਸੀ। ਇਹ ਕਰਕੇ ਮਾਸਟਰ ਤਾਰਾ ਸਿੰਘ ਜੀ ਸਾਥੀ ਸਮੇਤ ਇਲਾਕੇ ਵਿਚ ਸਤਕਾਰੇ ਜਾਂਦੇ ਸਨ ਤੇ ਧਾਰਮਿਕ ਪੱਖੋਂ ਸਿਰਮੌਰ ਗਿਣੇ ਜਾਂਦੇ ਸਨ।

ਮਾਸਟਰ ਤਾਰਾ ਸਿੰਘ ਜੀ ਦਾ ਜਨਮ ੨੪ ਜੂਨ, ੧੮੮੫ ਨੂੰ ਹੋਇਆ ਤੇ ਆਪ ੨੨ ਨਵੰਬਰ, ੧੯੬੭ ਨੂੰ ਅਕਾਲ ਚਲਾਣਾ ਕਰ ਗਏ। ਉਹਨਾਂ ਦੇ ਜੀਵਨ ਦਾ ਵਧੇਰੇ ਸਮਾਂ ਇਕ ਵਿਅਕਤੀ ਨਹੀਂ ਸਗੋਂ ਇਕ ਸੰਸਥਾ ਦਾ ਰੂਪ ਧਾਰਨ ਕਰ ਗਿਆ ਸੀ। ਕੋਈ ਵੀ ਪੰਥਕ ਪ੍ਰੋਗਰਾਮ ਅਜਿਹਾ ਨਹੀਂ,ਜਿਸ ਵਿਚ ਮਾਸਟਰ ਤਾਰਾ ਸਿੰਘ ਜੀ ਦਾ ਰੋਲ ਨਾ ਹੋਵੇ। ਬਲਕਿ ਅਨੇਕ ਅਜਿਹੀਆਂ ਘਟਨਾਵਾਂ ਇਸ ਸਮੇਂ ਦੇ ਇਤਿਹਾਸ ਨਾਲ ਸਬੰਧਤ ਹਨ, ਜੋ ਆਉਣ ਵਾਲੇ ਸਮੇਂ ਵਿਚ ਚਾਨਣ ਮੁਨਾਰੇ ਦਾ ਕੰਮ ਕਰਦੀਆਂ ਰਹਿਣਗੀਆਂ।

ਮਾਸਟਰ ਜੀ ਦੇ ਚਲਾਣੇ ਉਪਰੰਤ ਉਹਨਾਂ ਦੇ ਹੋਣਹਾਰ ਸਪੁੱਤਰ ਸ੍ਰ: ਜਸਵੰਤ ਸਿੰਘ ਹਰਿਆਵਲ, ਜੋ ਆਪ ਵੀ ਲਿਖਾਰੀ ਸਨ ਤੇ ਬੜੀ ਮਿਹਨਤ ਕਰਕੇ ੧੯੧੦ ਈ. ਤੋਂ ੧੯੬੬ ਤੱਕ ਦੀਆਂ ਮਾਸਟਰ ਜੀ ਦੀਆਂ ਫੁਟਕਲ ਲਿਖਤਾਂ ਜੋ ਮਾਸਟਰ ਜੀ ਵੱਲੋਂ ਸੱਚਾ ਢੰਡੋਰਾ, ਅਕਾਲੀ, ਅਕਾਲੀ ਪ੍ਰਦੇਸੀ ਤੇ ਜਥੇਦਾਰ ਆਦਿ ਅਖ਼ਬਾਰਾਂ ਵਿਚ ਗਾਹੇ-ਬਗਾਹੇ ਛਪਦੇ ਲੇਖਾਂ ਨੂੰ ਤਲਾਸ਼ ਕਰਕੇ ਸਾਂਭਣ ਲਈ ਪੰਜ ਹਜ਼ਾਰ ਦੇ ਕਰੀਬ ਸਫੇ ਟਾਈਪ ਕਰਵਾ ਕੇ ਵਡਮੁਲੀ ਸੇਵਾ ਕੀਤੀ। ਇਸ ਵਿਚ ਉਸ ਸਮੇਂ ਦੀ ਰਾਜਨੀਤੀ, ਸਿੱਖ ਮਰਿਯਾਦਾ, ਫਲਸਫਾ, ਇਤਿਹਾਸ, ਸਮਕਾਲੀ ਪੰਥ ਵਿਰੋਧੀਆਂ ਨੂੰ ਦਿਤੇ ਬਾ-ਦਲੀਲ ਉੱਤਰ ਤੇ ਪੰਥ ਨੂੰ ਆਉਣ ਵਾਲੇ ਖਤਰਿਆਂ ਤੋਂ ਸੁਚੇਤ ਕਰਨ ਵਾਲੇ ਸੰਕੇਤ ਸਨ। ਇਹਨਾਂ ਨੂੰ ਪੜ੍ਹ ਕੇ ਅੱਜ ਦਾ ਸਿੱਖ ਅਸਚਰਜ ਹੋ ਜਾਂਦਾ ਹੈ। ਸੰਤ ਸਿਪਾਹੀ ਵਿਚ ਹਰ ਮਹੀਨੇ ਮਾਸਟਰ ਜੀ ਦੀ ਕਲਮ ਤੋਂ ਲਿਖੇ ਹੋਏ ਲੇਖ ਛਪਦੇ ਹਨ ਅਤੇ ਮਾਸਟਰ ਜੀ ਦੀਆਂ ਸਾਹਿਤਕ ਲਿਖਤਾਂ ਜੋ ੮ ਪੁਸਤਕਾਂ ਦੇ ਰੂਪ ਵਿਚ ਵੱਖ-ਵੱਖ ਵਿਸ਼ਿਆਂ ਉਪਰ ਨਿਰਭਰ ਹਨ, ਇਹਨਾਂ ਤੋਂ ਵੱਖਰੀਆਂ ਹਨ।

ਇਸ ਲਈ ਮੇਰੇ ਲਈ ਇਹ ਚੋਣ ਕਰਨੀ ਕਾਫੀ ਕਠਿਨ ਪ੍ਰਤੀਤ ਹੋਈ, ਕਿ ਮਾਸਟਰ ਜੀ ਦੀ ਰਾਜਨੀਤਕ ਅਗਵਾਈ ਬਾਰੇ ਲਿਖਿਆ ਜਾਵੇ, ਜਾਂ ਉਹਨਾਂ ਦੇ ਨਿਰਪੱਖ ਸੱਚੇ ਸੁੱਚੇ ਸਿੱਖੀ ਸਿਦਕ ਤੇ ਗੁਰਬਾਣੀ ਦੇ ਫਲਸਫੇ ਦੀ ਜਾਣਕਾਰੀ ਬਾਰੇ ਜਾਂ ਉਹਨਾਂ ਦੇ ਆਦਰਸ਼ਵਾਦ ਤੇ ਅਮਲੀ ਜੀਵਨ ਦੇ ਘੋਲ ਅਤੇ ਤਪ-ਤਿਆਗ ਬਾਰੇ ਜਾਂ ਉਹਨਾਂ ਦੀ ਸਾਹਿਤਕ ਜੀਵਨੀ ਦੇ ਪੱਖ ਉਤੇ ਰੋਸ਼ਨੀ ਜਾਂ ਉਹਨਾਂ ਦੇ ਜ਼ਾਤੀ ਗੁਣਾਂ ਦਾ ਨਿਰਪੂਣ ਤੇ ਵਰਣਨ ਕੀਤਾ ਜਾਵੇ ਜੋ ਹਰ ਗੁਰਸਿੱਖ ਲਈ ਸਿੱਖੀ ਪ੍ਰੇਰਨਾ ਦਾ ਸਰੋਤ ਬਣ ਸਕਦੇ ਹਨ। ਆਖਰ ਮੈਂ ਆਪ ਦੇ ਮਨ ਨਾਲ ਇਹ ਫੈਸਲਾ ਕੀਤਾ ਕਿ ਸਾਰੇ ਪੱਖਾਂ ਨੂੰ ਛੱਡਦਿਆਂ ਹੋਇਆਂ ਮਾਸਟਰ ਤਾਰਾ ਸਿੰਘ ਜੀ ਨਾਲ ੪੦ ਸਾਲ ਕੀਤੀ ਸੰਗਤ ਤੋਂ ਪ੍ਰਾਪਤ ਹੋਏ ਵਿਚਾਰ, ਜੀਵਨ ਤੱਤ ਤੇ ਵਾਰਤਾਲਾਪ ਦੀਆਂ ਉਹਨਾਂ ਸਚਾਈਆਂ ਨੂੰ ਰੂਪਮਾਨ ਕਰਾਂ ਜੋ ਅਣਲਿਖਤ ਹਨ ਪਰ ਜੀਵਨ ਦੇ ਹਰ ਪੱਖ ਵਿਚ ਸਹਾਈ ਹੋਣ ਯੋਗ ਹਨ। ਇਹ ਯਾਦਾਸ਼ਤ ਉਤੇ ਅਧਾਰਤ ਹੋਣ ਕਰਕੇ ਇਹਨਾਂ ਦੇ ਸ਼ਬਦਾਂ ਵਿਚ ਵਾਧਾ ਘਾਟਾ ਹੋ ਸਕਦਾ ਹੈ ਪਰ ਤੱਤ ਸਾਰ ਵਿਚ ਨਹੀਂ।

ਮਾਸਟਰ ਤਾਰਾ ਸਿੰਘ ਦੇ ਮਨ ਵਿਚ ਸਿੱਖੀ ਸਿਦਕ, ਭਰੋਸਾ ਤੇ ਪੰਥਕ ਪਿਆਰ ਅਥਾਹ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਆਪਣੇ ਘਰ ਨਿਤ ਕਰਦੇ। ਨਿਤਨੇਮ ਤੋਂ ਇਲਾਵਾ ਉਹ ਇਕੱਲੇ ਹੀ ਬੜੀ ਸ਼ਰਧਾ ਨਾਲ "ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ" ਸ਼ਬਦ ਵੈਰਾਗ ਵਿਚ ਆ ਕੇ ਪੜ੍ਹਿਆ ਕਰਦੇ ਸਨ। ਇਹ ਉਹਨਾਂ ਦਾ ਹੰਕਾਰ ਤੇ ਹਉਮੈ ਤੋਂ ਬਚਣ ਦਾ ਇਕ ਉਪਰਾਲਾ ਹੀ ਸਮਝਣਾ ਚਾਹੀਦਾ ਹੈ, ਕਿਉਂਕਿ ਉਹ ਆਮ ਗੱਲਬਾਤ ਵਿਚ

ਆਖਿਆ ਕਰਦੇ ਸਨ ਕਿ ਇਕ ਨਿਮਾਣੇ ਗੁਰਸਿੱਖ ਅਕਾਲੀ ਵਰਕਰ ਨੂੰ ਸੇਵਾ ਬਦਲੇ ਲੋਕਾਂ ਵਿਚ ਪ੍ਰਭਤਾ ਮਿਲਦੀ ਹੈ। ਪਰ ਕਈ ਮੂਰਖ ਬਾਅਦ ਵਿਚ ਉਸਨੂੰ ਆਪਣੀ ਨਿੱਜੀ ਪ੍ਰਭਤਾ ਸਮਝ ਕੇ ਮੁੱਲ ਪਵਾ ਕੇ ਪੰਥ ਵਿਰੁੱਧ ਹੀ ਵਰਤਣਾ ਸ਼ੁਰੂ ਕਰ ਦਿੰਦੇ ਹਨ। ਉਹ ਐਸੇ ਅਹੰਕਾਰੀਆਂ ਅਤੇ ਸ਼੍ਰੋਮਣੀ ਅਕਾਲੀ ਦਲ ਵਿਚ ਧੜੇ ਬਣਾਉਣ ਵਾਲਿਆਂ ਦੇ ਸਦਾ ਵਿਰੁੱਧ ਰਹੇ। ਉਹਨਾਂ ਨੂੰ ਜੇ ਕੋਈ ਆਖੇ ਕਿ "ਮੈਂ ਤੁਹਾਡੇ ਨਾਲ ਹਾਂ" ਤਾਂ ਉਹ ਕਿਹਾ ਕਰਦੇ ਸਨ ਕਿ ਜੋ ਮੇਰੇ ਨਾਲ ਹੈ ਉਹ ਕਿਸੇ ਨਾਲ ਵੀ ਹੋ ਸਕਦਾ ਹੈ; ਪਰ ਜੋ ਪੰਥ ਨਾਲ ਹੈ ਉਹ ਮੇਰੇ ਨਾਲ ਹੈ। ਅਸਲ ਗੱਲ ਪੰਥਕ ਵਿਚਾਰ ਹਨ ਨਾ ਕਿ ਕਿਸੇ ਦੀ ਜਾਤ। ਇਹ ਅਸੂਲ ਪ੍ਰਸਤੀ ਉਹਨਾਂ ਨੂੰ ਹੋਰ ਸ਼ਕਤੀ ਬਖਸ਼ਦੀ ਰਹੀ।

ਬਾਬਾ ਖੜਕ ਸਿੰਘ ਅਤੇ ਸਰਦਾਰ ਬਹਾਦਰ ਮਹਿਤਾਬ ਸਿੰਘ ਆਦਿ ਲੀਡਰਾਂ ਨੇ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਮੁਕਾਬਲੇ ਉਤੇ ਸੈਂਟਰਲ ਅਕਾਲੀ ਦਲ ਬਣਾ ਲਿਆ ਤਾਂ ਲੋਕ ਇਹਨਾਂ ਨੂੰ ਮੁਆਫੀ ਮੰਗਣ ਵਾਲਿਆਂ ਦਾ ਟੋਲਾ ਆਖਿਆ ਕਰਦੇ ਸਨ ਕਿਉਂਕਿ ਸ੍ਰ: ਬਹਾਦਰ ਤੇ ਸਾਥੀਆਂ ਨੇ ਸ਼ਰਤਾਂ ਵਾਲਾ ਗੁਰਦੁਆਰਾ ਐਕਟ ਮੰਨ ਲਿਆ ਤੇ ਜੇਲ੍ਹੋਂ ਬਾਹਰ ਆ ਗਏ ਸਨ। ਜਦੋਂ ਕਿ ਸਰਦਾਰ ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ ਜੀ ਤੇ ਉਹਨਾਂ ਦੇ ਸਾਥੀ ਜੇਲ੍ਹ ਵਿਚ ਹੀ ਡਟੇ ਰਹੇ। ਬਾਅਦ ਵਿਚ ੧੯੩੩ ਈ. ਦੇ ਨੇੜੇ ਸ਼੍ਰੋਮਣੀ ਅਕਾਲੀ ਦਲ ਵਿਚ ਧੜੇਬੰਦੀ ਸਿਖਰਾਂ ਨੂੰ ਛੋਹਣ ਲੱਗੀ, ਤਾਂ ਪੜ੍ਹੇ-ਲਿਖੇ ਸਿਆਣੇ ਸਿੱਖਾਂ ਨੇ ਗੁਰੂ ਸੇਵਕ ਸਭਾ ਬਣਾ ਕੇ ਏਕਤਾ ਕਰਵਾਉਣ ਦਾ ਯਤਨ ਕੀਤਾ। ਮਾਸਟਰ ਤਾਰਾ ਸਿੰਘ ਜੀ ਨੇ ਪੰਥਕ ਏਕਤਾ ਲਈ ਅਗਿਆਤਵਾਸ ਲੈ ਲਿਆ ਤੇ ਪੰਥਕ ਸਰਗਰਮੀਆਂ ਤੋਂ ਲਾਂਭੇ ਹੋ ਗਏ। ਸ੍ਰ: ਸੇਵਾ ਸਿੰਘ ਠੀਕਰੀ ਵਾਲੇ ਦੀ ਸ਼ਹੀਦੀ ਕਾਰਨ ਗੁਰ ਸੇਵਕ ਸਭਾ ਦੇ ਬੇਨਤੀ ਕਰਨ ਉਤੇ ਮਾਸਟਰ ਤਾਰਾ ਸਿੰਘ ਜੀ ਨੇ ਦੁਬਾਰਾ ਸਿਆਸਤ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਮਾਸਟਰ ਜੀ ਕਿਸੇ ਦੀ ਜ਼ਾਤੀ ਵਿਰੋਧਤਾ ਨਹੀਂ ਕਰਦੇ ਸਨ। ਉਹ ਅਸੂਲੀ ਲੜਾਈ ਲੜਦੇ ਸਨ।

ਮਾਸਟਰ ਤਾਰਾ ਸਿੰਘ ਜੀ ਵਿਰੁੱਧ ਸਭ ਤੋਂ ਵੱਡਾ ਦੋਸ਼ ਇਹ ਲਾਇਆ ਜਾਂਦਾ ਰਿਹਾ ਹੈ ਕਿ ਉਹਨਾਂ ਨੇ ੧੯੪੭ ਈ. ਵਿਚ ਸਿੱਖ ਸਟੇਟ ਨਹੀਂ ਬਣਾਈ ਜਦੋਂ ਕਿ ਅੰਗਰੇਜ਼ ਸਿੱਖਾਂ ਨੂੰ ਕੁਝ ਦੇਣਾ ਚਾਹੁੰਦਾ ਸੀ। ਇਹ ਇਲਜ਼ਾਮ ੧੯੪੭ ਈ. ਤੋਂ ਬਾਅਦ ਕਾਂਗਰਸੀ ਸਿੱਖ ਤੇ ਅੰਗਰੇਜ਼ ਦੇ ਰਹਿ ਚੁਕੇ ਝੋਲੀ-ਚੁੱਕ ਬੜੇ ਜ਼ੋਰ ਨਾਲ ਲਗਾਉਂਦੇ ਸਨ। ਅਸਲੀਅਤ ਇਹ ਹੈ ਕਿ ਰਾਜ ਗੋਪਾਲ ਆਚਾਰੀਆ ਦੀ ਸਲਾਹ ਨਾਲ ਸਿੱਖ ਲੀਡਰਾਂ ਦਾ ਡੈਪੂਟੇਸ਼ਨ ਲਾਰਡ ਵੇਵਲ ਨੂੰ ੧੯੪੪ ਈ. ਵਿਚ ਮਿਲਿਆ ਤੇ ੧੯੪੫ ਈ. ਵਿਚ ਸਟੇਟ ਲਈ ਦਿਤੇ ਮੈਮੋਰੰਡਮ ਨੂੰ ਦੁਹਰਾਇਆ। ਪਰ ਲਾਰਡ ਵੇਵਲ ਨੇ ਮਿਸਟਰ ਜਿਨਾਹ ਨਾਲ ਗੱਲਬਾਤ ਕਰਨ ਦਾ ਮਸ਼ਵਰਾ ਦਿਤਾ। ਅੰਗਰੇਜ਼ ਆਪ ਸਿੱਖਾਂ ਨੂੰ ਕੁਝ ਨਹੀਂ ਦੇਣਾ ਚਾਹੁੰਦੇ ਸਨ। ਮਿਸਟਰ ਜਿਨਾਹ ਸਿੱਖਾਂ ਨੂੰ ਪਾਕਿਸਤਾਨ ਅੰਦਰ ਰਹਿ ਕੇ ਚਨਾਬ ਤੋਂ ਜਮਨਾ ਤਕ ਅੰਦਰੂਨੀ ਖੁਦਮੁਖਤਾਰੀ ਦੇਣ ਨੂੰ ਤਿਆਰ ਸੀ ਪਰ ਜੇ ਸਿੱਖ ਪਾਕਿਸਤਾਨ ਦੀ ਵਿਰੋਧਤਾ ਛੱਡ ਦੇਣ। ਜਦੋਂ ਸਿੱਖਾਂ ਨੇ ਵੱਖਰੇ ਹੋਣ ਦਾ ਹੱਕ ਮੰਗਿਆ ਜਿਵੇਂ ਰੂਸੀ ਰਿਆਸਤਾਂ ਦੇ ਕੋਲ ਸੀ, ਜਿਨਾਹ ਨਹੀਂ ਮੰਨਿਆ। ਜਿਸ ਤੋਂ ਗੱਲਬਾਤ ਟੁੱਟ ਗਈ ਤੇ ਲਾਰਡ ਵੇਵਲ ਨੂੰ ਦੁਬਾਰਾ ਮਿਲਣ ਸਮੇਂ ਉਸਨੇ ਬਹੁ

ਗਿਣਤੀ ਦੇ ਆਧਾਰ 'ਤੇ ਦੇਸ਼ ਦੀ ਵੰਡ ਕਰਨ ਦੇ ਫੈਸਲੇ ਨੂੰ ਦੁਹਰਾਇਆ ਪਰ ਸਿੱਖਾਂ ਦੀ ਦੋ ਤਹਿਸੀਲਾਂ ਤੋਂ ਛੁੱਟ ਕਿਤੇ ਵੀ ਬਹੁ-ਗਿਣਤੀ ਨਹੀਂ ਬਣਦੀ ਸੀ। ਇਸ ਲਈ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਸਮੇਂ ਤੇ ਹਾਲਾਤ ਅਨੁਸਾਰ ਇਹ ਵਿਚਾਰ ਕਰਕੇ ਕਿ **ਸਿੱਖਾਂ ਲਈ ਮੁਸਲਮਾਨ ਹੈਜ਼ੇ ਦਾ ਰੋਗ ਵਾਂਗ ਹਨ ਅਤੇ ਹਿੰਦੂ ਟੀ.ਬੀ. ਵਾਂਗ ਹਨ। ਹੈਜ਼ੇ ਦਾ ਇਲਾਜ ਨਹੀਂ ਕੀਤਾ ਜਾ ਸਕਦਾ, ਫੌਰਨ ਮੌਤ ਹੁੰਦੀ ਹੈ। ਟੀ.ਬੀ. ਦਾ ਮਰੀਜ਼ ਸਹਿਜੇ ਸਹਿਜੇ ਮਰਦਾ ਹੈ ਤੇ ਬਚਨ ਦਾ ਉਪਾਅ ਵੀ ਹੋ ਸਕਦਾ ਹੈ।** ਹਿੰਦੁਸਤਾਨ ਦੀ ਪੁਰਾਤਨ ਸੰਸਕ੍ਰਿਤੀ ਵਿਚ ਸਿੱਖੀ ਦਾ ਮੁੱਢ ਹੋਣ ਕਰਕੇ, ਅਤੇ ਹਿੰਦੂ ਲੀਡਰਾਂ ਗਾਂਧੀ, ਨਹਿਰੂ ਆਦਿ ਵੱਲੋਂ ਸਿੱਖਾਂ ਨਾਲ ਕੀਤੇ ਵਾਅਦਿਆਂ ਦੀ ਰੋਸ਼ਨੀ ਵਿਚ ਹਿੰਦੁਸਤਾਨ ਨਾਲ ਰਹਿਣ ਦਾ ਫੈਸਲਾ ਕੀਤਾ। ਇਹ ਸਾਰੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦਾ ਫੈਸਲਾ ਸੀ ਨਾ ਕਿ ਇਕੱਲੇ ਮਾਸਟਰ ਜੀ ਦਾ। ਇਸ ਫੈਸਲੇ ਵਿਚ ਉਹ ਅਕਾਲੀ ਵੀ ਸ਼ਾਮਲ ਸਨ, ਜੋ ੧੯੪੭ ਈ. 'ਚ ਕਾਂਗਰਸੀ ਬਣ ਗਏ ਸਨ। ਦੇਸ਼-ਵੰਡ ਤੋਂ ਬਾਅਦ ਜਦੋਂ ਮਾਸਟਰ ਤਾਰਾ ਸਿੰਘ ਜੀ ਨੇ ਨਹਿਰੂ ਤੇ ਪਟੇਲ ਨੂੰ ਕੀਤੇ ਵਾਇਦੇ ਯਾਦ ਕਰਵਾਏ ਤਾਂ ਉਹਨਾਂ ਸਾਰੀ ਗੱਲ ਤੋਂ ਮੁਕਰ ਕੇ ਕਹਿ ਦਿੱਤਾ ਕਿ **"ਅਬ ਵਕਤ ਬਦਲ ਗਿਆ ਹੈ।"** ਇਹ ਸੁਣ ਕੇ ਮਾਸਟਰ ਤਾਰਾ ਸਿੰਘ ਜੀ ਨੇ ੧੯੪੯ ਈ. ਵਿਚ ਸਿੱਖਾਂ ਦੀ ਅਜ਼ਾਦ ਰਾਜਸੀ ਹਸਤੀ ਕਾਇਮ ਕਰਨ ਦਾ ਨਾਹਰਾ ਲਾ ਕੇ ਐਲਾਨ ਕਰ ਦਿੱਤਾ ਕਿ **"ਸਿੱਖ ਬਾਦਸ਼ਾਹ ਜਾਂ ਬਾਗੀ"** ਜਿਸ ਨੂੰ ਹਿੰਦੂ ਅਖਬਾਰਾਂ ਨੇ ਬੜਾ ਉਛਾਲਿਆ ਤੇ ਮਾਸਟਰ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਜਦੋਂ ਇਕ ਵਾਰੀ ਮੈਂ ਮਾਸਟਰ ਜੀ ਨੂੰ ਆਖਿਆ ਕਿ ਨਾਗੋਕੇ ਗਰੁਪ ਨੂੰ ਸਭ ਕੁਝ ਪਤਾ ਹੁੰਦਿਆਂ ਉਹ ਹੁਣ ਵਿਰੋਧੀ ਬਣ ਕੇ ਆਖਦੇ ਹਨ ਕਿ ਤੁਸੀਂ ੧੯੪੭ ਈ: ਵਿਚ ਮਿਲਦਾ ਸਿੱਖ ਰਾਜ ਨਹੀਂ ਲਿਆ, ਤੁਸੀਂ ਇਸ ਗੱਲ ਨੂੰ ਸਪਸ਼ਟ ਕਿਉਂ ਨਹੀਂ ਕਰਦੇ, ਤਾਂ ਮਾਸਟਰ ਜੀ ਦਾ ਉੱਤਰ ਸੀ ਕਿ ਮੈਂ ੧੯੪੭ ਈ. ਵਿਚ ਧੋਖਾ ਖਾਧਾ ਹੈ, ਧੋਖਾ ਦਿੱਤਾ ਤੇ ਨਹੀਂ। ਉਹ ਵੀ ਫੈਸਲੇ ਕਰਨ ਵੇਲੇ ਨਾਲ ਹੀ ਸੀ। ਤੇ ਅੱਜ ਤਾਂ ਮੈਂ ਸਿੱਖ ਰਾਜ ਦੀ ਗੱਲ ਕਰਦਾ ਹਾਂ। ਜੋ ਗੱਲ ਉਦੋਂ ਠੀਕ ਸੀ, ਉਹ ਅੱਜ ਕਿਵੇਂ ਗਲਤ ਹੈ,ਉਹ ਮੇਰਾ ਸਾਥ ਕਿਉਂ ਨਹੀਂ ਦਿੰਦੇ। ਇਹ ਛੂਚਰ ਬਾਜੀ ਹੈ ਕਿ ਜੇ ੧੯੪੭ ਈ. ਵਿਚ ਨਹੀਂ ਲਿਆ ਤਾਂ ਹੁਣ ਲੈਣਾ ਹੀ ਨਹੀਂ ਚਾਹੀਦਾ, ਇਸ ਦਲੀਲ ਨਾਲ ਕਾਂਗਰਸੀ ਝੂਠੇ ਹੁੰਦੇ ਹਨ। ਮੈਂ ਬਿਆਨਬਾਜੀ ਕਿਉਂ ਕਰਾਂ?

੧੯੫੦-੫੧ ਈ: ਵਿਚ ਜਦੋਂ ਮਹਾਸ਼ਾ ਅਖ਼ਬਾਰਾਂ ਦੇ ਅਸਰ ਹੇਠ ਪੰਜਾਬੀ ਹਿੰਦੂਆਂ ਨੇ ਆਪਣੀ ਮਾਂ ਬੋਲੀ ਹਿੰਦੀ ਪ੍ਰਚਾਰਨੀ ਸ਼ੁਰੂ ਕੀਤੀ ਤਾਂ ਇਹ ਸਿੱਖ ਕੌਮ ਲਈ ਇਕ ਭਿਆਨਕ ਤੇ ਮਾਰੂ ਹਮਲਾ ਸੀ। ੧੯੫੨ ਈ. ਦੀਆਂ ਚੋਣਾਂ ਵਿਚ ਕਾਂਗਰਸ ਜਿੱਤ ਗਈ, ਜਿਸ ਵਿਚ ਬਹੁ-ਗਿਣਤੀ ਹਿੰਦੂਆਂ ਦੀ ਸੀ। ਮਹਾਸ਼ਾ ਅਖਬਾਰ ਜਨੂੰਨ ਹੇਠ ਪੰਜਾਬੀ ਨੂੰ ਸਾਹਿਤਕ ਭਾਸ਼ਾ ਮੰਨਣ ਲਈ ਤਿਆਰ ਨਹੀਂ ਸਨ। ਪੰਜਾਬੀ ਨੂੰ ਗਵਾਰੂ ਭਾਸ਼ਾ ਕਿਹਾ। ਲਿਖਣ ਤੇ ਸਕੂਲਾਂ ਵਿਚ ਯੋਗ ਥਾਂ ਨਾ ਮਿਲਣ ਕਾਰਨ ਇਸ ਦੀ ਹੋਂਦ ਨੂੰ ਕਾਇਮ ਕਰਨ ਲਈ ਮਾਸਟਰ ਜੀ ਨੇ ਸਚਰ ਫਾਰਮੂਲਾ ਬਣਵਾਇਆ। ਜਿਸ ਅਨੁਸਾਰ ਘਗਰ ਤੋਂ ਪੱਛਮ ਵੱਲ ਹਰ ਸਕੂਲ ਵਿਚ ਪਹਿਲੀਆਂ ੪ ਜਮਾਤਾਂ ਤਕ ਪੰਜਾਬੀ ਅਤੇ ਘੱਗਰ ਤੋਂ ਪੂਰਬ ਵੱਲ ਹਰ ਸਕੂਲ ਵਿਚ ਪਹਿਲੀਆਂ ਚਾਰ ਜਮਾਤਾਂ ਤੱਕ ਹਿੰਦੀ ਤੇ ਉਪਰੰਤ ਪੰਜਾਬੀ ਦੀ ਪੜ੍ਹਾਈ ਨੂੰ

ਮੰਨਿਆ ਗਿਆ। ਪਰ ਮਹਾਸ਼ਾ ਅਸਰ ਹੇਠ ਚਲ ਰਹੇ ਸਕੂਲਾਂ ਨੇ ਇਸ ਅਨੁਸਾਰ ਵੀ ਅਮਲ ਨਾ ਹੋਣ ਦਿੱਤਾ। ਸਿੱਖਾਂ ਨੂੰ ਪੰਜਾਬੀ ਜ਼ਬਾਨ ਦੀ ਮਾਨਤਾ ਨਾਲ ਕੁਝ ਤਸੱਲੀ ਹੋਈ। ਇਹ ਮਾਸਟਰ ਤਾਰਾ ਸਿੰਘ ਜੀ ਦੀ ਇਕ ਜਿੱਤ ਹੀ ਸਮਝੀ ਗਈ ਸੀ।

ਮਾਸਟਰ ਤਾਰਾ ਸਿੰਘ ਜੀ ਦੀ ਪੰਥ ਵਿਚ ਚੜ੍ਹਦੀ ਕਲਾ ਹੋ ਰਹੀ ਸੀ। ਭਾਵੇਂ ੧੯੪੭ ਈ. ਵਿਚ ਚੋਟੀ ਦੇ ਜਥੇਦਾਰ ਗਰੁਪ ਦੇ ਲੀਡਰ ਕਾਂਗਰਸ ਵਿਚ ਜਾ ਚੁਕੇ ਸਨ, ਪਰ ਸਿੱਖ ਅਵਾਮ ਪੰਜਾਬੀ ਸੂਬੇ ਦੀ ਹੱਕੀ ਤੇ ਜਾਇਜ਼ ਗੱਲ ਨਾਲ ਜੁੜ ਕੇ ਮਾਸਟਰ ਤਾਰਾ ਸਿੰਘ ਜੀ ਦੇ ਇਰਦ-ਗਿਰਦ ਇਕੱਠੇ ਹੋ ਰਿਹਾ ਸੀ। ਇਸ ਲਈ ਕਾਂਗਰਸ ਸਰਕਾਰ ਨੇ ਮਾਸਟਰ ਤਾਰਾ ਸਿੰਘ ਜੀ ਨੂੰ ਇਕ ਗਹਿਰੀ ਸਾਜ਼ਸ਼ ਵਿਚ ਫਸਾਉਣ ਦਾ ਯਤਨ ਕੀਤਾ। ਇਹ ੧੯੫੨-੫੩ ਈ. ਦਾ ਵਾਕਿਆ ਹੈ, ਜਦੋਂ ਮਿਸ਼ਨਰੀ ਕਾਲਜ ਸਾਜਸ਼ ਕੇਸ ਦੇ ਜਾਲ ਵਿਚੋਂ ਮਾਸਟਰ ਜੀ ਸੁਰਖਰੂ ਹੋ ਕੇ ਨਿਕਲੇ।

ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦੀ ਅਯੋਗ ਨਿਯੁਕਤੀ, ਗੁਰਦੁਆਰਾ ਚੋਣਾਂ ਸਮੇਂ ਸਿਰ ਗੁਰਦੁਆਰਾ ਐਕਟ ਅਨੁਸਾਰ ਨਾ ਕਰਵਾਉਣਾ ਆਦਿ ਧਾਰਮਿਕ ਮਸਲਿਆਂ ਨੂੰ ਤੇ ਪਤਿਤ ਸਿੱਖਾਂ ਨੂੰ ਦੂਜਿਆਂ ਨਾਲੋਂ ਤਰਜੀਹ ਦੇਣ ਦੇ ਵਿਸ਼ੇਸ਼ ਮਸਲਿਆਂ ਉਤੇ ਨਹਿਰੂ ਤਾਰਾ ਸਿੰਘ ਪੈਕਟ ਹੋਇਆ ਕਿ ਸਰਕਾਰ ਸਿੱਖਾਂ ਦੇ ਧਾਰਮਿਕ ਮਸਲਿਆਂ ਵਿਚ ਦਖਲ ਨਹੀਂ ਦੇਵੇਗੀ।

੧੯੫੫ ਈ: ਵਿਚ ਮਾਸਟਰ ਜੀ ਦੀ ਪ੍ਰਧਾਨਗੀ ਹੇਠ ਸ੍ਰੀ ਅੰਮ੍ਰਿਤਸਰ'ਚ ਕਾਨਫਰੰਸ ਸਮੇਂ ੧੦ ਲੱਖ ਸਿੱਖਾਂ ਦਾ ਇਕੱਠ ਹੋਇਆ। ਜਨ ਸੰਘ ਤੇ ਨਹਿਰੂ ਦੀ ਹਾਜ਼ਰੀ 'ਚ ਕਾਂਗਰਸ ਦੀਆਂ ਬਰਾਬਰ 'ਤੇ ਹੋਈਆਂ ਕਾਨਫਰੰਸਾਂ ਬਹੁਤ ਫਿੱਕੀਆਂ ਸਨ। ਲੁਤਫ ਦੀ ਗੱਲ ਇਹ ਹੈ ਕਿ ਲੰਗਰ ਸਭ ਨੇ ਅਕਾਲੀ ਕਾਨਫਰੰਸ ਦੇ ਪੰਡਾਲ ਵਿਚੋਂ ਹੀ ਛਕਿਆ। ਮਾਸਟਰ ਜੀ ਦਾ ਇਹ ਵਿਚਾਰ ਸੀ ਕਿ ਕਿਸੇ ਤੋਂ ਇਕੱਠਾ ਚੰਦਾ ਲੈਣ ਦੀ ਬਜਾਏ ਹਰ ਸਿੱਖ ਘਰਾਣੇ ਨੂੰ ਲੰਗਰ ਵਿਚ ਹਿੱਸਾ ਪਾਉਣਾ ਚਾਹੀਦਾ ਹੈ। ਇਸ ਨਾਲ ਅਪਣੱਤ ਪੈਦਾ ਹੁੰਦੀ ਹੈ। ਜਿਥੇ ਲੰਗਰ ਵਿਚ ਸੈਂਕੜੇ ਬੋਰੀਆਂ ਆਟਾ ਪੱਕਿਆ ਉਥੇ ਸਾਰੇ ਸ਼ਹਿਰ ਤੇ ਨੇੜੇ ਤੇੜੇ ਦੇ ਪਿੰਡਾਂ ਵਿਚੋਂ ਅਨੇਕ ਟਰਾਲੀਆਂ ਤੇ ਟਰੱਕਾਂ ਰਾਹੀਂ ਤਿਆਰ ਕੀਤਾ ਹੋਇਆ ਲੰਗਰ ਵੀ ਪੁੱਜਾ। ਜਲੂਸ ਸਮੇਂ ਨੀਲੇ ਦਸਤਾਰਿਆਂ ਦਾ ਠਾਠਾਂ ਮਾਰਦਾ ਜਲੂਸ ਆਪਣੀ ਸ਼ਾਨ ਆਪ ਸੀ।

੧੯੫੬ ਈ. ਦੇ ਸਮਝੌਤੇ ਸਮੇਂ ਗਿਆਨੀ ਕਰਤਾਰ ਸਿੰਘ ਤੇ ਸ੍ਰ: ਗਿਆਨ ਸਿੰਘ ਰਾੜੇ ਵਾਲੇ ਨੇ ਵਜ਼ੀਰੀਆਂ ਲੈ ਲਈਆਂ ਅਤੇ ਸ੍ਰ: ਹੁਕਮ ਸਿੰਘ ਲੋਕ ਸਭਾ ਦੇ ਡਿਪਟੀ ਸਪੀਕਰ ਬਣ ਗਏ। ਸਰਕਾਰ ਨਾਲ ਗੱਲਬਾਤ ਕਰਨ ਵਾਲਿਆਂ ਵਿਚ ਭਾਈ ਜੋਧ ਸਿੰਘ ਵੀ ਸ਼ਾਮਲ ਸਨ। ਸਰਕਾਰ ਨੇ ਪੰਜਾਬੀ ਜ਼ਬਾਨ ਨੂੰ ਕੁਚਲਣ ਲਈ ਇਕ ਨਵੀਂ ਮਹਾਸ਼ਾ ਨੀਤੀ ਘੜੀ। ਕੁਝ ਸਿੱਖ ਵਿਦਵਾਨਾਂ ਨੂੰ ਵਰਗਲਾ ਕੇ ਪੰਜਾਬੀ ਨੂੰ ਦੇਵਨਾਗਰੀ ਲਿਪੀ ਵਿਚ ਲਿਖਣ ਨਾਲ ਜ਼ਬਾਨ ਦਾ ਮਸਲਾ ਹੱਲ ਕਰਨ ਦਾ ਸ਼ੋਸ਼ਾ ਛੱਡਿਆ ਗਿਆ। ਇਸ ਸੰਬੰਧ ਵਿਚ ਭਾਈ ਜੋਧ ਸਿੰਘ ਤੇ ਜੈ ਚੰਦ ਵਿਦਿਆ ਅਲੰਕਾਰ ਦਾ ਇਕ ਮਿਸ਼ਨ ਵਿਦਵਾਨਾਂ ਤੇ ਰਾਜਨੀਤਕਾਂ ਦੀ ਰਾਇ ਲੈਣ ਲਈ ਬਣਾਇਆ ਗਿਆ। ਜਦੋਂ ਇਹਨਾਂ ਨੇ ਮਾਸਟਰ ਤਾਰਾ ਸਿੰਘ ਜੀ ਪਾਸ ਪੁੱਜਣਾ ਸੀ ਤਾਂ ਮਾਸਟਰ ਜੀ ਨੇ ਮੇਰੇ ਨਾਲ ਇਹ ਗੱਲ ਕੀਤੀ। ਮੈਂ ਮਾਸਟਰ ਜੀ ਨੂੰ ਦੱਸਿਆ

ਕਿ ਭਾਈ ਜੋਧ ਸਿੰਘ ਨੇ 'ਆਲੋਚਨਾ' ਸਾਹਿਤਕ ਰਸਾਲੇ ਵਿਚ ਦਲੀਲਾਂ ਦੇ ਕੇ ਲੜੀਵਾਰ ੪,੫ ਲੇਖ ਲਿਖੇ ਹੋਏ ਹਨ, ਜਿਹਨਾਂ ਵਿਚ ਸਾਬਤ ਕੀਤਾ ਹੋਇਆ ਹੈ ਕਿ ਗੁਰਮੁਖੀ ਲਿਪੀ ਸਾਰੀਆਂ ਲਿੱਪੀਆਂ ਨਾਲੋਂ ਵਧੇਰੇ ਢੁਕਵੀਂ ਤੇ ਵਿਗਿਆਨਕ ਹੈ। ਮੈਂ ਮਾਸਟਰ ਜੀ ਨੂੰ ਆਲੋਚਨਾ ਦੀਆਂ ਉਹ ਕਾਪੀਆਂ ਦਿਖਾਈਆਂ ਤੇ ਉਹਨਾਂ ਆਪਣੇ ਪਾਸ ਰੱਖ ਲਈਆਂ। ਅਗਲੇ ਦਿਨ ਜਦੋਂ ਭਾਈ ਜੋਧ ਸਿੰਘ ਤੇ ਜੈ ਚੰਦ ਮਾਸਟਰ ਜੀ ਪਾਸ ਆਏ ਤਾਂ ਮਾਸਟਰ ਜੀ ਆਮ ਸੁਭਾਅ ਅਨੁਸਾਰ ਅਲਾਣੀ ਮੰਜੀ ਉਤੇ ਹੀ ਬੈਠੇ ਸਨ ਪਰ ਉਹਨਾਂ ਨੂੰ ਲਾਗੇ ਪਈਆਂ ਕੁਰਸੀਆਂ ਉਤੇ ਬਿਠਾ ਕੇ ਪੂਰਾ ਸਤਿਕਾਰ ਦਿੱਤਾ। ਗੱਲਬਾਤ ਛਿੜੀ ਤਾਂ ਪੰਡਤ ਜੈ ਚੰਦ ਨੇ ਆਖਿਆ ਕਿ ਜ਼ਬਾਨ ਦਾ ਝਗੜਾ ਨਬੇੜਨ ਲਈ ਪੰਜਾਬੀ ਨੂੰ ਦੇਵਨਾਗਰੀ ਲਿੱਪੀ ਵਿਚ ਲਿਖਣ ਦੀ ਤਜਵੀਜ ਬਾਰੇ ਤੁਹਾਡਾ ਕੀ ਵਿਚਾਰ ਹੈ? ਮਾਸਟਰ ਤਾਰਾ ਸਿੰਘ ਜੀ ਨੇ 'ਆਲੋਚਨਾ' ਰਸਾਲੇ ਦੇ ਉਹਨਾਂ ਸਫਿਆਂ ਉਤੇ ਨਿਸ਼ਾਨੀਆਂ ਲਾਈਆਂ ਹੋਈਆਂ ਸਨ ਜਿਹਨਾਂ ਵਿਚ ਉਹਨਾਂ ਨੇ ਗੁਰਮੁਖੀ ਲਿੱਪੀ ਦੀ ਵਡੱਤਣ ਬਾਰੇ ਦਲੀਲਾਂ ਦਿੱਤੀਆਂ ਹੋਈਆਂ ਸਨ। ਮਾਸਟਰ ਜੀ ਨੇ ਸਫੇ ਕੱਢ ਕੇ ਆਖਿਆ ਕਿ ਮੇਰੀ ਇਸ ਬਾਰੇ ਉਹੋ ਦਲੀਲ ਹੈ ਜੋ ਭਾਈ ਜੋਧ ਸਿੰਘ ਦੀ ਹੈ। ਭਾਈ ਜੋਧ ਸਿੰਘ ਕੁਝ ਸ਼ਰਮਿੰਦੇ ਹੋ ਕੇ ਬੋਲੇ ਕਿ ਮੇਰੀ ਦਲੀਲ ਬਦਲ ਗਈ ਹੈ। ਮਾਸਟਰ ਜੀ ਨੇ ਆਖਿਆ ਕਿ ਹੁਣ ਵਾਲੀ ਦਲੀਲ ਕਦੋਂ ਬਦਲਣੀ ਹੈ? ਫਿਰ ਮਾਸਟਰ ਜੀ ਨੇ ਜੈ ਚੰਦ ਵਿਦਿਆ ਅਲੰਕਾਰ ਤੇ ਭਾਈ ਜੋਧ ਸਿੰਘ ਨੂੰ ਖਰੀਆਂ ਖਰੀਆਂ ਸੁਣਾਈਆਂ। ਉਨ੍ਹਾਂ ਨੇ ਕਿਹਾ, **"ਸਵਾਲ ਬੋਲੀ ਜਾਂ ਲਿੱਪੀ ਦਾ ਨਹੀਂ, ਨਾ ਹੀ ਹਿੰਦੂ ਸਿੱਖ ਦਾ ਝਗੜਾ ਹੈ ਤੇ ਨਾ ਹੀ ਕੋਈ ਹੋਰ ਮਸਲਾ ਹੈ। ਸਵਾਲ ਕੇਵਲ ਦਾਹੜੀ ਕੇਸਾਂ ਨੂੰ ਖਤਮ ਕਰਨਾ, ਸਿੱਖੀ ਨੂੰ ਮੁਕਾਉਣਾ, ਸਿੱਖੀ ਵਿਚਾਰਧਾਰਾ ਨੂੰ ਨੇਸਤੋ-ਨਾਬੂਦ ਕਰਨਾ ਹੈ। ਜਿਵੇਂ ਕਈ ਮਹਾਸ਼ੇ ਕਹਿ ਚੁਕੇ ਹਨ ਕਿ ਸਿੱਖ ਹਿੰਦੂਆਂ ਦੀ ਰੱਖਿਆ ਲਈ ਬਣਾਏ ਸਨ। ਹੁਣ ਹਿੰਦੂਆਂ ਦਾ ਰਾਜ ਹੋ ਗਿਆ ਹੈ ਤੇ ਇਹਨਾਂ ਦੀ ਰਾਖੀ ਦੀ ਲੋੜ ਨਹੀਂ। ਇਸ ਲਈ ਸਿੱਖਾਂ ਦੀ ਕੀ ਲੋੜ?"** ਮਾਸਟਰ ਜੀ ਜੋਸ਼ ਵਿਚ ਆ ਕੇ ਸਿੱਖਾਂ ਨਾਲ ਹੋ ਰਹੀਆਂ ਵਧੀਕੀਆਂ ਨੂੰ ਤੇ ਪੰਜਾਬੀ ਸੂਬਾ ਨਾ ਬਣਾਉਣ ਦੀ ਕੂਟਨੀਤੀ ਨੂੰ ਦੁਹਰਾਉਂਦੇ ਰਹੇ ਤੇ ਆਖਰ ਲਾ-ਜਵਾਬ ਹੋ ਕੇ ਇਹ ਕਮਿਸ਼ਨ ਕੰਨ ਲਪੇਟ ਕੇ ਚਲਦਾ ਹੋਇਆ।

੧੯੫੫ ਈ. ਵਿਚ ਪਾਕਿਸਤਾਨ ਤੇ ਹਿੰਦੁਸਤਾਨ ਦਾ ਹਾਕੀ ਮੈਚ ਲਾਹੌਰ ਵਿਚ ਹੋਇਆ। ਮੁਸਲਮਾਨਾਂ ਨੇ ਸਿੱਖਾਂ ਦਾ ਵਧੇਰੇ ਸਤਿਕਾਰ ਕੀਤਾ ਤੇ ਹਿੰਦੂਆਂ ਦਾ ਘੱਟ। ਇਸ ਤੋਂ ਦੁਖੀ ਹੋ ਕੇ ਪੰਜਾਬ ਦੇ ਵਜ਼ੀਰ ਪ੍ਰਤਾਪ ਸਿੰਘ ਨੇ ਬਿਆਨ ਦਿੱਤਾ ਕਿ ਸਿੱਖ ਮਾਸਟਰ ਜੀ ਦੀ ਅਗਵਾਈ ਵਿਚ ਪਾਕਿਸਤਾਨ ਨਾਲ ਮਿਲੇ ਹੋਏ ਸਨ। ਇਸ 'ਤੇ ਮਾਸਟਰ ਜੀ ਨੇ ਨਹਿਰੂ ਨਾਲ ਮੁਲਾਕਾਤ ਕਰਕੇ ਇਸ ਬਿਆਨ ਬਾਰੇ ਸਪੱਸ਼ਟੀਕਰਨ ਮੰਗਿਆ ਕਿ ਜੇ ਮੈਂ ਦੋਸ਼ੀ ਹਾਂ ਤਾਂ ਮੇਰੇ ਵਿਰੁੱਧ ਮੁਕੱਦਮਾ ਚਲਾਇਆ ਜਾਵੇ; ਜੇ ਨਹੀਂ ਤਾਂ ਉਸ ਵਜ਼ੀਰ ਵਿਰੁੱਧ ਐਕਸ਼ਨ ਲਿਆ ਜਾਵੇ ਜਿਸ ਨੇ ਮੇਰੀ ਪਬਲਿਕ ਪੋਜ਼ੀਸ਼ਨ ਖਰਾਬ ਕੀਤੀ ਹੈ। ਨਹਿਰੂ ਦੇ ਮਨ ਵਿਚ ਵੀ ਬੁਗਜ਼ ਭਰਿਆ ਹੋਇਆ ਸੀ। ਉਸ ਨੇ ਆਖਿਆ "ਵੋਹ ਆਪ ਕੀ ਇਜ਼ਤ ਕਰਤੇ ਹੈਂ"। ਮਾਸਟਰ ਜੀ ਨੇ ਆਖਿਆ, ਮੁਸਲਮਾਨ ਤੇ ਅਕਲਮੰਦ ਹਨ, ਸਾਡਾ ਸਤਿਕਾਰ ਕਰਕੇ ਸਾਨੂੰ ਆਪਣੇ ਵੱਲ ਖਿੱਚਦੇ ਹਨ। ਤੁਸੀਂ ਸਾਨੂੰ ਨਫਰਤ ਕਰਕੇ ਦੂਰ ਧਕੇਲ ਕੇ ਮੂਰਖ ਕਿਉਂ ਬਣਦੇ ਹੋ? ਇਹ

ਸਾਡੀ ਬਹਾਦਰੀ ਹੈ ਕਿ ਤੁਹਾਡੀ ਨਫਰਤ ਅਤੇ ਉਹਨਾਂ ਦੇ ਸਤਿਕਾਰ ਦੇ ਬਾਵਜੂਦ ਅਸੀਂ ਆਪਣੀ ਥਾਂ 'ਤੇ ਕਾਇਮ ਹਾਂ।"

ਮਾਸਟਰ ਤਾਰਾ ਸਿੰਘ ਜੀ ਇਮਾਨਦਾਰੀ ਤੇ ਨੇਕੀ ਦੇ ਮੁਜੱਸਮੇ ਸਨ। ਉਹ ਪਬਲਿਕ ਜੀਵਨ ਵਿਚ ਪੈਸਾ ਬਣਾਉਣ ਵਾਲਿਆਂ ਨੂੰ ਬਹੁਤ ਬੁਰਾ ਗਿਣਦੇ ਸਨ। ਉਹ ਇਕ ਲਿਖਾਰੀ ਦੇ ਇਹ ਸ਼ਬਦ ਆਮ ਦੁਹਰਾਇਆ ਕਰਦੇ ਸਨ ਕਿ "ਮੈਂ ਉਹਨਾਂ ਨਾਲ ਨਫਰਤ ਕਰਦਾ ਹਾਂ, ਜੋ ਪਬਲਿਕ ਜੀਵਨ ਵਿਚ ਪੈਸਾ ਬਣਾਉਂਦੇ ਹਨ।" ਮਾਸਟਰ ਤਾਰਾ ਸਿੰਘ ਨੂੰ ਪੰਥਕ ਸ਼ਕਤੀ ਉੱਤੇ ਅਥਾਹ ਮਾਣ ਸੀ। ਇਸੇ ਲਈ ਉਹ ਸਿੱਖੀ ਆਦਰਸ਼ ਨੂੰ ਸਦਾ ਮੁੱਖ ਰੱਖਦੇ ਸਨ। ਉਨ੍ਹਾਂ ਦੇ ਅਹਿਦ ਵਿਚ ਸ਼੍ਰੋ: ਕਮੇਟੀ ਮਜ਼ਬੂਤ ਹੋਈ। ਪ੍ਰਬੰਧ ਦੀ ਉਹਨਾਂ ਨੂੰ ਪੂਰੀ ਪੂਰੀ ਸੂਝ ਸੀ ਤੇ ਲੋਕ ਸ਼ਕਤੀ ਉਤੇ ਮਾਣ ਸੀ। ਜਦੋਂ ੧੯੫੫ ਈ. ਵਿਚ ਸ਼੍ਰੋਮਣੀ ਅਕਾਲੀ ਦਲ ਨੇ ਗੁਰਦੁਆਰਾ ਚੋਣਾਂ ਜਿੱਤ ਲਈਆਂ ਤਾਂ ਉਹਨਾਂ ਨੇ ਸ੍ਰੀ ਦਰਬਾਰ ਸਾਹਿਬ ਪ੍ਰਕਰਮਾਂ ਦੀ ਹੋ ਰਹੀ ਸੇਵਾ ਫੌਰਨ ਸਾਧਾਂ ਤੋਂ ਲੈ ਕੇ ਸਿੱਖਾਂ ਦੀ ਚੁਣੀ ਹੋਈ ਜਮਾਤ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰਵਾ ਦਿੱਤੀ ਕਿਉਂਕਿ ਸਾਧ ਲੋਕਾਂ ਦੇ ਪੈਸੇ ਦਾ ਹਿਸਾਬ ਨਹੀਂ ਰੱਖਦੇ ਤੇ ਇਸ ਤਰ੍ਹਾਂ ਵਿਅਕਤੀਵਾਦ ਨੂੰ ਬੁੜ੍ਹਾਵਾ ਮਿਲਦਾ ਹੈ। ਇਸ ਨਾਲ ਪੰਥਕ ਸ਼ਕਤੀ ਕਮਜ਼ੋਰ ਹੁੰਦੀ ਹੈ। ਉਹਨਾਂ ਕਦੇ ਵੀ ਕਿਸੇ ਗੁਰਦੁਆਰੇ ਦੀ ਕਾਰ ਸੇਵਾ ਲਈ ਕਿਸੇ ਵਿਅਕਤੀ ਨੂੰ ਨਹੀਂ ਸਗੋਂ ਸਮੁੱਚੇ ਪੰਥ ਦੀ ਪ੍ਰਤੀਨਿਧ ਜਮਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਹੀ ਹਰ ਸੇ ਵਾ ਕਰਵਾਈ। ਇਹ ਗੱਲ ਪੰਥ ਦੀ ਚੜ੍ਹਦੀ ਕਲਾ ਤੇ ਏਕਤਾ ਵਿਚ ਸਹਾਈ ਹੋਈ।

੧੯੫੬ ਈ. ਦੇ ਸਮਝੌਤੇ ਸਮੇਂ ਜਵਾਹਰ ਲਾਲ, ਮੌਲਾਨਾ ਆਜ਼ਾਦ ਤੇ ਇਧਰੋਂ ਮਾਸਟਰ ਤਾਰਾ ਸਿੰਘ ਜੀ, ਗਿਆਨੀ ਕਰਤਾਰ ਸਿੰਘ, ਸ. ਗਿਆਨ ਸਿੰਘ ਰਾੜੇਵਾਲਾ ਤੇ ਸ. ਹੁਕਮ ਸਿੰਘ ਗੱਲਬਾਤ ਵਿਚ ਸ਼ਾਮਲ ਹੋਏ। ਇਸ ਸਮੇਂ ਦਾ ਇਕ ਅਹਿਮ ਇੰਕਸ਼ਾਫ ਜੋ ਬਹੁਤ ਘੱਟ ਵਰਕਰਾਂ ਨੂੰ ਪਤਾ ਹੈ, ਗੱਲਬਾਤ ਦੌਰਾਨ ਪੰਡਤ ਨਹਿਰੂ ਨੇ ਮੌਲਾਨਾ ਆਜ਼ਾਦ ਰਾਹੀਂ ਮਾਸਟਰ ਤਾਰਾ ਸਿੰਘ ਜੀ ਨੂੰ ਸੁਹਿਰਦਤਾ ਨਾਲ ਕੀਤਾ ਕਿ "ਰਾਜਨ ਬਾਬੂ (ਰਾਜਿੰਦਰ ਪ੍ਰਸ਼ਾਦ) ਰਿਟਾਇਰ ਹੋਨੇਂ ਵਾਲੇ ਹੈਂ। ਡਾਕਟਰ ਰਾਧਾ ਕ੍ਰਿਸ਼ਨਨ ਰਾਸ਼ਟਰਪਤੀ ਬਨ ਜਾਇੰਗੇ। ਮਾਸਟਰ ਤਾਰਾ ਸਿੰਘ ਜੀ ਪੁਰਾਣੇ ਦੇਸ਼ ਭਗਤ ਹੈਂ ਅਗਰ ਵੋਹ ਉਪ-ਰਾਸ਼ਟਰਪਤੀ ਕੀ ਪਦਵੀ 'ਪਰ ਹਮਾਰੇ ਸਾਥ ਮਿਲ ਕਰ ਸੇਵਾ ਕਰਨਾ ਚਾਹੇਂ ਤੋ ਹਮ ਕੋ ਬਹੁਤ ਖੁਸ਼ੀ ਹੋਗੀ।" ਇਹ ਗੱਲ ਮਾਸਟਰ ਤਾਰਾ ਸਿੰਘ ਜੀ ਨੇ ਕਿਸੇ ਵੀ ਪੰਥਕ ਵਰਕਰ ਨਾਲ ਇਸ ਲਈ ਨਾ ਕੀਤੀ ਕਿ ਠੋਕ ਕੇ ਜਵਾਬ ਦੇਣ ਨਾਲ ਗੱਲਬਾਤ ਵਿਚ ਵਿਘਨ ਪੈਂਦਾ ਸੀ।

ਗੋਪਾਲ ਸਿੰਘ ਕੌਮੀ, ਊਧਮ ਸਿੰਘ, ਭਾਨ ਸਿੰਘ ਪੂਰੀ ਤੇ ਮੈਂ ਦਿੱਲੀ ਗਏ। ਬਹਾਦਰ ਸੋਹਣ ਲਾਲ ਦੀ ਕੋਠੀ ਬਾਹਰ ਘਾਹ ਉਤੇ ਬੈਠੇ ਸਾਂ। ਮਾਸਟਰ ਤਾਰਾ ਸਿੰਘ ਉਥੇ ਹੀ ਠਹਿਰੇ ਹੋਏ ਸਨ। ਸਾਨੂੰ ਉਕਤ ਸਾਰੀ ਗੱਲ ਮੌਲਾਨਾ ਆਜ਼ਾਦ ਦੇ ਪੀ. ਏ. ਨੇ ਦੱਸੀ। ਜਦੋਂ ਅਸੀਂ ਮਾਸਟਰ ਜੀ ਨੂੰ ਬਾਅਦ ਵਿਚ ਇਸ ਬਾਰੇ ਪੁੱਛਿਆ ਤੇ ਨਾਲ ਹੀ ਆਪਣੇ ਵਿਚਾਰ ਵੀ ਦੱਸੇ ਕਿ ਤੁਸੀਂ ਸਿੱਖ ਰਾਜ ਦੀਆਂ ਗੱਲਾਂ ਕਰਦੇ ਰਹਿੰਦੇ ਹੋ, ਉਪ-ਰਾਸ਼ਟਰਪਤੀ ਦਾ ਅਹੁਦਾ ਕਬੂਲ ਕਰ ਲਵੋ ਫਿਰ ਰਾਸ਼ਟਰਪਤੀ ਵੀ ਬਣ ਜਾਵੋਗੇ। ਸਾਰੀ ਕੈਬੀਨਿਟ ਨੂੰ ਆਪਣੇ ਢੰਗ ਨਾਲ ਚਲਾ ਕੇ ਤੁਹਾਡਾ ਸਿੱਖ ਰਾਜ ਦਾ ਸੁਪਨਾ ਪੂਰਾ ਹੋ ਜਾਵੇਗਾ। ਮਾਸਟਰ ਤਾਰਾ ਸਿੰਘ ਜੀ

ਦਾ ਉੱਤਰ ਸੀ ਕਿ ਜੇ ਮੈਂ ਅਹੁਦਾ ਕਬੂਲ ਕਰ ਲਵਾਂ ਤਾਂ ਮੈਂ ਵੀ ਮਰਿਆ, ਅਕਾਲੀ ਦਲ ਵੀ ਖਤਮ ਤੇ ਪੰਥਕ ਹਿਤਾਂ ਦੇ ਵਿਚਾਰਾਂ ਦਾ ਵੀ ਭੋਗ ਪੈ ਜਾਵੇਗਾ। **ਅਕਾਲੀ ਦਲ ਉਤਨਾ ਚਿਰ ਹੀ ਕਾਇਮ ਰਹਿ ਸਕਦਾ ਹੈ, ਜਿਤਨਾ ਚਿਰ ਇਸਦਾ ਪ੍ਰਧਾਨ ਕੋਈ ਸਰਕਾਰੀ ਅਹੁਦਾ ਕਬੂਲ ਨਹੀਂ ਕਰੇਗਾ। ਜਿਸ ਦਿਨ ਕਿਸੇ ਅਕਾਲੀ ਦਲ ਦੇ ਪ੍ਰਧਾਨ ਨੇ ਅਹੁਦਾ ਕਬੂਲ ਕਰ ਲਿਆ, ਪੰਥ ਦੀ ਆਵਾਜ਼ ਖੇਰੂੰ ਖੇਰੂੰ ਹੋ ਜਾਵੇਗੀ।**

ਮਾਸਟਰ ਤਾਰਾ ਸਿੰਘ ਜੀ ਕਾਂਗਰਸ ਵਲੋਂ ਚਲਾਏ ਕੁੜੀਆਂ ਮੁੰਡਿਆਂ ਦੇ ਸਾਂਝੇ ਨਾਚ ਗਾਣੇ ਤੇ ਕਾਮ ਭੜਕਾਊ ਕਾਰਨਾਮਿਆਂ ਨੂੰ "ਕੰਜਰਲ ਪ੍ਰੋਗਰਾਮ" ਆਖਿਆ ਕਰਦੇ ਸਨ। ਉਹਨਾਂ ਦਾ ਪੱਕਾ ਨਿਸ਼ਚਾ ਸੀ ਕਿ ਇਹ ਸਿੱਖੀ ਦੇ ਸੁੱਚੇ ਸੁੱਚੇ ਆਚਰਣਕ ਉਸਾਰੀ ਵਾਲੇ ਸਭਿਆਚਾਰ ਨੂੰ ਨਸ਼ਟ ਕਰਨ ਦੀ, ਸਿੱਖੀ ਨੂੰ ਖਤਮ ਕਰਨ ਦੀ ਕਾਂਗਰਸ ਤੇ ਕਮਿਊਨਿਸਟਾਂ ਦੀ ਸਾਂਝੀ ਚਾਲ ਹੈ।

ਮਾਸਟਰ ਜੀ ਹਿੰਦੂ ਸਰਕਾਰ ਦੀ ਸਿੱਖ ਧਰਮ ਵਿਚ ਦਖਲਅੰਦਾਜ਼ੀ ਤੋਂ ਅੰਦਾਜ਼ਾ ਲਾ ਕੇ ਆਖਿਆ ਕਰਦੇ ਸਨ ਕਿ ਇਹਨਾਂ ਨੇ ਕਿਸੇ ਦਿਨ ਨੂੰ ਅੰਮ੍ਰਿਤ-ਪ੍ਰਚਾਰ ਉੱਤੇ ਵੀ ਪਾਬੰਦੀ ਲਾ ਦੇਣੀ ਹੈ ਅਤੇ ਗੁਰਦੁਆਰਿਆਂ ਵਿਚ ਆਪਣੀ ਮਰਜ਼ੀ ਦੇ ਸ਼ਬਦ ਪੜ੍ਹਨ ਵਾਸਤੇ ਸਿੱਖਾਂ ਨੂੰ ਮਜ਼ਬੂਰ ਕਰ ਦੇਣਾ ਹੈ ਤੇ ਸਿੱਖੀ ਚਿੰਨ੍ਹਾਂ ਨੂੰ ਖਤਮ ਕਰਨ ਦਾ ਪੂਰਾ ਯਤਨ ਕਰਨਾ ਹੈ।

ਮਾਸਟਰ ਜੀ ਆਖਿਆ ਕਰਦੇ ਸਨ ਕਿ ਸਿੱਖ ਰਾਜ ਆ ਰਿਹਾ ਹੈ। **ਜਿਤਨੀ ਸਾਨੂੰ ਪੰਜਾਬੀ ਹਿੰਦੂ ਵਧੇਰੇ ਨਫਰਤ ਕਰਨਗੇ, ਉਤਨਾ ਹੀ ਸਿੱਖ ਰਾਜ ਨੇੜੇ ਆਵੇਗਾ।**

ਇਕ ਵਾਰ ਪੰਡਤ ਜਵਾਹਰ ਲਾਲ ਨਹਿਰੂ ਨੇ ਇਹ ਬਿਆਨ ਦਿੱਤਾ ਕਿ ਜੇ ਪੰਜਾਬੀ ਸੂਬਾ ਬਣਾ ਦਿੱਤਾ ਤਾਂ ਪੰਜਾਬ ਤੋਂ ਬਾਹਰ ਦੇ ਸਿੱਖ ਕਿੱਥੇ ਜਾਣਗੇ। ਇਸ ਤੋਂ ਘਬਰਾ ਕੇ ਡਾਕਟਰ ਤਰਲੋਕ ਸਿੰਘ ਜੀ ਦੀ ਪ੍ਰਧਾਨਗੀ ਵਿਚ ਇਕ ਪੰਜਾਬੋਂ ਬਾਹਰਲੇ ਸਿੱਖਾਂ ਦਾ ਡੈਪੂਟੇਸ਼ਨ ਗੁਰਦੁਆਰਾ ਰਕਾਬ ਗੰਜ ਦਿੱਲੀ ਮਾਸਟਰ ਜੀ ਨੂੰ ਮਿਲਿਆ ਤੇ ਪੰਜਾਬੀ ਸੂਬੇ ਦੀ ਮੰਗ ਤੇ ਜਦੋ-ਜਹਿਦ ਛੱਡ ਦੇਣ ਲਈ ਆਖਿਆ। ਮਾਸਟਰ ਜੀ ਦਾ ਉੱਤਰ ਸੀ ਕਿ ਨਹਿਰੂ ਦੀ ਇਸੇ ਜ਼ਿਹਨੀਅਤ ਵਿਰੁੱਧ ਮੈਂ ਲੜ ਰਿਹਾ ਹਾਂ। ਉਹ ਸਾਨੂੰ ਗੁਲਾਮ ਬਣਾ ਕੇ ਤੇ ਡਰਾ ਕੇ ਰੱਖਣਾ ਚਾਹੁੰਦੇ ਹਨ, ਜਿਸ ਨਾਲ ਸਿੱਖੀ ਨਹੀਂ ਬਚ ਸਕਦੀ। ਬਾਹਰਲੇ ਸਿੱਖ ਬਚਾਉਣ ਨਾਲੋਂ ਮੈਨੂੰ ਸਿੱਖੀ ਬਚਾਉਣ ਦਾ ਵਧੇਰੇ ਫਿਕਰ ਹੈ। ਜੇ ਜਦੋ-ਜਹਿਦ ਛੱਡ ਦਿੱਤੀ ਜਾਵੇ ਤਾਂ ਮੌਤ ਤੋਂ ਪਹਿਲਾਂ ਹੀ ਉਹਨਾਂ ਦੇ ਢਿੱਡ ਵਿਚ ਪੈਣ ਜਾਣ ਵਾਲੀ ਗੱਲ ਹੋਵੇਗੀ। ਤਕੜੇ ਹੋ ਕੇ ਹਰ ਸਿੱਖ ਨੂੰ ਸਿੱਖੀ ਲਈ ਜਦੋ ਜਹਿਦ ਵਿਚ ਸ਼ਾਮਲ ਹੋਣਾ ਚਾਹੀਦਾ ਹੈ।

ਮਾਸਟਰ ਜੀ ਦਾ ਵਿਚਾਰ ਸੀ ਕਿ ਹਾਰਦਾ ਉਹ ਹੈ ਜੋ ਦਿਲ ਹਾਰ ਜਾਂਦਾ ਹੈ। ਜੋ ਹਾਰ ਵਿਚ ਵੀ ਰਸਤਾ ਬਦਲ ਕੇ ਦੂਜੇ ਢੰਗ ਦੀ ਲੜਾਈ ਸ਼ੁਰੂ ਰਖੇ, ਉਹ ਕਦੇ ਨਹੀਂ ਹਾਰਦਾ। ਕਾਂਗਰਸੀ ਸਿੱਖ ਸਮਝਦੇ ਹਨ ਕਿ ਹੁਣ ਕਦੇ ਵੀ ਸਿੱਖ ਤਾਕਤ ਨਹੀਂ ਬਣ ਸਕਦੀ। ਇਸ ਲਈ ਉਹ ਦਿਲ ਹਾਰੇ ਹੋਏ ਸਿੱਖ ਹਨ। ਉਹ ਇਹ ਆਖਿਆ ਕਰਦੇ ਸਨ ਕਿ ਜੇ ਤੁਸੀਂ ਹਾਰ ਚੁਕੇ ਹੋ, ਗੁਲਾਮ ਹੋ ਚੁਕੇ ਹੋ ਤਾਂ ਦੂਜਿਆਂ ਨੂੰ ਪ੍ਰਚਾਰ ਕਰਕੇ ਆਪਣੇ ਮਗਰ ਲਾ ਕੇ ਗੁਰੂ ਮਹਾਰਾਜ ਦੇ ਦੱਸੇ ਮਾਰਗ ਤੋਂ ਕਿਉਂ ਹਟਾਉਂਦੇ ਹੋ? ਹਾਰ ਦਾ ਤੇ ਗੁਲਾਮੀ ਦਾ ਪ੍ਰਚਾਰ

ਕਰਨਾ ਹਾਰਨ ਨਾਲੋਂ ਵੀ ਮਾੜਾ ਹੈ।

ਮਾਸਟਰ ਜੀ ਖੁਸ਼ਾਮਦ ਕਰਨ ਤੇ ਕਰਵਾਉਣ ਨੂੰ ਬਹੁਤ ਮਾੜਾ ਗਿਣਦੇ ਸਨ। ਕਹਿੰਦੇ ਸਨ ਖੁਸ਼ਾਮਦੀ ਆਦਮੀ ਦੁਸ਼ਮਣ ਨਾਲੋਂ ਵੀ ਮਾੜਾ ਹੁੰਦਾ ਹੈ। ਉਹ ਖਿਡਾਰੀ ਹੋਣ ਕਰਕੇ ਅਸੂਲੀ ਲੜਾਈ ਲੜਦੇ ਸਨ। ੧੯੫੯ ਈ. ਵਿਚ ਜਦੋਂ ਕਾਂਗਰਸ ਨੇ ਪੰਜਾਬੀ ਸੂਬਾ ਲਹਿਰ ਦੀ ਸ਼ਕਤੀ ਕਮਜ਼ੋਰ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰਾਂ ਨੂੰ ਹੱਥ ਵਿਚ ਲੈ ਕੇ ਪ੍ਰੇਮ ਸਿੰਘ ਲਾਲਪੁਰਾ ਨੂੰ ਪ੍ਰਧਾਨ ਬਣਾ ਦਿਤਾ ਤੇ ਮਾਸਟਰ ਜੀ ਤਿੰਨ ਵੋਟਾਂ ਦੇ ਫਰਕ ਨਾਲ ਹਾਰ ਗਏ। ਚੋਣ ਤੋਂ ਪਹਿਲਾਂ ਕਈ ਵਰਕਰਾਂ ਨੇ ਅੰਦਾਜ਼ਾ ਲਾ ਕੇ ਪੰਜ ਛੇ ਮੈਂਬਰਾਂ ਨੂੰ ਮੁਅੱਤਲ ਕਰਨ ਦੀ ਸਲਾਹ ਦਿੱਤੀ ਸੀ, ਜਿਸ ਨਾਲ ਮਾਸਟਰ ਜੀ ਦੀ ਕੋਲ ਸ਼੍ਰੋਮਣੀ ਅਕਾਲੀ ਦਲ ਦੀ ਤਾਕਤ ਕਾਇਮ ਰਹਿ ਸਕਦੀ ਸੀ ਪਰ ਮਾਸਟਰ ਜੀ ਨੇ ਇਹ ਬੇ-ਅਸੂਲੀ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਸੀ।

ਇਸੇ ਤਰ੍ਹਾਂ ਜਦੋਂ ਵਰਤਾਂ ਦੇ ਚੱਕਰਾਂ ਕਾਰਨ ੧੯੬੫ ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਈਆਂ ਤਾਂ ਸੰਤ ਫਤਹਿ ਸਿੰਘ ਨੂੰ ੧੦੦ ਸੀਟਾਂ ਮਿਲੀਆਂ ਤੇ ਮਾਸਟਰ ਜੀ ਦੇ ਅਕਾਲੀ ਦਲ ਨੂੰ ਕੇਵਲ ੪੦ ਸੀਟਾਂ ਮਿਲੀਆਂ। ਮਾਸਟਰ ਜੀ ਨੇ ਐਲਾਨ ਕਰ ਦਿੱਤਾ ਕਿ ਕੌਮ ਨੇ ਸੰਤ ਫਤਹਿ ਸਿੰਘ ਨੂੰ ਲੀਡਰ ਮੰਨ ਲਿਆ ਹੈ। ਇਹ ਜੋ ਵੀ ਪ੍ਰੋਗਰਾਮ ਦੇਣਗੇ, ਮੈਂ ਇਸ ਵਿਚ ਰੁਕਾਵਟ ਨਹੀਂ ਬਣਨਾ ਚਾਹੁੰਦਾ ਤੇ ਸਿਆਸਤ ਤੋਂ ਲਾਂਭੇ ਹੋ ਕੇ ਸਲੋਗੜੇ ਚਲੇ ਗਏ ਤੇ ਅਲੋਪ ਹੀ ਰਹੇ। ਜਦੋਂ ਸੰਤ ਫਤਹਿ ਸਿੰਘ ਨੇ ਹਿੰਦੂਆਂ ਦੇ ਢਹੇ ਚੜ੍ਹ ਕੇ ਲੰਗੜਾ ਤੇ ਬਗੈਰ ਪਾਵਰ ਤੋਂ ਪੰਜਾਬੀ ਸੂਬਾ ਲੈਣ ਲਈ ਮਨ ਬਣਾ ਲਿਆ ਤਾਂ ਸ੍ਰ: ਕਪੂਰ ਸਿੰਘ ਆਈ.ਏ.ਐਸ. ਅਤੇ ਸ੍ਰ: ਗੁਰਨਾਮ ਸਿੰਘ ਜੱਜ ਨੇ ਲੁਧਿਆਣੇ ਨਲੂਆ ਕਾਨਫਰੰਸ ਕਰਕੇ ਸਿੱਖ ਹੋਮਲੈਂਡ ਦਾ ਨਾਹਰਾ ਲਾਇਆ ਤੇ ਮਾਸਟਰ ਜੀ ਨੂੰ ਲੀਡ ਕਰਨ ਲਈ ਬੇਨਤੀ ਕੀਤੀ। ਮਾਸਟਰ ਜੀ ਨੇ ਆ ਕੇ ਪੰਥ ਅੱਗੇ ਸਹੀ ਪੋਜੀਸ਼ਨ ਰੱਖੀ ਤੇ ਲੰਗੜੇ ਪੰਜਾਬੀ ਸੂਬੇ ਬਾਰੇ ਜਾਣੂ ਕਰਵਾਇਆ। ਪਰ ਤੀਰ ਹੱਥੋਂ ਨਿਕਲ ਚੁਕਾ ਸੀ ਤੇ ਕੌਮ ਦਾ ਨੁਕਸਾਨ ਹੋ ਗਿਆ, ਜਿਸਦਾ ਖਮਿਆਜ਼ਾ ਸਿੱਖ ਕੌਮ ਅੱਜ ਤੱਕ ਭੁਗਤ ਰਹੀ ਹੈ। ਮਾਸਟਰ ਤਾਰਾ ਸਿੰਘ ਜੀ ਨੇ ੧੯੪੯ ਤੋਂ ੧੯੬੨ ਈ. ਤੱਕ ਪੰਜਾਬੀ ਸੂਬਾ ਐਜੀਟੇਸ਼ਨ ਚਲਾਈ। ਸਿੱਖ ਕੌਮ ਨੂੰ ਆਪਣੇ ਹੱਕ ਲੈਣ ਲਈ ਤਿਆਰ ਕੀਤਾ। ਉਹਨਾਂ ਦਾ ਨਾਹਰਾ ਸੀ ਕਿ ਮੈਂ ਹਿੰਦੁਸਤਾਨ ਨਾਲੋਂ ਵੱਖ ਹੋਣ ਦਾ ਹਾਮੀ ਨਹੀਂ ਪਰ ਹਿੰਦੂਆਂ ਦਾ ਗੁਲਾਮ ਬਣ ਕੇ ਵੀ ਨਹੀਂ ਰਹਿਣਾ ਚਾਹੁੰਦਾ। ਇਸ ਹਿੰਦੂ ਕਲਚਰ ਤੇ ਕਾਨੂੰਨ ਹੇਠ ਸਿੱਖ ਧਰਮ ਬਚ ਨਹੀਂ ਸਕਦਾ। ਸਿੱਖਾਂ ਨੂੰ ਪੰਜਾਬ ਵਿਚ ਆਪਣਾ ਵਿਧਾਨ ਬਣਾਉਣ ਦਾ ਹੱਕ ਹੋਣਾ ਚਾਹੀਦਾ ਹੈ। ਹਿੰਦੁਸਤਾਨ ਨਾਲ ਰਹਿਣ ਯਾ ਵੱਖਰੇ ਹੋਣ ਦਾ ਅਧਿਕਾਰ ਵੀ ਸਿੱਖਾਂ ਨੂੰ ਮਿਲਣਾ ਚਾਹੀਦਾ ਹੈ ਤਾਂ ਕਿ ਬਹੁਗਿਣਤੀ ਦੇ ਧੱਕੇ ਤੋਂ ਬਚਿਆ ਜਾ ਸਕੇ। ਇਹ ਸਿੱਖਾਂ ਦਾ ਹੋਮ ਲੈਂਡ ਹੈ। ਮਾਸਟਰ ਤਾਰਾ ਸਿੰਘ ਜੀ ਨੂੰ ਆਪਣੇ ਨਿਸ਼ਾਨੇ ਤੋਂ ਕੋਈ ਡੋਗ ਨਹੀਂ ਸਕਦਾ ਸੀ। ਇਸ ਲਈ ੧੯੬੦ ਈ. ਦੇ ਮੋਰਚੇ ਦੀ ਚੜ੍ਹਤ ਦੇਖ ਕੇ ਸਰਕਾਰ ਨੇ ਆਪਣੇ ਏਜੰਟਾਂ ਰਾਹੀਂ ਅਕਾਲੀ ਦਲ ਵਿਚ ਫੁੱਟ ਪਾ ਕੇ "ਸਿੱਖਾਂ ਦੀ ਆਜ਼ਾਦ ਰਾਜਸੀ ਹਸਤੀ" ਕਾਇਮ ਰੱਖਣ ਦੀ ਸਿੱਖ ਲਹਿਰ ਨੂੰ ਖੇਰੂੰ-ਖੇਰੂੰ ਕਰ ਦਿੱਤਾ।

ਗਿਆਨੀ ਹੀਰਾ ਸਿੰਘ ਜੀ ਦਰਦ

ਗਿਆਨੀ ਹੀਰਾ ਸਿੰਘ ਦਰਦ ਦਾ ਜਨਮ ਉਸ ਸਮੇਂ ਹੋਇਆ ਜਦੋਂ ਦੇਸ਼ ਦੀ ਆਜ਼ਾਦੀ ਦੀ ਸ਼ਮ੍ਹਾ ਲਟ-ਲਟ ਕਰਕੇ ਤਾਂ ਬੇਸ਼ਕ ਨਹੀਂ ਸੀ ਬਲੀ ਪਰ ਇਸ ਨੂੰ ਬਾਲਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਸਿੰਘ ਸਭਾ, ਆਰੀਆ ਸਮਾਜ ਤੇ ਮੁਸਲਮ ਲੀਗ ਆਦਿ ਲਹਿਰਾਂ ਦੇ ਚੱਲਣ ਨਾਲ ਅੰਗਰੇਜ਼ ਦੀਆਂ ਕੁਟਲ ਚਾਲਾਂ ਦੇ ਵਿਰੁੱਧ ਲੋਕ ਮਾਨਸ ਵਿਚ ਇਕ ਖਾਸ ਕਿਸਮ ਦਾ ਰੋਹ ਭੜਕ ਉਠਿਆ ਸੀ ਤੇ ਅੰਗਰੇਜ਼ ਸਰਕਾਰ ਦਾ ਸਿੱਧਾ ਤੇ ਅਸਿੱਧਾ ਵਿਰੋਧ ਵੀ ਪੂਰੀ ਤਰ੍ਹਾਂ ਹੋਣਾ ਸ਼ੁਰੂ ਹੋ ਗਿਆ ਸੀ। ਸੰਨ ੧੮੯੭ ਈਸਵੀ ਦਾ ਸਮਾਂ ਪੰਜਾਬ ਦੇ ਇਤਿਹਾਸ ਵਿਚ ਇਕ ਅਜਿਹੇ ਸਪੂਤ ਨੂੰ ਧਰਤੀ ਉੱਪਰ ਲੈ ਕੇ ਆਇਆ ਜਿਸ ਨੇ ਭਾਰਤ ਦੀ ਅਜ਼ਾਦੀ ਦੀ ਲੜਾਈ ਦੇ ਨਾਲ ਨਾਲ ਪੰਜਾਬੀ ਸਾਹਿਤ ਦੀ ਤਰੱਕੀ ਅਤੇ ਪੰਜਾਬ ਵਿਚੋਂ ਅਨਪੜ੍ਹਤਾ ਦਾ ਹਨੇਰਾ ਦੂਰ ਕਰਨ ਦੇ ਆਸ਼ੇ ਨਾਲ ਬਹੁਤ ਸਾਰੇਂ ਯਤਨ ਕੀਤੇ।

ਹੀਰਾ ਸਿੰਘ 'ਦਰਦ' ਦੇ ਦਿਲ ਵਿਚ ਜਿੱਥੇ ਦੇਸ਼ ਲਈ ਅੰਤਾਂ ਦਾ ਪਿਆਰ ਸੀ, ਉਥੇ ਸਮੁੱਚੀ ਮਨੁੱਖਤਾ ਲਈ ਵੀ ਅਥਾਹ ਪਿਆਰ ਸੀ। ਉਹ ਦੇਸ਼ ਲਈ ਹਰ ਕੁਰਬਾਨੀ ਕਰਨ ਲਈ ਤਤਪਰ ਅਤੇ ਹਰ ਲੋੜਵੰਦ ਦੀ ਸਹਾਇਤਾ ਲਈ ਸਦਾ ਤਿਆਰ ਰਹਿੰਦੇ ਸਨ। ਅਸਲ ਵਿਚ ਹੀਰਾ ਸਿੰਘ 'ਦਰਦ' ਇਕ ਵਿਅਕਤੀ ਨਹੀਂ ਸਗੋਂ ਇਕ ਛੋਟੇ ਜਿਹੇ ਕੱਦ ਬੁੱਤ ਵਿਚ ਇਕ ਸੰਸਥਾ ਦੀ ਨਿਆਈਂ ਸਨ। ਉਨ੍ਹਾਂ ਵਿਚ ਅਨੇਕਾਂ ਪ੍ਰਕਾਰ ਦੇ ਸਾਹਿਤਕ ਗੁਣਾਂ ਤੋਂ ਬਿਨਾਂ ਆਜ਼ਾਦੀ ਲਈ ਤੜਪ, ਦੇਸ਼ ਪਿਆਰ, ਪੰਜਾਬੀ ਪਿਆਰ, ਪਰਉਪਕਾਰ, ਦ੍ਰਿੜ੍ਹਤਾ, ਸਵੈ-ਵਿਸ਼ਵਾਸ, ਬੇਪਰਵਾਹੀ, ਨਿਧੜਕਤਾ ਤੇ ਸੱਚ ਮੂੰਹ ਉਤੇ ਕਹਿਣ ਵਰਗੇ ਸਾਰੇ ਗੁਣ ਮੌਜੂਦ ਸਨ। ਉਨ੍ਹਾਂ ਦੇ ਜੀਵਨ ਦੀਆਂ ਅਨੇਕਾਂ ਨਿੱਕੀਆਂ-ਨਿੱਕੀਆਂ ਉਦਾਹਰਣਾਂ ਤੋਂ ਉਨ੍ਹਾਂ ਦੇ ਅਜਿਹੇ ਸੁਭਾਅ ਦਾ ਸਪੱਸ਼ਟ ਪ੍ਰਗਟਾਵਾ ਹੁੰਦਾ ਹੈ।

ਸੰਨ ੧੯੬੫ ਵਿਚ ਜਦੋਂ ਗਿਆਨੀ ਜੀ ਬਿਮਾਰੀ ਦੀ ਹਾਲਤ ਵਿਚ ਵਿਚਰ ਰਹੇ ਸਨ ਤਾਂ ਬਹੁਤ ਸਾਰੀਆਂ ਗੱਲਾਂ ਸੁਣਾਇਆ ਕਰਦੇ ਸਨ, ਜਿਨ੍ਹਾਂ ਤੋਂ ਉਨ੍ਹਾਂ ਦੇ ਪਰਉਪਕਾਰੀ ਸੁਭਾਅ ਦਾ ਅਨੁਮਾਨ ਲਗਦਾ ਹੈ। ਸੰਨ ੧੯੧੪ ਈ: ਨੂੰ ਬਹਾਦਰ ਸਿੰਘ ਨਾਂ ਦਾ ਇਕ ਵਿਅਕਤੀ ਮਾਇਕ ਤੰਗੀ ਸਦਕਾ ਖੁਦਕਸ਼ੀ ਕਰਨ ਲੱਗਾ, ਉਸ ਨੂੰ ਮਾਇਕ ਸਹਾਇਤਾ ਦੇ ਕੇ ਬਚਾਇਆ। ਪਿਛੋਂ ਉਹ ਇਕ ਚੰਗਾ ਅਫਸਰ ਬਣਿਆ। ਸੰਨ ੧੯੨੪ ਦੀ ਕਿ ਘਟਨਾ ਅਨੁਸਾਰ ਇਕ ਪਹਾੜੀਏ ਨੂੰ ਮੰਗਣ 'ਤੇ ਆਨਾ ਟਕਾ ਦੇਣ ਦੀ ਥਾਂ ਛੋਲੇ ਬਣਾਉਣ ਦਾ

ਸਾਰਾ ਸਮਾਨ ਲੈ ਕੇ ਦਿੱਤਾ। ਅੱਜ ਉਸ ਦੇ ਪੁੱਤਰ ਅੰਮ੍ਰਿਤਸਰ ਦੇ ਵੱਡੇ ਸੇਠਾਂ ਵਿਚ ਗਿਣੇ ਜਾਂਦੇ ਹਨ।

ਗੱਲ ਕਹਿਣੀ ਤੇ ਉਸ 'ਤੇ ਪਹਿਰਾ ਦੇਣਾ ਗਿਆਨੀ ਹੀਰਾ ਸਿੰਘ 'ਦਰਦ' ਦੀ ਸ਼ਖ਼ਸੀਅਤ ਦਾ ਪੱਕਾ ਅੰਗ ਸੀ। ਸੰਨ ੧੯੦੭ ਵਿਚ ਉਹ ਚੁੰਗੀ ਮਹਿਕਮੇ ਦੀ ਨੌਕਰੀ ਕਰਦੇ ਸਨ। ਉਸ ਸਮੇਂ ਤਨਖਾਹ ਵਧਾਉਣ ਦੇ ਆਸ਼ੇ ਨਾਲ ਚੁੰਗੀ ਮੁਹੱਰਰਾਂ ਨੇ ਹੜਤਾਲ ਕੀਤੀ ਪਰ ਸਰਕਾਰ ਦਾ ਰੁਖ਼ ਦੇਖ ਕੇ ਪੁਰਾਣੇ ਖੁੰਢ ਤਾਂ ਮੁਆਫੀਆਂ ਮੰਗ ਕੇ ਚੁੱਪ ਹੋ ਗਏ ਪਰ ਹੀਰਾ ਸਿੰਘ 'ਦਰਦ' ਆਪਣੇ ਸੁਭਾਅ ਅਨੁਸਾਰ ਅੜੇ ਰਹੇ। ਅਫਸਰਾਂ ਨੇ ਮਨਾਉਣ ਤੇ ਮੁਆਫੀ ਮੰਗਣ ਵਾਸਤੇ ਬਹੁਤ ਸਮਝਾਇਆ ਪਰ ਦਰਦ ਜੀ ਨੇ ਮੁਆਫੀ ਮੰਗਣ ਦੀ ਥਾਂ ਆਪਣੀ ਗੱਲ ਦੀ ਖਾਤਰ ਇਹ ਆਖ ਕੇ ਅਸਤੀਫਾ ਦੇ ਦਿੱਤਾ **"ਤੁਹਾਡੀ ਮਿਹਰਬਾਨੀ ਦਾ ਸ਼ੁਕਰੀਆ, ਪਰ ਮੈਂ ਹੁਣ ਇਥੇ ਕੰਮ ਨਹੀਂ ਕਰ ਸਕਦਾ, ਬੇਇੱਜ਼ਤ ਹੋ ਕੇ ਕੰਮ ਕਰਨ ਨਾਲੋਂ ਭੁੱਖਾ ਮਰਨਾ ਚੰਗਾ ਹੈ"**[੨] ਇਸੇ ਤਰ੍ਹਾਂ ਆਪਣੀ ਗੱਲ 'ਤੇ ਅੜੇ ਰਹਿਣ ਸਦਕਾ ਕਾਮਾਗਾਟਾ ਮਾਰੂ ਦੇ ਸ਼ਹੀਦਾਂ ਦੀ ਯਾਦ ਵਿਚ ਅਖੰਡ ਪਾਠ ਕਰਵਾਉਣ ਸਦਕਾ ਸਰਕਾਰ ਵੱਲੋਂ ਮੁਆਫੀ ਮੰਗਣ ਲਈ ਆਖਣ 'ਤੇ ਮੁਆਫੀ ਨਹੀਂ ਮੰਗੀ, ਸਗੋਂ ਕਰੜੀ ਸਜ਼ਾ ਭੁਗਤਣ ਲਈ ਤਿਆਰ ਹੋ ਗਏ।

ਗਿਆਨੀ ਹੀਰਾ ਸਿੰਘ 'ਦਰਦ' ਦੇ ਸੁਭਾਅ ਦੀ ਇਕ ਗੱਲ ਕਮਾਲ ਦੀ ਇਹ ਸੀ ਕਿ ਉਨ੍ਹਾਂ ਦਾ ਕੁਝ ਸ਼ਖ਼ਸੀਅਤਾਂ ਨਾਲ ਮੱਤਭੇਦ ਸਦਾ ਬਣਿਆ ਰਿਹਾ ਪਰ ਉਨ੍ਹਾਂ ਨਾਲ ਸਮਾਜਕ ਰਿਸ਼ਤੇ ਵਿਚ ਕੋਈ ਫਰਕ ਨਾ ਪਿਆ। ਮਾਸਟਰ ਤਾਰਾ ਸਿੰਘ ਨਾਲ ਸਿਧਾਂਤਕ ਮੱਤ-ਭੇਦ ਸ਼ਾਇਦ ਸਦਾ ਹੀ ਬਣੇ ਰਹੇ। ੧੯੫੦ ਈ: ਵਿਚ ਪੰਥ, ਧਰਮ ਤੇ ਰਾਜਨੀਤੀ ਨਾਂ ਦੀ ਪੁਸਤਕ ਵਿਚ ਮਾਸਟਰ ਜੀ ਅਤੇ ਹੋਰ ਵੱਡੇ ਵੱਡੇ ਅਕਾਲੀਆਂ ਦੀਆਂ ਗਲਤ ਨੀਤੀਆਂ ਦੀ ਕਰੜੀ ਆਲੋਚਨਾ ਕੀਤੀ ਅਤੇ ਇਸ ਤੋਂ ਪਿਛੋਂ ੧੦ ਜਨਵਰੀ ੧੯੬੦ ਅਤੇ ੧੭ ਜੂਨ, ੧੯੬੦ ਦੇ ਅਜੀਤ ਵਿੱਚ 'ਮਾਸਟਰ ਜੀ ਦੀਆਂ ਸੌਹਾਂ, ਪ੍ਰਣ ਦੇ ਨਾਅਰੇ' ਅਤੇ ਇਸੇ ਦਿਨ ਅਜੀਤ ਵਿੱਚ ਹੀ 'ਮਾਸਟਰ ਤਾਰਾ ਸਿੰਘ ਜੀ ਦੀ ਮਾਨਸਿਕ ਸਥਿਤੀ ਤਰਸਯੋਗ ਤੇ ਚਿੰਤਾਜਨਕ' ਵਰਗੇ ਲੇਖਾਂ ਤੋਂ ਬਿਨਾਂ 'ਅਕਾਲੀਆਂ ਲਈ ਫੈਸਲੇ ਦੀ ਘੜੀ' ਵਰਗੇ ਟ੍ਰੈਕਟ ਵੀ ਕੱਢੇ। ਪਰ ਹੈਰਾਨੀ ਦੀ ਗੱਲ ਹੈ ਕਿ ਜਦੋਂ ਗਿਆਨੀ ਜੀ ੧੯੬੫ ਈ: ਵਿਚ ਬਿਮਾਰ ਪਏ ਸਨ ਤਾਂ ਮਾਸਟਰ ਤਾਰਾ ਸਿੰਘ ਜੀ ਬਹੁਤ ਬੁਢਾਪੇ ਤੇ ਕਮਜ਼ੋਰੀ ਦੀ ਹਾਲਤ ਵਿਚ ਦਰਦ ਜੀ ਦੀ ਮਿਜਾਜ ਪੁਰਸ਼ੀ ਲਈ ਮਾਡਲ ਹਾਊਸ ਆਏ ਤੇ ਸਾਰਾ ਦਿਨ ਉਨ੍ਹਾਂ ਦੀ ਮੰਜੀ ਕੋਲ ਕੁਰਸੀ ਉਪਰ ਬੈਠੇ ਰਹੇ। ਗਿਆਨੀ ਹੀਰਾ ਸਿੰਘ ਦਾ ਆਪਣੀ ਗੱਲ 'ਤੇ ਅੜੇ ਰਹਿਣ ਦਾ ਪ੍ਰਗਟਾਵਾ ਉਨ੍ਹਾਂ ਦੇ ਇਕ ਨਿਸ਼ਠਾਵਾਨ ਸਿੱਖ ਵਜੋਂ ਵੀ ਹੋ ਆਉਂਦਾ ਹੈ। ਉਨ੍ਹਾਂ ਨੇ ਭਾਈ ਰਣਧੀਰ ਸਿੰਘ ਨਾਰੰਗਵਾਲ ਦੇ ਜਥੇ ਪਾਸੋਂ ਅੰਮ੍ਰਿਤ-ਪਾਨ ਕੀਤਾ। ਉਨ੍ਹਾਂ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜ ਪਿਆਰਿਆਂ ਨੂੰ ਗੁਰੂ ਰੂਪ ਦੱਸ ਕੇ ਸਾਰੀਆਂ ਰਹਿਤਾਂ-ਕੁਰਹਿਤਾਂ ਦੇ ਨਾਲ ਮਾਸ ਖਾਣ ਤੋਂ ਵਰਜਿਆ ਗਿਆ ਤਾਂ ਆਪ ਦ੍ਰਿੜ ਰਹੇ ਪਰ ਮਾਸਟਰ ਤਾਰਾ ਸਿੰਘ ਜੀ ਵੱਲੋਂ ਇਹ ਭੁਲੇਖਾ ਕੱਢਣ ਲਈ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੀ ਪੰਜ ਪਿਆਰਿਆਂ ਵੱਲੋਂ ਮਾਸ ਖਾਣ ਦਾ ਹੁਕਮ ਦਿਤੇ ਜਾਣ ਨੂੰ ਮੰਨਣਾ ਦਰਦ ਦੀ ਧਾਰਮਿਕ ਨਿਸ਼ਠਾ ਦਾ

ਪ੍ਰਤੱਖ ਪ੍ਰਮਾਣ ਹੈ।

ਹੀਰਾ ਸਿੰਘ ਨੇ ਆਪ ਬਹੁਤ ਸਾਰੀ ਤੇ ਬਹੁਪੱਖੀ ਸਾਹਿਤਕ ਰਚਨਾ ਕੀਤੀ ਹੈ। ਕਵਿਤਾ, ਵਾਰਤਕ, ਕਹਾਣੀ, ਲੇਖ, ਜੀਵਨੀ, ਸਫਰਨਾਮਾ ਤੇ ਪੱਤਰਕਾਰੀ ਦੇ ਖੇਤਰ ਵਿਚ ਆਪ ਦਾ ਨਾਂ ਮੋਢੀਆਂ ਵਜੋਂ ਲਿਆ ਜਾਂਦਾ ਹੈ ਪਰ ਹੋਰਨਾਂ ਲਈ ਉਤਸ਼ਾਹ ਪ੍ਰਦਾਨ ਕਰਨਾ ਵੀ ਦਰਦ ਦੇ ਸੁਭਾਅ ਦਾ ਇਕ ਤਕੜਾ ਪੱਖ ਸੀ। ਗੁਰਬਖਸ਼ ਸਿੰਘ ਦੇ ਰਸਾਲੇ *ਪ੍ਰੀਤਲੜੀ* ਨੂੰ ਕੋਈ ਪ੍ਰੈਸ ਛਾਪਣ ਲਈ ਤਿਆਰ ਨਹੀਂ ਸੀ। ਦਰਦ ਨੇ *ਪ੍ਰੀਤਲੜੀ* ਦਾ ਪਹਿਲਾ ਪਰਚਾ ੧੯੩੩ ਈ: ਵਿਚ ਆਪਣੇ ਫੁਲਵਾੜੀ ਪ੍ਰੈਸ 'ਤੇ ਛਾਪਿਆ। ਪੱਤਰਕਾਰੀ ਵਿਚ ਵੀ ਆਪ ਨੇ ਚੰਗਾ ਸ਼ਲਾਘਾਯੋਗ ਕੰਮ ਕੀਤਾ। ਬੇਸ਼ੱਕ ਇਸ ਕਰਕੇ ਆਪ ਨੂੰ ਬਹੁਤ ਵਾਰ ਜੇਹਲ ਵੀ ਜਾਣਾ ਪਿਆ। ਹੀਰਾ ਸਿੰਘ ਜੀ ਦੀ ਦ੍ਰਿੜ ਵਿਸ਼ਵਾਸ ਵਾਲੀ ਗੱਲ ਉਨ੍ਹਾਂ ਦੇ ਸਿੱਖ ਸਿਧਾਂਤਾਂ ਅਨੁਸਾਰ ਊਚ ਨੀਚ ਨੂੰ ਨਾ ਮੰਨਣਾ ਹੈ। ਇਹ ਮਨੁੱਖਤਾ ਦਾ ਪਿਆਰ ਹੈ। ਮਨੁੱਖਤਾ ਨਾਲ ਪਿਆਰ ਦੀ ਇਕ ਉਦਾਹਰਣ ਦਰਦ ਜੀ ਇਕ ਕਵਿਤਾ ਤੋਂ ਵੇਖੋ :

ਚੰਗੇ ਨਾ ਹਿੰਦੂ ਸਾਰੇ, ਮੰਦੇ ਚਮਿਆਰ ਨਾ।
ਊਚਾਂ ਤੇ ਨੀਚਾਂ ਦੀ, ਦਰਗਾਹੇ ਵਿਚਾਰ ਨਾ।
ਉੱਚਾ ਹੈ ਸੋਈ ਜਿਹੜਾ, ਰੱਬ ਨੂੰ ਚਿਤਾਰਦਾ।

ਜਾਤ ਪਾਤ ਲਈ ਉਸ ਦੇ ਕੱਟੜ ਵਿਰੋਧ ਵਾਲੀਆਂ ਇਕ ਦੋ ਘਟਨਾਵਾਂ ਦਾ ਜ਼ਿਕਰ, ਦਰਦ ਜੀ ਨੇ ਕਾਂਗਰਸੀ ਆਗੂਆਂ ਵੱਲੋਂ ਵਿਖਾਵੇ ਮਾਤਰ ਕੀਤੇ ਜਾਂਦੇ ਉਨ੍ਹਾਂ ਦੇ ਪਖੰਡ ਤੋਂ ਪਰਦਾ ਲਾਹੁਣ ਲਈ, ਆਪਣੀ ਪੁਸਤਕ *'ਮੇਰੀਆਂ ਕੁਝ ਇਤਿਹਾਸਕ ਯਾਦਾਂ'* ਵਿਚ ਬੜੇ ਵਿਸਥਾਰ ਨਾਲ ਕੀਤਾ ਹੈ। ਜਿਸ ਤੋਂ ਉਨ੍ਹਾਂ ਦੇ ਇਕ ਸੱਚੇ, ਸੁੱਚੇ ਸਿੱਖ, ਮਨੁੱਖਤਾ ਦੇ ਸੱਚੇ ਅਸੂਲਾਂ ਤੇ ਆਪਣੇ ਵਿਚਾਰਾਂ ਉਪਰ ਦ੍ਰਿੜਤਾ ਨਾਲ ਪਹਿਰਾ ਦੇਣ ਦਾ ਪ੍ਰਤੱਖ ਪ੍ਰਮਾਣ ਮਿਲਦਾ ਹੈ।

ਪੰਜਾਬੀ ਬੋਲੀ ਤੇ ਸਾਹਿਤ ਵਿਚ ਦਰਦ ਜੀ ਨੇ ਬਹੁਤ ਮੱਹਤਵਪੂਰਨ ਹਿੱਸਾ ਪਾਇਆ ਹੈ। ਉਨ੍ਹਾਂ ਦਾ ਮੁਢਲਾ ਨਿਸ਼ਾਨਾ ਸਿੱਖ ਸਿਧਾਂਤਾਂ ਨੂੰ ਪ੍ਰਚਾਰਨਾ ਤੇ ਦੇਸ਼ ਦੀ ਆਜ਼ਾਦੀ ਲਈ ਲੜੀ ਜਾ ਰਹੀ ਜੰਗ ਵਾਸਤੇ ਲੋਕਾਂ ਨੂੰ ਤਿਆਰ ਕਰਨਾ ਸੀ। ਦਰਦ ਜੀ ਨੇ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਤੇ ਉਨ੍ਹਾਂ ਦੀਆਂ ਜਬਰ-ਜ਼ੁਲਮ ਵਿਰੁੱਧ ਕਰੜੀਆਂ ਘਾਲਨਾਵਾਂ ਨੂੰ ਸਾਹਮਣੇ ਰੱਖ ਕੇ ਸਮਕਾਲੀ ਸਾਮਰਾਜੀ ਜਬਰ ਵਿਰੁੱਧ ਡਟ ਜਾਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਭਾਵੇਂ ਉਨ੍ਹਾਂ ਦੇ ਸਾਹਮਣੇ ਨਿਸ਼ਾਨਾ ਤਾਂ ਸਿੱਖੀ ਦਾ ਪ੍ਰਚਾਰ ਤੇ ਦੇਸ਼ ਦੀ ਆਜ਼ਾਦੀ ਦੀ ਲੜਾਈ ਹੀ ਸੀ ਪਰ ਉਹ ਅਚੇਤ ਰੂਪ ਵਿਚ ਪੰਜਾਬੀ ਬੋਲੀ ਦੀ ਸੇਵਾ ਵੀ ਕਰ ਰਹੇ ਸਨ। ਪਿਛੋਂ ਦਰਦ ਜੀ ਨੇ ਸੁਚੇਤ ਤੌਰ 'ਤੇ ਪੰਜਾਬੀ ਬੋਲੀ ਤੇ ਸਾਹਿਤ ਦੀ ਉਸਾਰੀ ਲਈ ਤਕੜੇ ਯਤਨ ਅਰੰਭੇ। ਗਿਆਨੀ ਹੀਰਾ ਸਿੰਘ 'ਦਰਦ' ਪਹਿਲੇ ਕਵੀ ਹਨ ਜਿਨ੍ਹਾਂ ਨੇ ਗੁਰਦੁਆਰਾ ਸੁਧਾਰ ਲਹਿਰ, ਅਕਾਲੀ ਲਹਿਰ ਤੇ ਪੰਜਾਬੀ ਪ੍ਰਚਾਰ ਦੇ ਕਾਰਜਾਂ ਵਿਚ ਇਕ ਮੋਹਰੀ ਵਾਂਗ ਕੰਮ ਕੀਤਾ ਤੇ ਹੋਰਨਾਂ ਨੂੰ ਪ੍ਰੇਰਤ ਕੀਤਾ। ਇਸ ਸਬੰਧੀ ਸ੍ਰ: ਅਵਤਾਰ ਸਿੰਘ ਆਜ਼ਾਦ ਨੇ ਲਿਖਿਆ ਹੈ :

"ਦਰਦ ਜੀ ਪਹਿਲੇ ਪੰਜਾਬੀ ਕਵੀ ਸਨ ਜਿਨ੍ਹਾਂ ਨੇ ਮੋਹਰੀ ਵਾਂਗ ਅਕਾਲੀ ਲਹਿਰ ਵਿੱਚ ਆਪ ਹਿੱਸਾ ਲਿਆ ਤੇ ਆਪਣੇ ਅਸਰ ਨਾਲ ਕਈ ਕਵੀਆਂ ਨੂੰ ਮੈਦਾਨ ਵਿਚ ਲਿਆਂਦਾ"[੩]

ਹੀਰਾ ਸਿੰਘ ਦਰਦ ਦੀ ਸ਼ਖ਼ਸੀਅਤ ਬੜੀ ਆਕ੍ਰਸ਼ਣਸ਼ੀਲ ਸੀ। ਜੀਵਨ ਦੇ ਹਰ ਖੇਤਰ ਵਿਚ ਉਨ੍ਹਾਂ ਦਾ ਪ੍ਰਭਾਵ ਦਿਖਾਈ ਦਿੰਦਾ ਹੈ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਤੇ ਪੰਜਾਬੀ ਦੀ ਸੇਵਾ ਕਰਦਿਆਂ ਰਾਜਨੀਤੀ ਤੇ ਸਮਾਜ ਸੇਵਾ ਦੇ ਖੇਤਰ ਵਿਚ ਵੀ ਵਧ ਚੜ੍ਹ ਕੇ ਆਪਣਾ ਯੋਗਦਾਨ ਪਾਇਆ। ਕਿਧਰੇ ਉਹ ਇਕ ਕਵੀ ਦੇ ਰੂਪ ਵਿਚ ਸਮੇਂ ਦੀ ਜਾਬਰ ਸਰਕਾਰ ਨੂੰ ਹਊਆ ਜਾਪਦਾ, ਕਿਧਰੇ ਪੱਤਰਕਾਰੀ ਰਾਹੀਂ ਸਰਕਾਰ ਲਈ ਇਕ ਚੁਣੌਤੀ ਦਿੱਸਦਾ, ਕਿਧਰੇ ਨਵੇਂ ਕਵੀਆਂ ਨੂੰ ਪੰਜਾਬੀ ਸਾਹਿਤ ਦੇ ਪਿੜ ਵਿਚ ਕੁੱਦਣ ਲਈ ਤਿਆਰ ਕਰ ਰਿਹਾ ਹੁੰਦਾ। ਕਿਧਰੇ ਉਹ ਪੰਜਾਬ ਦੇ ਸੂਰਬੀਰ ਬਹਾਦਰਾਂ ਦੇ ਮਨਾਂ ਦੀ ਧੜਕਣ ਬਣ ਕੇ ਉਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਜੂਝਣ ਲਈ ਤਿਆਰ ਕਰਨ ਦੇ ਨਾਲ-ਨਾਲ ਮਾਂ-ਬੋਲੀ ਪੰਜਾਬੀ ਦੀ ਸੇਵਾ-ਸੰਭਾਲ ਲਈ ਯਤਨਸ਼ੀਲ ਜਾਪਦਾ। ਉਨ੍ਹਾਂ ਦੀ ਪੰਜਾਬੀ ਦੀ ਸੇਵਾ ਅਦੁੱਤੀ ਹੈ। ਪੰਜਾਬੀ ਸਭਾ ਨੂੰ ਆਪਣੇ ਪੈਰਾਂ ਉਪਰ ਖੜ੍ਹੇਣ ਦੇ ਸਮਰੱਥ ਬਣਾਉਣ ਵਾਲੇ ਮੋਢੀਆਂ ਵਿਚ ਗਿਆਨੀ ਹੀਰਾ ਸਿੰਘ ਦਾ ਨਾਂ ਸਦਾ ਚਮਕਦਾ ਰਹੇਗਾ। ਸ੍ਰ: ਅਵਤਾਰ ਸਿੰਘ ਆਜ਼ਾਦ ਨੇ ਗਿਆਨੀ ਹੀਰਾ ਸਿੰਘ ਦਰਦ ਦੀ ਪੰਜਾਬੀ ਬੋਲੀ ਤੇ ਸਾਹਿਤ ਦੀ ਸੇਵਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ:

"ਫੁਲਵਾੜੀ ਵਿਚ ਆਪ ਇਕ ਸਾਹਿਤਕਾਰ ਦੇ ਰੂਪ ਵਿਚ ਸਾਡੇ ਸਾਹਮਣੇ ਆਏ ਤੇ 'ਦਰਦ' ਦੇ ਨਾਂ ਉਤੇ ਨਵੀਂ ਤਰ੍ਹਾਂ ਦੀਆਂ ਕਵਿਤਾਵਾਂ ਛਪਣ ਲੱਗੀਆਂ। ਇਸ ਵੇਲੇ 'ਦਰਦ' ਜੀ ਨੇ ਪੰਜਾਬੀ ਸਭਾ ਲਈ ਬੜੀ ਮਿਹਨਤ ਨਾਲ ਮੈਦਾਨ ਬਣਾਇਆ ਤੇ ਆਪ ਉਨ੍ਹਾਂ ਤਿੰਨ-ਚਾਰ ਸੱਜਣਾਂ ਵਿਚੋਂ ਹਨ, ਜਿਨ੍ਹਾਂ ਨੇ ਪੰਜਾਬੀ ਸਭਾ ਨੂੰ ਜੰਮਦਿਆਂ ਹੀ ਅਰੋਗਤਾ ਦੇ ਦਿੱਤੀ ਸੀ। ਬਾਵਾ ਬੁੱਧ ਸਿੰਘ, ਪ੍ਰੋ. ਆਈ. ਸੀ. ਨੰਦਾ, ਕੁਸ਼ਤਾ ਜੀ ਤੇ ਚਾਤ੍ਰਿਕ ਹੋਰਾਂ ਨਾਲ ਮਿਲ ਕੇ ਗਿਆਨੀ ਜੀ ਨੇ ਅੰਮ੍ਰਿਤਸਰ ਤੇ ਲਾਹੌਰ ਆਦਿ ਸ਼ਹਿਰਾਂ ਵਿਚ ਪੰਜਾਬੀ ਦੀ ਜਾਣ-ਪਛਾਣ ਕਰਾਉਣੀ ਅਰੰਭ ਦਿੱਤੀ।"[੪]

ਗਿਆਨੀ ਹੀਰਾ ਸਿੰਘ ਦਰਦ ਦੀ ਪ੍ਰਭਾਵਸ਼ਾਲੀ ਤੇ ਬਹੁਪੱਖੀ ਸ਼ਖ਼ਸੀਅਤ ਸਦਕਾ ਹੀ ਉਨ੍ਹਾਂ ਨੂੰ ਬਹੁਤ ਸਾਰੀਆਂ ਧਾਰਮਿਕ, ਸਮਾਜਿਕ, ਰਾਜਨੀਤਕ ਤੇ ਸਾਹਿਤਕ ਜਥੇਬੰਦੀਆਂ ਦੀਆਂ ਵੱਖ-ਵੱਖ ਆਹੁਦੇਦਾਰੀਆਂ ਨਿਭਾਉਣ ਦੇ ਯੋਗ ਸਮਝਿਆ ਗਿਆ। ਇਕ ਪਾਸੇ ਉਹ ਅਕਾਲੀ ਜਥਬੰਦੀਆਂ ਵਲੋਂ ਸਤਿਕਾਰੇ ਜਾਂਦੇ ਸਨ ਤਾਂ ਦੂਜੇ ਪਾਸੇ ਕਾਂਗਰਸ ਵਿਚ ਉਨ੍ਹਾਂ ਦਾ ਸਤਿਕਾਰ ਹੀ ਨਹੀਂ ਕੀਤਾ ਜਾਂਦਾ ਸੀ ਸਗੋਂ ੧੯੩੭ ਈ. ਵਿਚ ਉਨ੍ਹਾਂ ਨੂੰ ਕਾਂਗਰਸ ਸਿੱਖ ਪਾਰਟੀ ਦਾ ਸਕੱਤਰ ਵੀ ਬਣਾਇਆ ਗਿਆ ਸੀ। ਧਾਰਮਿਕ ਖੇਤਰ ਵਿਚ ਉਨ੍ਹਾਂ ਦੀ ਸ਼ਖ਼ਸੀਅਤ ਦਾ ਪ੍ਰਭਾਵ ਇਸ ਗੱਲ ਤੋਂ ਅਨੁਮਾਨਿਆ ਜਾ ਸਕਦਾ ਹੈ ਕਿ ਸਿੱਖ ਰਹਿਤ-ਮਰਿਯਾਦਾ ਦਾ ਖਰੜਾ ਤਿਆਰ ਕਰਨ ਵਾਲੀ ਕਮੇਟੀ ਦੇ ਵੀ ਉਹ ਮੈਂਬਰ ਸਨ।

ਕੁੱਲ ਮਿਲਾ ਕੇ ਗਿਆਨੀ ਹੀਰਾ ਸਿੰਘ ਦਰਦ ਬਹੁਪੱਖੀ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਵਾਲੇ ਵਿਅਕਤੀ ਸਨ।

❋❋❋

ਹਵਾਲੇ

੧. ਮੇਵਾ ਸਿੰਘ ਸਿੱਧੂ, 'ਗਿਆਨੀ ਹੀਰਾ ਸਿੰਘ ਦਰਦ : ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

੨. ਹੀਰਾ ਸਿੰਘ ਦ ਰਦ, ਮੇਰੀਆਂ ਕੁਝ ਇਤਿਹਾਸਕ ਯਾਦਾਂ, ਧਨਪਤ ਰਾਏ ਐਂਡ ਸਨਜ਼, ਜਲੰਧਰ ੧੯੬੦ ਪੰਨਾ ੫੩-੫੪

੩. ਅਵਤਾਰ ਸਿੰਘ ਆਜ਼ਾਦ, ਪੰਜਾਬੀ ਸਾਹਿਤ ਦੇ ਉਸਰਈਏ, ਹਿੰਦ ਪਬਲਿਸ਼ਰ, ਅੰਮ੍ਰਿਤਸਰ, ਪੰਨਾ-੨੦੯

੪. ਅਵਤਾਰ ਸਿੰਘ 'ਆਜ਼ਾਦ', ਪੰਜਾਬ ਸਾਹਿਤ ਉਸਰਈਏ, ਪੰਨਾ-੨੧੨

ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ

ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਸਿੱਖ ਸੰਸਾਰ ਦੀਆਂ ਮਹਾਨ ਹਸਤੀਆਂ ਵਿਚੋਂ ਇਕ ਹਨ। ਆਪ ਜੀ ਦਾ ਜਨਮ ੨੨ ਫਰਵਰੀ ੧੯੦੨ ਈ: ਦਿਨ ਬੁੱਧਵਾਰ ਨੂੰ ਪਿੰਡ ਅਖਾੜਾ ਤਹਿਸੀਲ ਜਗਰਾਉਂ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਆਪ ਜੀ ਦੇ ਪਿਤਾ ਸ੍ਰ: ਰੂੜ ਸਿੰਘ ਜੀ ਅਤੇ ਮਾਤਾ ਅਨੰਦ ਕੌਰ ਜੀ ਸਨ, ਜੋ ਗੁਰਬਾਣੀ ਦੇ ਨਿੱਤਨੇਮੀ, ਪ੍ਰੇਮੀ ਤੇ ਸਿੱਖੀ ਸ਼ਰਧਾ ਦੀ ਮੂਰਤ ਸਨ। ਆਪ ਜੀ ਦੇ ਸਨਮਾਨਯੋਗ ਤਾਇਆ ਬਾਬਾ ਕਾਹਨ ਸਿੰਘ ਜੀ ਗੁਰਮਤਿ ਵਿਦਿਆ ਦੇ ਮਹਾਨ ਗਿਆਨੀ ਤੇ ਗੁਰਮਤਿ ਸੰਗੀਤ ਦੇ ਪਰਮ ਗੰਧਰਬ ਸਨ। ਆਪ ਜੀ ਦੀ ਅਰੰਭਕ ਜ਼ਿੰਦਗੀ 'ਤੇ ਜ਼ਿਆਦਾ ਪ੍ਰਭਾਵ ਮਾਤਾ-ਪਿਤਾ ਅਤੇ ਤਾਇਆ ਜੀ ਦੀ ਗੁਰਮਤਿ ਅਨੁਸਾਰੀ ਜ਼ਿੰਦਗੀ ਦਾ ਹੀ ਪਿਆ, ਜਿਸ ਦੇ ਪ੍ਰਤੱਖ ਅਸਰਾਂ ਨੂੰ ਆਪ ਜੀ ਦੀ ਜ਼ਿੰਦਗੀ ਵਿਚ ਸੰਗਤਾਂ ਨੇ ਭਲੀ-ਭਾਂਤ ਤੱਕਿਆ। ਆਪ ਜੀ ਦੇ ਵੱਡੇ ਭਾਈ, ਭਾਈ ਹਜ਼ਾਰਾ ਸਿੰਘ ਜੀ ਸਨ, ਜੋ ਚਿਰ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਹੈਡ-ਗ੍ਰੰਥੀ ਰਹੇ। ਇੰਝ ਆਪ ਜੀ ਦਾ ਸਾਰਾ ਖਾਨਦਾਨ ਹੀ ਸਿੱਖੀ-ਰੰਗਣ ਵਿਚ ਰੰਗਿਆ ਹੋਇਆ ਸੀ।

ਅਜੇ ਆਪ ਜੀ ੧੩ ਮਹੀਨਿਆਂ ਦੇ ਹੀ ਸਨ ਕਿ ਮਾਤਾ ਜੀ ਪ੍ਰਲੋਕ ਪਿਆਨਾ ਕਰ ਗਏ। ਉਸ ਤੋਂ ਉਪਰੰਤ ਦਾਦੀ ਮਾਤਾ ਰਾਜ ਕੌਰ ਜੀ ਆਪ ਜੀ ਦੀ ਪਾਲਣਾ-ਪੋਸਣਾ ਕਰਦੇ ਰਹੇ। ਗੁਰਮਤਿ ਦੀ ਮੁੱਢਲੀ ਵਿਦਿਆ ਤਾਇਆ ਜੀ ਪਾਸੋਂ ਹੀ ਪੜ੍ਹੀ। ਦਾਦੀ ਜੀ ਦੇ ਗੁਰਪੁਰੀ ਪਿਆਨੇ ਤੋਂ ਬਾਅਦ ਆਪ ਜੀ ਨੂੰ ਭੂਆ ਸਾਹਿਬ ਕੌਰ ਆਪਣੇ ਪਿੰਡ ਕਿਸ਼ਨਪੁਰੇ ਲੈ ਗਏ। ਭੂਆ ਜੀ ਪਾਸ ਜਾ ਕੇ ਸਕੂਲ ਵਿਚ ਦਾਖਲ ਹੋ ਗਏ। ਉਥੇ ਪੰਜ ਜਮਾਤਾਂ ਤੱਕ ਉਰਦੂ ਪੜ੍ਹਦੇ ਰਹੇ। ਉਥੇ ਹੀ ਇਕ ਡੇਰੇ ਦੇ ਉਦਾਸੀ ਸਾਧੂ ਲਾਲ ਦਾਸ ਤੋਂ ਹਿੰਦੂ ਮੱਤ ਦੇ ਗ੍ਰੰਥ ਮਹਾਂਭਾਰਤ, ਰਮਾਇਣ, ਯੋਗ ਵਸ਼ਿਸ਼ਟ ਆਦਿ ਤੇ ਵੈਦਕ ਦੀਆਂ ਪੁਸਤਕਾਂ ਪੜ੍ਹਦੇ ਰਹੇ। ੧੫ ਸਾਲ ਦੀ ਉਮਰ ਵਿਚ ਆਪ ਜੀ ਕਿਸ਼ਨਪੁਰੇ ਤੋਂ ਆਪਣੇ ਜਨਮ-ਨਗਰ ਅਖਾੜੇ ਆ ਗਏ। ਤਿੰਨ ਸਾਲ ਪਿਤਾ ਜੀ ਨਾਲ ਖੇਤੀਬਾੜੀ ਦਾ ਕੰਮ ਕਰਵਾਂਦੇ ਰਹੇ। ੧੯ ਸਾਲ ਦੀ ਉਮਰ ਵਿਚ ਆਪ ਜੀ ਦੀ ਸ਼ਾਦੀ ਪਿੰਡ ਰਾਜੋਆਨਾ ਜ਼ਿਲ੍ਹਾ ਲੁਧਿਆਣੇ ਵਿਖੇ ਸ੍ਰ: ਬਸੰਤ ਸਿੰਘ ਦੀ ਸਪੁੱਤਰੀ ਕਿਸ਼ਨ ਕੌਰ ਨਾਲ ਪੂਰਨ ਗੁਰਮਤਿ-ਮਰਿਯਾਦਾ ਅਨੁਸਾਰ ਹੋਈ। ੧੯੨੩ ਈਸਵੀ ਨੂੰ ਆਪ ਜੀ ਦੇ ਘਰ (ਭਾਈ) ਕਰਤਾਰ ਸਿੰਘ (ਜੀ) ਦਾ ਜਨਮ ਹੋਇਆ। ੧੯੩੨ ਈਸਵੀ ਵਿਚ ਵੈਸਾਖ ਦੇ ਮਹੀਨੇ ਭਾਈ ਭਗਵਾਨ ਸਿੰਘ (ਜੀ) ਦਾ ਜਨਮ ਹੋਇਆ।

ਆਪ ਨੇ ਆਪਣੀ ਵਚਿਤ੍ਰ ਬੁੱਧੀ ਦਾ ਸਦਕਾ ਸੱਤ ਸਾਲ ਦੀ ਉਮਰ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਕੇ ਫਿਰ ਛੋਟੀ ਹੀ ਛੋਟੇ ਗ੍ਰੰਥ ਪੜ੍ਹ ਕੇ, ਤਿੰਨ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਫਰੀਦਕੋਟ ਟੀਕੇ ਦੀ ਵਿਚਾਰ ਕੀਤੀ। ਜੁਲਾਈ ੧੯੨੧ ਈ: ਸਾਵਣ ਦੀ ਸੰਗਰਾਂਦ ਵਾਲੇ ਦਿਨ ਗਿਆਨੀ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਜਥੇ ਵਿਚ ਸ਼ਾਮਲ ਹੋ ਗਏ। ਨੌਂ ਸਾਲ ਸੰਗਤ ਵਿਚ ਰਹਿ ਕੇ ਗੁਰਮਤਿ ਦੇ ਸਾਰੇ ਇਤਿਹਾਸਕ ਗ੍ਰੰਥ ਅਤੇ ਵਿਚਾਰ ਸਾਗਰ ਤੇ ਮੋਖਸ਼ ਪੰਥ ਆਦਿ ਪੜ੍ਹੇ। ਦਸਮ ਗ੍ਰੰਥ ਸਮੇਤ ਚਾਰ ਕਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੰਪੂਰਨ ਸੁਣੀਆਂ। ਇਸ ਤਰ੍ਹਾਂ ਮਹਾਂਪੁਰਖਾਂ ਦੀ ਪ੍ਰਸੰਨਤਾ ਦਾ ਸਦਕਾ ਬ੍ਰਹਮ ਵਿਦਿਆ ਦਾ ਮਹਾਨ ਗੁਣ ਪ੍ਰਾਪਤ ਕੀਤਾ, ਜਿਸ 'ਤੇ ਪ੍ਰਸੰਨ ਹੋ ਕੇ ਸੰਤਾਂ ਨੇ ਆਪਣੇ ਤੋਂ ਬਾਅਦ ਕਥਾ ਕਰਨ ਦਾ ਬਚਨ ਇਨ੍ਹਾਂ ਨੂੰ ਕਰ ਦਿੱਤਾ। ਆਪ ਜੀ ਨੇ ੧੯੩੧ ਈਸਵੀ ਵਿਚ ਸੰਤਾਂ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ ਇਸ ਡਿਊਟੀ ਨੂੰ ੩੯ ਸਾਲ ੪ ਮਹੀਨੇ ੨੦ ਦਿਨ ਲਗਾਤਾਰ ਐਸਾ ਨਿਭਾਇਆ, ਜਿਸ ਦੀ ਮਿਸਾਲ ਦੁਨੀਆਂ ਭਰ ਵਿਚ ਹੋਰ ਕਿਧਰੇ ਨਹੀਂ ਮਿਲਦੀ।

ਆਪ ਜੀ ਨੇ ੩੯ ਸਾਲ ਦੇ ਸਮੇਂ ਦੇ ਦੌਰਾਨ ਹਜ਼ਾਰਾਂ ਵਿਦਿਆਰਥੀਆਂ ਨੂੰ ਗੁਰਬਾਣੀ ਦੀ ਕਥਾ ਪੜ੍ਹਾਈ ਤੇ ਗੁਰ-ਇਤਿਹਾਸ ਦੁਆਰਾ ਗੁਰਮਤਿ ਦਾ ਪ੍ਰਚਾਰ ਕਰਕੇ ਲੱਖਾਂ ਪ੍ਰਾਣੀਆਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਸਿੱਖ ਕੌਮ ਦੇ ਸਰਮਾਏ ਵਿਚ ਭਾਰੀ ਵਾਧਾ ਕੀਤਾ।

ਆਪ ਜੀ ਨੇ ਆਪਣੇ ਹਜ਼ਾਰਾਂ ਵਿਦਿਆਰਥੀਆਂ ਵਿਚੋਂ ਡੇਢ ਦਰਜਨ ਦੇ ਕਰੀਬ ਐਸੇ ਮਹਾਨ ਪੁਰਖ ਵੀ ਪੈਦਾ ਕੀਤੇ, ਜਿਨ੍ਹਾਂ ਨੂੰ ਆਪਣੇ ਗੁਣਾਂ ਦੇ ਭਰਪੂਰ ਸਰਮਾਏ ਦੀ ਬਖਸ਼ਿਸ਼ ਕਰਕੇ, ਉੱਚ ਪਦਵੀਆਂ 'ਤੇ ਸਥਾਪਿਤ ਕੀਤਾ ਅਤੇ ਗੁਰਮਤਿ ਦੇ ਪ੍ਰਚਾਰ ਲਈ ਜਗ੍ਹਾ-ਜਗ੍ਹਾ ਭੇਜ ਕੇ, ਗੁਰਮਤਿ ਦੇ ਸੱਚੇ-ਸੁੱਚੇ ਪ੍ਰਚਾਰ ਦੀ ਮੱਧਮ ਹੋ ਰਹੀ ਲੋਅ ਨੂੰ ਤੇਜ ਕਰਨ ਦਾ ਭਰਪੂਰ ਯਤਨ ਕੀਤਾ।

ਸਿੱਖ ਇਤਿਹਾਸ ਵਿਚ ਇਹ ਪਹਿਲੇ ਮਹਾਂਪੁਰਖ ਹਨ ਜਿਨ੍ਹਾਂ ਨੇ ਡੇਢ ਸੌ ਦੇ ਕਰੀਬ ਸਿੰਘਾਂ ਨੂੰ ਹਰ ਵਕਤ ਨਾਲ ਰੱਖ ਕੇ ਤੁਰਦੀ-ਫਿਰਦੀ ਯੂਨੀਵਰਸਿਟੀ ਦੀ ਸ਼ਕਲ ਵਿਚ ਪਿੰਡਾਂ, ਕਸਬਿਆਂ ਤੇ ਵੱਡੇ-ਵੱਡੇ ਸ਼ਹਿਰਾਂ ਵਿਚ ਜਾ ਕੇ ਉਨ੍ਹਾਂ ਨੂੰ ਵਿਦਿਆ ਪੜ੍ਹਾਈ ਅਤੇ ਸਭ ਦੀਆਂ ਕਪੜਿਆਂ, ਗ੍ਰੰਥਾਂ ਆਦਿ ਲੋੜਾਂ ਦਾ ਖਰਚ ਆਪਣੇ ਕੋਲੋਂ ਕੀਤਾ। ਆਪ ਜੀ ਜੈਸਾ ਤਿਆਗੀ, ਜਤੀ, ਸਤੀ, ਹੱਥ ਦਾ ਸਖੀ, ਸਰੀਰਕ ਸੁੰਦਰਤਾ ਵਾਲਾ ਸਰਬ-ਗੁਣ ਸੰਪੰਨ ਕੋਈ ਵਿਰਲਾ ਹੀ ਹੋਵੇਗਾ।

ਆਪ ਜੀ ਦੀ ਕਰਨੀ ਤੇ ਕਥਨੀ ਵਿਚ ਜ਼ਰਾ ਜਿੰਨਾ ਵੀ ਫਰਕ ਨਹੀਂ ਸੀ। ਜੋ ਕਹਿੰਦੇ ਸਨ, ਉਹ ਕਮਾਉਂਦੇ ਵੀ ਸਨ। ਉਨ੍ਹਾਂ ਦੀ ਕਥਨੀ ਵਿਚ ਹਮੇਸ਼ਾਂ ਮਿਠਾਸ ਹੁੰਦੀ ਸੀ। ਜਦ ਆਪ ਜੀ ਕਥਾ ਕਰਦੇ ਤਾਂ ਸਰੋਤਿਆਂ ਨੂੰ ਇੰਜ ਪ੍ਰਤੀਤ ਹੁੰਦਾ ਜਿਸ ਤਰ੍ਹਾਂ ਅੰਮ੍ਰਿਤ ਦੇ ਝਰਨੇ ਝਰਦੇ ਹਨ :

'ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ॥' (ਪੰਨਾ ੩੨੦)

'ਝਰਣਾ ਝਰਦਾ ਨਿਝਰਹੁ ਗੁਰਮੁਖਿ ਬਾਣੀ ਅਘੜ ਘੜਾਈ।' (ਵਾਰ ੧੦/੧੫)

ਆਪ ਜੀ ਦੇ ਮਹਾਨ ਗੁਣਾਂ ਨੂੰ ਕਥਨ ਕਰਨ ਲਈ ਸ਼ਬਦ ਅਧੂਰੇ ਹਨ। ਆਪ ਜੀ ਸ੍ਰੀ

ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਪਾਤਸ਼ਾਹੀਆਂ ਦਾ ਪ੍ਰਤੱਖ ਸਰੂਪ ਸਮਝਦੇ ਸਨ ਅਤੇ ਦਸਾਂ ਪਾਤਸ਼ਾਹੀਆਂ ਨੂੰ **'ਗੁਰ ਗੋਵਿੰਦ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ'** ਇਕੋ ਰੂਪ ਜਾਣ ਕੇ ਅਖੰਡ ਨਿਸਚਾ ਰੱਖਦੇ ਸਨ ਅਤੇ ਗੁਰਮਤਿ ਦੀ ਰਹਿਣੀ ਨੂੰ ਗੁਰੂ ਸਰੂਪ ਜਾਣ ਕੇ ਅਥਾਹ ਪਿਆਰ ਕਰਦੇ ਸਨ। ਉਨ੍ਹਾਂ ਦਾ ਅਨੁਭਵ ਆਕਾਸ਼ ਤੱਕ ਉੱਚਾ, ਦਿਸ਼ਾ ਦੇ ਅਖੀਰ ਤੱਕ ਚੌੜਾ ਅਤੇ ਪਤਾਲ ਤੱਕ ਡੂੰਘਾ ਸੀ ਜਿਸ ਨੂੰ ਕੋਈ ਵੀ ਸੰਸਾਰੀ ਜੀਵ ਬੁੱਧੀ ਦੇ ਗਜ਼ਾਂ ਨਾਲ ਅਤੇ ਮਨ ਦੀ ਤਕੜੀ ਵਿਚ ਚਿੱਤ ਦੇ ਵੱਟੇ ਪਾ ਕੇ ਮਿਣ ਤੇ ਤੋਲ ਨਹੀਂ ਸਕਦਾ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਪ੍ਰਮਾਰਥ, ਵਿਚਾਰਾਂ ਤੇ ਦੁਨਿਆਵੀ ਪਦਾਰਥਾਂ ਦੀ ਵਰਖਾ ਕੀਤੀ ਜਿਸ ਨੂੰ ਦੇਖ ਕੇ ਪ੍ਰਮਾਰਥ ਵਾਲੇ ਵੀ ਤੇ ਪਦਾਰਥਾਂ ਦੇ ਚਾਹਵਾਨ ਵੀ ਅਸ਼-ਅਸ਼ ਕਰ ਉਠੇ।

ਪਰ **'ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ'**॥ ਜਦ ੧੯ ਜੂਨ ੧੯੬੯ ਈ: ਦੀ ਦੁਖਦਾਈ ਘੜੀ ਆਈ। ਜਦੋਂ ਗਿਆਨ ਪ੍ਰਚਾਰਨ-ਪ੍ਰਸਾਰਨ ਵਾਲੀ ਇਹ ਹਸਤੀ ਛਿਪ ਗਈ ਜਿਸ ਨੇ ੩੯ ਸਾਲ ਗੁਰਮਤਿ ਪ੍ਰਚਾਰ ਦੀਆਂ ਕਿਰਨਾਂ ਦੁਆਰਾ ਸਿੱਖ ਜਗਤ ਨੂੰ ਰੁਸ਼ਨਾਇਆ ਸੀ।

ਉਨ੍ਹਾਂ ੩੯ ਸਾਲ ਲਗਾਤਾਰ ਰਾਤ ਦਿਨ ਇਕ ਕਰਕੇ ਗੁਰਮਤਿ ਦਾ ਚਾਨਣ ਦੂਰ-ਦੂਰ ਤੱਕ ਖਿਲਾਰਨ ਵਿਚ ਬਤੀਤ ਕੀਤੇ। ਸੂਰਜ ਦੀਆਂ ਕਿਰਨਾਂ ਦਾ ਪ੍ਰਕਾਸ਼ ਬਾਹਰਲੀ ਦੁਨੀਆਂ ਤੱਕ ਹੀ ਸੀਮਤ ਹੈ, ਪਰ ਉਸ ਦਿਬਜ ਸੂਰਜ ਨੇ ਲੁਕਾਈ ਨੂੰ ਗਿਆਨ ਦਾ ਪ੍ਰਕਾਸ਼ ਕਰਕੇ ਆਗਮ ਨਿਗਮ ਦੀ ਸੋਝੀ ਬਖਸ਼ੀ। ਗਿਆਨੀ ਜੀ ੨੦ਵੀਂ ਸਦੀ ਦਾ ਸਿੱਖ ਕੌਮ ਦਾ ਮਹਾਨ ਸਰਮਾਇਆ ਸਨ, ਜਿਨ੍ਹਾਂ ਨੇ ਸਿੱਖ ਜਗਤ ਨੂੰ ਆਪਣੇ ਗੁਣਾਂ ਦੀ ਅਮੁੱਕ ਪੂੰਜੀ ਨਾਲ ਲਬਾ ਲਬ ਭਰ ਦਿੱਤਾ। ਉਨ੍ਹਾਂ ਵੱਲੋਂ ਦਿੱਤੀ ਗਈ ਬ੍ਰਹਮ-ਵਿਦਿਆ ਦੀ ਅਪਾਰ ਦੇਣ ਐਸੀ ਹੈ ਜੋ ਸਦੀਆਂ ਤੱਕ ਸਾਨੂੰ ਅਨੰਦਿਤ ਕਰਦੀ ਰਹੇਗੀ। ਸਿੱਖ ਕੌਮ ਨੂੰ ਦਿੱਤੀ ਹੋਈ ਆਪਣੀ ਮਹਾਨ ਦੇਣ ਦਾ ਸਦਕਾ, ਉਨ੍ਹਾਂ ਦੀਆਂ ਅਭੁੱਲ ਯਾਦਾਂ ਸਾਨੂੰ ਸਦਾ ਲਈ ਚੇਤੇ ਆਉਂਦੀਆਂ ਹੀ ਰਹਿਣਗੀਆਂ।

ਪ੍ਰੋ: ਸਾਹਿਬ ਸਿੰਘ ਜੀ

ਵਹਿਮਾਂ-ਭਰਮਾਂ, ਵਿਖਾਂਵਿਆਂ ਤੋਂ ਨਿਜਾਤ ਪ੍ਰਾਪਤ, ਸਾਦਗੀ-ਸਪੱਸ਼ਟਤਾ, ਗੰਭੀਰ ਸੁਭਾਅ ਦੇ ਮਾਲਿਕ, ਸ਼੍ਰੋਮਣੀ ਟੀਕਾਕਾਰ, ਵਿਆਕਰਣਵੇਤਾ, ਇਤਿਹਾਸਕਾਰ, ਵਾਰਤਾਕਾਰ ਪ੍ਰੋ: ਸਾਹਿਬ ਸਿੰਘ ਦਾ ਜਨਮ ੧੬ ਫਰਵਰੀ ੧੮੯੨ ਈ: ਨੂੰ ਪਿਤਾ ਹੀਰਾ ਨੰਦ ਦੇ ਘਰ ਪਿੰਡ ਫੱਤੇਵਾਲੀ ਜ਼ਿਲ੍ਹਾ ਸਿਆਲਕੋਟ ਵਿਚ ਹੋਇਆ। ਗਰੀਬੀ ਦੀ ਗੁੜ੍ਹਤੀ ਲੈ ਜੰਮੇ ਨੱਥੂ ਰਾਮ* ਨੇ ਮੁਢਲੀ ਵਿਦਿਆ ਰਈਏ ਦੇ ਪ੍ਰਾਇਮਰੀ ਸਕੂਲ ਵਿਚੋਂ ਪ੍ਰਾਪਤ ਕੀਤੀ। ੧੯੦੨ ਈ: ਨੂੰ ਮਿਡਲ ਪੱਧਰ ਦੀ ਵਿਦਿਆ ਪ੍ਰਾਪਤੀ ਦੀ ਸਿੱਕ ਲੈ ਉਹ ਗੋਤਾ ਫਤਹਿਗੜ੍ਹ ਵਿਚ ਦਾਖਿਲ ਹੋ ਗਏ। ਇਸ ਸਕੂਲ ਤੋਂ ੧੯੦੫ ਈ: ਅਠਵੀਂ ਪਾਸ ਕਰ ਨੱਥੂ ਰਾਮ 'ਅੰਮ੍ਰਿਤ ਛਕ' ਸਾਹਿਬ ਸਿੰਘ ਬਣ ਗਿਆ।

੨੦ ਜੁਲਾਈ ੧੯੦੭ ਈ: ਨੂੰ ਸਾਹਿਬ ਸਿੰਘ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ, ਪਰ ਮਰਨ ਤੋਂ ਪਹਿਲਾਂ ਉਨ੍ਹਾਂ ਘਰ ਵਿਚ ਹਦਾਇਤ ਕਰ ਦਿੱਤੀ, ਕਿ ਜਿਵੇਂ-ਕਿਵੇਂ ਹੋ ਸਕੇ, ਔਖ-ਸੌਖ ਨਾਲ ਸਾਹਿਬ ਸਿੰਘ ਨੂੰ ਦਸਵੀਂ ਕਰਵਾਈ ਜਾਏ। ਇਹ ਸੀ ਖਾਹਿਸ਼ ਇਕ ਗਰੀਬ ਅਨਪੜ੍ਹ ਬਾਪ ਦੀ, ਜੋ ਆਪਣੇ ਹੋਣਹਾਰ ਪੁੱਤਰ ਨੂੰ ਹਰ ਹੀਲੇ ਪੜ੍ਹਾਉਣ ਦੀ ਲਗਨ ਲੈ ਜੀਅ ਰਿਹਾ ਸੀ। ਸਾਹਿਬ ਸਿੰਘ ਤੇ ਘਰ ਦੇ ਬਾਕੀ ਮੈਂਬਰਾਂ ਨੇ ਇਸ ਨੂੰ ਪੂਰਾ ਕਰ ਪਿਤਾ ਪ੍ਰਤੀ ਰਿਣ-ਪੂਰਤੀ ਕੀਤੀ।

ਘਰ ਦੀਆਂ ਮਜ਼ਬੂਰੀਆਂ ਤੇ ਆਰਥਿਕ ਮੰਦਹਾਲੀ ਕਾਰਨ ਸਾਹਿਬ ਸਿੰਘ ਨੂੰ ੧੯੦੯ ਈ: ਵਿਚ ਸਾਂਗਲੇ ਸਕੂਲ ਵਿਚ ਅਧਿਆਪਕ ਦੀ ਨੌਕਰੀ ਕਰਨੀ ਪਈ। ੧੯੧੦ ਈ: ਇਸ ਨੌਕਰੀ ਤੋਂ ਵੀ ਜੁਆਬ ਮਿਲ ਗਿਆ। ਪਰ ੧੯੧੦ ਈ: ਵਿਚ ਹੀ ਸਿਆਲਕੋਟ ਤੋਂ ਡਾਕਖਾਨੇ ਦੀ ਨੌਕਰੀ ਲਈ ਇੰਟਰਵਿਊ ਦਾ ਸੱਦਾ-ਪੱਤਰ ਆ ਗਿਆ। ਘਰ ਪੈਸੇ ਨਹੀਂ ਗਰੀਬ ਨੂੰ ਉਧਾਰ ਦੇਣ ਨੂੰ ਕੋਈ ਤਿਆਰ ਨਹੀਂ। ਅਖੀਰ ਘਰ ਦੀ ਸਫਾਈ ਸੇਵਕਾ ਪਾਸੋਂ ਦੋ ਰੁਪਏ ਉਧਾਰ ਲੈ ਕੰਮ ਸਾਰਿਆ। ਪੈਸਿਆਂ ਦੀ ਥੁੜ ਕਾਰਨ ਇਨ੍ਹਾਂ ਨੂੰ ੨੦ ਮੀਲ ਪੈਦਲ ਸਫਰ ਕਰਨਾ ਪਿਆ । ਮੰਦੇ ਹਾਲੀਂ ਪਸਰੂਰ ਤੱਕ ਦਾ ਸਫਰ ਮੁਕਾਇਆ। ਜਿਸ ਬੋਰਡਿੰਗ ਹਾਊਸ ਵਿਚ ਸਾਹਿਬ ਸਿੰਘ ਪੜ੍ਹ ਕੇ ਗਿਆ ਸੀ, ਉਸ ਦੇ ਸਾਹਮਣੇ ਸੜਕ 'ਤੇ ਰਾਤ ਕੱਟਣ ਲਈ ਮਜ਼ਬੂਰ ਸੀ। ਮਿੱਟੀ 'ਚ ਰੁਲਦਾ ਇਹ ਹੀਰਾ ਸ੍ਰ: ਪ੍ਰਗਟ ਸਿੰਘ ਦੀ ਨਜ਼ਰੀ ਪੈ ਗਿਆ, ਜੋ ਉਸ ਸਕੂਲ ਵਿਚ ਅਧਿਆਪਕ ਸਨ।

---

* ਬਚਪਨ ਦਾ ਨਾਮ

ਸ੍ਰ: ਪ੍ਰਗਟ ਸਿੰਘ ਕਹਿਣ ਲੱਗੇ, ਸਾਹਿਬ ਸਿੰਘ! ਤੇਰਾ ਕੀ ਖਿਆਲ ਹੈ ਕਿ ਇਕ ਸਾਲ ਵਿਚ ਹੀ ਤੇਰਾ ਇਥੇ ਕੋਈ ਜਾਣਕਾਰ ਨਹੀਂ ਰਿਹਾ? ਪ੍ਰਗਟ ਸਿੰਘ ਦੀਆਂ ਅੱਖਾਂ ਸੇਜਲ ਸਨ ਤੇ ਸਾਹਿਬ ਸਿੰਘ ਵੀ ਆਪਣੀ ਗਰੀਬੀ ਉੱਤੇ ਰੋ ਰਿਹਾ ਸੀ। ਰਾਤ ਸ੍ਰ: ਪ੍ਰਗਟ ਸਿੰਘ ਦੇ ਘਰ ਬਿਤਾਈ। ਸਵੇਰੇ ਸ੍ਰ: ਪ੍ਰਗਟ ਸਿੰਘ ਪੁੱਛਣ ਲੱਗੇ, ਸਾਹਿਬ ਸਿੰਘ ਤੂੰ ਅਗਾਂਹ ਸਿਆਲਕੋਟ ਕਿਵੇਂ ਪਹੁੰਚਣਾ ਹੈ? 'ਤੁਰ ਕੇ' ਸਾਹਿਬ ਸਿੰਘ ਦਾ ਸੰਖੇਪ ਉੱਤਰ ਸੀ। ਮੈਂ ਤੈਨੂੰ ਤੁਰ ਕੇ ਨਹੀਂ ਜਾਣ ਦੇਵਾਂਗਾ। ਸ੍ਰ: ਪ੍ਰਗਟ ਸਿੰਘ ਨੇ ਸਾਹਿਬ ਸਿੰਘ ਨੂੰ ਦੋ ਰੁਪਏ ਦਿੱਤੇ ਤੇ ਆਪ ਟਾਂਗੇ 'ਤੇ ਬਿਠਾ ਕੇ ਆਏ।' ਇਹੀ ਸਰਦਾਰ ਜੀ ਪਿਛੋਂ ਵੀ ਕਾਲਜ ਦੀ ਪੜ੍ਹਾਈ ਸਮੇਂ ਪ੍ਰੋਫੈਸਰ ਸਾਹਿਬ ਸਿੰਘ ਦੀ ਨਿਰੰਤਰ ਮਦਦ ਕਰਦੇ ਰਹੇ।

ਕੁਝ ਸਮਾਂ ਸਾਹਿਬ ਸਿੰਘ ਨੇ ਡਾਕਖਾਨੇ ਦੀ ਨੌਕਰੀ ਕਰ ਅਸਤੀਫਾ ਦੇ ਦਿੱਤਾ ਤਾਂ ਜੋ ਕਾਲਜ ਦਾਖਲ ਹੋ ਉਚੇਰੀ ਵਿਦਿਆ ਪ੍ਰਾਪਤ ਕੀਤੀ ਜਾ ਸਕੇ। ਇਸ ਨੌਕਰੀ ਤੋਂ ਸਾਹਿਬ ਸਿੰਘ ਨੂੰ ੨੦ ਰੁਪਏ ਮਾਸਿਕ ਵੇਤਨ ਮਿਲਦਾ ਸੀ, ਪਰ ਪ੍ਰੋ: ਸਾਹਿਬ ਨੇ ਅਸਤੀਫਾ ਕਿਉਂ ਦਿੱਤਾ? ਪ੍ਰੋਫੈਸਰ ਸਾਹਿਬ ਸਿੰਘ ਦੀ ਜ਼ਬਾਨੀ:

'ਮੈਂ ਬਣਿਆ ਬਣਾਇਆ ਰੁਜ਼ਗਾਰ ਛੱਡ ਕੇ ਠੰਡੇ ਦੁੱਧ ਨੂੰ ਫੂਕਾਂ ਨਹੀਂ ਸਾਂ ਮਾਰ ਰਿਹਾ, ਨਾ ਹੀ ਮੈਨੂੰ ਕਾਲਜ ਦੇ ਰੰਗ-ਤਮਾਸ਼ਿਆਂ ਦੀ ਕੋਈ ਲਿੱਲ ਸੀ। ਅਸਲ ਗੱਲ ਇਉਂ ਸੀ-

ਘਰ ਰਹਿ ਕੇ ਮੈਨੂੰ ਪਤਾ ਲੱਗਣਾ ਸ਼ੁਰੂ ਹੋਇਆ ਕਿ 'ਅਸੀ' ਤਾਂ ਕਰਜ਼ਾਈ ਹਾਂ, ਭਾਰੇ ਕਰਜ਼ੇ ਹੇਠ ਨੱਪੇ ਹੋਏ ਹਾਂ। ਉਸ ਕਰਜ਼ੇ ਦਾ ਮਾਹਵਾਰੀ ਸੂਦ ਇਤਨਾ ਸੀ ਕਿ ਮੇਰੀ ਹਰ ਮਹੀਨੇ ਦੀ ਤਨਖ਼ਾਹ ਸਿਰਫ ਸੂਦ ਵਾਸਤੇ ਵੀ ਪੂਰੀ ਨਹੀਂ ਸੀ ਉਤਰਦੀ। ਮੈਂ ਦਸੰਬਰ ੧੯੦੮ ਈ: ਵਿਚ ਦਸਵੀਂ ਦਾ ਦਾਖਲਾ ਭੇਜਿਆ ਸੀ। ਉਹ ਰੁਪਿਆ ਮੇਰੀ ਵਿਧਵਾ ਭੂਆ (ਰਾਧੀ) ਨੇ ਆਪਣੀਆਂ ਟੂੰਬਾਂ ਗਹਿਣੇ ਪਾ ਕੇ ਲੈ ਦਿੱਤਾ ਸ਼ੀ। ਤਦੋਂ ਵੀ ਕਰਜ਼ਾ ਹੀ ਚੁੱਕਿਆ ਗਿਆ ਸੀ ਤੇ ਉਹ ਭੀ ਸਾਡੇ ਸਿਰ ਸੀ। ਘਰ ਦੇ ਹੋਰ ਨਿੱਕੇ-ਮੋਟੇ ਖਰਚਾਂ ਵਾਸਤੇ ਵੀ ਵੇਲੇ-ਕੁਵੇਲੇ ਕਰਜ਼ਾ ਹੀ ਲਿਆ ਜਾਣਾ ਸੀ।

ਮੈਂ ਵੇਖ ਲਿਆ ਕਿ ਮੇਰੀ ਘਾਲ-ਕਮਾਈ ਤਾਂ ਭੰਗ ਦੇ ਭਾੜੇ ਹੀ ਜਾ ਰਹੀ ਸੀ। ਜੇ ਮੈਂ ਇਹ ਨੌਕਰੀ ਕਰੀ ਜਾਵਾਂ ਤਾਂ ਪਿਛਲਾ ਕਰਜ਼ਾ ਜਿਉਂ ਦਾ ਤਿਉਂ ਸਾਡੇ ਸਿਰ ਉਤੇ ਖਲੋਤਾ ਰਹਿਣਾ ਹੈ ਤੇ ਅਗੇਰੇ ਜਿਉਂ-ਜਿਉਂ ਟੱਬਰ ਦੇ ਖਰਚੇ ਵਧਣੇ ਹਨ, ਕਰਜ਼ਾ ਵੀ ਵਧਦਾ ਹੀ ਜਾਏਗਾ। ਦੂਸਰੇ ਪਾਸੇ ਜੇ ਮੈਂ ਬੀ.ਏ. ਪਾਸ ਕਰ ਜਾਵਾਂ ਤਾਂ ਇਹ ਸਾਰਾ ਕਰਜ਼ਾ ਦੋ-ਚਾਰ ਸਾਲਾਂ ਵਿਚ ਲਹਿ ਜਾਣ ਦੀ ਸੰਭਾਵਨਾ ਹੋ ਸਕਦੀ ਹੈ!'

ਪ੍ਰੋ: ਸਾਹਿਬ ਸਿੰਘ ਨੇ ਜਿਸ ਸਮੇਂ ਡਾਕਖਾਨੇ ਦੀ ਨੌਕਰੀ ਛੱਡੀ ਤਾਂ ਉਨ੍ਹਾਂ ਪਾਸ ਦੋ ਰੁਪਏ ਨਗਦ, ਇਕ ਕਮੀਜ਼ ਪਜ਼ਾਮਾ ਤੇ ਇਕ ਅੱਧ-ਹੰਢੀ ਜੁੱਤੀ ਸੀ। ਲਾਹੌਰ ਸਰਕਾਰੀ ਕਾਲਜ ਦਾਖਲ ਹੋਣ ਲਈ ਜਦ ਪ੍ਰੋ: ਸਾਹਿਬ ਸਿੰਘ ਪੰਡਤ ਵਿਤਸਤ ਪ੍ਰਸਾਦਿ ਨੂੰ ਮਿਲੇ ਤਾਂ ਪੰਡਿਤ ਜੀ ਕਹਿਣ ਲੱਗੇ, 'ਅੱਜ ਤੂੰ ਆਪਣਾ ਸਮਾਨ ਰਾਮ ਨੱਥਾ ਮੱਲ ਦੇ ਕੋਲ ਹੀ ਰੱਖ ਲੈ, ਭਲਕੇ ਤੈਨੂੰ ਕਾਲਜ ਦਾਖਲ ਕਰਵਾ ਦਿਆਂਗਾ। ਪਰ ਸਾਹਿਬ ਸਿੰਘ ਪਾਸ ਰੱਖਣ ਲਈ ਹੈ ਹੀ ਕੀ ਸੀ? ਉਨ੍ਹਾਂ ਪਾਸ ਜੋ ਸਮਾਨ ਸੀ, ਉਸ ਨੂੰ ਕਿਤੇ ਰੱਖਣ ਦੀ ਲੋੜ ਹੀ ਨਹੀਂ ਸੀ। ਪੰਡਿਤ ਜੀ ਬੜੇ ਹੈਰਾਨ ਹੋਏ ਤੇ ਕਹਿਣ ਲੱਗੇ, 'ਹੱਛਾ ਭਲਕੇ ਸਵੇਰੇ ਆ ਜਾਈਂ, ਪਹਿਲਾਂ ਮੈਂ ਤੇਰੇ ਵਾਸਤੇ

ਕਪੜੇ ਤਿਆਰ ਕਰਾਵਾਂਗਾ ਤੇ ਫਿਰ ਤੈਨੂੰ ਕਾਲਜ ਦਾਖਲ ਕਰਵਾ ਦਿਆਂਗਾ।'

ਅਗਲੇ ਦਿਨ ਪੰਡਿਤ ਜੀ ਨੇ ਸਾਹਿਬ ਸਿੰਘ ਨੂੰ ਤਿੰਨ ਪਜ਼ਾਮੇ ਕਮੀਜ਼ ਸਵਾ ਕੇ ਦਿੱਤੇ ਤੇ ਸਰਕਾਰੀ ਕਾਲਜ ਵਿਚ ਆਪਣੇ ਰਸੂਖ ਨਾਲ ਅੱਧੀ ਫੀਸ ਮਾਫ ਕਰਵਾ ਦਿੱਤੀ। ਵਾਹ ਹਮਦਰਦੋ! ਵਾਹ!

ਸਰਕਾਰੀ ਕਾਲਜ ਲਾਹੌਰ ਵਿਚ ਪੜ੍ਹਨਾ ਕੋਈ ਅਸਾਨ ਕੰਮ ਨਹੀਂ ਸੀ। ਕਾਲਜ ਵਿਚ ਪੜ੍ਹਦੇ ਤੇ ਐਸ਼ੋ-ਇਸ਼ਰਤ ਕਰਦੇ ਸਨ ਅਮੀਰਾਂ-ਜਗੀਰਦਾਰਾਂ ਦੇ ਲੜਕੇ। ਗਰੀਬਾਂ ਲਈ ਕਾਲਜਾਂ ਵਿਚ ਕੋਈ ਥਾਂ ਨਹੀਂ। ਇਹ ਉਸ ਸਮੇਂ ਵੀ ਸੱਚ ਸੀ ਤੇ ਅੱਜ ਵੀ। ਪਰ ਪ੍ਰੋ: ਸਾਹਿਬ ਸਿੰਘ ਨਾਲ ਜੋ ਬੀਤੀ, ਉਸ ਦਾ ਅੰਦਾਜ਼ਾ ਹੇਠਲੇ ਵਾਰਤਾਲਾਪ ਤੋਂ ਸਹਿਜੇ ਹੀ ਹੋ ਜਾਂਦਾ ਹੈ:

ਮੈਂ ਪੁੱਛਿਆ, "ਹਜ਼ਾਰਾ ਸਿੰਘ ਜੀ! ਕਦੋਂ ਚਲਣਾ ਹੈ ਲਾਹੌਰ ਨੂੰ?' ਮੈਨੂੰ ਕਹਿਣ ਲੱਗਾ, "ਕਿਉਂ! ਤੂੰ ਕਿਉਂ ਪੁੱਛਦਾ ਹੈ? ਮੈਂ ਉੱਤਰ ਦਿੱਤਾ, ਮੈਂ ਵੀ ਬੀ.ਏ. ਕਰਨ ਵਾਸਤੇ ਗਵਰਨਮੈਂਟ ਕਾਲਜ ਵਿਚ ਹੀ ਦਾਖਲਾ ਲੈਣਾ ਹੈ।" ਹਜ਼ਾਰਾ ਸਿੰਘ ਨੇ ਮੈਥੋਂ ਇਹ ਸੁਣ ਕੇ ਬੜਾ ਨੱਕ ਚੜ੍ਹਾਇਆ ਤੇ ਕਹਿਣ ਲੱਗਾ, *"ਸ਼ਕਲ ਤਾਂ ਵੇਖ! ਗਵਰਨਮੈਂਟ ਕਾਲਜ ਵਿਚ ਦਾਖਲ ਹੋਣ ਵਾਲੇ ਦੀ। ਤੂੰ ਦਸ ਸਾਲ ਇਕ ਕੋਟ ਨਾਲ ਗੁਜ਼ਾਰੇ ਹਨ ਤੇ ਉਥੇ ਲੜਕੇ ਇਕ ਦਿਨ ਵਿਚ ਦਸ-ਦਸ ਕੋਟ ਬਦਲਦੇ ਹਨ। ਜਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨਾਲ ਜੱਫੇ!"*

ਗੱਲ ਸੱਚੀ ਆਖੀ ਸੀ ਪਰ ਮੈਨੂੰ ਜਰਾ ਚੋਭ ਲੱਗੀ। ਮੈਂ ਕਿਹਾ, 'ਹਜ਼ਾਰਾ ਸਿੰਘ ਜੀ! ਮੈਂ ਉਥੇ ਸਿਰਫ ਪੜ੍ਹਨ ਜਾਣਾ ਹੈ, ਕੋਟ ਪਾਉਣ ਦੀ ਜਾਚ ਸਿੱਖਣ ਨਹੀਂ।'

ਠੀਕ ਹੀ ਪ੍ਰੋ: ਸਾਹਿਬ ਸਿੰਘ ਕਾਲਜ ਵਿਚ ਪੜ੍ਹਨ ਗਏ ਸਨ ਤੇ ਉਨ੍ਹਾਂ ਪੜ੍ਹ ਕੇ ਵਿਖਾਇਆ ਵੀ। ਉਨ੍ਹਾਂ ਦਾ ਪੜ੍ਹਨ ਜਾਣਾ ਤੇ ਪੜ੍ਹਨਾ ਕਿਤਨਾ ਪ੍ਰੇਰਨਾਮਈ ਹੈ ਸਾਡੇ ਵਰਗੇ ਹਜ਼ਾਰਾਂ ਗਰੀਬਾਂ ਲਈ ਜਿਹੜੇ ੨੧ਵੀਂ ਸਦੀ ਦੀ ਦਲੀਜ਼ 'ਤੇ ਖੜ੍ਹੇ ਗੁਰਬਤ ਵਾਲਾ ਜੀਵਨ ਜਿਉਂ ਰਹੇ ਹਨ। ਪਰ ਨਿਸ਼ਾਨਾ ਤੇ ਲਗਨ ਸਾਹਿਬ ਸਿੰਘ ਵਾਲੀ ਲੈ ਕੇ ਚੱਲਣਾ ਪਵੇਗਾ। ਲੂਣ-ਮਿਰਚ ਖਾਈਏ ਤੇ ਨੱਕ ਦੀ ਸੇਧ ਜਾਈਏ ਤਾਂ ਪੜ੍ਹਨਾ ਮੁਸ਼ਕਿਲ ਕੰਮ ਨਹੀਂ।

ਬੀ. ਏ. ਕਰਨ ਉਪਰੰਤ ਇਨਾਂ ਦੀ ੮ ਸਤੰਬਰ ੧੯੧੫ ਈ: ਨੂੰ ਖਾਲਸਾ ਹਾਈ ਸਕੂਲ ਫਰੂਕਾ ਵਿਚ ਅਧਿਆਪਕ ਦੀ ਨਿਯੁਕਤੀ ਹੋ ਗਈ। ਇਸ ਸੇਵਾ ਲਈ ਇਨ੍ਹਾਂ ਨੂੰ ੭੫ ਰੁਪਏ ਮਾਸਿਕ ਵੇਤਨ 'ਤੇ ੧੨ ਰੁਪਏ ਮਾਸਿਕ ਬੋਰਡਿੰਗ ਹਾਊਸ ਦੇ ਸੁਪਰੰਟੈਂਡੰਟ ਦੀ ਸੇਵਾ ਦਾ ਸੇਵਾ-ਫਲ ਮਿਲਦਾ ਸੀ। ਮਈ ੧੯੧੭ ਈ: ਵਿਚ ਸਾਹਿਬ ਸਿੰਘ ਨੇ ਇਸ ਤਨਖਾਹ ਨਾਲ ਘਰ ਦਾ ਸਾਰਾ ਕਰਜ਼ਾ ਉਤਾਰਿਆ ਅਤੇ ਭੂਆ ਰਾਧੀ ਦੀਆਂ ਗਹਿਣੇ ਪਈਆਂ ਟੂੰਬਾਂ ਛੁਡਵਾਈਆਂ। ਗੁਰੂ ਨਾਨਕ ਖਾਲਸਾ ਕਾਲਜ ਗੁਜ਼ਰਾਂਵਾਲਾ ਵਿਚ ਇਨ੍ਹਾਂ ਦੀ ਨਿਯੁਕਤੀ ੧੯੧੭ ਈ: ਵਿਚ ਹੋ ਗਈ। ਚਾਰ ਸਾਲ ਇਥੇ ਸੇਵਾ ਕਰ ਇਥੋਂ ਵੀ ਅਸਤੀਫਾ ਦੇ ਦਿੱਤਾ। ੨੦ ਜੁਲਾਈ ੧੯੨੧ ਈ: ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਬਤੌਰ ਮੀਤ ਸਕੱਤਰ ਵਜੋਂ ਸੇਵਾ ਸ਼ੁਰੂ ਕਰ ਦਿੱਤੀ। ਦਸੰਬਰ ੧੯੨੦ ਈ: ਵਿਚ ਪ੍ਰੋ: ਸਾਹਿਬ ਸਿੰਘ ਨੂੰ ਪਹਿਲੀ ਵਾਰ ਗੁਰਬਾਣੀ ਵਿਆਕਰਣ ਦੀ ਸਮਝ ਲੱਗੀ ਸੀ ਜਦ ਉਹ ਰਾਮਕਲੀ ਦੀ ਵਾਰ ਮਹਲਾ ਪੰਜਵਾਂ ਦਾ ਪਾਠ ਕਰਦਿਆਂ ਇਕੋ ਹੀ ਲਫਜ਼ "ਆਹਰ" ਨੂੰ ਤਿੰਨ ਵੱਖ-ਵੱਖ ਰੂਪਾਂ ਵਿਚ ਦੇਖਿਆ :

ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ॥

ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ॥ (ਪੰਨਾ-੯੬੫)

ਪਰ ਦਫਤਰੀ ਕੰਮ ਤੇ ਗੁਰਬਾਣੀ ਵਿਆਕਰਣ ਦੀ ਸਮਝ ਦੋ ਆਪਸ ਵਿਰੋਧੀ ਕੰਮ ਸਨ। ਗੁਰੂ ਕੇ ਬਾਗ ਦੇ ਮੋਰਚੇ ਸਮੇਂ ਇਨ੍ਹਾਂ ਨੂੰ ਜੇਲ੍ਹ ਯਾਤਰਾ ਵੀ ਕਰਨੀ ਪਈ। ਦਫਤਰ ਦੇ ਕੰਮ ਤੋਂ ਸੁਤੰਤਰ ਹੋ ਗਏ ਸਨ, ਹੁਣ ਪ੍ਰੋ: ਸਾਹਿਬ ਨੇ ਜੇਲ੍ਹ ਵਿਚ ਆਪਣਾ ਸਾਰਾ ਸਮਾਂ ਗੁਰਬਾਣੀ ਵਿਆਕਰਣ ਨੂੰ ਸਮਝਣ ਵਾਲੇ ਪਾਸੇ ਲਗਾ ਦਿੱਤਾ। ਜੇਲ੍ਹ ਦਾ ਵਿਹਲ ਇਨ੍ਹਾਂ ਲਈ ਰਾਸ ਆ ਗਿਆ। ਜੇਲ੍ਹ ਦੀ ਰਿਹਾਈ ਤੋਂ ਪਿਛੋਂ ਫਿਰ ਦਫਤਰੀ ਕੰਮ ਸ਼ੁਰੂ ਹੋ ਗਿਆ। ਅਖੀਰ ਇਨ੍ਹਾਂ ੧੩ ਸਤੰਬਰ ੧੯੨੭ ਈ: ਵਿਚ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਦੀ ਪਦਵੀ ਤੋਂ ਅਸਤੀਫਾ ਦੇ ਦਿੱਤਾ। *ਮੀਤ ਸਕੱਤਰ ਵਜੋਂ ਇਨ੍ਹਾਂ ਨੂੰ ਉਸ ਸਮੇਂ ੨੫੦ ਰੁਪਏ ਮਾਸਿਕ ਤਨਖਾਹ ਮਿਲਦੀ ਸੀ। ਪਰ ਇਨ੍ਹਾਂ ਦਫਤਰੀ ਕੰਮ ਤੋਂ ਨਿਜਾਤ ਪ੍ਰਾਪਤ ਕਰਨ ਲਈ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲੇ ਵਿਚ ੧੫੦ ਰੁਪਏ ਮਾਸਿਕ ਹੀ ਪ੍ਰਵਾਨ ਕਰ ਲਏ। ਇਹ ਗਿਆਨ-ਪ੍ਰਾਪਤੀ ਦੀ ਸਿੱਕ ਤੇ ਕੁਝ ਕਰ ਗੁਜ਼ਰਨ ਦੀ ਜਗਿਆਸਾ ਦੀ ਚਰਮ ਸੀਮਾ ਹੀ ਕਹੀ ਜਾ ਸਕਦੀ ਹੈ।*

੧੯੨੯ ਈ: ਵਿਚ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਸੱਦਾ ਪੱਤਰ ਮਿਲਣ 'ਤੇ ਪ੍ਰੋ: ਸਾਹਿਬ ਸਿੰਘ ਨੂੰ ਗੁਜ਼ਰਾਂਵਾਲਾ ਕਾਲਜ ਤੋਂ ਵਿਹਲਾ ਕਰ ਦਿੱਤਾ ਗਿਆ। ਪਰ ਦੇਖੋ ਗਰੀਬ ਦੀ ਦੁਨੀਆਂ ਕਿ ਅੱਗੋਂ ਖਾਲਸਾ ਕਾਲਜ ਵਾਲਿਆਂ ਨੇ ਰਾਜਨੀਤਕ ਕਾਰਨਾਂ ਕਰਕੇ ਸਰਵਿਸ ਤੋਂ ਇਨਕਾਰ ਕਰ ਦਿੱਤਾ। ਸਾਹਿਬ ਸਿੰਘ ਹੁਣ ਫਿਰ ਵਿਹਲਾ ਸੀ। ਮਜਬੂਰੀ ਵਸ ਸਾਹਿਬ ਸਿੰਘ ਨੂੰ ਦੁਬਾਰਾ ਸ਼੍ਰੋਮਣੀ ਕਮੇਟੀ ਵਿਚ ਸੁਪਰਡੈਂਟ ਦੀ ਪਦਵੀ 'ਤੇ ਸੇਵਾ ਕਰਨੀ ਪਈ ਪਰ ਹੁਣ ੧੫੦ ਰੁਪਏ ਮਾਸਕ ਵੇਤਨ 'ਤੇ ਹੀ ਸਬਰ ਕਰਨਾ ਪਿਆ। ਗਰੀਬੀ ਤੇ ਮਜਬੂਰੀ ਕੀ ਕੀ ਨਹੀਂ ਕਰਵਾਉਂਦੀ !

ਇਕ ਵਾਰ ਪ੍ਰੋ: ਸਾਹਿਬ ਸਿੰਘ ਨੂੰ ਸੁਪਨਾ ਆਇਆ ਕਿ ਮੈਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋਫੈਸਰ ਲੱਗ ਗਿਆ ਹਾਂ। ਦਰਿਆ-ਦਿਲ ਸਾਹਿਬ ਸਿੰਘ ਨੇ ਸੁਪਨੇ ਸੰਬੰਧੀ ਖਾਲਸਾ ਕਾਲਜ ਦੇ ਪ੍ਰਿੰਸੀਪਲ ਨੂੰ ਪੱਤਰ ਲਿਖ ਭੇਜਿਆ ਕਿ ਮੈਨੂੰ ਕਾਲਜ ਵਿਚ ਪ੍ਰੋਫੈਸਰ ਰੱਖ ਲਿਆ ਜਾਵੇ। ਪ੍ਰਿੰਸੀਪਲ ਖਾਲਸਾ ਕਾਲਜ ਦਾ ਉੱਤਰ ਸੀ "I do not believe in dreams"

ਖੈਰ! ਸਾਹਿਬ ਸਿੰਘ ਨੇ ੪ ਨਵੰਬਰ ੧੯੨੯ ਈ: ਤੋਂ ੧੨ ਅਕਤੂਬਰ ੧੯੫੨ ਈ: ਤੱਕ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਲਗਾਤਾਰ ਪ੍ਰੋਫੈਸਰ ਵਜੋਂ ਸੇਵਾ ਕਰਨ ਦਾ ਸੁਪਨਾ ਸਾਕਾਰ ਕਰ ਦਿਖਾਇਆ। ਪਰ ਪ੍ਰੋ: ਸਾਹਿਬ ਹੁਣ ਵੀ ਬਹੁਤ ਅਮੀਰ ਨਹੀਂ ਸੀ ਹੋ ਸਕੇ। ਕੇਵਲ ਗੁਜ਼ਾਰਾ ਠੀਕ-ਠਾਕ ਹੋਣ ਲੱਗ ਪਿਆ ਸੀ। ਇਸ ਦਾ ਇਕ ਕਾਰਨ ਇਨ੍ਹਾਂ ਦੀ ਆਪਣੀ ਗਿਆਨ-ਪ੍ਰਾਪਤੀ ਦੀ ਅਮੁੱਕ ਜਗਿਆਸਾ, ਤੇ ਦੂਸਰਾ, ਬੱਚਿਆਂ ਨੂੰ ਉਚੇਰੀ ਵਿਦਿਆ ਦਿਵਾਉਣ ਦਾ ਨਿਸ਼ਾਨਾ। ਪ੍ਰੋ: ਸਾਹਿਬ ਸਿੰਘ ਦੀ ਜ਼ਬਾਨੀ ਇਕ ਵਾਕਿਆ:

"ਇਕ ਵਾਰੀ ਮੇਰੇ ਵੱਡੇ ਲੜਕੇ ਨੇ ਮੈਨੂੰ ਆਖਿਆ, 'ਭਾਈਆ ਜੀ! ਇਹ ਕੋਟ ਨਾ ਪਾਇਆ ਕਰੋ, ਇਹ ਚੰਗਾ ਨਹੀਂ ਲੱਗਦਾ, ਇਸ ਦਾ ਰੰਗ ਖਰਾਬ ਹੋ ਗਿਐ।" ਮੈਂ ਉੱਤਰ ਦਿੱਤਾ, "ਕਰਤਾਰ! ਇਤਨੀ ਤਨਖ਼ਾਹ ਨਾਲ ਦੋਵੇਂ ਗੱਲਾਂ ਨਹੀਂ ਹੋ ਸਕਦੀਆਂ, ਕਿ ਤੁਸੀਂ ਪੜ੍ਹੋ

ਵੀ ਤੇ ਮੈਂ ਚੰਗੇ ਕੋਟ ਭੀ ਪਾਵਾਂ। ਮੇਰੇ ਕੋਟ ਜ਼ਰੂਰੀ ਨਹੀਂ। ਤੁਹਾਡੀ ਪੜ੍ਹਾਈ ਵਧੀਕ ਜ਼ਰੂਰੀ ਹੈ।" ਵਾਹ! ਪ੍ਰੋਫੈਸਰ ਸਾਹਿਬ, ਵਾਹ!

੧੯੫੪ ਈ: ਵਿਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਨਵੇਂ ਸਿਰਿਓਂ ਖੁਲ੍ਹਿਆ ਤਾਂ ਇਨ੍ਹਾਂ ਦੀ ਨਿਯੁਕਤੀ ਪ੍ਰਿੰਸੀਪਲ ਵਜੋਂ ਹੋ ਗਈ। ੧੫ ਮਈ ੧੯੬੨ ਈ: ਨੂੰ ਇਸ ਸੇਵਾ ਤੋਂ ਵੀ ਅਸਤੀਫਾ ਦੇ ਦਿੱਤਾ। ੧੯੬੮ ਈ: ਵਿਚ ਇਨ੍ਹਾਂ ਦੇ ਲੜਕੇ ਡਾ: ਦਲਜੀਤ ਸਿੰਘ ਦੀ ਬਦਲੀ ਪਟਿਆਲੇ ਹੋ ਗਈ, ਜਿਸ ਕਰਕੇ ਪ੍ਰੋ: ਸਾਹਿਬ ਸਿੰਘ ਨੂੰ ਪਟਿਆਲੇ ਜਾਣਾ ਪਿਆ। ਉਥੇ ਵੀ ਵਿਹਲੇ ਨਹੀਂ ਰਹੇ, ਸਗੋਂ ਪ੍ਰਿੰਸੀਪਲ ਸਤਿਬੀਰ ਸਿੰਘ ਦੇ ਕਹਿਣ 'ਤੇ ਗੁਰਮਤਿ ਕਾਲਜ ਵਿਚ ਇਕ ਪੀਰਡ ਲੈਣ ਲੱਗ ਪਏ।

ਪ੍ਰੋ: ਸਾਹਿਬ ਸਿੰਘ ਜੀ ਦੀ ਸਾਹਿਤ ਸਿਰਜਣਾ ਨੂੰ ਬਿਆਨਣਾ ਇਸ ਲੇਖ ਵਿਚ ਅਸੰਭਵ ਹੈ। ਉਨ੍ਹਾਂ ਨੇ ਗੁਰਬਾਣੀ ਵਿਆਕਰਣ, ਗੁਰੂ ਗ੍ਰੰਥ ਸਾਹਿਬ ਦਰਪਣ, ੪੦ ਕਰੀਬ ਧਾਰਮਿਕ-ਇਤਿਹਾਸਿਕ ਮਹੱਤਤਾ ਵਾਲੀਆਂ ਪੁਸਤਕਾਂ ਰਚਕੇ ਗੁਰਮਤਿ ਸਾਹਿਤ ਨੂੰ ਅਮੀਰ ਕੀਤਾ।

ਪ੍ਰੋ: ਸਾਹਿਬ ਸਿੰਘ ਦੀ ਸਿੱਖੀ ਪ੍ਰਤੀ ਪ੍ਰੀਤ ਤੇ ਗੁਰਮਤਿ ਵਿਚ ਅਪਾਰ ਨਿਸ਼ਠਾ ਦਾ ਅੰਦਾਜ਼ਾ ਪ੍ਰੋਫੈਸਰ ਸਾਹਿਬ ਦੇ ਜੀਵਨ-ਦਰਸ਼ਨ ਤੇ ਕਿਰਤਾਂ ਤੋਂ ਸਹਿਜੇ ਹੀ ਹੋ ਜਾਂਦਾ ਹੈ। ਗੁਰਬਾਣੀ ਪ੍ਰਤੀ ਉਨ੍ਹਾਂ ਦੇ ਝੁਕਾਅ ਤੇ ਲਗਾਓ ਦਾ ਪ੍ਰਗਟਾਵਾ ਕਰਦੀ ਇਕ ਛੋਟੀ ਜਿਹੀ ਘਟਨਾ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਕਰਨੀ ਜ਼ਰੂਰੀ ਸਮਝਦਾ ਹਾਂ:

ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵੱਲੋਂ ਪ੍ਰੋ: ਸਾਹਿਬ ਨੂੰ ਪੰਜਾਬੀ ਦੀਆਂ ਵਿਆਕਰਣਾਂ ਦਾ ਸੈੱਟ ਤਿਆਰ ਕਰਨ ਲਈ ਬੇਨਤੀ ਕੀਤੀ ਜਿਸ ਬਦਲੇ ਇਨ੍ਹਾਂ ਨੂੰ ੨੦,੦੦੦ ਰੁਪਏ ਸੇਵਾ-ਫਲ ਦਿੱਤਾ ਜਾਣਾ ਸੀ, ਪਰ ਇਨ੍ਹਾਂ ਕਹਿ ਇਨਕਾਰ ਕਰ ਦਿੱਤਾ, "ਮੇਰੇ ਪਾਸ ਜੋ ਸਮਾਂ ਹੈ ਉਸ ਦਾ ਇਕ-ਇਕ ਪਲ ਗੁਰੂ ਲਈ ਹੈ, ਵਿਆਕਰਣਾਂ ਲਿਖ ਕੇ ਪੈਸੇ ਕਮਾਉਣ ਲਈ ਹੋਰ ਬਥੇਰੇ!"

ਪ੍ਰੋ: ਸਾਹਿਬ ਸਿੰਘ ਵਰਗੇ ਅਮੁੱਲੇ ਲਾਲ ਧਰਤੀ 'ਤੇ ਕਦੀ-ਕਦੀ ਹੀ ਆਇਆ ਕਰਦੇ ਹਨ ਜੋ ਆਪਣੀ ਘਾਲ-ਕਮਾਈ ਨਾਲ ਨਵੇਂ ਕੀਰਤੀ ਮਾਨ ਸਥਾਪਿਤ ਕਰ, ਮਾਨਵਤਾ ਲਈ ਪਥ-ਪ੍ਰਦਰਸ਼ਨ ਕਰਦੇ ਹਨ। ਅਜਿਹੀ ਪ੍ਰਤਿਭਾ ਨੂੰ ਬਾਰ-ਬਾਰ ਯਾਦ ਕਰ, ਪ੍ਰੇਰਨਾ ਲੈ ਜੀਵਨ ਵਿਚ ਅਪਨਾਉਣਾ ਹੀ ਯੋਗ ਹੈ।

ਗਿਆਨੀ ਕਰਤਾਰ ਸਿੰਘ ਜੀ

ਗਿਆਨੀ ਕਰਤਾਰ ਸਿੰਘ ਦਾ ਜਨਮ ੧੯੦੧ ਈ: ਵਿਚ ਜ਼ਿਲ੍ਹਾ ਲਾਇਲਪੁਰ ਦੇ ਇਕ ਦਰਮਿਆਨੇ ਕਿਸਾਨ ਘਰਾਣੇ ਵਿਚ ਹੋਇਆ। ਆਪ ਨੇ ਆਪਣੀ ਮੁੱਢਲੀ ਵਿਦਿਆ ਪਿੰਡ ਦੇ ਸਕੂਲ ਵਿਚੋਂ ਹਾਸਲ ਕੀਤੀ ਅਤੇ ਦਸਵੀਂ, ਖਾਲਸਾ ਹਾਈ ਸਕੂਲ ਲਾਇਲਪੁਰ ਵਿਚੋਂ ਪਾਸ ਕਰਕੇ ਅਗਲੀ ਪੜ੍ਹਾਈ ਲਈ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖਲ ਹੋ ਗਏ। ਗਿਆਨੀ ਜੀ ਸਕੂਲ ਦੇ ਦਿਨਾਂ ਤੋਂ ਹੀ ਧਾਰਮਿਕ ਤੇ ਰਾਜਨੀਤਕ ਮਾਮਲਿਆਂ ਵਿਚ ਡੂੰਘੀ ਦਿਲਚਸਪੀ ਲੈਣ ਲੱਗ ਪਏ ਸਨ ਅਤੇ ਆਪਣੇ ਸਾਥੀਆਂ ਨਾਲੋਂ ਤੀਖਣ ਬੁੱਧੀ ਕਾਰਨ ਹਰ ਮਾਮਲੇ ਨੂੰ ਗੌਰ ਨਾਲ ਸਮਝਣ ਦਾ ਯਤਨ ਕਰਦੇ ਸਨ। ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਵਾਲੇ ਦਿਨ ਉਹ ਅੰਮ੍ਰਿਤਸਰ ਛਾਉਣੀ ਵਿਖੇ ਆਪਣੇ ਤਾਏ ਰਸਾਲਦਾਰ ਜਗਤ ਸਿੰਘ ਦੇ ਘਰ ਠਹਿਰੇ ਹੋਏ ਸਨ। ਇਸ ਕਤਲੇਆਮ ਦੀ ਖ਼ਬਰ ਸੁਣ ਕੇ ਗਿਆਨੀ ਜੀ ਨੇ ਪ੍ਰਣ ਕੀਤਾ ਕਿ ਉਹ ਸਾਰੀ ਉਮਰ ਇਸ ਜ਼ਾਲਮ ਸਰਕਾਰ ਦੇ ਵਿਰੁੱਧ ਲੜਦੇ ਰਹਿਣਗੇ। ਇਸ ਘਟਨਾ ਨੇ ਉਨ੍ਹਾਂ ਦੀ ਜੀਵਨ-ਧਾਰਾ ਹੀ ਬਦਲ ਦਿੱਤੀ। ਉਹ ਪੜ੍ਹਾਈ ਆਦਿ ਦਾ ਧਿਆਨ ਛੱਡ ਕੇ ਪਹਿਲਾਂ ਤਾਂ ਜਲ੍ਹਿਆਂ ਵਾਲੇ ਬਾਗ ਦੇ ਪੀੜਤਾਂ ਲਈ ਸਹਾਇਤਾ ਇਕੱਠੀ ਕਰਨ ਅਤੇ ਫਿਰ ਰਾਜਸੀ ਕਾਨਫਰੰਸਾਂ ਵਿਚ ਭਾਗ ਲੈਣ ਲੱਗ ਪਏ ਅਤੇ ਉਸ ਵੇਲੇ ਦੇ ਪ੍ਰਮੁਖ ਨੇਤਾਵਾਂ ਕਿਚਲੂ, ਮਾਸਟਰ ਮੋਤਾ ਸਿੰਘ ਤੇ ਤੇਜਾ ਸਿੰਘ ਚੂਹੜਕਾਣਾ ਆਦਿ ਦੇ ਸੰਪਰਕ ਵਿਚ ਆ ਗਏ।

੧੯੨੧ ਈ: ਵਿਚ ਚਾਬੀਆਂ ਦੇ ਮੋਰਚੇ ਤੇ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਵਾਪਰਨ ਨਾਲ ਆਪ ਬਾਬਾ ਖੜਕ ਸਿੰਘ ਜੀ ਦੇ ਸੰਪਰਕ 'ਚ ਆਏ ਤੇ ਅਕਾਲੀ ਦਲ ਦੇ ਸਮਰਥਕ ਬਣ ਗਏ। ਗੁਰੂ ਕੇ ਬਾਗ ਦੇ ਮੋਰਚੇ ਨੇ ਗਿਆਨੀ ਜੀ ਨੂੰ ਅੱਗੇ ਹੋ ਕੇ ਕੰਮ ਕਰਨ ਦਾ ਅਵਸਰ ਦਿੱਤਾ। ਆਪ ਨੇ ਮੋਰਚੇ ਦੇ ਪ੍ਰਚਾਰ ਲਈ ਬਣੀ ਕਮੇਟੀ, ਜਿਸ ਦੇ ਬਾਵਾ ਹਰਿਕਿਸ਼ਨ ਸਿੰਘ, ਪ੍ਰੋ: ਨਿਰੰਜਣ ਸਿੰਘ ਤੇ ਪ੍ਰੋ: ਤੇਜਾ ਸਿੰਘ ਆਦਿ ਮੈਂਬਰ ਸਨ, ਨਾਲ ਮਿਲ ਕੇ ਮੋਰਚੇ ਦੀ ਕਾਮਯਾਬੀ ਲਈ ਦਿਨ-ਰਾਤ ਕੰਮ ਕੀਤਾ। ਇਸ ਮੋਰਚੇ ਪਿਛੋਂ ੧੯੨੩ ਈ: ਵਿਚ ਆਪ ਨੂੰ ਅਕਾਲੀ ਹਾਈ ਕਮਾਂਡ ਲਾਇਲਪੁਰ ਅਕਾਲੀ ਜਥੇ ਦਾ ਜਨਰਲ ਸਕੱਤਰ ਬਣਾ ਦਿੱਤਾ। ਜੈਤੋ ਦਾ ਮੋਰਚਾ ਲੱਗ ਚੁੱਕਾ ਸੀ, ਉਸ ਲਈ ਸ਼ਹੀਦੀ ਜਥਿਆਂ ਦਾ ਸਵਾਗਤ ਕਰਨ

ਤੇ ਜਥੇ ਭੇਜਣ ਦੇ ਜ਼ੁਰਮ ਵਿਚ ਅੰਗਰੇਜ਼ ਸਰਕਾਰ ਨੇ ਆਪ ਨੂੰ ੧੯੨੪ ਈ: ਵਿਚ ਗ੍ਰਿਫਤਾਰ ਕਰਕੇ ਛੇ ਮਹੀਨੇ ਦੀ ਸਖਤ ਸਜ਼ਾ ਦੇ ਕੇ ਜਬਲਪੁਰ ਦੀ ਜੇਲ੍ਹ ਵਿਚ ਭੇਜ ਦਿੱਤਾ, ਜਿਥੇ ਗਿਆਨੀ ਜੀ ਨੇ ਆਪਣਾ ਸੰਪਰਕ ਉਥੇ ਹੋਰ ਗ੍ਰਿਫਤਾਰ ਕੀਤੇ ਸੈਂਕੜੇ ਲੀਡਰਾਂ ਤੇ ਵਰਕਰਾਂ ਨਾਲ ਪੈਦਾ ਕੀਤਾ। ਜੇਲ੍ਹ ਵਿਚ ਹੀ ਗਿਆਨੀ ਜੀ ਨੇ ਸਿਆਸੀ ਕੈਦੀਆਂ ਨੂੰ ਹਰ ਰੋਜ਼ ਇਕੱਠੇ ਕਰਕੇ ਧਰਮ, ਸਿੱਖ-ਇਤਿਹਾਸ ਤੇ ਰਾਜਸੀ ਹਾਲਾਤ 'ਤੇ ਵਿਚਾਰਾਂ ਪ੍ਰਗਟ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਅਤੇ ਆਪਣੇ ਲੈਕਚਰਾਂ ਰਾਹੀਂ ਸਭ 'ਤੇ ਆਪਣੀ ਸੂਝ-ਬੂਝ ਦਾ ਪ੍ਰਭਾਵ ਪਾਇਆ।

ਜੇਲ੍ਹ ਦੀ ਰਿਹਾਈ ਤੋਂ ਪਿਛੋਂ ਬਾਕੀ ਅਕਾਲੀ ਕੈਦੀਆਂ ਦੀ ਰਿਹਾਈ, ਗੁਰਦੁਆਰਾ ਸੁਧਾਰ ਬਿਲ ਆਦਿ ਐਸੇ ਮਸਲੇ ਸਨ, ਜਿਨ੍ਹਾਂ ਲਈ ਗਿਆਨੀ ਕਰਤਾਰ ਸਿੰਘ ਜੀ ੧੯੨੪ ਈ: ਵਿਚ ਗੁਰਦੁਆਰਾ ਐਕਟ ਬਣਨ ਤੀਕ ਜੂਝਦੇ ਰਹੇ। ਗੁਰਦੁਆਰਾ ਐਕਟ ਪਾਸ ਹੋਣ ਨਾਲ ਸਿੱਖ ਲੀਡਰ ਦੋ ਧੜਿਆਂ ਵਿਚ ਵੰਡੇ ਗਏ ਪਰ ਆਪ ਨੇ ਇਸ ਸਮੇਂ ਬਾਬਾ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਦਾ ਸਾਥ ਦਿੱਤਾ। ੧੯੨੬ ਈ: ਵਿਚ ਗੁਰਦੁਆਰਾ ਐਕਟ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਚੋਣ ਹੋਈ ਤਾਂ ਉਸ ਵਿਚ ਆਪ ਮੈਂਬਰ ਚੁਣੇ ਗਏ ਤੇ ਲਗਾਤਾਰ ੧੯੬੦ ਈ: ਤੱਕ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹੇ। ਇਸ ਸਮੇਂ ਵਿਚ ਸ਼੍ਰੋਮਣੀ ਕਮੇਟੀ ਵਿਚ ਵੱਖ-ਵੱਖ ਪਦਵੀਆਂ 'ਤੇ ਭੀ ਰਹੇ ਤੇ ਸ਼੍ਰੋਮਣੀ ਕਮੇਟੀ ਰਾਹੀਂ ਸਿੱਖਾਂ ਦੇ ਧਾਰਮਿਕ ਅਤੇ ਰਾਜਨੀਤਕ ਮਸਲਿਆਂ ਨੂੰ ਸੇਧ ਦੇਣ ਦਾ ਯਤਨ ਕਰਦੇ ਰਹੇ।

੧੯੨੭ ਈ: ਵਿਚ ਗਿਆਨੀ ਜੀ ਲਾਇਲਪੁਰ ਡਿਸਟ੍ਰਕਟ ਬੋਰਡ ਦੇ ਬਿਨਾਂ ਮੁਕਾਬਲੇ ਮੈਂਬਰ ਚੁਣੇ ਗਏ, ਜਿਸ ਰਾਹੀਂ ਆਪਣੇ ਜ਼ਿਲ੍ਹੇ ਵਿਚ ਵਿਕਾਸ ਦੇ ਅਨੇਕਾਂ ਕੰਮ ਕਰਵਾਏ। ਏਸੇ ਸਾਲ ਹੀ ਸਾਈਮਨ ਕਮਿਸ਼ਨ ਦੇ ਦੌਰੇ ਕਾਰਨ ਪੰਜਾਬ ਦਾ ਰਾਜਸੀ ਮਾਹੌਲ ਫੇਰ ਖਰਾਬ ਹੋ ਗਿਆ। ਆਪ ਨੇ ਸਾਈਮਨ ਕਮਿਸ਼ਨ ਖਿਲਾਫ ਰੋਸ-ਵਿਖਾਵੇ ਕਰਨ ਤੇ ਜਲਸੇ ਕਰਨ ਵਿਚ ਭਾਰੀ ਹਿੱਸਾ ਲਿਆ ਤੇ ਕਮਿਸ਼ਨ ਨੂੰ ਸਿੱਖਾਂ ਦੀਆਂ ਮੰਗਾਂ ਦਾ ਇੱਕ ਯਾਦਪੱਤਰ ਭੀ ਦਿੱਤਾ, ਜਿਸ ਰਾਹੀਂ ਮੰਗ ਕੀਤੀ ਗਈ ਕਿ ਪੰਜਾਬ ਵਿਚ ਸਿੱਖਾਂ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ ਹੋਇਆਂ ਨਵੀਂ ਬਣਨ ਵਾਲੀ ਅਸੈਂਬਲੀ ਵਿਚ ਉਨ੍ਹਾਂ ਲਈ ਤੀਹ ਫੀ ਸਦੀ ਸੀਟਾਂ ਰੀਜ਼ਰਵ ਕੀਤੀਆਂ ਜਾਣ। ਇਨ੍ਹਾਂ ਦਿਨਾਂ ਵਿਚ ਪ੍ਰਮੁੱਖ ਅਕਾਲੀ ਨੇਤਾ ਕਾਂਗਰਸ ਦੇ ਭੀ ਮੈਂਬਰ ਸਨ ਤੇ ਆਜ਼ਾਦੀ ਦੀ ਜਦੋ-ਜਹਿਦ ਵਿਚ ਦੋਵੇਂ ਪਾਰਟੀਆਂ ਰਲ ਕੇ ਹੀ ਕੰਮ ਕਰਦੀਆਂ ਸਨ। ਜਦ ਮਹਾਤਮਾ ਗਾਂਧੀ ਨੇ ੧੯੩੦ ਈ: ਵਿਚ ਸਿਵਲ ਨਾ-ਫਰਮਾਨੀ ਦਾ ਐਲਾਨ ਕਰ ਦਿੱਤਾ ਤਾਂ ਅਕਾਲੀ ਦਲ ਵੱਲੋਂ ਮਾਸਟਰ ਤਾਰਾ ਸਿੰਘ ਤੇ ਗਿਆਨੀ ਕਰਤਾਰ ਸਿੰਘ ਜੀ ਨੇ ਮਹਾਤਮਾ ਗਾਂਧੀ ਨੂੰ ਕੈਦ ਹੋਣ ਵਾਲੇ ਪੰਜ ਹਜ਼ਾਰ ਵਾਲੰਟੀਅਰਾਂ ਦੀ ਲਿਸਟ ਪੇਸ਼ ਕੀਤੀ ਤੇ ਇਨ੍ਹਾਂ ਦੋਹਾਂ ਨੂੰ ਸਿਵਲ ਨਾ-ਫਰਮਾਨੀ ਵਿਚ ਹਿੱਸਾ ਲੈਣ ਕਰਕੇ ਇਕ ਇਕ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਦਿੱਤੀ ਗਈ।

ਇਸ ਵਾਰ ਗਿਆਨੀ ਕਰਤਾਰ ਸਿੰਘ ਜੀ ਨੂੰ ਮੁਲਤਾਨ ਜੇਲ੍ਹ ਵਿਚ ਭੇਜਿਆ ਗਿਆ

ਜਿਥੇ ਉਹ ਖਾਨ ਅਬਦੁਲ ਗੁਫਾਰ ਖਾਂ, ਡਾ: ਕਿਚਲੂ ਡਾ: ਅਨਸਾਰੀ ਤੇ ਰਾਇਜ਼ਾਦਾ ਹੰਸਰਾਜ ਵਰਗੇ ਉਚ ਕੋਟੀ ਦੇ ਲੀਡਰਾਂ ਦੇ ਸੰਪਰਕ ਵਿਚ ਆਏ।

ਆਪ ਨੇ ਸਿੱਖਾਂ ਦੇ ਪ੍ਰਤੀਨਿਧ ਦੇ ਤੌਰ 'ਤੇ ਨਹਿਰੂ ਰਿਪੋਰਟ 'ਤੇ ਵਿਚਾਰ ਕਰਨ ਲਈ ਕਲਕੱਤੇ ਵਿਖੇ ਹੋਈ ਨੈਸ਼ਨਲ ਕਾਨਫਰੰਸ ਤੇ ਪੰਡਤ ਮਦਨ ਮੋਹਨ ਮਾਲਵੀਆ ਵੱਲੋਂ ਅਲਾਹਾਬਾਦ ਵਿਖੇ ੧੯੩੨ ਈ. ਵਿਚ ਬੁਲਾਈ ਗਈ ਯੂਨੀਟੀ ਕਾਨਫਰੰਸ ਵਿਚ ਸ਼ਾਮਲ ਹੋਏ। ਪਰ ਸਰਕਾਰ ਵੱਲੋਂ ਕਮਿਊਨਲ ਐਵਾਰਡ ਦਿੱਤੇ ਜਾਣ ਕਰਕੇ ਇਹ ਦੋਵੇਂ ਕਾਨਫਰੰਸਾਂ ਭਾਰਤ ਦਾ ਕੋਈ ਰਾਜਸੀ ਹੱਲ ਨਾ ਕੱਢ ਸਕੀਆਂ।

੧੯੩੫ ਈ. ਦੇ ਐਕਟ ਰਾਹੀਂ ਸੂਬਕ ਮੁਖਤਿਆਰੀ ਲਾਗੂ ਹੋਣ ਨਾਲ ਜੋ ੧੯੩੭ ਈ: ਵਿਚ ਪੰਜਾਬ ਅਸੈਂਬਲੀ ਦੀਆਂ ਜੋ ਚੋਣਾਂ ਹੋਈਆਂ, ਉਸ ਵਿਚ ਗਿਆਨੀ ਕਰਤਾਰ ਸਿੰਘ ਜੀ ਪਹਿਲੀ ਵਾਰ ਅਸੈਂਬਲੀ ਦੇ ਮੈਂਬਰ ਚੁਣੇ ਗਏ। ਅਸੈਂਬਲੀ ਵਿਚ ਅਕਾਲੀ ਤੇ ਕਾਂਗਰਸ ਮੈਂਬਰ ਇਕੱਠੇ ਹੋ ਕੇ ਕੰਮ ਕਰਦੇ ਸਨ ਤੇ ਗਿਆਨੀ ਕਰਤਾਰ ਸਿੰਘ ਇਸ ਸਮੇਂ ਪੰਜਾਬ ਕਾਂਗਰਸ ਦੀ ਵਰਕਿੰਗ ਕਮੇਟੀ ਦੇ ਮੈਂਬਰ ਸਨ। ੧੯੩੯ ਈ. ਵਿਚ ਦੂਜੀ ਵੱਡੀ ਜੰਗ ਸ਼ੁਰੂ ਹੋ ਜਾਣ ਤੋਂ ਪਿਛੋਂ ਕ੍ਰਿਪਸ ਮਿਸ਼ਨ ਦੀਆਂ ਤਜਵੀਜ਼ਾਂ 'ਤੇ ਕਾਂਗਰਸ ਦੇ ਗੋਲ-ਮੋਲ ਸਟੈਂਡ ਕਰਕੇ ਅਤੇ ਰਾਜ ਗੋਪਾਲ ਅਚਾਰੀਆ ਫਾਰਮੂਲਾ, ਜਿਸ ਰਾਹੀਂ ਮੁਸਲਮਾਨਾਂ ਦਾ ਆਤਮ ਨਿਰਣੈ ਦੇ ਹੱਕ ਨੂੰ ਮੰਨਿਆ ਸੀ ਤੇ ਕਾਂਗਰਸ ਵਲੋਂ ਫੌਜੀ ਭਰਤੀ ਦੇ ਬਾਈਕਾਟ ਕਰਨ ਕਰਕੇ ਅਕਾਲੀ ਦਲ ਤੇ ਕਾਂਗਰਸ ਦੂਰ ਦੂਰ ਹੋ ਗਏ।

ਅਕਾਲੀਆਂ ਵਿਚ ਗਿਆਨੀ ਕਰਤਾਰ ਸਿੰਘ ਦੇ ਧੜੇ ਦਾ ਵਿਚਾਰ ਸੀ ਕਿ ਇਸ ਵੇਲੇ ਭਾਰਤੀ ਫੌਜ ਵੀਹ ਫੀ ਸਦੀ ਸਿੱਖ ਹਨ, ਜੇਕਰ ਅਸੀਂ ਭਰਤੀ ਦਾ ਬਾਈਕਾਟ ਕਰਦੇ ਹਾਂ, ਤਦ ਸਿੱਖਾਂ ਦੀ ਆਰਥਕ ਤੇ ਰਾਜਸੀ ਪੁਜ਼ੀਸ਼ਨ ਨੂੰ ਨੁਕਸਾਨ ਹੋਵੇਗਾ ਤੇ ਜੰਗ ਮਗਰੋਂ ਜੇ ਭਾਰਤ ਆਜ਼ਾਦ ਹੋਵੇਗਾ, ਉਸ ਦੀ ਫੌਜ ਵਿਚ ਮੁਸਲਮਾਨ ਦਾ ਮਸਲਾ ਹੋਵੇਗਾ, ਜੋ ਸਾਨੂੰ ਨੁਕਸਾਨਦੇਹ ਸਾਬਤ ਹੋਵੇਗਾ। ਇਸ ਲਈ ਸਾਨੂੰ ਪੂਰੇ ਜ਼ੋਰ ਨਾਲ ਫੌਜੀ ਭਰਤੀ ਦੇ ਕੇ ਸਿੱਖਾਂ ਦੀ ਪੁਜ਼ੀਸ਼ਨ ਮਜ਼ਬੂਤ ਕਰਨੀ ਚਾਹੀਦੀ ਹੈ। ਜਥੇਦਾਰ ਊਧਮ ਸਿੰਘ ਦੇ ਗਰੁੱਪ ਦੀ ਵਿਰੋਧਤਾ ਦੇ ਬਾਵਜੂਦ ਮਾਸਟਰ ਤਾਰਾ ਸਿੰਘ ਤੇ ਅਕਾਲੀ ਦਲ ਨੇ ਸਿੱਖਾਂ ਨੂੰ ਪੂਰੇ ਜ਼ੋਰ ਨਾਲ ਫੌਜ ਵਿਚ ਭਰਤੀ ਹੋਣ ਲਈ ਕਿਹਾ। ਉਸ ਪਿਛੋਂ ਸਕੰਦਰ—ਬਲਦੇਵ ਸਿੰਘ ਪੈਕਟ ਰਾਹੀਂ ਬਲਦੇਵ ਸਿੰਘ ਨੂੰ ਪੰਜਾਬ ਦਾ ਵਜ਼ੀਰ ਬਣਵਾ ਕੇ ਆਪ ਨੇ ਸਿੱਖਾਂ ਦੇ ਕਈ ਮਸਲੇ ਹੱਲ ਕਰਵਾਏ, ਜਿਨ੍ਹਾਂ ਵਿਚ ਪੰਜਾਬੀ ਦੀ ਪੜ੍ਹਾਈ ਲਈ ਵਾਧੂ ਸਹੂਲਤਾਂ, ਸਭ ਸਰਕਾਰੀ ਅਦਾਰਿਆਂ ਤੇ ਥਾਵਾਂ 'ਤੇ ਗੁਰਦੁਆਰਾ ਤਰਮੀਮੀ ਐਕਟ ਪਾਸ ਕਰਵਾਉਣਾ ਸੀ। ਗਿਆਨੀ ਜੀ ਨੇ ਗੁਰਦੁਆਰਾ ਐਕਟ ੧੯੨੫ ਈ: ਵਿਚ ਸੋਧ ਕਰਵਾ ਕੇ ਦਰਬਾਰ ਸਾਹਿਬ ਅੰਮ੍ਰਿਤਸਰ, ਤਰਨਤਾਰਨ, ਮੁਕਤਸਰ, ਨਨਕਾਣਾ ਸਾਹਿਬ, ਪੰਜਾ ਸਾਹਿਬ ਤੇ ਅਨੰਦਪੁਰ ਸਾਹਿਬ ਦੇ ਗੁਰਦੁਆਰੇ ਲੋਕਲ ਕਮੇਟੀਆਂ ਦੀ ਥਾਂ ਸਿੱਧੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿਚ ਲਿਆਂਦੇ ਅਤੇ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਤੇ ਲੋਕਲ ਗੁਰਦੁਆਰਾ ਕਮੇਟੀਆਂ ਵਿਚ ਸਿੱਖ ਪੱਛੜੀਆਂ ਜਾਤਾਂ ਦੇ ਸਿੰਘਾਂ

ਲਈ ਵੀਹ ਫੀ ਸਦੀ ਸੀਟਾਂ ਰੀਜ਼ਰਵ ਕਰਵਾਈਆਂ। ੧੯੪੪ ਈ: ਵਿਚ ਆਪ ਨੇ ਸਿੱਖ ਨੌਜਵਾਨਾਂ ਨੂੰ ਜਥੇਬੰਦ ਕਰਨ ਲਈ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਸਥਾਪਨਾ ਕਰਵਾਈ। ਏਸੇ ਸਾਲ ਪਾਕਿਸਤਾਨ ਦੀ ਮੰਗ ਦਾ ਮੂੰਹ-ਤੋੜ ਜਵਾਬ ਦੇਣ ਲਈ ਆਪ ਨੇ ਅਜ਼ਾਦ ਪੰਜਾਬ ਨਾਂ ਦੀ ਸਕੀਮ ਪੇਸ਼ ਕੀਤੀ ਤਾਂ ਕਿ ਅਜਿਹੇ ਪੰਜਾਬ ਦੀ ਸਿਰਜਣਾ ਹੋ ਸਕੇ, ਜਿਸ ਵਿਚ ਮੁਸਲਿਮ ਬਹੁਗਿਣਤੀ ਨਾ ਹੋਵੇ, ਪਰ ਇਸ ਸਕੀਮ ਦੀ ਹਿੰਦੂਆਂ ਨੇ ਸਖਤ ਵਿਰੋਧਤਾ ਕੀਤੀ, ਤੇ ਕਾਂਗਰਸ ਨੇ ਭੀ ਇਸ ਦੀ ਹਮਾਇਤ ਨਾ ਕੀਤੀ, ਨਹੀਂ ਤਾਂ ਪੰਜਾਬ ਦਾ ਬਹੁਤ ਸਾਰਾ ਇਲਾਕਾ ਪਾਕਿਸਤਾਨ ਵਿਚ ਜਾਣੋਂ ਬਚ ਜਾਂਦਾ।

੧੯੪੬ ਈ: ਵਿਚ ਕੈਬਨਿਟ ਮਿਸ਼ਨ ਦੀਆਂ ਤਜਵੀਜ਼ਾਂ ਦਾ ਆਪ ਨੇ ਅੱਗੇ ਹੋ ਕੇ ਵਿਰੋਧ ਕੀਤਾ। ਕਾਂਗਰਸ ਹਾਈ ਕਮਾਂਡ ਦੇ ਭਰੋਸਿਆਂ 'ਤੇ ਅਕਾਲੀ ਦਲ ਨੇ ਆਪਣੇ ਬਾਈਕਾਟ ਵਾਪਸ ਲੈ ਕੇ ਭਾਰਤੀ ਸੰਵਿਧਾਨ ਸਭਾ ਵਿਚ ਸ਼ਾਮਿਲ ਹੋਣਾ ਮੰਨ ਲਿਆ। ਗਿਆਨੀ ਜੀ ਭੀ ਭਾਰਤੀ ਸੰਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਆਪ ੯ ਦਸੰਬਰ, ੧੯੪੬ ਨੂੰ ਭਾਰਤੀ ਸੰਵਿਧਾਨ ਸਭਾ ਦੇ ਪਹਿਲੇ ਸਮਾਗਮ ਵਿਚ ਸ਼ਾਮਿਲ ਹੋਏ ਤੇ ਮੈਂਬਰਾਂ ਨੂੰ ਅੰਗਰੇਜ਼ੀ ਵਿਚ ਇਕ ਪੈਂਫਲਿਟ ਵੰਡਿਆ, ਜਿਸ ਦਾ ਨਾਂ ਸੀ "ਪੰਜਾਬ ਵਿਚ ਹਿੰਦੂ ਸਿੱਖ ਸੂਬੇ ਦੀ ਲੋੜ।"

੧੯੪੬ ਈ: ਵਿਚ ਦੇ ਵਿਚ ਗਿਆਨੀ ਕਰਤਾਰ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਚੁਣੇ ਗਏ। ਭਾਰਤ ਵਿਚੋਂ ਅੰਗਰੇਜ਼ ਜਾਣ ਦੀ ਤਿਆਰੀ ਕਰ ਰਿਹਾ ਸੀ। ਉਨ੍ਹਾਂ ਹਾਲਤਾਂ ਵਿਚ ਮੁਸਲਿਮ ਲੀਗ ਕਿਸੇ ਭੀ ਤਰ੍ਹਾਂ ਨਾਲ ਪਾਕਿਸਤਾਨ ਹਾਸਲ ਕਰਨ ਲਈ ਲਾਮਬੰਦ ਹੋ ਰਹੀ ਸੀ ਤੇ ਰਾਜਸੀ ਖਿਚਾਅ ਵਧ ਰਿਹਾ ਸੀ। ਉਨ੍ਹਾਂ ਹਾਲਤਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਪੰਜਾਬ ਦੀ 'ਵੰਡ' ਦੀ ਮੰਗ ਕੀਤੀ ਤੇ ਕਿਹਾ ਕਿ ਇਸ ਦੇ ਨਾਲ ਸਰਕਾਰੀ ਪੱਧਰ 'ਤੇ ਘੱਟ ਗਿਣਤੀਆਂ ਦੀ ਅਬਾਦੀ ਤੇ ਜਾਇਦਾਦ ਦੇ ਸ਼ਾਂਤੀਪੂਰਵਕ ਤਬਾਦਲੇ ਦੇ ਪ੍ਰਬੰਧ ਕੀਤੇ ਜਾਣ।

੩ ਜੂਨ, ੧੯੪੭ ਈ. ਨੂੰ ਭਾਰਤ ਦੇ ਵੰਡ ਦੀ ਮਾਊਂਟਬੈਟਨ ਪਲੈਨ ਦਾ ਐਲਾਨ ਕੀਤਾ ਗਿਆ, ਜਿਸ ਰਾਹੀਂ ਪੰਜਾਬ ਨੂੰ ਵੰਡਣ ਦੀ ਗੱਲ ਤਾਂ ਮੰਨ ਲਈ ਪਰ ਇਹ ਸੰਭਾਵੀ ਵੰਡ ਸਿੱਖਾਂ ਦੀਆਂ ਇਛਾਵਾਂ ਦੇ ਅਨਕੂਲ ਨਹੀਂ ਸੀ। ਇਸ ਵੰਡ ਨੂੰ ਹੋਰ ਸੁਖਾਵਾਂ ਬਣਾਉਣ ਦੇ ਯਤਨਾਂ ਦੇ ਬਾਵਜੂਦ ੧੫ ਅਗਸਤ, ੧੯੪੭ ਨੂੰ ਜੋ ਪਾਕਿਸਤਾਨ ਹੋਂਦ ਵਿਚ ਆਇਆ, ਉਸ ਨਾਲ ਤਕਰੀਬਨ ਅੱਧੀ ਸਿੱਖ ਆਬਾਦੀ ਪ੍ਰਭਾਵਿਤ ਹੋਈ। ਇਸ ਵੰਡ ਅਨੁਸਾਰ ਗਿਆਨੀ ਕਰਤਾਰ ਸਿੰਘ ਜੀ ਨੂੰ ਪੱਛਮੀ ਪੰਜਾਬ ਅਸੈਂਬਲੀ ਪਾਕਿਸਤਾਨ ਦੀ ਸੰਵਿਧਾਨ ਸਭਾ ਦਾ ਮੈਂਬਰ ਘੋਸ਼ਿਤ ਕੀਤਾ ਗਿਆ ਪਰ ਗਿਆਨੀ ਜੀ ਨੇ ਦੂਰ-ਦ੍ਰਿਸ਼ਟੀ ਤੋਂ ਕੰਮ ਲਿਆ ਤੇ ਇਹ ਫੈਸਲਾ ਕਰ ਲਿਆ ਕਿ ਸਿੱਖਾਂ ਦੀ ਪਾਕਿਸਤਾਨ ਵਿਚ ਕੋਈ ਥਾਂ ਨਹੀਂ ਹੈ, ਤੇ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਸੁਰੱਖਿਅਤ ਤਰੀਕੇ ਨਾਲ ਜਥੇ ਬਣਾ ਕੇ ਭਾਰਤ ਚਲੇ ਜਾਣਾ ਚਾਹੀਦਾ ਹੈ। ਆਪ ਨੇ ਇਹ ਵਿਚਾਰ ਪੂਰੇ ਜ਼ੋਰ ਨਾਲ ਅਖ਼ਬਾਰਾਂ ਵਿਚ ਅਤੇ ਹੋਰ ਤਰੀਕਿਆਂ ਰਾਹੀਂ ਲੋਕਾਂ ਤੱਕ ਪਹੁੰਚਾਏ ਤੇ ਪੱਛਮੀ ਪੰਜਾਬ ਵਿਚੋਂ ਹਿੰਦੂ-ਸਿੱਖਾਂ ਨੂੰ ਭਾਰਤ ਵਿਚ ਲਿਆਉਣ ਲਈ ਯਤਨ

ਕੀਤਾ। ਗਿਆਨੀ ਜੀ ਨੇ ਤਾਂ ਇਹ ਫੈਸਲਾ ਕਰ ਲਿਆ ਕਿ ਸਿੱਖਾਂ ਨੇ ਤਾਂ ਪਾਕਿਸਤਾਨ ਵਿਚ ਨਹੀਂ ਰਹਿਣਾ ਪਰ ਹਿੰਦੂ ਲੀਡਰ ਅਜੇ ਭੀ ਦੁਬਿਧਾ ਵਿਚ ਸਨ, ਜਿਸ ਕਰਕੇ ੧੪ ਅਗਸਤ ੧੯੪੭ ਨੂੰ ਪਾਕਿਸਤਾਨ ਸੰਵਿਧਾਨ ਸਭਾ ਦਾ ਕਰਾਚੀ ਵਿਖੇ ਪਹਿਲਾ ਇਜਲਾਸ ਹੋਇਆ। ਉਸ ਵਿਚ ਸ੍ਰੀ ਭੀਮ ਸੈਨ ਸੱਚਰ, ਸ੍ਰੀ ਅਵਤਾਰ ਨਰਾਇਣ ਗੁਜਰਾਲ (ਸ੍ਰੀ ਆਈ. ਕੇ. ਗੁਜਰਾਲ ਦੇ ਪਿਤਾ) ਸ਼ਾਮਿਲ ਹੋਏ ਤੇ ਪਾਕਿਸਤਾਨ ਦੀ ਵਫਾਦਾਰੀ ਦੀ ਸਹੁੰ ਭੀ ਚੁੱਕੀ ਜਦ ਕਿ ਸਿੱਖ ਮੈਂਬਰਾਂ ਨੇ ਬਾਈਕਾਟ ਕੀਤਾ।

ਵੰਡ ਕਾਰਨ ਸਭ ਤੋਂ ਵੱਡਾ ਮਸਲਾ ਸ਼ਰਨਾਰਥੀਆਂ ਨੂੰ ਵਸਾਉਣਾ ਤੇ ਸਿੱਖਾਂ ਨੂੰ ਰਾਜਸੀ ਸੇਧ ਦੇਣਾ ਸੀ। ਉਸ ਬਾਰੇ **ਗਿਆਨੀ ਕਰਤਾਰ ਸਿੰਘ ਜੀ ਨੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਵਿਚ ਸਭ ਤੋਂ ਪਹਿਲਾਂ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬੇ ਦਾ ਮਤਾ ਪਾਸ ਕਰਵਾਇਆ। ਚਾਹੇ ਮਾਸਟਰ ਤਾਰਾ ਸਿੰਘ ਜੀ ਸਿੱਖ ਖਿੱਤਾ ਜਾਂ ਸਿੱਖ ਬਹੁਸੰਪਤੀ ਵਾਲੇ ਇਲਾਕੇ ਦੀ ਮੰਗ ਦੇ ਹੱਕ ਵਿਚ ਸਨ।** ਗਿਆਨੀ ਕਰਤਾਰ ਸਿੰਘ ਨੇ ਮਹਿਸੂਸ ਕੀਤਾ ਕਿ ਇਸ ਵੇਲੇ ਕੌਮ ਦੇ ਮੁੜ ਵਸੇਬੇ ਲਈ ਤੇ ਜੋ ਕਾਂਗਰਸ ਨੇ ਸਮੇਂ ਸਮੇਂ ਸਿੱਖਾਂ ਨਾਲ ਵਾਅਦੇ ਕੀਤੇ, ਉਨ੍ਹਾਂ ਨੂੰ ਪੂਰਾ ਕਰਵਾਉਣ ਲਈ ਸਰਕਾਰ ਨਾਲ ਸਹਿਯੋਗ ਕਰਨ ਦੀ ਲੋੜ ਹੈ। ਇਸ ਮਸਲੇ 'ਤੇ ਵਿਚਾਰ ਕਰਨ ਲਈ ੧੫ ਮਾਰਚ ੧੯੪੮ ਨੂੰ ਗਿਆਨੀ ਕਰਤਾਰ ਸਿੰਘ ਜੀ ਦੀ ਪ੍ਰਧਾਨਗੀ ਹੇਠ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿਚ ਕਾਂਗਰਸ ਵਲੋਂ ਸਿੱਖਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਵਾਉਣ ਲਈ ਪੰਥਕ ਮੈਂਬਰਾਂ ਨੂੰ ਕਾਂਗਰਸ ਪਾਰਟੀ ਦਾ ਮੈਂਬਰ ਬਣਨ ਦੀ ਸਲਾਹ ਦਿੱਤੀ ਗਈ। ਇਸ ਅਨੁਸਾਰ ਗਿਆਨੀ ਕਰਤਾਰ ਸਿੰਘ ਕਾਂਗਰਸ ਵਿਚ ਸ਼ਾਮਿਲ ਹੋ ਕੇ ਕਈ ਵਾਰੀ ਵਜ਼ੀਰ ਵੀ ਬਣੇ। ਆਪ ਨੇ ਆਪਣੀ ਹਿੰਮਤ ਤੇ ਸਿਆਣਪ ਨਾਲ ਪੱਛਮੀ ਪੰਜਾਬ ਵਿਚੋਂ ਉਜੜ ਕੇ ਆਏ ਸਿੱਖ ਕਿਸਾਨਾਂ ਦਾ ਅਜੇਹੇ ਤਰੀਕੇ ਨਾਲ ਪੁਨਰਵਾਸ ਕਰਵਾਇਆ ਕਿ ਉਹ ਸਾਰੇ ਕਰਨਾਲ ਤੀਕ ਹੀ ਵਸਾਏ ਗਏ ਤੇ ਮੌਜੂਦਾ ਪੰਜਾਬੀ ਇਲਾਕਿਆਂ ਵਿਚ ਆਬਾਦੀ ਦਾ ਸੰਤੁਲਨ ਸਿੱਖਾਂ ਦੇ ਹੱਕ ਵਿਚ ਹੋ ਗਿਆ। ਸੱਚਰ ਫਾਰਮੂਲਾ ਬਣਾਉਣਾ ਗਿਆਨੀ ਜੀ ਦਾ ਸਭ ਤੋਂ ਵੱਡਾ ਕਾਰਨਾਮਾ ਸੀ। ਉਸ ਰਾਹੀਂ ਪੰਜਾਬੀ ਬੋਲਦੇ ਇਲਾਕਿਆਂ ਦੀ ਜੋ ਹੱਦਬੰਦੀ ਕੀਤੀ ਗਈ, ਉਸ ਤੋਂ ਚੰਗੀ ਹੱਦਬੰਦੀ ਕਿਸੇ ਭੀ ਫਾਰਮੂਲੇ ਰਾਹੀਂ ਨਹੀਂ ਹੋ ਸਕੀ। ਨਵੇਂ ਸੰਵਿਧਾਨ ਵਿਚ ਕੇਵਲ ਚਾਰ ਸਿੱਖ ਪਛੜੀਆਂ ਜਾਤਾਂ ਨੂੰ ਹੋਰ ਹਿੰਦੂ ਹਰੀਜਨਾਂ ਵਾਲੇ ਹੱਕ ਦੇਣ ਤੋਂ ਬਿਨਾਂ ਸਿੱਖਾਂ ਲਈ ਕੁਝ ਨਾ ਕੀਤਾ ਗਿਆ। **੧੯੫੧ ਈ. ਵਿਚ ਹੋਈ ਮਰਦਮਸ਼ੁਮਾਰੀ ਵਿਚ ਜਿਸ ਤਰੀਕੇ ਨਾਲ ਪੰਜਾਬ ਕਾਂਗਰਸ ਦੇ ਆਹੁਦੇਦਾਰਾਂ ਨੇ ਲੋਕਾਂ ਨੂੰ ਪੰਜਾਬੀ ਦੀ ਥਾਂ ਹਿੰਦੀ ਲਿਖਵਾਉਣ ਲਈ ਕੰਮ ਕੀਤਾ ਉਸ ਤੋਂ ਮਾਯੂਸ ਹੋ ਕੇ ਗਿਆਨੀ ਕਰਤਾਰ ਸਿੰਘ ਕਾਂਗਰਸ ਤੋਂ ਅਸਤੀਫਾ ਦੇ ਕੇ ਮੁੜ ਅਕਾਲੀ ਦਲ ਵਿਚ ਆ ਗਏ ਅਤੇ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ** ਦਲ ਦਾ ਜਨਰਲ ਸਕੱਤਰ ਬਣਾ ਦਿੱਤਾ ਗਿਆ। ਗਿਆਨੀ ਜੀ ਨੇ ਅਕਾਲੀ ਦਲ ਨੂੰ ਮਜ਼ਬੂਤ ਕਰਨ ਦੇ ਨਾਲ ਨਾਲ ਪੰਜਾਬੀ ਸੂਬੇ ਦੀ ਮੰਗ ਦਾ ਬਹੁਤ ਜ਼ੋਰ ਨਾਲ ਪ੍ਰਚਾਰ ਕੀਤਾ।

ਫਰਵਰੀ ੧੯੫੬ ਵਿਚ ਅੰਮ੍ਰਿਤਸਰ ਵਿਖੇ ਕਾਂਗਰਸ ਦੀ ਸਾਲਾਨਾ ਕਾਨਫਰੰਸ ਦੇ ਮੁਕਾਬਲੇ ਵਿਚ ਸਰਬ ਹਿੰਦ ਅਕਾਲੀ ਕਾਨਫਰੰਸ ਕਰਕੇ ਕਾਂਗਰਸ ਦੀ ਕਾਨਫਰੰਸ ਨੂੰ ਮਾਤ ਪਾ ਦਿੱਤੀ। ਭਾਰਤ ਸਰਕਾਰ ਨੇ ਸੂਬਿਆਂ ਦੀ ਨਵੀਂ ਹੱਦਬੰਦੀ ਲਈ ਜੋ ਕਮਿਸ਼ਨ ਬਣਾਇਆ ਸੀ, ਉਸ ਨੇ ਪੰਜਾਬੀ ਸੂਬੇ ਦੀ ਮੰਗ ਅਸਵੀਕਾਰ ਕਰ ਦਿੱਤੀ, ਜਿਸ 'ਤੇ ਅਕਾਲੀ ਦਲ ਨੇ ਸੰਘਰਸ਼ ਦਾ ਬਿਗਲ ਵਜਾ ਦਿੱਤਾ। ਪਰ ਕੇਂਦਰੀ ਸਰਕਾਰ ਨਾਲ ਗੱਲਬਾਤ ਪਿਛੋਂ ਰਿਜਨਲ ਫਾਰਮੂਲਾ ਹੋਂਦ ਵਿਚ ਆਇਆ ਤੇ ਇਸ ਫਾਰਮੂਲੇ ਦੇ ਪਾਸ ਹੋਣ ਨਾਲ ਫੇਰ ਅਕਾਲੀ ਦਲ ਅਤੇ ਕਾਂਗਰਸ ਨੇੜੇ ਹੋ ਗਏ ਤੇ ਅਕਾਲੀ ਦਲ ਨੇ ਆਪਣੇ ਮੈਂਬਰਾਂ ਨੂੰ ਕਾਂਗਰਸ ਟਿਕਟ 'ਤੇ ਚੋਣ ਲੜਨ ਦੀ ਆਗਿਆ ਦੇ ਦਿੱਤੀ। ੧੯੫੭ ਈ. ਦੀ ਵਿਧਾਨ ਸਭਾ ਦੀ ਚੋਣ ਪਿਛੋਂ ਗਿਆਨੀ ਕਰਤਾਰ ਸਿੰਘ ਨੂੰ ਕੈਰੋਂ ਵਜ਼ਾਰਤ ਵਿਚ ਵਜ਼ੀਰ ਬਣਾਇਆ ਗਿਆ, ਜਿਥੇ ਉਨ੍ਹਾਂ ਨੇ ਸ਼ਾਮਿਲ ਹੋ ਕੇ ਰੀਜਨਲ ਫਾਰਮੂਲੇ ਅਧੀਨ ਜੋ ਪੰਜਾਬੀ ਰੀਜਨਲ ਕਮੇਟੀ ਬਣੀ, ਚੰਡੀਗੜ੍ਹ ਅਸੈਂਬਲੀ ਹਲਕੇ ਨੂੰ ਉਸ ਰਿਜਨਲ ਕਮੇਟੀ ਵਿਚ ਸ਼ਾਮਿਲ ਕਰਵਾਇਆ, ਜਿਸ ਕਰਕੇ ਮੌਜੂਦਾ ਖਰੜ ਤਹਿਸੀਲ ਜੋ ਉਸ ਸਮੇਂ ਚੰਡੀਗੜ੍ਹ ਅਸੈਂਬਲੀ ਹਲਕੇ ਦਾ ਹਿੱਸਾ ਸੀ, ਮੌਜੂਦਾ ਪੰਜਾਬੀ ਸੂਬੇ ਵਿਚ ਸ਼ਾਮਿਲ ਹੋ ਸਕੀ। ਬਤੌਰ ਵਜ਼ੀਰ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ, ਪੰਜਾਬ ਲੈਂਡ ਮੰਡੀਕਰਨ ਬੋਰਡ ਦਾ ਐਕਟ ਪਾਸ ਕਰਵਾਉਣਾ ਅਤੇ ਜ਼ਿਲ੍ਹਾ ਪੱਧਰ ਤੀਕ ਦੇ ਦਫਤਰਾਂ ਵਿਚ ਪੰਜਾਬੀ ਲਾਗੂ ਕਰਵਾਉਣਾ, ਉਨ੍ਹਾਂ ਦੇ ਮਹੱਤਵਪੂਰਨ ਕੰਮ ਸਨ। ਆਪ ੧੯੬੩ ਈ. ਤੱਕ ਕੈਰੋਂ ਸਰਕਾਰ ਵਿਚ ਵਜ਼ੀਰ ਰਹੇ।

ਸ੍ਰ. ਪ੍ਰਤਾਪ ਸਿੰਘ ਕੈਰੋਂ ਦੇ ਰਾਜਨੀਤਕ ਮੰਚ ਤੋਂ ਹਟ ਜਾਣ ਨਾਲ ਪੰਜਾਬੀ ਸੂਬੇ ਦੀ ਮੰਗ ਫੇਰ ਜ਼ੋਰ ਫੜ ਗਈ। ਭਾਰਤ ਦੇ ਗ੍ਰਿਹ ਮੰਤਰੀ ਦੇ ਕਹਿਣ 'ਤੇ ਸ੍ਰ: ਹਾਕਮ ਸਿੰਘ ਸਪੀਕਰ ਲੋਕ ਸਭਾ ਨੇ ਇਕ ਪਾਰਲੀਮੈਂਟਰੀ ਕਮੇਟੀ ਪੰਜਾਬੀ ਸੂਬੇ ਦੀ ਮੰਗ 'ਤੇ ਵਿਚਾਰ ਕਰਨ ਲਈ ਬਣਵਾਈ। ਉਸ ਕਮੇਟੀ ਨੇ ਲੋਕਾਂ ਤੋਂ ਮੈਮੋਰੰਡਮ ਮੰਗੇ। ਗਿਆਨੀ ਕਰਤਾਰ ਸਿੰਘ ਅਤੇ ਸ੍ਰ. ਹਰਚਰਨ ਸਿੰਘ ਬਰਾੜ ਕਾਂਗਰਸ ਅਸੈਂਬਲੀ ਪਾਰਟੀ ਦੇ ਸਿੱਖ ਮੈਂਬਰਾਂ ਦੀ ਬਹੁਸੰਮਤੀ ਵੱਲੋਂ ਪੰਜਾਬੀ ਸੂਬੇ ਦਾ ਕੇਸ ਪੇਸ਼ ਕਰਨ ਲਈ ਆਪ ਭੀ ਇਸ ਕਮੇਟੀ ਅੱਗੇ ਪੇਸ਼ ਹੋਏ। ਇਸ ਕਮੇਟੀ ਦੀ ਰਿਪੋਰਟ ਆਉਣ ਤੋਂ ਪਿਛੋਂ ਭਾਰਤ ਸਰਕਾਰ ਨੇ ਪੰਜਾਬੀ ਸੂਬੇ ਦੀ ਮੰਗ ਪ੍ਰਵਾਨ ਕਰ ਲਈ। ਪੰਜਾਬ, ਹਰਿਆਣਾ ਦੀ ਨਵੇਂ ਸਿਰਿਉਂ ਹੱਦਬੰਦੀ ਕਰਨ ਲਈ ਸ਼ਾਹ ਕਮਿਸ਼ਨ ਨਿਯੁਕਤ ਕਰ ਦਿੱਤਾ ਗਿਆ।

ਸੰਤ ਫਤਹਿ ਸਿੰਘ ਦੇ ਮਰਨ ਵਰਤ ਤੇ ਅਕਾਲੀ ਅੰਦੋਲਨਾਂ ਕਰਕੇ ਪੰਜਾਬੀ ਸੂਬੇ ਦੀ ਮੰਗ ਮੰਨ ਲਈ ਗਈ। ਪਰ ਸੰਤ ਫਤਹਿ ਸਿੰਘ ਤੇ ਅਕਾਲੀ ਦਲ ਨੇ ਸ਼ਾਹ ਕਮਿਸ਼ਨ ਅੱਗੇ ਪੇਸ਼ ਹੋ ਕੇ ਆਪਣਾ ਕੇਸ ਪੇਸ਼ ਕਰਨ ਤੋਂ ਨਾਂਹ ਕਰ ਦਿੱਤੀ, ਤਾਂ ਪੰਜਾਬ ਦਾ ਕੇਸ ਗਿਆਨੀ ਕਰਤਾਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਕਮਿਸ਼ਨ ਅੱਗੇ ਪੇਸ਼ ਹੋ ਕੇ ਕੀਤਾ ਤੇ ਮੌਜੂਦਾ ਆਨੰਦਪੁਰ ਤਹਿਸੀਲ ਗਿਆਨੀ ਜੀ ਦੀ ਭਾਵੁਕ ਵਕਾਲਤ ਕਰਕੇ ਹੀ ਕਮਿਸ਼ਨ ਨੇ ਪੰਜਾਬ ਵਿਚ ਰਹਿਣ ਦਿੱਤੀ।

੧੯੬੭ ਈ: ਵਿਚ ਮੌਜੂਦਾ ਪੰਜਾਬੀ ਸੂਬਾ ਬਣਨ ਤੋਂ ਪਿਛੋਂ ਸ੍ਰ: ਗੁਰਨਾਮ ਸਿੰਘ ਦੀ ਅਕਾਲੀ ਵਜ਼ਾਰਤ ਬਣੀ। ਉਸ ਵੇਲੇ ਸੰਤ ਫਤਹਿ ਸਿੰਘ ਤੇ ਸ੍ਰ: ਗੁਰਨਾਮ ਸਿੰਘ ਨੇ ਗਿਆਨੀ ਕਰਤਾਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਅਕਾਲੀ ਦਲ ਵਿਚ ਸ਼ਾਮਿਲ ਹੋ ਕੇ ਪੰਜਾਬੀ ਸੂਬੇ ਨੂੰ ਸੰਪੂਰਨ ਕਰਵਾਉਣ ਲਈ ਸਹਿਯੋਗ ਦੀ ਅਪੀਲ ਕੀਤੀ ਤਾਂ ਗਿਆਨੀ ਕਰਤਾਰ ਸਿੰਘ ਆਪਣੇ ਸਾਥੀਆਂ ਸਮੇਤ ਸੰਤ ਜੀ ਨਾਲ ਸ਼ਾਮਿਲ ਹੋ ਗਏ। ਗਿਆਨੀ ਜੀ ਨੂੰ ਮੁੜ ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਸਕੱਤਰ ਬਣਾਇਆ ਗਿਆ। ਕੁਝ ਸਮੇਂ ਪਿਛੋਂ ਗਿੱਲ ਦੀ ਬਗਾਵਤ ਕਰਕੇ ਸ੍ਰ. ਗੁਰਨਾਮ ਸਿੰਘ ਦੀ ਵਜ਼ਾਰਤ ਟੁੱਟ ਗਈ। ਕੁਝ ਸਮੇਂ ਪਿਛੋਂ ਪੰਜਾਬ ਅਸੈਂਬਲੀ ਭੰਗ ਕੀਤੀ ਗਈ ਤਾਂ ਗਿਆਨੀ ਜੀ ਨੇ ਮਾਸਟਰ ਅਕਾਲੀ ਦਲ ਤੇ ਸੰਤ ਅਕਾਲੀ ਦਲ ਦੀ ਏਕਤਾ ਲਈ ਭਰਪੂਰ ਯਤਨ ਕੀਤੇ। ਇਸ ਏਕਤਾ ਦੇ ਹੋ ਜਾਣ ਕਰਕੇ ੧੯੬੯ ਈ. ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਅਕਾਲੀ ਦਲ ਸਭ ਤੋਂ ਵੱਡੀ ਪਾਰਟੀ ਦੇ ਰੂਪ ਉਭਰ ਕੇ ਆਇਆ ਤੇ ਦੁਬਾਰਾ ਸ੍ਰ. ਗੁਰਨਾਮ ਸਿੰਘ ਦੀ ਵਜ਼ਾਰਤ ਬਣੀ।

ਵਜ਼ਾਰਤ ਬਣਨ ਤੋਂ ਕੁਝ ਸਮੇਂ ਪਿਛੋਂ ਸ੍ਰ. ਦਰਸ਼ਨ ਸਿੰਘ ਫੇਰੂਮਾਨ ਨੇ ਚੰਡੀਗੜ੍ਹ ਦੀ ਪ੍ਰਾਪਤੀ ਤੇ ਸਿੱਖ ਦੀ ਅਰਦਾਸ ਦੀ ਮਹਾਨਤਾ ਨੂੰ ਕਾਇਮ ਕਰਨ ਦੇ ਉਦੇਸ਼ ਨਾਲ ਮਰਨ ਵਰਤ ਰੱਖ ਦਿੱਤਾ। ਇਸ ਵਰਤ ਦੀ ਸੰਤ ਫਤਹਿ ਸਿੰਘ ਵੱਲੋਂ ਜ਼ੋਰਦਾਰ ਵਿਰੋਧਤਾ ਹੋਈ ਪਰ ਗਿਆਨੀ ਕਰਤਾਰ ਸਿੰਘ ਜੀ ਨੇ ਇਕ ਬਿਆਨ ਰਾਹੀਂ ਸੰਤ ਜੀ ਨੂੰ ਤੇ ਅਕਾਲੀ ਦਲ ਨੂੰ ਕਿਹਾ ਕਿ "ਮੈਂ ਸ੍ਰ: ਦਰਸ਼ਨ ਸਿੰਘ ਫੇਰੂਮਾਨ ਦੇ ਸਿਰੜ ਦੇ ਦ੍ਰਿੜ੍ਹਤਾ ਨੂੰ ਜਾਣਦਾ ਹਾਂ, ਉਨ੍ਹਾਂ ਨੇ ਆਪਣੀ ਕੁਰਬਾਨੀ ਜ਼ਰੂਰ ਦੇ ਦੇਣੀ ਹੈ। ਇਸ ਲਈ ਅਕਾਲੀ ਦਲ ਇਸ ਵਰਤ ਨੂੰ ਅਪਣਾ ਲਏ ਤਾਂ ਕਿ ਇਹ ਕੁਰਬਾਨੀ ਅਜਾਈਂ ਨਾ ਜਾਵੇ", ਪਰ ਗਿਆਨੀ ਜੀ ਦੀ ਕਿਸੇ ਨਾ ਸੁਣੀ।

੧੯੭੦ ਈ. ਵਿਚ ਸ. ਪ੍ਰਕਾਸ਼ ਸਿੰਘ ਬਾਦਲ ਨੇ ਗਿਆਨੀ ਕਰਤਾਰ ਸਿੰਘ ਨੂੰ ਹਰਿਆਣੇ ਵਿਚ ਰਹਿ ਗਏ ਪੰਜਾਬੀ ਬੋਲਦੇ ਇਲਾਕਿਆਂ ਦਾ ਕੇਸ ਤਿਆਰ ਕਰਨ ਲਈ ਕਮੇਟੀ ਦਾ ਚੇਅਰਮੈਨ ਬਣਾ ਦਿੱਤਾ ਤੇ ਆਪ ਨੇ ਪੰਜਾਬ ਸਰਕਾਰ ਤੋਂ ਇਸ ਬਾਰੇ ਮਹੱਤਵਪੂਰਨ ਤੱਥ ਇਕੱਠੇ ਕਰਵਾਏ। ਲੰਮੇ ਰਾਜਸੀ ਘੋਲ ਤੇ ਕੋਈ ਪੱਕਾ ਟਿਕਾਣਾ ਨਾ ਹੋਣ ਕਰਕੇ ਗਿਆਨੀ ਜੀ ਦੀ ਸਿਹਤ ਕਾਫੀ ਖਰਾਬ ਹੋ ਰਹੀ ਸੀ, ਜੋ ੧੯੭੧ ਈ. ਵਿਚ ਲੋਕ ਸਭਾ ਦੀ ਚੋਣ ਲੜਨ ਵੇਲੇ ਹੋਰ ਖਰਾਬ ਹੋ ਗਈ। ਅਖੀਰ ਬਿਮਾਰੀ ਨਾਲ ਜੂਝਦੇ ਮੌਜੂਦਾ ਪੰਜਾਬ ਦੇ ਇਤਿਹਾਸ ਦੇ ਇਕ ਕਾਂਡ ਦਾ ਇਹ ਹੀਰੋ ੧੦ ਜੂਨ ੧੯੭੪ ਈ. ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਵਿਚ ਸਦਾ ਲਈ ਸਾਥੋਂ ਵਿਛੜ ਗਿਆ।

ਗਿਆਨੀ ਕਰਤਾਰ ਸਿੰਘ ੧੯੩੭ ਈ. ਤੋਂ ੧੯੬੭ ਈ. ਤੱਕ ਪੰਜਾਬ ਵਿਧਾਨ ਸਭਾ ਜਾਂ ਵਿਧਾਨ ਪਰਿਸ਼ਦ ਦੇ ਲਗਾਤਾਰ ਮੈਂਬਰ ਰਹੇ, ਕਈ ਵਾਰ ਵਜ਼ੀਰ ਰਹੇ। ਪਰ ਆਪ ਦਾ ਕੋਈ ਬੈਂਕ ਬੈਲੈਂਸ ਨਹੀਂ ਸੀ, ਨਾ ਕੋਈ ਘਰ ਸੀ, ਸਗੋਂ ਪਿਤਾ ਵੱਲੋਂ ਮਿਲੀ ਜ਼ਮੀਨ ਭੀ ਰਾਜਸੀ ਕੰਮਾਂ ਦੇ ਲੇਖੇ ਲਾ ਗਏ। ਜਿਸ ਸਾਦਗੀ ਨਾਲ ਉਨ੍ਹਾਂ ਨੇ ਆਪਣਾ

ਜੀਵਨ ਬਤੀਤ ਕੀਤਾ, ਉਸ ਤਰ੍ਹਾਂ ਦਾ ਸਾਦਾ ਜੀਵਨ ਤਾਂ ਅੱਜ ਦਾ ਕੋਈ ਸੇਵਾਦਾਰ ਜਾਂ ਉਸ ਦਾ ਪਰਿਵਾਰ ਵੀ ਨਹੀਂ ਬਿਤਾਉਂਦਾ। ਇਕ ਗੱਲ ਜੋ ਗਿਆਨੀ ਕਰਤਾਰ ਸਿੰਘ ਕਹਿੰਦੇ ਹੁੰਦੇ ਸਨ ਤੇ ਅਮਰ ਸਚਾਈ ਭੀ ਹੈ, ਉਹ ਸੀ–"ਕਿਸੇ ਕੜੇ ਕਮਿਸ਼ਨ ਨੇ ਨਾ ਕਦੇ ਸਿੱਖਾਂ ਨੂੰ ਕੁਝ ਦਿੱਤਾ ਹੈ ਤੇ ਨਾ ਦੇਣਾ ਹੈ, ਜੋ ਭੀ ਮੁਕਾਉਣਾ ਹੋਵੇ, ਟੇਬਲ 'ਤੇ ਬਹਿ ਕੇ ਮੁਕਾ ਲੈਣਾ ਚਾਹੀਦਾ ਹੈ।" ਇਹੋ ਜਿਹੇ ਸਨ ਸਿੱਖਾਂ ਦੇ ਤੇ ਪੰਜਾਬ ਦੇ ਸੇਵਕ, ਦਰਵੇਸ਼ ਸਿਆਸਤਦਾਨ ਗਿਆਨੀ ਕਰਤਾਰ ਸਿੰਘ!

ਸਿਰਦਾਰ ਕਪੂਰ ਸਿੰਘ ਆਈ.ਸੀ.ਐਸ.

ਸਿੱਖ ਜਗਤ ਦੇ ਚੋਣਵੇਂ ਵਿਅਕਤੀਆਂ ਵਿਚੋਂ ਸ੍ਰਿ: ਕਪੂਰ ਸਿੰਘ ਆਈ. ਸੀ. ਐਸ. ਦਾ ਨਾਮ ਆਪਣੀ ਵੱਖਰੀ ਨੁਹਾਰ ਰੱਖਦਾ ਹੈ। ਆਪ ਦਾ ਜਨਮ ੨ ਮਾਰਚ ੧੯੦੯ ਈ. ਨੂੰ ਸ੍ਰ: ਦੀਦਾਰ ਸਿੰਘ ਦੇ ਘਰ ਹੋਇਆ। ਆਪ ਦੇ ਪਿਤਾ ਦਰਮਿਆਨੇ ਪੱਧਰ ਦੇ ਜ਼ਿਮੀਂਦਾਰ ਘਰਾਣੇ ਵਿਚੋਂ ਸਨ। ਆਪ ਦੀ ਮਾਤਾ ਹਰਨਾਮ ਕੌਰ ਇਕ ਧਾਰਮਿਕ ਰੁਚੀਆਂ ਵਾਲੀ ਔਰਤ ਸੀ। ਸ੍ਰਿ: ਕਪੂਰ ਸਿੰਘ ਉਪਰ ਮਾਤਾ ਜੀ ਦਾ ਪ੍ਰਭਾਵ ਸਭ ਤੋਂ ਵਧੇਰੇ ਸੀ।

ਇਨ੍ਹਾਂ ਦਾ ਜੱਦੀ ਪਿੰਡ ਮੰਨਣ ਚੱਕ ਕਲਾਂ ਜ਼ਿਲ੍ਹਾ ਲੁਧਿਆਣਾ ਵਿਖੇ ਸੀ ਪਰ ਜ਼ਮੀਨ ਜਾਇਦਾਦ ਦੇ ਸਬੰਧ ਵਿਚ ਆਪ ਦਾ ਪਰਿਵਾਰ ਚੱਕ ਨੰਬਰ ੫੩੧ ਲਾਇਲਪੁਰ (ਪਾਕਿਸਤਾਨ) ਵਿਖੇ ਟਿਕਿਆ ਹੋਇਆ ਸੀ। ਪਾਕਿਸਤਾਨ ਬਣਨ ਉਪਰੰਤ ਆਪ ਦਾ ਪਰਿਵਾਰ ਉੱਜੜ ਕੇ ਖਾਜਾ ਬਾਜੂ ਲੋਪੋ ਕਾ ਅਗਵਾੜ (ਜਗਰਾਵਾਂ) ਜ਼ਿਲ੍ਹਾ ਲੁਧਿਆਣਾ ਵਿਖੇ ਆਣ ਟਿਕਿਆ। ਅੱਜਕਲ੍ਹ ਆਪ ਦੇ ਪਰਿਵਾਰ ਦੇ ਮੈਂਬਰ ਇਥੇ ਹੀ ਖੇਤੀਬਾੜੀ ਉੱਪਰ ਟਿਕੇ ਹੋਏ ਹਨ।

ਸ੍ਰਿ: ਕਪੂਰ ਸਿੰਘ ਦੀ ਧਰਮਪਤਨੀ ਦਾ ਨਾਮ ਸਰਦਾਰਨੀ ਹਰਿੰਦਰ ਕੌਰ ਸੀ। ਇਹ ਨਾਨਕੇ ਪੱਖ ਤੋਂ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਸਿੱਧ ਟਿੱਕਾ ਖਾਨਦਾਨ ਨਾਲ ਜੁੜੇ ਹੋਏ ਸਨ। ਸ੍ਰਿ: ਕਪੂਰ ਸਿੰਘ ਦੇ ਜੀਵਨ ਸਾਥੀ ਵਜੋਂ ਸਰਦਾਰਨੀ ਹਰਿੰਦਰ ਕੌਰ ਨੇ ਹਰ ਦੁਖ ਸੁਖ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ। ਸ੍ਰਿ: ਕਪੂਰ ਸਿੰਘ ਦਾ ਇਕਲੌਤਾ ਸਪੁੱਤਰ ਡਾ. ਇੰਦਰਜੀਤ ਸਿੰਘ ਹੈ, ਜਿਹੜਾ ਵਰਲਡ ਬੈਂਕ ਨਾਲ ਬਤੌਰ ਸੀਨੀਅਰ ਅਰਥ-ਸ਼ਾਸਤਰੀ ਦੇ ਜੁੜਿਆ ਹੋਇਆ ਹੈ ਅਤੇ ਅੱਜਕਲ੍ਹ ਅਮਰੀਕਾ ਵਿਖੇ ਰਹਿ ਰਿਹਾ ਹੈ। ਸ੍ਰਿ: ਕਪੂਰ ਸਿੰਘ ਨੂੰ ਆਪਣੇ ਸਪੁੱਤਰ ਉੱਪਰ ਕਾਫੀ ਮਾਣ ਰਿਹਾ ਹੈ। ਆਪਣੇ ਅੰਤਿਮ ਸਮੇਂ ਵੀ ਉਹ ਆਪਣੇ ਸਪੁੱਤਰ ਅਤੇ ਪੋਤਰੇ ਨੂੰ ਬਾਰ ਬਾਰ ਯਾਦ ਕਰਦੇ ਰਹੇ।

ਸ੍ਰਿ: ਕਪੂਰ ਸਿੰਘ ਨੇ ਮੁੱਢਲੀ ਵਿਦਿਆ ਲਾਇਲਪੁਰ ਖਾਲਸਾ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਦਸਵੀਂ ਸ਼੍ਰੇਣੀ ਵਿਚੋਂ ਆਪ ਪੰਜਾਬ ਭਰ ਵਿਚੋਂ ਪਹਿਲੀ ਪੁਜ਼ੀਸ਼ਨ ਲੈ ਕੇ ਪਾਸ ਹੋਏ। ਉੱਚ ਵਿਦਿਆ ਗ੍ਰਹਿਣ ਕਰਨ ਵਾਸਤੇ ਗੌਰਮਿੰਟ ਕਾਲਜ ਲਾਹੌਰ ਵਿਖੇ ਦਾਖਲ ਹੋਏ। ਬੀ.ਏ. ਦੀ ਪੜ੍ਹਾਈ ਵਿਚ ਫ਼ਾਰਸੀ ਅਤੇ ਫਲਸਫਾ ਦੇ ਮਜ਼ਮੂਨ ਆਪ ਦੀ ਵਿਸ਼ੇਸ਼ ਚੋਣ ਸਨ। ਏਸੇ ਹੀ ਕਾਲਜ ਤੋਂ ਆਪ ਨੇ ਸਾਲ ੧੯੩੧ ਈ. ਵਿਚ ਐਮ. ਏ. ਫਿਲਾਸਫੀ ਦੀ ਡਿਗਰੀ ਯੂਨੀਵਰਸਿਟੀ ਭਰ ਵਿਚੋਂ ਅੱਵਲ ਰਹਿ ਕੇ ਪ੍ਰਾਪਤ ਕੀਤੀ। ਹੋਰ ਉਚੇਰੀ ਵਿਦਿਆ ਹਾਸਲ ਕਰਨ ਹਿੱਤ ਸਾਲ ੧੯੩੧ ਈ. ਵਿਚ ਕੈਮਬ੍ਰਿਜ ਯੂਨੀਵਰਸਿਟੀ ਲੰਡਨ ਵਿਖੇ ਦਾਖਲ ਹੋਏ,

ਜਿਥੇ ਆਪ ਨੇ ਤੀਹਰੇ ਮਜ਼ਮੂਨਾਂ ਵਿਚੋਂ ਯੂਨੀਵਰਸਿਟੀ ਭਰ ਵਿਚੋਂ ਪ੍ਰਥਮ ਸਥਾਨ ਹਾਸਲ ਕੀਤਾ। ਇਸੇ ਯੂਨੀਵਰਸਿਟੀ ਤੋਂ ਆਪ ਨੇ 'ਮਾਰਲ ਸਾਇੰਸਜ਼' ਦੀ ਡਿਗਰੀ ਪ੍ਰਾਪਤ ਕੀਤੀ। ਆਪ ਦੇ ਪ੍ਰੀਖਿਅਕ ਬਰਟਰੈਂਡ ਰਸਲ ਆਪ ਦੀ ਪ੍ਰਤਿਭਾ ਤੋਂ ਵਿਸ਼ੇਸ਼ ਰੂਪ ਵਿਚ ਪ੍ਰਭਾਵਿਤ ਹੋਏ। ਯੂਨੀਵਰਸਿਟੀ ਵੱਲੋਂ ਆਪ ਨੂੰ ਲੈਕਚਰਾਰ ਦੀ ਨਿਯੁਕਤੀ ਵਾਸਤੇ ਸੱਦਾ ਦਿੱਤਾ ਗਿਆ ਪ੍ਰੰਤੂ ਆਪ ਨੇ ਇਸ ਨੂੰ ਦੇਸ਼ ਸੇਵਾ ਹਿੱਤ ਅਪ੍ਰਵਾਨ ਕਰ ਦਿੱਤਾ। ਸਾਲ ੧੯੩੩ ਈ. ਵਿਚ ਆਈ.ਸੀ.ਐਸ. ਵਿਚੋਂ ਸਫਲਤਾ ਪ੍ਰਾਪਤ ਕਰਕੇ ਟ੍ਰੇਨਿੰਗ ਲੈ ਕੇ ਸਾਲ ੧੯੩੪ .ਈ. ਨੂੰ ਵਾਪਸ ਦੇਸ਼ ਪਰਤੇ।

ਨੌਕਰੀ ਅਤੇ ਨੌਕਰੀ ਤੋਂ ਅਲਹਿਦਗੀ

ਸ੍ਰਿ: ਕਪੂਰ ਸਿੰਘ ਡਿਪਟੀ ਕਮਿਸ਼ਨਰ ਵਜੋਂ ਕੋਈ ਪੰਦਰਾਂ ਕੁ ਸਾਲ ਵੱਖ-ਵੱਖ ਜ਼ਿਲ੍ਹਿਆਂ ਵਿਖੇ ਕਾਰਜ ਨਿਭਾਉਂਦੇ ਰਹੇ। ਅੰਗ੍ਰੇਜ਼ ਹਾਕਮਾਂ ਦੇ ਮਨ ਵਿਚ ਆਪ ਪ੍ਰਤੀ ਵਿਸ਼ੇਸ਼ ਆਦਰ ਮਾਣ ਸੀ। ਸਾਫਦਿਲੀ ਅਤੇ ਸਫਲ ਪ੍ਰਬੰਧਕ ਵਜੋਂ ਆਪ ਨੂੰ ਸਲਾਹੁਤਾ ਹਾਸਲ ਹੁੰਦੀ ਰਹੀ ਪਰ ਅਜ਼ਾਦੀ ਉਪਰੰਤ ਭਾਰਤ ਸਰਕਾਰ ਦਾ ਰਵੱਈਆ ਆਪ ਨਾਲ ਵਧੀਆ ਨਾ ਰਿਹਾ। ਸਗੋਂ ਪੱਖਪਾਤੀ ਰਵੱਈਆ ਅਪਨਾ ਕੇ ਅਤੇ ਕੁਝ ਕੇਸ ਬਣਾ ਕੇ ਆਪ ਨੂੰ ਨੌਕਰੀ ਤੋਂ ਅਲਹਿਦਾ ਕਰ ਦਿੱਤਾ ਗਿਆ। ਸ੍ਰਿ: ਕਪੂਰ ਸਿੰਘ ਦਾ ਸਭ ਤੋਂ ਵੱਡਾ 'ਦੋਸ਼' ਇਹ ਸੀ ਕਿ ਉਸ ਨੇ ਪੰਜਾਬ ਦੇ ਗਵਰਨਰ ਵੱਲੋਂ ਸਿੱਖਾਂ ਬਾਰੇ ਕੱਢੇ ਗਏ ਇਕ ਫਿਰਤੂ-ਪੱਤਰ ਦਾ ਵਿਰੋਧ ਕੀਤਾ ਸੀ। ਇਸ ਫਿਰਤੂ-ਪੱਤਰ (confidential circular) ਵਿਚ ਸਿੱਖਾਂ ਨੂੰ ਜਰਾਇਮਪੇਸ਼ਾ ਕੌਮ ਲਿਖਦਿਆਂ ਸਖਤੀ ਨਾਲ ਦਬਾਉਣ ਦਾ ਹੁਕਮ ਕੀਤਾ ਗਿਆ ਸੀ।[੧] ਇਸ ਬੇਇਨਸਾਫੀ ਬਾਰੇ ਸ੍ਰਿ: ਕਪੂਰ ਸਿੰਘ ਨੇ ਆਪਣੀ ਪੁਸਤਕ ਵਿਚ ਭਰਪੂਰ ਜਾਣਕਾਰੀ ਦਿੱਤੀ ਹੋਈ ਹੈ। ਆਪਣੇ ਨਾਲ ਹੋਈ ਧੱਕੇਸ਼ਾਹੀ ਅਤੇ ਬੇਇਨਸਾਫੀ ਦਾ ਜ਼ਿਕਰ ਕਰਦਿਆਂ ਉਹ ਥਾਂ ਪਰ ਥਾਂ ਚਰਚਾ ਕਰਦੇ ਹਨ। ਉਦਾਹਰਣ ਵਜੋਂ ਹੇਠ ਲਿਖੇ ਸ਼ਬਦ ਵੇਖੋ:

"ਮੇਰੇ ਉਤੇ ਅੱਠ ਦਸ ਦੂਸ਼ਨ ਪੰਜਾਬ ਸਰਕਾਰ ਨੇ ਲਾਏ ਸਨ ਅਤੇ ਜਿਸ ਦੇ ਨਤੀਜੇ ਵਜੋਂ ਮੈਨੂੰ ਆਈ.ਸੀ.ਐਸ. ਦੀ ਪ੍ਰਤਿਸ਼ਟ ਤੇ ਦ੍ਰਿੜ੍ਹ ਨੌਕਰੀ ਤੋਂ ਹਿੱਕ ਦੇ ਧੱਕੇ ਨਾਲ, ਬਿਨਾਂ ਕਾਨੂੰਨ ਵਿਧਾਨ ਵਿਚਾਰੇ ਅਤੇ ਕੁਚੇਸ਼ਟਾ ਪ੍ਰੇਰਿਤ ਹੋ ਕੇ ਹਟਾ ਦਿੱਤਾ ਗਿਆ। ਕਿਸੇ ਚਪੜਾਸੀ ਨੂੰ ਭੀ ਇਉਂ ਨਿਰੋਲ ਤੇ ਸੈਕੂਲਰ, ਬੇਹਿਯਾਈ ਨਾਲ ਸਰਕਾਰੀ ਨੌਕਰੀ ਵਿਚੋਂ ਕੱਢਿਆ ਨਹੀਂ ਜਾ ਸਕਦਾ। ਆਈ.ਸੀ.ਐਸ. ਦੀ ਪਦ-ਪਦਵੀ ਤਾਂ ਕਾਨੂੰਨ ਅਨੁਸਾਰ ਐਸੀ ਦ੍ਰਿੜ੍ਹ-ਸ਼ਿਲਾ ਆਧਾਰਤ ਸੀ, ਜਿਸ ਬਾਬਤ 'ਸੇਕ੍ਰੇਟਰੀ ਆਫ ਸਟੇਟ ਫਾਰ ਇੰਡੀਆ' ਨੇ ਇਕ ਸਮੇਂ ਬ੍ਰਿਟਿਸ਼ ਪਾਰਲੀਮੈਂਟ ਵਿਚ ਕਿਹਾ ਸੀ ਕਿ "ਹਿੰਦੂਸਤਾਨ ਵਿਚ ਮਹਾਰਾਜਿਆਂ ਨੂੰ ਗੱਦੀ ਤੋਂ ਲਾਹੁਣਾ ਸੁਖੈਨ ਹੈ ਪਰ ਆਈ.ਸੀ.ਐਸ. ਅਫਸਰ ਨੂੰ ਨੌਕਰੀ ਤੋਂ ਉਤਾਰੂ ਕਰਨਾ ਕਠਨ ਹੈ।"[੨]

ਰਾਜਨੀਤਕ ਸਫਰ

ਵਿਦਿਆਰਥੀ ਜੀਵਨ ਤੋਂ ਹੀ ਸ੍ਰਿ: ਕਪੂਰ ਸਿੰਘ ਰਾਜਨੀਤੀ ਵੱਲ ਵਿਸ਼ੇਸ਼ ਝੁਕਾਉ ਰੱਖਦੇ ਸਨ। ਸਾਲ ੧੯੨੯ ਈ. ਨੂੰ ਰਾਵੀ ਦਰਿਆ ਕਿਨਾਰੇ ਸਰਬ ਹਿੰਦ ਕਾਂਗਰਸ ਕਮੇਟੀ ਦੇ ਸਮਾਗਮ ਸਮੇਂ ਸ੍ਰਿ: ਕਪੂਰ ਸਿੰਘ ਇਕ ਵਿਦਿਆਰਥੀ-ਵਾਲੰਟੀਅਰ ਵਜੋਂ ਸਮਾਗਮ ਵਿਚ ਸ਼ਾਮਲ ਸਨ। ਡੀ.ਸੀ. ਦੇ ਅਹੁਦੇ ਉਤੇ ਰਹਿੰਦਿਆਂ ਹੋਇਆਂ ਸ੍ਰਿ. ਕਪੂਰ ਸਿੰਘ ਦੇ ਸੰਬੰਧ

ਰਾਜਨੀਤੀ ਨਾਲ ਕਿਸੇ ਨ ਕਿਸੇ ਪ੍ਰਕਾਰ ਜੁੜੇ ਰਹੇ। ਨੌਕਰੀ ਤੋਂ ਅਲੱਗ ਹੁੰਦਿਆਂ ਹੀ ਉਨ੍ਹਾਂ ਦੀ ਵਿਦਿਅਕ ਯੋਗਤਾ ਅਤੇ ਬੁੱਧੀ ਦੀ ਪ੍ਰਬੀਨਤਾ ਕਾਰਨ ਅਕਾਲੀ ਦਲ ਵਿਚ ਉਨ੍ਹਾਂ ਨੂੰ 'ਜੀ ਆਇਆਂ' ਕਿਹਾ ਗਿਆ।

ਸ੍ਰਿ. ਕਪੂਰ ਸਿੰਘ ਦੀ ਪਹੁੰਚ ਹਮੇਸ਼ਾਂ ਸਿਧਾਂਤਕ ਅਤੇ ਦਾਰਸ਼ਨਿਕ ਹੁੰਦੀ। ਧਾਰਮਿਕ ਅਤੇ ਰਾਜਨੀਤਕ ਮਸਲਿਆਂ ਬਾਰੇ ਉਨ੍ਹਾਂ ਦੇ ਵਿਚਾਰਾਂ ਨੂੰ ਗਹੁ ਨਾਲ ਸੁਣਿਆ ਜਾਂਦਾ। ਜਦ ਵੀ ਉਹ ਬੋਲਦੇ ਤਾਂ ਸਭ ਦੇ ਕੰਨ ਖੜੇ ਹੋ ਜਾਂਦੇ। ਅਕਾਲੀ ਦਲ ਦੀਆਂ ਨੀਤੀਆਂ ਘੜਨ ਅਤੇ ਰਾਜਨੀਤਕ ਮਸਲਿਆਂ ਨਾਲ ਸਬੰਧਿਤ ਲਿਖਾ-ਪੜ੍ਹੀ ਕਰਨ ਸਮੇਂ ਉਹ ਮੋਹਰਲੀ ਕਤਾਰ ਵਿਚ ਹੁੰਦੇ। ਪਾਰਟੀ ਦੇ ਮਤੇ ਆਦਿ ਸਭ ਤੋਂ ਪਹਿਲਾਂ ਉਹ ਹੀ ਅੰਗ੍ਰੇਜ਼ੀ ਭਾਸ਼ਾ ਵਿਚ ਲਿਖਦੇ, ਜਿਨ੍ਹਾਂ ਨੂੰ ਮੁੜ ਪੰਜਾਬੀ ਵਿਚ ਅਨੁਵਾਦ ਕੀਤਾ ਜਾਂਦਾ।[੬]

ਅਕਾਲੀ ਦਲ ਵਿਚ ਪੜ੍ਹੇ ਲਿਖੇ ਉਚ ਪੱਧਰ ਦੇ ਬੁੱਧੀਜੀਵੀ ਸਿੱਖ ਨੌਜਵਾਨ ਉਨ੍ਹਾਂ ਨੂੰ ਬੜੇ ਹੀ ਆਦਰ ਅਤੇ ਮਾਣ ਨਾਲ ਸਤਿਕਾਰਦੇ ਭਾਵੇਂ ਉਨ੍ਹਾਂ ਦੇ ਮੂੰਹ ਫੱਟ ਹੋਣ ਕਾਰਨ ਉਪਰਲੇ ਪੱਧਰ ਦੇ ਰਾਜਨੀਤਕ ਕਈ ਵਾਰ ਉਨ੍ਹਾਂ ਨਾਲ ਨਰਾਜ਼ ਹੋ ਜਾਇਆ ਕਰਦੇ ਸਨ।

ਸਾਲ ੧੯੬੨ ਈ. ਵਿਚ ਉਹ ਤੀਜੀਆਂ ਆਮ ਚੋਣਾਂ ਵਿਚ ਅਕਾਲੀ ਦਲ ਦੇ ਨੁਮਾਇੰਦੇ ਵਜੋਂ ਲੁਧਿਆਣਾ ਹਲਕੇ ਤੋਂ ਲੋਕ ਸਭਾ ਦੇ ਮੈਂਬਰ ਚੁਣੇ ਗਏ। ਲੋਕ ਸਭਾ ਵਿਚ ਇਸ ਸਮੇਂ ਦੌਰਾਨ ਉਨ੍ਹਾਂ ਨੇ ਕਈ ਯਾਦਗਾਰੀ ਭਾਸ਼ਨ ਦਿੱਤੇ। ਸਿੱਖ ਭਲਿਆਈ ਖਾਤਰ ਬੁਲੰਦ ਅਵਾਜ਼ ਉਠਾਈ।

ਕਈ ਇਕ ਮੱਤ-ਭੇਦਾਂ ਕਾਰਨ ਉਨ੍ਹਾਂ ਨੂੰ ਅਕਾਲੀ ਦਲ ਤੋਂ ਵੱਖ ਹੋਣਾ ਪਿਆ। ਸਾਲ ੧੯੬੯ ਈ. ਨੂੰ 'ਪੰਜ ਕੌਂਸਲੀ ਕਮੇਟੀ' ਦੀ ਸਥਾਪਨਾ ਕੀਤੀ ਅਤੇ ਸਿੱਖ ਹੋਮਲੈਂਡ ਦੀ ਮੰਗ ਪੇਸ਼ ਕੀਤੀ। ਸ੍ਰਿ: ਕਪੂਰ ਸਿੰਘ ਨੇ ੧੦ ਮਾਰਚ, ੧੯੬੯ ਈ. ਨੂੰ ਇਸ ਬਾਰੇ ਪ੍ਰੈਸ ਬਿਆਨ ਦੇ ਕੇ ਸਪੱਸ਼ਟ ਕੀਤਾ ਕਿ ਇਹ ਮੰਗ ਭਾਰਤ ਦੇ ਸੰਵਿਧਾਨ ਅਨੁਕੂਲ ਹੈ ਅਤੇ ਸਿੱਖ ਕੌਮ ਦੇ ਨਸਲੀ ਅਤੇ ਸਭਿਆਚਾਰਕ ਵਿਰਸੇ ਨੂੰ ਕਾਇਮ ਰੱਖਣ ਦੀ ਖਾਤਰ ਹੈ।

ਅਨੰਦਪੁਰ ਸਾਹਿਬ ਦਾ ਬਹੁ-ਚਰਚਿਤ ਮਤਾ ਵੀ ਆਪ ਦੇ ਹੱਥਾਂ ਦਾ ਲਿਖਿਆ ਹੋਇਆ ਦੱਸਿਆ ਜਾਂਦਾ ਹੈ।

ਸ਼ਖ਼ਸੀਅਤ ਅਤੇ ਪ੍ਰਭਾਵ:

ਸ੍ਰਿ: ਕਪੂਰ ਸਿੰਘ ਦਰਮਿਆਨੇ ਕੱਦ ਦੇ ਮਲਵਈ ਸਿੱਖ ਸਨ। ਉਨ੍ਹਾਂ ਦੀ ਚਾਲ-ਢਾਲ ਵਿਚ ਸਰਦਾਰਾਂ ਵਾਲਾ ਰੋਹਬ ਸੀ। ਬੋਲਚਾਲ ਵਿਚ ਪੇਂਡੂ ਜੱਟਕਾਪਨ ਅਤੇ ਸੁਭਾ ਵਿਚ ਵਧੇਰੇ ਸਖਤੀ। ਉਨ੍ਹਾਂ ਦੇ ਸੁਭਾਅ ਬਾਰੇ ਅਨੇਕ ਕਥਾਵਾਂ ਪ੍ਰਚਲਿਤ ਹਨ। ਸ੍ਰਿ. ਕਪੂਰ ਸਿੰਘ ਦੀ ਸ਼ਖ਼ਸੀਅਤ ਬਾਰੇ ਸ੍ਰ. ਗੁਰਚਰਨ ਪਾਲ ਸਿੰਘ ਦੇ ਸ਼ਬਦ ਵਰਣਨ ਯੋਗ ਹਨ:

"ਸ੍ਰੋਤਾ ਬਣ ਕੇ ਸ੍ਰਿ. ਕਪੂਰ ਸਿੰਘ ਨੂੰ ਸੁਨਣ ਵਿਚ ਗਿਆਨ ਪ੍ਰਾਪਤੀ ਹੈ, ਉਸ ਨਾਲ ਗੱਲਬਾਤ ਛੇੜਨ ਵਿਚ ਮੂਰਖਤਾ ਅਤੇ ਬਹਿਸ-ਮੁਬਹਿਸਾ ਕਰਨ ਵਿਚ ਘੋਰ ਪਾਪ।"[੭]

ਉਨ੍ਹਾਂ ਦੇ ਤਲਖ ਸੁਭਾ ਦੇ ਨਾਲ ਨਾਲ ਉਨ੍ਹਾਂ ਕੋਲ ਗਿਆਨ ਦਾ ਵਿਸ਼ਾਲ ਭੰਡਾਰ ਸੀ। ਉਨ੍ਹਾਂ ਦੀਆਂ ਪੁਸਤਕਾਂ 'ਸਪਤ ਸ੍ਰਿੰਗ', 'ਪੁੰਦ੍ਰੀਕ', 'ਬਹੁ ਵਿਸਤਾਰ', 'ਸਾਚੀ ਸਾਖੀ ਅਤੇ ਦੀ ਬਿਸਾਖੀ ਆਫ ਗੁਰੂ ਗੋਬਿੰਦ ਸਿੰਘ' ਗਿਆਨ ਦੇ ਖੁਲ੍ਹੇ ਭੰਡਾਰ ਹਨ।

ਸ੍ਵੈਮਾਨ, ਸ੍ਵੈਧੀਨਤਾ ਅਤੇ ਫਕੀਰਾਂ ਵਰਗੀ ਸਾਦਗੀ ਉਨ੍ਹਾਂ ਦੀ ਤਬੀਅਤ ਦੇ ਨਿਆਰੇ ਰੰਗ ਸਨ। ਇਸ ਬਾਰੇ ਡਾ. ਤਰਲੋਚਨ ਸਿੰਘ ਦਾ ਕਥਨ ਹੈ ਕਿ ਉਸ ਦਾ ਸ੍ਵੈਮਾਨ ਤੇ ਸ਼ਾਨ ਤਖ਼ਤੋਂ ਲੱਥੇ ਉਸ ਸਹਿਨਸ਼ਾਹ ਵਰਗੀ ਸੀ ਜੋ ਆਪਣੇ ਆਪ ਨਾਲ ਕਦੀ ਵੀ ਇਹ ਸਮਝੌਤਾ ਨਾ ਕਰ ਸਕਿਆ ਕਿ ਹੁਣ ਉਸ ਦਾ ਰਾਜ ਭਾਗ ਖੁੱਸ ਚੁੱਕਿਆ ਹੈ।"[੫] ਡਾ. ਧਰਮਾਨੰਤ ਸਿੰਘ ਦਾ ਕਥਨ ਹੈ ਕਿ ਸ੍ਰਿ. ਕਪੂਰ ਸਿੰਘ ਦਰਿਆ ਦਿਲ, ਬੁੱਧੀਵਾਨ ਅਤੇ ਸਮਾਜਿਕ-ਦਰਸ਼ਨ ਦਾ ਵਹਿੰਦਾ ਹੋਇਆ ਦਰਿਆ ਸੀ ਜਿਸ ਦੇ ਗੁਣਾਂ ਨੂੰ ਬਿਆਨ ਕਰਨ ਲੱਗਿਆਂ ਹਮੇਸ਼ਾਂ ਥਾਂ ਦੀ ਥੁੜ ਮਹਿਸੂਸ ਹੁੰਦੀ ਰਹਿੰਦੀ ਹੈ। ਸ੍ਰ: ਗੁਰਰਤਨ ਪਾਲ ਸਿੰਘ ਉਸ ਨੂੰ ਆਪਣੇ ਆਪ ਵਿਚ ਇਕ ਸੰਸਥਾ ਦੱਸਦਾ ਹੈ।

ਸ੍ਰਿ: ਕਪੂਰ ਸਿੰਘ ਦੀ ਵਿਦਵਤਾ ਨੂੰ ਮੁੱਖ ਰੱਖਦਿਆਂ ੧੩ ਅਕਤੂਬਰ, ੧੯੭੩ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਪ ਨੂੰ "ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜ਼ਮ" ਦੀ ਪਦਵੀ ਨਾਲ ਸਨਮਾਨਿਤ ਕੀਤਾ ਗਿਆ। ਇਹ ਇਸ ਵਿਸ਼ਾਲ ਸਿੱਖ ਦਾਰਸ਼ਨਿਕਕਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਹਾਨ ਬਖਸ਼ਿਸ਼ ਸੀ, ਜਿਹੜੀ ਕਿਸੇ ਵਿਰਲੇ ਦੇ ਹੀ ਲੇਖੇ ਆ ਸਕਦੀ ਹੈ।

ਇਕ ਸਾਲ ਦੀ ਸਖਤ ਬਿਮਾਰੀ ਕਾਰਨ ੧੩ ਅਗਸਤ, ੧੯੮੬ ਈ. ਨੂੰ ਆਪ ਅਕਾਲ-ਚਲਾਣਾ ਕਰ ਗਏ। ਆਪ ਦਾ ਅੰਤਿਮ ਸੰਸਕਾਰ ਪਿੰਡ ਲੋਪੋ ਕਾ ਅਗਵਾੜ ਜਗਰਾਉਂ ਵਿਖੇ ਕੀਤਾ ਗਿਆ। ਸਮੂਹ ਸਿੱਖ ਜਥੇਬੰਦੀਆਂ ਵੱਲੋਂ ਆਪ ਦੀ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ ਤੇ ਕਦੇ ਨਾ ਪੂਰਿਆਂ ਹੋ ਸਕਣ ਵਾਲੀ ਘਾਟ ਮਹਿਸੂਸ ਕੀਤੀ ਗਈ।

ਹਵਾਲੇ

੧. ਸਾਚੀ ਸਾਖੀ, ਭੂਮਿਕਾ ਪੰਨੇ ੪-੫

੨. ਸਾਚੀ ਸਾਖੀ, ਭੂਮਿਕਾ ਪੰਨਾ, ੩

੩) *Trilochan Singh ((In) 'Portrait of S. Kapur Singh' in Sikh Review* Dec. 1986. P.4.

੪) *The Illustrated History of the Sikhs* P. 113

੫) *'Portratit of S. Kapur Singh' in Sikh review Dec. 1986. P.4.*

ਗਿਆਨੀ (ਸੰਤ) ਕਰਤਾਰ ਸਿੰਘ ਜੀ 'ਖਾਲਸਾ'

ਗੁਰਬਾਣੀ ਦੇ ਰਸੀਏ, ਕਥਨੀ ਤੇ ਕਰਨੀ ਦੇ ਪੂਰੇ, ਨਿਰਛਲ, ਨਿਰਲੇਪ, ਨਿਧੜਕ, ਸੇਵਾ ਦੇ ਪੁੰਜ ਅਤੇ ਮਹਾਨ ਵਿਦਵਾਨ ਸੰਤ ਗਿਆਨੀ ਕਰਤਾਰ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦਾ ਨਾਂ ਜ਼ਬਾਨ 'ਤੇ ਆਉਂਦਿਆਂ ਹੀ ਹੱਥ ਸ਼ਰਧਾ, ਮਾਣ, ਸਤਿਕਾਰ ਤੇ ਪ੍ਰੇਮ ਸੇਤੀ ਆਪ ਮੁਹਾਰੇ ਜੁੜ ਜਾਂਦੇ ਹਨ ਤੇ ਸਿਰ ਇਸ ਅਦੁੱਤੀ ਸ਼ਖ਼ਸੀਅਤ ਨੂੰ ਸਤਿਕਾਰ ਦੇਣ ਲਈ ਝੁਕ ਜਾਂਦਾ ਹੈ।

ਆਪ ਜੀ ਦਾ ਜਨਮ ੧੯ ਅੱਸੂ ਸੰਮਤ ੧੯੮੯ ਬਿਕ੍ਰਮੀ ਮੁਤਾਬਿਕ ੪ ਅਕਤੂਬਰ, ੧੯੩੨ ਈ: ਦਿਨ ਮੰਗਲਵਾਰ, ਗੁਰਬਾਣੀ ਦੇ ਨਿਤਨੇਮੀ ਤੇ ਖਾਲਸਾ ਪੰਥ ਦੇ ਮਹਾਨ ਸੇਵਕ ਜਥੇਦਾਰ ਝੰਡਾ ਸਿੰਘ ਜੀ ਦੇ ਘਰ ਮਾਤਾ ਲਾਭ ਕੌਰ ਜੀ ਦੀ ਕੁੱਖੋਂ ਪਿੰਡ ਪੁਰਾਣੇ ਭੂਰੇ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ।

ਆਪ ਜੀ ਨੇ ਆਪਣੇ ਪਿੰਡ ਦੇ ਤਿਆਰ-ਬਰ-ਤਿਆਰ ਗੁਰਸਿੱਖ ਤੇ ਮਹਾਨ ਅਖੰਡ ਪਾਠੀ ਬਾਬਾ ਬੱਗਾ ਸਿੰਘ ਜੀ ਪਾਸੋਂ ਗੁਰਮਤਿ, ਦੀ ਵਿਦਿਆ ਗ੍ਰਹਿਣ ਕੀਤੀ ਤੇ ਸਕੂਲੀ ਵਿਦਿਆ ਸਰਕਾਰੀ ਮਿਡਲ ਸਕੂਲ ਖੇਮਕਰਨ ਤੋਂ ਪ੍ਰਾਪਤ ਕੀਤੀ। ਨੌਂਵੀਂ ਤੇ ਦਸਵੀਂ ਇਕ ਸਾਲ ਵਿਚ ਹੀ ਨੈਸ਼ਨਲ ਹਾਈ ਸਕੂਲ ਭਿਖੀਵਿੰਡ ਤੋਂ ਪਾਸ ਕੀਤੀ। ਉਚੇਰੀ ਵਿਦਿਆ ਲਈ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਦਾਖਲ ਹੋਏ, ਜਿਥੇ ਆਪ ਜੀ ਨੇ ਐਫ.ਏ. ਪਾਸ ਕੀਤੀ।

ਪੜ੍ਹਾਈ ਦੇ ਨਾਲ ਨਾਲ ਆਪ ਜੀ ਗੁਰਬਾਣੀ ਵੱਲ ਵੀ ਪੂਰਾ ਧਿਆਨ ਦਿੰਦੇ ਸਨ ਤੇ ਸਿਮਰਨ ਵਿਚ ਲੀਨ ਰਹਿੰਦੇ ਸਨ। ਆਪ ਜੀ ਨਿਯਮ ਨਾਲ ਹਰ ਰੋਜ਼ ਪੰਜ ਬਾਣੀਆਂ ਦਾ ਪਾਠ ਪ੍ਰੇਮ ਨਾਲ ਕਰਦੇ ਤੇ ਸਾਸ-ਗਿਰਾਸ ਵਾਹਿਗੁਰੂ ਨੂੰ ਯਾਦ ਕਰਦੇ। ਆਪ ਜੀ ਕਦੇ ਵੀ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪਵਿੱਤਰ ਦਰਸ਼ਨ ਕਰਨ ਤੋਂ ਬਗੈਰ ਪ੍ਰਸ਼ਾਦਾ ਆਦਿ ਨਹੀਂ ਸਨ ਛਕਦੇ।

੧੯੪੯ ਈ: ਵਿਚ ਜਦੋਂ ਗਿਆਨੀ ਜੀ ਅਜੇ ਵਿਦਿਆਰਥੀ ਹੀ ਸਨ ਕਿ ਆਪ ਜੀ ਦੀ ਭੂਆ ਜੀ ਦੇ ਸਪੁੱਤਰ ਭਗਤ ਉਜਾਗਰ ਸਿੰਘ ਜੀ ਕਾਹਨੇ ਵਾਲੇ ਆਪ ਜੀ ਨੂੰ ਆਪਣੇ ਨਾਲ ਲੈ ਗਏ ਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਨਾਲ ਆਪ ਜੀ ਦਾ ਮੇਲ ਕਰਵਾਇਆ। ਆਪ ਜੀ ਉਥੋਂ ਹੀ ਪੰਜਾਂ ਪਿਆਰਿਆਂ ਪਾਸੋਂ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਪੂਰਨ ਸਿੰਘ ਸਜ ਗਏ। ਆਪ ਜੀ ਹਰ ਸਾਲ ਸੰਤ ਗੁਰਬਚਨ ਸਿੰਘ ਜੀ ਨੂੰ ਆਪਣੇ ਨਗਰ ਭੂਰੇ ਲੈ ਕੇ ਆਉਂਦੇ ਤੇ ਕਥਾ-ਕੀਰਤਨ ਤੇ ਅੰਮ੍ਰਿਤ-ਸੰਚਾਰ ਕਰਕੇ ਅਨੇਕਾਂ ਪ੍ਰਾਣੀਆਂ ਨੂੰ ਗੁਰੂ

ਦੇ ਲੜ ਲਾਉਂਦੇ।

੧੯੫੦ ਈ: ਵਿਚ ਸੰਤ ਕਰਤਾਰ ਸਿੰਘ ਜੀ ਦੀ ਸ਼ਾਦੀ ਬੀਬੀ ਨਰਿੰਜਣ ਕੌਰ ਨਾਲ ਹੋਈ ਤੇ ਕੁਝ ਚਿਰ ਪਿੱਛੋਂ ਆਪ ਜੀ ਦੇ ਘਰ ਦੋ ਸਪੁੱਤਰ (ਭਾਈ) ਅਮਰੀਕ ਸਿੰਘ ਤੇ (ਭਾਈ) ਮਨਜੀਤ ਸਿੰਘ ਜੀ ਪੈਦਾ ਹੋਏ।

ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਫ.ਏ. ਪਾਸ ਕਰਨ ਪਿੱਛੋਂ ਆਪ ਜੀ ਨੇ ਪੱਕੇ ਤੌਰ 'ਤੇ ਜਥੇ ਵਿਚ ਸ਼ਾਮਲ ਹੋਣ ਦੀ ਇੱਛਾ ਪ੍ਰਗਟ ਕੀਤੀ ਪਰ ਪਿਤਾ ਜੀ ਦੇ ਨਾ ਮੰਨਣ 'ਤੇ ਸੰਤ ਗੁਰਬਚਨ ਸਿੰਘ ਜੀ ਦੀ ਆਗਿਆ ਅਨੁਸਾਰ ਆਪ ਜੀ ਨੇ ਪਟਵਾਰੀ ਦੀ ਨੌਕਰੀ ਕਰ ਲਈ ਅਤੇ ਛੇ ਮਹੀਨੇ ਤਕ ਮੁਕਤਸਰ ਵਿਖੇ ਇਸ ਨੌਕਰੀ 'ਤੇ ਰਹੇ। ੧੯੫੭ ਈ: ਵਿਚ ਇਸ ਨੌਕਰੀ ਤੋਂ ਅਸਤੀਫਾ ਦੇ ਕੇ ਪੱਕੇ ਤੌਰ 'ਤੇ ਜਥੇ ਵਿਚ ਸ਼ਾਮਲ ਹੋ ਗਏ।

ਜਥੇ ਵਿਚ ਸ਼ਮੂਲੀਅਤ ਦੇ ਇਕ ਸਾਲ ਦੇ ਅੰਦਰ ਹੀ ਆਪ ਜੀ ਦੀ ਸੇਵਾ ਤੇ ਸਿਮਰਨ ਨੂੰ ਦੇਖਦੇ ਹੋਏ ਸੰਤ ਭਿੰਡਰਾਂ ਵਾਲਿਆਂ ਨੇ ਗੁਰਬਾਣੀ ਦੀ ਕਥਾ ਵਿਚਾਰ ਦੀ ਸੇਵਾ ਆਪ ਜੀ ਦੇ ਜ਼ੁੰਮੇਂ ਲਾ ਦਿੱਤੀ ਤੇ ਹੌਲੀ-ਹੌਲੀ ਆਪ ਜੀ ਨੇ ਸੰਤਾਂ ਦੇ ਗੜਵਈ ਵਜੋਂ ਵੀ ਸੇਵਾ ਸੰਭਾਲ ਲਈ। ਆਪ ਜੀ ਹਰ ਰੋਜ਼ ਸੰਤਾਂ ਨੂੰ ਪੰਜ ਬਾਣੀਆਂ, ਜੈਤਸਰੀ ਦੀ ਵਾਰ, ਸਤੇ ਬਲਵੰਡ ਦੀ ਵਾਰ, ਦੋਵੇਂ ਬਾਰਹ ਮਾਹਾ, ਸਾਰੀ ਪੰਜ ਗ੍ਰੰਥੀ, ਪੰਜੀ ਪੱਤਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਤੇ ਕਈ ਪਾਠ ਜਪੁ ਜੀ ਸਾਹਿਬ ਦੇ ਸੁਣਾਉਂਦੇ।

ਮਹਾਂਪੁਰਖਾਂ ਨੇ ਤਿੰਨ ਵੇਰ ਆਪ ਜੀ ਨੂੰ ਜਥੇਬੰਦੀ ਦੀ ਸੇਵਾ ਸੰਭਾਲਣ ਦੀ ਇੱਛਾ ਪ੍ਰਗਟ ਕੀਤੀ ਤੇ ਅਖੀਰ ਵਿਚ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਜਨਮ ਸ਼ਤਾਬਦੀ ਦੇ ਸ਼ੁਭ ਅਵਸਰ 'ਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਦਮਦਮੀ ਟਕਸਾਲ ਦੀ ਸੇਵਾ ਦੀ ਸੌਂਪਣਾ ਸਾਰੀ ਸੰਗਤ ਵਿਚ ਆਪ ਜੀ ਨੂੰ ਕਰ ਦਿੱਤੀ।

੨੮ ਜੂਨ ੧੯੬੯ ਈ: ਨੂੰ ਮਹਾਂਪੁਰਖਾਂ ਦੇ ਗੁਰਪੁਰੀ ਪਯਾਨਾ ਕਰਨ ਪਿੱਛੋਂ ਜਥੇ ਦੀ ਸੇਵਾ ਬਾਰੇ ਬੜਾ ਰੌਲਾ ਪਿਆ ਪਰ ਅੰਤ ਨੂੰ ਬਖਸ਼ਿਸ਼ ਇਨ੍ਹਾਂ 'ਤੇ ਹੋਈ। ਆਪ ਜੀ ਨੇ ਇਹ ਸੋਚ ਕੇ ਕਿ ਕਿਸੇ ਕਿਸਮ ਦਾ ਵੈਰ-ਵਿਰੋਧ ਨਾ ਪਵੇ, ਭਿੰਡਰਾਂ ਨੂੰ ਛੱਡ ਕੇ ਮਹਿਤੇ ਨੂੰ ਕੇਂਦਰੀ ਅਸਥਾਨ ਬਣਾਉਣ ਦਾ ਫੈਸਲਾ ਕੀਤਾ, ਕਿਉਂਕਿ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਨੇ ਇੱਥੇ ਹੀ ਸਰੀਰ ਤਿਆਗਿਆ ਸੀ।

੧੯੬੯ ਤੋਂ ਲੈ ਕੇ ੧੯੭੭ ਈ: ਤੱਕ ਆਪ ਜੀ ਨੇ ਮਹਿਤਾ ਅਤੇ ਵੱਖ-ਵੱਖ ਥਾਵਾਂ 'ਤੇ ਜਾ ਕੇ ੮ ਸਾਲ ਗੁਰਬਾਣੀ ਦੀ ਕਥਾ ਅਤੇ ਅੰਮ੍ਰਿਤ-ਸੰਚਾਰ ਦਾ ਪ੍ਰਵਾਹ ਚਲਾਇਆ, ਦੇਹਧਾਰੀ ਗੁਰੂਆਂ ਦਾ ਡੱਟ ਕੇ ਵਿਰੋਧ ਕੀਤਾ ਤੇ ਸਿੱਖ ਸੰਗਤਾਂ ਨੂੰ ਪਖੰਡੀ 'ਗੁਰੂਆਂ' ਤੋਂ ਸੁਚੇਤ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿਚ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ੧੨੬ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ। ਆਪ ਜੀ ਨੇ ਅਨੇਕਾਂ ਨਗਰ ਕੀਰਤਨ ਕਰਵਾਏ ਤਾਂ ਕਿ ਸਿੱਖ ਧਰਮ ਦਾ ਪ੍ਰਚਾਰ ਵੱਧ ਤੋਂ ਵੱਧ ਹੋ ਸਕੇ ਤੇ ਵੱਧ ਤੋਂ ਵੱਧ ਲੋਕ ਸਿੱਖੀ ਦੇ ਧਾਰਨੀ ਬਣ ਸਕਣ। ਇਸੇ ਪ੍ਰਚਾਰ ਦਾ ਸਦਕਾ ਬਹੁਤ ਸਾਰੇ ਲੋਕ ਜੋ ਸਿੱਖ ਕਹਾਉਂਦੇ ਹੋਏ ਵੀ ਸਿੱਖੀ ਅਸੂਲਾਂ ਦੇ ਧਾਰਨੀ ਨਹੀਂ ਸਨ, ਗੁਰੂ ਵਾਲੇ ਬਣੇ।

ਉਸ ਸਮੇਂ ਦੀ ਪ੍ਰਧਾਨ ਮੰਤਰੀ ਨੇ ਦੇਸ਼ ਵਿਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ। ਐਮਰਜੈਂਸੀ ਦੇ ਸਰਕਾਰੀ ਪ੍ਰੋਗਰਾਮਾਂ ਵਿਚ ਨਸਬੰਦੀ ਤੇ ਨਲਬੰਦੀ ਪ੍ਰਧਾਨ ਸੀ, ਜਿਸ ਨੂੰ ਸੰਤ ਜੀ ਸਿੱਖੀ-ਵਿਰੋਧੀ ਸਮਝਦੇ ਸਨ। ਐਮਰਜੈਂਸੀ ਦੇ ਦੌਰਾਨ ੩੭ ਜਲੂਸ ਕੱਢੇ ਤੇ ਇਸ ਕਾਨੂੰਨ ਦੀਆਂ ਧੱਜੀਆਂ ਉਡਾ ਦਿੱਤੀਆਂ। ਇਸੇ ਸਮੇਂ ਚੋਣਾਂ ਦਾ ਐਲਾਨ ਹੋਣ 'ਤੇ ਸਿੱਖ ਲੀਡਰਾਂ ਨੇ ਆਪ ਜੀ ਨੂੰ ਬੇਨਤੀ ਕੀਤੀ ਕਿ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੋ। ਆਪ ਜੀ ਦੀ ਕੀਤੀ ਅਰਦਾਸ ਗੁਰੂ-ਕਿਰਪਾ ਸਦਕਾ ਪੂਰੀ ਹੋਈ ਤੇ ਖਾਲਸਾ ਪੰਥ ਦੀ ਸ਼ਾਨਦਾਰ ਜਿੱਤ ਹੋਈ।

ਆਪ ਜੀ ਚੰਗੇ ਵਿਦਵਾਨ ਲੇਖਕ ਵੀ ਸਨ, ਜਿਨ੍ਹਾਂ ਨੇ ਧਾਰਮਿਕ ਵਿਚਾਰਧਾਰਾ ਨੂੰ ਮੁੱਖ ਰੱਖ ਕੇ ਜਪੁਜੀ ਸਾਹਿਬ, ਰਹਿਰਾਸਿ ਸਾਹਿਬ, ਤੇ ਕੀਰਤਨ ਸੋਹਿਲਾ ਦੇ ਆਦਿ ਬਾਣੀ, ਦੇ ਭਾਵਾਂ ਦੇ ਆਮ ਸਮਝੀ ਜਾਂਦੀ ਪੰਜਾਬੀ ਵਾਰਤਕ ਵਿਚ ਅਰਥ ਕੀਤੇ ਅਤੇ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦੇ ਬਹੁ-ਪੱਖੀ ਜੀਵਨ ਨੂੰ ਮੂਰਤੀਮਾਨ ਕੀਤਾ। ਜਿਸ ਤਰ੍ਹਾਂ ਆਪ ਜੀ ਨੇ ਕਲਮ ਰਾਹੀਂ, ਗੁਰਮਤਿ ਪ੍ਰਚਾਰ ਰਾਹੀਂ ਤੇ ਅੰਮ੍ਰਿਤ-ਸੰਚਾਰ ਰਾਹੀਂ ਸਿੱਖ ਪੰਥ ਦੀ ਮਹਾਨ ਸੇਵਾ ਕੀਤੀ, ਇਵੇਂ ਹੀ ਸਿੱਖੀ ਇਮਾਰਤਕਾਰੀ ਦੀ ਰਵਾਇਤ ਨੂੰ ਕਾਇਮ ਰੱਖਦਿਆਂ ਹੋਇਆਂ ਆਪ ਜੀ ਨੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ, ਗੁਰਦੁਆਰਾ ਕਬਰਵਾਲਾ, ਮੁਕਤਸਰ, ਗੁਰਦੁਆਰਾ ਬਾਬਾ ਰਾਮ ਥੰਮ੍ਹਨ ਜੀ ਖੁਜਾਲਾ, ਗੁਰਦੁਆਰਾ ਸਾਹਿਬ ਕਾਹਲਵਾਂ, ਕਾਦੀਆਂ ਸੰਗਤ ਲਈ ਬਣਵਾਏ।

੩ ਅਗਸਤ ੧੯੭੭ ਨੂੰ ਮਲਸੀਹਾਂ ਤੋਂ ਲੁਧਿਆਣੇ ਨੂੰ ਜਾਂਦਿਆਂ ਹੋਇਆਂ ਰਸਤੇ ਵਿਚ ਕਾਰ ਦੁਰਘਟਨਾ ਹੋ ਜਾਣ ਕਾਰਨ ਆਪ ਜੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ ਅਤੇ ੧੬ ਅਗਸਤ ਸੰਨ ੧੯੭੭ ਈ: ਨੂੰ ਮਿਸ ਬਰਾਊਨ ਹਸਪਤਾਲ ਲੁਧਿਆਣੇ ਵਿਖੇ ਆਪ ਜੀ ਸਰੀਰ ਰੂਪੀ ਚੋਲੇ ਨੂੰ ਤਿਆਗ ਅਕਾਲ ਪਰਖ ਦੇ ਚਰਨਾਂ ਵਿਚ ਜਾ ਬਿਰਾਜੇ। ਇਥੇ ਇਹ ਗੱਲ ਵਰਣਨ ਯੋਗ ਹੈ ਕਿ ਹਸਪਤਾਲ ਦੇ ਡਾਕਟਰਾਂ ਦੀ ਰਾਇ ਸੀ ਕਿ ਕੁਝ ਥਾਂ ਤੋਂ ਕੇਸ ਕੱਟ ਕੇ ਅਪਰੇਸ਼ਨ ਕੀਤਾ ਜਾਵੇ ਪਰ ਆਪ ਜੀ ਨੇ ਕੇਸਾਂ ਦੀ ਮਹਾਨਤਾ ਨੂੰ ਦ੍ਰਿੜ੍ਹਤਾ ਸਹਿਤ ਧਾਰਨ ਕਰਦਿਆਂ ਹੋਇਆ ਅਜਿਹਾ ਅਪਰੇਸ਼ਨ ਕਰਾਉਣ ਤੋਂ ਨਾਂਹ ਕਰ ਦਿੱਤੀ, ਜਿਸ ਨਾਲ ਸਰੀਰ ਦੇ ਕਿਸੇ ਵੀ ਰੋਮ ਨੂੰ ਕੱਟਣਾ ਪਵੇ। ਇਸ ਤਰ੍ਹਾਂ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾ ਆਪ ਗੁਰੂ ਚਰਨਾਂ ਵਿਚ ਜਾ ਬਿਰਾਜੇ। ਅਕਾਲ-ਚਲਾਣੇ ਦੀ ਖ਼ਬਰ ਸੁਣਦਿਆਂ ਹੀ ਸਿੱਖ ਸੰਗਤਾਂ ਸ਼ੋਕ ਦੇ ਸਮੁੰਦਰ ਵਿਚ ਡੁੱਬ ਗਈਆਂ। ਕੁਝ ਲੋਕ ਤਾਂ ਲੁਧਿਆਣੇ ਵੱਲ ਨੂੰ ਉੱਠ ਨੱਠੇ ਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਆਪ ਜੀ ਦੇ ਅੰਤਮ ਦਰਸ਼ਨਾਂ ਦੀ ਤਾਂਘ ਲਈ ਆਣ ਪਹੁੰਚੀਆਂ। ਆਪ ਜੀ ਦਾ ਪੰਜ ਭੂਤਕ ਸਰੀਰ ਸੰਗਤਾਂ ਦੇ ਦਰਸ਼ਨਾਂ ਲਈ ਗੁਰਦੁਆਰਾ ਸਾਹਿਬ ਦੇ ਸਾਹਮਣੇ ਬਰਾਂਡੇ ਵਿਚ ਰੱਖਿਆ ਗਿਆ, ਜਿਥੇ ਬੇਅੰਤ ਸੰਗਤਾਂ ਨੇ ਅੰਤਮ ਦਰਸ਼ਨ ਕੀਤੇ। ਸੰਗਤਾਂ ਦੇ ਪਿਆਰ ਕਾਰਨ ਕਿਸੇ ਪ੍ਰੇਮੀ ਦੇ ਸੜ ਮਰਨ ਦੇ ਸੰਭਾਵਨਾ ਨੂੰ ਵੇਖਦਿਆਂ ਹੋਇਆਂ ਬੜੇ ਕਰੜੇ ਸੁਰੱਖਿਆ ਪ੍ਰਬੰਧ ਕੀਤੇ ਗਏ। ਖ਼ਤਰਾ ਸੀ ਕਿਤੇ ਕੋਈ ਸਿੰਘ ਆਪਣੇ ਇਸ ਦਿਲਰੁਬਾ ਦੀ ਜੁਦਾਈ ਨਾ ਬਰਦਾਸ਼ਤ ਕਰਦਾ ਹੋਇਆ ਅੰਗੀਠੇ ਵਿਚ ਛਾਲ ਨਾ ਮਾਰ ਦੇਵੇ। ਸਖ਼ਤ

ਸੁਰੱਖਿਆ ਪ੍ਰਬੰਧਾਂ ਅਧੀਨ ਆਪ ਜੀ ਦੇ ਅੰਗੀਠੇ ਨੂੰ ਆਪ ਜੀ ਦੇ ਵੱਡੇ ਸਪੁੱਤਰ ਭਾਈ ਅਮਰੀਕ ਸਿੰਘ ਜੀ ਨੇ ਅਗਨੀ ਵਿਖਾਈ ਤੇ ਪਲਾਂ ਹੀ ਪਲਾਂ ਵਿਚ ਨਾਸ਼ਮਾਨ ਸਰੀਰ ਵੀ ਸੰਗਤਾਂ ਦੀਆਂ ਅੱਖਾਂ ਤੋਂ ਓਝਲ ਹੋ ਗਿਆ।

ਆਪ ਵੱਲੋਂ ਕੀਤੀ ਪੰਥਕ ਸੇਵਾ ਹਮੇਸ਼ਾ ਅਮਰ ਰਹੇਗੀ। ਆਪ ਜੀ ਦੇ ਦੁਸਹਿਰੇ ਦੇ ਭੋਗ ਸਮੇਂ ਜਥਾ ਭਿੰਡਰਾਂ (ਮਹਿਤਾ) ਤੇ ਹੋਰ ਸਾਰਿਆਂ ਸਿੱਖ ਸੰਪ੍ਰਦਾਵਾਂ ਤੇ ਸੰਸਥਾਵਾਂ ਅਤੇ ਸਿੱਖ ਲੀਡਰਾਂ ਦੀ ਸਹਿਮਤੀ ਨਾਲ ਦਮਦਮੀ ਟਕਸਾਲ ਦੀ ਸੇਵਾ ਦੀ ਜ਼ੁੰਮੇਵਾਰੀ ਸੰਤ ਜਰਨੈਲ ਸਿੰਘ ਜੀ 'ਖਾਲਸਾ' ਨੂੰ ਸੌਂਪ ਦਿੱਤੀ ਗਈ।

❋❋❋

ਭਗਤ ਪੂਰਨ ਸਿੰਘ ਜੀ

'ਜੀਅਹੁ ਨਿਰਮਲ ਬਾਹਰਹੁ ਨਿਰਮਲ', ਫੱਕਰ ਦਰਵੇਸ਼ ਸ਼ਖ਼ਸੀਅਤ ਭਗਤ ਪੂਰਨ ਸਿੰਘ ਬਾਰੇ ਜੋ ਲਿਖਣਾ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ। ਭਗਤ ਜੀ ਨੇ ਆਪਣਾ ਆਪਾ ਦੂਖੀ ਮਾਨਵਤਾ ਨੂੰ ਸਮਰਪਿਤ ਕਰ ਦਿੱਤਾ ਸੀ। ਅਜਿਹੀ ਅਵਸਥਾ ਨੂੰ ਪਹੁੰਚਿਆ ਹੋਇਆ ਵਿਅਕਤੀ ਹੀ ਉਨ੍ਹਾਂ ਦੀ ਰਹੱਸਮਈ ਜੀਵਨ ਕਹਾਣੀ ਨੂੰ ਵਿਅਕਤ ਕਰ ਸਕਦਾ ਹੈ। ਅਸੀਂ ਇਸ ਲੇਖ ਵਿਚ ਉਨ੍ਹਾਂ ਦੇ ਜੀਵਨ ਦੀਆਂ ਕੁਝ ਇਕ ਘਟਨਾਵਾਂ ਨੂੰ ਯਾਦ ਕਰਨ ਦਾ ਯਤਨ ਕਰਾਂਗੇ।

੩ ਜੂਨ ੧੯੦੪ ਈ: ਨੂੰ ਪਿੰਡ ਰਾਜੇਵਾਲ ਤਹਿਸੀਲ, ਸਮਰਾਲਾ, ਜ਼ਿਲ੍ਹਾ ਲੁਧਿਆਣਾ ਦੇ ਇਕ ਹਿੰਦੂ ਪਰਿਵਾਰ ਵਿਚ ਪੈਦਾ ਹੋਏ 'ਰਾਮ ਜੀ ਦਾਸ' ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਪੂਰਨ ਸਿੰਘ ਬਣ ਗਏ। ਦਸਵੀਂ ਜਮਾਤ ਦੀ ਪੜ੍ਹਾਈ ਲੁਧਿਆਣਾ ਜ਼ਿਲ੍ਹੇ ਦੇ ਕਸਬਾ ਖੰਨਾ ਵਿਚੋਂ ਪ੍ਰਾਪਤ ਕੀਤੀ। ਦਸਵੀਂ ਵਿਚੋਂ ਫੇਲ੍ਹ ਹੋ ਜਾਣ 'ਤੇ ਖਾਲਸਾ ਹਾਈ ਸਕੂਲ ਲਾਹੌਰ ਵਿਚ ਦਾਖਲ ਹੋ ਗਏ। ਲਾਹੌਰ ਵਿਚ ਹੀ ਉਨ੍ਹਾਂ ਦੀ ਮਾਤਾ ਭਾਂਡੇ ਮਾਂਜਣ ਦੀ ਸੇਵਾ ਕਰਿਆ ਕਰਦੀ ਸੀ। ਸਕੂਲ ਦੀ ਪੜ੍ਹਾਈ ਸਮੇਂ ਅਕਸਰ ਪੂਰਨ ਸਿੰਘ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਦਰਸ਼ਨ ਕਰਨ ਆਉਂਦੇ। ਇਹ ਗੱਲ ੧੯੩੨ ਦੀ ਹੈ, ਜਦ ਪੂਰਨ ਸਿੰਘ ਆਪਣੇ ਜੀਵਨ ਆਦਰਸ਼ ਦੀ ਪ੍ਰਾਪਤੀ ਸਬੰਧੀ ਗੁਰਦੁਆਰਾ ਸਾਹਿਬ ਦੇ ਮਹੰਤ ਗੋਪਾਲ ਸਿੰਘ ਅਤੇ ਗ੍ਰੰਥੀ ਜਥੇਦਾਰ ਅੱਛਰ ਸਿੰਘ ਨੂੰ ਮਿਲੇ। ਮਹੰਤ ਗੋਪਾਲ ਸਿੰਘ ਨੌਜੁਆਨ ਪੂਰਨ ਸਿੰਘ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਦੇ ਸਥਾਨਕ ਪ੍ਰਬੰਧਕ ਪਾਸ ਗਿਆ ਤੇ ਕਿਹਾ ਕਿ ਇਹ ਨੌਜੁਆਨ ਆਪਣਾ ਜੀਵਨ ਬੇ-ਸਹਾਰਾ, ਪਾਗਲਾਂ, ਲੂਲ੍ਹਿਆਂ-ਲੰਗੜਿਆਂ, ਪਿੰਗਲਿਆਂ ਦੀ ਸੇਵਾ ਲਈ ਸਮਰਪਿਤ ਕਰਨਾ ਚਾਹੁੰਦਾ ਹੈ। ਪ੍ਰਬੰਧਕਾਂ ਦੇ ਇਹ ਪੁਛਣ 'ਤੇ ਕਿ ਇਹ ਵਿਚਾਰ ਤੁਹਾਡੇ ਮਨ ਵਿਚ ਕਿਵੇਂ ਆਇਆ, ਪੂਰਨ ਸਿੰਘ ਨੇ ਕਿਹਾ, ਉਹ ਇਕ ਹਿੰਦੂ ਪਰਿਵਾਰ ਵਿਚੋਂ ਹਨ, ਮੇਰੀ ਮਾਤਾ ਜੀ ਧਾਰਮਿਕ ਬਿਰਤੀ ਰੱਖਦੇ ਹੋਏ ਹਮੇਸ਼ਾਂ ਰਾਹਗੀਰਾਂ ਲੋੜਵੰਦਾਂ ਦੀ ਜਲ-ਪਾਣੀ ਨਾਲ ਸੇਵਾ ਕਰਿਆ ਕਰਦੀ ਹੈ ਅਤੇ ਰੋਜ਼ਾਨਾ 'ਜਪੁ ਜੀ' ਸਾਹਿਬ ਦਾ ਪਾਠ ਨੇਮ ਨਾਲ ਕਰਦੀ ਹੈ। ਜਿਸ ਤੇ ਮੈਂ ਵੀ ਕਾਲਜ ਦੀ ਪੜ੍ਹਾਈ ਕਰਨ ਦੀ ਥਾਂ ਇਹ ਪੜ੍ਹਾਈ ਕਰਨ ਦਾ ਮਨ ਬਣਾ ਲਿਆ। ਮੈਂ ਆਪਣਾ ਜੀਵਨ ਲੋੜਵੰਦ ਦੁਖੀਆਂ ਦੀ ਮਦਦ ਕਰਨ ਲਈ ਸਮਰਪਣ ਕਰਨਾ ਚਾਹੁੰਦਾ ਹਾਂ। ਇਸ ਆਦਰਸ਼ ਦੀ ਪ੍ਰਾਪਤੀ ਲਈ ਮੈਂ ਘਰ ਤਿਆਗ, ਗੁਰਦੁਆਰਾ ਸਾਹਿਬ ਠਹਿਰ ਸੇਵਾ, ਸਿਮਰਨ, ਪਰਉਪਕਾਰ ਦੀ ਸਿਖਿਆ ਲੈਣਾ ਚਾਹੁੰਦਾ ਹਾਂ। ਇਹ ਉਚ ਵਿਚਾਰ ਸੁਣਦਿਆਂ ਹੀ ਪ੍ਰਬੰਧਕਾਂ ਨੇ ਪੂਰਨ ਸਿੰਘ ਦੇ ਖਾਣ-ਪੀਣ ਤੇ

ਰਹਿਣ-ਸਹਿਣ ਦਾ ਪ੍ਰਬੰਧ ਕਰ ਦਿੱਤਾ।

ਇਹ ਆਰੰਭ ਸੀ ਉਸ ਆਦਰਸ਼ ਦਾ ਜਿਸ ਦੀ ਪ੍ਰਾਪਤੀ ਲਈ ਪੂਰਨ ਸਿੰਘ ਘਰੋਂ ਤੁਰਿਆ ਸੀ। ਗੁਰਦੁਆਰਾ ਡੇਹਰਾ ਸਾਹਿਬ ਵਿਖੇ ਜਲ-ਪਾਣੀ, ਲੰਗਰ, ਸਫਾਈ, ਬਰਤਨਾਂ ਆਦਿ ਦੀ ਨਿਤ-ਪ੍ਰਤੀ ਸੇਵਾ ਕਰ ਪੂਰਨ ਸਿੰਘ ਬਜਾਰ ਵਿਚ ਘੁੰਮਣ ਨਿਕਲ ਤੁਰਦਾ, ਮੁੱਖ ਨਿਸ਼ਾਨਾ ਸੜਕਾਂ ਤੋਂ ਸ਼ੀਸ਼ੇ-ਪੱਥਰ, ਰੋੜੇ, ਕਿਲ ਕਾਂਟੇ ਆਦਿ ਲਾਂਭੇ ਕਰਨਾ ਸੀ ਤਾਂ ਕਿ ਰਾਹੀਆਂ ਨੂੰ ਕਿਸੇ ਕਿਸਮ ਦਾ ਕਸ਼ਟ ਨਾ ਪਹੁੰਚੇ। ਫਿਰ ਲਾਇਬਰੇਰੀ ਬੈਠ ਉੱਚ ਖਿਆਲਾਂ ਨੂੰ ਪੜ੍ਹਨਾ-ਲਿਖਣਾ ਤੇ ਪ੍ਰਚਾਰ ਹਿਤ ਵੰਡਣਾ ਪੂਰਨ ਸਿੰਘ ਦਾ ਨਿਤ ਦਾ ਕਾਰਜ ਸੀ। ਗੁਰਮਤਿ ਮਾਰਗ ਦੇ ਇਸ ਬੇਪਰਵਾਹ ਅਦੁੱਤੀ ਪਾਂਧੀ ਨੂੰ ਤੱਕ ਕੁਝ ਅਲਪ ਬੁੱਧੀ ਵਾਲੇ ਇਨ੍ਹਾਂ ਨੂੰ ਪਾਗਲ ਵੀ ਕਹਿੰਦੇ, ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਇਹ ਤਾਂ **ਪਿੰਗਲਿਆਂ-ਪਾਗਲਾਂ ਦਾ ਪਾਲਣਹਾਰਾ ਬਣਨਾ ਹੈ।**

ਸੰਨ ੧੯੩੪ ਈ: ਵਿਚ ਗੁਰਦੁਆਰਾ ਡੇਹਰਾ ਸਾਹਿਬ ਦੇ ਦਰਸ਼ਨੀ ਦੀਵਾਰ 'ਤੇ ਕੋਈ ਨਿਰਦਈ ਦਿਲ ਇਕ ਚਾਰ ਕੁ ਸਾਲ ਦਾ ਪਿੰਗਲਾ ਤੇ ਗੁੰਗਾ ਬੱਚਾ ਛੱਡ ਗਿਆ। ਪੂਰਨ ਸਿੰਘ ਨੇ ਉਸ ਨੂੰ ਗੋਦ ਲੈ ਸਾਂਭ-ਸੰਭਾਲ ਸ਼ੁਰੂ ਕਰ ਦਿੱਤੀ ਪਰ ਆਪਣੀ ਨਿਤ ਦੀ ਕਿਰਤ ਵੀ ਜਾਰੀ ਰੱਖੀ। ਲਗਭਗ ੧੪ ਸਾਲ ਉਸ ਬੱਚੇ ਦੀ ਸੇਵਾ-ਸੰਭਾਲ ਕਰਦੇ ਰਹੇ ਅਤੇ ਦੇਸ਼-ਵੰਡ ਸਮੇਂ ਪਿੰਗਲੇ ਨੂੰ ਵਿਰਾਸਤੀ ਪੂੰਜੀ ਵਜੋਂ ਨਾਲ ਲੈ ਅੰਮ੍ਰਿਤਸਰ ਆ ਗਏ। ਖਾਲਸਾ ਕਾਲਜ ਅੰਮ੍ਰਿਤਸਰ ਵਿਚ ਸ਼ਰਨਾਰਥੀ ਕੈਂਪ ਲੱਗਾ ਹੋਇਆ ਸੀ, ਜਿਥੇ ਭਗਤ ਜੀ ਨੇ ਤਨ-ਮਨ ਨਾਲ ਸੇਵਾ ਕੀਤੀ।

ਭਗਤ ਪੂਰਨ ਸਿੰਘ ਜੀ ਦੇ ਲਿਖਣ ਅਨੁਸਾਰ, **ਦੇਸ਼ ਵੰਡ ਸਮੇਂ ਮੈਂ ਆਪਣੇ ਨਾਲ ਇਕ ਰੁਪਇਆ ਪੰਜ ਆਨੇ ਲੈ ਕੇ ਆਇਆ ਸਾਂ, ਕਛਹਿਰਾ ਮੈਂ ਪਹਿਨਿਆ ਹੋਇਆ ਸੀ ਅਤੇ ਫੁਲਕਾਰੀ ਮੇਰੇ ਪਿੰਡੇ 'ਤੇ ਸੀ। ਇਸ ਤੋਂ ਇਲਾਵਾ ਮੇਰੇ ਕੋਲ ਇਕ ਲੋਹੇ ਦਾ ਬਾਟਾ, ਦੋ ਵੱਡੀਆਂ ਕਾਪੀਆਂ, ਦੋ ਅੰਗਰੇਜ਼ੀ ਰਸਾਲੇ ਸਨ ਤੇ "ਲੂਲ੍ਹਾ" ਮੇਰੀ ਪਿਠ 'ਤੇ ਸੀ। ਮੈਂ ਸਦਾ ਹੀ ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਸਮਝਦਾ ਰਿਹਾ ਹਾਂ, ਇਸ ਭਰੋਸੇ 'ਤੇ ਮੈਂ ਹਰ ਕੰਮ ਨੂੰ ਬਿਨਾਂ ਝਿਜਕ ਦੇ ਹੱਥ ਪਾ ਲਿਆ।**

ਭਗਤ ਜੀ ਦਾ ਇਸ ਪਿੰਗਲੇ-ਲੂਲ੍ਹੇ ਬੱਚੇ ਨਾਲ ਕਿਤਨਾ ਪਿਆਰ ਸੀ, ਉਨ੍ਹਾਂ ਦੀ ਜ਼ਬਾਨੀ **"ਜਿਗਰ ਦਾ ਟੁਕੜਾ ਲੂਲਾ ਬੱਚਾ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਹਾਰਾ ਰਿਹਾ ਹੈ, ਉਹ ਜੇ ਮੈਨੂੰ ਨਾ ਮਿਲਦਾ ਤਾਂ ਮੈਂ ਉਹ ਕੁਝ ਨਾ ਕਰ ਸਕਦਾ ਜੋ ਮੈਂ ਪਿੰਗਲਵਾੜੇ ਦੇ ਰੂਪ ਵਿਚ ਕਰ ਦੁਨੀਆਂ ਦਾ ਪਿਆਰ ਅਤੇ ਸਤਿਕਾਰ ਜਿੱਤਿਆ ਹੈ।"** ਇਹ ਪਿੰਗਲਾ ਪਿਆਰਾ ਸਿੰਘ ਹੀ ਭਗਤ ਪੂਰਨ ਸਿੰਘ ਦੀ ਪਹਿਲੀ ਪੂੰਜੀ ਸੀ, ਜਿਸ ਦੀ ਭਗਤ ਜੀ ਅੰਤਮ ਸੁਆਸਾਂ ਤੱਕ ਆਪਣੀ ਹੱਥੀਂ ਸੇਵਾ-ਸੰਭਾਲ ਕਰਦੇ ਰਹੇ।

ਪਿਆਰਾ ਸਿੰਘ ਨਾਮੀ ਲੂਲ੍ਹੇ ਬੱਚੇ ਨੂੰ ਭਗਤ ਜੀ ੧੪ ਸਾਲ ਪਿਠ ਪਿੱਛੇ ਚੁੱਕੀ ਫਿਰਦੇ ਰਹੇ ਅਤੇ ਉਸਦੇ ਖਾਣ-ਪੀਣ ਤੇ ਸਿਹਤ-ਸੰਭਾਲ ਦਾ ਪ੍ਰਬੰਧ ਕਰਦੇ ਰਹੇ। ਦੇਸ਼-ਵੰਡ ਪਿੱਛੋਂ ਪੂਰਨ ਸਿੰਘ ਨੇ ਕੁਝ ਸਮਾਂ ਖਾਲਸਾ ਕਾਲਜ ਦੇ ਸ਼ਰਨਾਰਥੀ ਕੈਂਪ ਵਿਚ ਸਫਲਾ ਕੀਤਾ। ਸ਼ਰਨਾਰਥੀ ਕੈਂਪ ਖਤਮ ਹੋ ਜਾਣ 'ਤੇ ਭਗਤ ਪੂਰਨ ਸਿੰਘ ਨੇ ਰੇਲਵੇ ਸਟੇਸ਼ਨ 'ਤੇ ਕੁਝ ਸਮੇਂ

ਲਈ ਨਿਵਾਸ ਕੀਤਾ ਤੇ ਫਿਰ ਕੁਝ ਸਮਾਂ ਦਰੱਖਤਾਂ ਦੀ ਛੱਤ ਹੇਠ ਗੁਜ਼ਾਰਿਆ। ਸਹਿਜੇ ਸਹਿਜੇ ਭਗਤ ਪੂਰਨ ਸਿੰਘ ਦੇ ਪਰਿਵਾਰਕ ਮੈਂਬਰਾਂ ਦੀ ਗਿਣਤੀ ਵਧਦੀ ਗਈ, ਜਿਸ ਲਈ ਕਿਸੇ ਪੱਕੇ ਟਿਕਾਣੇ ਦੀ ਜ਼ਰੂਰਤ ਸੀ, ਜਿਥੇ ਟਿਕ ਕੇ ਇਨ੍ਹਾਂ ਲਵਾਰਸਾਂ-ਅਪਾਹਜਾਂ ਦੀ ਸੇਵਾ-ਸੰਭਾਲ ਤੇ ਇਲਾਜ ਦਾ ਪ੍ਰਬੰਧ ਹੋ ਸਕੇ। ਇਸ ਸਮੇਂ ਇਨ੍ਹਾਂ ਦਾ ਨਿਵਾਸ ਇਕ ਬੰਦ ਪਏ ਸਿਨੇਮੇ ਦੀ ਇਮਾਰਤ ਵਿਚ ਸੀ। ਕੁਦਰਤ ਦੇ ਰੰਗ ਦੇਖੋ, ਉਸ ਸਿਨੇਮੇ ਦੀ ਬੋਲੀ ੩੫੦੦੦ ਰੁਪਏ ਹੋ ਗਈ। ਭਗਤ ਜੀ ਪਾਸ ਤਾਂ ਜਮਾਂ-ਪੂੰਜੀ ਨਹੀਂ ਸੀ, ਜਿਸ ਨਾਲ ਇਮਾਰਤ ਖਰੀਦੀ ਜਾਂਦੀ। ਸਹਿਯੋਗ ਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਚਲ ਰਹੀ ਸੀ। ਭਗਤ ਜੀ ਨੇ ਕਮੇਟੀ ਮੈਂਬਰਾਂ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ ਕਿ **"ਇਸ ਵੇਲੇ ਸਾਨੂੰ ਇਮਾਰਤ ਦੀ ਸਖ਼ਤ ਜ਼ਰੂਰਤ ਹੈ ਜਿਸ ਲਈ ਘੱਟੋ ਘੱਟ ੫੦੦੦੦ ਰੁਪਏ ਦੀ ਜ਼ਰੂਰਤ ਹੈ, ਜੋ ਮੈਂ ਇਕੱਠੀ ਨਹੀਂ ਕਰ ਸਕਦਾ।"** ਭਗਤ ਦੇ ਵਿਚਾਰ ਸੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਦੇ ਖਜ਼ਾਨੇ ਵਿਚੋਂ ਇਹ ਮਾਇਆ ਦੇਣ ਦਾ ਬਹੁ-ਪਰਉਪਕਾਰੀ ਫੈਸਲਾ ਕਰ ਦਿੱਤਾ ਜਿਸ ਨਾਲ ਪਿੰਗਲਵਾੜੇ ਦੀ ਵਿਸ਼ਾਲ ਇਮਾਰਤ ਦਾ ਅਰੰਭ ਹੋਇਆ।

ਆਪਣੇ ਜੀਵਨ ਦੀਆਂ ਕਹਾਣੀਆਂ ਲਿਖਣ ਦਾ ਮਨੋਰਥ ਭਗਤ ਜੀ ਲਿਖਦੇ ਹਨ ਕਿ **"ਜੇ ਮੈਂ ਜੀਵਨ ਦਾ ਲੰਮਾ ਚੌੜਾ ਇਤਿਹਾਸ ਨਾ ਲਿਖ ਸਕਿਆ ਤਾਂ ਮੈਂ ਆਪਣੀ ਮਾਂ ਤੇ ਸਿੱਖ ਗੁਰਦੁਆਰਿਆਂ ਨਾਲ ਭਾਰੀ ਬੇਇਨਸਾਫੀ ਕਰ ਰਿਹਾ ਹੋਵਾਂਗਾ। ਮੇਰੀ ਮਾਂ ਨੇ ਮੇਰੇ ਬਚਪਨ ਸਮੇਂ ਮੇਰੇ ਮਨ ਵਿਚ ਪਰਉਪਕਾਰ ਦੇ ਪ੍ਰਬਲ ਸੰਸਕਾਰ ਪਾਏ ਸਨ। ਇਸ ਲਈ ਮੈਂ ਦੇਸ਼ ਅਤੇ ਦੁਨੀਆਂ ਲਈ ਵੱਡੇ ਵੱਡੇ ਅਦੁੱਤੀ ਕੰਮ ਕਰ ਸਕਿਆ ਹਾਂ। ਜੇ ਮੈਂ ਆਪਣਾ ਜੀਵਨ ਸਿੱਖ ਗੁਰਦੁਆਰਿਆਂ ਦੀ ਛਤਰ-ਛਾਇਆ ਹੇਠ ਬਿਤਾਇਆ ਨਾ ਹੁੰਦਾ ਤਾਂ ਮੇਰੇ ਜੀਵਨ ਦਾ ਵਿਕਾਸ ਨਾ ਹੁੰਦਾ ਅਤੇ ਨਾ ਦੇਸ਼ ਦੀ ਸਿਰਕੱਢ ਸੰਸਥਾ, ਪਿੰਗਲਵਾੜੇ ਦੇ ਰੂਪ ਵਿਚ ਵਿਕਸਤ ਹੁੰਦੀ।**

ਪਿੰਗਲਵਾੜੇ ਦੇ ਬਾਨੀ ਹੋਣ ਤੋਂ ਇਲਾਵਾ ਭਗਤ ਜੀ ਉਚ ਕੋਟੀ ਦੇ ਵਿਦਵਾਨ ਲਿਖਾਰੀ ਵੀ ਸਨ। ਅਤਿ ਸੂਖਮ ਵਿਚਾਰਾਂ ਨੂੰ ਲੋਕ ਭਾਸ਼ਾ ਵਿਚ ਲਿਖ ਆਮ ਲੋਕਾਂ ਤਕ ਪਹੁੰਚਾਣਾ ਭਗਤ ਜੀ ਵੱਲੋਂ ਕੀਤਾ ਜਾਂਦਾ ਪਰਉਪਕਾਰ ਦਾ ਦੂਸਰਾ ਵੱਡਾ ਕਾਰਜ ਸੀ। ਪੰਜਾਬੀ, ਹਿੰਦੀ, ਅੰਗਰੇਜ਼ੀ ਆਦਿ ਭਾਸ਼ਾਵਾਂ ਵਿਚ ਅਣਗਿਣਤ ਟ੍ਰੈਕਟ, ਸੰਦੇਸ਼, ਪੁਸਤਕਾਂ ਪ੍ਰਕਾਸ਼ਤ ਕਰਨਾ ਕੋਈ ਅਸਾਨ ਕੰਮ ਨਹੀਂ। ਇਨ੍ਹਾਂ ਲਿਖਤਾਂ ਦਾ ਮੁੱਖ ਵਿਸ਼ਾ ਗੁਰਮੁਖ ਜੀਵਨ ਗੁਰਬਾਣੀ ਦੇ ਰਹੱਸਮਈ ਭੇਦ ਦੱਸਣਾ, ਐਟਮੀਂ ਵਿਨਾਸ਼, ਪ੍ਰਦੂਸ਼ਣ, ਸਿਗਰਟਨੋਸ਼ੀ ਆਦਿ ਦੇ ਬੁਰੇ ਪ੍ਰਭਾਵਾਂ ਤੋਂ ਲੋਕਾਂ ਨੂੰ ਜਾਗ੍ਰਤ ਕਰਨਾ ਸੀ।

ਭਗਤ ਪੂਰਨ ਸਿੰਘ ਦੇ ਸੇਵਾ ਕਾਰਜਾਂ ਨੂੰ ਤੱਕ ਭਾਰਤ ਸਰਕਾਰ ਵੱਲੋਂ ਭਗਤ ਜੀ ਨੂੰ 'ਪਦਮ ਸ੍ਰੀ' ਦੇ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ, ਪਰ ਭਗਤ ਜੀ ਨੇ ਇਹ ਸਨਮਾਨ ਉਸ ਸਮੇਂ ਵਾਪਸ ਕਰ ਦਿੱਤਾ ਜਦ ਜਾਬਰ ਸਰਕਾਰ ਨੇ ਮਾਨਵਤਾ ਦੇ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ਨੂੰ ਫੌਜੀ ਹਮਲੇ ਸਮੇਂ ਭਾਰੀ ਹਾਨੀ ਪਹੁੰਚਾਈ।

ਭਗਤ ਪੂਰਨ ਸਿੰਘ ਜੀ ਨੂੰ ਬਹੁਤ ਸਾਰੀਆਂ ਲੋਕ ਪ੍ਰਤੀਨਿਧ ਸੰਸਥਾਵਾਂ ਵੱਲੋਂ ਸਮੇਂ ਸਮੇਂ

ਸਨਮਾਨਿਤ ਕੀਤਾ ਗਿਆ ਜਿਨ੍ਹਾਂ ਦੇ ਉਹ ਪੂਰਨ ਰੂਪ ਵਿਚ ਹੱਕਦਾਰ ਸਨ।

ਇਸ ਵੇਲੇ ਪਿੰਗਲਵਾੜੇ ਵਿਚ ਪਾਗਲ ਮਰਦ, ਇਸਤਰੀਆਂ, ਬੱਚੇ-ਬੱਚੀਆਂ ਤੋਂ ਇਲਾਵਾ ਬੇਸਹਾਰਾ ਅਪਾਹਜ ਬੱਚੇ-ਬੱਚੀਆਂ ਦੀ ਗਿਣਤੀ ਸੈਂਕੜਿਆਂ ਵਿਚ ਹੈ ਜਿਨ੍ਹਾਂ ਦੇ ਖਾਣ-ਪੀਣ, ਰਹਿਣ-ਸਹਿਣ ਤੇ ਦਵਾ-ਦਾਰੂ ਦੀ ਲੋੜ ਹੈ। ਇਸ ਸਮੇਂ ਇਸ ਸੰਸਥਾ ਦਾ ਰੋਜ਼ਾਨਾ ਖਰਚ ਹਜ਼ਾਰਾਂ ਵਿਚ ਹੈ। ਸਰਕਾਰ ਵੱਲੋਂ ਲੋਕ ਕਲਿਆਣ ਹਿਤ ਚਲ ਰਹੀ ਇਸ ਸੰਸਥਾ ਨੂੰ ਨਾ-ਮਾਤਰ ਦੀ ਸਹਾਇਤਾ ਮਿਲਦੀ ਹੈ ਤੇ ਉਹ ਵੀ ਪਤਾ ਨਹੀਂ ਕਿਸੇ ਸਮੇਂ ਬੰਦ ਹੋ ਜਾਵੇ। ਸਰਕਾਰ ਪਾਸੇ ਕਿਸੇ ਕਿਸਮ ਦੀ ਆਸ ਰੱਖਣੀ ਆਪਣੇ ਆਪ ਨਾਲ ਧੋਖਾ ਹੈ, ਕਿਉਂਕਿ ਉਹ ਸਰਕਾਰ ਜੋ ਭਗਤ ਜੀ ਦੇ ਅਕਾਲ ਚਲਾਣੇ 'ਤੇ ਚਲ ਰਹੇ ਸੈਸ਼ਨ ਵਿਚ ਸੋਗ ਵਜੋਂ ਇਕ ਸ਼ਬਦ ਵੀ ਨਹੀਂ ਉਚਾਰਦੀ, ਉਸ ਪਾਸੋਂ ਹੋਰ ਕੀ ਆਸ ਕੀਤੀ ਜਾ ਸਕਦੀ ਹੈ?

ਅੰਤਮ ਅਰਦਾਸ ਵਿਚ ਜੁੜੀਆਂ ਸੰਗਤਾਂ ਦੇ ਵਿਸ਼ਾਲ ਇਕੱਠ ਵਿਚ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਵੱਲੋਂ ਤਿੰਨ ਐਲਾਨ ਕੀਤੇ ਗਏ ਜੋ ਪ੍ਰਸੰਸਾਯੋਗ ਹਨ— ਪਹਿਲਾ, ਕਿ ਇਸ ਸੰਸਥਾ ਨੂੰ ਸ਼੍ਰੋਮਣੀ ਕਮੇਟੀ ਵਲੋਂ ੨੫੦੦੦ ਰੁਪਏ ਮਾਸਿਕ ਸਹਾਇਤਾ ਦਿੱਤੀ ਜਾਵੇਗੀ, ਦੂਸਰਾ, ਭਗਤ ਪੂਰਨ ਸਿੰਘ ਜੀ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣੀ ਅਤੇ ਤੀਸਰਾ, ਕਿ ਭਗਤ ਪੂਰਨ ਸਿੰਘ ਦੇ ਨਾਮ 'ਤੇ ਸ਼੍ਰੋਮਣੀ ਸੇਵਾ ਸਨਮਾਨ ਸ਼ੁਰੂ ਕੀਤਾ ਜਾਵੇਗਾ। (ਪਹਿਲਾ ਸ਼੍ਰੋਮਣੀ ਸੇਵਾ ਸਨਮਾਨ ਡਾ: ਰਾਜਿੰਦਰ ਕੌਰ ਨੂੰ ਅਕਾਲ-ਚਲਾਣੇ ਉਪਰੰਤ ਦਿੱਤਾ ਗਿਆ ਤੇ ਦੂਸਰਾ ਸ਼੍ਰੋਮਣੀ ਸੇਵਾ ਸਨਮਾਨ ਸ੍ਰ. ਭਗਵੰਤ ਸਿੰਘ ਦਿੱਤਾ ਗਿਆ ਹੈ।)

ਅਨਾਥਾਂ ਦੇ ਨਾਥ, ਬੇਸਹਾਰਿਆਂ ਨੂੰ ਸਹਾਰਾ ਪਹੁੰਚਾਣ ਵਾਲੇ ਭਗਤ ਪੂਰਨ ਸਿੰਘ ਭਾਵੇਂ ਸਰੀਰਕ ਰੂਪ ਵਿਚ ਇਸ ਸੰਸਾਰ ਵਿਚ ਨਹੀਂ ਰਹੇ ਪਰ ਉਨ੍ਹਾਂ ਦੇ ਅਰੰਭੇ ਕਾਰਜ ਹਮੇਸ਼ਾਂ ਉਨ੍ਹਾਂ ਨੂੰ ਜੀਵਤ ਰੱਖਣਗੇ। ਲੋੜ ਹੈ ਇਸ ਸੰਸਥਾ ਨੂੰ ਲੋਕਾਂ ਦੇ ਸਹਿਯੋਗ ਦੀ, ਤਾਂ ਜੋ ਇਹ ਮਾਨਵ ਸੇਵਾ ਦਾ ਅਮੋਲਕ ਕਾਰਜ ਨਿਰੰਤਰ ਜਾਰੀ ਰਹਿ ਸਕੇ।